ੴ
ਏਕੋ ਜਪਿ ਏਕੋ ਸਾਲਾਹਿ
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
ਲੁਧਿਆਣਾ

ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੀ ਵਿਲੱਖਣਤਾ

ਭਾਈ ਸਾਹਿਬ ਰਣਧੀਰ ਸਿੰਘ

ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੀ ਵਿਲੱਖਣਤਾ

bsrstrust.org

ੴ ਵਾਹਿਗੁਰੂ ਜੀ ਕੀ ਫ਼ਤਹਿ॥

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥
ਬਾਣੀ ਗੁਰਬਾਣੀ ਲਾਗੇ ਤਿਨ੍ਹ ਹਥਿ ਚੜਿਆ ਰਾਮ॥

ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੀ ਵਿਲੱਖਣਤਾ

ਭਾਈ ਸਾਹਿਬ ਰਣਧੀਰ ਸਿੰਘ

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
23-ਜੀ, ਸਰਾਭਾ ਨਗਰ, ਲੁਧਿਆਣਾ

bsrstrust.org

© ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

ਦੂਜੀ ਵਾਰ ਸਤੰਬਰ 1987
ਤੀਜੀ ਵਾਰ ਨਵੰਬਰ 2003

ਮੁੱਲ : 70-00 ਰੁਪਏ

ਪ੍ਰਕਾਸ਼ਕ :
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
23-ਜੀ, ਸਰਾਭਾ ਨਗਰ, ਲੁਧਿਆਣਾ

ਪ੍ਰਿੰਟਰ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ
bsrstrust.org

ਸੂਚਨਾ

(ਈਲੈਕੱਟ੍ਰੌਨਿੱਕ ਐਡੀਸ਼ਨ)

ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਵਿੱਚ ਇਕ ਨਿਰਮੋਲ ਖ਼ਜ਼ਾਨਾ ਸੁਸ਼ੋਭਤ ਹੈ, ਜਿਸ ਵਿੱਚ ਭਾਈ ਸਾਹਿਬ ਨੇ ਗੁਰਮਤਿ ਦੇ ਤਕਰੀਬਨ ਹਰ ਪੱਖ ਦੀ ਵਿਆਖ਼ਿਆ ਕੀਤੀ ਹੋਈ ਹੈ ।

ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਭਾਈ ਸਾਹਿਬ ਦੇ ਸਮਕਾਲੀ ਅਤੇ ਜ਼ੇਲ ਸਾਥੀ ਗਿਆਨੀ ਨਾਹਰ ਸਿੰਘ ਅਤੇ ਗਿਆਨੀ ਹਰਭਜਨ ਸਿੰਘ ਚਮਿੰਡਾ ਨੇ ਅਰੰਭ ਕੀਤੀ । ਉਸ ਤੋਂ ਉਪਰੰਤ 1962 ਵਿੱਚ ਇਸਦੀ ਸੇਵਾ ਭਾਈ ਸਾਹਿਬ ਦੇ ਸਪੁਤੱਰ ਭਾਈ ਬਲਬੀਰ ਸਿੰਘ ਦੇ ਹਵਾਲੇ ਕਰ ਦਿਤੀ ਗਈ, ਜਿਸ ਵਿੱਚ ਭਾਈ ਬਲਬੀਰ ਸਿੰਘ ਨੇ ਆਪਣੇ ਪਿਤਾ ਜੀ ਦੀਆਂ ਵਡੱਮੁਲੀਆਂ ਲਿਖਤਾਂ ਨੂੰ ਸਹੀ ਤਰੀਕੇ ਨਾਲ ਛਾਪਿਆ ਅਤੇ ਵੰਡਿਆ । ਭਾਈ ਸਾਹਿਬ ਦੀ ਜਨਮ ਸ਼ਤਾਬਦੀ ਦੇ ਸਮੇਂ, 1978 ਵਿੱਚ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਅਸਥਾਪਿਤ ਕੀਤਾ ਗਇਆ, ਜਿਸ ਦੀ ਸਰਪ੍ਰਸਤੀ ਹੇਠ ਇਹ ਪੁਸਤਕਾਂ ਅੱਜ ਤੱਕ ਪ੍ਰਕਾਸ਼ਿਤ ਹੋ ਰਹੀਆਂ ਹਨ ।

ਅਜੋਕੇ ਸਮੇਂ ਵਿੱਚ ਭਾਰਤ ਤੋਂ ਬਾਹਰ ਭਾਈ ਸਾਹਿਬ ਦੀਆਂ ਲਿਖਤਾਂ ਦੀ ਮੰਗ ਬਹੁਤ ਵਧ ਰਹੀ ਹੈ । ਨੌਜਵਾਨ ਪੀੜੀ ਦੀ ਮੰਗ ਨੂੰ ਮੁੱਖ ਰੱਖ ਕੇ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਯੂ.ਕੇ. ਅਤੇ ਅਖੰਡ ਕੀਰਤਨੀ ਜਥਾ ਯੂ.ਕੇ. ਨੇ ਇਨ੍ਹਾਂ ਪੁਸਤਕਾਂ ਨੂੰ ਇੰਟਰਨੈਟ ਮੀਡੀਆ ਰਾਹੀਂ ਸੰਗਤਾਂ ਵਾਸਤੇ ਹਾਜ਼ਰ ਕੀਤੀਆਂ ਹਨ । ਸਾਨੂੰ ਆਸ ਹੈ ਕੇ ਥਾਂ ਥਾਂ ਵਸਦੀਆਂ ਸੰਗਤਾਂ ਇਸ ਉਪਰਾਲੇ ਦਾ ਸਹੀ ਲਾਭ ਲੈ ਸਕਣਗੀਆਂ । ਅਸੀਂ ਧੰਨਵਾਦੀ ਹਾਂ ਸਾਧ-ਸੰਗਤ ਅਤੇ ਉਨ੍ਹਾਂ ਸੱਜਣਾਂ ਦੇ ਜੋ ਨਿਰੰਤਰ ਇਸ ਸੇਵਾ ਵਿੱਚ ਹਿੱਸਾ ਪਾਉਂਦੇ ਹਨ ।

ਗੁਰੂ ਸਾਹਿਬ ਦੀ ਮਿਹਰ ਅਤੇ ਸੰਮੂਹ ਸੰਗਤਾਂ ਦੀਆਂ ਆਸੀਸਾਂ ਸਦਕਾ ਇਹ ਕਾਰਜ ਹੋਇਆ ਹੈ ਅਤੇ ਆਸ ਰੱਖਦੇ ਹਾਂ ਕੇ ਅਗੇ ਤੋਂ ਵੀ ਸੰਗਤਾਂ ਦਾ ਸਹਿਯੋਗ ਮਿਲਦਾ ਰਹੇਗਾ ।

ਜੁਝਾਰ ਸਿੰਘ
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਯੂ.ਕੇ.
ਜਨਵਰੀ 2013, ਯੂ.ਕੇ.

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਵੈਬਸਾਈਟ (Website): www.bsrstrust.org
ਈ-ਮੇਲ (Email): info@bsrstrust.org
ਫੇਸਬੁੱਕ (Facebook): www.facebook.com/BSRSTrust
ਟਵਿਟਰ (Twitter): www.twitter.com/BSRSTrust (@BSRSTrust)

ਪ੍ਰਕਾਸ਼ਕ:

ISBN: 978-1-909065-36-9 © ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

ਤਤਕਰਾ

ਜਾਣ-ਪਛਾਣ	—ਗਿਆਨੀ ਨਾਹਰ ਸਿੰਘ	੭
ਸਮੀਖਿਆ	—ਪੰਡਿਤ ਕਰਤਾਰ ਸਿੰਘ ਦਾਖਾ	੧੧
ਭੂਮਿਕਾ	—ਕਰਤਾ	੧੫
ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੀ ਮਹੱਤਤਾ		੨੫
ਪਦ ਵਿਆਖਿਆ—ਆਹਰ, ਆਹਰੁ, ਆਹਰਿ		੨੫
ਸਭਿ, ਸਭੁ, ਸਭ		੨੬
ਗੁਣ, ਅਉਗਣ, ਅਵਗੁਣ		੨੭
ਨਾਮੁ, ਨਾਮ		੨੯
ਤਿਨਹਿ, ਤਿਸਹਿ, ਤਿਨਕਾ, ਜਿਸਕਾ, ਜਿਨਕਾ		੩੦
ਰਾਮ ਨਾਮ, ਕਰਹਿ, ਕਰੈ, ਸੇ, ਸੋ		੩੧
ਸੰਸਾਰ, ਸੰਸਾਰਿ		੩੨
ਸੰਗੁ, ਸੰਗਿ, ਪ੍ਰੀਤਿ, ਪ੍ਰੀਤ, ਨ, ਨਾ, ਲਾਵੇ, ਲਾਵੈ, ਲਾਵਹਿ		੩੨
ਲਾਂਵ ਤੇ ਸਿਹਾਰੀ ਦਾ ਅੰਤਰਾ		੩੪
ਕੋਟਿ, ਕਰਮ, ਕਰਤੋ, ਨਰਕਿ, ਜਾਵੈ		੩੫
ਨਾਮੁ, ਮੇਰੇ, ਮੇਰੈ		੩੬
ਜਪੀ, ਜਪਹੁ, ਜਪੁ, ਜਪਹ, ਜਪੈ, ਜਪਹਿ		੩੭
ਗੁਰਮੁਖਿ		੩੮
ਸਿਹਾਰੀ, ਸਬੰਧਕੀ ਪਦਾਂ ਦੇ ਅੰਤ ਵਿਚ		੪੦
ਜਪੁ, ਕਰਹੁ, ਜਪਿ, ਕਰਿ		੪੧
ਸੁਣਿਐ, ਸੁਣੀਐ, ਸਿਮਰਿਐ, ਸਿਮਰੀਐ, ਮੰਨਿਐ, ਮੰਨੀਐ		੪੨
ਕੁਝ ਨਾਵਾਂ ਨੂੰ ਸਿਹਾਰੀ ਇਸਤ੍ਰੀ ਲਿੰਗ ਬਣਾਉਂਦੀ ਹੈ		੪੩

bsrstrust.org

ਬੀਜ ਮੰਤ੍ਰ	੮੧
ਸੋਹੰ ਦਾ ਨਿਰਣਾ	੮੭
ਪਾਠ ਭੇਦ ਤੇ ਅਰਥ ਭੇਦ	੧੧੦
ਸਾਧ ਕੌਣ ਹੈ ?	੧੨੭
ਗਿਆਨੁ ਮੰਤ੍ਰ	੧੪੯
ਗੁਰਬਾਣੀ ਹੀ ਬ੍ਰਹਮਾ, ਵੇਦ, ਸਿਮ੍ਰਤੀ ਤੇ ਸ਼ਾਸਤ੍ਰ ਹੈ	੧੫੭
ਗੁਰਮੁਖਿ ਦੇ ਤਿੰਨ ਅਰਥ	੧੫੮
ਗੁਰ ਕੀ ਮੂਰਤਿ	੧੭੬
ਸਾਚੀ ਬਾਣੀ	੨੦੬
ਸਾਬਤ ਸੂਰਤ	੨੧੨
ਦੁਇ ਅਖਰ ਦੁਇ ਨਾਵਾ	੨੪੩
ਸਲੋਕ ਸਹਿਸਕ੍ਰਿਤੀ ਦੇ ਪਦ	੨੮੫
ਗਾਥਾ	੨੮੭
ਫੁਨਹੇ	੨੮੮
ਚਉਬੋਲੇ	੨੮੯
ਸਲੋਕ ਕਬੀਰ ਜੀ	੨੯੦
ਸਲੋਕ ਫਰੀਦ ਜੀ	੨੯੨
ਸਵਯੇ ਸ੍ਰੀ ਮੁਖਬਾਕ੍ ਮਹਲਾ ੫	੨੯੮
ਭੱਟਾਂ ਦੇ ਸਵਯੇ—ਸਵਈਏ ਮਹਲੇ ਪਹਿਲੇ ਕੇ ੧	੩੧੦
ਸਵਈਏ ਮਹਲੇ ਦੂਜੇ ਕੇ	੩੧੯
ਸਵਈਏ ਮਹਲੇ ਤੀਜੇ ਕੇ	੩੩੦
ਸਵਈਏ ਮਹਲੇ ਚਉਥੇ ਕੇ	੩੫੩
ਸਵਈਏ ਮਹਲੇ ਪੰਜਵੇ ਕੇ ੫	੩੯੯
ਸਲੋਕ ਵਾਰਾਂ ਤੇ ਵਧੀਕ	੪੧੫
ਮੁੰਦਾਵਣੀ	੪੩੩
ਅੰਤਕਾ	੪੪੧

bsrstrust.org

ਜਾਣ-ਪਛਾਣ

ਪੁਸਤਕ *ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੀ ਵਿਲੱਖਣਤਾ* ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ੧੯੫੨-੫੩ ਵਿਚ ਅੰਕਤ ਕੀਤੀ। ਇਸ ਵਿਚ ਸਤ ਸੌ ਗੁਰਬਾਣੀ ਦੇ ਪਦਾਂ ਤੇ ਅਨੇਕਾਂ ਤੁਕਾਂ ਦੀ ਵਿਆਖਿਆ ਲਗਾਂਮਾਤ੍ਰਾਂ ਦੇ ਨੇਮਾਂ ਅਨੁਸਾਰ ਕੀਤੀ ਗਈ ਹੈ। ਸ੍ਰੀ ਜਪੁਜੀ ਸਾਹਿਬ ਤੋਂ ਲੈ ਕੇ ਰਾਗਾਂ ਵਾਰ ਪੁਸਤਕ ਦਾ ਸਿਲਸਿਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਤਰਤੀਬ ਦੇ ਅਨੁਸਾਰ ਹੀ ਮੁੰਦਾਵਣੀ ਤਕ ਚਲਦਾ ਹੈ। ਪੁਸਤਕ ਵਿਚ ਖ਼ਾਸ ਦੋ ਪ੍ਰਕਰਣ ਹਨ। ਗੁਰਬਾਣੀ ਦੇ ਪਦ ਲੈ ਕੇ ਉਨ੍ਹਾਂ ਦੀ ਲਗਮਾਤ੍ਰੀ ਨੇਮਾਂ ਨਾਲ ਅਰਥ ਵਿਆਖਿਆ ਕੀਤੀ ਗਈ ਹੈ। ਜਿਸ ਨਾਲ ਉਨ੍ਹਾਂ ਤੁਕਾਂ ਤੇ ਸਬਦਾਂ ਦੇ ਭੀ ਅਰਥ ਹੋ ਗਏ ਹਨ, ਜਿਨ੍ਹਾਂ ਵਿਚ ਉਹ ਪਦ ਵਰਤੇ ਗਏ ਹਨ। ਫੇਰ ਲਗਮਾਤ੍ਰੀ ਨੇਮਾਂ ਦਾ ਨਿਰਣਾ ਕੀਤਾ ਹੈ। ਇਉਂ ਭੱਟਾਂ ਦੇ ਸਵੱਈਆਂ ਦੇ ਬਹੁਤ ਬੜੇ ਹਿੱਸੇ ਦੀ ਅਰਥ-ਵਿਆਖਿਆ ਹੋ ਗਈ ਹੈ।

ਦੂਜਾ ਪ੍ਰਕਰਣ ਹੈ, 'ਪਾਠ ਭੇਦ ਤੇ ਅਰਥ ਭੇਦ'। ੧੧੦ ਪੰਨੇ ਤੋਂ ਪਾਠ ਭੇਦ ਤੇ ਅਰਥ ਭੇਦ ਦਾ ਸਿਲਸਿਲਾ ਤੁਰਦਾ ਹੈ। ਇਸ ਵਿਚ ਲਗਾਂਮਾਤ੍ਰਾਂ ਦੇ ਨੇਮਾਂ ਅਨੁਸਾਰ ਸੁਧ ਪਾਠ ਤੇ ਸੁਧ ਅਰਥ ਪ੍ਰਗਟ ਕੀਤੇ ਗਏ ਹਨ। ਜਿਨ੍ਹਾਂ ਪਦਾਂ ਨੂੰ ਲੈ ਕੇ ਲਗਾਂਮਾਤ੍ਰਾਂ ਦੇ ਨੇਮ ਦੱਸੇ ਗਏ ਹਨ, ਉਹ ਸਭ ਮੋਟੇ ਅੱਖਰਾਂ ਵਿਚ ਸਿਰਲੇਖ ਵਜੋਂ ਛਾਪੇ ਗਏ ਹਨ। ਪਹਿਲਾਂ ਉਦਾਹਰਣਾਂ ਦੇ ਕੇ ਫੇਰ ਲਗਾਂਮਾਤ੍ਰਾਂ ਦੇ ਨੇਮ ਦੱਸੇ ਗਏ ਹਨ। ਵਿਆਕਰਣ ਦੀਆਂ ਪਰਿਭਾਸ਼ਾਂ (ਇਸਤਲਾਹਾਂ) ਪੰਜਾਬੀ ਦੀਆਂ ਵਰਤ ਕੇ ਉਸਦੇ ਨਾਲ ਹੀ ਅੰਗ੍ਰੇਜ਼ੀ, ਉਰਦੂ, ਫ਼ਾਰਸੀ ਵਿਆਕਰਣਾਂ ਦੀਆਂ ਇਸਤਲਾਹਾਂ ਭੀ ਵਰਤੀਆਂ ਗਈਆਂ ਹਨ। ਭਾਵ ਏਹ ਕਿ ਪੰਜਾਬੀ, ਉਰਦੂ, ਫ਼ਾਰਸੀ ਤੇ ਅੰਗ੍ਰੇਜ਼ੀ ਤਿੰਨੇ ਵਿਆਕਰਣ ਇਸ ਪੁਸਤਕ ਵਿਚ ਵਰਤੇ ਗਏ ਹਨ।

ਭੱਟਾਂ ਦੇ ਸਵਯੇ ਜੇਹੀ ਮਹਿੰਗੀ ਬਾਣੀ ਦੀ ਅਰਥ ਵਿਆਖਿਆ ਐਸੀ ਸੁੰਦਰ ਕੀਤੀ ਗਈ ਹੈ ਕਿ ਭੱਟਾਂ ਦੀ ਬਾਣੀ ਸਬੰਧੀ ਓਪਰੇ ਸ਼ੰਕੇ ਸਭ ਦੂਰ ਕੀਤੇ ਗਏ ਹਨ। 'ਵਾਹਿਗੁਰੂ' ਸ਼ਬਦ ਦੀ ਵਿਉਤਪਤੀ ਕਰਕੇ, 'ਵਾਹੁਗੁਰ' ਦੇ ਝਮੇਲੇ ਵਾਲੀ ਮਨਮਤ ਦਾ ਭੀ ਖੰਡਨ ਕੀਤਾ ਗਿਆ ਹੈ। ਇਸੇ ਤਰ੍ਹਾਂ 'ਮੁਦਾਵਣੀ' ਤੇ 'ਮੁੰਦਾਵਣੀ' ਪਦਾਂ ਦੀ ਲਗਮਾਤ੍ਰੀ ਨੇਮਾਂ ਨਾਲ ਐਸੀ ਵਿਆਖਿਆ ਕੀਤੀ ਹੈ, ਜਿਸ ਤੋਂ ਸਿਧ ਹੋ ਗਿਆ ਹੈ ਕਿ 'ਮੁਦਾਵਣੀ' ਤੇ 'ਮੁੰਦਾਵਣੀ' ਦੋ ਵਖੋ ਵਖ ਪਦ ਹਨ ਤੇ ਦੋਹਾਂ ਦੇ ਅਰਥ ਭੀ ਅੱਡੋ ਅੱਡ ਹਨ। ਭੱਟਾਂ ਦੇ ਸਵੱਯਾਂ ਦੇ ਪਦਾਂ ਤੇ ਤੁਕਾਂ ਦੀ ਵਿਆਖਿਆ ਨੇ ਪੁਸਤਕ ਦਾ

bsrstrust.org

ਬਹੁਤ ਬੜਾ ਹਿੱਸਾ ਲਿਆ ਹੈ ਜੋ ੩੦੫ ਪੰਨੇ ਤੋਂ ਸ਼ੁਰੂ ਹੋ ਕੇ ੪੦੧ ਪੰਨੇ ਤਕ ਹੈ। ਪੁਸਤਕ ਵਿਚ ਸ਼ਬਦਾਰਥ ਦੀਆਂ ਪੋਥੀਆਂ ਤੇ ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਗੁਰੂ ਗ੍ਰੰਥ ਕੋਸ਼ ਦੇ ਹਵਾਲੇ ਦੇ ਕੇ ਲਗਮਾਤ੍ਰੀ ਨੇਮ ਦੀ ਕਸਉਟੀ ਨਾਲ ਪਦਾਂ ਨੂੰ ਪਰਖ ਕੇ ਸੁਧ ਅਰਥ ਕੀਤੇ ਗਏ ਹਨ।

ਗੁਰਬਾਣੀ ਵਿਚ ਆਈਆਂ ਲਗਾਂਮਾਤ੍ਰਾਂ ਦੇ ਅਰਥ ਬੋਧ ਤੇ ਨਿਯਮ ਲੱਭਣ ਦਾ ਖ਼ਿਆਲ ਤੀਹ ਸਾਲ ਤੋਂ ਜ਼ੋਰ ਪਕੜ ਰਿਹਾ ਹੈ। ੧੯੨੨-੨੩ ਵਿਚ ਪ੍ਰੋਫ਼ੈਸਰ ਤੇਜਾ ਸਿੰਘ ਜੀ ਨੇ 'ਗੁਰਬਾਣੀ ਦੇ ਲਗਾਂਮਾਤ੍ਰਾਂ ਦੇ ਗੁੱਝੇ ਭੇਦ' ਨਾਮੇ ਟ੍ਰੈਕਟ ਲਿਖਿਆ ਸੀ। ਉਸ ਤੋਂ ਪਿਛੋਂ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ *ਗੁਰਬਾਣੀ ਵਿਆਕਰਣ* ਲਿਖਿਆ। ਫੇਰ ਪੰਡਿਤ ਕਰਤਾਰ ਸਿੰਘ ਜੀ ਦਾਖਾ ਨੇ *ਗੁਰੂ ਗ੍ਰੰਥ ਸਾਹਿਬ ਦਾ ਵਯਾਕਰਣ* ਪ੍ਰਕਾਸ਼ਤ ਕੀਤਾ, ਜਿਸਦਾ ਪਹਿਲਾ ਹਿੱਸਾ ਛਪਿਆ ਹੈ। ਦੂਜੇ ਹਿੱਸੇ ਦੇ ਪ੍ਰਕਾਸ਼ਤ ਹੋਣ ਦੀ ਉਡੀਕ ਹੈ।

ਹੁਣ ਏਹ ਪੁਸਤਕ *ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੀ ਵਿਲੱਖਣਤਾ* ਪ੍ਰਕਾਸ਼ਤ ਹੋਈ ਹੈ। ਪਾਠਕ ਜਨ ਜਦ ਇਸ ਨੂੰ ਗਹੁ ਨਾਲ ਪੜ੍ਹਨਗੇ ਤਾਂ ਇਸ ਦੀ ਵਿਲੱਖਣਤਾ ਆਪ ਹੀ ਵੇਖ ਲੈਣਗੇ। ਗੁਰਬਾਣੀ ਦੀ ਬੋਲੀ, ਗੁਰਮੁਖੀ ਅਧਯਾਤਮਕ ਬੋਲੀ (ਸੰਤ ਭਾਸ਼ਾ) ਹੈ, ਜੋ ਪੰਜਾਬੀ ਦੇ ਰੂਪ ਵਿਚ ਹੈ, ਇਸ ਵਿਲੱਖਣਤਾ ਕਰਕੇ ਇਸ ਦਾ ਵਿਆਕਰਣ ਭੀ ਲਗਾਮਾਤ੍ਰਾਂ ਦੇ ਅਨੁਸਾਰ ਵਿਲੱਖਣ ਹੀ ਹੈ।

ਇਸ ਪੁਸਤਕ ਦਾ ਮੁਖ ਮੰਤਵ ਇਹ ਹੈ ਕਿ ਗੁਰਬਾਣੀ ਦੇ ਸ਼ਬਦਾਂ ਦੇ ਅਰਥ ਇਕ ਹੀ ਹੋ ਸਕਦੇ ਹਨ। ਏਹ ਗੱਲ ਲਗਾਂਮਾਤ੍ਰਾਂ ਦੇ ਨੇਮਾਂ ਤੋਂ ਭਲੀ ਭਾਂਤ ਸਿੱਧ ਹੁੰਦੀ ਹੈ। ਇਸ ਲਈ ਗੁਰਬਾਣੀ ਦੇ ਸ਼ਬਦਾਂ ਦੇ ਇਕ ਦੀ ਥਾਂ ਕਈ ਕਈ ਅਰਥ ਕਰਨੇ ਗੁਰ ਆਸ਼ੇ ਤੋਂ ਉਲਟ ਹੈ।

ਸੱਜਣਾਂ ਪ੍ਰੇਮੀਆਂ ਨੂੰ ਇਸ ਪੁਸਤਕ ਦੀ ਚਿਰੋਕਣੀ ਉਡੀਕ ਸੀ, ਜੋ ਪੂਰੀ ਹੋ ਗਈ। ਆਸ ਹੈ ਕਿ ਇਸ ਪੁਸਤਕ ਤੋਂ ਸਾਧਾਰਣ ਤੇ ਅਖੰਡ ਪਾਠੀ, ਕਥਾ ਕਰਨ ਵਾਲੇ ਗਿਆਨੀ, ਵਿਦ੍ਵਾਨ ਤੇ ਹੋਰ ਪ੍ਰੇਮੀ ਖ਼ਾਸ ਤੌਰ ਪਰ ਲਾਭ ਉਠਾਉਣਗੇ।

ਪੁਸਤਕ ਦੀ ਭੂਮਿਕਾ ਭਾਈ ਸਾਹਿਬ ਨੇ ਆਪ ਹੀ ਲਿਖ ਕੇ ਪੁਸਤਕ ਰਚਨਾ ਦਾ ਮੰਤਵ ਚੰਗੀ ਤਰ੍ਹਾਂ ਪ੍ਰਗਟ ਕਰ ਦਿਤਾ ਹੈ। ਨਾਲ ਹੀ ਦੱਸ ਦਿਤਾ ਹੈ ਕਿ ਕਿਵੇਂ ਅੰਕਤ ਕੀਤੀ ਗਈ। ਭੂਮਿਕਾ ਵਿਚ ਲਗਾਂਮਾਤ੍ਰਾਂ ਦੇ ਨਿਰਣੇ ਸਬੰਧੀ ਚਾਰ ਪ੍ਰਸੰਗ ਭੀ ਸੋਹਣੇ ਆਉਂਦੇ ਹਨ। ਪੁਸਤਕ ਦੇ ਵਿਚ ਭੀ ਦੋ ਪ੍ਰਸੰਗ ਆਉਂਦੇ ਹਨ। ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਅਰਥ ਕਰਨ ਵਾਲੇ ਕਈ ਪ੍ਰਸਿੱਧ ਸੱਜਣ ਭੀ ਲਗਾਂਮਾਤ੍ਰਾਂ ਦੀ ਵਰਤੋਂ ਦੇ ਭੇਦ ਤੋਂ ਜਾਣੂ ਨਹੀਂ । ਇਸ ਪੁਸਤਕ ਦੇ ਪੜ੍ਹਨ ਤੋਂ ਪਾਠਾਂ ਦੇ ਭੇਦ ਤੇ ਅਰਥਾਂ ਦੇ ਭੇਦ ਖੁਲ੍ਹ ਜਾਣਗੇ। ਤੇ ਇਹ ਪਤਾ ਭੀ ਲਗ ਜਾਵੇਗਾ ਕਿ ਗੁਰਬਾਣੀ ਵਿਚ ਲੱਗੀਆਂ ਲਗਾਂਮਾਤ੍ਰਾਂ ਦੀ ਮਹੱਤਤਾ ਕਿਤਨੀ ਵਿਸ਼ੇਸ਼ ਹੈ। ਇਉਂ ਸਮਝੋ ਕਿ ਲਗਾਂਮਾਤ੍ਰਾਂ ਗੁਰਬਾਣੀ ਦੇ ਅਰਥਾਂ ਦੀ ਕੁੰਜੀ ਹੈ। ਇਨ੍ਹਾਂ ਦੀ ਵਰਤੋਂ ਦਾ ਭੇਦ ਜਾਣੇ ਤੋਂ ਬਿਨਾਂ ਚਾਹੇ ਕੋਈ ਹੋਰ ਇਲਮ ਕਿੰਨਾ ਹੀ ਪੜ੍ਹਿਆ ਹੋਵੇ, ਉਹ ਬਾਣੀ ਦਾ ਅਸਲ ਅਭਿਪਰਾ ਨਹੀਂ ਸਮਝ ਸਕਦਾ।

bsrstrust.org

ਕੁਝ ਸ਼ਬਦਾਂ ਦੀ ਵਿਆਖਿਆ ਤੇ ਕੁਝ ਸ਼ਬਦਾਂ ਦੀ ਫ਼ਹਿਰਿਸਤ ਅੰਤਿਕਾ ਵਿਚ ਦਰਜ ਕੀਤੀ ਗਈ ਹੈ।

ਇਸ ਪੁਸਤਕ ਦੇ ਅਸਲ ਖਰੜੇ ਤੋਂ ਨਕਲ ਮਾਸਟਰ ਜਗਿੰਦਰ ਸਿੰਘ ਜੀ ਬੜੰਦੀ ਨੇ ਬੜੀ ਹਿੰਮਤ ਨਾਲ ਖੇਚਲ ਝਲ ਕੇ ਕੀਤੀ ਹੈ। ਜਿਸ ਲਈ ਦਾਸ ਉਨ੍ਹਾਂ ਦਾ ਅਤਿਅੰਤ ਧੰਨਵਾਦੀ ਹੈ।

ਦਾਸ

ਗੁਜਰਵਾਲ (ਲੁਧਿਆਣਾ) **ਨਾਹਰ ਸਿੰਘ ਗਜਾਨੀ ਪ੍ਰਕਾਸ਼ਕ**

੧੦ ਨਵੰਬਰ ੧੯੫੪

ਜ਼ਰੂਰੀ ਨੋਟ

ਪੁਸਤਕ ਪੜ੍ਹਨ ਪਰ ਜਿਸ ਕਿਸੇ ਸੱਜਣ ਨੂੰ ਕੋਈ ਸ਼ੰਕਾ ਆਦਿ ਫੁਰੇ, ਉਹ ਹੇਠਲੇ ਪਤੇ ਪਰ ਲਿਖ ਭੇਜੇ ਤਾਕਿ ਦੂਜੀ ਐਡੀਸ਼ਨ ਵਿਚ ਯੋਗ ਉੱਤਰ ਦੇ ਕੇ ਸ਼ੰਕਾ ਸਮਾਧਾਨ ਕੀਤਾ ਜਾ ਸਕੇ।

ਦਾਸ

ਪਿੰਡ ਤੇ ਡਾਕਖ਼ਾਨਾ ਗੁਜਰਵਾਲ, **ਨਾਹਰ ਸਿੰਘ ਗਜਾਨੀ**

ਜ਼ਿਲ੍ਹਾ ਲੁਧਿਆਣਾ

ਪੁਸਤਕ *ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੀ ਵਿਲੱਖਣਤਾ* ਦੀ ਪਹਿਲੀ ਐਡੀਸ਼ਨ ਨਵੰਬਰ ੧੯੫੪ ਵਿਚ ਛਪੀ ਸੀ ਜਿਸ ਦੇ ਚਿਰੋਕਣਾ ਖ਼ਤਮ ਹੋ ਜਾਣ ਤੋਂ ਪਿਛੋਂ ਪਾਠਕਾਂ ਵੱਲੋਂ ਲਗਾਤਾਰ ਪੁਸਤਕ ਦੀ ਦੂਜੀ ਐਡੀਸ਼ਨ ਛਾਪਣ ਦੀ ਤੀਬਰ ਇੱਛਾ ਨੂੰ ਮੁੱਖ ਰੱਖਦਿਆਂ ਇਹ ਦੂਜੀ ਛਾਪ ਪੁਸਤਕ ਦੀ (ਵੱਡੇ ਸਾਈਜ਼ ਵਿਚ) ਸੰਗਤਾਂ ਦੇ ਪੇਸ਼ ਹੈ। ਕਰਤਾ ਜੀ ਅਤੇ ਗਜਾਨੀ ਨਾਹਰ ਸਿੰਘ ਜੀ ਦੇ ਜੀਵਨ-ਕਾਲ ਵਿਚ ਪੁਸਤਕ ਸਬੰਧੀ ਕਿਸੇ ਸੱਜਣ ਵਲੋਂ ਲਿਖਤੀ ਤੌਰ ਤੇ ਕੋਈ ਸ਼ੰਕਾ ਆਇਆ ਉਪਲਬਧ ਨਹੀਂ ਹੋਇਆ। ਫੇਰ ਭੀ ਅਗਾਹਾਂ ਨੂੰ ਜੇ ਕੋਈ ਸ਼ੰਕਾ ਉਠਾਇਆ ਗਿਆ, ਉਸ ਦਾ ਯੋਗ ਉੱਤਰ ਅਗਲੀ ਐਡੀਸ਼ਨ ਵਿਚ ਅੰਕਤ ਕੀਤਾ ਜਾਵੇਗਾ।

ਦਾਸ

੨੩ ਜੀ, ਸਰਾਭਾ ਨਗਰ, ਲੁਧਿਆਣਾ **ਬਲਬੀਰ ਸਿੰਘ ਪ੍ਰਕਾਸ਼ਕ**

੨੨ ਸਤੰਬਰ ੧੯੮੭

bsrstrust.org

bsrstrust.org

ਸਮੀਖਿਆ

੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਆਏ ਹੋਏ ਸਿਹਾਰੀ, ਬਿਹਾਰੀ ਤੇ ਔਂਕੜ ਆਦਿ ਚਿੰਨ੍ਹ ਅਥਵਾ ਲਗਾਂਮਾਤ੍ਰਾਂ ਦੀ ਸਾਰਥਿਕਤਾ ਦੇ ਸੰਬੰਧ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਇਕ ਖੋਜ ਭਰੀ ਅਤੇ ਵਿਸਤ੍ਰਿਤ ਪੁਸਤਕ *ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੀ ਵਿਲੱਖਣਤਾ* ਲਿਖੀ ਹੈ, ਜਿਸਦੀ ਆਲੋਚਨਾ ਲਿਖਣ ਲਈ ਕਈਆਂ ਸਜਣਾਂ ਵਲੋਂ ਪ੍ਰੇਰਨਾ ਕੀਤੀ ਗਈ ਹੈ।

੨. ਆਲੋਚਨਾ ਜਾਂ 'ਸਮਾਲੋਚਨਾ' ਓਸ ਨੂੰ ਆਖਿਆ ਜਾਂਦਾ ਹੈ, ਜਿਸ ਵਿਚ ਲੇਖਕ ਦੇ ਹਿਰਦੇ ਨੂੰ ਸਾਰ ਗ੍ਰਾਹੀ ਦ੍ਰਿਸ਼ਟੀ ਨਾਲ ਓਸਦੀ ਲਿਖਤ ਦੇ ਗੁਣ-ਅਉਗਣ ਦਿਖਾ ਕੇ ਸਪਸ਼ਟ ਕਰ ਦਿਤਾ ਜਾਵੇ। ਕਿਸੇ ਦੇ ਗੁਣ ਨੂੰ ਅਉਗਣ ਬਣਾ ਦੇਣਾ 'ਨਿੰਦਾ' ਹੈ, ਅਤੇ ਅਉਗਣ ਨੂੰ ਅੱਖੋਂ ਓਹਲੇ ਕਰਕੇ ਨਿਰਾ ਗੁਣਾਂ ਦਾ ਹੀ ਸੰਕੀਰਤਨ ਕਰੀ ਜਾਣਾ 'ਪ੍ਰਸੰਸਾ' ਹੈ, ਜੋ ਨਿੰਦਾ ਤੁੱਲ ਹੀ ਹੈ। ਪਰੰਤੂ ਸਾਰਗ੍ਰਾਹੀ ਦ੍ਰਿਸ਼ਟੀ ਨਾਲ ਕਿਸੇ ਨਿਬੰਧ ਦੀ ਨਿਰੋਲ ਯਥਾਰਥਤਾ ਦਾ ਯੁਕਤੀ (ਤਰਕ) ਨਾਲ ਉਪਮਾਦਨ ਕਰਨ ਨੂੰ 'ਸਮੀਖਿਆ' ਆਖਿਆ ਜਾਂਦਾ ਹੈ। ਸੋ ਪ੍ਰਕ੍ਰਿਤ (to the point) ਰਚਨਾ ਦੀ ਨਿਰੋਲ ਯਥਾਰਥਤਾ ਸੰਖੇਪ ਕਰਕੇ ਇਉਂ ਕਥੀ ਜਾਂਦੀ ਹੈ:

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਮੁਖ ਵਿਸ਼ਯ ਅਧਿਆਤਮ-ਗਿਆਨ ਹੈ, ਜਿਸ ਨੂੰ ਦੋ ਕਲਾਂ ਦੇ ਆਸਰੇ ਸਮਝਿਆ ਜਾ ਸਕਦਾ ਹੈ। ਪਹਿਲੀ ਕਲਾ ਓਸੇ ਦੀ ਵਿਆਕ੍ਰਿਤੀ, ਅਰਥਾਤ 'ਤਤ' ਸੰਬੰਧੀ ਭਾਸ਼ਾ ਦਾ ਵਿਗਿਆਨ ਹੈ, ਜਿਸਦਾ ਆਰੰਭ ਮਨੁੱਖ ਦੀ 'ਪ੍ਰਾ' ਬਾਣੀ ਤੋਂ ਹੁੰਦਾ ਹੈ। ਅਰਥਾਤ ਅਰਥ ਰੂਪ 'ਪ੍ਰਾ' ਬਾਣੀ ਤੋਂ ਬ੍ਰਹਮੰਡੀ ਤੇ ਪਿੰਡੀ ਧੁਨੀਆਂ ਦੀ ਨਿਯਮ ਸਾਹਿਤ ਅਭਿ ਵਿਅਕਤੀ (ਪ੍ਰਗਟਤਾ) ਅਤੇ ਉਨ੍ਹਾਂ ਦੇ ਅਸਥਾਨੀ (ਪ੍ਰਤਿਨਿਧ) ਅੱਖਰਾਂ ਦੀ ਉਤਪਤੀ ਆਦਿ ਦਾ ਗਿਆਨ (orthography) ਅੱਖਰਾਂ ਤੋਂ ਪਦ ਬਣਨ ਦਾ ਨਿਯਮਤ ਗਿਆਨ (etymology) ਭਾਵ-ਸੰਗਿਆ, ਕ੍ਰਿਆ, ਅਵਜ, ਸੰਬੰਧਕ ਅਤੇ ਨਿਪਾਤ ਸਮੁਦਾਇ ਦੀ ਜਾਤੀ ਉਤਪੱਤੀ, ਰੂਪਾਂਤਰਤਾ, ਬਣਤਰ ਅਤੇ ਪ੍ਰਯੋਗ ਦਾ ਪੂਰਨ ਗਿਆਨ। ਪਦਾਂ ਤੋਂ ਵਾਕ ਬਣਨ ਅਤੇ ਓਸ ਤੋਂ ਸ਼ਬਦ ਬੋਧ ਹੋਣ ਦਾ ਨਿਯਮਤ ਗਿਆਨ (syntax) ਇਹ ਸਭ ਵਿਆਕ੍ਰਤੀ (ਵਿਆਕਰਣ ਰੀਤੀ) ਕਲਾ ਦਾ ਪਰਿਵਾਰ ਹੈ, ਜਿਸਦਾ ਅਭਿਆਸ ਸੰਸਾਰੀ ਵਿਦਿਆ ਜਾਂ ਬੈਖਰੀ ਬਾਣੀਆਂ ਦੁਆਰਾ ਹੁੰਦਾ ਹੈ।

bsrstrust.org

ਦੂਜੀ ਕਲਾ ਸ਼ੁਰਤੀ ਜਾਂ ਉਪਨਿਖਦ ਹੈ, ਜਿਸਦਾ ਪ੍ਰਾਰੰਭ 'ਪਰਾ ਪੂਰਬਲੀ' ਭਾਵਨੀ ਤੋਂ ਹੈ, ਅਤੇ ਓਸਦਾ ਪ੍ਰਕਾਸ਼ ਉਤਮ ਅਧਿਕਾਰੀ ਦੇ ਰਿਦੇ ਵਿਚ ਨਿਰੰਤਰ (ਲਗਾਤਾਰ) ਅਤੇ ਦੀਰਘ ਕਾਲ ਤਕ ਕੇਵਲ ਸ੍ਰੀ ਗੁਰੂ ਬਾਣੀ ਦੇ ਅਭਿਆਸ ਕਰਨ ਨਾਲ ਆਚਾਰਯ (ਪੂਰਨ ਗੁਰੂ) ਦੀ 'ਆਮਨਾਯ' ਦੇ ਰੂਪ ਵਿਚ ਹੁੰਦਾ ਹੈ, ਜਿਸਦਾ ਫਲ ਇਹ ਹੁੰਦਾ ਹੈ ਕਿ ਅਭਿਆਸੀ ਦੇ ਰਿਦੇ ਵਿਚ ਗੁਰੂ ਬਾਣੀ ਪ੍ਰਗਟ ਰੂਪ ਤੇ ਨਿਵਾਸ ਕਰਦੀ ਹੋਈ ਸਰਸ੍ਵਤੀ ਦਾ ਰੂਪ ਧਾਰ ਕੇ ਵਗ ਤੁਰਦੀ ਹੈ। ਏਸਦਾ ਪਟਾਂਤਰਾ ਇਹ ਹੈ ਕਿ ਜਿਸ ਵਡਭਾਗੀ ਪੁਰਖ ਦੀ ਭਾਸ਼ਾ ਨਿਰੀ ਗੁਰੂ ਬਾਣੀ ਹੀ ਬਣ ਜਾਵੇ, ਬਿਨਾਂ ਗੁਰੂ ਬਾਣੀ ਦੇ ਕੀਰਤਨ ਤੇ ਵਿਚਾਰ ਦੇ ਹੋਰ ਸਭ ਵਿਸ਼ੇ ਫਿੱਕੇ ਲੱਗਣ ਅਤੇ ਵਿਸ਼ੇਸ਼ ਆਧਾਰ ਗੁਰਬਾਣੀ ਹੀ ਬਣ ਜਾਵੇ ਓਸ ਨੂੰ ਸਮਝੋ ਕਿ ਓਸ ਸੱਜਣ ਪੁਰਖ ਦੇ ਰਿਦੇ ਵਿਚ ਸ਼ਬਦ ਬ੍ਰਹਮ ਦਾ ਨਿਵਾਸ ਹੈ ਅਤੇ ਓਸਦੀ ਬਾਣੀ ਆਪਣੇ ਅਰਥ ਨੂੰ ਖੋਲ੍ਹਦੀ ਹੋਈ ਸਰਸ੍ਵਤੀ ਰੂਪ ਹੋ ਕੇ ਵਗ ਪੈਂਦੀ ਹੈ। ਏਸੇ ਪ੍ਰਥਾ ਨੂੰ ਸ਼ੁਰਤੀ (ਅਨੁਭਵੀ) ਅਥਵਾ ਉਪਨਿਖਦ (ਗੁੱਝਾ ਭੇਦ) ਰੀਤੀ ਆਖਿਆ ਜਾਂਦਾ ਹੈ।

(ਅ) ਭਾਈ ਸਾਹਿਬ ਦਾ ਸਮਾਂ ਸ੍ਰੀ ਗੁਰੂ ਬਾਣੀ ਦੇ ਸੰਕੀਰਤਨ ਅਤੇ ਵਿਚਾਰ ਵਿਚ ਸਦਾ ਹੀ ਲਗਦਾ ਹੈ, ਜਿਸ ਕਰਕੇ ਉਨ੍ਹਾਂ ਦੀ ਭਾਸ਼ਾ ਭੀ ਸੰਤ ਭਾਸ਼ਾ, ਗੁਰਮੁਖੀ ਭਾਸ਼ਾ ਅਥਵਾ ਸ੍ਰੀ ਗੁਰੂ ਭਾਸ਼ਾ ਹੀ ਬਣ ਗਈ ਹੈ, ਜਿਸ ਕਰਕੇ ਕੋਸ਼ ਰਾਹੀਂ ਪਦਾਂ ਦੀ ਸ਼ਕਤੀ ਦਾ ਵਿਚਾਰ ਵਿਆਕਰਣ ਨਾਲ ਪਦਾਂ ਦੀ ਸ਼ੁੱਧੀ ਅਸ਼ੁੱਧੀ ਦੀ ਸਿਰ ਖਪਾਈ, ਅਥਵਾ ਪੂਰਬ-ਅਪਰ ਦੇ ਵਿਰੋਧ ਪ੍ਰਹਾਰ ਦੀ 'ਮੀਮਾਂਸਾ' ਕਰਨ ਦੀ ਚਿੰਤਾ ਭਾਈ ਸਾਹਿਬ ਨੂੰ ਉੱਕੀ ਹੀ ਨਹੀਂ ਰਹੀ।

(ੲ) ਭਾਈ ਸਾਹਿਬ ਦੀ ਏਸ ਰਚਨਾ ਤੋਂ ਸਿਹਾਰੀ-ਬਿਹਾਰੀ ਆਦਿ ਲਗਾਂ ਦੇ ਅਰਥ ਜਾਂ ਪ੍ਰਯੋਜਨ ਸਹਿਤ ਸਿੱਧ ਹੋਣ ਤੋਂ ਬਿਨਾਂ ਉਨ੍ਹਾਂ ਕੋਸ਼-ਕਾਰਾਂ ਦਾ ਸੰਸਾ ਅਤੇ ਕ੍ਰਮ ਭੀ ਦੂਰ ਹੋ ਸਕਦਾ ਹੈ, ਜਿਨ੍ਹਾਂ ਦੀ ਆਪਣੀ ਕੋਈ (conviction) ਮਨੌਤ ਨ ਹੋਣ ਤੇ ਭੀ ਉਨ੍ਹਾਂ ਨੇ ਆਪਣੇ ਮਿਥਿਆ ਗਿਆਨ ਨੂੰ ਅਨੁਭਵੀ ਗਿਆਨ ਦੇ ਭਾਉ ਵੇਚਣਾ ਆਰੰਭ ਕੀਤਾ ਹੋਇਆ ਹੈ। ਨਾਲ ਹੀ 'ਗੁਰਸੇਵਕ ਸਭੀਆਂ' ਦੇ 'ਸ਼ਬਦਾਰਥ' ਦੀ ਭੀ ਖ਼ੂਬ ਕਲਈ ਖੁਲ੍ਹ ਗਈ ਹੈ, ਜਿਨ੍ਹਾਂ ਨੇ ਅਰਥਾਂ ਦੇ ਅਣਗਿਣਤ ਅਨਰਥ ਕਰਨ ਤੋਂ ਬਿਨਾਂ ਸੈਂਕੜੇ ਥਾਂਈਂ ਮੂਲ-ਪਦ ਛੇਦ ਦੀ ਭੀ ਜੱਖਣਾ ਖੋ ਦਿਤੀ ਹੈ।

(ਸ) ਉਕਤ ਗ੍ਰੰਥ ਤੋਂ ਕੁਝ ਪਦਾਰਥ ਸੰਗ੍ਰਹ ਅਤੇ ਖ਼ਾਸ ਖ਼ਾਸ ਪਦਾਂ ਅਰ ਵਾਕਾਂ ਦਾ ਅਰਥ ਸਪਸ਼ਟ ਹੋ ਜਾਣ ਤੇ ਵਿਸ਼ੇਸ਼ ਕਰਕੇ ਸ੍ਰੀ ਗੁਰੂ ਭੱਟ ਬਾਣੀ ਦੇ ਕਈ ਕਠਿਨ ਥਾਵਾਂ ਤੇ ਸੁਲਝ ਜਾਣ ਤੇ ਕਥਾ ਕਰਨ ਵਾਲਿਆਂ ਗਿਆਨੀਆਂ ਪ੍ਰਚਾਰਕਾਂ ਖੋਜੀਆਂ ਅਤੇ ਪਾਠੀਆਂ ਲਈ ਸੁਤੇ-ਸਿਧ ਹੀ ਲੋੜੀਂਦੀ ਸਮਗ੍ਰੀ ਪ੍ਰਾਪਤ ਹੋ ਜਾਣ ਤੇ ਇਹ ਉਦਮ ਸਰਬ ਸਾਧਾਰਣ ਦੇ ਲਾਭ ਲਈ ਅਵੱਸ਼ ਹੀ ਸਫਲ ਹੋਇਆ ਹੈ।

bsrstrust.org

(ਹ) ਇਨ੍ਹਾਂ ਲਗਾਂਮਾਤ੍ਰਾਂ ਦੇ ਸਾਰਥਿਕ ਕਰਨ ਦਾ ਯਤਨ ਅਗੇ ਭੀ ਕੀਤਾ ਹੈ, ਪਰ ਜਦੋਂ ਕੋਈ ਅਪਵਾਦ (ਉਲੰਘਣ) ਜਾਂ ਅਭਿਦੇਸ਼ (ਆਸੇ-ਪਾਸੇ) ਦਾ ਵਿਸ਼ਯ ਆ ਜਾਵੇ ਤਾਂ ਉਨ੍ਹਾਂ ਦਾ ਹੰਕਾਰ ਟੁੱਟ ਜਾਂਦਾ ਹੈ। ਜੈਸੇ—"ਨਾਮੁ ਭਜਹੁ" ਇਸ ਵਿਚ 'ਨਾਮੁ' ਪਦ ਦਾ ਕਰਮ ਕਾਰਕ ਹੋਣ ਕਰਕੇ ਅੰਤ ਵਿਚ 'ਔਂਕੜ' ਆਇਆ ਹੈ। ਅਤੇ "ਸਚੁ ਸਭਨਾ ਹੋਇ ਦਾਰੂ" ਵਿਚ ਔਂਕੜ ਕਰਤਾ ਕਾਰਕ ਵਿਚ ਆਇਆ ਹੈ। ਏਥੇ ਇਕ ਵਿਚ ਦੂਜੇ ਦਾ 'ਅਭਿਵਿਆਪਨ' ਕਿਉਂ ਹੋਇਆ ? ਏਸਦਾ ਉੱਤਰ ਇਹ ਮਿਥਿਆ ਪੰਡਿਤ ਨਹੀਂ ਦੇ ਸਕਦੇ। ਹੋਰ ਦੇਖੋ—"ਮੇਰਾ **ਸਹੁ** ਜਾਗੈ ਹਉ ਨਿਸਿ ਭਰ ਸੋਵਾ" ਵਿਚ ਕਰਤਾ ਕਾਰਕ ਦੀ ਵਿਭਕਤੀ ਰੂਪ ਤੇ ਔਂਕੜ ਆਇਆ ਹੈ। ਅਤੇ "ਆਗੈ **ਸਹ** ਭਾਵਾ ਕਿ ਨ ਭਾਵਾ" ਇਸ ਵਿਚ 'ਸਹ' ਨੂੰ ਕੋਈ ਵਿਭਕਤੀ ਉਕੀ ਹੀ ਨਹੀਂ, ਪਰ, ਕਾਰਕ ਹੈ। ਏਸਦਾ ਉੱਤਰ ਇਨ੍ਹਾਂ ਨਿਰੱਖਰ ਵਿਦ੍ਵਾਨਾਂ ਕੋਲ ਕੋਈ ਨਹੀਂ। ਸੱਚ ਪੁਛੋਂ ਤਾਂ ਇਨ੍ਹਾਂ ਨੂੰ ਇਹ ਭੀ ਪਤਾ ਨਹੀਂ ਕਿ ਪੰਜਾਬੀ ਲਿੱਪੀ ਦੇ ਆਦਿ ਵਿਚ 'ਓ' ਕਿਉਂ ਰਖਿਆ ਗਿਆ ਹੈ ? ਭਾਈ ਸਾਹਿਬ ਨੇ ਵਿਆਕਰਣਕ ਰੀਤੀਆਂ ਦੀ ਮੂਲ ਸ੍ਰੀ ਗੁਰੂ ਬਾਣੀ ਦੀ ਆਮਨਾਯ (ਨਿਗਮ ਜਾਂ ਮੁਢਲੇ ਉਪਦੇਸ਼ਾਂ) ਤੋਂ ਅਭਿਆਸ ਬਲ ਦੇ ਆਸਰੇ **'ਉਪਨਿਖਦ'** ਵਿਦਿਆ ਨਾਲ ਲਗਾਂਮਾਤ੍ਰਾਂ ਦੇ ਪ੍ਰਯੋਗ ਸਹਜੇ ਹੀ ਸਪਸ਼ਟ ਕਰ ਦਿਤੇ ਹਨ, ਜਿਨ੍ਹਾਂ ਦਾ ਹੋਣਾ ਜ਼ਰੂਰੀ ਸੀ।

(ਕ) ਸਭ ਤੋਂ ਵੱਡੀ ਗੱਲ ਇਕ ਹੋਰ ਹੋਈ ਹੈ, ਜਿਸ ਵਲ ਖੋਜੀਆਂ ਤੋਂ ਲੈ ਕੇ ਸਰਬ ਸਾਧਾਰਣ ਕਥੱਕੜਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਜੋ ਭੱਦ੍ਰ ਪੁਰਸ਼ ਪੰਜਾਬੀ ਅਤੇ ਗੁਰਮੁਖੀ ਭਾਸ਼ਾ ਨੂੰ ਓਸਦੀ ਅਪਣੀ ਆਮਨਾਯ (ਆਦਿਲਾ ਉਪਦੇਸ਼) ਨੂੰ ਨ ਜਾਣ ਕੇ ਬੇ ਉਸਤਾਦੇ ਹੋਣ ਦੇ ਕਾਰਣ ਅਪਣੀ ਬੋਲੀ ਵਿਚ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦਾ ਅਨਰਥ ਕਰਨ ਤੋਂ ਨਹੀਂ ਹਟਦੇ ਉਹ ਹੁਣ ਉਕਤ-ਅਗੰਮੀ ਤੇ ਅਗੋਚਰੀ ਬਾਣੀ ਦੇ ਅਰਥ ਅੰਗ੍ਰੇਜ਼ੀ ਆਦਿ ਬਿਦੇਸ਼ੀ ਬੋਲੀਆਂ ਵਿਚ ਕਰਨ ਦਾ ਢੌਂਗ ਰਚ ਕੇ ਆਪ ਨੂੰ ਜਗਤ ਪ੍ਰਸਿੱਧ (world fame) ਵਿਦ੍ਵਾਨ ਸਿੱਧ ਕਰਨ ਦਾ ਯਤਨ ਕਰ ਰਹੇ ਹਨ, ਉਨ੍ਹਾਂ ਨੂੰ ਜਗਿਆਸੂ 'ਧਾਣ੍ਡਿਤ੍ਯ ਗੁੰਜਾ-ਸਿਤਂ ਦਯੋ ਧਰ੍ਕਤ ਸਨ੍ਨਿਥ: ।' ਅਰਥਾਤ 'ਪੰਡਿਤਾਈ ਤਾਂ ਰੱਤਕ ਤੁੱਲ ਹੈ, ਪਰ ਅਭਿਮਾਨ ਪਹਾੜ ਜਿੱਡਾ ਹੈ' ਏਸ ਪਦਵੀ ਦੇ ਭਾਗੀ ਅਤੇ ਮਿਥਿਆ ਵਾਦੀ ਸਮਝ ਕੇ ਉਨ੍ਹਾਂ ਦੀ ਦਿਮਾਗ਼ੀ ਗ਼ੁਲਾਮੀ ਤੋਂ ਬਚ ਜਾਣਗੇ। ਜਿਸਦੀ ਡਾਢੀ ਲੋੜ ਸੀ।

ਗੁਰੂ ਖ਼ਾਲਸਾ ਪੰਥ ਦੀ ਕ੍ਰਿਪਾ ਦਾ ਪਾਤ੍ਰ

(ਪੰਡਿਤ) ਕਰਤਾਰ ਸਿੰਘ ਦਾਖਾ

੧੨-੧੨-੫੪

bsrstrust.org

bsrstrust.org

ਭੂਮਿਕਾ

ਗੁਰਬਾਣੀ ਅੰਦਰਿ ਆਈਆਂ ਲਗਾਂਮਾਤ੍ਰਾਂ ਸਤਿਗੁਰੂ ਦੀ ਅਗਾਧ ਨੇਤ ਅਨੁਸਾਰ ਅਜੇਹੇ ਗੁਰਮਤਿ ਅਸੂਲਾਂ ਬੱਧੇ (set) ਨਿਯਮਾਂ ਅੰਦਰਿ ਸ਼ੋਭਨੀਕ, ਮੋਤੀਆਂ ਵਾਂਗੂੰ ਜੜੀਆਂ ਹੋਈਆਂ ਹਨ, ਕਿ ਇਹਨਾਂ ਤੋਂ ਬਿਨਾਂ ਕਿਸੇ ਭੀ ਗੁਰਵਾਕ ਪੰਗਤੀ ਦਾ ਭਾਵ ਬਣਦਾ ਹੀ ਨਹੀਂ। ਅਧੂਰਾ ਹੀ ਰਹਿੰਦਾ ਹੈ। ਪੂਰਾ ਹੁੰਦਾ ਹੀ ਨਹੀਂ।

ਗੁਰਬਾਣੀ ਦਾ ਤੱਤ ਆਸ਼ਾਵੀ ਭਾਵ ਇਹਨਾਂ ਲਗਾਂਮਾਤ੍ਰਾਂ ਅੰਦਰਿ ਹੀ ਗੁਪਤ ਹੈ ਅਤੇ ਅਜੇਹੀ ਤੱਤ ਮਰਯਾਦਾ ਅੰਦਰਿ ਗੁੰਫਤ ਹੈ, ਕਿ ਸਮਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅੰਦਰਿ ਇਕ ਰਸ ਨਿਯਮ ਪ੍ਰੋਤਾ ਪੂਰਤ ਸੰਧੂਰਤ ਹੈ। ਵਿਲੱਖਣਤਾ ਮਈ ਵਾਧਾ ਇਹ ਹੈ, ਕਿ ਇਹਨਾਂ ਲਗਾਂਮਾਤ੍ਰਾਂ ਅੰਦਰਿ ਨਿਯਮਤ ਹੋਏ ਗੁਰਬਾਣੀ ਦੇ ਭਾਵ ਇਕ ਤੋਂ ਅਨੇਕ ਨਹੀਂ ਹੋ ਸਕਦੇ। ਇਕ ਗੁਰਵਾਕ ਪੰਗਤੀ ਦਾ ਭਾਵ ਇਕੋ ਹੀ ਰਹਿੰਦਾ ਹੈ। ਦੂਜਾ ਕਦੇ ਹੋ ਹੀ ਨਹੀਂ ਸਕਦਾ। ਲਗਾਂਮਾਤ੍ਰਾਂ ਦੇ ਏਸ ਗੁਰਮਤਿ ਗੋਝ ਭਾਵ ਦੇ ਤੱਤ ਤੋਂ ਅਗਿਆਤ ਅਣਜਾਣ ਲੋਗ ਜੋ ਇਕੋ ਗੁਰਵਾਕ ਦੇ ਅਨੇਕਾਂ ਅਰਥ ਲਾਉਂਦੇ ਹਨ, ਉਹ ਮਹਿਜ਼ ਆਪਣਾ ਗਿਆਨ ਪਣਾਂ, ਆਪਣੀ ਵਿਦਵਤਾ ਹੀ ਛਾਂਟਦੇ ਹਨ। ਵਾਸਤਵ ਵਿਚ ਇਹ ਉਹਨਾਂ ਦੀ ਮਨ ਦੀ ਮਤਿ ਨਿਰੀ ਅਗਿਆਨਤਾ ਭਰੀ ਮੱਤ ਹੀ ਹੁੰਦੀ ਹੈ, ਜਿਸ ਮਨਮਤ ਦਾ ਖੋਟਾ ਢਬੂਆ ਲਗਾਂਮਾਤ੍ਰਾਂ ਦੀ ਗੁਪਤ ਗੋਝ ਕਸੌਟੀ ਨਾਲਿ ਲਾਇਆਂ ਉਤਰ ਜਾਂਦਾ ਹੈ ਤੇ ਉਘੜ ਜਾਂਦਾ ਹੈ। ਬਾਕੀ ਦੇ ਅਰਥ ਲਵੱਈਏ (ਲਾਉਣਹਾਰੇ) ਲੋਗ ਆਪੋ ਆਪਣੀ ਮਤਿ ਦੇ ਅਨੁਸਾਰ ਮਨਿ ਭਾਉਂਦੇ ਭਾਂਤ ਭਾਂਤ ਦੇ ਅਰਥ ਇਕੋ ਗੁਰਵਾਕ ਦੇ ਲਾਉਂਦੇ ਹਨ। ਇਕ ਗੁਰਵਾਕ ਪੰਗਤੀ ਦੇ ਅਨੇਕਾਂ ਅਰਥ ਅਰਥਾਉਂਦੇ ਹਨ, ਜਿਸ ਨੂੰ ਦੇਖ ਕੇ ਗੁਰਮਤਿ ਦੀ ਤੱਤ ਖੋਜ ਦੇ ਅਲ੍ਹੜ ਜਗਿਆਸੂ ਬੜੇ ਪਰੇਸ਼ਾਨ ਹੁੰਦੇ ਹਨ।

ਧੁਰੋਂ ਆਈ ਧੁਰਿ ਧੁਰੰਧਰੀ ਗੁਰਬਾਣੀ ਦੀ ਸਰਬੱਗਤਾ ਏਸੇ ਵਿਚਿ ਹੀ ਹੈ ਕਿ ਇਸਦੇ ਭਾਵ ਦਾ ਧੁਰੋਂ ਬੰਨ੍ਹਿਆ ਧੁਰਵਾ ਇਕ ਹੀ ਹੋਵੇ। ਅਰਥ ਅਨੇਕਤਾ ਵਾਲੇ ਭਾਵ ਵਿਚਿ ਧੁਰਧੁਰੰਮੀ ਸਰਬੱਗਤਾ ਦੀ ਅਟੱਲਤਾ ਰਹਿੰਦੀ ਨਹੀਂ। ਉਡ ਜਾਂਦੀ ਹੈ। ਅਰਥਾਂ ਦੀ ਅਨੇਕਤਾ ਵਿਚਿ ਭਾਂਤ ਭਾਂਤ ਦੀਆਂ ਮਤਿ ਬੁਧੀਆਂ ਦੀ ਅਲਪੱਗਤਾ ਹੀ ਉਘੜਦੀ ਹੈ। ਇਸ ਵਿਚਿ ਗਿਆਨ ਗੰਮਤੀ ਗੰਭੀਰਤਾ ਕੋਈ ਨਹੀਂ।

ਇਕ ਵਾਰ ਦਾ ਜ਼ਿਕਰ ਹੈ ਕਿ ਅਸੀਂ ਦੋ ਪ੍ਰਸਿੱਧ (ਉਘੇ) ਅਰਥ ਗਿਆਨੀ, ਗੁਰਵਾਕ ਦੀ ਏਸ ਪੰਗਤੀ ਉਤੇ ਝਗੜਦੇ ਹੋਏ ਦੇਖੇ :

bsrstrust.org

ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥[1]

ਬੜੇ ਹੀ ਭਾਂਤ ਭਾਂਤ ਦੇ ਅਰਥ ਲਾਉਣ, ਆਪੋ ਆਪਣੀ ਅਲਪਗ ਬੁਧੀ ਅਨੁਸਾਰ। ਇਕ ਤਾਂ ਕਹੇ ਕਿ ਗਿਆਨਵਾਨ ਜਗਤੁ (ਸੰਸਾਰ) ਹੀ ਅਸਲੀ ਜੀਉਣੀ ਜੀਉਂਦਾ ਹੈ। ਹੋਰ ਸਭ ਕੋਈ ਸੰਸਾਰੀਆਂ ਵਾਲੀ ਜਿਉਣੀ ਜੀਉਂਦੇ ਹਨ। ਦੂਜਾ ਕਹੇ ਇਸ ਜਗਤ ਅੰਦਰ ਇਕ ਗਿਆਨੀ ਪੁਰਸ਼ ਹੀ ਸੁੱਚੀ ਜੀਉਣੀ ਜੀਉਂਦਾ ਹੈ। ਇਸ ਪ੍ਰਕਾਰ ਆਪੋ ਆਪਣੇ ਅਰਥਾਂ ਦਾ ਪੱਖ ਪੂਰ ਕੇ ਆਪਸ ਵਿਚਿ ਦੋਵੇਂ ਗਿਆਨੀ ਖਹੀ ਜਾਣ। ਕੋਈ ਭੀ ਆਪਣੀ ਹਾਰ ਨ ਮੰਨੇ। ਅਮਰ ਅਜਾਂਚੀ ਅਸੀਂ ਭੀ ਇਸ ਖਹਿਮ ਖਹਿ ਗਿਆਨ ਮਈ ਨਜ਼ਾਰੇ ਤੇ ਪਹੁੰਚ ਗਏ, ਅਤੇ ਦੋਹਾਂ ਨੂੰ ਬੇਨਤੀ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਕਾਸ਼ ਕਰਕੇ ਇਸ ਗੁਰਵਾਕ ਪੰਗਤੀ ਦੀਆਂ ਲਗਾਂਮਾਤ੍ਰਾਂ ਤਾਂ ਦੇਖੋ। ਪਰ ਉਹ ਦੋਵੇਂ ਗਿਆਨੀ ਇਸ ਗੱਲ ਨੂੰ ਨਾ ਮੰਨਣ ਅਤੇ ਕਹਿਣ ਕਿ ਲਗਾਂਮਾਤ੍ਰਾਂ ਵਿਚਿ ਕੀ ਪਿਆ ਹੈ। ਅਸੀਂ ਆਖਿਆ, 'ਬਹੁਤ ਕੁਛ ਪਿਆ ਹੈ। ਇਹਨਾਂ ਵਿਚਿ ਹੀ ਤਾਂ ਗੋਝ ਅਰਥਾਂ ਦਾ ਤੱਤ ਖਜ਼ਾਨਾ ਭਰਪੂਰ ਹੈ। ਤੁਹਾਡੇ ਖ਼ਿਆਲ ਵਿਚ ਐਵੇਂ ਹੀ ਇਹ ਲਗਾਂਮਾਤ੍ਰਾਂ ਲਗੀਆਂ ਹੋਈਆਂ ਹਨ! ਕਿਸੇ ਖ਼ਾਸ ਮਨੋਰਥ ਲਈ ਹੀ ਸਰਬੱਗ ਸਤਿਗੁਰੂ ਸਾਹਿਬਾਨ ਨੇ ਲਾਈਆਂ ਹਨ।' ਬਹੁਤ ਜ਼ੋਰ ਦੇਣ ਪਰ ਉਹਨਾਂ ਨੂੰ ਮਜਬੂਰ ਹੋਣਾ ਪਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਜਦੋਂ ਅਕਾਲੀ ਕੌਰ ਸਿੰਘ ਦੇ ਰਚੇ ਗੁਰਬਾਣੀ ਦੇ ਇੰਡੈਕਸ (ਤਤਕਰੇ) ਦੀ ਮਦਦ ਨਾਲ ਇਸ ਗੁਰਵਾਕ ਪੰਗਤੀ ਨੂੰ ਲਭਿਆ, ਤਾਂ ਅਸੀਂ ਬੇਨਤੀ ਕੀਤੀ ਕਿ ਗਹੁ ਕਰਕੇ ਦੇਖੋ, ਇਸ ਪੰਗਤੀ ਅੰਦਰ ਦੋ ਵਾਰ 'ਜਗ' ਪਦ ਆਇਆ ਹੈ। ਦੋਹਾਂ ਥਾਂਵਾਂ ਤੇ ਇਕੋ ਜੇਹਾ ਹੀ ਲਿਖਿਆ ਹੈ ਕਿ ਵਖੋ ਵਖ ਲਗਾਂਮਾਤ੍ਰਾਂ ਸਹਿਤ ਲਿਖਿਆ ਹੈ? ਗੌਹ ਕਰਕੇ ਦੇਖਿਆ ਗਿਆ ਤਾਂ ਪਹਿਲੇ ਪਦ ਦੇ ਗਗੇ ਪਦ ਅੱਖਰ ਨੂੰ ਔਂਕੜ ਲਗਿਆ ਹੋਇਆ ਸੀ ਅਤੇ ਦੂਜੇ ਗਗੇ ਨੂੰ ਸਿਹਾਰੀ ਲਗੀ ਹੋਈ ਸੀ। ਏਹ ਪਾਠ ਦਾ ਫ਼ਰਕ ਉਨ੍ਹਾਂ ਨੇ ਦੇਖਿਆ ਤਾਂ ਸਹੀ ਪਰ ਇਸ ਫ਼ਰਕ ਦੀ ਅਹਿਮੀਅਤ ਉਹਨਾਂ ਨੂੰ ਪਰਤੀਤ ਨਾ ਹੋਵੇ।

ਓੜਕ ਉਹਨਾਂ ਨੇ ਸਾਨੂੰ ਹੀ ਆਖਿਆ: 'ਔਂਕੜ ਸਿਹਾਰੀ ਦੇ ਵਿਤਕਰੇ ਨੂੰ ਤੁਸੀਂ ਦਸੋ ਕਿ ਏਹ ਦੋਵੇਂ ਕੀ ਖਸੂਸੀਅਤ ਰਖਦੇ ਹਨ।' ਜਦੋਂ ਅਸੀਂ ਲਗਾਂਮਾਤ੍ਰਾਂ ਦੇ ਗੁਰਮਤਿ ਅਟੱਲ ਨਿਯਮਾਵਲੀ ਅਸੂਲਾਂ ਨੂੰ ਨਿਖਾਰ ਕੇ ਪਰਗਟ ਕੀਤਾ ਤੇ ਪੰਗਤੀ ਦਾ ਤੱਤ ਭਾਵ ਇਸ ਪ੍ਰਕਾਰ ਦਰਸਾਇਆ ਕਿ:

'ਗੁਰ ਨਾਨਕ ਦੇ ਘਰ ਦੇ ਗੁਰਮੁਖ ਗਿਆਨੀ ਨੇ "ਮਨਿ ਜੀਤੈ ਜਗੁ ਜੀਤੁ" ਦੇ ਭਾਵ ਅਨੁਸਾਰ ਜਗ ਜਿਤ ਲਿਆ ਹੈ—"ਨਾਨਕ ਗਿਆਨੀ ਜਗੁ ਜੀਤਾ" ਨਹੀਂ ਤਾਂ ਜਗ ਨੇ ਸਭ ਕੋਈ (ਸਭ ਕਿਸੇ ਨੂੰ) ਜਿਤ ਲਿਆ ਹੈ—"ਜਗਿ ਜੀਤਾ ਸਭੁ ਕੋਇ"। ਪਿਛਲੇ 'ਜਗ' ਪਦ ਨੂੰ ਸਿਹਾਰੀ ਲਗੀ ਹੋਈ ਹੈ। ਉਸ ਸਿਹਾਰੀ ਵਿਚਿ 'ਨੇਂ' ਦੇ ਅਰਥ ਗੋਹਝ ਰਖੇ ਹੋਏ ਹਨ। ਸਾਰੀ ਗੁਰਬਾਣੀ ਅੰਦਰ ਇਕ ਸਿਰੇ ਤੋਂ ਲਾ ਕੇ ਅੰਤ ਤਾਈਂ

---

1. ਬਿਹਾਗੜੇ ਕੀ ਵਾਰ ਮ: ੪, ਪੰਨਾ ੫੪੮.

bsrstrust.org

ਇਹੀ ਵਿਤਕਰਾ ਵਿਦਮਾਨ ਹੈ। ਦੂਜਾ ਅਰਥ ਕੋਈ ਬਣ ਹੀ ਨਹੀਂ ਸਕਦਾ।' ਉਹਨਾਂ ਦੋਹਾਂ ਨੂੰ ਓੜਕ ਮੰਨਣਾ ਪਿਆ ਕਿ ਲਗਾਂਮਾਤ੍ਰਾਂ ਦੀ ਗੋਝ ਗੁਰਮਤਿ ਕਲਾ ਹੀ ਗੁਰਬਾਣੀ ਦੇ ਤੱਤ ਅਰਥ ਦਰਸਾਵਨ ਹਿਤ ਸਹਾਈ ਹੈ।

ਇਕ ਵਾਰੀ ਅਸੀਂ ਰਾਧਾ ਸੁਆਮੀਆਂ ਦੇ ਮਹੰਤ ਬਾਬੂ ਸਾਉਣ ਸਿੰਘ ਨੂੰ "ਹਉਮੈ ਸਬਦਿ ਜਲਾਏ"[1] ਦੇ ਅਰਥ ਇਉਂ ਲਾਉਂਦਾ ਸੁਣਿਆ ! 'ਹੇ ਭਾਈ ਹਉਮੈ ਰੂਪੀ ਸ਼ਬਦ ਨੂੰ ਜਲਾ ਦੇਵੋ।' ਇਹ ਅਰਥ ਸੁਣਦੇ ਸਾਰ ਹੀ ਮੈਥੋਂ ਨਾ ਰਿਹਾ ਗਿਆ ਅਤੇ ਤੱਤ ਛਿਨ ਹੀ ਪ੍ਰਸ਼ਨ ਕੀਤਾ ਕਿ 'ਹਉਮੈ ਯਾ ਹਉਮੈ ਰੂਪੀ ਭੀ ਕੋਈ ਸ਼ਬਦ ਹੈ ?' ਉਹ ਭੜਕ ਕੇ ਕਹਿਣ ਲੱਗਾ ਕਿ ਤੁਸੀਂ ਹੀ ਆਉ ਕਥਾ ਕਰੋ। ਮੈਂ ਭੀ ਕਰਨਾ ਹਾਂ। ਮੈਂ ਆਖਿਆ, 'ਭੜਕਣ ਦੀ ਕੋਈ ਲੋੜ ਨਹੀਂ, ਜ਼ਰਾ ਤੁਸੀਂ ਗੌਰ ਨਾਲ ਦੇਖੋ ਕਿ ਸ਼ਬਦਿ ਪਦ ਦੇ ਛੇਕੜਲੇ ਅੱਖਰ ਦੱਦੇ ਨੂੰ ਸਿਹਾਰੀ ਲੱਗੀ ਹੋਈ ਹੈ ਕਿ ਨਹੀਂ।' ਓਸ ਦੇਖ ਕੇ ਆਖਿਆ, 'ਲੱਗੀ ਤਾਂ ਹੋਈ ਹੈ। ਫੇਰ ਕੀ ਹੋਇਆ !' ਮੈਂ ਆਖਿਆ, 'ਹੋਇਆ ਨਹੀਂ। ਅਰਥ ਸਪਸ਼ਟ ਹੋ ਗਿਆ।' ਉਸ ਆਖਿਆ, 'ਉਹ ਕੀ ?' ਮੈਂ ਆਖਿਆ, 'ਸ਼ਬਦ (ਗੁਰਸ਼ਬਦ) ਦੁਆਰਾ ਹਉਮੈ ਨੂੰ ਜਲਾ ਦੇਵੇ।' ਇਹ ਅਰਥ ਸਹੀ ਸਿਧ ਹੋਏ। ਇਹ ਦੱਦੇ ਦੀ ਸਿਹਾਰੀ ਦੀ ਗੋਝ ਕਲਾ ਦੀ ਹੀ ਕਰਾਮਾਤ ਹੈ ਜਿਸ ਨੇ ਇਹ ਅਰਥ ਸਪਸ਼ਟਾਇ ਦਿਤਾ। ਸਿਹਾਰੀ ਦੇ ਗੋਝ ਅਰਥ 'ਦੁਆਰਾ' ਦੇ ਹਨ। ਇਸ ਉਪਰ ਹੋਰ ਭੀ ਕਈ ਪਰਮਾਣ ਉਸ ਨੂੰ ਦਰਸਾਏ ਗਏ। ਸਾਰੀ ਸੁਣਨਹਾਰੀ ਸੰਗਤ ਮੰਨ ਗਈ ਅਤੇ ਉਹ ਬੜਾ ਪਸ਼ੇਮਾਨ ਹੋਇਆ।

ਇਕ ਵਾਰ ਦਾ ਹੋਰ ਜ਼ਿਕਰ ਹੈ ਕਿ ਅਸੀਂ ਸਾਰਾ ਜਥਾ ਇਕ ਅਨੰਦ ਕਾਰਜ ਸਮਾਗਮ ਤੇ ਹੜੱਪੇ ਗਏ ਹੋਏ ਸਾਂ। ਉਸ ਇਲਾਕੇ ਦੀ ਬਹੁਤ ਸਾਰੀ ਸੰਗਤ ਭੀ ਆਈ ਹੋਈ ਸੀ। ਅਨੰਦ ਕਾਰਜ ਦੀ ਸਮਾਪਤੀ ਤੇ ਜੋ ਗੁਰਵਾਕ ਆਇਆ, ਉਸ ਨੂੰ ਗ੍ਰੰਥੀ ਸਿੰਘ (ਉਸੇ ਇਲਾਕੇ ਦਾ) ਅਸਲ ਅੱਖਰੀ ਸੁਧਤਾ ਸਹਿਤ ਇਉਂ ਪੜ੍ਹਨ ਲੱਗਾ :

ਹਰਿ ਜਨੁ ਰਾਮ ਨਾਮ ਗੁਨ ਗਾਵੈ ॥
ਜੇ ਕੋਈ ਨਿੰਦ ਕਰੇ ਹਰਿ ਜਨ ਕੀ, ਅਪੁਨਾ ਗੁਨੁ ਨ ਗਵਾਵੈ ॥[2]

ਜਦੋਂ ਇਹ ਪੰਗਤੀ ਪੜ੍ਹੀ, ਉਸ ਗ੍ਰੰਥੀ ਸਿੰਘ ਨੇ, ਤਾਂ ਉਸੇ ਇਲਾਕੇ ਦੇ ਇਕ ਪਰਸਿੱਧ ਗਿਆਨੀ ਨੇ ਉਸ ਨੂੰ ਟੋਕਿਆ ਅਤੇ ਬੜੇ ਰੋਅਬ ਦਾਬ ਨਾਲ ਕਿਹਾ : 'ਕਿ 'ਗੁਨਨ' ਪਾਠ ਕਰੋ, 'ਗੁਨ ਨ' ਕਿਉਂ ਕਰਦਾ ਹੈਂ। ਗੁਨ ਤੇ ਨ ਨੂੰ ਨਿਖੇੜਦਾ ਕਿਉਂ ਹੈਂ ?' ਮੈਂ ਉਸ ਗਿਆਨੀ ਦੀ ਨੋਕ ਟੋਕ ਨੂੰ ਸੁਣ ਕੇ ਆਖਿਆ ਕਿ ਗ੍ਰੰਥੀ ਸਿੰਘ ਠੀਕ ਪਾਠ ਕਰਦਾ ਹੈ, ਉਸ ਨੂੰ ਟੋਕਦੇ ਕਿਉਂ ਹੋ। ਤਾਂ ਉਹ ਬਿਰਧ ਸਫ਼ੈਦ ਰੀਸ਼ ਗਿਆਨੀ ਮੈਨੂੰ ਆਕੜ ਕੇ ਪਿਆ ਤੇ ਕਹਿਣ ਲੱਗਾ, 'ਤੈਨੂੰ ਕੀ ਪਤਾ ਹੈ ?' ਮੈਂ ਭੀ ਉਸ ਹੰਕਾਰੀ ਦਾ ਹੰਕਾਰ ਦਮਨ ਕਰਨ ਲਈ ਉਸੇ ਟੋਨ ਵਿਚ ਉੱਤਰ ਦਿਤਾ : 'ਤੈਨੂੰ ਭੀ ਕੀ ਪਤਾ ਹੈ ?' ਉਸ ਨੇ ਮੇਰੇ ਚੱਕਰ ਕੜੇ ਸਜੇ ਹੋਏ ਦੇਖ ਕੇ ਸਮਝਿਆ ਕਿ ਕੋਈ ਅਨਪੜ੍ਹ ਨਿਹੰਗ

---

੧. ੨॥੯॥ (ਆਸਾ ਮ: ੧ ਵਾਰ, ਪੰਨਾ ੪੬੮)।
੨. ੧॥ਰਹਾਉ॥੨॥੩॥ (ਬੈਰਾੜੀ ਮ: ੪, ਪੰਨਾ ੭੧੯)।

bsrstrust.org

ਹੋਣਾ ਹੈ। ਜਦੋਂ ਉਹ ਛਿੱਥਾ ਜੇਹਾ ਪਿਆ ਤਾਂ ਇਕ ਪਾਸ ਬੈਠਾ ਗਿਆਨੀ ਦਾ ਮੁਅਤਕਿਦ ਸਿਖ ਮੈਨੂੰ ਆਖਣ ਲੱਗਾ ਕਿ ਇਹ ਬੜੇ ਮਾਨਨੀਕ ਮੰਨੇ ਦੰਨੇ ਗਿਆਨੀ ਹਨ। ਇਹਨਾਂ ਅਗੇ ਕਿਸੇ ਨੇ ਅੱਜ ਤਾਈਂ ਹੁੱਤ ਨਹੀਂ ਕੀਤੀ।

ਉਸ ਦੇ ਚਾਟੜੇ ਵਲੋਂ ਇਹ ਹਮਾਇਤ ਹੋਣ ਪਰ ਉਕਤ ਹੈਂਕੜੀ ਗਿਆਨੀ ਫੇਰ ਹੀਂਜਰ ਕੇ ਕੁਛ ਬੋਲਿਆ। ਮੈਂ ਉਸ ਨੂੰ ਆਖਿਆ, 'ਗਿਆਨੀ ਜੀ! ਹੀਂਜਰਨ ਦੀ ਤੇ ਘਬਰਾਉਣ ਦੀ ਕੋਈ ਲੋੜ ਨਹੀਂ। ਜੋ ਗ੍ਰੰਥੀ ਸਿੰਘ ਨੇ ਪਾਠ ਪੜ੍ਹਿਆ ਹੈ, ਉਸ ਪਾਠ ਨੂੰ ਗੌਹ ਕਰਕੇ ਫੇਰ ਸੁਣ ਲਵੋ। ਲਗਾਂਮਾਤ੍ਰਾਂ ਦੀ ਸੁਧਤਾਈ ਸਹਿਤ।' ਗਿਆਨੀ ਜੀ ਬੋਲੇ, 'ਤੈਨੂੰ ਕੀ ਸ਼ਊਰ ਹੈ। 'ਗੁਨਨ' ਬਹੁ-ਵਚਨ ਹੈ। ਤੈਨੂੰ ਪਤਾ ਹੈ, ਬਹੁ-ਵਚਨ ਕਿਸ ਬਲਾ ਦਾ ਨਾਉਂ ਹੈ?' ਮੈਂ ਆਖਿਆ, 'ਜੇ ਬਹੁ-ਵਚਨ ਹੈ ਤਾਂ 'ਅਪਨੇ ਗੁਨਨ' ਪਾਠ ਹੋਣਾ ਚਾਹੀਦਾ ਹੈ। ਪ੍ਰੰਤੂ ਪਾਠੀ ਨੇ ਪੜ੍ਹਿਆ ਹੈ—"ਅਪੁਨਾ ਗੁਨੁ ਨ ਗਵਾਵੈ।" ਤਾਂ ਤੇ 'ਅਪਨਾ' ਪਦ 'ਗੁਨਨ' ਬਹੁ-ਵਚਨ ਨਾਲ ਫਬਦਾ ਈ ਨਹੀਂ।' ਗਿਆਨੀ ਜੀ ਫੇਰ ਬੜੀ ਮਹਾਨਤਾ ਸਹਿਤ ਬੋਲੇ, 'ਪਾਠ ਹੈ 'ਆਪਨਾ', 'ਅਪਨਾ' ਨਹੀਂ।' 'ਇਸ ਦਾ ਫ਼ੈਸਲਾ ਤਾਂ ਸੁਧ ਪਾਠ ਦੇਖਣ ਤੇ ਹੈ,' ਮੈਂ ਆਖਿਆ, 'ਪਾਠੀ ਜੀ ਦੇਖੋ ਪਾਠ ਕੀ ਹੈ।' ਗ੍ਰੰਥੀ ਜੀ ਨੇ ਗੌਹ ਨਾਲ ਵੇਖ ਕੇ 'ਅਪੁਨਾ' ਪਾਠ ਫੇਰ ਕੀਤਾ। 'ਹੁਣ ਦਸੋ ਗਿਆਨੀ ਜੀ ਕੋਈ ਕਸਰ ਰਹੀ ਹੈ। ਜੇ ਅਜੇ ਭੀ ਕਸਰ ਹੈ', ਮੈਂ ਆਖਿਆ, 'ਤਾਂ ਪਾਠ ਤੇ ਹੋਰ ਭੀ ਨਿਗਾਹ ਮਾਰੋ। ਜੇ ਤਾਂ 'ਗੁਨ' ਦੇ ਨੰਨੇ ਅੱਖਰ ਨੂੰ ਔਂਕੜ ਹੈ ਤਦ ਤਾਂ ਇਹ ਬਹੁ-ਵਚਨ ਨਹੀਂ। ਬਹੁਤ ਗੁਣ ਅਰਥ ਨਹੀਂ ਬਣੇਗਾ। ਇਕੋ ਗੁਣ ਬਣੇਗਾ। ਜੇ ਔਂਕੜ ਨੰਨੇ ਨੂੰ ਨਹੀਂ ਤਾਂ 'ਗੁਨ' ਨੰਨੇ ਮੁਕਤੇ ਨਾਲਿ ਹੀ ਬਗ਼ੈਰ ਅਗਲੇ ਨੰਨੇ ਦੇ ਬਹੁ-ਵਚਨ ਹੋ ਸਕਦਾ ਹੈ।' ਤਾਂ ਗਿਆਨੀ ਜੀ ਕਹਿਣ ਲੱਗੇ (ਗ੍ਰੰਥੀ ਨੂੰ ਮੁਖ਼ਾਤਬ ਕਰਕੇ), 'ਭਾਈ ਦੇਖੋ 'ਗੁਨ' ਦਾ ਨੰਨਾ ਮੁਕਤਾ ਹੀ ਹੈ ਨਾਂ?' ਗ੍ਰੰਥੀ ਨੇ ਗੌਹ ਨਾਲ ਦੇਖਿਆ ਅਤੇ ਬਿਸੇਖਿਆ ਕਿ 'ਗੁਨ' ਦੇ ਨੰਨੇ ਨੂੰ ਔਂਕੜ ਹੈ। ਸੁਣ ਕੇ ਗਿਆਨੀ ਜੀ ਬੜੇ ਤਲਮਲਾਏ। ਅਤੇ ਮੈਨੂੰ ਕੌੜਕੇ ਫੇਰ ਆਖਣ ਲੱਗੇ ਕਿ 'ਔਂਕੜ ਨਾਲ ਤੂੰ 'ਗੁਨੁ' ਦੇ ਅਰਥ ਕੀ ਕਰੇਂਗਾ?' ਉੱਤਰ ਵਿਚ ਮੈਂ ਆਖਿਆ, 'ਤੁਸੀਂ 'ਗੁਨਨ' ਦੇ ਬਹੁ-ਵਚਨ ਵਾਲੇ ਅਰਥ ਨਾਲ ਸਾਰੀ ਦੁਪੰਗਤੀ ਦਾ ਕੀ ਅਰਥ ਬਣਾਉਂਦੇ ਹੋ?' ਤਾਂ ਗਿਆਨੀ ਜੀ ਬੋਲੇ ਕਿ 'ਹਰਿਜਨ ਜੌਨਸਾ ਹੈ, ਕਰਿ ਕਰਕੇ, ਉਹ ਰਾਮ ਨਾਮ ਦੇ ਗੁਣ ਗਾਈ ਚਲੇ। ਜੌਨਸਾ ਪੁਰਸ਼ ਹਰਿ ਜਨ ਦੀ ਨਿੰਦਾ ਕਰਤਾ ਹੈ, ਵੋਹ ਨਿੰਦਕ ਪੁਰਸ਼ ਆਪਣੇ ਗੁਣ ਗੰਵਾ ਲੈਂਦਾ ਹੈ।'

ਮੈਂ ਆਖਿਆ, 'ਨਿੰਦਕ ਅੰਦਰ ਤਾਂ ਗੁਣ ਹੀ ਕੋਈ ਨਹੀਂ ਹੁੰਦੇ। ਉਸਨੇ ਗਵਾਉਣੇ ਕੀ ਸੀ। ਕਿਸੇ ਵਿਚ ਕੋਈ ਗੁਣ ਹੋਊ ਕਿਸੇ ਵਿਚ ਕੋਈ ਪਰ ਨਿੰਦਕ ਵਿਚ ਤਾਂ ਗੁਣ ਹੀ ਕੋਈ ਨਹੀਂ।' ਇਸ ਪਰਥਾਇ ਮੈਂ ਗੁਰਪਰਮਾਣ ਭੀ ਹੋਰ ਬੋਲ ਸੁਣਾਏ। ਤਿਸ ਪਰ ਗਿਆਨੀ ਜੀ ਮੈਨੂੰ ਆਖਣ ਲੱਗੇ, 'ਤੁਸੀਂ ਦਸੋ, ਔਂਕੜ ਵਾਲੇ ਇਕ-ਵਚਨ ਅਰਥੀ 'ਗੁਨੁ' ਦਾ ਕੀ ਅਰਥ ਕਰੋਗੇ?' (ਐਤਕੀਂ ਓਸ ਦੇ ਹਿਰਦੇ ਨੇ ਕੁਛ ਕਾਂਪ ਖਾਧੀ ਤਾਂ ਤੂੰ ਦੇ ਥਾਂ ਤੁਸੀਂ ਕਹਿ ਕੇ ਮੈਨੂੰ ਸੰਬੋਧਨ ਕੀਤਾ) ਮੈਂ ਆਖਿਆ, 'ਸਿੱਧੀ ਗੱਲ ਹੈ ਕਿ "ਹਰਿ ਜਨੁ ਰਾਮ ਨਾਮ ਗੁਣ" ਗਾਈ ਹੀ ਜਾਵੇ। ਜੇ ਕੋਈ ਉਸਦੀ ਨਿੰਦਾ ਕਰਦਾ

ਹੈ ਉਸ ਦਾ ਕੁਛ ਗੁਮੇਹ ਨ ਕਰੇ। ਆਪਣਾ ਰਸ ਸਾਂਤ ਪ੍ਰੇਮ ਸਹਿਤ ਗੁਣ ਗਾਉਣ ਵਾਲਾ ਗੁਣ ਨਾ ਗਵਾਵੇ। ਗੁੱਸਾ ਕਰੋਧ ਨਾ ਕਰੇ।

ਕਬੀਰ ਸੰਤੁ ਨ ਛਾਡੈ ਸੰਤਈ, ਜਉ ਕੋਟਿਕ ਮਿਲਹਿ ਅਸੰਤ ॥
ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥੧੭੪॥ *(ਪੰਨਾ ੧੩੭੩)*

ਇਹੋ ਭਾਵ ਹੈ "ਅਪੁਨਾ ਗੁਨੁ ਨ ਗਵਾਵੈ"। ਚੰਦਨ ਦੇ ਬਿਰਖ ਨੂੰ ਭਾਵੇਂ ਅਣਗਿਣਤ ਸੱਪ (ਸਰਪ) ਲਿਪਟੇ ਰਹਿਣ ਪਰ ਚੰਦਨ ਦਾ ਬਿਰਖ ਅਪਣੀ ਸੀਤਲਤਾਈ ਅਤੇ ਸੁਗੰਧੀ ਵਾਲਾ ਗੁਣ ਨਹੀਂ ਤਜਦਾ। ਇਸ ਤਰ੍ਹਾਂ ਚਾਹੇ ਕ੍ਰੋੜਾਂ (ਕੋਟਕ) ਅਸੰਤ ਅਨਾੜੀ ਨਿੰਦਕ ਗੁਰਮੁਖ ਹਰਿ ਗੁਣ ਗਾਵਨਹਾਰੇ ਗੁਰਮੁਖ ਜਨ ਨੂੰ ਮਿਲਨ ਪਰ ਉਹ ਆਪਣੀ ਸੰਤਤਾਈ ਗੁਰਮੁਖਤਾਈ ਵਾਲਾ ਸੀਲ ਸੁਭਾਵ ਨਹੀਂ ਛਡਦਾ। ਨਾ ਹੀ ਨਿੰਦਿਆ ਤੇ ਨਿੰਦਕਾਂ ਦੀ ਪਰਵਾਹ ਹੀ ਕਰਦਾ ਹੈ, ਨਿਰਭੈ ਹੋ ਕੇ ਬੇ-ਪਰਵਾਹ ਹੋ ਕੇ ਹਰਿ ਗੁਣ ਗਾਈ ਹੀ ਜਾਂਦਾ ਹੈ।'

ਇਹ ਤੱਤ ਭਾਵੀ ਭਾਸ਼ਨ ਸੁਣ ਕੇ ਸਾਰੀ ਸੰਗਤ ਗਦ ਗਦ ਹੋ ਗਈ ਅਤੇ ਗਿਆਨੀ ਜੀ ਠਠੰਬਰ ਕੇ ਚੁਪ ਹੋ ਗਏ। ਮਾਨ ਧਾਰੀ ਹੋਣ ਕਰਕੇ ਓਥੇ ਭਰੀ ਸੰਗਤ ਵਿਚ ਤਾਂ ਕੁਛ ਕੁਸਕੇ ਨਹੀਂ ਪਰ ਫੇਰ ਪਿਛੋਂ ਜਿਥੇ ਸਾਡਾ ਉਤਾਰਾ ਸੀ, ਓਥੇ ਇਕੱਲੇ ਚਲ ਕੇ ਆਏ ਅਤੇ ਬੜੇ ਹੀ ਭਾਵਨਾ ਨਾਲਿ ਸ਼ਰਧਾ ਪੂਰਤ ਹੋ ਕੇ ਆਏ। ਅਸੀਂ ਭੀ ਪਰੇਮ ਭਾਵਨਾ ਸਹਿਤ ਉਹਨਾਂ ਨੂੰ ਪਾਸ ਬਠਾਇਆ। ਥੋੜਾ ਚਿਰ ਪਰਸਪਰ ਪ੍ਰੇਮ ਵਾਰਤਾਲਾਪ ਹੋਣ ਪਸਚਾਤ ਬੜੇ ਹੀ ਪਰਸੰਨ ਹੋ ਕੇ ਮੰਨੇ ਕਿ 'ਸਚ ਮੁਚ ਲਗਾਂਮਾਤ੍ਰਾਂ ਅੰਦਰ ਹੀ ਅਸਲ ਅਤੇ ਸਚੇ ਅਰਥ ਗੁਰਬਾਣੀ ਦੇ ਲੁਪਤ ਗੁਪਤ ਹਨ। ਸਾਨੂੰ ਅੱਜ ਪਤਾ ਲੱਗਾ ਹੈ। ਸਾਰੀ ਉਮਰ ਐਵੇਂ ਗੰਵਾ ਲਈ। ਅਸੀਂ ਸਮਝਦੇ ਰਹੇ ਕਿ ਇਹ ਲਗਾਂਮਾਤ੍ਰਾਂ ਫ਼ਾਲਤੂ ਹੀ ਲੱਗੀਆਂ ਹੋਈਆਂ ਹਨ।' ਇਹ ਗਿਆਨੀ ਜੀ ਗਿਆਨ ਪੁਣੇ ਦਾ ਗੁਮਾਨ ਤਿਆਗ ਕੇ ਅਤਿ ਨਿਰਮਾਣ ਹੋ ਗਏ ਤੇ ਲਗਾਂਮਾਤ੍ਰਾਂ ਦੀ ਗੁਰਮਤਿ ਗੋਝ ਕਲਾ ਉਤੇ ਉਨ੍ਹਾਂ ਦੀ ਸ਼ਰਧਾ ਬਣ ਆਈ, ਅਤੇ ਸਾਫ਼ ਸਾਫ਼ ਸਪਸ਼ਟ ਤੌਰ ਤੇ ਮੰਨ ਗਏ ਕਿ ਗੁਰਬਾਣੀ ਦੇ ਕਿਸੇ ਵਾਕ ਪੰਗਤੀ ਦਾ ਇਕ ਤੋਂ ਛੁਟ ਦੂਜਾ ਅਰਥ ਹੋਰ ਹੋ ਨਹੀਂ ਸਕਦਾ। ਜੋ ਅਨੇਕਾਂ ਅਰਥ ਕਰਦੇ ਹਨ ਬੜੇ ਅਗਿਆਨੀ ਹਨ। ਵਾਰਤਾਲਾਪ ਸਮਾਪਤ ਹੋਈ।

ਇਸ ਦਾਸਰੇ ਨੂੰ ਚਾਹੇ ਮੁਢ ਤੋਂ ਹੀ ਇਹ ਸਿਦਕ ਭਰੋਸੇ ਪੂਰਤ ਯਕੀਨ ਸੀ, ਕਿ ਗੁਰਬਾਣੀ ਅੰਦਰ ਆਈਆਂ ਲਗਾਂਮਾਤ੍ਰਾਂ ਐਵੇਂ ਵਾਧੂ ਨਹੀਂ ਲੱਗੀਆਂ ਹੋਈਆਂ। ਜ਼ਰੂਰ ਇਹਨਾਂ ਦਾ ਅੰਤ੍ਰੀਵੀ ਗੂੜ੍ਹ ਗੋਝ ਭਾਵ ਕੋਈ ਹੋਵੇਗਾ। ਪਰ ਇਸ ਵਿਸ਼ੇ ਤੇ ਕਦੇ ਗੌਹ ਕਰਕੇ ਦੀਰਘ ਸੁਰਤਿ ਵੀਚਾਰ ਨਹੀਂ ਲਾਈ ਸੀ।

ਕਈ ਪੁਰਾਤਨ ਅਖੰਡ ਪਾਠੀਆਂ ਦੇ ਅਖੰਡ ਪਾਠ ਵੀ ਐਸੇ ਸੁਣੇ ਕਿ ਉਹ ਲਗਾਂਮਾਤ੍ਰਾਂ ਸਪਸ਼ਟ ਉਚਾਰਨ ਕਰਕੇ ਪਾਠ ਕਰਦੇ ਸਨ। ਅਤੇ ਬੜੇ ਚਿਤ ਨੂੰ ਚੰਗੇ ਲਗਦੇ ਸਨ। ਪਰ ਲਗਾਂਮਾਤ੍ਰਾਂ ਦੀ ਅਹਿਮੀਅਤ ਅਤੇ ਗੌਰਵਤਾ ਤੇ ਅਜੇ ਤਾਈਂ ਕੋਈ ਗੌਰ ਤਲਬ ਸੰਕਲਪ ਨਹੀਂ ਸੀ ਸਫੁਰਨ ਹੋਇਆ ਕਿ ਜੇਲ੍ਹ ਯਾਤਰਾ ਸਮੇਂ ਇਕ ਦਿਨ

bsrstrust.org

ਯਕਾ ਯਕ ਹਜ਼ਾਰੀ ਬਾਗ਼ ਜੇਲ੍ਹ ਵਿਚ ਕਿਸੇ ਗੁਰਬਾਣੀ ਦੀ ਪੋਥੀ ਦਾ ਪਾਠ ਕਰਦਿਆਂ ਹੋਇਆਂ, ਇਕ ਦੁਪੰਗਤੀ ਦੇ ਪਾਠ ਉਤੇ ਸੁਰਤੀ ਅਟਕ ਗਈ। ਉਹ ਦੁਪੰਗਤੀ ਇਹ ਸੀ :

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ॥
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ॥੨॥੧੮॥

(ਰਾਮਕਲੀ ਕੀ ਵਾਰ ਮ: ੪, ਪੰਨਾ ੯੬੫)

ਇਸ ਪਾਠ ਤੇ ਸੁਰਤੀ ਅਟਕੀ ਕਿ ਖੁਭ ਹੀ ਗਈ। ਇਕੋ ਪਦ 'ਆਹਰ' ਤਿੰਨ ਵਾਰ ਇਸ ਦੁਪੰਗਤੀ ਵਿਚ ਆਇਆ। ਪਰ ਵਖੋ ਵਖ ਰੂਪਾਂ ਵਿਚ। ਪਹਿਲੇ 'ਆਹਰ' ਦਾ ਅਖ਼ੀਰੀ ਰਾਰਾ ਅੱਖਰ ਮੁਕਤਾ। ਦੂਜੇ ਦਾ ਛੇਕੜਲਾ ਰਾਰਾ ਅੱਖਰ ਔਂਕੜ ਸਹਿਤ 'ਆਹਰੁ' ਅੰਕਿਤ ਹੋਇਆ ਹੈ ਅਤੇ ਤੀਜੇ ਦੇ ਅਖ਼ੀਰਲੇ ਅੱਖਰ ਰਾਰੇ ਨੂੰ ਸਿਹਾਰੀ ਲੱਗੀ ਹੋਈ ਹੈ।

ਜਦੋਂ ਗੌਹ ਨਾਲ ਪਹਿਲੇ 'ਆਹਰ' ਪਦ ਦੇ ਨਾਲਿ ਗਿਣਤੀ ਕਾਰਨ ਪਹਿਲੀ ਗਿਣਤੀ ਵਾਚਕ ਵਿਸ਼ੇਸ਼ਣ ਵਾਲਾ 'ਸਭਿ' ਪਦ ਸਸ਼ੋਭਤ ਹੋਇਆ ਦੇਖਿਆ ਅਤੇ ਦੂਜੇ 'ਆਹਰੁ' ਪਦ ਨਾਲਿ ਸੰਖਿਕ ਵਿਸ਼ੇਸ਼ਣ 'ਇਕੁ' ਪਦ ਸਪਸ਼ਟ ਅੰਕਤ ਹੋਇਆ ਪੇਖਿਆ ਤਾਂ ਇਹ ਲਗਾਂਮਾਤ੍ਰੀ ਨਿਯਮ ਨਿਸਚਿਤ ਹੋ ਗਿਆ ਕਿ ਬਹੁ-ਵਚਨ ਨਾਂਵ ਪਦ ਦੇ ਪਿਛਲੇ ਅੱਖਰ ਨਾਲ ਔਂਕੜ ਨਹੀਂ ਰਹਿੰਦਾ। ਨਾਂਵ (noun) ਦਾ ਪਿਛਲਾ ਅੱਖਰ ਮੁਕਤਾ ਹੋਣਾ ਨਾਂਵ ਦੇ ਬਹੁ-ਵਚਨ ਹੋਣ ਦੀ ਨਿਸ਼ਾਨੀ ਹੈ ਅਤੇ ਜਿਸ ਨਾਂਵ ਪਦ ਦੇ ਪਿਛਲੇ ਅੱਖਰ ਨੂੰ ਔਂਕੜ ਲਗਿਆ ਹੋਵੇ, ਉਹ ਨਿਸਚੇ ਕਰਕੇ ਇਕ-ਵਚਨ ਪੁਲਿੰਗ (singular masculing gender) ਦੀ ਨਿਸ਼ਾਨੀ ਹੈ। ਬਲਕਿ ਖ਼ਾਸ ਨਾਂਵ (proper noun) ਵਾਚਕ ਹੈ। 'ਆਹਰੁ ਇਕੁ' ਤੇ ਭਾਵ ਖ਼ਾਸ ਵਿਸ਼ੇਸ਼ ਆਹਰੁ 'ਇਕੋ ਆਹਰੁ' ਤੋਂ ਹੈ। ਉਹ ਇਕੁ ਆਹਰੁ ਭੀ ਵਿਸ਼ੇਸ਼ ਕਰਕੇ ਗੁਰਮਤਿ ਨਾਮ ਰੂਪੀ ਆਹਰ ਹੈ। ਪਹਿਲੀ ਪੰਗਤੀ ਦਾ ਭਾਵ ਸਾਫ਼ ਖੁਲ੍ਹ ਗਿਆ ਕਿ 'ਹੇ ਪ੍ਰਾਣੀ ਤੂੰ ਹੋਰ ਸਾਰੇ (ਸਭੇ) ਆਹਰ ਤਾਂ ਕਰਦਾ ਫਿਰਦਾ ਹੈਂ, ਇਕ ਖ਼ਾਸ ਆਹਰ ਹੈ ਜੋ ਤੈਥੋਂ ਹੁੰਦਾ ਨਹੀਂ। ਉਹੀ ਖ਼ਾਸ ਆਹਰ ਤੇਰੇ ਉਧਾਰ ਦਾ ਸਾਧਨ ਹੈ।'

ਫੇਰ ਨਾਲ ਲਗਦੀ ਦੂਜੀ ਪੰਗਤੀ ਦਾ ਭਾਵ ਆਪ ਹੀ ਖੁਲ੍ਹ ਗਿਆ ਕਿ 'ਜਿਸ ਖ਼ਾਸ ਆਹਰ (ਨਾਮ) ਦੇ ਆਹਰ ਕਰਕੇ, ਜਿਸ ਨਾਮ ਦੇ ਆਹਰ ਦੁਆਰਾ ਤੇਰਾ ਉਧਾਰ ਹੈ, ਤੇਰਾ ਹੀ ਨਹੀਂ, ਸਾਰੇ ਜਗਤ ਦਾ ਉਧਾਰ ਹੈ, ਜਿਸ ਆਹਰ ਦੁਆਰਾ ਜਗੁ ਉਧਰਦਾ ਹੈ ਓਸ ਆਹਰ ਨੂੰ ਕੋਈ ਵਿਰਲਾ ਵਡਿਭਾਗਾ ਗੁਰਮੁਖ ਹੀ ਬੁਝਦਾ ਹੈ।' ਤਾਂ ਤੇ ਦੂਜੀ ਪੰਗਤੀ ਵਿਚਿ 'ਆਹਰਿ' ਜੋ ਸਿਹਾਰੀ ਨਾਲਿ ਆਇਆ ਉਸ ਦੀ ਸਿਹਾਰੀ ਅੰਦਰਲੇ ਗੌਝ ਅਰਥ 'ਦੁਆਰਾ' ਜਾਂ 'ਕਰਕੇ' ਦੇ ਹੋਏ, 'ਜਿਸ ਆਹਰੁ ਦੁਆਰਾ ਜਾਂ ਜਿਸ ਆਹਰ ਦੇ ਕਾਰਨ ਇਹ ਜਗੁ ਉਧਰਦਾ ਹੈ', ਇਹ ਅਰਥ ਸਪਸ਼ਟ ਹੋਏ। ਆਹਰ ਪਦ ਦੇ ਛੇਕੜਲੇ ਅੱਖਰ ਨੂੰ ਸਿਹਾਰੀ ਲੱਗੀ ਤਾਂ ਸਿਧ ਹੋਇਆ ਕਿ ਸਿਹਾਰੀ ਸਹਿਤ ਪਿਛਲੇ ਅੱਖਰ ਵਾਲੇ ਨਾਂਵ (noun) 'ਆਹਰਿ' ਦੇ ਅਰਥ 'ਆਹਰ ਕਰਕੇ', ਜਾਂ 'ਆਹਰ ਦੁਆਰਾ' ਦੇ ਹੋਏ।

bsrstrust.org

ਇਸ ਪੰਗਤੀ ਅੰਦਰਿ ਆਏ ਤਿੰਨ ਤਰ੍ਹਾਂ ਦੇ ਸ਼ਬਦ 'ਆਹਰ' ਦੀ ਗਹੁ ਕੀਤੀ ਅਰਥ ਵੀਚਾਰ ਨੇ ਇਹ ਗੱਲ ਪਹਿਲੀ ਵਾਰ ਇਸ ਦਾਸਰੇ ਨੂੰ ਨਿਸਚਿਤ ਕਰਾਈ ਕਿ ਗੁਰਬਾਣੀ ਅੰਦਰ ਲਗਾਂਮਾਤ੍ਰਾਂ ਦਾ ਆਉਣਾ ਇਕ ਬੜੀ ਹੀ ਬਹੁਮੁਲੀ ਦਾਤ ਹੈ। ਜੋ ਅੱਜ ਤਾਈਂ ਕਿਸੇ ਭੀ ਅਨਮਤਿ ਭਾਸ਼ਾ, ਬਾਣੀ ਯਾ ਬੋਲੀ ਵਿਚਿ ਨਹੀਂ ਆਈ ਦੇਖੀ ਪੇਖੀ ਸੁਣੀ। ਇਸ ਨਵੀਨ ਖੋਜ ਨੇ ਚੇਟਕ ਲਾਈ, ਨਿਖੇੜ ਕੇ ਲਗਾਂਮਾਤ੍ਰਾਂ ਨੂੰ ਗੁਰਬਾਣੀ ਨਿਰਣੇ ਕਰਨ ਦੀ। ਇਸ ਗੱਲ ਦਾ ਪਰੇਮ ਪੂਰਬਕ ਵਿਸ਼ਵਾਸ ਭਰੋਸਾ ਦਿਲ ਅੰਦਰ ਲਿਆਵਣ ਲਈ ਇਹ ਉਮਾਹਾ ਉਤਸ਼ਾਹ ਉਠਿਆ ਕਿ ਗੁਰਬਾਣੀ ਅੰਦਰਲੀਆਂ ਆਈਆਂ ਸਾਰੀਆਂ ਲਗਾਂਮਾਤ੍ਰਾਂ ਦੇ ਅੰਦਰਲੇ ਪਰਬਲ ਨਿਯਮ ਦਾ ਨਿਰਣਾ ਕੀਤਾ ਜਾਏ। ਇਸ ਨਿਯਮ ਨੂੰ ਗੁਟਕਿਆਂ ਤੇ ਪੋਥੀਆਂ ਦੇ ਪਾਠਾਂ ਤੋਂ ਪਰਖਿਆ ਪੜਤਾਲਿਆ। ਇਸ ਗੱਲ ਨੂੰ ਮੁਖ ਰਖ ਕੇ ਅਸੀਂ (ਵਖੋ ਵਖ ਛਾਪਿਆਂ ਦੇ ਗੁਟਕੇ ਤੇ ਪੋਥੀਆਂ ਨੂੰ ਵਖੋ ਵਖ ਪ੍ਰੇਮੀਆਂ ਦੇ ਹੱਥਾਂ ਵਿਚਿ ਫੜਾ ਕੇ ਜੋ ਵਖੋ ਵਖਰੀਆਂ ਕੋਠੀਆਂ ਵਿਚ ਬੰਦ ਸਨ), ਲਗਾਂਮਾਤ੍ਰਾਂ ਦਾ ਟਾਕਰਾ ਕੀਤਾ।

ਭਾਈ ਕਰਤਾਰ ਸਿੰਘ ਕੈਨੇਡੀਅਨ ਪਿੰਡ ਨਵੇਂ ਚੰਦ ਸਾਰਖੇ ਖ਼ਾਸ ਖ਼ਾਸ ਵੀਚਾਰ ਸ਼ੀਲ ਪ੍ਰੇਮੀ ਜਨ ਆਪਣੇ ਪੁਲਿਟੀਕਲ ਕੈਦ ਵਾਲੇ ਸਾਥੀਆਂ ਦੀ ਸੇਵਾ ਇਸ ਸਬੰਧ ਵਿਚ ਖ਼ਾਸ ਸ਼ਲਾਘਾ ਯੋਗ ਹੈ। ਜੇਲ੍ਹ ਅੰਦਰ ਸਾਡੇ ਹੱਥਾਂ ਵਿਚਿ ਕੇਵਲ ਗੁਟਕੇ ਅਤੇ ਪੋਥੀਆਂ ਹੀ ਪ੍ਰਾਪਤ ਹੋ ਸਕਦੀਆਂ ਸਨ।

ਸੋ ਪਹਿਲਾਂ ਅਸੀਂ ਸ੍ਰੀ ਜਪੁਜੀ ਸਾਹਿਬ ਦੇ ਪਾਠ ਦੀਆਂ ਲਗਾਂਮਾਤ੍ਰਾਂ ਦਾ ਟਾਕਰਾ ਭਿੰਨ ਭਿੰਨ ਛਾਪੇ ਦੇ ਗੁਟਕੇ, ਪੋਥੀਆਂ ਦੇ ਪਾਠ ਵਿਚਾਰ ਕੇ ਕੀਤਾ। ਕਈ ਗੁਟਕਿਆਂ, ਪੋਥੀਆਂ ਵਿਚ ਲਗਾਂਮਾਤ੍ਰਾਂ ਦਾ ਥੋੜਾ ਥੋੜਾ ਫ਼ਰਕ ਭੀ ਦੇਖਿਆ, ਜੋ ਛਾਪੇ ਦੀ ਯਾ ਲਿਖਾਰੀ ਦੀ ਗ਼ਲਤੀ ਦਾ ਕਾਰਨ ਹੀ ਸਮਝਿਆ ਗਿਆ। ਪ੍ਰੰਤੂ ਵੱਡੇ ਵੱਡੇ ਤੇ ਮੋਟੇ ਮੋਟੇ ਨਿਯਮਾਂ ਦੇ ਨਿਖਰਵੇਂ ਅਸੂਲ ਬਣ ਗਏ ਅਤੇ ਇਕ ਵਖਰੇ ਖਰੜੇ ਤੇ ਉਤਾਰੇ ਗਏ।

ਇਹ ਖਰੜਾ ਮੇਰੇ ਪ੍ਰਾਨ ਪਿਆਰੇ ਜੇਲ੍ਹ ਸਾਥੀ ਸ੍ਰੀ ਮਾਨ ਭਾਈ ਕਰਤਾਰ ਸਿੰਘ ਕੈਨੇਡੀਅਨ ਦੀ ਖ਼ਾਸ ਗ੍ਰਿਫ਼ਤ ਅਤੇ ਲਿਖਤ ਵਿਚ ਲਿਖਿਆ ਹੋਇਆ ਸੀ ਜੋ ਉਹਨਾਂ ਦੀ ਸਉਪਣੀ ਵਿਚ ਹੀ ਰਹਿਆ। ਖ਼ਿਆਲ ਸੀ ਅਤੇ ਪ੍ਰਬਲ ਖ਼ਿਆਲ ਸੀ ਕਿ ਗੁਰੂ ਨੇਤ ਅਨੁਸਾਰ ਜੇਲ੍ਹੋਂ ਬਾਹਰ ਚਲ ਕੇ ਪਰਸਪਰ ਮਿਲ ਮਿਲਾ ਕੇ ਇਸ ਖਰੜੇ ਵਿਚ ਅੰਕਤ ਕੀਤੀ ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੀ ਨਿਯਮਾਵਲੀ ਨੂੰ ਇਕ ਖਰੜੇ ਦੀ ਸ਼ਕਲ ਵਿਚ ਵਿਸਥਾਰ ਕਰਕੇ ਬਹੁੜ ਇਸ ਖਰੜੇ ਨੂੰ ਛਪਾਇਆ ਜਾਵੇ। ਪ੍ਰੰਤੂ ਭਾਣੇ ਦੀ ਖੇਡ ਐਸੀ ਕਿ ਪ੍ਰਾਣ ਪਿਆਰੇ ਮੇਰੇ ਲਾਡਲੇ ਵੀਰ ਕੈਨੇਡੀਅਨ ਸ੍ਰੀ ਭਾਈ ਕਰਤਾਰ ਸਿੰਘ ਜੀ ਸੰਨ ੧੯੪੪ ਵਿਚਿ ਅਕਾਲ ਚਲਾਣਾ ਕਰ ਗਏ ਅਤੇ ਉਨ੍ਹਾਂ ਦੀ ਨੋਟ ਕੀਤੀ ਲਗਾਂਮਾਤ੍ਰਾਂ ਵਾਲੀ ਨਿਯਮਾਵਲੀ ਭੀ ਉਹਨਾਂ ਨਾਲ ਹੀ ਲੋਪ ਹੋ ਗਈ, ਬਹੁਤ ਸਾਰੀ ਤਾਂ ਉਹਨਾਂ ਦੇ ਸੀਨੇ ਅੰਦਰ ਜੜੀ ਹੋਈ ਸੀ, ਅਤੇ ਉਹਨਾਂ ਦੀ ਯਾਦ ਦੀ ਸੁਰਤੀ ਭੀ ਬੜੀ ਹੀ ਅਨੂਠੀ ਸੀ, ਬਹੁਤ ਕੁਛ ਉਹਨਾਂ ਦੀ ਸਹਾਇਤਾ ਉਤੇ ਹੀ ਨਿਰਭਰ ਸੀ। ਪਰ ਭਾਣੇ ਅਟਲ ਨੂੰ ਕਉਣ ਮੇਟ ਸਕਦਾ ਹੈ। ਏਥੇ ਸਾਡਾ ਵੀ ਵਿਸਾਹ ਨਹੀਂ

bsrstrust.org

ਕਿ ਕਿਸ ਦਿਨ ਅਤੇ ਕਦੋਂ ਓਥੇ ਹੀ ਚਲ ਵਸੀਏ, ਜਿਥੇ ਅਸਾਡੇ ਪ੍ਰਾਨ ਪਿਆਰੇ ਵੀਰ ਜਾ ਵਸੇ ਹਨ। ਤਾਂ ਤੇ ਇਸ ਸੇਵਾ ਲਈ ਉਤਸ਼ਾਹ ਤਾਂ ਕਈ ਵਾਰੀ ਹੋਇਆ ਪਰ ਹੀਆ ਨਹੀਂ ਪਿਆ। ਮੇਰੇ ਮੁਢ ਕਦੀਮੀ ਸਖਾ ਗਿਆਨੀ ਨਾਹਰ ਸਿੰਘ ਨੇ (ਜੋ ਇਹਨੀਂ ਹੱਥੀਂ ਅੰਕਿਤ ਕੀਤੀਆਂ ਸਾਰੀਆਂ ਪੁਸਤਕਾਂ ਦੇ ਪ੍ਰਕਾਸ਼ਕ ਹਨ) ਅਨਿਕ ਵਾਰ ਤੀਬਰਤਾ ਸਹਿਤ ਹਲੂਣੇ ਦਿਤੇ ਅਤੇ ਝੂਣ ਝੂਣ ਕੇ ਉਤਸ਼ਾਹਤ ਕੀਤਾ ਇਸ ਸੇਵਾ ਲਈ, ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੇ ਨਿਯਮਾਂ ਨੂੰ ਅੰਕਤ ਕਰਨ ਲਈ। ਆਮ ਪਰਚਲਤ ਵਿਆਕਰਣੀ ਟੈਕਨੀਕਲ ਟਰਮਾਂ (technical terms) ਦੇ ਵਰਤਣ ਤੋਂ ਚਿਤਿ ਬਹੁਤ ਤਿਲਕਦਾ ਅਤੇ ਸੰਕੋਚਦਾ ਹੈ। ਕਿਉਂਕਿ ਇਕ ਤਾਂ ਆਮ ਵਿਆਕਰਣ (grammar) ਦਾ ਗੁਰਬਾਣੀ ਦੀ ਲਿਖਣ ਕਾਰਕਾ (ਸ਼ਬਦਾਵਲੀ) (vocabulary) ਨਾਲ ਕੋਈ ਸਬੰਧ ਨਹੀਂ। ਕਿਉਂਕਿ ਗੁਰਬਾਣੀ ਸਬੰਧੀ ਵਿਆਕਰਣ ਅੱਤ ਵਿਲੱਖਣ ਹੈ ਅਤੇ ਆਨ ਕੱਚੀਆਂ ਬਾਣੀਆਂ ਵਾਲੀਆਂ ਬੋਲੀਆਂ ਭਾਸ਼ਾਵਾਂ ਦੀਆਂ ਗ੍ਰੈਮਰਾਂ ਵਿਆਕਰਣਾਂ ਗੁਰਮਤਿ ਵੂਕੈਬੁਲਰੀ ਦੀ ਗ੍ਰਾਮਰ ਨਾਲੋਂ ਬਹੁਤ ਨੀਵੀਆਂ ਤੇ ਊਣੀਆਂ ਹਨ। ਤਾਂ ਤੇ ਤਿਨ੍ਹਾਂ ਗ੍ਰੈਮਰਾਂ ਤੇ ਵਿਆਕਰਣਾਂ ਦਾ ਸਹਾਰਾ ਤੇ ਅਭਿਪਰਾ ਲੈ ਕੇ ਅਤੇ ਉਹੀ ਟੈਕਨੀਕਲ ਟਰਮਾਂ ਲਿਖ ਕੇ ਉਹਨਾਂ ਦਾ ਹਵਾਲਾ ਲਿਖ ਕੇ ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੀ ਨਿਯਮਾਵਲੀ ਨੂੰ ਲਿਖਣਾ ਨਿਰੀ ਮਨਮੱਤ ਹੀ ਮਨਮੱਤ ਹੈ।

ਜਿਨ੍ਹਾਂ ਚੰਦ ਇਕ ਪੰਥ ਭੂਸ਼ਨਾਂ ਨੇ ਇਹ ਗੱਲ ਕੀਤੀ ਭੀ ਹੈ ਤਿਨ੍ਹਾਂ ਦੀ ਪੂਰੀ ਨਹੀਂ ਪਈ। ਨਾ ਹੀ ਅਸਲ ਗੱਲ ਹੱਲ ਹੁੰਦੀ ਹੈ। ਤਿਨ੍ਹਾਂ ਦੇ ਯਤਨ ਅਧੂਰੇ ਅਤੇ ਊਰੇ ਹੀ ਰਹਿ ਗਏ। ਜਿਤਨੇ ਕੁ ਅੱਖਰੀ ਪ੍ਰਾਪਤੀ ਵਿਚਿ ਉਹ ਆਏ ਸੋ ਆਮ ਫਹਿਮ ਨਹੀਂ ਹੋਏ। ਸਭਨਾਂ ਦੀ ਸਮਝ ਤੋਂ ਅਗੋਚਰੇ ਹੀ ਰਹੇ। ਸੋ ਸਭਨਾਂ ਦੀ ਆਮ, ਸਧਾਰਨ ਗੁਰਮਤਿ ਜਾਣੂ ਜਨਤਾ ਦੀ ਸਮਝ ਗੋਚਰਾ ਕਰਨ ਲਈ ਸੁਖੈਨ ਤੋਂ ਸੁਖੈਨ ਤਰੀਕਾ ਵਰਤਿਆ ਜਾਏਗਾ। ਜਿਨ੍ਹਾਂ ਤੋਂ ਲਗਾਂਮਾਤ੍ਰਾਂ ਦੇ ਨਿਯਮਾਂ ਦੇ ਨਿਰਣਾਉਣ ਨਿਖੜਾਉਣ ਵਿਚਿ ਸਭ ਸਮਝ ਗੋਚਰੇ ਕਰਾਉਣ ਵਿਚਿ ਕੋਈ ਕਸਰ ਨਾ ਰਹੇ। ਹਾਂ ਕਿਤੇ ਕਿਤੇ ਪੜ੍ਹੇ ਲਿਖੇ ਵਿਆਕਰਣੀ ਪਦਾਂ ਦੀ ਟੈਕਨੀਕੈਲਟੀ ਦੇ ਝਸ ਵਾਲਿਆਂ ਦਾ ਝਸ ਪੂਰਾ ਕਰਨ ਲਈ ਕੁਝ ਵਿਆਕਰਣੀ ਪਦ ਭੀ ਵਰਤ ਦਿਆਂਗੇ। ਤਾਂ ਜੋ ਅਨਮਤਿ ਵਿਦਵਤਾ ਦੇ ਜਾਣੂ ਸਜਣਾਂ ਨੂੰ ਗੁਰਬਾਣੀ ਗ੍ਰਾਮਰ ਦੀ ਵਿਲੱਖਣਤਾਮਈ ਮਹੱਤਤਾ ਦਾ ਪਤਾ ਲਗ ਜਾਵੇ।

ਇਸ ਮਨੋਰਥ ਨੂੰ ਮੁਖ ਰਖ ਕੇ ਗੁਰਬਾਣੀ ਵਿਚੋਂ ਖ਼ਾਸ ਪਰਮਾਣ ਉਤਾਰ ਕੇ, ਗੁਰਵਾਕਾਂ ਅੰਦਰਿ ਆਈਆਂ ਲਗਾਂਮਾਤ੍ਰਾਂ ਦੀ ਵਰਤੋਂ ਦਾ ਸੁਖੈਨ ਨਿਰਣਾ ਕਰਦੇ ਹੋਏ ਗੁਰਵਾਕਾਂ ਦੇ ਭਾਵਾਂ ਨੂੰ ਇਸ ਖਰੜੇ ਵਿਚ ਵਿਸਥਾਰਾਂਗੇ, ਤਾਕਿ ਸਮੁੱਚੀ ਗੁਰਬਾਣੀ ਅੰਦਰ ਆਈਆਂ ਲਗਾਂਮਾਤ੍ਰਾਂ ਦੀ ਨਿਯਮਾਵਲੀ ਦੀ ਸਭ ਨੂੰ ਸਮਝ ਪੈ ਸਕੇ। ਇਹ ਗੱਲ ਕੋਈ ਸੌਖੀ ਨਹੀਂ। ਬੜੀ ਅਉਖੀ ਹੈ।

ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਅੱਜ ਕੱਲ ਦੇ ਸਰਟੀਫਾਈਡ ਯੂਨੀਵਰਸਿਟੀ ਦੇ ਪਾਧੇ ਗਿਆਨੀਆਂ ਨੂੰ ਜੇ ਗੁਰਬਾਣੀ ਦਾ ਡਿਕਟੇਸ਼ਨ ਲਿਖਵਾਇਆ ਜਾਵੇ ਤਾਂ ਸਮੁੱਚੇ ਦੇ ਸਮੁੱਚੇ ਇਸ ਇਮਤਿਹਾਨ ਵਿਚ ਫ਼ੇਲ੍ਹ ਹੋ ਜਾਣਗੇ। ਹੋਰ ਤਾਂ ਹੋਰ ਗੁਰਮਤਿ ਵਿਦਿਆ ਦੇ ਉਘੇ ਕਰਤੇ ਧਰਤੇ ਭੀ ਇਸ ਇਮਤਿਹਾਨ ਅੰਦਰਿ ਪਾਸ ਨਹੀਂ

bsrstrust.org

ਹੋਣਗੇ। ਅਸੀਂ ਕਈਆਂ ਗੁਰਬਾਣੀ ਨਿਤਨੇਮ ਕੰਠਾਗਰੀ ਗਿਆਨੀਆਂ ਨੂੰ, ਕਈਆਂ ਸੰਪਰਦਾਈ ਕਥਾਂ ਦੇ ਗਿਆਨੀਆਂ ਨੂੰ ਜਿਨ੍ਹਾਂ ਨੇ ਗੁਰਬਾਣੀ ਦੇ ਪਾਠ ਦੀ ਅਰਥਾਂ ਸੰਵੁਕਤ ਸੰਥਿਆ ਦੇ ਦੇ, ਪੂਰਾਂ ਦੇ ਪੂਰ ਵਿਦਿਆਰਥੀਆਂ ਦੇ ਅਗਾਹਾਂ ਲੰਘਾ ਛਡੇ, ਤੇ ਜਪੁਜੀ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਲਗਾਂਮਾਤ੍ਰਾਂ ਸਹਿਤ ਸੁਧ ਲਿਖਣ ਲਿਖਾਉਣ ਦੇ ਇਮਤਿਹਾਨ ਲਏ, ਉਹ ਸਾਰੇ ਦੇ ਸਾਰੇ ਲਗਾਂਮਾਤ੍ਰਾਂ ਦੀ ਸੁਧ ਲਿਖਾਈ ਵਿਚਿ ਉਕੇ ਕਸੇ ਨਿਕਲੇ ਅਤੇ ਪੂਰੇ ਨਾ ਉਤਰੇ।

ਅੱਜ ਤਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਬਲਕਿ ਉਸ ਬਾਣੀ ਦਾ ਡਿਕਟੇਸ਼ਨ ਲਿਖਾਓ ਜੋ ਤਿਨ੍ਹਾਂ ਦੇ ਕੰਠਾਗਰ ਨਾ ਹੋਵੇ ਤਾਂ ਉਹ ਇਕ ਸਤਰ ਭੀ ਸੁਧ ਨਹੀਂ ਲਿਖ ਸਕਣਗੇ। ਹਾਂ ਜੋ ਗੁਰਬਾਣੀ ਦੇ ਹਸਤ ਲਿਖਾਰੀ ਹੋਏ ਹਨ, ਯਾ ਹੁਣ ਹਨ, ਉਹ ਤਾਂ ਡਿਕਟੇਸ਼ਨੀ ਲਿਖਾਈ ਵਿਚ ਅਤੇ ਲਗਾਂਮਾਤ੍ਰਾਂ ਦੀ ਸੁਧਾਈ ਵਿਚਿ ਕੁਛ ਹਦ ਤਾਈਂ ਪੂਰੇ ਉਤਰ ਸਕਦੇ ਹਨ। 'ਕੁਛ ਹਦ ਤਾਈਂ ਹੀ', ਇਸ ਕਰਕੇ ਕਿਹਾ ਗਿਆ ਹੈ ਕਿ ਉਹਨਾਂ ਨੇ ਜੋ ਹਸਤ ਲਿਖਤ ਉਤਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਕੀਤੇ ਹਨ, ਉਹਨਾਂ ਵਿਚੋਂ ਬਹੁਤਿਆਂ ਨੇ ਤਾਂ ਦੂਜੀਆਂ ਬੀੜਾਂ ਨੂੰ ਦੇਖ ਦੇਖ ਹੀ ਨਕਲ ਉਤਾਰੀ ਹੈ, ਅਤੇ ਲਗਾਂਮਾਤ੍ਰਾਂ ਦੀ ਲਿਖਤ ਦੀ ਭੀ ਮੱਖੀ ਤੇ ਮੱਖੀ ਹੀ ਮਾਰੀ ਹੈ। ਸੁਧ ਭਾਵ ਪੂਰਤ ਗੁਰਮਤਿ ਨਿਯਮਾਵਲੀ ਦੀ ਮਹੱਤਤਾ ਨਹੀਂ ਵੀਚਾਰੀ। ਇਹ ਦੇਖ ਕੇ ਸਾਡੀ ਹੈਰਾਨੀ ਦੀ ਹਦ ਨਾ ਰਹੀ! ਜਦੋਂ ਅਸੀਂ ਪਹਿਲੇ ਪਹਿਲੇ ਜਪੁਜੀ ਸਾਹਿਬ ਦੀਆਂ ਪਹਿਲੀਆਂ ਪੰਜਾਂ ਪਉੜੀਆਂ ਦਾ ਅਰਥ ਵਿਸਥਾਰਕ ਟੀਕਾ ਪੜ੍ਹਿਆ ਜੋ ਚੀਫ਼ ਖ਼ਾਲਸਾ ਦੀਵਾਨ ਦੇ ਵਿਦਵਾਨਾਂ ਸੰਮਿਲਤ ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਰਚਿਤ ਸੀ। ਉਸ ਟੀਕੇ ਵਿਚ ਜਿਤਨੀ ਭੀ ਮੂਲ ਗੁਰਬਾਣੀ ਦਿਤੀ ਹੈ, ਪ੍ਰਕਾਸ਼ਤ ਕੀਤੀ ਗਈ ਹੈ, ਉਸ ਵਿਚਿ ਲਗਾਂਮਾਤ੍ਰਾਂ ਦਾ ਉਕਾ ਹੀ ਲਿਹਾਜ਼ ਨਹੀਂ ਰਖਿਆ ਗਿਆ। ਅਕਸਰ ਕਰਕੇ, ਬਲਕਿ ਇਉਂ ਕਹੋ ਕਿ ਸਮੁੱਚੇ ਤੌਰ ਪਰ ਲਗਾਂਮਾਤ੍ਰਾਂ ਗੁਰਬਾਣੀ ਵਿਚ ਲਾਈਆਂ ਨਹੀਂ ਗਈਆਂ। ਸਭ ਉੜਾਈਆਂ ਗਈਆਂ ਹਨ, ਇਸੇ ਤਰ੍ਹਾਂ *ਗੁਰਮਤਿ ਪਰਭਾਕਰ* ਨਾਮੇ ਪੁਸਤਕ ਦੇ ਪਰਸਿੱਧ ਵਿਦਿਆ ਭੂਸ਼ਨ, ਗਿਆਨ-ਵੇਤਾ ਤੇ ਲਿਖਾਰੀ ਨੇ ਸਾਰੀ ਹੀ ਪੁਸਤਕ ਵਿਚ ਅੰਕਿਤ ਕੀਤੀ ਗੁਰਬਾਣੀ ਅੰਦਰ ਲਗਾਂਮਾਤ੍ਰਾਂ ਮੂਲੋਂ ਮੁਢੋਂ ਹੀ ਉੜਾ ਦਿਤੀਆਂ ਹਨ, ਜਿਸ ਤੋਂ ਸਾਫ਼ ਜ਼ਾਹਰ ਹੈ ਕਿ ਉਨ੍ਹਾਂ ਦੀ ਨਵ ਫ਼ੈਸ਼ਨਤਾ ਵਾਲੀਆਂ ਵਿਦਿਆਂ ਨਾਲਿ ਧੁੰਧਿਆਈਆਂ ਅਕਲਾਂ ਅੰਦਰਿ ਇਨ੍ਹਾਂ ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੀ ਮਹੱਤਤਾ ਸਮਝ ਹੀ ਨਹੀਂ ਆਉਂਦੀ। ਉਹ ਇਹਨਾਂ ਲਗਾਂਮਾਤ੍ਰਾਂ ਨੂੰ ਗ਼ਲਤ ਹੀ ਸਮਝਦੇ ਰਹੇ ਹਨ, ਤਾਂ ਤੇ ਉਹ ਇਸ ਨਿਯਮਾਵਲੀ ਦੀ ਕੈਦ ਅੰਦਰ ਮੁਕਈਅਦ ਹੋਣਾ ਫ਼ਜ਼ੂਲ ਹੀ ਜਾਣਦੇ ਰਹੇ ਹਨ। ਜਿਸ ਦਾ ਨਤੀਜਾ ਇਹ ਕਿ ਉਹਨਾਂ ਦੇ ਕੀਤੇ ਗੁਰਬਾਣੀ ਦੇ ਤਰਜਮੇਂ ਨਿਰੇ ਮਨ ਉਕਤ ਗੁਰਮਤਿ ਅੰਦਰਿ ਊਰੇ ਅਧੂਰੇ ਹੀ ਰਹੇ ਹਨ। ਤਾਹੀਉਂ ਇਕ ਅਸਲੀ ਅਰਥ ਦੇ ਥਾਉਂ ਇਕ ਇਕ ਗੁਰਵਾਕ ਦੇ ਅਨੇਕਾਂ ਅਰਥ ਲਾ ਲਾ ਕੇ ਆਪਣੇ ਵਿਦਿਆ ਦੇ ਚਮਤਕਾਰ ਦਿਖਾਉਂਦੇ ਹਨ। ਪ੍ਰੰਤੂ ਤੱਤ ਆਦਰਸ਼ੀ ਮੰਤਵ ਉਹਨਾਂ ਤੋਂ ਹੱਲ ਨਹੀਂ ਹੋ ਸਕਿਆ। ਨਾ ਹੀ ਹੋ ਸਕੇਗਾ ਜਦ ਤਾਈਂ ਉਹ ਵਿਆਕਰਣੀ ਭੂਸ਼ਨਤਾ ਦੀ ਟੇਕ ਦੇ ਹਾਮੀ ਹਨ,

bsrstrust.org

ਅਤੇ ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੇ ਅਮਰ ਨਿਯਮਾਂ ਦੇ ਏਜ਼ਦਾਨੀ ਇਲਮ ਤੋਂ ਸੱਖਣੇ ਹਨ।

ਗੁਰਮੁਖਾਂ ਵਾਲੀ ਪ੍ਰੇਮਾ-ਭਗਤੀ ਸੰਪੰਨ ਭੈ-ਭਾਵਨੀ ਨਾਲ ਜੇ ਗੁਰਬਾਣੀ ਦਾ ਪਾਠ ਕੀਤਾ ਜਾਵੇ ਤਾਂ ਗੁਰਬਾਣੀ ਵਿਚ ਹੀ ਉਹ ਤੱਤ ਨਿਕਲ ਪੈਂਦੇ ਹਨ, ਜੋ ਗੂੜ੍ਹ ਅਰਥਾਂ ਨੂੰ ਸਮਝਣ ਲਈ ਚਾਨਣ ਮੁਨਾਰੇ ਦਾ ਕੰਮ ਦਿੰਦੇ ਹਨ। ਜਿਨ੍ਹਾਂ ਨਿਯਮਾਂ ਦੀ ਟੇਕ ਨਾਲ ਸਮੁੱਚੀ ਗੁਰਬਾਣੀ ਦਾ ਤੱਤ ਭਾਵ ਪੂਰਨ ਗੁਰਮਤਿ ਦੀ ਰੋਸ਼ਨੀ ਅੰਦਰ ਪ੍ਰਗਟ ਹੋ ਜਾਂਦਾ ਹੈ, ਅਤੇ ਗੁਰਮਤਿ ਮਾਰਗ ਤੋਂ ਗੁਮਰਾਹ ਨਹੀਂ ਹੋਣ ਦਿੰਦਾ। ਸਤਿਗੁਰੂ ਸਮਗਰ ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੇ ਗੁੱਝੇ ਭਾਵ ਦਾ ਚਾਨਣਾ ਬਖ਼ਸ਼ੇ। ਜਿਸ ਬਖ਼ਸ਼ਸ਼ ਨਾਲ ਹੀ ਉਦਮ ਯਤਨ ਸਫਲ ਹੋ ਸਕਦੇ ਹਨ। ਖ਼ਾਸ ਕਰਿ ਇਹ ਯਤਨ ਲਗਾਂਮਾਤ੍ਰਾਂ ਦੀ ਨਿਯਮਾਵਲੀ ਦੇ ਨਿਰਣੇ ਦਾ ਭੀ ਤਾਹੀਓਂ ਸਫਲ ਹੋ ਸਕਦਾ ਹੈ, ਜੇਕਰ ਗੁਰੂ ਕਰਤਾਰ ਆਪਣੀ ਮਿਹਰ ਨਦਰ ਦੁਆਰਾ ਰਹਿਬਰੀ ਕਰੇ। ਸੋ ਪਰਮ ਯਕੀਨ ਭਰੋਸਾ ਹੈ ਕਿ ਤੁਠੇ ਸਾਹਿਬ ਜ਼ਰੂਰ ਕ੍ਰਿਪਾ ਕਰਨਗੇ।

—ਰਣਧੀਰ ਸਿੰਘ

bsrstrust.org

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

bsrstrust.org

bsrstrust.org

ਗੁਰਬਾਣੀ ਦੀਆਂ
ਲਗਾਂਮਾਤ੍ਰਾਂ ਦੀ ਮਹੱਤਤਾ

ਗੁਰਬਾਣੀ ਦੀ ਕਿਸੇ ਵਾਕ ਪੰਗਤੀ ਅੰਦਰ ਆਏ ਹਰ ਇਕ ਪਦ (ਲਫ਼ਜ਼) ਦੇ ਪਿਛਲੇ, ਸਭ ਤੋਂ ਅਖ਼ੀਰੀ ਅੱਖਰ ਦਾ ਲਗਾਂਮਾਤ੍ਰੀ ਲਗਾਉ ਹੀ ਅਰਥ ਬਦਲਾਉ ਅਥਵਾ ਅਰਥਾਂ ਦੇ ਯੋਗ ਘਟਨਾਉ ਦਾ ਕਾਰਨ ਬਣਦਾ ਹੈ। ਉਸ ਲਗਮਾਤ੍ਰੀ ਘਟਨਾਉ ਅਨੁਸਾਰ ਇੱਕੋ ਹੀ ਅਰਥ ਬਣਦਾ ਹੈ। ਇਕ ਪੰਗਤੀ ਅੰਦਰਿ ਆਏ ਕਿਸੇ ਕਿਸੇ ਪਦ ਦੇ ਇਕ ਤੋਂ ਅਧਿਕ ਅਨੇਕ ਅਥਵਾ ਦੁਤੀ ਅਰਥ ਭੀ ਬਣ ਸਕਦੇ ਹਨ। ਕਿਸੇ ਹੋਰ ਥਾਉਂ ਹੋਰ ਗੁਰਵਾਕ ਪੰਗਤੀ ਵਿਚਿ ਭਾਵੇਂ ਓਸੇ ਪਦ ਦੇ ਹੋਰ ਅਰਥ ਬਣ ਜਾਣ, ਪਰ ਇਕੋ ਥਾਉਂ ਵਰਤੇ ਪਦ ਦੇ ਹੋਰ ਦੂਜੇ, ਇਕ ਤੋਂ ਅਨਿਕ ਅਰਥ ਨਹੀਂ ਬਣ ਸਕਦੇ।

ਇਕੋ ਸਤਰ ਗੁਰਵਾਕ ਪੰਗਤੀ ਅੰਦਰਿ ਇਕੋ ਪਦ ਨੂੰ ਭਾਂਤਿ ਭਾਂਤ ਲੱਗੀਆਂ ਲਗਾਂਮਾਤ੍ਰਾਂ ਓਸਦੇ ਭਾਵ ਘਟਨਾਉ ਦਾ ਘਟਾਉ ਵਧਾਉ ਕਰ ਦਿੰਦੀਆਂ ਹਨ, ਭਾਵੇਂ ਉਹ ਪਦ ਕਈ ਵਾਰ ਓਸੇ ਪੰਗਤੀ ਅੰਦਰਿ ਯਾ ਦੁਪੰਗਤੀ ਅੰਦਰਿ ਆਇਆ ਹੋਵੇ। ਜਿਹਾ ਕਿ :

(੧) ਆਹਰ, ਆਹਰੁ, ਆਹਰਿ

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ॥
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ॥ *(ਪੰਨਾ ੯੬੫)*

ਇਸ ਗੁਰਵਾਕ ਦੁਪੰਗਤੀ ਅੰਦਰਿ ਤਿੰਨ ਵਾਰ ਆਏ 'ਆਹਰ' ਪਦ ਦੇ ਅਖ਼ੀਰਲੇ ਅੱਖਰ ਨੂੰ ਲੱਗੀ ਲਗਮਾਤ੍ਰ ਅਨੁਸਾਰ ਅਰਥ ਭਾਵ ਘਟਨਾਉ ਦਾ ਬਦਲਾਉ ਹੁੰਦਾ ਹੈ।

ਜਿਥੇ 'ਆਹਰ' ਪਦ ਦਾ ਪਿਛਲਾ ਅੱਖਰ ਮੁਕਤਾ ਹੈ, ਓਥੇ 'ਆਹਰ' ਪਦ ਦੇ ਅਰਥ 'ਬਹੁਤੇ ਆਹਰ' ਹਨ। ਜਿਥੇ ਰਾਰੇ ਨੂੰ ਔਂਕੜ ਹੈ, ਓਥੇ 'ਆਹਰੁ' ਦੇ ਅਰਥ 'ਇਕੋ ਖਾਸ ਆਹਰ' ਦੇ ਹਨ। ਅਤੇ ਜਿਥੇ 'ਆਹਿਰਿ' ਪਦ ਦੇ ਪਿਛਲੇਰੇ ਅੱਖਰ ਰਾਰੇ ਨੂੰ ਸਿਹਾਰੀ ਹੈ, ਓਥੇ 'ਆਹਰਿ' ਦੇ ਅਰਥ ਹਨ 'ਆਹਰ ਦੁਆਰਾ' ਯਾ 'ਆਹਰਿ ਨਾਲਿ', ਅਥਵਾ 'ਆਹਰ ਕਰਕੇ'। 'ਨਾਲਿ', 'ਦੁਆਰਾ', 'ਕਰਕੇ' ਇਕੋ ਅਰਥ ਰਖਦੇ ਹਨ। ਇਸ ਗੁਰਵਾਕ ਅੰਦਰਿ ਪਹਿਲੀ ਪੰਗਤੀ ਵਿਚਿ ਆਇਆ ਪਹਿਲਾ ਪਦ 'ਆਹਰ' ਨਾਂਵ (noun) ਦੇ ਨਾਲਿ ਲਗਦਾ ਪੜਨਾਂਵ ਮਈ ਜੋ 'ਸਭਿ' ਪਦੁ ਹੈ ਉਸਦੇ ਪਿਛਲੇ ਅੱਖਰ ਭੱਭੇ ਨੂੰ ਲੱਗੀ ਸਿਹਾਰੀ ਦਸਦੀ ਹੈ 'ਆਹਰ' ਬਹੁ-ਵਚਨ ਨਾਂਵ ਹੈ।

bsrstrust.org

(੨) ਸਭਿ, ਸਭੁ, ਸਭ

ਇਸ ਦਾ ਵਾਚਕ ਪੜਨਾਉਂ 'ਸਭਿ' ਭੀ ਬਹੁ-ਵਚਨਾਂਤ੍ਰੀ ਅਰਥ ਰਖਦਾ ਹੈ। ਜਿਥੇ ਕਿਤੇ 'ਸਭ' ਦੇ ਭੱਭੇ ਨੂੰ ਔਂਕੜ ਲਗਦਾ ਹੈ, ਓਥੇ 'ਸਭੁ' ਪੜਨਾਉਂ ਇਕ-ਵਚਨ (singular pronoun) ਦੇ ਅਰਥ ਰਖਦਾ ਹੈ। ਜੈਸੇ :

ਤੂੰ ਹਰਿ ਤੇਰਾ ਸਭੁ ਕੋ ਸਭਿ ਤੁਧੁ ਉਪਾਏ ਰਾਮ ਰਾਜੇ ॥੩॥੧੧॥੧੮॥

(ਆਸਾ ਮ: ੪, ਪੰਨਾ ੪੫੦)

ਇਸ ਪੰਗਤੀ ਅੰਦਰਿ 'ਸਭੁ' ਦੇ ਭੱਭੇ ਨੂੰ ਔਂਕੜ ਲਗਿਆ ਇਕੋ ਇਕੱਠ ਵਚਨ ਪੜਨਾਉਂ (collective singular) ਬੋਧਕ ਹੈ। "ਤੇਰਾ ਸਭੁ ਕੋ" ਅਤੇ "ਸਭਿ ਤੁਧੁ ਉਪਾਏ" ਦੋਹਾਂ ਨੂੰ ਦੇਖੋ। ਦੂਏ 'ਸਭਿ' ਦੇ ਭੱਭੇ ਨੂੰ ਸਿਹਾਰੀ ਹੋਣ ਕਰਕੇ ਬਹੁ-ਵਚਨਾਂਤ੍ਰੀ ਅਰਥਾਂ ਵਿਚਿ ਵਰਤਿਆ ਗਿਆ। ਅਤੇ "ਸਭ ਦਿਸੈ ਹਰੀਆਵਲੀ"[1] ਕਿਸੇ ਹੋਰ ਵਾਕ ਦੀ ਪੰਗਤੀ ਵਿਚ 'ਸਭ' ਦਾ ਭੱਭਾ ਮੁਕਤਾ ਹੋਣ ਕਰਿ 'ਸਭ' ਇਸਤ੍ਰੀ ਲਿੰਗ ਬਹੁ-ਵਚਨਾਂਤ੍ਰੀ ਅਰਥਾਂ ਵਿਚ ਹੈ। 'ਹਰੀਆਵਲੀ' ਸ਼ਬਦ ਸਗਲੀ (ਸਭ) ਮਦੀਨ ਭਾਵ ਅਰਥਾਂ ਦਾ ਵਾਚਕ ਹੋਣ ਕਰਿ 'ਸਭ' ਦਾ ਭੱਭਾ ਮੁਕਤਾ ਹੈ।

'ਸਭਿ', 'ਸਭੁ', 'ਸਭ' ਦੇ ਅਰਥਾਂ ਦਾ ਏਹੋ ਪੱਕਾ ਨਿਯਮ ਸਮਗਰ ਗੁਰਬਾਣੀ ਵਿਚਿ ਆਏ ਇਹਨਾਂ ਪਦਾਂ ਦਾ ਹੈ। ਪਿਛਲੇਰੇ ਭੱਭੇ ਹੀ ਲਗਾਂਮਾਤ੍ਰਾਂ ਕਰਕੇ ਅਰਥਾਂ ਦਾ ਬਣਾਉ, ਵਧਾਉ, ਘਟਾਉ ਉਪਰ ਦਸੇ ਨਿਯਮਾਂ ਅਨੁਸਾਰ ਹੀ ਸਾਰੇ ਵਰਤਿਆ ਗਿਆ ਹੈ। ਜਿਥੇ ਭੀ 'ਸਭਿ' ਪਦ ਸਿਹਾਰੀ ਨਾਲ ਆਵੇਗਾ ਉਥੇ ਇਸਦਾ ਲਗਾਉ ਬਹੁ-ਵਚਨਾਂ ਵਾਲੇ ਨਾਉਂ (noun) ਨਾਲ ਹੈ ਅਤੇ ਜਿਥੇ ਭੱਭੇ ਨੂੰ ਔਂਕੜ ਹੁੰਦਾ ਹੈ, ਉਸ 'ਸਭੁ' ਦੇ ਅਰਥ ਘਟਨਾਉ ਇਕ ਗਿਣਤੀ ਵਾਲੇ ਇਕੱਠ ਵਾਚਕ ਨਾਂਵ (collective noun) ਦੇ ਨਾਲ ਹੈ ਅਤੇ ਜਿਥੇ ਕਿਥੇ ਭੀ ਗੁਰਬਾਣੀ ਅੰਦਰ 'ਸਭ' ਦਾ ਭੱਭਾ ਮੁਕਤਾ ਹੁੰਦਾ ਹੈ ਉਸ 'ਸਭ' ਦਾ ਲਗਾਉ ਇਸਤ੍ਰੀ ਲਿੰਗ ਵਾਚਕ ਬਹੁ-ਵਚਨੀ ਨਾਂਵ (faminine gender, collective noun) ਨਾਲਿ ਹੁੰਦਾ ਹੈ। ਬਸ ਇਹੋ ਨਿਯਮ ਪੱਕਾ ਸਮੱਗਰ ਗੁਰਬਾਣੀ ਦੇ ਪਾਠ ਅੰਦਰ ਹੈ।

'ਸਭ' ਭੱਭੇ ਮੁਕਤੇ ਦੇ ਨਿਯਮੀ ਉਦਾਹਰਣੀ ਗੁਰ ਪਰਮਾਣ ਵੰਨਗੀ ਵਜੋਂ ਹੇਠਾਂ ਦਿੰਦੇ ਹਾਂ :

ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥੧੭॥

(ਸਿਰੀਰਾਗੁ ਮ: ੧ ਘਰੁ ੨, ਪੰਨਾ ੬੪)

ਸਭ ਤੇਰੀ ਤੂੰ ਸਭਨੀ ਧਿਆਇਆ ॥...੧॥੨॥ *(ਆਸਾ ਮ: ੪, ਪੰਨਾ ੧੧)*

ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ ॥...੪॥੧॥੩੯॥

(ਗਉੜੀ ਗੁਆਰੇਰੀ ਮ: ੪, ਪੰਨਾ ੧੬੪)

ਸਭ ਕੀਮਤਿ ਮਿਲਿ ਕੀਮਤਿ ਪਾਈ ॥...੨॥੨॥ *(ਆਸਾ ਮ: ੧, ਪੰਨਾ ੯)*

---

੧. ਵਾਰ ਮਲਾਰ ਮ: ੩, ਪੰਨਾ ੧੨੭੮.

bsrstrust.org

ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ ॥੧੨॥...
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥੨॥੨੯॥

(ਸਿਰੀ ਰਾਗੁ ਮ: ੫, ਪੰਨਾ ੭੪)

ਏਸੇ ਤਰ੍ਹਾਂ ਸਾਰੀ ਗੁਰਬਾਣੀ ਅੰਦਰ ਇਹ ਨਿਯਮ ਚਲਿਆ ਆਉਂਦਾ ਹੈ। ਧੁਰ ਤਾਈਂ ਇਸਤ੍ਰੀ ਲਿੰਗ ਬਹੁ-ਵਚਨੀ, ਇਕੱਠ ਵਾਚਕ ਨਾਂਵ ਨਾਲ 'ਸਭ' ਭੱਭੇ ਮੁਕਤੇ ਨਾਲਿ ਹੀ ਆਵੇਗਾ।

ਹੁਣ ਸਿਹਾਰੀ ਵਾਲੇ ਭੱਭੇ ਵਾਲੇ 'ਸਭਿ' ਸਬੰਧੀ ਕੁਝ ਗੁਰਵਾਕ ਪਰਮਾਣ ਵੰਨਗੀ ਵਜੋਂ ਦਿਤੇ ਜਾਂਦੇ ਹਨ:

ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥...੨॥੧੯॥

(ਸਿਰੀ ਰਾਗੁ ਮ: ੧, ਪੰਨਾ ੨੧)

ਏਥੇ ਇਸ ਗੁਰ ਪਰਮਾਣ ਵਿਖੇ 'ਸੁਖ' 'ਰਸ' ਪਦ ਦੋਈ ਪਿਛਲੇ ਅੱਖਰ ਖੱਖਾ ਤੇ ਸੱਸਾ ਮੁਕਤੇ ਹੋਣ ਕਰ ਕੇ ਬਹੁ-ਵਚਨ ਹਨ। ਇਹੀ ਕਾਰਨ ਹੈ ਕਿ ਬਹੁ-ਵਚਨਾਂਤ੍ਰੀ ਨਾਵਾਂ ਦੇ ਨਾਲਿ 'ਸਭਿ' ਭੱਭੇ ਨੂੰ ਸਿਹਾਰੀ ਨਾਲਿ ਆਇਆ ਹੈ। ਸਿਹਾਰੀ ਭੱਭੇ ਨਾਲਿ ਲੱਗੀ ਹੋਣ ਕਰਕੇ 'ਸਭਿ' ਬਹੁ-ਵਚਨ ਵਾਚਕ ਹੈ ਇਹ ਅਟਲ ਨਿਯਮ ਹੈ, ਪਰ ਪੁਲਿੰਗ ਬਹੁ-ਵਚਨ (masculine plural) ਦਾ ਬੋਧਕ ਹੈ।

ਸਭਿ ਅੰਦੇਸੇ ਮਿਟਿ ਗਏ ਜਮ ਕਾ ਭਉ ਛੁਟੁ ॥...੨੯॥

(ਗਉੜੀ ਵਾਰ ਮ: ੫, ਪੰਨਾ ੩੧੫)

ਅਚਾਰਵੰਤਿ ਸਾਈ ਪਰਧਾਨੇ ॥
ਸਭ ਸਿੰਗਾਰ ਬਣੇ ਤਿਸੁ ਗਿਆਨੇ ॥...੩॥੪॥੧੧॥

(ਮਾਝ ਮ: ੫, ਪੰਨਾ ੯੭)

ਸਭਿ ਪਦਾਰਥ ਸਭਿ ਫਲਾ ਸਰਬ ਗੁਣਾ ਜਿਸੁ ਮਾਹਿ ॥
ਕਿਉ ਗੋਬਿੰਦੁ ਮਨਹੁ ਵਿਸਾਰੀਐ ਜਿਸੁ ਸਿਮਰਤ ਦੁਖ ਜਾਹਿ ॥੨॥੧੭੧॥

(ਗਉੜੀ ਮਾਝ ਮ: ੫, ਪੰਨਾ ੨੧੮)

ਸਭਿ ਅਵਗਣ ਮੈ ਗੁਣੁ ਨਹੀ ਕੋਈ ॥੧॥੧॥ *(ਸੂਹੀ ਮ: ੧, ਪੰਨਾ ੭੫੦)*

(੩) ਗੁਣ, ਅਉਗਣ, ਅਵਗਣ

'ਅਵਗਣ' ਨਾਂਵ ਦਾ ਅੰਤਲਾ ਅੱਖਰ ਣਾਣਾ ਮੁਕਤਾ ਹੈ। ਇਸ ਕਰਕੇ ਇਹ ਬਹੁ-ਵਚਨ ਹੈ। ਭੱਭੇ ਸਿਹਾਰੀ ਨਾਲਿ 'ਸਭਿ' ਤਦੇ ਹੀ ਆਇਆ ਹੈ। ਏਸ ਪਿਛਲੇ ਗੁਰ ਪਰਮਾਣ ਵਿਚੋਂ ਇਕ ਹੋਰ ਨਿਯਮ ਮਿਲਿਆ। ਉਹ ਇਹ ਕਿ ਜਿਥੇ 'ਗੁਣ' ਪਦ ਹੈ ਓਥੇ ਤਾਂ ਗੱਗੇ ਨੂੰ ਔਂਕੜ ਨਾਲ ਆਉਂਦਾ ਹੈ, ਪਰ 'ਅਉਗਣ' ਤੇ 'ਅਵਗਣ' ਪਦਾਂ ਵਿਚ ਗੱਗਾ ਮੁਕਤਾ ਹੈ। ਬਸ, 'ਅਵਗਣ' ਯਾ 'ਅਉਗਣ' ਪਦ ਅੰਦਰ ਗੱਗਾ ਹਮੇਸ਼ਾ ਮੁਕਤਾ ਹੀ ਹੋਵੇਗਾ। ਕਈ ਥਾਵੀਂ ਲਿਖਾਰੀਆਂ ਦੀ ਭੁਲ ਨਾਲਿ ਯਾ ਛਾਪੇ

bsrstrust.org

ਦੀ ਗ਼ਲਤੀ ਨਾਲ 'ਅਉਗਣ' ਦੇ ਗੱਗੇ ਨੂੰ ਭੁਲੇਖੇ ਨਾਲ ਔਂਕੜ ਲਗ ਗਿਆ ਹੈ। ਏਹ ਨਿਯਮ ਭੰਗਤਾ ਨਹੀਂ। ਸੁਤੇ ਗ਼ਲਤੀ ਹੈ।

ਹੁਣ ਔਂਕੜ ਨਾਲਿ 'ਸਭੁ' ਪਦ ਸਨਬੰਧੀ ਗੁਰ ਪਰਮਾਣ ਦਿਤੇ ਜਾਂਦੇ ਹਨ :

ਕਰਤਾ ਸਭੁ ਕੋ ਤੇਰੈ ਜੋਰਿ ॥
ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥੧॥੧੦॥

(ਸਿਰੀ ਰਾਗੁ ਮ: ੧, ਪੰਨਾ ੧੭)

ਸਭੁ ਪਰਵਾਰੁ ਚੜਾਇਆ ਬੇੜੇ ॥੧॥੧੦॥੬੧॥ *(ਗਉੜੀ ਕਬੀਰ ਜੀ, ਪੰਨਾ ੩੩੭)*

'ਪਰਵਾਰੁ' ਦੇ ਅੰਤਲੇ ਰਾਰੇ ਨੂੰ ਭੀ ਔਂਕੜ, 'ਸਭੁ' ਦੇ ਭੱਭੇ ਨੂੰ ਭੀ ਔਂਕੜ।

ਸਭੁ ਤਨੁ ਮਨੁ ਹਰਿਆ ਹੋਇਆ,
ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥

(ਸਿਰੀ ਰਾਗੁ ਮ: ੪, ਪੰਨਾ ੪੧)

'ਮਨੁ' ਦੇ ਨੰਨੇ ਨੂੰ ਔਂਕੜ, 'ਸਭੁ' ਦੇ ਭੱਭੇ ਨੂੰ ਔਂਕੜ।

ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥੨॥੪॥

(ਸਿਰੀ ਰਾਗੁ ਮ: ੧, ਪੰਨਾ ੫੫)

ਸਭੁ ਸਫਲਿਓ ਜਨਮੁ ਤਿਨਾ ਦਾ,
ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥...੩॥੧॥

(ਸਿਰੀ ਰਾਗੁ ਮ: ੪, ਪੰਨਾ ੭੮)

ਬਸ ਇਹੋ ਨਿਯਮ ਸਾਰੀ ਗੁਰਬਾਣੀ ਅੰਦਰਿ ਅਟਲ ਹੈ ਕਿ ਔਂਕੜ ਵਾਲੇ ਨਾਂਵ ਸਬੰਧਤੀ 'ਸਭੁ' ਪੜਨਾਉਂ ਦਾ ਭੱਭਾ ਅੱਖਰ ਭੀ ਜ਼ਰੂਰ ਔਂਕੜ ਸਹਿਤ ਹੋਵੇਗਾ।

'ਸਭੁ' ਪਦ ਦੇ ਭੱਭੇ ਅੱਖਰ ਦਾ ਔਂਕੜ ਉਡ ਜਾਵੇਗਾ ਜਦੋਂ 'ਸਭ' ਪਦ ਦੇ ਨਾਲਿ 'ਕੇ', 'ਕੈ', 'ਕਉ', 'ਕੀ', 'ਤੇ', 'ਮਹਿ', 'ਮਧਿ', 'ਮਿਲਿ', 'ਦਾ', 'ਊਪਰ', ਆਦਿਕ ਸਬੰਧਕੀ ਪਦ (prepositions) ਆਉਣ। ਤਦੋਂ 'ਸਭ' ਦੇ ਭੱਭੇ ਦਾ ਔਂਕੜ ਉਡ ਜਾਂਦਾ ਹੈ। 'ਸਭਿ' ਦੇ ਭੱਭੇ ਦੀ ਸਿਹਾਰੀ ਭੀ ਉਡ ਜਾਂਦੀ ਹੈ। ਯਥਾ :

ਪੂਰਨ ਪੂਰਿ ਰਹੇ ਦਇਆਲ ॥ ਸਭ ਊਪਰਿ ਹੋਵਤ ਕਿਰਪਾਲ ॥...੩॥੨੨॥

(ਗਉੜੀ ਸੁਖਮਨੀ ਮ: ੫, ਪੰਨਾ ੨੯੨)

ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ ॥੧॥੧॥੪॥

(ਸੂਹੀ ਮ: ੫, ਪੰਨਾ ੭੭੯)

ਸਭ ਕਉ ਤਜਿ ਗਏ ਹਾਂ ॥੧॥੭॥੧੬੩॥ *(ਆਸਾਵਰੀ ਮ: ੫, ਪੰਨਾ ੪੧੧)*

ਸਭ ਕਾ ਏਕੁ ਧਨੀ ॥੧॥੮॥੩॥ *(ਰਾਮਕਲੀ ਮ: ੫, ਪੰਨਾ ੯੧੪)*

ਸਭ ਕੈ ਸੰਗੀ ਨਾਹੀ ਦੂਰਿ ॥੧॥੫॥ *(ਮਾਲੀ ਗਉੜਾ ਮ: ੫, ਪੰਨਾ ੯੮੭)*

ਸੇ ਵਡਭਾਗੀ ਜਿਨਿ ਤੁਮ ਜਾਣੇ ॥ ਸਭ ਕੈ ਮਧਿ ਅਲਿਪਤ ਨਿਰਬਾਣੇ ॥

(ਮਾਝ ਮ: ੫, ਪੰਨਾ ੧੦੨)

bsrstrust.org

ਸਭ ਕੈ ਮਧਿ ਅਲਿਪਤੋ ਰਹੈ॥ ਜੋ ਕਿਛੁ ਕਹਣਾ ਸੁ ਆਪੇ ਕਹੈ॥...੬॥੨੩॥
(ਗਉੜੀ ਮ: ੫, ਪੰਨਾ ੨੯੪)

ਸਭ ਕੈ ਮਧਿ ਸਗਲ ਤੇ ਉਦਾਸ॥...੬॥੨੪॥ *(ਗਉੜੀ ਮ: ੫, ਪੰਨਾ ੨੯੬)*

ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ॥...੨॥੩੬॥
(ਆਸਾ ਮ: ੫, ਪੰਨਾ ੩੭੯)

ਸਾਧ ਸੰਗਿ ਮਿਟਿ ਜਾਤ ਬਿਕਾਰ॥ ਸਭ ਤੇ ਊਚ ਏਹੋ ਉਪਕਾਰ॥੩॥੯੨॥
(ਗਉੜੀ ਮ: ੫, ਪੰਨਾ ੧੯੮)

ਸਭ ਤੇ ਊਚ ਜਾਕਾ ਦਰਬਾਰੁ॥ ਸਗਲ ਭਗਤ ਜਾਕਾ ਨਾਮੁ ਅਧਾਰੁ॥...੨॥੨੧॥
(ਗਉੜੀ ਮ: ੫, ਪੰਨਾ ੧੮੨)

ਸਭ ਤੇ ਊਚ ਤਾਕੀ ਸੋਭਾ ਬਨੀ॥ ਨਾਨਕ ਇਹ ਗੁਣਿ ਨਾਮੁ ਸੁਖਮਨੀ॥੮॥੨੪॥
(ਗਉੜੀ ਮ: ੫, ਪੰਨਾ ੨੯੬)

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥੪॥੧੦॥੫੭॥
(ਸੂਹੀ ਮ: ੫, ਪੰਨਾ ੭੫੦)

ਦੂਜਾ ਕਉਣੁ ਕਹਾ ਨਹੀ ਕੋਈ॥ ਸਭ ਮਹਿ ਏਕੁ ਨਿਰੰਜਨੁ ਸੋਈ॥੧॥੫॥
(ਗਉੜੀ ਮ: ੫, ਪੰਨਾ ੨੨੩)

ਸਗਲ ਧਰਮ ਪਵਿਤ੍ਰ ਇਸਨਾਨੁ॥ ਸਭ ਮਹਿ ਊਚ ਬਿਸੇਖ ਗਿਆਨੁ॥...੮॥
(ਗਉੜੀ ਮ: ੫, ਪੰਨਾ ੨੯੮)

ਤੂੰ ਆਪੇ ਮੇਲਹਿ ਵੇਖਹਿ ਹਦੂਰਿ॥
ਸਭ ਮਹਿ ਆਪਿ ਰਹਿਆ ਭਰਪੂਰਿ॥...੮॥੯॥੭॥
(ਮਾਝ ਮ: ੩, ਪੰਨਾ ੧੧੩)

ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ॥
ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰਮੁਖਿ ਨਾਮਿ ਸਮਾਇ॥੨॥੩॥੩੬॥
(ਸਿਰੀਰਾਗੁ ਮ: ੩, ਪੰਨਾ ੨੭)

ਇਤਿ ਆਦਿਕ ਅਨੇਕਾਂ ਪਰਮਾਣ ਹਨ, ਜਿਨ੍ਹਾਂ ਤੋਂ ਸਿਧ ਹੁੰਦਾ ਹੈ ਕਿ ਸਮਗਰ ਗੁਰਬਾਣੀ ਵਿਖੇ 'ਸਭੁ' ਯਾ 'ਸਭਿ' ਪਦ ਦੇ ਨਾਲਿ ਉਕਤ ਲਿਖੇ ਸਬੰਧਕੀ ਪਦ (prepositions) ਪਾਏ ਜਾਣ ਤਾਂ 'ਸਭੁ' ਤੇ 'ਸਭਿ' ਪਦ ਤੋਂ ਔਂਕੜ, ਸਿਹਾਰੀ ਉਡ ਜਾਂਦਾ ਹੈ। ਉਪਰ ਦੱਸੇ ਸਬੰਧਕੀ ਪਦਾਂ ਨਾਲਿ 'ਸੰਗਿ', 'ਸੇਤੀ', 'ਬਿਨੁ', 'ਹੀਣ', 'ਬਿਹੂਣ' ਆਦਿਕ ਸਬੰਧਕੀ ਪਦ ਭੀ ਹਨ।

(੪) ਨਾਮੁ, ਨਾਮ

ਇਸ ਸਿਧਾਂਤ ਦੇ ਸਿਧ ਕਰਨ ਲਈ ਇਕੋ 'ਨਾਮੁ' ਪਦ ਦਾ ਉਦਾਹਰਣ ਹੀ ਬਥੇਰਾ ਹੈ। **'ਨਾਮੁ'** ਇਕ ਐਸਾ ਵਿਸ਼ੇਸ਼ ਅਤੇ ਖ਼ਾਸ ਨਾਂਵ ਹੈ ਜਿਸ ਦੇ ਮੰਮੇ ਨੂੰ

bsrstrust.org

ਹਮੇਸ਼ਾ ਔਂਕੜ ਲਗਦਾ ਹੈ। ਪਰ ਇਸ ਦੇ ਨਾਲ ਜਦ ਸਬੰਧਕੀ ਪਦ (preposition) ਲਗ ਜਾਂਦੇ ਹਨ ਤਾਂ ਇਸ ਨਾਲੋਂ ਭੀ ਔਂਕੜ ਉਡ ਜਾਂਦਾ ਹੈ। ਯਥਾ ਗੁਰ ਪਰਮਾਣ :

ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥੩॥੧੪॥

(ਗਉੜੀ ਸੁਖਮਨੀ ਮ: ੫, ਪੰਨਾ ੨੮੧)

'ਸੰਗ' ਰੂਪੀ ਸਬੰਧਕੀ ਪਦ (preposition) ਨਾਲ ਲਗਣ ਕਰਕੇ ਨਾਮ ਦਾ ਔਂਕੜ ਉਡ ਗਿਆ। 'ਮਨੁ' ਨਾਂਵ ਨਾਲਿ ਕੋਈ ਐਸਾ ਸਬੰਧਕੀ ਚਿੰਨ੍ਹ ਪਦ ਨਹੀਂ, ਇਸ ਕਰਕੇ 'ਮਨੁ' ਪਦ ਨਾਲਿ ਔਂਕੜ ਕਾਇਮ ਰਹਿ ਗਿਆ। ਏਸੇ ਤਰ੍ਹਾਂ 'ਨਿਰੰਜਨੁ' ਭੀ ਔਂਕੜ ਸਹਿਤ ਰਹਿ ਗਿਆ। ਭਾਵ ਸਾਰੀ ਦੁਪੰਗਤੀ ਦਾ ਇਹ ਹੈ 'ਜਿਸ ਜਨ ਦਾ ਮਨੁ ਨਾਮ ਸੰਗਿ ਮਾਨਿਆ ਹੈ, ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, ਕਿ ਤਿਸ ਜਨ ਨੇ ਹੀ ਅੰਜਨ ਰਹਿਤ ਨਿਰੰਜਨ ਵਾਹਿਗੁਰੂ ਨਿਰੰਕਾਰ ਨੂੰ ਤੱਤ ਲਖਤਾ ਵਿਚਿ ਜਾਨਿਆ ਹੈ।'

(੫) ਤਿਨਹਿ, ਤਿਸਹਿ, ਤਿਨਕਾ, ਜਿਸਕਾ, ਜਿਨਕਾ

'ਤਿਨਹਿ' ਦੀ ਅਰਥ ਤੱਤਤਾ 'ਤਿਸਨੇ ਹੀ' ਦਾ ਭਾਵ ਦਰਸਾਉਂਦੀ ਹੈ। 'ਤਿਨਹਿ' ਦੇ ਹਾਹੇ ਦੀ ਸਿਹਾਰੀ ਵਿਚਿ 'ਨੇ' ਦੇ ਅਰਥ ਲੁਪਤ ਹਨ। ਸਮੱਗਰ ਗੁਰਬਾਣੀ ਅੰਦਰਿ ਇਸ ਪ੍ਰਕਾਰ ਦੀ ਸਿਹਾਰੀ ਦੇ ਏਹੋ ਅਰਥ ਪਰਧਾਨੇ ਗਏ ਹਨ। ਇਸ ਦੁਪੰਗਤੀ ਅੰਦਰ ਇਕ ਹੋਰ ਲਗਾਂਮਾਤ੍ਰੀ ਨਿਯਮ ਨਿਰੂਪਣ ਹੋਇਆ ਹੈ। 'ਜਿਸਕਾ' ਦੇ ਉਤਰ ਮੁਕਾਬਲੇ ਵਿਚ 'ਤਿਸਕਾ' ਯਾ 'ਤਿਸਹਿ' ਕਦੀ ਨਹੀਂ ਆਵੇਗਾ। 'ਤਿਨਕਾ' ਯਾ 'ਤਿਨਹਿ' ਹੀ ਆਵੇਗਾ। 'ਜਿਸਕਾ' ਦੇ ਥਾਉਂ ਚਾਹੇ 'ਜਿਨਕਾ' ਹੀ ਹੋਵੇ, ਤਾਂ ਭੀ ਇਸਦੇ ਉਤਰ ਸੇਧ ਵਿਚਿ 'ਤਿਨਕਾ' ਯਾ 'ਤਿਨਹਿ' ਹੀ ਹੋਵੇਗਾ। ਸੇਧ-ਉਤਰੀ ਪਦ ਤੋਂ ਇਕ-ਵਚਨ ਯਾ ਬਹੁ-ਵਚਨ ਗਿਣੇ ਜਾਣ ਦੀ ਸੰਬੋਧਨਾ ਨਹੀਂ ਸੰਬੋਧੀ ਜਾਏਗੀ। 'ਜਿਸਕਾ' ਤੇ 'ਜਿਨਕਾ' ਦੇ ਪਹਿਲ ਪ੍ਰਿਥਮੇ ਪਦ ਤੋਂ ਹੀ ਜਾਚ ਆ ਜਾਵੇਗੀ ਕਿ ਘਟਨਾ ਇਕ-ਵਚਨ ਪ੍ਰਥਾਵੀ ਹੈ ਕਿ ਬਹੁ-ਵਚਨ ਪ੍ਰਥਾਵੀ। ਅਰਥਾਤ ਜੇਕਰ ਪਹਿਲਾਂ 'ਜਿਸਕਾ' ਆਵੇਗਾ ਤੇ 'ਜਿਸ ਜਨ ਕਾ' ਦਾ ਭਾਵ ਹੈ ਅਤੇ ਜੇ 'ਜਿਨਕਾ' ਹੈ ('ਜਿਸਕਾ' ਦੇ ਥਾਉਂ) ਤਾਂ ਭਾਵ ਹੈ 'ਜਿਨ ਜਨੋਂ ਕਾ' ਬਹੁ-ਵਚਨਾਂਤ੍ਰੀ। ਪਿਛਲੇ ਉਤਰ ਸੇਂਧਵੀ ਪਦ 'ਤਿਨਹਿ' ਦਾ ਅਰਥ ਭਾਵ ਪ੍ਰਿਥਮ ਉਪਜੇ ਸਿਧਾਂਤ ਅਨੁਸਾਰ ਹੀ ਹੋਵੇਗਾ, ਯਾਨੀ ਜੇਕਰ ਪਹਿਲਾਂ ਹੈ 'ਜਿਸਕਾ', ਤਾਂ 'ਤਿਨਹਿ' ਦਾ ਭਾਵ 'ਤਿਨ ਜਨ ਨੇ' ਹੋਵੇਗਾ। ਜੇਕਰ ਪਹਿਲਾਂ ਹੈ 'ਜਿਨਕਾ' ਤਾਂ 'ਤਿਨਹਿ' ਦਾ ਭਾਵ 'ਤਿਨ ਜਨਾਂ' ਨੇ ਅਨੁਮਾਨਿਆ ਜਾਊ। ਇਹ ਅਟਲ ਨਿਯਮ ਹੈ।

bsrstrust.org

(੬) ਰਾਮ ਨਾਮ, ਕਰਹਿ, ਕਰੈ, ਸੇ, ਸੋ

ਰਾਮ ਨਾਮ ਜੋ ਕਰਹਿ ਬੀਚਾਰ॥ ਸੇ ਧਨਵੰਤ ਗਨੀ ਸੰਸਾਰ॥੩॥੧੪॥

(ਗਉੜੀ ਸੁਖਮਨੀ ਮ: ੫, ਪੰਨਾ ੨੮੧)

ਇਸ ਗੁਰਵਾਕ ਦੁਪੰਗਤੀ ਅੰਦਰਿ ਕਈ ਨਿਯਮ ਗੋਝ ਗੁਪਤ ਹਨ। ਪ੍ਰਿਥਮ ਤਾਂ 'ਰਾਮ', 'ਨਾਮ' ਦੋਹਾਂ ਦੇ ਔਂਕੜ ਕਿਉਂ ਲੱਥੇ। 'ਰਾਮ' ਦਾ ਔਂਕੜ ਤਾਂ ਇਉਂ ਲੱਥਾ ਕਿ 'ਰਾਮ-ਨਾਮ' ਸੰਜੋਗੀ (compound) ਪਦ (ਲਫਜ਼) ਹੈ। ਸੰਜੋਗੀ ਪਦਾਂ ਵਿਚਿ ਪਹਿਲੇ ਪਦ ਦੇ ਪਿਛਲੇ ਅੱਖਰ ਨੂੰ ਲਗਿਆ ਔਂਕੜ ਉਡ ਜਾਂਦਾ ਹੈ। ਇਹ ਗੁਰਬਾਣੀ ਦਾ ਅਟਲ ਲਗਾਂਮਾਤ੍ਰੀ ਨਿਯਮ ਹੈ, ਅਤੇ 'ਨਾਮ' ਦੇ ਮੰਮੇ ਅੱਖਰ ਦਾ ਔਂਕੜ ਤਾਂ ਲੱਥਾ ਕਿਉਂਕਿ ਇਥੇ 'ਦਾ' ਸਬੰਧਕੀ ਪਦ ਸੁਤੇ ਲੁਪਤ (ਮਫ਼ਹੂਮ) ਹੈ। ਭਾਵ ਇਹ ਬਣਦਾ ਹੈ: 'ਰਾਮ-ਨਾਮ ਦੇ ਵੀਚਾਰ ਨੂੰ ਜੋ ਨਰ ਕਰਦੇ ਕਮਾਵੰਦੇ ਹਨ।' 'ਬੀਚਾਰ' ਨਾਂਵ (noun) ਦੇ ਰਾਰੇ (ਪਿਛਲੇਰੇ) ਅੱਖਰ ਤੇ ਭੀ ਔਂਕੜ ਤਦੇ ਹੀ ਲੱਥਾ ਕਿ ਇਸ ਦੇ ਨਾਲ 'ਨੂੰ' ਸੰਬੰਧਕੀ ਪਦ ਲੁਪਤ ਹੈ ਅਤੇ 'ਕਰਹਿ' (plural present tense) ਕਿਰਿਆ (verb) ਪਦ ਦੇ ਆਖ਼ਰੀ ਅੱਖਰ ਹਾਹੇ ਨੂੰ ਸਿਹਾਰੀ ਤਾਂ ਲਗੀ ਹੈ—ਇਸ ਤੋਂ ਇਸ ਕਿਰਿਆ ਦੇ ਕਰਨ ਹਾਰੇ ਬਹੁਤ ਨਿਰੂਪਨ ਹੁੰਦੇ ਹਨ। ਤੇ ਭਾਵ ਸਿਧ ਹੁੰਦਾ ਹੈ ਕਿ 'ਜੇਹੜੇ ਗੁਰਮੁਖ ਜਨ ਰਾਮ ਨਾਮ ਦੀ ਅਭਿਆਸ ਮਈ ਵੀਚਾਰ ਕਰਦੇ ਹਨ।' ਜੇ ਇਸ ਕਿਰਿਆ ਦਾ ਕਰਨਹਾਰਾ ਇਕ ਹੁੰਦਾ ਤਾਂ ਇਹ ਪੰਗਤੀ ਇਉਂ ਆਉਂਦੀ, 'ਰਾਮ ਨਾਮ ਜੋ ਕਰੈ ਬੀਚਾਰ'। 'ਕਰਹਿ' ਦੇ ਥਾਉਂ 'ਕਰੈ' ਪਦ ਹੁੰਦਾ। ਇਉਂ ਅਰਥ ਹੁੰਦੇ ਇਸ ਪੰਗਤੀ ਦੇ: 'ਜੇਹੜਾ ਗੁਰਮੁਖ ਜਨੁ ਰਾਮ ਨਾਮ ਦੇ ਵੀਚਾਰ ਨੂੰ ਕਰਦਾ ਹੈ, ਕਮਾਉਂਦਾ ਹੈ ਅਭਿਆਸਾਉਂਦਾ ਹੈ।' ਤਾਂ ਤੇ 'ਕਰੈ', 'ਇਕੈ' ਕਰਤੇ ਦੀ ਵਰਤਮਾਨ ਕਿਰਿਆ (singular present tense) ਹੈ। ਇਸ ਪੰਗਤੀ ਦੀ ਦੂਜੀ ਤੁਕ "ਸੇ ਧਨਵੰਤ ਗਨੀ ਸੰਸਾਰ" ਦੇ ਇਕ ਇਕ ਪਦ ਵਿਚ ਗੋਝ ਨਿਯਮ ਭਰੇ ਪਏ ਹਨ।

'ਸੇ' ਨੂੰ ਲਾਂਵ ਜੋ ਲਗੀ ਹੋਈ ਹੈ, ਇਹ ਦਸਦੀ ਹੈ ਕਿ ਪਹਿਲੀ ਤੁਕ ਅੰਦਰ ਆਏ 'ਜੋ' ਸੰਬੰਧਕੀ ਕਰਤੇ (ਕਿਰਿਆ ਕਰਨਹਾਰੇ) (ਕਰਤਾ ਕਾਰਨ ਪੜਨਾਂਵ) ਬਹੁਤੇ ਹਨ। ਇਕ ਕਰਤਾ (ਕਰਨ-ਹਾਰਾ) ਹੁੰਦਾ, ਅਰਥਾਤ ਰਾਮ ਨਾਮ ਵੀਚਾਰ ਕਰਤਾ ਇਕ ਹੁੰਦਾ, ਤਾਂ ਦੂਜੀ ਪੰਗਤੀ ਵਿਚ 'ਸੇ' ਦੀ ਥਾਂ 'ਸੋ' ਆਉਣਾ ਸੀ। ਲਾਂਵ ਦੀ ਜਗ੍ਹਾ ਹੋੜਾ ਹੁੰਦਾ।

ਲਗਾਤਾਰ ਸਾਰੀ ਗੁਰਬਾਣੀ ਅੰਦਰ ਇਹੋ ਦ੍ਰਿੜ੍ਹ ਬੱਝਾ ਨਿਯਮ ਹੈ ਕਿ 'ਸੋ' ਇਕ-ਵਚਨ ਪੜਨਾਂਵ ਹੈ, 'ਸੇ' ਬਹੁ-ਵਚਨ (plural pronoun)।

'ਸੇ' ਤੋਂ ਅਗਲੇ ਪਦ 'ਧਨਵੰਤ' ਦਾ ਪਿਛਲਾ ਅੱਖਰ ਤੱਤਾ ਮੁਕਤਾ ਹੋਣਾ ਦਸਦਾ ਹੈ, ਇਕ ਧਨਵੰਤ ਨਹੀਂ, ਬਹੁਤੇ ਧਨਵੰਤ ਹਨ। ਬਹੁ-ਵਚਨ ਹੋਣ ਕਰਕੇ 'ਧਨਵੰਤ' ਦੇ ਤੱਤੇ ਤੋਂ ਔਂਕੜ ਲਹਿ ਗਿਆ ਹੈ। 'ਗਨੀ' ਦੇ ਨੰਨੇ ਨੂੰ ਲਗੀ ਬਿਹਾਰੀ ਕਰਕੇ 'ਗਨੀ' ਦੇ ਅਰਥ 'ਗਣੇ ਜਾਂਦੇ ਹਨ' ਦੇ ਹਨ।

bsrstrust.org

(੭) ਸੰਸਾਰ, ਸੰਸਾਰਿ

ਪਿਛਲੀ ਤੁਕ ਦੇ ਛੇਕੜਲੇ ਲਫ਼ਜ਼ (ਪਦ) 'ਸੰਸਾਰ' ਦਾ ਪਿਛਲਾ ਅੱਖਰ ਰਾਰਾ ਮੁਕਤਾ ਹੋਣਾ ਅਤੇ ਔਂਕੜ ਰਹਿਤ ਹੋਣਾ ਦਸਦਾ ਹੈ ਕਿ ਸੰਸਾਰ ਦੇ ਅਗੇ 'ਤੇ' ਸਬੰਧਕੀ ਪਦ (preposition) ਜ਼ਰੂਰ ਹੀ ਅਨੁਮਾਨਿਆ ਗਿਆ ਹੈ। ਅਤੇ ਪੰਗਤੀ ਦਾ ਅਰਥ ਭਾਵ ਬਣਦਾ ਹੈ, 'ਸੇ ਜਨ ਸੰਸਾਰ ਤੇ ਧਨਵੰਤ ਗਣੇ ਜਾਂਦੇ ਹਨ।' ਜੇ 'ਸੰਸਾਰ ਵਿਖੇ' ਦੇ ਅਰਥ ਦਾ ਭਾਵ ਹੁੰਦਾ ਤਾਂ 'ਸੰਸਾਰ' ਦੇ ਰਾਰੇ ਨੂੰ ਸਿਹਾਰੀ ਲਗੀ ਹੁੰਦੀ। 'ਸੰਸਾਰ' ਦੇ ਥਾਉਂ 'ਸੰਸਾਰਿ' ਲਿਖਿਆ ਹੋਇਆ ਹੁੰਦਾ। ਤਾਂ ਤੇ ਕਈ ਨਾਵਾਂ ਦੇ ਪਿਛਲੇ ਅੱਖਰ ਮੁਕਤੇ ਹੋਣ ਦਾ ਸਿਧਾਂਤ ਇਹ ਹੁੰਦਾ ਹੈ ਕਿ ਇਸ ਪਦ ਦੇ ਅਗੇ 'ਤੇ', 'ਉਤੇ' ਸਬੰਧਕੀ (preposition) ਸੁਤੇ-ਸਿਧ ਹੀ ਲੁਪਤ ਪ੍ਰਮਾਨਿਆ ਗਿਆ ਹੈ (understood) ਹੈ—ਜ਼ੇਰੇ ਫਹਿਮ ਹੋ ਗਿਆ ਹੈ, ਅਰਥਾਤ ਲੁਪਤ ਹੈ।

(੮) ਸੰਗੁ, ਸੰਗਿ, ਪ੍ਰੀਤਿ, ਪ੍ਰੀਤ, ਨ, ਨਾ, ਲਾਵੇ, ਲਾਵੈ, ਲਾਵਹਿ

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥
ਕੋਟਿ ਕਰਮ ਕਰਤੋ ਨਰਕਿ ਜਾਵੈ॥੫॥੧੦॥ *(ਗਉੜੀ ਮ: ੫, ਪੰਨਾ ੨੪੦)*

'ਨਾਮ' ਦੇ ਨਾਲਿ 'ਸੰਗਿ' ਆਉਣ ਕਰਕੇ 'ਨਾਮ' ਪਦ ਦੇ ਮੰਮੇ ਅੱਖਰ ਦਾ ਔਂਕੜ ਉਡ ਗਿਆ, 'ਸੰਗਿ' ਦੇ ਅਰਥ ਜਿਥੇ ਭੀ ਨਾਲਿ ਸੰਬੋਧਨਾਂ ਦੇ ਹੋਣਗੇ ਓਥੇ ਹਰ ਥਾਂ ਗੁਰਬਾਣੀ ਅੰਦਰਿ 'ਸੰਗਿ' ਪਦ ਦੇ ਗੱਗੇ ਨੂੰ ਸਿਹਾਰੀ ਲਗੀ ਹੋਈ ਹੈ। 'ਸੰਗ' ਦੇ ਗੱਗੇ ਅੱਖਰ ਨੂੰ ਔਂਕੜ ਜਿਥੇ ਲਗਿਆ ਹੋਵੇ ਓਥੇ 'ਸੰਗੁ' ਨਾਉਂ (noun) ਹੋਵੇਗਾ ਅਤੇ (singular noun) ਇਕ-ਵਚਨ ਹੋਵੇਗਾ।

ਪਹਿਲੀ ਪੰਗਤੀ ਅੰਦਰ 'ਮਨਿ' ਦੇ ਨੰਨੇ ਨੂੰ ਸਿਹਾਰੀ 'ਮਨ ਕਰਕੇ' ਦਾ ਅਰਥ ਜਣਾਉਂਦੀ ਹੈ। 'ਪ੍ਰੀਤਿ' ਦੇ ਤੱਤੇ ਨੂੰ ਸਿਹਾਰੀ ਤਾਂ ਹੈ ਕਿ ਇਹ 'ਪ੍ਰੀਤੀ' ਦੇ ਥਾਉਂ ਵਰਤਿਆ ਗਿਆ ਹੈ। ਗੁਰਬਾਣੀ ਅੰਦਰਿ 'ਪ੍ਰੀਤੀ' ਦੇ ਅਰਥਾਂ ਵਿਚ 'ਪ੍ਰੀਤਿ' ਹੀ ਆਵੇਗਾ ਤੇ ਸਿਹਾਰੀ ਵਾਲੇ ਤੱਤੇ ਨਾਲ ਆਵੇਗਾ। 'ਨ'—ਇਕਹਿਰਾ ਨੰਨਾ ਬਿਨਾਂ ਕੰਨੇ ਤੋਂ ਹੀ, ਅਕਸਰ ਹਰ ਥਾਉਂ ਗੁਰਬਾਣੀ ਅੰਦਰ ਆਉਂਦਾ ਹੈ। ਕਿਤੇ ਕਿਤੇ ਹੀ ਨੰਨੇ ਦਾ ਕੰਨਾ ਲਗਾ ਹੁੰਦਾ ਹੈ। ਓਥੇ ਖ਼ਾਸ ਜ਼ੋਰ (emphasis) ਹੁੰਦਾ ਹੈ।

'ਲਾਵੈ' ਦੇ ਵਾਵੇ ਨੂੰ ਦੁਲਾਈਆਂ ਲਗੀਆਂ ਹਨ। ਇਹ ਸਿਧ ਕਰਦੀਆਂ ਹਨ ਕਿ ਇਸ ਵਰਤਮਾਨ (present tense) ਕਿਰਿਆ ਦਾ ਕਰਤਾ ਇਕ ਹੈ, ਬਹੁਤੇ ਕਰਤੇ ਨਹੀਂ। ਭਾਵ ਇਸ ਤੋਂ ਸਪਸ਼ਟ ਹੁੰਦਾ ਹੈ, ਕਿ ਨਾਮ ਸੰਗਿ ਮਨ ਕਰਕੇ ਪ੍ਰੀਤੀ ਨਾ ਲਾਉਣ ਵਾਲੇ ਇਕੋ ਨਰ ਉਤੇ ਇਹ ਪੰਗਤੀ ਘਟਦੀ ਹੈ। ਜੇ ਬਹੁਤਿਆਂ ਤੇ ਘਟਦੀ ਤਾਂ 'ਲਾਵੈ' ਦੇ ਥਾਉਂ 'ਲਾਵਹਿ' ਲਿਖਿਆ ਹੁੰਦਾ। ਦੁਲਾਈਆਂ ਦੇ ਥਾਉਂ ਜੇ ਵਾਵੇ

bsrstrust.org

ਨੂੰ ਇਕ ਲਾਂਵ ਹੀ ਹੋਵੇ ਤਾਂ 'ਲਾਵੇ' ਦਾ ਭਾਵ ਅਰਥ 'ਲਾਵੈ' ਵਾਲੇ ਨਹੀਂ ਰਹਿੰਦੇ, ਤਾਂ ਸੰਕੇਤਕ ਸੰਦੇਹ, ਸ਼ਰਤ ਵਾਲੀ ਵਿਚਾਲੇ 'ਜੇ' ਆ ਪੈਂਦੀ ਹੈ ਅਤੇ ਉਪਰਲੀ ਪੰਗਤੀ ਦਾ ਅਰਥ ਹੋ ਜਾਂਦਾ ਹੈ: 'ਜੇ ਕੋਈ ਮਨ ਕਰਕੇ ਨਾਮ ਸੰਗਿ ਪ੍ਰੀਤੀ ਨਾ ਲਾਵੇ।' 'ਲਾਉਂਦਾ' ਦੇ ਅਰਥ ਨਹੀਂ ਰਹਿੰਦੇ, ਜੋ ਦੁਲਾਈਆਂ ਨਾਲ ਹੀ ਬਣਦੇ ਹਨ। ਦੁਲਾਈਆਂ ਜਦੋਂ ਕਿਸੇ ਕਿਰਿਆ (verb) ਦੇ ਪਿਛਲੇ ਅੱਖਰ ਨਾਲਿ ਲਗਦੀਆਂ ਹਨ ਤਾਂ ਵਰਤਮਾਨ ਕਾਲ (present tense) ਦੀਆਂ ਸੂਚਕ ਹੁੰਦੀਆਂ ਹਨ ਅਤੇ ਲਾਂਵ ਅਕਸਰ ਭੂਤਕਾਲ (past tense) ਦੀ ਕਿਰਿਆ ਸੂਚਕ ਹੁੰਦੀ ਹੈ। 'ਲਾਵੇ' ਜੇ ਬਿੰਦੇ ਸਹਿਤ ਹੋਵੇ ਤਾਂ ਪਾਠ ਬਣੇ '**ਲਾਂਵੇ**' ਦਾ। 'ਲਾਂਵੇ' ਦੇ ਅਰਥ 'ਲਾਂਭੇ', 'ਲਾਹਮ', 'ਇਕ ਪਾਸੇ ਪਏ', 'ਪਰੇਡੇ' ਦੇ ਹੋ ਜਾਂਦੇ ਹਨ। ਯਥਾ ਗੁਰਵਾਕ:

ਲੇ ਪਖਾ ਪ੍ਰਿਅ ਝਲਉ ਪਾਏ॥ ਭਾਗਿ ਗਏ ਪੰਚ ਦੂਤ ਲਾਵੇ॥੨॥੧॥੯੫॥

(ਆਸਾ ਮ: ੫, ਪੰਨਾ ੩੯੪)

ਇਸ ਦੁਪੰਗਤੀ ਦੇ ਬੜੇ ਹੀ ਬਚਿਤ੍ਰ ਅਰਥ ਬਣਦੇ ਹਨ ਸੁਆਸ ਅਭਿਆਸੀ ਨਾਮ ਦਾ ਖੰਡਾ ਖੜਕਾਵੀ ਪੱਖਾ ਚਲਾ ਕੇ ਘਟ ਅੰਤਰਿ ਪਰਜੁਲਤ ਹੋਇ ਅੰਤਰ ਆਤਮੇ ਪ੍ਰਕਾਸ਼ਤ ਹੋਏ ਪਰਮਾਤਮ ਜੋਤਿ ਕਿਰਣੀ ਪ੍ਰਿਆ ਪ੍ਰੀਤਮੀ ਚਰਨ ਕੰਵਲਾਂ ਨੂੰ ਜਦੋਂ ਗੁਰਮੁਖਿ ਪ੍ਰੇਮ ਜਗਿਆਸਾ ਵਾਲੀ ਪ੍ਰਿਮਨੀ ਝਲਦੀ ਹੈ ਤਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਈ ਪੰਜ ਦੂਤ ਲਾਂਭੇ ਭਜ ਜਾਂਦੇ ਹਨ, ਲਾਹਮ ਹੋ ਜਾਂਦੇ ਹਨ, ਪਰੇਡੇ ਹਟ ਜਾਂਦੇ ਹਨ, ਮਨ ਅੰਦਰੋਂ ਨਿਕਲ ਕੇ ਬਾਹਰ ਹੋ ਜਾਂਦੇ ਹਨ। ਨਾਮ ਦੇ ਖੰਡੇ ਦੇ ਨੇੜੇ ਤਾਂ ਜਮਦੂਤ ਭੀ ਨਹੀਂ ਰਹਿੰਦੇ। ਘਟ ਜਦੋਂ ਨਾਮ ਖੰਡੇ ਦੀ ਧੌਖਣੀ, ਸੁਆਸ ਅਭਿਆਸੀ ਪੱਖਾ ਬਣ ਕੇ ਚਲਦੀ ਹੈ, ਤਾਂ ਅੰਤਰ ਹੀ ਰਸ ਜੋਤਿ ਪ੍ਰਕਾਸ਼ਨੀ ਕਿਰਨ ਚਿੰਗਾੜੀ ਹੋਰ ਹੋਰ ਜ਼ੋਰਾਂ ਨਾਲਿ ਧੁਖਦੀ ਹੈ, ਅਤੇ ਧੁਖ ਧੁਖ ਕੇ ਮਾਇਆ ਮਈ ਪੰਜ ਦੂਤਾਂ ਦੀ ਬਿਕਾਰ ਮੈਲ ਨੂੰ ਕਟ ਕੇ ਸਣੇ ਪੰਜ ਦੂਤਾਂ ਦੇ ਕਢ ਕੇ ਬਾਹਰ ਮਾਰਦੀ ਹੈ, ਅਤੇ ਲਾਂਭੇ ਸੁਟ ਦਿੰਦੀ ਹੈ।

ਨਾਮ ਦੀ ਅਗਾਧ ਬਚਿਤ੍ਰ ਕਲਾ ਤੋਂ ਅਜਾਣ ਲੋਗ ਆਪਣੀ ਅਲਪੱਗ ਬੁਧੀ ਅਨੁਸਾਰ ਹੀ ਇਸ ਪੰਗਤੀ ਦੇ ਅਰਥ ਲਾਉਂਦੇ ਹਨ, ਅਤੇ ਇਸ ਪੰਗਤੀ ਨੂੰ ਇਉਂ ਅਰਥਾਉਂਦੇ ਹਨ: 'ਜਦੋਂ ਮੈਂ ਪ੍ਰੀਤਮ ਪਿਆਰੇ ਦੇ ਪੈਰਾਂ ਵਿਚਿ ਬਹਿ ਕੇ ਪੱਖਾ ਝਲਦੀ ਹਾਂ, ਅਥਵਾ ਪਿਰਿਆ ਪ੍ਰੀਤਮ ਦੇ ਪੈਰਾਂ ਨੂੰ ਪੱਖੇ ਨਾਲ ਝਲਦੀ ਹਾਂ ਤਾਂ ਲਾਵੇ ਬਿਖੜੇ ਪੰਜ ਦੂਤ ਦੂਰ ਹੋ ਜਾਂਦੇ ਹਨ।' ਕੈਸੇ ਨਾਮਾਕੂਲ ਅਰਥ ਹਨ। ਪੱਖਾ ਭੀ ਪੰਜ ਭੂਤਕੀ ਅਨਸਰਾਂ ਵਾਲਾ, ਤੇ ਪ੍ਰੀਤਮ ਵੀ ਪੰਜ ਭੂਤਕੀ ਸਰੀਰ ਵਾਲਾ ਸਰਗੁਣੀ ਅਲਪੱਗਤਾ ਵਾਲਾ, ਪੈਰ ਭੀ ਦੇਰ ਧਾਰੀ ਮਨੁੱਖਤਾ ਵਾਲੇ। ਝੱਲਣ ਵਾਲੀ ਪ੍ਰੀਤਮਾਂ ਭੀ ਪੰਜ ਭੂਤਕੀ ਦ੍ਰਿਸ਼ਟਮਾਨ ਸਰੀਰ ਵਾਲੇ ਪ੍ਰੀਤਮ ਦੀ ਮੁੱਠੀ ਹੋਈ। ਪੱਖਾ ਝਲਦੀ ਹੈ ਤਾਂ ਉਸ ਦੇ ਪੈਰਾਂ ਵਿਚ ਬਹਿ ਕੇ ਅਤੇ ਉਸ ਦੇ ਪੈਰਾਂ ਨੂੰ ਹੀ ਝਲਦੀ ਹੈ। ਐਸੇ ਅਰਥਾਂ ਤੋਂ ਪਰਮਾਰਥੀ ਸਿਧਾਂਤ ਦੀ ਕੀ ਸਿਧੀ ਹੋਈ? ਪਰਮਾਤਮਾ ਭਗਤੀ ਨਾਲਿ ਐਸੇ ਸਿਧਾਂਤ ਦਾ ਕੀ ਸੰਬੰਧ ਹੋਇਆ? ਐਵੇਂ ਅਰਥਾਂ ਬੰਦੀ ਦਾ ਵੇਲਾ ਪੂਰਾ ਕਰਨ ਵਾਲੀ ਬੁਤਾ ਸਾਰਨ

bsrstrust.org

ਵਾਲੀ ਗੱਲ ਹੈ। ਹਾਸਲ ਕੁਛ ਨਹੀਂ ਹੁੰਦਾ। ਆਪਿ ਪਰਮਾਰਥੋਂ ਘੁੱਥੇ ਦੂਜਿਆਂ ਨੂੰ ਭੀ ਘੁਥਾਉਂਦੇ ਹਨ। ਆਪਿ ਪਰਮਾਤਮ ਭਗਤੀ ਤੋਂ ਭੁਚਲਾਏ ਹੋਏ ਹੋਰਨਾਂ ਨੂੰ ਭੀ ਭੁਚਲਾਉਂਦੇ ਹਨ। ਸਤਿਗੁਰੂ ਸੁਮੱਤ ਬਖ਼ਸ਼ੇ ਐਸੇ ਖਰੜ ਗਿਆਨੀਆਂ ਤੇ ਅਰਥ ਅਭਿਮਾਨੀਆਂ ਨੂੰ ਅਤੇ ਸੱਚੀ ਗੁਰਮਤਿ ਮਤ ਬੁਧਿ ਪਰਦਾਨ ਕਰੇ।

(੯) ਲਾਂਵ ਤੇ ਸਿਹਾਰੀ ਦਾ ਅੰਤਰਾ

ਲਾਂਵ ਤੇ ਦੁਲਾਈਆਂ ਦੀਆਂ ਲਗਾਂ ਦੇ ਲਗਾਉ ਦਾ ਵੰਨਗੀ ਮਾਤ੍ਰ ਅੰਤਰਾ ਉਪਰਿ ਦਰਸਾਇਆ ਗਿਆ ਹੈ। ਹੁਣ ਲਾਂਵ ਤੇ ਸਿਹਾਰੀ ਦਾ ਅੰਤਰਾ ਭੀ ਟੂਕ ਮਾਤ੍ਰ ਦਰਸਾਇਆ ਜਾਂਦਾ ਹੈ, ਗੁਰਵਾਕ ਦਾ ਪਰਮਾਣ ਹਵਾਲਾ ਦੇ ਕੇ:

ਇਕ ਵਾਰ ਦਾ ਜ਼ਿਕਰ ਹੈ ਕਿ ਗਿਆਨੀਆਂ ਦੀ ਪਰਸਪਰ ਇਸ ਗੁਰਵਾਕ ਪੰਗਤੀ ਦੀ ਬਹਿਸ ਛਿੜ ਪਈ।

ਨਿਰਮਲ ਹੋਏ ਕਰਿ ਇਸਨਾਨਾ ॥[1]

ਛਿੜੀ ਭੀ ਗੁਰੂ ਰਾਮਦਾਸ ਸਰੋਵਰ (ਅੰਮ੍ਰਿਤਸਰ) ਦੇ ਕਿਨਾਰੇ ਪਰਕਰਮਾਂ ਵਿਚਿ ਬੈਠਿਆਂ। ਅੰਮ੍ਰਿਤ ਵੇਲੇ ਹੀ ਛਿੜੀ। ਸਰੋਵਰ ਵਿਚਿ ਨ੍ਹਾ ਚੁਕੇ ਸਜਣ ਇਸ਼ਨਾਨੀ ਗਿਆਨੀਆਂ ਦੀ ਹੀ ਛਿੜੀ। ਇਕਨਾਂ ਦਾ ਤਾਂ ਇਹ ਪੱਖ ਕਿ ਨਿਰਮਲ ਹੋ ਕੇ ਇਸ਼ਨਾਨ ਕਰਨ ਨੂੰ ਇਹ ਗੁਰਵਾਕ ਪੰਗਤੀ ਦ੍ਰਿੜ੍ਹਾਉਂਦੀ ਹੈ। ਦੂਜਿਆਂ ਦਾ ਇਹ ਪੱਖ ਕਿ ਮਲ ਤੋਂ ਰਹਿਤ ਹੋ ਗਏ ਇਸ਼ਨਾਨ ਕਰਕੇ ਜਾਂ ਇਸ਼ਨਾਨ ਕਰਨ ਵਾਲੇ। ਇਸ਼ਨਾਨ ਕੀਤੇ ਬਿਨਾਂ ਨਿਰਮਲ ਨਹੀਂ ਹੋ ਸਕੀਦਾ। ਜੇ ਏਵੇਂ ਹੀ ਨਿਰਮਲ ਹੋ ਜਾਈਦਾ ਹੈ ਤਾਂ ਇਸ਼ਨਾਨ ਕਰਨ ਦੀ ਕੀ ਲੋੜ ਰਹੀ ? ਪਹਿਲੇ ਪੱਖ ਵਾਲੇ ਗਿਆਨੀ ਜਨ ਭੀ ਸਰੋਵਰ ਇਸ਼ਨਾਨ ਦੇ ਬੜੇ ਸ਼ਰਧਾਲੂ ਸਨ। ਪਰ ਉਹਨਾਂ ਦਾ ਇਹ ਭਾਵ ਸੀ ਕਿ ਪਵਿਤਰ ਸਰੋਵਰ ਵਿਚਿ ਇਸ਼ਨਾਨ ਕਰਨ ਤੋਂ ਪਹਿਲਾਂ ਕੂਪ ਜਲ ਨਾਲਿ ਨ੍ਹਾ ਕੇ ਅਤੇ ਸਾਬਣ ਆਦਿਕ ਨਾਲਿ ਪਿੰਡੇ ਦੀ ਮੈਲ ਲਾਹ ਕੇ ਫੇਰ ਪਵਿਤ੍ਰ ਸਰੋਵਰ ਦਾ ਪਵਿਤ੍ਰ ਇਸ਼ਨਾਨ ਕਰਨਾ ਚਾਹੀਦਾ ਹੈ। ਇਹ ਕੂਪ ਜਲੀ ਉਦਕ ਇਸ਼ਨਾਨ ਤਾਂ ਸਿਰਫ਼ ਸਰੀਰ ਦੀ ਮੈਲ ਹੀ ਲਾਹ ਸਕਦਾ ਹੈ। ਮਨ ਦੀ ਮੈਲ ਤਾਂ ਕੇਵਲ ਅਮਿਓ ਸਰੋਵਰ ਅੰਮ੍ਰਿਤਸਰ ਵਿਚਿ ਇਸ਼ਨਾਨ ਕੀਤਿਆਂ ਹੀ ਲਹਿੰਦੀ ਹੈ। ਦੋਹਾਂ ਦੇ ਪੱਖ ਬੜੇ ਸਿਖੀ ਸਿਦਕ ਭਾਵਨਾ ਵਾਲੇ ਸਨ। ਵਾਦ-ਵਿਵਾਦ ਵਾਲਾ ਵਿਤੰਡਾ ਨਹੀਂ ਸੀ। ਬਲਕਿ ਪਹਿਲੇ ਪੱਖ ਵਾਲੇ ਤਾਂ ਐਥੇ ਤਾਈਂ ਅੰਮ੍ਰਿਤ ਸ਼ਰਧਾਲੂ ਸਨ, ਕਿ ਪਹਿਲਾਂ ਸਾਬਣ ਨਾਲ ਖੂਹ ਤੇ ਯਾ ਨਲਕੇ ਤੇ ਨ੍ਹਾ ਕੇ ਫੇਰ ਕੌਲਸਰ ਆਦਿਕ ਸਰੋਵਰਾਂ ਵਿਚਿ ਚੁਭੇ ਲਾ ਕੇ ਤਾਂ ਸ੍ਰੀ ਅੰਮ੍ਰਿਤ ਸਰੋਵਰ ਵਿਚਿ ਮਜਨ ਇਸ਼ਨਾਨ ਚੁਭਾ ਲਾਉਣਾ ਚਾਹੀਦਾ ਹੈ। ਅਸੀਂ ਭੀ ਜਥੇ ਸੰਯੁਕਤ ਬੈਠੇ ਏਸ ਚਰਚਾ ਨੂੰ ਸੁਣ ਰਹੇ ਸਾਂ, ਕਿ ਦਾਸ ਨੂੰ ਇਹ ਸੁਮਤਿ ਸਫੁਰਨ ਹੋਈ ਅਤੇ ਸਫੁਰਨ ਹੋਣ ਸਾਰ ਇਸ ਦਾਸਰੇ ਨੇ ਇਹ ਬੇਨਤੀ ਅਲਾਈ ਕਿ ਚਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਵਾਕ

---

੧. ...੧॥੧॥੬੫॥ (ਸੋਰਠਿ ਮ: ੫, ਪੰਨਾ ੬੨੫)।

ਲੈ ਕੇ ਏਸੇ ਪੰਗਤੀ ਨੂੰ ਦੇਖੀਏ। ਜੇ ਤਾਂ ਪੰਗਤੀ ਇਉਂ ਅੰਕਿਤ ਹੈ: "ਨਿਰਮਲ ਹੋਇ ਕਰਿ ਇਸਨਾਨਾ" ਤਦ ਤਾਂ ਨਿਰਮਲ ਹੋ ਕੇ ਇਸ਼ਨਾਨ ਕਰਨ ਦੇ ਅਰਥ ਬਣਨਗੇ। ਪਰ ਜੇ ਇਹ ਪੰਗਤੀ ਇਸ ਬਿਧਿ ਹੈ: "ਨਿਰਮਲ ਹੋਏ ਕਰਿ ਇਸਨਾਨਾ" ਤਾਂ ਅਰਥ ਏਹੀ ਬਣਨਗੇ ਕਿ ਇਸ਼ਨਾਨ ਕਰ ਕੇ ਨਿਰਮਲ ਹੋ ਗਏ। ਸਭ ਨੇ ਏਹ ਫ਼ੈਸਲਾ ਮਨਜ਼ੂਰ ਕੀਤਾ।

ਗੁਰਵਾਕ ਲਿਆ ਗਿਆ ਤਾਂ ਪੰਗਤੀ ਗੌਹ ਨਾਲ ਦੇਖੀ ਗਈ ਤਾਂ 'ਨਿਰਮਲ ਹੋਏ' ਦਾ ਪਾਠ ਹੀ ਠੀਕ ਨਿਕਲਿਆ। ਸਭ ਨੇ ਸਰੇ ਤਸਲੀਮ ਖਮ ਕੀਤਾ ਅਤੇ ਸਤਿ ਕਰਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਸੀਸ ਨਿਵਾ ਕੇ ਸਤਿਗੁਰੂ ਦੀ ਆਗਿਆ ਮੰਨੀ। ਸਿਧਾਂਤ ਨੂੰ ਖੋਹਲਿਆ ਤਾਂ ਪਹਿਲੇ ਪੱਖ ਵਾਲਿਆਂ ਨੂੰ ਭੀ ਖ਼ੁਸ਼ੀ ਹੋਈ, ਜਦੋਂ ਸਿਧ ਕੀਤਾ ਗਿਆ ਕਿ ਤੱਤ ਨਿਰਮਲਤਾ ਤਨ ਦੀ ਭੀ ਅੰਮ੍ਰਿਤਸਰ ਵਿਚ ਇਸ਼ਨਾਨ ਕੀਤਿਆਂ ਹੁੰਦੀ ਹੈ ਪ੍ਰੰਤੂ ਸਰੋਵਰ ਦੀ ਪਵਿਤ੍ਰਤਾ ਨੂੰ ਮੁਖ ਰਖਦਿਆਂ ਹੋਇਆਂ:

ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥[1]

ਗੁਰਵਾਕ ਦੇ ਭਾਵ ਅਨੁਸਾਰ ਪਹਿਲੇ ਪੱਖ ਵਾਲਿਆਂ ਦੀ ਸਰਧਾ ਭਾਵਨੀ ਦੀ ਪ੍ਰੌੜ੍ਹਤਾ ਹੋ ਗਈ। ਪ੍ਰੰਤੂ ਪਰਮ ਪਵਿਤ੍ਰਤਾਈ ਅਤੇ ਉਤਮ ਨਿਰਮਲਤਾਈ ਤਨ ਦੀ ਭੀ ਤੇ ਮਨ ਦੀ ਭੀ ਇਸ਼ਨਾਨ ਕੀਤਿਆਂ ਖ਼ਾਸ ਕਰਿ ਅਮਿਉ ਮਜਨੀ ਸਰੋਵਰ ਇਸ਼ਨਾਨ ਕੀਤਿਆਂ ਹੀ ਹੁੰਦੀ ਹੈ।

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥...੧॥੧੧॥
(ਸੋਰਠਿ ਮ: ੫, ਪੰਨਾ ੬੧੧)

ਵਿਸਥਾਰ ਲਈ ਦੇਖੋ ਪੁਸਤਕ *ਗੁਰਮਤਿ ਬਿਬੇਕ* ਦਾ ਇਸ਼ਨਾਨ ਕਾਂਡ।

(੧੦) ਕੋਟਿ, ਕਰਮ, ਕਰਤੋ, ਨਰਕਿ, ਜਾਵੈ

ਹੁਣ "ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ" ਦੇ ਨਾਲ ਦੀ ਦੂਜੀ ਪੰਗਤੀ ਅੰਦਰਲੇ ਪਦਾਂ ਦੀਆਂ ਲਗਾਂਮਾਤ੍ਰਾਂ ਦੀ ਵੀਚਾਰ ਅਸੀਂ ਵੀਚਾਰਨੀ ਹੈ। "ਕੋਟਿ ਕਰਮ ਕਰਤੋ ਨਰਕਿ ਜਾਵੈ"। 'ਕੋਟਿ' ਪਦ ਰੂਪੀ ਬਹੁਗਿਣਤੀਆ ਬਹੁ-ਵਚਨ ਵਿਸ਼ੇਸ਼ਣ (adjective) ਸਾਰੀ ਗੁਰਬਾਣੀ ਅੰਦਰਿ ਟੈਂਕੇ ਨੂੰ ਸਿਹਾਰੀ ਸਹਿਤ ਹੀ ਆਵੇਗਾ। 'ਕਰਮ' ਦਾ ਮੰਮਾ ਮੁਕਤਾ ਹੋਣ ਕਰਿ ਬਹੁ-ਵਚਨ ਨਾਂਵ (plural noun) ਹੈ। 'ਕਰਤੋ' ਦੇ ਤੱਤੇ ਨੂੰ ਜੋ ਹੋੜਾ ਲਗਿਆ ਹੈ, ਇਸ ਕਰਕੇ ਇਸਦੇ ਅਰਥ ਹੋਏ 'ਕਰਦਾ ਹੋਇਆ'। 'ਨਰਕਿ' ਦੇ ਕੱਕੇ ਨੂੰ ਜੋ ਸਿਹਾਰੀ ਲਗੀ ਹੈ ਇਸ ਕਰਕੇ ਇਸ ਦੇ ਅਰਥ ਹੋਇ 'ਨਰਕ ਵਿਖੇ'। 'ਜਾਵੈ' ਦੇ ਵਾਵੇ ਨੂੰ ਦੁਲਾਈਆਂ ਲਗੀਆਂ ਹੋਣ ਕਰਕੇ ਇਸ ਦੇ ਅਰਥ ਹੋਏ

---

੧. ਸ੍ਰੀ ਜਪੁਜੀ ਸਾਹਿਬ, ਪਉੜੀ ੨੦.

bsrstrust.org

'ਜਾਂਦਾ ਹੈ'। ਸਾਰੀ ਪੰਗਤੀ ਦੇ ਅਰਥ ਭਾਵ ਹੋਏ : 'ਕ੍ਰੋੜਾਂ ਆਨਮੱਤ ਕਰਮਾਂ ਨੂੰ ਕਰਦਾ ਹੋਇਆ ਭੀ ਆਨਮੱਤ ਕਰਮੀ ਪੁਰਸ਼ ਨਰਕ ਵਿਖੇ ਹੀ ਜਾਂਦਾ ਹੈ, ਜੋ ਪੁਰਸ਼ ਮਨ ਕਰਕੇ ਨਾਮ ਨਾਲਿ ਪ੍ਰੀਤੀ ਨਹੀਂ ਲਾਉਂਦਾ।'

(੧੧) ਨਾਮੁ, ਮੇਰੇ, ਮੇਰੈ

ਮੇਰੈ ਮਨਿ ਤਨਿ ਪ੍ਰੇਮੁ ਨਾਮੁ ਆਧਾਰੁ॥ ਨਾਮੁ ਜਪੀ ਨਾਮੋ ਸੁਖ ਸਾਰੁ॥੧॥
ਨਾਮੁ ਜਪਹੁ ਮੇਰੇ ਸਾਜਨ ਸੈਨਾ॥
ਨਾਮ ਬਿਨਾ ਮੈ ਅਵਰੁ ਨ ਕੋਈ ਵਡੈ ਭਾਗਿ ਗੁਰਮੁਖਿ ਹਰਿ ਲੈਨਾ॥੧॥ਰਹਾਉ॥
ਨਾਮ ਬਿਨਾ ਨਹੀ ਜੀਵਿਆ ਜਾਇ॥ ਵਡੈ ਭਾਗਿ ਗੁਰਮੁਖਿ ਹਰਿ ਪਾਇ॥੨॥
ਨਾਮ ਹੀਨ ਕਾਲਖ ਮੁਖਿ ਮਾਇਆ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਜੀਵਾਇਆ॥੩॥
ਵਡਾ ਵਡਾ ਹਰਿ ਭਾਗ ਕਰਿ ਪਾਇਆ॥
ਨਾਨਕ ਗੁਰਮੁਖਿ ਨਾਮੁ ਦਿਵਾਇਆ॥੪॥੪॥੫੬॥

(ਆਸਾ ਮ: ੪, ਪੰਨਾ ੩੬੬)

ਇਸ ਗੁਰਵਾਕ ਦੀ ਪਦ ਪੰਗਤੀਆਂ ਨੂੰ ਗਹੁ ਕਰਕੇ ਦੇਖੋ ਤਾਂ ਪਤਾ ਲਗੇਗਾ ਕਿ ਜਿਥੇ ਜਿਥੇ ਭੀ 'ਨਾਮ' ਕਰਤਾ, ਕਰਮ ਫਾਇਲ ਮਫਊਲ (subject object) ਹੈ, ਤਿਥੇ ਤਿਥੇ 'ਨਾਮ' ਦੇ ਮੰਮੇ ਨੂੰ ਔਂਕੜ ਹੈ ਅਤੇ 'ਨਾਮੁ' ਪਦ ਔਂਕੜ ਸਹਿਤ ਸਾਫ਼ ਅੰਕਿਤ ਹੈ। ਪਰ ਜਿਥੇ ਜਿਥੇ ਭੀ 'ਨਾਮ' ਨਾਲ ਸੰਬੰਧਕੀ ਪਦ 'ਬਿਨਾਂ', 'ਹੀਣ' ਆਦਿਕ ਲਗੇ ਹੋਏ ਹਨ, ਤਿਥੇ ਤਿਥੇ 'ਨਾਮੁ' ਨਾਲੋਂ ਔਂਕੜ ਲਥੇ ਹੋਏ ਹਨ। ਸਾਰੇ ਸ਼ਬਦ ਦੀਆਂ ਲਗਾਂਮਾਤ੍ਰਾਂ ਦਾ ਨਿਰਣਾ ਕਰਨਾ ਭੀ ਲਗਾਂਮਾਤ੍ਰੀ ਭੇਦ ਜਾਨਣ ਲਈ ਬੜਾ ਸਹਾਈ ਹੁੰਦਾ ਹੈ। ਮੁਢ ਤੋਂ :

'ਮੇਰੈ' ਪਦ ਪੜਨਾਉਂ (pronoun) ਨਾਲਿ ਮਨ ਤੇ ਤਨ ਨਾਵਾਂ ਦਾ ਸਬੰਧ ਹੋਣ ਕਰਕੇ ਅਤੇ ਮਨ ਤੇ ਤਨ ਦਿਆਂ ਨੰਨਿਆਂ ਨੂੰ ਸਿਹਾਰੀਆਂ ਲਗੀਆਂ ਹੋਣ ਕਰਕੇ 'ਮੇਰੈ' ਦੇ ਰਾਰੇ ਨੂੰ ਦੁਲਾਈਆਂ ਲਗੀਆਂ ਹੋਈਆਂ ਹਨ। ਜਿਵੇਂ 'ਮਨ' ਤੇ 'ਤਨ' ਨਾਵਾਂ ਦੇ ਨੰਨਿਆਂ ਨੂੰ ਸਿਹਾਰੀਆਂ ਲਗਣ ਕਰਕੇ 'ਮਨਿ ਤਨਿ' ਦੇ ਭਾਵ ਅਰਥ 'ਮਨ ਵਿਖੇ ਤੇ ਤਨ ਵਿਖੇ' ਹੋ ਜਾਂਦੇ ਹਨ, ਤਿਵੇਂ ਹੀ 'ਮੇਰੈ' (pronoun) ਪੜਨਾਂਵ ਨਾਲ ਲਗੀਆਂ ਦੁਲਾਈਆਂ 'ਮੇਰੇ ਮਨ ਵਿਖੇ' ਦੇ ਅਰਥਾਂ ਦਾ ਭਾਵ 'ਮੇਰੇ ਮਨਿ' ਲਿਖਣ ਨਾਲ ਹੀ ਸਰ ਜਾਂਦਾ ਹੈ ਅਤੇ ਸਪਸ਼ਟ ਹੋ ਜਾਂਦਾ ਹੈ। 'ਮੇਰੇ ਤਨ ਅੰਦਰਿ' 'ਮੇਰੇ ਮਨ ਵਿਖੇ' ਅਰਥ ਭਾਵ 'ਮੇਰੈ ਮਨਿ ਤਨਿ' ਲਿਖਣ ਨਾਲਿ ਹੀ ਅਰਥਾਇਆ ਜਾਂਦਾ ਹੈ। ਨਹੀਂ ਤਾਂ ਇਕੱਲੀ ਲਾਂਵ ਨਾਲਿ ਲਿਖਿਆ ਪਦ ਪੜਨਾਂਵ 'ਮੇਰੇ' ਆਪਣੇ ਸੰਬੋਧਨ ਕਾਰਕ (vocative case) ਨਾਂਵ (noun) 'ਮਨ' ਦੇ ਨਾਲਿ ਸੰਬੋਧਨੀ ਹੇਕ ਦਾ ਜਣਾਇਕ ਲਖਾਇਕ ਹੀ ਹੁੰਦਾ ਹੈ। 'ਮੇਰੇ ਮਨ' 'ਮਨ ਮੇਰੇ' ਤੋਂ ਭਾਵ ਹੈ, 'ਮੇਰੇ ਮਨ' ਤੇ 'ਮਨ ਮੇਰੇ' ਦਾ। ਸੋ 'ਮਨ ਮੇਰੇ' ਦੇ ਲਖਾਇਕ ਜਣਾਇਕ ਹੋਣ ਕਰਕੇ 'ਮੇਰੈ' ਦੇ ਰਾਰੇ ਨਾਲੋਂ ਦੂਜੀ ਲਾਂਵ ਲਹਿ ਕੇ ਇਕੋ ਹੀ ਰਹਿ ਜਾਂਦੀ ਹੈ, ਜਿਹਾ ਕਿ :

bsrstrust.org

ਮੇਰੇ ਮਨ ਏਕਸ ਸਿਉ ਚਿਤੁ ਲਾਇ ॥
ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥੧॥ਰਹਾਉ॥੬॥੭੬॥

(ਸਿਰੀ ਰਾਗੁ ਮ: ੫, ਪੰਨਾ ੪੪)

ਮੇਰੇ ਮਨ ਸੁਖ ਦਾਤਾ ਹਰਿ ਸੋਇ ॥
ਗੁਰਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੧॥੧॥੭੧॥

(ਸਿਰੀ ਰਾਗੁ ਮ: ੫, ਪੰਨਾ ੪੨)

ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ॥
ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥੨੧॥੯੧॥

(ਸਿਰੀ ਰਾਗੁ ਮ: ੫, ਪੰਨਾ ੫੦)

ਮੇਰੇ ਮਨ ਸੇਵਹੁ ਸੋ ਪ੍ਰਭੁ ਸ੍ਰਬ ਸੁਖ ਦਾਤਾ
ਜਿਤੁ ਸੇਵਿਐ ਨਿਜ ਘਰਿ ਵਸੀਐ ॥...੨॥
ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮੁ,
ਲੈ ਲਾਹਾ ਹਰਿ ਮਨਿ ਹਸੀਐ ॥...੩॥੫॥੧੯॥੫੭॥

(ਗਉੜੀ ਮ: ੪, ਪੰਨਾ ੧੭੦)

ਬਸ ਇਤਨੇ ਉਦਾਹਰਣ ਗੁਰ ਪਰਮਾਣ ਹੀ ਬਥੇਰੇ ਹਨ।

ਸਮਗਰ ਬਾਣੀ ਅੰਦਰ ਸੰਬੋਧਨ ਹੇਕ ਮਈ ਭਾਵ ਦਰਸਾਉਣ ਹਿਤ 'ਮੇਰੇ' ਆਉਂਦਾ ਹੈ। ਨਾਲਿ ਹੀ 'ਮਨ' ਦੇ ਨੰਨੇ ਦਾ ਔਂਕੜ ਭੀ ਉਡ ਜਾਂਦਾ ਹੈ। ਹਰ ਇਕ ਨਾਂਵ (noun) ਦਾ ਔਂਕੜ ਸੰਬੋਧਨ ਕਾਰਕ ਵਿਚ ਉਡ ਜਾਂਦਾ ਹੈ। ਇਹ ਪੱਕਾ ਨਿਯਮ ਹੈ।

ਹੁਣ ਵੀਚਾਰ ਗੋਚਰੇ ਪਰਮਾਣ ਵਲ ਆਉ :

"ਮੇਰੈ ਮਨਿ ਤਨਿ ਪ੍ਰੇਮੁ ਨਾਮੁ ਆਧਾਰੁ" ਦਾ ਭਾਵ ਹੋਇਆ : 'ਮੇਰੇ ਮਨ ਤੇ ਤਨੁ ਵਿਖੇ ਪ੍ਰੇਮ ਪਰਫੁਲਤੀ ਨਾਮੁ ਹੀ ਅਧਾਰ ਰੂਪ ਹੈ।' 'ਪ੍ਰੇਮੁ', 'ਨਾਮੁ', 'ਆਧਾਰੁ' ਤੇਹਾਂ ਹੀ ਨਾਵਾਂ ਨੂੰ ਔਂਕੜ ਹਨ। ਲੱਗੇ ਹੀ ਰਹੇ ਹਨ। ਲੱਥੇ ਨਹੀਂ। ਪਰਸਪਰ ਇਕ ਰੂਪ ਦੇ ਜੁ ਹੋਏ। ਰੂਪੀ ਦਾ ਭਾਵ ਰਖਣ ਵਾਲੇ ਨਾਂਵ ਨੂੰ ਔਂਕੜ ਲੱਗਾ ਹੀ ਰਹਿੰਦਾ ਹੈ। ਅਗਲੀ ਤੁਕ "ਨਾਮੁ ਜਪੀ ਨਾਮੋ ਸੁਖ ਸਾਰੁ" ਵਿਚ ਕਰਤਾ (subject) ਹੋਣ ਕਰਕੇ ਔਂਕੜ ਸਹਿਤ ਹੀ ਆਇਆ ਹੈ।

(੧੨) ਜਪੀ, ਜਪਹੁ, ਜਪੁ, ਜਪਹ, ਜਪੈ, ਜਪਹਿ

ਨਾਮੁ ਜਪੀ ਨਾਮੋ ਸੁਖ ਸਾਰੁ ॥ *(ਆਸਾ ਮ: ੪, ਪੰਨਾ ੩੬੬)*

'ਜਪੀ' ਦੇ ਪੱਪੇ ਨੂੰ ਬਿਹਾਰੀ ਬਿੰਦੇ ਸਹਿਤ ਉਚਾਰਨ ਹੋਣ ਕਰਕੇ 'ਜਪੀਂ' ਦੇ ਅਰਥ 'ਮੈਂ ਜਪਦਾ ਹਾਂ' ਬਣਾਉਂਦੀ ਹੈ। 'ਨਾਮੋ' ਦਾ ਹੋੜਾ 'ਹੀ' ਯਾ 'ਕੇਵਲ' ਦਾ ਅਰਥ ਦਰਸਾਉਂਦਾ ਹੈ। ਇਹੋ ਨਿਯਮ ਹੈ ਸਾਰੇ ਰਮਿਆ ਹੋਇਆ ਗੁਰਬਾਣੀ ਅੰਦਰਿ। 'ਸੁਖ ਸਾਰੁ' ਦਾ ਭਾਵ 'ਸਾਰੇ ਸੁਖ ਦਾ ਤੱਤ (ਸਾਰ)' ਹੈ। 'ਨਾਮੋ ਸੁਖ ਸਾਰੁ' ਦਾ ਭਾਵ ਹੋਇਆ 'ਨਾਮੁ ਹੀ ਸਾਰੇ ਸੁਖਾਂ ਦਾ ਸਾਰ ਹੈ'।

bsrstrust.org

ਅਗਲੀ ਤੁਕ "ਨਾਮੁ ਜਪਹੁ ਮੇਰੇ ਸਾਜਨ ਸੈਨਾ" ਅੰਦਰਿ ਕਰਤਾ (subject) ਰੂਪ ਹੋਣ ਕਰਕੇ 'ਨਾਮੁ' ਔਂਕੜ ਸਹਿਤ ਹੈ। 'ਜਪਹੁ' ਸਨਮੁਖ ਤਾਕੀਦੀ ਹੁਕਮ ਲਖਾਇਕ ਹੋਣ ਕਰਕੇ 'ਜਪਹੁ' ਦੇ 'ਹ' ਅੱਖਰ ਨੂੰ ਔਂਕੜ ਲਗਾ ਅਰਥ ਅਰਥਾਉਂਦਾ ਹੈ ਸਾਜਨ ਨੂੰ ਸੰਬੋਧਨ ਕਰਦਾ ਹੋਇਆ : 'ਹੇ ਸਾਜਨ, ਹੇ ਮੇਰੇ ਸਾਜਨ, ਹੇ ਮੇਰੇ ਸੈਨ ਤੁਮ ਨਾਮ ਜਪਹੁ।' ਤਾਂ ਤੇ 'ਜਪਹੁ' ਮੁਖ਼ਾਤਬੀ (ਹੁਕਮੀ ਕ੍ਰਿਆ) ਅਨਮਤਯਾਰਥ ਲਕਾਰ (imperative mood) ਵਾਲੀ ਕਿਰਿਆ ਹੈ। ਜਿਥੇ 'ਮੈਂ ਜਪਾਂ' ਦਾ ਉਤਮ ਪੁਰਖ ਇਕ-ਵਚਨ ਵਾਹਦ ਮੁਤਕੱਲਮੀ) ਭਾਵ ਹੋਊ ਓਥੇ 'ਜਪੀਂ' ਆਊ। ਜਿਥੇ 'ਅਸੀਂ (ਹਮ) ਜਪੀਏ' ਦਾ ਭਾਵ ਰਲ ਮਿਲ ਕੇ ਉਤਮ ਪੁਰਖ ਬਹੁ-ਵਚਨ ਭਾਵ ਆਊ, ਓਥੇ 'ਜਪਹ' ਹਾਹੇ ਮੁਕਤੇ ਨਾਲਿ ਆਊ। ਜਿਥੇ ਕੋਈ ਇਕ ਹੋਰ ਗ਼ੈਬੀ ਜਨ ਦੇ ਜਪਣ ਦਾ ਵਾਹਦ ਗ਼ੈਬ ਭਾਵ ਹੋਵੇ ਉਥੇ 'ਜਪੈ' 'ਕੋਈ ਜਨੁ ਜਪਦਾ ਹੈ' ਦੇ ਅਰਥਾਂ ਵਿਚਿ ਆਇਆ ਹੈ। ਜਿਥੇ ਜਪਣ ਵਾਲੇ ਜਮਾਂ ਗ਼ੈਬੀ ਬਹੁਤ ਜਨ ਹੋਣਗੇ ਓਥੇ 'ਜਪਹਿ' ਵਿਚ 'ਹਾਹੇ' ਨੂੰ ਸਿਹਾਰੀ ਦੀ ਸ਼ਕਲ ਵਿਚ 'ਜਪਦੇ ਹਨ' ਦੇ ਮਾਅਨਿਆਂ ਵਿਚ ਆਊ। 'ਜਪੀਂ', 'ਜਪਹ', 'ਜਪਹਿ', 'ਜਪਹੁ', 'ਜਪ' ਵਾਲਾ ਗ੍ਰਾਮਰ ਗਰਦਾਨੀ ਭੇਦ ਵਰਤਮਾਨ ਕਿਰਿਆ (present tense) ਦਾ ਸਾਰੀ ਗੁਰਬਾਣੀ ਵਿਚ ਖ਼ਾਸ ਮਖਸੂਸ ਹੈ।

'ਜਪੁ'—ਤੂੰ ਜਪ; 'ਜਪਹੁ'—ਤੁਸੀਂ ਜਪਹੁ; 'ਜਪੀ'—ਮੈਂ ਜਪਾਂ; 'ਜਪਹ'—ਅਸੀਂ ਜਪੀਐ (ਇਸ ਨੂੰ ਔਂਕੜ ਸਿਹਾਰੀ ਕਦੀ ਨਹੀਂ ਹੋਵੇਗੀ); 'ਜਪੈ—ਉਹ ਇਕ ਜਨ ਜਪੇ; 'ਜਪਹਿ'—ਬਹੁਤੇ ਜਨ ਜਪਣ। ਇਹ ਗੁਰਮਤਿ ਗਰਦਾਨ (ਰੂਪ ਸਾਧਨਾ) ਗੁਰਬਾਣੀ ਅੰਦਰਿ ਅਟਲ ਹਨ। 'ਸੈਨਾ' ਦੇ ਨੰਨੇ ਦਾ ਕੰਨਾ ਸਹਿਵਨ ਹੀ 'ਹੇ' ਦੇ ਅਰਥਾਂ ਦਾ ਬੋਧਕ ਆਇਆ ਹੈ। "ਨਾਮ ਬਿਨਾ ਮੈ ਅਵਰੁ ਨਾ ਕੋਈ॥" 'ਬਿਨਾਂ' ਨਾਲਿ ਲਗਣ ਕਰਕੇ ਨਾਮ ਦਾ ਔਂਕੜ ਲੱਥਾ ਹੋਇਆ ਹੈ, ਨਹੀਂ ਤਾਂ ਮੁਰਾਦ 'ਨਾਮੁ' ਇਕ- ਵਚਨ ਵਾਚਕ ਕਰਤਾ ਇਸਮ (singular noun) ਤੋਂ ਹੀ ਭਾਵ ਹੈ, 'ਮੈਂ' ਦਾ ਭਾਵ ਏਥੇ ਅਤੇ ਗੁਰਬਾਣੀ ਅੰਦਰਿ ਅਨੇਕੀਂ ਥਾਈਂ 'ਮੈਨੂੰ' 'ਮੇਰੇ ਲਈ' 'ਮੇਰੇ ਨਿਕਟ' ਦਾ ਹੈ। 'ਅਵਰੁ' ਦੇ ਰਾਰੇ ਨੂੰ ਔਂਕੜ ਤਦ ਲਗਿਆ ਹੈ ਕਿਉਂਕਿ ਇਸ ਪੜਨਾਉਂ ਅਰਥਾਤ 'ਅਵਰ' ਪੜਨਾਉਂ ਦਾ ਇਸਮ (noun) 'ਨਾਮੁ' ਦਰਅਸਲ ਔਂਕੜ ਸਹਿਤ ਇਕ ਨਾਉਂ ਵਾਚਕ ਅਰਥਾਂ ਵਿਚ ਆਇਆ ਹੈ। ਤਾਂ ਤੇ ਸਾਰੀ ਤੁਕ ਦਾ ਅਰਥ ਹੋਇਆ : 'ਨਾਮ ਬਿਨਾਂ, ਨਾਮ ਤੁਲ ਮੇਰੇ ਨਿਕਟ ਹੋਰ ਕੋਈ ਸ਼ੈ, ਸ਼ਖ਼ਸੀਅਤ, ਵਸਤੂ ਕੁਛ ਭੀ ਹੈਸੀਅਤ ਨਹੀਂ ਰਖਦੀ।'

(੧੩) ਗੁਰਮੁਖਿ

...ਵਡੈ ਭਾਗਿ ਗੁਰਮੁਖਿ ਹਰਿ ਲੈਨਾ॥ *(ਪੰਨਾ ੩੬੬)*

'ਵਡੈ' ਦੇ ਡੱਡੇ ਅੱਖਰ ਨੂੰ ਦੁਲਾਈਆਂ ਸਹਿਤ ਵਰਤਣਾ ਅਤੇ ਨਾਲਿ ਜੁੜਵੇਂ 'ਭਾਗਿ' ਦੇ ਗੱਗੇ ਨੂੰ ਸਿਹਾਰੀ ਸਹਿਤ ਵਰਤਣਾ 'ਵਡੈ ਭਾਗਿ' ਦੇ ਅਰਥ 'ਵਡੇ ਭਾਗ ਕਰਕੇ' ਦੇ ਦਰਸਾਉਂਦਾ ਹੈ। "ਗੁਰਮੁਖਿ ਹਰਿ ਲੈਨਾ"—'ਗੁਰਮੁਖ ਜਨ ਨੇ ਹੀ ਵਾਹਿਗੁਰੂ

bsrstrust.org

ਨਾਮੁ ਲੈਣਾ (ਜਪਣਾ) ਹੈ, ਗੁਰਮੁਖ ਜਨ ਤੋਂ ਬਿਨਾਂ ਹੋਰ ਕੋਈ ਨਹੀਂ ਲੈ ਸਕਦਾ, ਜਪ ਸਕਦਾ।' 'ਗੁਰਮੁਖਿ' ਦੇ ਅਰਥ ਗੁਰਬਾਣੀ ਅੰਦਰਿ ਬੜੀ ਗੋਝ ਕਲਾ ਗੁਪਤਾਰੇ ਅਤੇ ਅਨਿਕ ਪ੍ਰਕਾਰੇ ਹਨ।

'ਗੁਰਮੁਖਿ' ਦਾ ਪਹਿਲਾ ਮੁਖੀ ਅਰਥ ਹੈ 'ਵਾਹਿਗੁਰੂ'। 'ਗੁਰਮੁਖਿ'—ਮੁਖੀ ਗੁਰੂ, ਗੁਰੂਆਂ ਸਿਰ ਗੁਰੂ, ਵਾਹਿਗੁਰੂ।

ਆਦਿ ਅੰਤ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ॥ *(ਚੌਪਈ ਪਾ: ੧੦)*

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥...੫॥ *(ਜਪੁਜੀ)*

ਜੋ ਗੁਰਮੁਖਿ (ਵਾਹਿਗੁਰੂ) ਸਾਰੇ ਸਮਾਇ ਰਹਿਆ ਹੈ, ਓਹੋ ਵਾਹਿਗੁਰੂ ਜਾਂ ਵਾਹਿਗੁਰੂ ਨਾਮ ਹੀ ਨਾਦ ਹੈ, ਵਾਹਿਗੁਰੂ ਨਾਮ ਹੀ ਵੇਦ ਹੈ ਤਾਂ ਤੇ 'ਗੁਰਮੁਖਿ' ਦੇ ਅਰਥ ਹਨ :

(੧) ਵਾਹਿਗੁਰੂ;
(੨) ਵਾਹਿਗੁਰੂ ਨਾਮ;
(੩) ਨਾਮ ਦਾ ਦਾਤਾ ਗੁਰੂ ਸਤਿਗੁਰੂ।

ਗੁਰਮੁਖਿ ਕਲਿ ਵਿਚਿ ਪਰਗਟ ਹੋਆ॥ *(ਭਾਈ ਗੁਰਦਾਸ)*

ਗੁਰੂ ਨਾਨਕ ਰੂਪੀ ਗੁਰਮੁਖਿ ਕਲ ਤਾਰਨ ਲਈ ਕਲ ਜੁਗ ਵਿਚਿ ਪਰਗਟ ਹੋਇਆ।

ਗੁਰਮਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥੨॥੨॥
(ਸੋਰਠਿ ਮ: ੫, ਪੰਨਾ ੬੦੮)

(੪) ਗੁਰੂ ਦਾ ਗੁਰਦੀਖਿਅਤ ਅਨਿੰਨ ਸਿਖ, ਜਿਸ ਨੇ ਗੁਰੂ ਦੁਆਰਾ ਗੁਰਦੀਖਿਆ ਲਈ ਹੋਵੇ ਅਤੇ ਹਰ ਛਿਨ ਗੁਰੂ ਗੁਰੂ ਵਾਹਿਗੁਰੂ ਹੀ ਮੁਖ ਵਿਚ ਜਪਦਾ ਹੋਵੇ ਸੋ ਕਹੀਏ 'ਗੁਰਮੁਖਿ' ਗੁਰੂ ਨੂੰ ਹਰ ਛਿਨ ਸਨਮੁਖ ਰਖਣ ਵਾਲਾ। (ਸੁਰਤੀ, ਬਿਰਤੀ, ਸਿਮ੍ਰਤੀ ਕਰਕੇ) ਸਨਮੁਖ ਰਹਿਣ ਵਾਲਾ ਸੋ ਕਹੀਐ ਗੁਰੂ ਕਾ 'ਗੁਰਮੁਖਿ ਸਿਖ'।

(੫) 'ਗੁਰਮੁਖਿ' ਦੇ ਅਰਥ ਹਨ 'ਗੁਰੂ ਦੁਆਰਾ, ਗੁਰ ਉਪਦੇਸ਼ ਕਰਿ।'

ਹਰ ਸੂਰਤ ਵਿਚ ਤੇ ਹਰ ਅਰਥਾਂ ਵਿਚਿ ਗੁਰਬਾਣੀ ਅੰਦਰਿ 'ਗੁਰਮੁਖਿ' ਪਦ ਦੇ ਅਖ਼ੀਰੀ ਅੱਖਰ ਖੱਖੇ ਨੂੰ ਸਿਹਾਰੀ ਹੀ ਲਗੀ ਪਾਈ ਜਾਂਦੀ ਹੈ। ਕਿਤੇ ਕਿਤੇ ਜਿਥੇ ਨਹੀਂ ਹੁੰਦੀ ਅਰ ਖੱਖਾ ਮੁਕਤਾ ਹੀ ਹੁੰਦਾ ਹੈ ਉਥੇ 'ਗੁਰਮੁਖ' ਦੇ ਅਗੇ ਸਬੰਧਕੀ ਚਿੰਨ੍ਹ 'ਕਾ', 'ਸੇਤੀ' ਆਦਿਕ ਲਗਿਆ ਹੁੰਦਾ ਹੈ। ਓਥੇ ਸਿਹਾਰੀ ਨਹੀਂ ਹੁੰਦੀ, ਸਿਹਾਰੀ ਦੇ ਥਾਉਂ ਅਕਸਰ ਕੰਨਾਂ ਬਿੰਦੇ ਸਹਿਤ ਆ ਜਾਂਦਾ ਹੈ:

ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ॥੪॥
(ਸਿਰੀ ਰਾਗੁ ਮ: ੪, ਪੰਨਾ ੮੨)

ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ॥੩॥੩੩॥
(ਸਿਰੀ ਰਾਗੁ ਮ: ੪, ਪੰਨਾ ੪੨)

bsrstrust.org

ਗੁਰਮੁਖਾ ਕੇ ਮੁਖ ਉਜਲੇ ਗੁਰਸਬਦੀ ਬੀਚਾਰਿ ॥
ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ ॥...੨॥੯॥੪੨॥

(ਸਿਰੀ ਰਾਗੁ ਮ: ੩, ਪੰਨਾ ੩੦)

'ਜਪਿ ਜਪਿ' ਦਿਆਂ ਪਪਿਆਂ ਨੂੰ ਸਿਹਾਰੀਆਂ 'ਕਰਕੇ' ਦਾ ਅਰਥ ਕਰਾਉਂਦੀਆਂ ਹਨ—'ਜਪ ਜਪ ਕੇ।' 'ਰਿਦੈ'—ਰਿਦੇ ਵਿਚ। 'ਮੁਰਾਰਿ' ਦਾ ਭਾਵ ਹੈ ਮੁਰਾਰੀ। ਜਿਥੇ ਜਿਥੇ ਵੀ ਗੁਰਬਾਣੀ ਅੰਦਰ 'ਗੁਰਮੁਖਿ ਨਾਮੁ' ਆਉਂਦਾ ਹੈ ਅਰਥਾਤ 'ਗੁਰਮੁਖਿ' ਦੇ ਨਾਲਿ 'ਨਾਮੁ' ਪਦ ਆਉਂਦਾ ਹੈ ਓਥੇ 'ਗੁਰਮੁਖਿ ਨਾਮੁ' ਤੋਂ ਮੁਰਾਦ ਅਕਸਰ 'ਵਾਹਿਗੁਰੂ ਨਾਮ' ਦੀ ਹੁੰਦੀ ਹੈ। ਧ੍ਰਿਗੁ ਦੇ ਗੱਗੇ ਨੂੰ ਹਮੇਸ਼ਾ ਔਂਕੜ ਹੋਵੇਗਾ, ਅਟਲ ਨਿਯਮ ਹੈ।

(੧੪) ਸਿਹਾਰੀ, ਸਬੰਧਕੀ ਪਦਾਂ (Prepositions) ਦੇ ਅੰਤ ਵਿਚ

ਸਿਹਾਰੀ ਸਭ ਤੋਂ ਵਧਕੇ ਬਹੁਤ ਸਾਰੇ ਸਬੰਧਕੀ ਪਦਾਂ (prepositions) ਦੇ ਅੰਤ ਵਿਚ ਵਰਤੀ ਜਾਂਦੀ ਹੈ, ਜੈਸੇ ਅੰਤਰਿ, ਅੰਦਰਿ, ਬਾਹਰਿ, ਮਹਿ, ਵਿਚਿ, ਸਾਥਿ, ਭੀਤਰਿ, ਨਿਰੰਤਰਿ, ਮਾਹਿ, ਨਿਕਟਿ, ਨਾਲਿ, ਤੁਲਿ, ਆਦਿ। ਗੁਰਬਾਣੀ ਅੰਦਰ ਨਾਵਾਂ ਦੇ ਅੰਤ ਵਿਚਿ ਸਬੰਧਕੀ ਚਿੰਨ੍ਹ ਵਜੋਂ ਸਿਹਾਰੀ ਬਹੁਤ ਹੀ ਵਰਤੀ ਜਾਂਦੀ ਹੈ। ਜੈਸੇ:

ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ ॥...੩॥੧੩॥੪੬॥

(ਸਿਰੀਰਾਗੁ ਮ: ੩, ਪੰਨਾ ੩੧)

ਏਥੇ 'ਭਾਗਿ' ਦਾ ਭਾਵ ਹੈ 'ਭਾਗਾਂ ਕਰਕੇ' ਜਾਂ 'ਭਾਗਾਂ ਦੁਆਰਾ'।

ਹਰਿ ਸੁਖ ਦਾਤਾ ਮਨਿ ਨਹੀ ਵਸਿਆ ਅੰਤਿ ਗਇਆ ਪਛੁਤਾਈ ॥੪॥੧॥

(ਸਿਰੀਰਾਗੁ ਮ: ੩, ਪੰਨਾ ੬੫)

ਏਥੇ 'ਮਨਿ' ਤੋਂ ਭਾਵ ਹੈ 'ਮਨ ਅੰਦਰਿ'। 'ਅੰਤਿ' ਦਾ ਭਾਵ ਹੈ 'ਅੰਤ ਨੂੰ', 'ਅੰਤੀ ਅਉਸਰ', 'ਅੰਤ ਸਮੇਂ'।

ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ ॥...੧॥੧੬॥

(ਸਿਰੀਰਾਗੁ ਸਲੋਕ ਮ: ੩, ਪੰਨਾ ੮੯)

ਇਸ ਵਿਚ 'ਧੁਰਿ' ਦਾ ਅਰਥ ਹੈ 'ਧੁਰ ਤੋਂ', 'ਰ' ਨੂੰ ਸਿਹਾਰੀ ਲਗਦੀ ਹੈ।

ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ ॥...੧॥

(ਸਿਰੀਰਾਗੁ ਮ: ੪ ਵਣਜਾਰਾ, ਪੰਨਾ ੮੧)

ਏਥੇ 'ਘਟਿ ਘਟਿ' ਤੋਂ ਭਾਵ 'ਘਟ ਘਟ ਵਿਖੇ' ਹੈ।

ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ ॥...੨॥੫॥੪੩॥

(ਗਉੜੀ ਗੁਆਰੇਰੀ ਮ: ੪, ਪੰਨਾ ੧੬੫)

ਏਥੇ 'ਵਸਿ' ਦੇ ਅਰਥ ਹਨ 'ਵਸ ਵਿਚ'।

bsrstrust.org

ਮਿਲਿ ਪ੍ਰੀਤਮ ਜਿਉ ਹੋਤ ਅਨੰਦਾ,
ਤਿਉ ਹਰਿ ਰੰਗਿ ਮਨੁ ਰੰਗੀਨਾ ਜੀਉ ॥੩॥੧੪॥੨੧॥

(ਮਾਝ ਮ: ੫, ਪੰਨਾ ੧੦੦)

ਇਸ ਪੰਗਤੀ ਵਿਚ 'ਹਰਿ ਰੰਗਿ' ਤੋਂ ਭਾਵ 'ਹਰਿ ਰੰਗਿ ਦੇ ਨਾਲ' ਹੈ।

ਸੰਤਨ ਮੋ ਕਉ ਹਰਿ ਮਾਰਗਿ ਪਾਇਆ ॥੪॥੧੪॥੨੧॥ *(ਮਾਝ ਮ: ੫, ਪੰਨਾ ੧੦੦)*

ਏਥੇ 'ਮਾਰਗਿ' ਤੋਂ ਭਾਵ 'ਮਾਰਗ ਵਿਖੇ' ਹੈ।

(੧੫) ਜਪੁ, ਕਰਹੁ, ਜਪਿ, ਕਰਿ

ਜਪਹੁ (ਜਪੋ) ਤੇ ਕਰਹੁ (ਕਰੋ) ਦੇ ਅਰਥਾਂ ਵਿਚਿ 'ਕਰਿ' 'ਜਪਿ' ਦੇ ਰਾਰੇ ਤੇ ਪਪੇ ਨੂੰ ਸਿਹਾਰੀ ਸਿਧੇ ਹੁਕਮ ਦੀ ਸਪਸ਼ਟਤਾ ਵਿਚ ਹੁਕਮੀ ਕਿਰਿਆ (ਅਨਮਤਯਾਰਥ ਲਕਾਰ) (imperative mood) ਵਜੋਂ ਗੁਰਬਾਣੀ ਅੰਦਰਿ ਵਰਤੀ ਜਾਂਦੀ ਹੈ, ਅਤੇ ਬਹੁਤ ਹੀ ਵਰਤੀ ਜਾਂਦੀ ਹੈ। ਐਥੇ ਤਾਈਂ ਕਿ 'ਕਰੁ', 'ਜਪੁ' ਸ਼ਾਜ਼ੋਨਾਦਰ ਹੀ ਇਹ ਭਾਵ ਦਰਸਾਉਣ ਲਈ ਗੁਰਬਾਣੀ ਅੰਦਰ ਆਉਂਦਾ ਹੈ।

'ਜਪਿ' ਤੇ 'ਕਰਿ' ਦੇ ਅਨੇਕ ਉਦਾਹਰਣ ਗੁਰਬਾਣੀ ਵਿਚ ਹਰਿ ਥਾਉਂ ਪਾਏ ਜਾਂਦੇ ਹਨ। ਕੁਛ ਕੁ ਪਰਮਾਣ ਏਥੇ ਦਿਤੇ ਜਾਂਦੇ ਹਨ। ਪਹਿਲਾਂ 'ਜਪਿ' ਪ੍ਰਥਾਇ ਪਰਮਾਣ ਲਵੋ :

ਜਪਿ ਮਨ ਨਾਮੁ ਏਕੁ ਅਪਾਰੁ ॥...੧॥ਰਹਾਉ॥੨੫॥੯੫॥

(ਸਿਰੀਰਾਗੁ ਮ: ੫, ਪੰਨਾ ੫੧)

ਨਾਨਕ ਰਾਮ ਨਾਮੁ ਜਪਿ ਪਾਵਕੋ ਤਿਨ ਕਿਲਬਿਖ ਦਾਹਨਹਾਰ ॥
ਜਪਿ ਮਨਾ ਤੂੰ ਰਾਮ ਨਰਾਇਣੁ ਗੋਵਿੰਦਾ ਹਰਿ ਮਾਧੋ ॥...੧॥੩॥

(ਗਉੜੀ ਮ: ੫, ਛੰਤ, ਪੰਨਾ ੨੪੮)

ਜਪਿ ਜਨ ਸਦਾ ਸਦਾ ਦਿਨੁ ਰੈਣੀ ॥
ਸਭ ਤੇ ਊਚ ਨਿਰਮਲ ਇਹ ਕਰਣੀ ॥...੭॥੧੫॥

(ਗਉੜੀ ਸੁਖਮਨੀ ਮ: ੫, ਪੰਨਾ ੨੮੩)

ਹੇ ਜਨ ਸਦਾ ਸਦਾ ਰਾਤ ਦਿਨ ਜਪੀ ਜਾਹੁ। ਸਾਰੀਆਂ ਕਰਣੀਆਂ ਕਰਮ ਕਰਤੂਤਾਂ ਤੋਂ ਨਿਰਮਲ ਇਹੀ ਕਰਣੀ ਹੈ, ਦਿਨ ਰਾਤ ਸਦਾ ਸਦਾ ਨਾਮ ਜਪੀ ਜਾਣ ਦੀ।

ਨਾਰਾਇਣ ਹਰਿ ਰੰਗ ਰੰਗੋ ॥
ਜਪਿ ਜਿਹਵਾ ਹਰਿ ਏਕ ਮੰਗੋ ॥੧॥ਰਹਾਉ॥੧॥੧੩॥

(ਗਉੜੀ ਮ: ੫, ਪੰਨਾ ੨੪੧)

ਜਿਹਬਾ (ਰਸਨਾ) ਕਰਕੇ ਇਕੋ ਵਾਹਿਗੁਰੂ ਦੀ ਦਰਸ਼ਨ ਭਿਖਿਆ ਨੂੰ ਮੁਖ ਰਖ ਕੇ ਵਾਹਿਗੁਰੂ ਨਾਮੁ ਜਪਹੁ। ਇਉਂ ਵਾਹਿਗੁਰੂ ਦਰਸ਼ਨ ਪ੍ਰੇਮ ਰੰਗਾਂ ਦੇ ਰੰਗ ਚੜ੍ਹਾਓ।

bsrstrust.org

ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ... ॥੧॥ਰਹਾਉ॥੧॥੪੪॥

(ਸੂਹੀ ਮ: ੫, ਪੰਨਾ ੭੪੬)

ਹੁਣ 'ਕਰਿ' ਪ੍ਰਥਾਇ ਕੁਛ ਪਰਮਾਣ ਦਿਤੇ ਜਾਂਦੇ ਹਨ।

ਚਾਹੇ ਅਨੇਕਾਂ ਪਰਮਾਣ ਗੁਰਬਾਣੀ ਅੰਦਰਿ ਹਨ ਜੋ 'ਕਰਿ' 'ਕਰਹੁ' ਦੇ ਅਰਥਾਂ ਵਿਚ ਦਰਸਾਉਂਦੇ ਹਨ। 'ਕਰਹੁ' (ਕਰੋ) ਦੇ ਅਰਥਾਂ ਵਿਚ 'ਕਰੁ' ਰਾਰੇ ਨੂੰ ਔਂਕੜ ਨਾਲਿ ਗੁਰਬਾਣੀ ਵਿਚ ਕਿਤੇ ਨਹੀਂ ਆਇਆ। ਬਸ 'ਕਰਿ' ਹੀ ਆਉਂਦਾ ਹੈ।

ਕਰਿ ਸੰਗਤਿ ਨਿਤ ਸਾਧ ਕੀ ਗੁਰਚਰਣੀ ਚਿਤੁ ਲਾਇ ॥੧॥ਰਹਾਉ॥੧੫॥੮੫॥

(ਸਿਰੀਰਾਗੁ ਮ: ੫, ਪੰਨਾ ੪੭)

ਏਥੇ 'ਕਰਿ' ਤੇ 'ਲਾਇ' ਦੇ ਅਰਥ ਹਨ, 'ਕਰਹੁ' ਤੇ 'ਲਾਵੋ'।

ਕਰਿ ਸੇਵਾ ਸੁਖ ਸਾਗਰੈ ਸਿਰਿ ਸਾਹਾ ਪਾਤਿਸਾਹੁ ॥੨॥੧੨॥੮੨॥

(ਸਿਰੀਰਾਗੁ ਮ: ੫, ਪੰਨਾ ੪੬)

ਸੁਖ ਸਾਗਰ ਵਾਹਿਗੁਰੂ ਦੀ ਸੇਵਾ ਕਰੁ। ਏਥੇ 'ਸਾਗਰੈ' ਦੇ ਰਾਰੇ ਨੂੰ ਦੁਲਾਈਆਂ 'ਦੀ' ਅਰਥ ਦਿੰਦੀਆਂ ਹਨ, ਅਤੇ 'ਸਿਰਿ' ਦੇ ਰਾਰੇ ਦੀ ਸਿਹਾਰੀ 'ਉਤੇ', 'ਉਪਰ' ਦੇ ਅਰਥ ਦਿੰਦੀ ਹੈ। ਸਾਹਾਂ ਦੇ ਉਪਰ ਪਾਤਸ਼ਾਹ ਜੋ ਹੈ ਸੁਖ ਸਾਗਰ ਵਾਹਿਗੁਰੂ ਉਸਦੀ ਤੂੰ ਸੇਵਾ ਕਰ।

ਰਾਖਿ ਲੇਹੁ ਪ੍ਰਭੁ ਕਰਣਹਾਰ ਜੀਅ ਜੰਤ ਕਰਿ ਦਇਆ ॥੪॥੧੪॥੮੪॥

(ਸਿਰੀਰਾਗੁ ਮ: ੫, ਪੰਨਾ ੪੭)

ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥...੩॥੩॥੭੨॥

(ਗਉੜੀ ਗੁਆਰੇਰੀ ਮ: ੫, ਪੰਨਾ ੧੭੬)

ਸੇਵਾ ਕਰ ਅਰ ਗੁਰਮਤਿ ਨਾਮ ਨੂੰ ਭਜ।

ਹਰਿ ਹਰਿ ਨਾਮੁ ਅੰਤਰਿ ਉਰਿਧਾਰਿ ॥
ਸੀਘਰ ਕਾਰਜੁ ਲੇਹੁ ਸਵਾਰਿ ॥੧॥ਰਹਾਉ॥੪॥੭੩॥

(ਗਉੜੀ ਗੁਆਰੇਰੀ ਮ: ੫, ਪੰਨਾ ੧੭੬)

ਐਸਾ ਕੀਰਤਨੁ ਕਰਿ ਮਨ ਮੇਰੇ ॥
ਈਹਾ ਊਹਾ ਜੋ ਕਾਮਿ ਤੇਰੈ ॥੧॥੨॥ *(ਗਉੜੀ ਮ: ੫, ਪੰਨਾ ੨੩੬)*

(੧੬) ਸੁਣਿਐ, ਸੁਣੀਐ, ਸਿਮਰਿਐ, ਸਿਮਰੀਐ, ਮੰਨਿਐ, ਮੰਨੀਐ

ਸੁਣਿਐ—ਸੁਣਨ ਕਰਕੇ।
ਸੁਣੀਐ—ਸੁਣੀਦਾ ਹੈ ਜਾਂ ਸੁਣਨਾ ਚਾਹੀਦਾ ਹੈ।
ਸਿਮਰਿਐ—ਸਿਮਰਨ ਕਰਕੇ।
ਸਿਮਰੀਐ—ਸਿਮਰੀਦਾ ਹੈ ਜਾਂ ਸਿਮਰਨਾ ਚਾਹੀਦਾ ਹੈ।

bsrstrust.org

ਮੰਨਿਐ—ਮੰਨਣ ਕਰਕੇ।

ਮੰਨੀਐ—ਮੰਨਣਾ ਚਾਹੀਦਾ ਹੈ ਯਾ ਮੰਨੀਦਾ ਹੈ।

ਸਿਹਾਰੀ ਵਾਲੇ ਪਦ ਨੂੰ ਬਿਹਾਰੀ ਨਾਲ ਬੋਲਣਾ ਲਿਖਣਾ ਅਤੇ ਬਿਹਾਰੀ ਵਾਲੇ ਨੂੰ ਸਿਹਾਰੀ ਨਾਲ ਬੜਾ ਹੀ ਅਸ਼ੁਧ ਪਾਠ ਹੈ। ਕਿਉਂਕਿ ਭਾਵ ਉਲਟ ਪੁਲਟ ਹੋ ਜਾਂਦਾ ਹੈ। ਇਕੋ ਉਦਾਹਰਣ ਕਾਫੀ ਹੈ। ਜਪੁਜੀ ਸਾਹਿਬ ਦੀਆਂ ਪਉੜੀਆਂ ੮,੯,੧੦,੧੧ ਵਿਚ 'ਸੁਣਿਐ' ਦੇ ਪਾਠ ਤੇ ਭਾਵ ਹੈ ਅਰਥਾਤ 'ਸੁਣਨ ਕਰਕੇ'।

ਇਸ ਪਰਮਾਣ ਅੰਦਰ 'ਸੁਣੀਐ' ਦੇ ਪਾਠ ਤੇ ਭਾਵ ਹਨ:

ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥
ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥੧॥੩॥ *(ਮਾਝ ਮ: ੪, ਪੰਨਾ ੯੫)*

ਏਥੇ 'ਸੁਣੀਐ' ਦਾ ਭਾਵ ਹੈ 'ਕਥਾ ਸੁਣਨੀ ਚਾਹੀਦੀ ਹੈ'।

(੧੭) ਕੁਝ ਨਾਵਾਂ ਨੂੰ ਸਿਹਾਰੀ ਇਸਤ੍ਰੀ ਲਿੰਗ ਬਣਾਉਂਦੀ ਹੈ

ਹੇਠ ਲਿਖੇ ਨਾਂਵ ਜਿਨ੍ਹਾਂ ਦੇ ਪਿਛਲੇ ਅੱਖਰ ਨੂੰ ਸਿਹਾਰੀ ਲਗੀ ਹੋਈ ਹੁੰਦੀ ਹੈ ਇਸਤ੍ਰੀ ਲਿੰਗ ਦਾ ਭਾਵ ਸਦਾ ਦਰਸਾਉਂਦੇ ਹਨ। ਜਿਵੇਂ:

ਰਿਧਿ—ਰਿਧੀ; ਸਿਧਿ—ਸਿਧੀ; ਨਿਧਿ—ਨਿਧੀ; ਸਾਂਤਿ—ਸਾਂਤੀ; ਕ੍ਰਾਂਤਿ—ਕ੍ਰਾਂਤੀ; ਮੁਕਤਿ—ਮੁਕਤੀ; ਜੁਗਤਿ—ਜੁਗਤੀ; ਭੁਗਤਿ—ਭੁਗਤੀ; ਸ਼ਕਤਿ—ਸ਼ਕਤੀ; ਜਾਤਿ—ਜਾਤੀ; ਪਾਤਿ—ਪਾਤੀ; ਪ੍ਰੀਤਿ—ਪ੍ਰੀਤੀ; ਰੀਤਿ—ਰੀਤੀ; ਪਰਤੀਤਿ—ਪਰਤੀਤੀ; ਨੀਤਿ—ਨੀਤੀ; ਉਤਪਤਿ—ਉਤਪਤੀ; ਬੁਧਿ—ਬੁਧੀ; ਅਤਿ—ਅਤੀ; ਪਤਿ—ਪਤੀ; ਗਤਿ—ਗਤੀ; ਆਦਿ ਅਨੇਕ ਇਸ ਪ੍ਰਕਾਰ ਦੇ ਸ਼ਬਦ ਹਨ। ਇਨ੍ਹਾਂ ਦੇ ਅਨੇਕਾਂ ਉਦਾਹਰਣ ਗੁਰਬਾਣੀ ਅੰਦਰ ਹਨ।

ਅਗਿਆਨਿ, ਅਕਾਲ ਮੂਰਤਿ

ਕਈ ਵੇਰੀ ਨਾਂਵ ਨਾਲ ਲੱਗੀ ਸਿਹਾਰੀ ਨਾਂਵ ਨੂੰ ਵਿਸ਼ੇਸ਼ਣ ਵਿਚ ਪਲਟਾ ਦਿੰਦੀ ਹੈ।

ਮਨਮੁਖ ਅਗਿਆਨਿ ਕੁਮਾਰਗਿ ਪਾਏ ॥...੩॥੪॥ *(ਗਉੜੀ ਮ: ੩, ਪੰਨਾ ੨੩੧)*

ਅਗਿਆਨੀ ਮਨਮੁਖ ਕੁਮਾਰਗੇ ਪਾਏ ਹੋਏ ਹਨ।

'ਅਕਾਲ ਮੂਰਤਿ' ਵਿਚ ਮੂਰਤਿ ਦੇ ਤੱਤੇ ਨੂੰ ਜੋ ਸਿਹਾਰੀ ਲਗੀ ਹੋਈ ਹੈ ਸੋ ਨਿਰਾ ਮੂਰਤੀ ਦਾ ਅਰਥ ਨਹੀਂ ਰਖਦੀ ਹੈ। 'ਮੂਰਤੀ ਸਹਿਤ' ਜਾਂ 'ਮੂਰਤੀ ਵਾਲੇ' ਦਾ ਅਰਥ ਦਿੰਦੀ ਹੈ। 'ਅਕਾਲ ਮੂਰਤਿ' ਦੇ ਅਰਥ ਹਨ—ਵਾਹਿਗੁਰੂ ਜਿਸ ਦੀ ਮੂਰਤੀ,

bsrstrust.org

ਜਿਸ ਦੀ ਹਸਤੀ, ਜਿਸ ਦਾ ਵਜੂਦ ਅਕਾਲ ਹੈ, ਕਾਲ ਰਹਿਤ ਹੈ। ਉਹ ਮੂਰਤੀ ਵਜੂਦ ਸਹਿਤ ਹੈ, ਪਰ ਅਕਾਲ ਮੂਰਤੀ ਸਹਿਤ ਜਿਸ ਦਾ ਵਜੂਦ ਹੈ ਉਸ ਨੂੰ ਕਦੇ ਭੀ ਕਾਲ ਨਹੀਂ; ਜਿਹਾ ਕਿ :

ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ॥...੭॥੨॥੧੧॥

(ਮਾਰੂ ਮ: ੫, ਪੰਨਾ ੧੦੮੨)

ਹੁਕਮੀ, ਹੁਕਮਿ, ਹੋਵਹਿ, ਹੋਵਨਿ

'ਹੋਵਹਿ' ਵਾਂਗੂੰ 'ਹੋਵਨਿ' ਨੰਨੇ ਸਿਹਾਰੀ ਨਾਲਿ ਜਮਾਂ ਗਾਇਬ (ਅੰਨਯ ਪੁਰਖ ਬਹੁ-ਵਚਨ) ਕਿਰਿਆ ਦੇ ਅਰਥਾਂ ਵਿਚ ਆਉਂਦਾ ਹੈ।

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ *(ਜਪੁਜੀ)*

ਏਥੇ 'ਹੋਵਨਿ ਆਕਾਰ' ਤੇ 'ਹੋਵਨਿ ਜੀਅ' ਦੋਨੋਂ 'ਹੋਵਹਿ' ਦੇ ਅਰਥਾਂ ਵਿਚ ਹਨ।

"ਹੁਕਮਿ ਮਿਲੈ ਵਡਿਆਈ" ਦੀ ਪੰਗਤੀ ਵਿਚ ਹੁਕਮਿ ਦੇ ਮੰਮੇ ਨੂੰ ਸਿਹਾਰੀ ਹੋਣ ਕਰਕੇ, 'ਹੁਕਮਿ' ਦੇ ਅਰਥ 'ਹੁਕਮ ਅਨੁਸਾਰ' ਦੇ ਹਨ।

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥ *(ਜਪੁਜੀ)*

ਇਸ ਪੰਗਤੀ ਅੰਦਰਿ 'ਹੁਕਮੀ' ਅਤੇ 'ਹੁਕਮਿ' ਦੇ ਇਕੋ ਅਰਥ ਹਨ :

'ਹੁਕਮ ਅੰਦਰਿ'। ਪੰਗਤੀ ਦੇ ਅਰਥ ਹਨ :

ਹੁਕਮ ਅੰਦਰ ਹੀ ਜੀਅ (ਜੀਵ) ਹੁੰਦੇ (ਉਤਪਤ ਹੁੰਦੇ ਹਨ)। ਹੁਕਮ ਅਨੁਸਾਰ ਹੀ ਉਹਨਾਂ ਨੂੰ ਊਚ ਹੋਣ ਦੀ ਵਡਿਆਈ ਤੇ ਨੀਚ ਹੋਣ ਦੀ ਛੁਟਿਆਈ ਮਿਲਦੀ ਹੈ। (ਕਰਮ ਗਤੀ ਅਨੁਸਾਰ ਹੀ) ਹੁਕਮ ਅੰਦਰਿ ਜੀਵ ਊਚ ਨੀਚ ਪਦਵੀ ਨੂੰ ਪ੍ਰਾਪਤ ਹੁੰਦੇ ਹਨ ਅਤੇ ਹੁਕਮ ਲਿਖੇ ਅਨੁਸਾਰ ਹੀ ਦੁਖ ਸੁਖ ਪਾਉਂਦੇ ਹਨ। ਇਹਨਾਂ ਜੀਵਾਂ ਪ੍ਰਾਣੀਆਂ ਨੂੰ ਹੁਕਮ ਅੰਦਰ ਬਖ਼ਸ਼ਿਸ਼ ਮਿਲਦੀ ਹੈ। ਅਰਥਾਤ ਇਕ ਐਸੇ ਪ੍ਰਾਣੀ ਹਨ ਜੋ ਹੁਕਮ ਅੰਦਰ ਬਖ਼ਸ਼ੇ ਜਾਂਦੇ ਹਨ। ਇਕ ਐਸੇ ਹਨ ਜੋ ਹੁਕਮ ਅੰਦਰਿ ਸਦਾ ਸਦਾ ਜੂਨੀਆਂ ਵਿਖੇ ਭਵਾਈਦੇ ਹਨ।

(੧੮) ਭਵਾਈਅਹਿਂ, ਪਾਈਅਹਿਂ

ਪਿਛਲੀਆਂ ਦੋਹਾਂ ਪੰਗਤੀਆਂ ਦੇ ਛੇਕੜਲੇ ਪਦ 'ਪਾਈਅਹਿ' 'ਭਵਾਈਅਹਿ', ਦੋਵਾਂ ਦੇ 'ਹ' ਨੂੰ ਜੋ ਸਿਹਾਰੀ ਲਗੀ ਹੋਈ ਹੈ, ਇਸ ਤੋਂ ਇਹ ਨਿਯਮ ਬਣਦਾ ਹੈ ਕਿ ਸਾਧਾਰਨ ਵਰਤਮਾਨ ਕਿਰਿਆ (present tense) ਜਿਸ ਦੇ ਅੰਤਲੇ ਅੱਖਰ 'ਹਾਹੇ'

bsrstrust.org

ਨੂੰ ਸਿਹਾਰੀ ਹੋਵੇ, ਜਿਸ ਦਾ ਕਰਤਾ ਬਹੁ-ਵਚਨ ਅਨਯਪੁਰਖ (third person plural) ਹੋਵੇ, ਉਥੇ ਬਹੁ-ਵਚਨ ਕਿਰਿਆ ਵਰਤਮਾਨ ਦੀ ਜ਼ਰੂਰ ਪਿਛਲੇ ਅੱਖਰ ਹਾਹੇ ਨੂੰ ਸਿਹਾਰੀ ਬਿੰਦੇ ਸਹਿਤ ਹੁੰਦੀ ਹੈ; ਕਿਤੇ ਨੰਨੇ ਨੂੰ ਸਿਹਾਰੀ ਨਾਲ ਭੀ ਹੁੰਦੀ ਹੈ।

ਸਟੀਅਨਿ, ਲਾਹਿਓਨੁ, ਜਮਾਈਅਨੁ

ਜਿਥੇ ਫਿਅਲ ਮਫਊਲੀਅਤ (ਕਰਮਨੀਵਾਚ ਕਿਰਿਆ) ਇਕ-ਵਚਨ ਅਨਯਪੁਰਖ (third person singular) ਹੋਵੇ ਓਥੇ ਕਿਰਿਆ ਦੇ ਪਿਛਲੇ ਅੱਖਰ ਨੰਨੇ ਨੂੰ ਸਿਹਾਰੀ ਦੇ ਥਾਓਂ ਔਂਕੜ ਲਗ ਜਾਂਦਾ ਹੈ। ਯਥਾ :

ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ ॥
ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲੁ ਗਵਾਇਆ ॥.....
ਤਿਨ ਕਾ ਕਾੜਾ ਅੰਦੇਸਾ ਸਭੁ ਲਾਹਿਓਨੁ ਜਿਨੀ ਸਤਿਗੁਰੁ ਪੁਰਖੁ ਧਿਆਇਆ ॥੧॥੯॥
(ਵਾਰ ਗਉੜੀ ਮ: ੪, ਪੰਨਾ ੩੦੪)

ਏਸੇ ਤਰ੍ਹਾਂ ਸਮੱਗਰ ਬਾਣੀ ਵਿਚਿ ਏਹੋ ਹੀ ਨਿਯਮ ਹਨ ਕਰਮ (ਮਫਊਲ) ਭਾਵੇਂ ਬਹੁ-ਵਚਨ (plural) ਹੀ ਹੋਵੇ ਪਰ ਕਰਤਰੀਵਾਚ ਨਾਉਂ (ਫਾਇਲ) ਜਿਸ ਕਿਰਿਆ ਦਾ ਇਕ-ਵਚਨ (singular) ਹੋਵੇ ਓਥੇ ਭੀ ਕਿਰਿਆ ਦੇ ਨੰਨੇ ਨੂੰ ਔਂਕੜ ਹੀ ਲਗਦਾ ਹੈ। ਯਥਾ :

ਜੋਰਾ ਪੁਰਖ ਸਭਿ ਆਪਿ ਉਪਾਇਅਨੁ ਹਰਿ ਖੇਲ ਸਭਿ ਖਿਲਾ ॥...੨॥੯॥
(ਵਾਰ ਗਉੜੀ ਮ: ੪, ਪੰਨਾ ੩੦੪)

ਕਰਿ ਕਿਰਪਾ ਸਤਿਗੁਰੁ ਮੇਲਿਓਨੁ ਮੁਖਿ ਗੁਰਮੁਖਿ ਨਾਮੁ ਧਿਆਇਸੀ ॥੧॥੧੮॥
(ਵਾਰ ਗਉੜੀ ਮ: ੪, ਪੰਨਾ ੩੧੦)

ਕਰਮਨੀਵਾਚ ਕਿਰਿਆ ਬਹੁ-ਵਚਨਾਂਤ੍ਰੀ ਹਮੇਸ਼ਾ ਨੰਨੇ ਨੂੰ ਸਿਹਾਰੀ ਨਾਲ ਹੁੰਦੀ ਹੈ। ਯਥਾ :

ਕੂੜਿਆਰ ਪਿਛਾਹਾ ਸਟੀਅਨਿ...॥੬॥ *(ਵਾਰ ਗਉੜੀ ਮ: ੪, ਪੰਨਾ ੩੦੨)*

ਕੂੜਿਆਰ ਮਫਊਲੀ (ਕਰਮਨੀਵਾਚ) ਨਾਂਵ ਦਾ ਰਾਰਾ ਬਹੁ-ਵਚਨ ਦਰਸਾਉਂਦਾ ਹੈ। ਇਸ ਕਰਕੇ ਕਿਰਿਆ ਭੀ ਬਹੁ-ਵਚਨ ਦਰਸਾਉਂਦੀ ਹੈ। 'ਸਟੀਅਨਿ' ਦੇ ਨੰਨੇ ਨੂੰ ਸਿਹਾਰੀ ਹੈ। ਹਾਹੇ ਨੂੰ ਸਿਹਾਰੀ ਨਾਲਿ ਭੀ ਏਸੇ ਭਾਵ ਅਰਥੀ ਕਿਰਿਆ ਆਉਂਦੀ ਹੈ :

ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥੧੫॥
(ਵਾਰ ਗਉੜੀ ਮ: ੪, ਪੰਨਾ ੩੦੯)

ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ ॥
ਹਰਿ ਉਤਮੁ ਤਿਨੀ ਸਰੇਵਿਆ ਜਿਨ ਕਉ ਧੁਰਿ ਲਿਖਿਆ ਆਹਿ ॥
ਤੇ ਹਰਿ ਦਰਗਹਿ ਪੈਨਾਈਅਹਿ ਜਿਨ ਹਰਿ ਵੁਠਾ ਮਨ ਮਾਹਿ ॥...੧॥੧੭॥
(ਵਾਰ ਗਉੜੀ ਮ: ੪, ਪੰਨਾ ੩੧੦)

bsrstrust.org

ਜਿਥੇ ਕਿਥੇ ਭੀ ਇਸ ਪ੍ਰਕਾਰ ਦੀ ਕਿਰਿਆ ਦੇ ਪਿਛਲੇ ਅੱਖਰ ਨੂੰ ਨੰਨਾ ਲਗਦਾ ਹੈ, ਚਾਹੇ ਇਹ ਕਿਰਿਆ ਜਿਨ੍ਹਾਂ ਉਪਰ ਘਟਦੀ ਹੈ, ਉਹ ਬਹੁ-ਵਚਨ ਹੋਣ ਪਰ ਕਰਤਾ ਜੋ ਇਕ-ਵਚਨ ਹੈ, ਤਦੇ ਨੰਨੇ ਨੂੰ ਔਂਕੜ ਲਗਦਾ ਹੈ। ਯਥਾ :

ਰਹਦੇ ਖੁਹਦੇ ਨਿੰਦਕ ਮਾਰਿਅਨੁ ਕਰਿ ਆਪੇ ਆਹਰੁ ॥...੧॥੨੭॥

(ਵਾਰ ਗਉੜੀ ਮ: ੫, ਪੰਨਾ ੩੧੫)

ਦੁਲਾਈਆਂ ਦੇ ਭੀ ਵਖੋ ਵਖ ਭਾਵ ਹਨ

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ *(ਜਪੁਜੀ)*

ਇਸ ਦੇ ਅੰਦਰਿ ਪਹਿਲੇ 'ਹੁਕਮੈ' ਦੀਆਂ ਦੁਲਾਈਆਂ ਦੇ ਅਰਥ ਹਨ--'ਦੇ'।

ਸਾਰੀ ਪੰਗਤੀ ਦਾ ਭਾਵ ਇਹ ਹੈ—ਹੁਕਮ ਦੇ ਅੰਦਰ ਹੀ, ਸਭ ਕੋਈ ਹੈ। 'ਬਾਹਰਿ ਹੁਕਮ' ਦੇ ਮੰਮੇ ਦਾ ਔਂਕੜ ਇਸ ਕਰਕੇ ਲਹਿ ਗਿਆ ਕਿ 'ਬਾਹਰਿ' ਸਬੰਧਕੀ ਪਦ ਨਾਲਿ ਲਗਾ ਹੋਇਆ ਹੈ। 'ਅੰਦਰਿ' ਤੇ 'ਬਾਹਰਿ' ਦੇ ਪਿਛਲੇ ਰਾਰਿਆਂ ਨੂੰ ਨਿਯਮ ਅਨੁਸਾਰ ਸਿਹਾਰੀਆਂ ਹਨ ਹੀ। "ਨਾਨਕ ਹੁਕਮੈ ਜੇ ਬੁਝੈ" ਪੰਗਤੀ ਵਿਚ ਹੁਕਮੈ ਦੀਆਂ ਦੁਲਾਈਆਂ ਦੇ ਅਰਥ ਹਨ—ਨੂੰ ਦੇ। 'ਗੁਰੂ ਨਾਨਕ ਦ੍ਰਿੜ੍ਹਾਏ ਹੁਕਮ ਨੂੰ ਜੇ ਕੋਈ ਬੁਝਦਾ ਹੈ', "ਤ ਹਉਮੈ ਕਹੈ ਨ ਕੋਇ" ਤੁਕ ਵਿਚ 'ਕਹੈ' ਦੀ ਦੁਲਾਈਆਂ ਦੇ ਅਰਥ ਹਨ— 'ਕਹਿੰਦਾ ਹੈ' 'ਹੁਕਮ ਨੂੰ ਜੇ ਕੋਈ ਜਨ ਬੁਝਦਾ ਹੈ ਤਾਂ ਫੇਰ ਹਉਮੈ ਨਹੀਂ ਕਹਿੰਦਾ। ਭਾਵ ਹੁਕਮ ਬੁਝਣਹਾਰੇ ਅੰਦਰਿ ਮੈਂ ਦੀ ਕਾਈ ਨਹੀਂ ਰਹਿੰਦੀ।'

ਕਿਰਿਆ ਪਦ ਦੇ ਆਖ਼ਰੀ ਅੱਖਰ ਹਾਹੇ ਨੂੰ ਲਗੀ ਹੋਈ ਸਿਹਾਰੀ ਇਸ ਭੇਦ ਨੂੰ ਸਾਫ਼ ਨਿਖੇੜ ਦਿੰਦੀ ਹੈ ਕਿ ਇਸ ਕਿਰਿਆ ਦਾ ਕਰਤਾ ਬਹੁ-ਵਚਨ ਵਾਲਾ ਹੈ ਕਿ ਇਕ-ਵਚਨ ਵਾਲਾ।

ਗਾਵਹਿ, ਗਾਵੈ, ਲਾਗੈ, ਜਹ, ਤਹ

ਕੀਰਤਨ ਕਰਦੇ ਹੋਏ ਬਹੁਤ ਸਾਰੇ ਕੀਰਤਨੀਏ ਗਾਇਆ ਕਰਦੇ ਹਨ :

ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ ॥੪॥੬॥

(ਸੋਰਠਿ ਮ: ੫, ਪੰਨਾ ੬੧੦)

'ਗਾਵਹਿ' ਨੂੰ ਗਾਉਣ ਵੇਲੇ 'ਗਾਵੈ' ਉਠਾਇਆ ਕਰਦੇ ਹਨ ਅਤੇ ਭਾਵ ਲਾਇਆ ਕਰਦੇ ਹਨ ਕਿ ਜਿਥੇ ਤੇਰਾ ਸਾਧੂ ਕੀਰਤਨ ਗਾਉਂਦਾ ਹੈ ਤਿਥੇ ਮੇਰਾ ਮਨ **ਲਗਦਾ** ਹੈ। 'ਲਗਦਾ ਹੈ' ਤਾਂ ਠੀਕ ਅਰਥ ਹੈ ਕਿਉਂਕਿ 'ਲਾਗੈ' ਦੇ ਗੱਗੇ ਨੂੰ ਦੁਲਾਈਆਂ ਲਗੀਆਂ ਹੋਈਆਂ ਹਨ। ਪਰ ਗਾਉਂਦਾ ਹੈ ਅਰਥ ਬਣਦਾ ਨਹੀਂ। ਕਿਉਂਕਿ ਕਿਰਿਆ ਹੈ, 'ਗਾਵਹਿਂ' ਨਾ ਕਿ 'ਗਾਵੈ'।

bsrstrust.org

ਹਾਹੇ ਸਿਹਾਰੀ ਸਹਿਤ ਗਾਵਹਿਂ ਦਾ ਅਰਥ ਹੈ—ਗਾਉਂਦੇ ਹਨ। ਕੀਰਤਨੀਆਂ ਨੂੰ ਭਰਮ ਭੁਲਾਵਾ ਅਰਥਾਂ ਦਾ ਲਗਦਾ ਹੈ 'ਤੇਰਾ' ਪਦ ਤੋਂ। 'ਤੇਰਾ' ਉਹ ਲਾਉਂਦੇ ਹਨ 'ਸਾਧੂ' ਦੇ ਨਾਲਿ ਅਤੇ ਘੋਟ ਘੋਟ ਕੇ 'ਤੇਰਾ ਸਾਧੂ', 'ਤੇਰਾ ਸਾਧੂ' ਵਖਾਣ ਵਖਾਣ ਕੇ ਗਾਉਂਦੇ ਹਨ। ਪਰ ਵਾਸਤਵ ਵਿਚ 'ਤੇਰਾ' ਪਦ ਪੜਨਾਂਵ (pronoun) 'ਕੀਰਤਨੁ' ਨਾਲਿ ਹੈ। ਕੀਰਤਨ ਤੇਰਾ, ਤੇਰਾ ਕੀਰਤਨ, ਅਤੇ ਗਾਵਹਿ ਸਾਧੂ ਜਨ। ਇਉਂ ਸਾਰੀ ਤੁਕ ਦੀ ਵਾਰਤਕ (ਅਨਵੈ) ਠੀਕ ਇਉਂ ਬਣੀ :

'ਜਹ ਸਾਧੂ (ਜਨ) ਤੇਰਾ (ਹੇ ਵਾਹਿਗੁਰੂ) ਕੀਰਤਨ ਗਾਵਹਿ ਤਹ ਮੇਰਾ ਮਨੁ ਲਾਗੈ ॥'

ਜਿਥੇ ਜਿਸ ਕੀਰਤਨ ਅਸਥਾਨ (ਖ਼ਾਸ ਕਰ ਹਰੀ ਮੰਦਰ ਸਾਹਿਬ) ਗੁਰਮੁਖ ਸਾਧੂ ਕੀਰਤਨੀਏ ਜਨ ਮਿਲ ਕੇ ਤੇਰਾ ਕੀਰਤਨ ਗਾਉਂਦੇ ਹਨ ਹੇ ਵਾਹਿਗੁਰੂ ਤਿਥੈ ਤਿਸ ਅਸਥਾਨ ਵਿਖੇ ਅਰਥਾਤ ਸਾਧ ਸੰਗਤ ਮੰਡਲ ਵਿਖੇ ਗੁਰੂ ਨਾਨਕ ਸਾਹਿਬ ਪੰਚਮੇਸ਼ ਜੀ ਫ਼ੁਰਮਾਉਂਦੇ ਹਨ ਮੇਰਾ ਮਨ ਲਗਦਾ ਹੈ, ਪਰਚਦਾ ਹੈ, ਸੱਚੀ ਪਰਚਣੀ ਪਰਚਦਾ ਹੈ।

ਇਸ ਪੰਗਤੀ ਤੋਂ ਇਕ ਹੋਰ ਨਿਯਮ ਸਿਧ ਹੁੰਦਾ ਹੈ ਉਹ ਇਹ ਕਿ 'ਜਹ' 'ਤਹ' ਪਦ ਜਿਥੇ ਭੀ ਗੁਰਬਾਣੀ ਅੰਦਰਿ ਵਰਤੇ ਜਾਂਦੇ ਹਨ (ਵਰਤੇ ਗਏ ਹਨ) ਨਾ 'ਜਹ' ਦੇ ਹਾਹੇ ਨੂੰ ਨਾ 'ਤਹ' ਦੇ ਹਾਹੇ ਨੂੰ ਸਿਹਾਰੀ ਲਗਦੀ ਹੈ। ਭਾਵ ਜਹ ਜਾਂ ਤਹ ਨੂੰ ਕਿਤੇ ਭੀ ਸਿਹਾਰੀ ਨਹੀਂ ਲਗਦੀ, ਸਾਰੀ ਗੁਰਬਾਣੀ ਦੇ ਪਾਠ ਅੰਦਰ। ਕੁਛ ਪਰਮਾਣ ਵਜੋਂ ਉਦਾਹਰਣ (ਮਿਸਾਲਾਂ) ਦਿਤੀਆਂ ਜਾਂਦੀਆਂ ਹਨ। ਯਥਾ :

ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥
ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ ॥...੨॥੮॥

(ਗਉੜੀ ਗੁਆਰੇਰੀ ਮ: ੩, ਪੰਨਾ ੧੬੦)

ਭਾਵ, ਜਿਸ ਸੰਗਤਿ ਸਮਾਗਮ ਵਿਖੇ ਸਤਿਗੁਰੂ ਸਾਖਯਾਤ ਹੈ, ਓਹੀ ਸੱਚੀ ਸਤਿਸੰਗਤ ਹੈ। ਸਤਿਗੁਰੂ ਦੀ ਸਾਖਯਾਤ ਹਾਜ਼ਰਾ ਹਜ਼ੂਰੀ ਵਿਚ ਹੀ ਹਰਿ ਗੁਣ ਗਾਉਣ ਦਾ ਅਨੰਦ ਹੈ। ਗੁਰੂ ਘਰ ਦੀ ਸੰਗਤਿ ਕੀਰਤਨ ਮੰਡਲੀ ਵਾਲਾ ਸਮਾਗਮ ਅਸਥਾਨ ਹੀ ਸੱਚਾ ਸਤਿ ਸੰਗਤ ਸਥਾਨ ਹੈ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਫੇਰ ਗੁਰਬਾਣੀ ਦੇ ਕੀਰਤਨ ਗਾਵਣ ਹਾਰੀ ਨਿਰੋਲ ਗੁਰਬਾਣੀ ਦਾ ਨਿਰਬਾਣ ਕੀਰਤਨ ਗਾਵਨ ਹਾਰੀ ਸੰਗਤ ਹੀ ਗੁਰੂ ਕੀ ਸੰਗਤ ਹੈ। ਅਤੇ ਉਹ ਅਸਥਾਨ ਹੀ ਸੱਚਾ ਸਤਿ ਸੰਗ ਸਮਾਗਮ ਅਸਥਾਨ ਹੈ, ਤਥਾ :

ਜਹ ਕਰਣੀ ਤਹ ਪੂਰੀ ਮਤਿ ॥
ਕਰਣੀ ਬਾਝਹੁ ਘਟੇ ਘਟਿ ॥੩॥੩੦॥ *(ਸਿਰੀਰਾਗੁ ਮ: ੧, ਪੰਨਾ ੨੫)*

ਭਾਵ, ਜਿਸ ਜਨ ਦੇ ਘਟ ਵਿਖੇ ਗੁਰਮਤਿ ਕਰਣੀ ਵਾਲੀ ਮਤਿ ਹੈ, ਤਿਥੇ ਹੀ—ਤਿਸ ਘਟ ਵਿਖੇ ਹੀ, ਪੂਰੀ ਮਤਿ ਟਿਕਦੀ ਹੈ। ਇਸ ਕਰਨੀ ਬਾਝਹੁ ਹੋਰ ਮਤਾਂ ਊਰੀਆਂ ਹੋਛੀਆਂ ਮਤਾਂ ਹਨ। ਇਸ ਸੱਚੀ ਗੁਰਮਤਿ ਕਰਣੀ ਬਾਝ ਹੋਰ ਮਤ ਸਭ ਘਟੀਅਲ ਮਤਿ ਹੈ। ਘਾਟੇ ਦੇ ਸਉਦੇ ਵਾਲੀ ਮਤਿ ਹੈ, ਅਤੇ ਗੁਰਮਤਿ ਕਰਣੀ ਕੀ ਹੈ :

bsrstrust.org

ਕਰਣੀ ਕਾਰ ਧੁਰਹੁ ਫੁਰਮਾਈ ॥
ਬਿਨੁ ਸਬਦੈ ਕੋ ਥਾਇ ਨ ਪਾਈ ॥
ਕਰਣੀ ਕੀਰਤਿ ਨਾਮੁ ਵਸਾਈ ॥
ਆਪੇ ਦੇਵੈ ਢਿਲ ਨ ਪਾਈ ॥੨॥੭॥੪੬॥ *(ਆਸਾ ਮ: ੩, ਪੰਨਾ ੩੬੩)*

ਭਾਵ, ਗੁਰਮਤਿ ਕਰਣੀ ਹੈ, ਧੁਰੋਂ ਫ਼ੁਰਮਾਈ ਹੋਈ, ਧੁਰੋਂ ਆਈ ਹੋਈ, ਗੁਰਬਾਣੀ, ਨਾਮ, ਗੁਰਮਤਿ ਨਾਮ ਦੀ ਕਾਰ। ਜਿਥੇ ਇਹ ਗੁਰਮਤਿ ਕਾਰ ਰੂਪੀ ਫ਼ੁਰਮਾਈ ਕਾਰ ਰੂਪੀ ਸੱਚੀ ਕਰਣੀ ਹੈ, ਤਿਸ ਜਨ ਦੀ ਘਟਿ (ਮੱਤ) ਵਿਖੇ ਹੀ ਪੂਰੀ ਗੁਰਮਤਿ ਮਤ ਹੈ। ਇਸ ਕਰਣੀ ਦੀ ਕਸੌਟੀ ਇਹ ਹੈ ਕਿ ਗੁਰਸ਼ਬਦ ਗੁਰਮੰਤ੍ਰ ਹੀਣ ਕੋਈ ਪ੍ਰਾਣੀ ਥਾਉਂ ਨਹੀਂ ਪੈਂਦਾ, ਨਾ ਹੀ ਕਿਸੇ ਪ੍ਰਾਣੀ ਦੀ ਕਰਮ ਕਰਣੀ ਥਾਇਂ ਪੈਂਦੀ ਹੈ। ਸੱਚੀ ਕਰਣੀ ਉਸ ਜਨ ਦੀ ਜਾਣੀਐ ਜਿਸਦੇ ਘਟ ਅੰਤਰਿ ਕੀਰਤਿ ਨਾਮ ਰੂਪੀ ਸੱਚੀ ਕਰਣੀ ਵਸੀ ਹੋਈ ਹੈ। ਇਸ ਸੱਚੀ ਗੁਰਮਤਿ ਕਰਣੀ ਦੀ ਦਾਤਿ ਸੱਚਾ ਪਾਤਸ਼ਾਹ ਆਪ ਤੁਠ ਕੇ ਦਿੰਦਾ ਹੈ, ਅਤੇ ਜਿਸਨੂੰ ਦਿੰਦਾ ਹੈ, ਇਕ ਛਿਨ ਵਿਚ ਹੀ ਤੁਰਤੋ ਫੁਰਤੀ ਨਦਰੀ ਨਦਰ ਨਿਹਾਲ ਹੋ ਕੇ ਦਿੰਦਾ ਹੈ। ਢਿਲ ਨਹੀਂ ਪੈਂਦੀ। ਬਿਲਮ ਦੇਰੀ ਨਹੀਂ ਲਗਦੀ। ਪੁਨਾ :

ਜਹ ਜਹ ਦੇਖਾ ਤਹ ਤਹ ਸੁਆਮੀ ॥
ਤੂ ਘਟਿ ਘਟਿ ਰਵਿਆ ਅੰਤਰਜਾਮੀ ॥
ਗੁਰਿ ਪੂਰੈ ਹਰਿ ਨਾਲਿ ਦਿਖਾਲਿਆ,
ਹਉ ਸਤਿਗੁਰ ਵਿਟਹੁ ਸਦ ਵਾਰਿਆ ਜੀਉ ॥੨॥੭॥

(ਮਾਝ ਮਹਲਾ ੪, ਪੰਨਾ ੯੬)

ਭਾਵ, ਸਤਿਗੁਰ ਦੇ ਪਰਸਾਦ ਕਰਿ ਗੁਰਮਤਿ ਨਾਮ ਦੀ ਕਾਰ ਕਮਾਈ ਕਰ ਕਰ ਕੇ ਘਟ ਅੰਤਰ ਵਾਹਿਗੁਰੂ ਜੋਤੀਸ਼ ਦੀ ਜੋਤਿ ਦਾ ਜਦ ਪਰਕਾਸ਼ ਹੋਇਆ ਤਦ ਹੋਰੋ ਹੋਰ ਕਮਾਈਆਂ (ਬਹੁਤੀਆਂ ਕਮਾਈਆਂ) ਗੁਰਮਤਿ ਨਾਮ ਅਭਿਆਸ ਦੀਆਂ ਕਰਨ ਦਾ ਵਿਸਮਾਦ ਰਸੀ ਸੁਆਦ ਆਇਆ ਅਤੇ ਵਧ ਤੋਂ ਵਧ ਕਮਾਈਆਂ ਕਰਨ ਦਾ ਸਦਕਾ ਵਾਹਿਗੁਰੂ ਜੋਤੀਸ਼ ਜਗਦੀਸ਼ ਦੀ ਜੋਤਿ ਅੰਤਰਿ ਬਾਹਰ ਗਗਨਾਂ ਮੰਡਲਾਂ ਵਿਖੇ ਸਾਰੇ ਅਕਾਸ਼ ਪੁਲਾੜ ਵਿਖੇ ਜਗ ਉਠੀ, ਅਤੇ ਵਾਹਿਗੁਰੂ ਜੋਤਿ ਜਗਦੀਸ਼ ਦਾ ਪ੍ਰਕਾਸ਼ ਚਾਨਣਾ ਸਾਰੇ ਹੀ ਪ੍ਰਤਖ ਨਜ਼ਰੀਂ ਆਇਆ। ਇਸ ਆਤਮ ਅਵਸਥਾ ਵਿਖੇ ਹੀ ਇਹੀਓ ਕਹਿਣਾ ਬਣਿ ਆਇਆ ਅਤੇ ਬਣਿਆ ਰਹਿੰਦਾ ਹੈ :

ਜਹ ਜਹ ਦੇਖਾ ਤਹ ਤਹ ਸੁਆਮੀ ॥
ਤੂ ਘਟਿ ਘਟਿ ਰਵਿਆ ਅੰਤਰਜਾਮੀ ॥

ਵਾਹਿਗੁਰੂ ਅੰਤਰ ਜਾਮੀ ਨੂੰ ਪ੍ਰਤਖ ਅੰਦਰ ਬਾਹਰ ਦੇਖਦੇ ਵਾਹਿਗੁਰੂ ਦਰਸ ਦੀਦਾਰੇ ਦੇ ਉਛਲਦੇ ਉਮਾਹੇ ਵਿਚਿ ਸਨਮੁਖ ਦੀਦਾਰ ਨਜ਼ਾਰਾ ਦੇਖਦੇ ਹੋਏ ਇਹ ਆਖਣਾ ਸੋਭਨੀਕ ਹੋਇਆ, 'ਹੇ ਪਰਤਖ ਦੀਦਾਰ ਦੇਣ ਹਾਰੇ ਸਨਮੁਖੀ ਦਰਸਾਰੇ ਵਾਲੇ ਵਾਹਿਗੁਰੂ ਤੂੰ ਘਟ ਘਟ ਵਿਖੇ ਰਮ ਰਹਿਆ ਹੈਂ। ਰਮ ਹੀ ਨਹੀਂ ਰਹਿਆ ਰਮਕੇ ਘਟ ਘਟ ਨੂੰ ਰਾਵ ਰਹਿਆ ਹੈਂ।'

bsrstrust.org

"ਤੂ ਘਟਿ ਘਟਿ ਰਵਿਆ" ਦੀ ਅਰਥ ਪੰਗਤੀ ਵਿਖੇ 'ਤੂੰ' ਇਕ ਖ਼ਾਸ ਵਿਸ਼ੇਸ਼ਤਾ ਵਾਲੀ ਇਸ਼ਾਰਤ ਬੁਝਾਰਤ ਹੈ। ਜੋ ਵਾਹਿਗੁਰੂ ਨੂੰ ਪਰਤਖ ਸਨਮੁਖ ਵੇਖਦੇ ਹੀ ਉਚਾਰੀ ਗਈ ਹੈ ਤੇ ਉਚਾਰੀ ਜਾਂਦੀ ਹੈ। ਐਵੇਂ ਅਨੁਮਾਨ ਮਾਤਰ ਹੀ ਜਾਣ ਲੈਣਾ ਨਿਰੀ ਘਟਾ ਕਾਸ ਮਟਾ ਕਾਸ ਵਾਲੀ ਫੋਕੀ ਵੇਦਾਂਤ ਹੀ ਹੈ। ਗੁਰਮਤਿ ਨਹੀਂ। ਗੁਰਮਤਿ ਦਿਬ ਦ੍ਰਿਸ਼ਟਣੀ ਪ੍ਰਤਖ ਦਰਸ਼ਨ ਝਾਕੀ ਹੀ ਉਤਲੀ ਰਹਿਣੀ ਤੇ ਕਹਿਣੀ ਵਾਲੇ ਜਨਾਂ ਦੇ ਮੁਖੋਂ ਕਹਾਉਂਦੀ ਹੈ। ਪੁਨਾ :

ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥
ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥੨॥੪॥

(ਸੋਰਠਿ ਮ: ੧, ਪੰਨਾ ੫੯੩)

ਜਿਥੇ ਜਿਥੇ ਦੇਖਦਾ ਹਾਂ ਤਿਥੇ ਤਿਥੇ ਹੇ ਜੋਤੀਸ਼ ਵਾਹਿਗੁਰੂ ਜਗਦੀਸ਼ ਸੁਆਮੀ ਜੀ ! ਤੇਰੀ ਜੋਤਿ ਨੂੰ ਪਰਤੱਖ ਜਗਦੀ ਦੇਖਦਾ ਹਾਂ, ਤੇਰਾ ਜੋਤ ਅਨੂਪੀ ਰੂਪ ਕੈਸਾ ਅਸਚਰਜ ਹੈ, "ਸਭ ਕੈ ਮਧਿ ਸਭਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ"[1] ਸਭ ਘਟ ਵਿਖੇ ਭੀ ਤੇਰੇ ਜੋਤਿ ਅਨੂਪੀ ਰੂਪ ਦੀ ਜੋਤ ਜਗ ਰਹੀ ਹੈ—ਫੇਰ ਤੇਰੇ ਨਿਆਰੇ ਰੂਪ ਦੀ ਵਖਰੀ ਜੋਤਿ ਝਲਕ ਝਲਕਾਂ ਮਾਰ ਰਹੀ ਹੈ। ਇਕਤ ਰੂਪ ਕਰ ਕੇ ਤੂੰ ਪਰਤੱਖ ਸਾਖਸ਼ਾਤ ਦਿਸ ਰਿਹਾ ਹੈਂ। ਭਾਵੇਂ ਸੰਸਾਰ ਦੇ ਸਭ ਜੀਵਾਂ ਦੇ ਰੂਪ ਇਕ ਦੂਜੇ ਤੋਂ ਵਖਰੇ ਦਿਸ ਰਹੇ ਹਨ।

ਭਗਤ ਜਨਾਂ ਨੂੰ ਤੇਰਾ ਰੂਪ ਤੇਰਾ ਇਕਤ ਨਿਆਰਾ ਰੂਪ ਜੋਤੀਸ਼ ਰੂਪ ਨੂਰੀ ਰੂਪ ਦਾ ਮੁਜੱਸਮ ਜੋਤ ਚਸ਼ਮਾਂ ਹੋ ਕੇ ਸਾਂਗੋ ਪਾਂਗ ਦ੍ਰਿਸ਼ਟਮਾਨ ਹੋ ਰਿਹਾ ਹੈ। ਕੋਈ ਗੁੱਝਾ ਛਿੰਨਾ ਨਹੀਂ। ਪਰਤੱਖ ਜੋਤਿ ਸਵਿੰਨਾ ਹੈ। ਬੜੀ ਅਸਚਰਜਤਾ ਵਾਲੀ ਗੱਲ ਇਹ ਹੈ ਕਿ ਸਾਰੇ ਪ੍ਰਾਣੀਆਂ ਅੰਦਰ ਤੇਰੀ ਇਕੋ ਜੋਤਿ ਬਿਰਾਜ ਰਹੀ ਹੈ। ਪਰ ਕਿਸੇ ਪ੍ਰਾਣੀ ਦੀ ਮੂਰਤ ਸੂਰਤ ਦੂਜੇ ਨਾਲਿ ਨਹੀਂ ਮਿਲਦੀ। ਸਭ ਦੁਨੀਆ ਦੀ ਇਕੋ ਜੇਹੀ ਸੂਰਤੀ ਮੂਰਤੀ ਨਹੀਂ। ਪਰ ਤਿਨ੍ਹਾਂ ਵਿਚੋਂ ਇਕੋ ਤੇਰੀ ਜੋਤਿ ਕਿਰਨ ਪ੍ਰਤਿਬਿੰਬਤ ਹੋ ਰਹੀ ਹੈ। ਪਰ ਇਹ ਭੀ ਨਾਮਿ ਰੰਗ ਰਤੜੇ ਭਗਤ ਜਨਾਂ ਦੀ ਹੀ ਦ੍ਰਿਸ਼ਟੀ ਵਿਚ ਆ ਜਾਂਦੀ ਹੈ, ਅਤੇ ਜਹ ਜਹ ਤਹ ਤਹ ਦ੍ਰਿਸ਼ਟੀ ਆਉਂਦੀ ਹੈ।

(੧੯) ਦੇਹਿ, ਦੇਹੁ, ਇਕ, ਇਕੁ, ਇਕਿ

'ਦੇਹਿ' (ਹਾਹੇ ਨੂੰ ਸਿਹਾਰੀ ਨਾਲ) ਤੇ 'ਦੇਹੁ' (ਹਾਹੇ ਨੂੰ ਔਂਕੜ ਨਾਲ) ਭੀ ਗੁਰਬਾਣੀ ਅੰਦਰ (imperative mood) ਹੁਕਮੀ ਕਿਰਿਆ (ਅਨਮਤਯਾਰਥ ਲਕਾਰ) ਵਿਚ ਆਉਂਦਾ ਹੈ, ਤੇ ਭਾਵ ਮੰਗਣ ਦਾ ਹੈ। ਅਰਥਾਤ 'ਦੇਹੋ' ਦੇ ਅਰਥਾਂ ਵਿਚ ਆਉਂਦਾ ਹੈ 'ਦੇਹਿ' ਤੇ 'ਦੇਹੁ' ਭੀ। 'ਦੇਹ' (ਹਾਹੇ ਮੁਕਤੇ ਨਾਲ) ਦੇਹੀ ਦੇ ਅਰਥਾਂ ਵਿਚ ਆਉਂਦਾ ਹੈ। ਸ੍ਰੀ ਜਪੁਜੀ ਸਾਹਿਬ ਵਿਚ "ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥" ਦੀ ਪੰਗਤੀ ਵਿਚ 'ਦੇਹਿ' ਦੋ ਵਾਰ 'ਦੇਹੋ' ਦੇ ਅਰਥਾਂ ਵਿਚ

---

੧. ...੩॥੧॥੧੧॥ (ਸੂਹੀ ਮ: ੫, ਪੰਨਾ ੭੮੪)।

bsrstrust.org

(imperative mood) ਹੁਕਮੀ ਕਿਰਿਆ (ਅਨਮਤਯਾਰਥ ਲਕਾਰ) ਵਿਚ ਆਉਂਦਾ ਹੈ। ਪਰ "ਗੁਰਾ ਇਕ ਦੇਹਿ ਬੁਝਾਈ" ਦੀ ਪੰਗਤੀ ਵਿਚ 'ਦੇਹਿ' (imperative mood) ਅਨਮਤਯਾਰਥ ਲਕਾਰ ਦਾ ਭਾਵ ਨਹੀਂ ਦਰਸਾਉਂਦੀ। ਬਲਕਿ 'ਦਿਤੀ ਹੈ' ਦੇ ਅਰਥਾਂ ਵਿਚ ਆਉਂਦੀ ਹੈ। ਕਈ ਕਥਾ ਕਰਨ ਵਾਲੇ ਗਿਆਨੀ ਲੋਗ "ਗੁਰਾ ਇਕ ਦੇਹਿ ਬੁਝਾਈ" ਦੇ ਅਰਥ, ਇਉਂ ਕਰਦੇ ਹਨ—'ਸਾਨੂੰ ਯਾ ਮੈਨੂੰ ਇਕ ਵਾਹਿਗੁਰੂ ਬੁਝਾਇ ਦੇਵੋ।' ਪਰ ਉਨ੍ਹਾਂ ਦੇ ਇਹ ਅਰਥ ਫਬਦੇ ਨਹੀਂ, ਪੂਰੇ ਨਹੀਂ ਉਤਰਦੇ। ਉਹਨਾਂ ਦੇ ਇਹ ਅਰਥ ਤਾਂ ਸ਼ੋਭਦੇ, ਜੇ 'ਇਕ' ਦੇ ਕੱਕੇ ਨੂੰ ਔਂਕੜ ਹੁੰਦਾ ਅਤੇ 'ਇਕ' ਦੀ ਥਾਂ 'ਇਕੁ' ਹੁੰਦਾ। ਇਕ-ਵਚਨ ਖ਼ਾਸ ਨਾਮ (proper noun sigular) ਦੇ ਅਖ਼ੀਰੀ ਅੱਖਰ ਨੂੰ ਔਂਕੜ ਹੁੰਦਾ ਹੈ, ਅਤੇ ਉਸਦਾ ਵਿਸ਼ੇਸ਼ਣ ਵੀ 'ਇਕੁ' ਕੱਕੇ ਨੂੰ ਔਂਕੜ ਨਾਲਿ ਹੁੰਦਾ ਹੈ। 'ਇਕਿ' ਕੱਕੇ ਨੂੰ ਸਿਹਾਰੀ ਨਾਲ ਬਹੁ-ਵਚਨ ਨਾਂਵ (plural noun) ਨਾਲ ਹੀ ਹੁੰਦਾ ਹੈ। 'ਇਕ' ਕੱਕੇ ਮੁਕਤੇ ਨਾਲ ਆਮ ਗਿਣਤੀ ਲਖਾਇਕ ਅਤੇ ਖ਼ਾਸ ਕਰ ਇਸਤ੍ਰੀ ਲਿੰਗ ਨਾਂਵ ਦੇ ਵਿਸ਼ੇਸ਼ਣ ਨੂੰ ਹੁੰਦਾ ਹੈ। ਇਹ ਸਮੱਗਰ ਗੁਰਬਾਣੀ ਅੰਦਰ ਪੱਕੇ ਨਿਯਮਾਂ ਸਹਿਤ ਵਰਤਾਰਾ ਹੈ 'ਇਕੁ', 'ਇਕਿ', 'ਇਕ' ਵਿਸ਼ੇਸ਼ਣਾਂ ਦੇ ਵਰਤਾਰੇ ਦਾ। ਗੁਰਮਤਿ ਨਾਮੁ ਲਖਾਇਕ ਵਿਸ਼ੇਸ਼ਣ ਤਾਂ ਖ਼ਾਸ ਕਰਕੇ 'ਇਕੁ' (ਕੱਕੇ ਔਂਕੜ) ਨਾਲ ਹੁੰਦਾ ਹੈ। ਸੋ ਜੇ ਉਪਰ ਦਸਿਆ ਗਿਆਨੀਆਂ ਵਾਲਾ ਇਸ ਦਾ ਅਰਥ ਹੁੰਦਾ ਤਾਂ 'ਇਕੁ' ਕੱਕੇ ਔਂਕੜ ਨਾਲ ਆਉਣਾ ਚਾਹੀਦਾ ਸੀ। ਪਰ ਇਸ ਪੰਗਤੀ ਵਿਚ 'ਇਕ' ਕੱਕੇ ਮੁਕਤੇ ਵਾਲਾ ਹੈ। ਇਸ ਤੋਂ ਇਸ ਗੱਲ ਦਾ ਫ਼ੈਸਲਾ ਹੋ ਗਿਆ ਕਿ 'ਇਕ' ਕੱਕੇ ਮੁਕਤੇ ਨਾਲ 'ਇਕ ਸਿਖਿਆ' ਦਾ ਬੋਧਕ ਹੈ।

'ਦੇਹਿ' ਦੇ ਅਰਥ ਜੇਕਰ 'ਦੇਵੋ' ਦੇ ਹਨ ਤਾਂ ਸਾਰੀ ਪੰਗਤੀ ਦਾ ਇਹ ਅਰਥ ਹੋਇਆ 'ਹੇ ਗੁਰਾ ਸਾਨੂੰ, ਯਾ ਮੈਨੂੰ ਇਕ ਸਿਖਿਆ ਬੁਝਾਇ ਦੇਵੋ'। ਪਰ 'ਦੇਹਿ' ਦੇ ਅਰਥ 'ਦਿਤੀ ਹੈ' ਦੇ ਤੇ ਸਾਰੀ ਪੰਗਤੀ ਦੇ ਅਰਥ ਬਣਦੇ ਹਨ : 'ਗੁਰਾਂ ਨੇ ਮੈਨੂੰ ਇਕ ਸਿਖਿਆ ਦਿਤੀ ਹੈ ਤੇ ਬੁਝਾਈ ਹੈ।' ਕੇਹੜੀ ਸਿਖਿਆ, ਉਹ ਅਗਲੇ ਗੁਰਵਾਕ ਵਿਚ ਆਉਂਦੀ ਹੈ। "ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।' ਭਾਵ ਸਭਨਾਂ ਜੀਆਂ ਦਾ ਇਕ ਦਾਤਾ ਜੋ ਵਾਹਿਗੁਰੂ ਹੈ ਸੋ ਮੈਨੂੰ ਵਿਸਰਿ ਨ ਜਾਵੇ।

"ਵਿਸਰਿ ਨ ਜਾਈ" ਦੂਜੀ ਤੁਕ ਵਿਚਿ ਅਤੇ "ਦੇਹਿ ਬੁਝਾਈ" ਪਹਿਲੀ ਤੁਕ ਵਿਚਿ ਇਕੋ ਮੁਹਾਵਰਾ ਰਖਦੇ ਹਨ। ਭਾਵ ਇਹ ਸਦਰਸ ਹਨ। "ਵਿਸਰਿ ਨਾ ਜਾਈ" 'ਦਿਤੀ ਤੇ ਬੁਝਾਇ' ਸਿਖਸ਼ਾ ਤਾਂ ਹਰ ਹਾਲਤ ਵਿਚ ਦੂਜੀ ਪੰਗਤੀ ਵਿਚ ਹੀ ਆਉਂਦੀ ਹੈ। ਜੇ 'ਇਕੁ ਦੇਹਿ ਬੁਝਾਇ' ਦੀ ਸਿਖਸ਼ਾ ਵਾਲੇ ਭਾਵ ਦਾ ਸਬੰਧ ਪਹਿਲੀ ਪੰਗਤੀ ਨਾਲੋਂ ਟੁਟ ਜਾਵੇ ਅਭਾਵ ਹੋ ਜਾਵੇ ਤਾਂ ਤੇ 'ਇਕ' ਦੇ ਕੱਕੇ ਨੂੰ ਔਂਕੜ ਭਾਵ ਬੋਧਕੀ ਅਰਥ ਤਾਂ ਕਿਸੇ ਸੂਰਤ ਵਿਚ ਹੀ ਨਹੀਂ ਬਣਦੇ। ਕੱਕੇ ਨੂੰ ਔਂਕੜ ਹੈ ਹੀ ਨਹੀਂ। ਰਹੀ ਹੁਣ ਗੱਲ ਕਿ 'ਗੁਰਾ' ਤੋਂ ਭਾਵ 'ਹੇ ਗੁਰਾ' ਹੈ ਕਿ 'ਗੁਰਾਂ' ਰਾਰੇ ਕੰਨੇ ਬਿੰਦੀ ਨਾਲ 'ਗੁਰਾਂ ਨੇ' ਅਰਥਾਂ ਦਾ ਬੋਧਕ ਹੈ।

ਪਹਿਲੀ ਪੰਗਤੀ ਵਿਚ ਦਿਤਾ ਅਰਥ ਬਣੂ : 'ਹੇ ਗੁਰਾ ਮੈਨੂੰ ਇਕ ਸਿਖਸ਼ਾ ਦੇਈਂ (ਦੇਹੋ—ਬੁਝਾਓ)। ਦੂਜੀ ਸਤਰ ਵਿਚ ਅਰਥ ਬਣਦਾ ਹੈ—'ਗੁਰਾਂ ਨੇ ਮੈਨੂੰ ਇਕ ਸਿਖਿਆ

bsrstrust.org

ਦਿਤੀ ਹੈ, ਬੁਝਾਈ ਹੈ।' ਸਿਖਸ਼ਾ ਜੋ ਹੈ, ਸੋ ਅਗਲੀ ਪੰਗਤੀ ਵਿਚ ਹੈ। ਹੁਣ ਰੌਲਾ 'ਗੁਰਾਂ' ਤੇ 'ਗੁਰਾ' ਪਾਠ ਦਾ ਹੈ। ਅਰਥ 'ਹੇ ਗੁਰਾ' ਸਹੀ ਹੈ ਕਿ 'ਗੁਰਾਂ ਨੇ' ਸਹੀ ਹੈ। ਅਰਥ ਇਕੋ ਹੀ ਹੈ, ਦੂਜਾ ਹੋਣਾ ਨਹੀਂ। ਅਥਵਾ ਕਰਕੇ ਅਨੇਕ ਅਰਥ ਲਾਉਣ ਦੀ ਗੁੰਜਾਇਸ਼ ਹੀ ਨਹੀਂ।

'ਹੇ ਗੁਰਾ' ਦੇ ਅਰਥ ਬੋਧਕ 'ਗੁਰਾ' ਪਾਠ ਦੇ ਹਾਮੀ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ 'ਗੁਰਾ' ਦੇ ਰਾਰੇ ਨੂੰ ਕੰਨਾ ਤਾਂ ਹੈ, ਬਿੰਦਾ ਨਹੀਂ, ਉਸ ਦੇ ਉਤਰ ਵਿਚ ਉਨ੍ਹਾਂ ਨੂੰ ਇਹ ਜਵਾਬ ਮਿਲਦਾ ਹੈ ਕਿ ਦੂਜੀ ਤੁਕ ਵਿਚਿ "ਸਭਨਾ ਜੀਆ" ਜੋ ਪਾਠ ਹੈ ਉਸ ਵਿਚ ਸੁਤੇ ਸੁਭਾਵ ਹੀ ਬਿੰਦੇ ਉਠਦੇ ਹਨ। 'ਸਭਨਾਂ' ਦੇ ਪਾਠ ਵਿਚ ਭੀ ਅਤੇ 'ਜੀਆਂ' ਪਾਠ ਵਿਚਿ ਭੀ, ਪਰ ਬਿੰਦੇ ਦੋਹਾਂ ਨੂੰ ਲਗੇ ਹੋਏ ਨਹੀਂ। 'ਸਭਨਾਂ' ਅਤੇ 'ਜੀਆਂ' ਦੇ ਦੋਵੇਂ ਪਾਠ ਬਿੰਦੇ ਰਹਿਤ ਉਦਾਹਰਣ ਵਜੋਂ ਕਾਫੀ ਹਨ। ਸੁਤੇ ਸੁਭਾਵ ਪਾਠ ਕਰਨ ਵਿਚ ਸੁਤੇ ਹੀ ਬਿੰਦੇ ਉਚਾਰੇ ਜਾਂਦੇ ਹਨ, ਇਹ ਇਕ ਇਤਿਹਾਸਕ ਘਟਨਾ ਵਾਰਤਾ ਆਉਂਦੀ ਹੈ ਕਿ ਜਦੋਂ ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਨੇ ਆਪਣੇ ਧੁਰ ਅਮਰ ਦਰਗਾਹੀ ਅਨੁਭਵ ਤੋਂ ਸਮੱਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਚਾਰਨ ਕੀਤਾ ਅਤੇ ਸ੍ਰੀ ਭਾਈ ਮਨੀ ਸਿੰਘ ਜੀ ਤੋਂ ਸਾਰੀ ਗੁਰਬਾਣੀ ਲਿਖਵਾਈ।

.....ਬੀੜ ਬੰਧਵਾਉਣ ਸਮੇਂ ਸ੍ਰੀ ਭਾਈ ਮਨੀ ਸਿੰਘ ਜੀ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਆਦਿ ਬੀੜ ਵਿਚ ਬੜੇ ਬਿੰਦੇ ਹੀ ਬਿੰਦੇ ਲਗੇ ਹੋਏ ਹਨ। ਮੈਂ ਖ਼ਾਸ ਕਰਕੇ ਸ੍ਰੀ ਜਪੁਜੀ ਸਾਹਿਬ ਦੇ ਪਾਠ ਨੂੰ ਉਸ ਬੀੜ ਵਿਚ ਦੇਖਿਆ ਹੈ ਕਿ ਬਿੰਦੇ ਬਹੁਤ ਲਗੇ ਹੋਏ ਹਨ। ਇਸ ਨਵੀਨ ਰਜ਼ਾਮੀ ਹਸਤ ਕੰਵਲਾਂ ਦੀ ਤਿਆਰ ਕੀਤੀ ਬੀੜ ਵਿਚ ਬਿੰਦੇ ਨਹੀਂ ਆਉਂਦੇ, ਤਾਂ ਸਾਹਿਬ ਸੱਚੇ ਪਾਤਸ਼ਾਹ ਸ੍ਰੀ ਗੁਰੂ ਦਸਮੇਸ਼ ਜੀ ਨੇ ਫ਼ੁਰਮਾਇਆ 'ਕਿ ਭਾਈ ਗੁਰਮੁਖ ਪਾਠੀ ਜਨਾਂ ਦੀ ਰਸਨਾ ਤੋਂ ਸੁਤੇ ਸੁਭਾ ਹੀ ਬਿੰਦੇ ਉਠਣਗੇ। ਲਾਉਣ ਦੀ ਲੋੜ ਨਹੀਂ' ਤਾਂ ਸ੍ਰੀ ਦਸਮੇਸ਼ ਜੀ ਦੀ ਇਸ ਆਗਿਆ ਅਨੁਸਾਰ ਜੋ ਬਿੰਦੇ ਨਹੀਂ ਲਾਉਂਦੇ ਅਤੇ ਆਪੋ ਆਪਣੀ ਮਨਉਕਤੀ ਸਿਆਣਪ ਨਾਲਿ ਵਿਦਿਆ ਬਿਹੂਨ ਪਾਠਕ ਜਨ ਗਿਆਨੀ ਪਣੇ ਦੀ ਇਹ ਹਮਾਕਤ ਸਮਝਦੇ ਹਨ, ਉਹ ਗੁਰਬਾਣੀ ਦੇ ਅਰਥ ਬੋਧ ਤੋਂ ਬਿਲਕੁਲ ਹੀ ਭੁਲੜ ਹਨ ਅਤੇ ਭੁੱਲੇ ਰਹਿਣਗੇ। ਇਸ ਵਾਰਤਾ ਦਾ ਸਿੱਟਾ ਇਹ ਹੈ: ਕਿ ਜੈਸੇ 'ਸਭਨਾਂ ਜੀਆਂ' ਦੋਹਾਂ ਪਦਾਂ ਦੇ ਅੱਖਰਾਂ ਨੂੰ ਬਿੰਦੇ ਲਾਉਣੇ ਗੁਰਮਤਿ ਵਿਚ ਮੰਨੇ ਗਏ ਹਨ। ਸੋ 'ਗੁਰਾਂ' ਦੇ ਰਾਰੇ ਕੰਨੇ ਨੂੰ ਬਿੰਦਾ ਲਾਉਣਾ ਗੁਰਮਤਿ ਆਸ਼ੇ ਦੇ ਪ੍ਰਤਿਕੂਲ ਨਹੀਂ।

"ਗੁਰਾ ਇਕ ਦੇਹਿ ਬੁਝਾਈ" ਦੇ ਸਪਸ਼ਟ ਅਰਥ—'**ਗੁਰਾਂ ਨੇ ਇਕ ਸਿਖਸ਼ਾ ਦਿਤੀ ਹੈ**' ਅਤੇ ਦੇ ਕੇ ਇਹ ਗੱਲ ਬੁਝਾਈ ਹੈ ਕਿ ਸਭਨਾਂ (ਸਾਰੇ) ਜੀਆਂ (ਜੀਵਾਂ) ਦਾ ਇਕੁ ਦਾਤਾ (ਜੋ ਵਾਹਿਗੁਰੂ) ਹੈ ਸੋ ਮੈਨੂੰ ਵਿਸਰ ਨਾ ਜਾਵੇ। ਇਹ ਸਿਖਿਆ ਮੈਂ ਗੁਰਾਂ ਦੀ ਦ੍ਰਿੜ੍ਹ ਕੀਤੀ ਹੋਈ ਹੈ। 'ਗੁਰਾਂ'—(ਸ੍ਰੀ ਗੁਰੂ ਅਕਾਲ ਪੁਰਖ ਦੀ) ਗੁਰਬਾਣੀ ਅੰਦਰ ਅਨੇਕ ਥਾਵੀਂ ਗੁਰੂ ਸਤਿਗੁਰੂ ਨੂੰ ਬਹੁ-ਵਚਨ ਵਿਚਿ ਭੀ ਸੰਬੋਧਨ ਕੀਤਾ ਗਿਆ ਹੈ। ਐਸਾ ਸੰਬੋਧਨਾਂ ਪ੍ਰਮ ਅਦਬ ਭਾਵਨਾ ਦਾ ਜਨਕ (ਜਣਾਉਣ ਹਾਰਾ) ਹੈ 'ਮੇਰੇ ਗੁਰੂ ਨੇ' ਦੇ ਥਾਉਂ 'ਮੇਰੇ ਗੁਰਾਂ ਨੇ' ਪਰਮ ਅਦਬ ਭਾਵਨਾਂ ਦਾ ਲਖਾਇਕ ਹੈ। 'ਗੁਰਾਂ' ਤੋਂ ਭਾਵ

bsrstrust.org

ਬਾਹਲੇ ਗੁਰਾਂ ਨੇ ਜਾਂ ਬਹੁਤੇ ਗੁਰੂਆਂ ਤੋਂ ਨਹੀਂ। ਬਲਕਿ ਵਾਹਿਗੁਰੂ ਗੁਰੂ ਸ੍ਰੀ ਗੁਰੂ ਸਾਹਿਬ ਤੋਂ ਭਾਵ ਹੈ।

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਮੈਨੂੰ ਧੁਰ ਦਰਗਾਹ ਦੇ ਗੁਰਾਂ ਪਾਸੋਂ (ਵਾਹਿਗੁਰੂ ਪਾਸੋਂ) ਇਹ ਧੁਰਦਰਗਾਹੀ ਸਿਖਿਆ ਮਿਲੀ ਹੈ ਜੋ ਮੈਂ ਗਹਿ ਕਰਕੇ ਦਿਲ ਵਿਚਿ ਰਖੀ ਹੈ, ਤਾਂ ਜੋ ਸਰਬ ਜੀਆਂ ਦੇ ਦਾਤੇ ਨੂੰ ਇਕ ਨਿਮਖ ਮਾਤਰ ਭੀ ਨ ਵਿਸਾਰਾਂ। ਸਦਾ ਸਿਮਰਦਾ ਰਹਾਂ। ਸਿਮਰਨ ਵਿਚ ਜੁਟਿਆ ਰਹਾਂ। ਦੋਹਾਂ ਪਦਾਂ ਵਿਚ 'ਰਾਰਾ' ਨੂੰ ਕੰਨੇ ਬਿੰਦੇ ਵਾਲਾ ਪਾਠ ਸਹੀ ਹੈ ਅਤੇ ਗੁਰਮਤਿ ਅਨੁਕੂਲ ਹੈ।

(੨੦) ਮੈਂ—ਮੈਨੂੰ, ਮੈਂ—ਮੇਰਾ

"ਮੈ ਵਿਸਰਿ ਨ ਜਾਈ" ਪਾਠ ਵਿਚ ਜੋ "ਮੈ" ਦਾ ਪਾਠ ਹੈ ਇਸ 'ਮੈਂ' ਤੋਂ ਭਾਵ ਮੈਨੂੰ ਦਾ ਹੈ। ਇਸ ਅਰਥ ਵਿਚ 'ਮੈਂ' ਪਾਠ ਗੁਰਬਾਣੀ ਵਿਚ ਅਨੇਕਾਂ ਵਾਰੀ ਆਇਆ ਹੈ। ਯਥਾ :

"ਮੈ ਤਾਂ ਨਾਮੁ ਤੇਰਾ ਆਧਾਰੁ"[੧]—ਮੈਨੂੰ ਤਾਂ ਤੇਰੇ ਨਾਮ ਦਾ ਆਧਾਰ ਹੈ। "ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਹਰਿ ਨਾਮਿ ਉਧਰੀਐ ਜੀਉ"[੨]—ਹੇ ਗੁਰੂ ਪੂਰੇ ਮੈਨੂੰ ਅਉਖਧ ਰੂਪ ਗੁਰ-ਮੰਤਰ ਪਰਦਾਨ ਕੀਚੀਏ ਅਤੇ ਗੁਰਮਤ ਨਾਮ ਦੁਆਰਾ ਹੀ ਮੈਨੂੰ ਉਧਾਰ ਲੀਜੀਏ। "ਮੈ ਆਇ ਮਿਲਹੁ ਜਗ ਜੀਵਨ ਪਿਆਰੇ"[੩]—ਹੇ ਜਗ ਜੀਵਨ ਪਿਆਰੇ ਵਾਹਿਗੁਰੂ ਮੈਨੂੰ ਆਇ ਮਿਲਹੁ॥ "ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ॥"[੪]—ਮੈਨੂੰ ਤੇਰਾ ਅਧਾਰ ਹੈ, ਤੂੰ ਹੀ ਮੇਰਾ ਖਸਮ ਹੈਂ, ਮੈਨੂੰ ਤੇਰਾ ਹੀ ਤਾਣ ਤਕੀਆ ਹੈ। 'ਤੇਰਓ' ਦਾ ਭਾਵ ਤੇਰਾ ਹੀ ਹੈ। ਊੜਾ ਸਣੇ ਹੋੜੇ ਦੇ ਏਥੇ 'ਹੀ' ਦੇ ਅਰਥਾਂ ਦਾ ਬੋਧਕ ਹੈ। ਪੁਨਾ : "ਮੈ ਮੂਰਖ ਹਰਿ ਆਸ ਤੁਮਾਰੀ"[੫]—ਮੈਨੂੰ ਮੂਰਖ ਨੂੰ ਹੇ ਵਾਹਿਗੁਰੂ ਤੁਹਾਡੀ ਹੀ ਆਸ ਹੈ। "ਮੈ ਮੂਰਖ ਹਰਿ ਨਾਮੁ ਛਡਾਵੈ"[੬] ਮੈਂ ਮੂਰਖ ਨੂੰ ਇਕ ਗੁਰਮਤਿ ਨਾਮ ਹੀ ਛੁਡਾਉਂਦਾ ਹੈ। "ਤੇਰਾ ਏਕੁ ਨਾਮੁ ਤਾਰੇ ਸੰਸਾਰੁ॥ ਮੈ ਏਹਾ ਆਸ ਏਹੋ ਆਧਾਰੁ॥"[੭]—ਤੇਰਾ ਇਕੋ ਨਾਮ ਹੀ ਸੰਸਾਰ ਤਾਰਨਹਾਰ ਹੈ। ਮੈਨੂੰ ਭੀ ਇਹੀ (ਤੇਰੇ ਨਾਮ ਦੀ) ਆਸ ਹੈ। ਤੇਰੇ ਨਾਮ ਦਾ ਆਧਾਰ ਹੈ।

'ਮੈਂ' ਤੋਂ ਭਾਵ ਅਨੇਕ ਥਾਵੀਂ ਗੁਰਬਾਣੀ ਅੰਦਰਿ 'ਮੇਰੇ' ਤੋਂ ਹੁੰਦਾ ਹੈ, ਯਥਾ : "ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ॥"[੮]—ਮੇਰੇ ਉਪਰ

---

੧. ੧॥੧੮॥ (ਆਸਾ ਮ: ੧, ਪੰਨਾ ੩੫੪)।
੨. ੩॥੩॥ (ਮਾਝ ਮ: ੪, ਪੰਨਾ ੯੫)।
੩. ...੪॥੪॥ (ਮਾਝ ਮ: ੪, ਪੰਨਾ ੯੫)।
੪. ...੪॥੨॥ (ਬਿਲਾਵਲੁ ਮ: ੧, ਪੰਨਾ ੮੪੪)।
੫. ੨॥੧॥੩੯॥ (ਗਉੜੀ ਗੁਆਰੇਰੀ ਮ: ੪, ਪੰਨਾ ੧੬੪)।
੬. ੩॥੧॥੩੯॥ (ਗਉੜੀ ਗੁਆਰੇਰੀ ਮ: ੪, ਪੰਨਾ ੧੬੪)।
੭. ੧॥੨੯॥ (ਸਿਰੀਰਾਗੁ ਮ: ੧, ਪੰਨਾ ੨੪)।
੮. ੩॥੨॥੩॥ (ਵਡਹੰਸੁ ਮ: ੪, ਪੰਨਾ ੫੬੧)।

bsrstrust.org

ਸੱਚੇ ਗੁਰੂ ਨੇ ਨਦਰਿ ਕੀਤੀ ਤਾਂ ਮੈਂ ਮੇਰਾ ਤੇਰਾ ਛਡਿਆ। ਸਾਚੈ ਦੀ ਦੂਜੀ ਲਾਂਵ 'ਨੇ' ਦਾ ਅਰਥ ਦਿੰਦੀ ਹੈ। ਅਨੇਕ ਥਾਵੀਂ ਪ੍ਰਗਟ ਹੈ। ਯਥਾ : "ਮੈ ਅੰਤਰਿ ਪ੍ਰੇਮੁ ਪਿਰੰਮ ਕਾ"[1]—ਮੇਰੇ ਅੰਤਰ ਪ੍ਰੇਮ ਵਾਹਿਗੁਰੂ ਦਾ ਹੈ। ਪੁਨਾ—"ਮੈ ਅੰਤਰਿ ਵੇਦਨ ਪ੍ਰੇਮ ਕੀ[2]—ਮੇਰੇ ਅੰਦਰਿ ਪ੍ਰੇਮ ਦੀ ਵੇਦਨ ਲਗੀ ਹੋਈ ਹੈ। "ਮੈ ਅਵਗਣ ਭਰਪੂਰਿ ਸਰੀਰੇ॥ ਹਉ ਕਿਉ ਕਰਿ ਮਿਲਾ ਅਪਣੇ ਪ੍ਰੀਤਮ ਪੂਰੇ॥"[3]—ਮੇਰੇ ਸਰੀਰ ਵਿਚ ਅਉਗਣ ਭਰੇ ਹੋਏ ਹਨ। ਆਪਣੇ ਪ੍ਰੀਤਮ ਪੂਰੇ ਨੂੰ ਮੈਂ ਕਿਵੇਂ ਮਿਲਾਂ। ਸਰੀਰੇ—ਸਰੀਰ ਅੰਦਰ। "ਮੈ ਤਨਿ ਅਵਗਣ ਏਤੜੇ"[4]—ਮੇਰੇ ਤਨ ਵਿਖੇ ਕਿਤਨੇ ਹੀ ਅਵਗੁਨ ਹਨ। "ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ"[5]—ਮੇਰੇ ਨੈਣਾਂ ਵਿਚ ਨੀਂਦ ਨਹੀਂ ਆਉਂਦੀ ਨਾ ਅੰਨ ਭਾਉਂਦਾ ਹੈ ਨਾ ਪਾਣੀ ਭਾਉਂਦਾ ਹੈ। "ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ"[6]—ਮੇਰੇ ਮਨ ਅੰਦਰਿ ਘਣਾ ਚਾਉ ਹੈ, ਸੱਚ ਵਿਗਾਸੀ ਰਾਮ ਦਾ।

(੨੧) ਕਿ

'ਕਿ' ਕੱਕੇ ਨੂੰ ਸਿਹਾਰੀ, ਹੇਠ ਲਿਖੀਆਂ ਪੰਗਤੀਆਂ ਵਿਚ 'ਕੀ' ਦਾ ਅਰਥ ਰਖਦੀ ਹੈ। ਯਥਾ :

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥ *(ਜਪੁਜੀ)*

ਹੁਣ ਦਸੋ ਫੇਰ ਉਸਦੇ ਅਗੇ ਕੀ ਢੋਆ ਰਖੀਏ ਜਿਸ ਦੇ ਪਰਤਾਪ ਕਰਿ ਦਰਬਾਰ (ਵਾਹਿਗੁਰੂ ਦਾ) ਦਿਸਣ ਲਗ ਪੈਂਦਾ ਹੈ। ਦਿਸੈ—ਦਿਸਦਾ ਹੈ। 'ਅਗੈ' ਗੁਰਬਾਣੀ ਵਿਚ ਹਰ ਥਾਉਂ 'ਅਗੇ' ਦੇ ਥਾਉਂ ਲਿਖਿਆ ਵਰਤਿਆ ਗਿਆ ਹੈ।

'ਰਖੀਐ' ਗੁਰਬਾਣੀ ਦੀ ਬੋਲੀ ਵਿਚ ਅਗੇ ਰਖੀਏ ਦੇ ਥਾਉਂ ਬੋਲਿਆ ਜਾਂਦਾ ਹੈ। 'ਐ' ਐੜੇ ਨੂੰ ਐ ਦੁਲਾਈਆਂ ਦਾ ਕੰਮ ਸਾਡੀ ਆਮ ਬੋਲ ਚਾਲ ਦੀ 'ਏ' ਈੜੀ ਨੂੰ ਲਾਂਵ ਲਾ ਕੇ ਕੰਮ ਪੂਰਾ ਕੀਤਾ ਜਾਂਦਾ ਹੈ। ਸਾਰੀ ਬਾਣੀ ਵਿਚ ਇਸ ਪ੍ਰਕਾਰ ਦੀ ਕਿਰਿਆ ਨਾਲਿ ਜਦੋਂ 'ਐ' ਆਏ ਤਾਂ ਸਮਝਿਆ ਜਾਣਾ ਚਾਹੀਦਾ ਹੈ ਕਿ ਸਾਡੀ ਬੋਲ ਚਾਲ ਦੀ 'ਏ' ਦੇ ਥਾਂ ਵਰਤਿਆ ਜਾਂਦਾ ਹੈ। ਜਿਤੁ—ਜਿਸ ਨੂੰ। ਹਮੇਸ਼ਾ ਤੱਤੇ ਨੂੰ ਔਂਕੜ ਨਾਲਿ ਆਇਗਾ। ਅੱਛਾ ਜੀ ਹੁਣ ਫੇਰ 'ਕੀ' ਦਾ ਅਰਥ ਜਤਲਾਉਣੀ 'ਕਿ' ਸਬੰਧੀ ਦੂਜੀ ਪੰਗਤੀ ਦਾ ਪਰਮਾਣ ਦਿਤਾ ਜਾਂਦਾ ਹੈ :

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥ *(ਜਪੁਜੀ)*

---

੧. ...੧॥੨॥੪॥ (ਮਾਰੂ ਮ: ੪, ਪੰਨਾ ੯੯੬)।
੨. ੪॥੧॥੫॥ (ਸੂਹੀ ਮ: ੪, ਪੰਨਾ ੭੭੬)।
੩. ੨॥੧॥ (ਵਡਹੰਸੁ ਮ: ੪, ਪੰਨਾ ੫੬੧)।
੪. ੩॥੧੫॥ (ਵਾਰ ਸੂਹੀ ਮ: ੩, ਪੰਨਾ ੭੯੦)।
੫. ...੪॥੨॥ (ਗਉੜੀ ਮ: ੪, ਪੰਨਾ ੨੪੪)।
੬. ...੧॥੨॥ (ਬਿਲਾਵਲ ਮ: ੧, ਪੰਨਾ ੮੪੩)।

bsrstrust.org

ਮੂੰਹ ਤੋਂ ਕੀ (ਕੇਹੜਾ) ਬੋਲਣ (ਬੋਲ) ਬੋਲੀਏ (ਬੋਲਿਆ ਜਾਣਾ ਚਾਹੀਦਾ ਹੈ) ਜਿਸਨੂੰ (ਜਿਸ ਬੋਲ ਨੂੰ) ਸੁਣ ਕੇ (ਪਿਆਰਾ ਵਾਹਿਗੁਰੂ) ਪਿਆਰ ਪਾਵੇ (ਅਸਾਡੇ ਨਾਲ)। ਮੁਹੌ—ਮੂੰਹ ਤੋਂ, ਮੁਖ ਤੋਂ। ਕਿ—ਕੀ, ਕੇਹੜਾ। ਬੋਲਣੁ—ਬੋਲ, ਭਾਖਿਆ। ਬੋਲੀਐ—ਬੋਲੀਏ, ਬੋਲਣ ਯੋਗ ਹੈ। ਜਿਤੁ—ਜਿਸਨੂੰ। ਸੁਣਿ—ਸੁਣ ਕੇ। ਧਰੇ—ਧਾਰੇ, ਪਾਵੇ। ਪਿਆਰੁ—ਨਿਜ ਪ੍ਰੇਮ।

ਇਸ ਤੋਂ ਸਿਧ ਹੋਇਆ ਕਿ ਕੋਈ ਖਾਸੁ-ਲੁਖਾਸ ਮਖਸੂਸੀ ਧੁਰੋਂ ਪਰਮਾਨਿਆ ਬੋਲੁ ਹੈ। ਜਿਸਦੇ ਬੋਲੇ ਤੇ ਜਿਸ ਦੇ ਭਾਖੇ ਤੇ ਉਚਾਰੇ ਤੇ ਪ੍ਰੀਤਮ ਪਿਆਰਾ ਉਕਤ ਬੋਲੁ ਬੋਲਣ ਹਾਰੇ ਨਾਲਿ ਪਿਆਰ ਪਾ ਲੈਂਦਾ ਹੈ। ਉਹ ਕੋਈ ਪਾਰਸ ਭੂਤੀ ਬੋਲ ਹੈ। ਕੋਈ ਕ੍ਰਿਸ਼ਮ ਰਸਾਇਣੀ ਬੋਲ ਹੈ। ਜਿਸਦੇ ਬੋਲੇ ਜਾਣ ਵਿਚਿ ਹੀ ਕ੍ਰਿਸ਼ਮ ਕਲਾ ਵਰਤ ਜਾਂਦੀ ਹੈ। ਇਹ ਕੋਈ ਮਾਨਵ ਕਿਰਤਮੀ, ਅਲਪਗ ਮਾਨਸ-ਕਿਰਤ ਬੋਲ ਨਹੀਂ। ਇਹ ਤਾਂ ਧੁਰੋਂ ਆਇਆ, ਧੁਰੋਂ ਪਠਾਇਆ ਅਰਸ਼ਕਲਾ ਅਰਸ਼ਾਇਆ ਬੋਲ ਹੈ, ਜੋ ਇਨਸਾਨੀ ਅਕਲ ਦੀ ਬਣਾਉਟ ਤੋਂ ਬਾਹਰ ਹੈ। ਇਸਦਾ ਜ਼ਿਕਰ ਅਗਲੇਰੀ ਤੁਕ ਵਿਚ ਆਇਆ ਹੈ।

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ *(ਜਪੁਜੀ)*

ਉਹ ਬੋਲ ਹੈ ਸਚੁ ਸਰੂਪਾ ਸਤਿ (ਸੱਚਾ) ਨਾਉਂ (ਨਾਮੁ) ਸਚੁ ਸੱਚੇ ਨਾਮੀ (ਅਕਾਲ ਪੁਰਖ) ਨਾਲਿ ਅਭੇਦ ਰੂਪ ਸੱਚਾ (ਸਤਿ) ਨਾਮੁ। ਨਾਮ ਨਾਮੀ ਅਭੇਦਤਾ ਵਾਲੀ ਸਤਤਾ ਸਾਂਝੀ ਹੈ। ਅਵਿਥ ਹੈ। ਜਿਸਦੇ ਨਾਮੁ ਅਤੇ ਨਾਮੀ ਵਿਚਿ ਕੋਈ ਭੇਦ ਨਹੀਂ ਰਹਿੰਦਾ। ਏਸੇ ਹੀ ਅਗੰਮ ਅਗਾਧ ਬੋਧ ਕਲਾ ਵਾਲੀ ਅਭੇਦਤਾ ਦੇ ਕਾਰਨ ਹੀ ਉਕਤਿ ਅਕਿਰਤਮੀ ਨਾਮ ਸਤਿਨਾਮ, ਪਰਾ ਪੂਰਬਲੇ ਸਤਿਨਾਮ ਦੇ ਬੋਲ ਅੰਦਰਿ, (ਬੋਲਣ ਅੰਦਰ) ਕੋਈ ਖ਼ਾਸ ਅਗੰਮੀ ਪਾਰਸ ਕਲਾ ਹੈ। ਇਸ ਪਾਰਸ ਅਕਸੀਰੀ ਅੰਮ੍ਰਿਤ ਪਾਰਸੀਰੀ ਨਾਮ ਦੇ ਬੋਲਣ ਉਚਾਰਨ ਦਾ ਅਮਰ ਅਰਸ਼ੀਰੀ ਵੇਲਾ, ਅੰਮ੍ਰਿਤ ਵੇਲਾ ਪਿਛਲਾ ਪਹਿਰ ਸੁਬਾਹ ਕਾ ਹੈ। ਇਸ ਅੰਮ੍ਰਿਤ ਵੇਲੇ ਦਾ ਸਾਰਾ ਸੰਪੂਰਨ ਪਹਿਰਾ ਸੱਚੜੇ ਅੰਮ੍ਰਿਤ ਨਾਮ ਦੇ ਉਚਾਰਨ ਵਿਚ ਲੇਖੇ ਲਾਇਆ ਜਾਵੇ ਤਾਂ ਅਵਸ਼ ਅੰਮ੍ਰਿਤ ਕਲਾ, ਪਾਰਸ ਕਲਾ ਵਰਤ ਜਾਂਦੀ ਹੈ, ਸਤਿਨਾਮ ਉਚਾਰਨ ਕਰਨਹਾਰੇ, ਬੋਲਣਹਾਰੇ ਦੇ ਰਗੋ ਰੇਸ਼ੇ ਦੇ ਅੰਦਰ। 'ਸਤਿਨਾਮ' ਅੱਖਰਾਂ ਵਾਲਾ ਉਹ ਨਾਮ ਨਹੀਂ, ਉਹ ਗੁਰਮਤਿ ਨਾਮ ਨਹੀਂ, ਜੇਹੜਾ ਉਚਾਰਨਾ ਹੈ। ਸਤਿਨਾਮ ਤਾਂ ਉਸ ਨਾਮ ਦਾ ਵਿਸ਼ੇਸ਼ਣੀ ਨਾਮ ਹੈ। ਗੁਰਮਤਿ ਨਾਮ ਦਾ ਗੋਝ ਅੱਖਰੀ ਨਾਮ ਗੋਝ ਕਲਾ ਦੁਆਰਾ ਸੀਨਾ ਬਸੀਨਾ ਅੰਮ੍ਰਿਤ ਅਭਿਲਾਖੀਆਂ ਨਾਮ ਅਧਿਕਾਰੀ ਹਿਰਦਿਆਂ ਅੰਦਰ ਪ੍ਰਵੇਸ਼ ਹੁੰਦਾ ਚਲਾ ਆਇਆ ਹੈ, ਗੁਰਮੰਤ੍ਰ ਰੂਪ ਹੋਣ ਕਰਕੇ ਇਸ ਨੂੰ ਸਪਸ਼ਟ ਤੌਰ ਤੇ ਗੁਰਬਾਣੀ ਅੰਦਰ ਨਹੀਂ ਜਣਾਇਆ ਗਿਆ। ਗੁਰਮੁਖਾਂ ਦੇ ਸੀਨਿਆਂ ਅੰਦਰ ਹੀ ਸੁਝਾਇਆ ਜਾਂਦਾ ਰਿਹਾ ਹੈ। (ਦੇਖੋ ਪੁਸਤਕ *ਗੁਰਮਤਿ ਨਾਮ ਅਭਿਆਸ ਕਮਾਈ*) ਇਸ 'ਸਚੁ ਨਾਮੁ' ਦੀ ਵਡਿਆਈ ਵੀਚਾਰੁ ਬਸ ਇਸਦੀ ਅਭਿਆਸ ਕਮਾਈ ਹੀ ਹੈ। ਅੰਮ੍ਰਿਤ ਵੇਲੇ ਦਾ ਨਾਮ ਉਚਾਰਨਾ (ਬੋਲਣਾ) ਅਗਾਧ ਬੋਧ ਪਾਰਸ ਕਲਾ ਭਰਪੂਰਾ ਹੈ।

bsrstrust.org

ਵਾਹਿ, ਵਾਹੁ, ਗੁਰ, ਗੁਰੁ, ਗੁਰੂ ਵਾਹਿ

'ਵਾਹਿ' ਹਾਹੇ ਨੂੰ ਸਿਹਾਰੀ ਨਾਲ ਹੈ। 'ਵਾਹੁ' ਹਾਹੇ ਨੂੰ ਔਂਕੜ ਨਾਲ, ਏਹ ਵਿਸ਼ੇਸ਼ਣੀ ਅਰਥ ਰਖਦੇ ਹਨ। 'ਵਾਹੁ' ਅਤੇ 'ਵਾਹਿ' ਦੋਵੇਂ ਮਹਿਮਾਂ ਮਈ ਵਿਸ਼ੇਸ਼ਣ ਹਨ, (ਨਾਂਵ) ਇਸਮ (noun) ਨਹੀਂ। ਅਤੇ ਵਿਸਮਾਦ ਮਹਿਮਤ ਵਿਸ਼ੇਸ਼ਣ ਹਨ। ਯਥਾ :

ਵਾਹੁ ਵਾਹੁ ਸਿਰਜਣਹਾਰ ਪਾਈਅਨੁ ਠਾਢਿ ਆਪਿ ॥...੧੩॥

(ਗੂਜਰੀ ਵਾਰ ਮ: ੫, ਪੰਨਾ ੫੨੧)

'ਵਾਹੁ ਵਾਹੁ' ਏਥੇ ਵਿਸਮਾਦ ਜਨਕ ਮਹਿਮਾਂ ਮਈ ਵਿਸ਼ੇਸ਼ਣ ਹੈ ਸਿਰਜਨਹਾਰ ਦਾ। "ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥"[1] ਏਥੇ ਸਤਿਗੁਰ ਤੇ ਨਿਰੰਕਾਰ ਭਾਵਾਂ ਦਾ ਸਾਂਝਾ ਵਿਸ਼ੇਸ਼ਣ ਹੈ—'ਵਾਹੁ ਵਾਹੁ'।

ਅਤੇ 'ਗੁਰ' ਸ਼ਬਦ (ਲਫ਼ਜ਼) ਰਾਰੇ ਮੁਕਤੇ ਨਾਲ ਸਬੰਧ ਕਾਰਕ (possesive case) ਵਿਚ ਸਬੰਧਕੀ ਨਾਂਵ ਹੈ। ਖ਼ਾਸ ਨਾਮ ਨਹੀਂ। ਯਥਾ : "ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮ ਕਾਲਿ ॥"[2] ਏਥੇ 'ਗੁਰ ਗਿਆਨੁ' 'ਗੁਰੂ ਦਾ ਗਿਆਨ' ਅਰਥ ਰਖਦਾ ਹੈ। ਤਾਂ ਤੇ 'ਗੁਰ' ਏਥੇ ਸਬੰਧਕੀ ਨਾਮ ਹੈ, ਖ਼ਾਸ ਨਾਮ (noun) ਨਹੀਂ। ਸਾਰੀ ਪੰਗਤੀ ਦਾ ਅਰਥ ਇਹ ਹੈ: ਗੁਰ ਗਿਆਨ ਰੂਪੀ ਖੜਗ 'ਗੁਰਮਤਿ ਨਾਮ ਦਾ ਖੰਡਾ' ਅਭਿਆਸ ਹਿਰਦਵੀ ਹੱਥ ਵਿਚ ਧਾਰਿਆ (ਧਾਰਨ ਕੀਤਾ, ਫੜਿਆ) ਤਾਂ ਇਸ ਖੜਗ ਰੂਪੀ ਜਮ ਕਾਲ ਨੇ ਜਮੁ ਮਾਰ ਘਤਿਆ। ਨਾਮ ਰੂਪੀ ਖੰਡਾ ਜਮ ਦਾ ਮਾਰਨਹਾਰਾ ਹੋਣ ਕਰਕੇ ਜਮ ਦਾ ਕਾਲ ਬਣ ਗਿਆ। ਗੁਰ-ਗਿਆਨੁ— ਗੁਰੂ ਬਖ਼ਸ਼ਿਆ ਗਿਆਨ, ਗੁਰੂ ਦ੍ਰਿੜ੍ਹਾਇਆ ਗਿਆਨ ਦਾ ਅਰਥ ਰਖਦਾ ਹੋਇਆ 'ਗੁਰ' ਸ਼ਬਦ 'ਗਿਆਨੁ' ਸ਼ਬਦ ਦੇ ਨਾਲ ਵਿਸ਼ੇਸ਼ਣ (adjective) ਰੂਪ ਹੋ ਕੇ ਲਗਿਆ ਹੋਇਆ ਹੈ। ਇਸ ਪ੍ਰਕਾਰ ਦੇ ਅਣਗਿਣਤ ਪਰਮਾਣ ਗੁਰਬਾਣੀ ਅੰਦਰ ਹਨ। ਤਾਂ ਤੇ ਜੋ ਕੋਈ ਅਗਿਆਨੀ ਪੁਰਸ਼ 'ਵਾਹੁ' ਵਿਸ਼ੇਸ਼ਣ ਨੂੰ 'ਗੁਰ' ਵਿਸ਼ੇਸ਼ਣ ਨਾਲ ਮਿਲਾ ਕੇ ਅਤੇ 'ਵਾਹੁਗੁਰ' ਇਕੱਠਾ ਉਚਾਰ ਕੇ 'ਵਾਹੁ ਗੁਰ' ਸ਼ਬਦ ਨੂੰ ਨਾਮ ਬਣਾਉਣ ਦੀ ਕਾਢ ਕਢਦੇ ਹਨ ਉਹਨਾਂ ਦੀ ਇਹ ਕਾਢ ਨਿਰੀ ਨਿਰਯਤਨੀ ਅਤੇ ਮਨਮਤਿ ਭਰੀ ਵਿਉਂਤ ਹੈ, ਜੋ ਗੁਰਬਾਣੀ ਦੀ ਵਿਲੱਖਣ ਨਿਯਮਾਕਾਰੀ ਲਗਮਾਤ੍ਰੀ ਅਸੂਲ ਦੇ ਉਲਟ ਹੈ। 'ਵਾਹੁਗੁਰ' ਕਿਸੇ ਹਾਲਤ ਵਿਚ ਵੀ ਨਾਮ ਨਹੀਂ ਬਣ ਸਕਦਾ। ਕਿਉਂਕਿ ਇਹ ਜੁੜਤ ਵਿਸ਼ੇਸ਼ਣੀ ਸ਼ਬਦ (compound adjective word) ਗੁਰਬਾਣੀ ਵਿਆਕਰਣ ਅਨੁਸਾਰ ਨਾਂਵ (noun) ਹੀ ਨਹੀਂ ਕਹਾ ਸਕਦਾ।

'ਗੁਰੁ' ਪਦ ਰਾਰੇ ਨੂੰ ਔਂਕੜ ਨਾਲਿ ਅਥਵਾ 'ਗੁਰੂ' ਰਾਰੇ ਨੂੰ ਦੁਲੈਂਕਿਆਂ ਨਾਲ ਤਾਂ ਗੁਰਬਾਣੀ ਅੰਦਰ ਨਿਯਮਾਂ ਅਨੁਕੂਲ ਨਾਂਵ (noun) ਕਰਕੇ ਵਰਤਿਆ ਗਿਆ ਹੈ ਅਤੇ ਥਾਂ ਪਰ ਥਾਂ ਵਰਤਿਆ ਗਿਆ ਹੈ। ਪ੍ਰੰਤੂ 'ਗੁਰ' ਪਦ ਰਾਰੇ ਮੁਕਤੇ ਨਾਲਿ

---

੧. ...੨॥ (ਸਲੋਕ ਮ: ੪, ਪੰਨਾ ੧੪੨੧)।

੨. ੭॥੨॥ (ਗਉੜੀ ਮ: ੪ ਪੰਨਾ ੨੩੫)।

bsrstrust.org

ਗੁਰਬਾਣੀ ਅੰਦਰ ਕਿਤੇ ਭੀ ਨਾਂਵ (noun) ਦੇ ਅਰਥਾਂ ਵਿਚਿ ਨਹੀਂ ਆਇਆ, ਉੱਕਾ ਹੀ ਨਹੀਂ ਆਇਆ। ਜਦ ਆਇਆ ਹੈ ਤਾਂ ਵਿਸ਼ੇਸ਼ਣ ਰੂਪ ਵਿਚ ਹੀ ਆਇਆ ਹੈ। ਜਾਂ (ਜੁੜਤ ਪਦੀ ਨਾਂਵ) ਸਬੰਧ ਕਾਰਕ (possesive case) ਹੋ ਕੇ ਆਇਆ ਹੈ।

ਜਿਥੇ ਕਿਤੇ ਵੀ 'ਗੁਰ' ਨਾਂਵ ਦੇ ਰੂਪ ਵਿਚਿ ਰਾਰੇ ਮੁਕਤੇ ਨਾਲਿ ਆਇਆ ਦਿਸਦਾ ਹੈ, ਓਥੇ ਦਰਅਸਲ ਉਹ 'ਗੁਰੁ' ਪਦ ਦਾ ਵਾਚਕ ਹੈ, 'ਦਾ', 'ਦੇ', 'ਦੀ', 'ਨੂੰ', 'ਕਾ', 'ਕੇ', 'ਕੀ', ਆਦਿ ਸਬੰਧਕੀ ਪਦਾਂ (prepositions) ਦੇ ਨਾਲ ਲਗਣ (ਅਗੇ ਆਉਣ) ਪਿਛੇ ਦਸੇ ਲਗਾਂਮਾਤ੍ਰੀ ਨਿਯਮਾਂ ਅਨੁਸਾਰ ਉਸਦਾ ਔਂਕੜ ਉਡ ਗਿਆ ਹੈ। ਨਹੀਂ ਤਾਂ 'ਗੁਰ' ਇਸ ਭਾਵ ਵਿਚ ਕਿਤੇ ਵੀ ਨਹੀਂ ਲਿਖਿਆ। ਮੂਲੋਂ ਹੀ ਨਹੀਂ ਆਉਂਦਾ। ਇਸ ਸਿਧਾਂਤ ਦਰਸਾਉਣੀ ਅਜੇਹੇ ਦ੍ਰਿਸ਼ਟਾਂਤ ਪਰਮਾਣ ਜਗਾ-ਬਜਗਾ ਦਿਤੇ ਹੋਏ ਪਰਤੱਖ ਦਿਖਾਈ ਦੇ ਰਹੇ ਹਨ। ਪਰਤੱਖ ਨੂੰ ਪਰਮਾਣ ਦੀ ਲੋੜ ਨਹੀਂ। ਪਰਮਾਣ ਦੇਈਏ ਤਾਂ ਕਿੰਨੇ ਦੇਈਏ। ਬੇਅੰਤ ਹੀ ਹਨ। ਪਰਮਾਣ ਦਿਤਿਆਂ ਇਸ ਪੁਸਤਕ ਦਾ ਵਿਸਥਾਰ ਵਧ ਜਾਂਦਾ ਹੈ। ਜਿਥੇ 'ਗੁਰ' ਰਾਰੇ ਮੁਕਤੇ ਵਾਲੇ ਗੁਰ ਨਾਲ ਸਬੰਧਕੀ ਪਦ ਲਿਖਿਆ ਨਹੀਂ ਹੁੰਦਾ ਓਥੇ ਲੁਪਤ ਹੁੰਦਾ ਹੈ। ਜਿਥੇ ਮਹਾਂ ਮੂੜ੍ਹਤਾ ਕਰਕੇ ਅਜੇਹੇ ਗਿਆਨੀ (ਅਗਿਆਨੀ ਪੁਰਸ਼) 'ਵਾਹੁ' ਸ਼ਬਦ ਨੂੰ ਗੁਰ ਦੇ ਨਾਲਿ ਲਾ ਕੇ 'ਵਾਹੁ ਗੁਰ' ਇਕੱਠਾ ਜੁੜਤ ਸ਼ਬਦ (compound word) ਬਣਾਉਂਦੇ ਹਨ ਅਤੇ ਨਾਂਵ (ਨਾਮ) ਦੇ ਅਰਥਾਂ ਵਿਚ ਅਰਥਾਇਆ ਲੋੜਦੇ ਹਨ, ਓਥੇ ਵਾਸਤਵ ਵਿਚਿ 'ਗੁਰ' ਪਦ ਪਿਛਲੇ 'ਵਾਹੁ' ਪਦ ਨਾਲਿ ਨਹੀਂ, ਅਗਲੇ ਸਿਖ ਪਦ ਨਾਲਿ ਹੈ ਅਤੇ ਮਿਲ ਕੇ ਗੁਰਸਿਖੁ ਜੁੜਤ ਸ਼ਬਦ (compound word) ਬਣਦਾ ਹੈ। ਅਸਲ ਪੰਗਤੀ ਇਹ ਹੈ:

ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ,
ਸੋ ਮਨਿ ਚਿੰਦਿਆ ਫਲੁ ਪਾਇ ॥੧॥੭॥ *(ਗੂਜਰੀ ਵਾਰ ਮ: ੩, ਪੰਨਾ ੫੧੫)*

ਭਾਵ ਸਪਸ਼ਟ ਹੈ। ਜੋ ਗੁਰਸਿਖ ਵਾਹ ਵਾਹ ਰੂਪੀ ਸਿਫ਼ਤਿ-ਸਾਲਾਹ ਨਿਤਾ ਪ੍ਰਤਿ ਕਰੇਗਾ, ਉਹ ਮਨ ਚਿੰਦਿਆ ਫਲ ਪਾਏਗਾ। 'ਗੁਰ' ਸ਼ਬਦ ਨੂੰ 'ਸਿਖੁ' ਸ਼ਬਦ ਨਾਲੋਂ ਨਿਖੇੜਨਾ ਅਤੇ ਪਿਛਲੇ 'ਵਾਹੁ' ਸ਼ਬਦ ਨਾਲਿ ਲਾਉਣਾ ਮਹਾਂ ਮਨਮਤਿ ਹੈ। ਅਤੇ ਜਾਣ ਬੁਝ ਕੇ ਕੀਤੀ ਮਨਮਤ ਹੈ ਮਨਮਤੀਆਂ ਦੀ। ਇਸ ਉਪਰਲੀ ਤੁਕ ਤੋਂ ਅਗੇ ਜਾ ਕੇ ਇਕ ਹੋਰ ਤੁਕ ਵੀ ਹੈ ਜਿਸ ਵਿਚਿ ਪਦ ਨਿਖੇੜ ਨਿਖੇੜ ਕੇ ਉਕਤ ਯੁਕਤਿ ਨਾਲ ਉਹ ਇਵੇਂ ਹੀ ਲਾਉਂਦੇ ਹਨ:

ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ,
ਗੁਰ ਪੂਰੇ ਵਾਹੁ ਵਾਹੁ ਭਾਵੈ ॥
ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ,
ਤਿਸੁ ਜਮ ਕੰਕਰੁ ਨੇੜਿ ਨ ਆਵੈ ॥੨॥੧੭॥ *(ਗੂਜਰੀ ਵਾਰ ਮ: ੩, ਪੰਨਾ ੫੧੫)*

ਤਿਨ੍ਹਾਂ ਦਾ ਮਨਮਤੀ ਸਿਧਾਂਤ ਕੁਛ ਕਿਧਰੇ ਸਿਧ ਹੋ ਭੀ ਜਾਂਦਾ, ਜੇਕਰਿ ਉਕਤਿ

bsrstrust.org

ਪੰਗਤੀ ਵਿਚ ਇਉਂ ਹੁੰਦਾ 'ਵਾਹਗੁਰ ਵਾਹੁਗੁਰ ਸਿਖ ਨਿਤ...' ਪਰ ਉਹਨਾਂ ਦੀ ਮਨਮਤਿ ਦਮਨ ਕਰਨ ਨੂੰ ਇਹ ਪੰਗਤੀ ਇਉਂ ਹੋ ਹੀ ਨਹੀਂ ਸਕਦੀ। ਵਰਨਾ ਉਨ੍ਹਾਂ ਦਾ ਫਹੁ ਪੈ ਹੀ ਜਾਂਦਾ। ਥੋੜਾ ਬਹੁਤਾ ਨਹੁੰ ਅੜ ਹੀ ਜਾਂਦਾ। ਫੇਰ ਅਗਲੀ ਪੰਗਤੀ ਵਿਚ ਤਾਂ ਉਹਨਾਂ ਦਾ ਮਨਮਤ ਪਾਜ ਉਕਾ ਹੀ ਉਘੜ ਜਾਂਦਾ ਹੈ:

ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ ॥੨॥੧੬॥

(ਗੂਜਰੀ ਵਾਰ ਮ: ੩, ਪੰਨਾ ੫੧੫)

ਏਸ ਪੰਗਤੀ ਵਿਚ ਗੁਰਮੁਖ (ਬਹੁ-ਵਚਨ) ਮਨਮੁਖ (ਬਹੁ-ਵਚਨ) ਦੇ ਮੁਕਾਬਲੇ ਤੇ ਹੈ। ਭਾਵ ਇਸ ਪੰਗਤੀ ਦਾ ਸਾਰ ਇਹ ਹੈ: ਗੁਰਮੁਖ ਪਿਆਰੇ ਵਾਹ ਵਾਹ ਸਦਾ ਕਰਦੇ ਹਨ, ਮਨਮੁਖ ਨਹੀਂ ਕਰਦੇ ਇਸ ਕਰਕੇ ਬਿਖ (ਵਿਹੁ) ਖਾ ਖਾ ਮਰਦੇ ਹਨ। ਵਾਹੁ ਵਾਹੁ ਸਿਫਤ ਸਲਾਹੀ ਅੰਮ੍ਰਿਤ ਨਾਮ ਨੂੰ ਛਡ ਕੇ ਬਿਖ ਮਾਇਆ ਦੇ ਧੰਧ ਬੰਧ ਵਿਚ ਹੀ ਖਪ ਖਪ ਮਰਨਾ ਹੈ। ਮਨਮਤੀਆਂ ਦੀ ਕਬੁਧੀ ਅਨੁਸਾਰ ਜੇ ਇਸ ਉਪਰਲੀ ਪੰਗਤੀ ਵਿਚ 'ਗੁਰਮੁਖ' ਪਦ ਦੇ 'ਗੁਰ' ਨੂੰ 'ਮੁਖ' ਨਾਲੋਂ ਨਿਖੇੜ ਕੇ 'ਵਾਹੁ' ਦੇ ਨਾਲ ਲਾਇਆ ਜਾਵੇ ਤਦ ਪੰਗਤੀ ਬਣੇਗੀ, 'ਵਾਹੁ ਵਾਹੁਗੁਰ ਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ'। ਤਦ 'ਮਨਮੁਖ ਮਰਹਿ ਬਿਖੁ ਖਾਇ' ਅਧ ਪੰਗਤੀ ਵਿਚਿ 'ਮਰਹਿ ਬਿਖ ਖਾਇ' ਕਿਰਿਆ ਦਾ ਕਰਤਾ (ਫਾਇਲ) ਮਨਮੁਖ ਪਦ ਹੈ, ਪਰ ਪਹਿਲੀ ਪੰਗਤੀ ਵਿਚ 'ਸਦਾ ਕਰਹਿ' ਕਿਰਿਆ ਦਾ ਕਰਤਾ ਕੋਈ ਪਦ ਵੀ ਨਹੀਂ ਰਹਿੰਦਾ, ਕਰਤਾ ਬਿਨਾਂ ਕਿਰਿਆ ਬੇਮਾਅਨੇ ਹੈ। 'ਮੁਖ ਸਦਾ ਕਰਹਿ' ਅਧ ਪੰਗਤੀ ਰਹਿ ਜਾਏਗੀ। ਜਿਸ ਵਿਚ 'ਮੁਖ' ਤਾਂ 'ਮੁਖ ਤੋਂ' ਦੇ ਅਰਥਾਂ ਦਾ ਵਾਚਕ ਹੈ। 'ਕਉਣ ਕਰਹਿ' ਫਾਇਲ (ਕਰਤਾ) ਹੈ ਹੀ ਨਹੀਂ। ਤਾਂ ਤੇ ਫ਼ਿਕਰਾ ਹੀ ਅਧੂਰਾ ਹੈ ਪੂਰਾ ਬਣਦਾ ਹੀ ਨਹੀਂ। 'ਵਾਹੁ ਵਾਹੁ' ਮਫਊਲੀ ਵਿਸ਼ੇਸ਼ਣ ਹੈ। ਮੁਖ ਤੋਂ ਕਿਆ ਕਰਹਿਂ ? ਵਾਹੁ ਵਾਹੁ ਵਿਸ਼ੇਸ਼ਣੀ ਸਿਫਤ ਸਾਲਾਹ ਕਰਹਿਂ। ਪਰ ਕਰਿਹਂ ਕੌਣ ਫਾਇਲ ਨਦਾਰਦ, ਹੈ ਹੀ ਨਹੀਂ। ਇਸ ਲਈ ਅਜੇਹੇ ਅਜੋੜ ਕਰਨ ਵਾਲੇ ਅਗਿਆਨੀਆਂ ਦੀ ਸਰਾਸਰ—ਮਹਾਂ ਮੂੜ੍ਹ ਮਤਿ ਹੈ। 'ਵਾਹੁਗੁਰ' ਦੀ ਕਾਢ ਨਿਰੀ ਮਨਮਤਿ ਉਤੇ ਮਬਨੀ ਹੈ। ਅਜੇਹੇ ਮੂੜ੍ਹ ਅਗਿਆਨੀਆਂ ਨੂੰ ਗੁਰਬਾਣੀ ਦੇ ਲਗਾਂਮਾਤ੍ਰਾਂ ਦੇ ਭੇਦਾਂ ਦਾ ਉੱਕਾ ਹੀ ਪਤਾ ਨਹੀਂ, ਅਤੇ ਆਪਣੀ ਮਤ ਦੀ ਮੂੜ੍ਹਤਾ ਮੂਜਬ ਇਉਂ ਬਰੜਾਉਂਦੇ ਹਨ ਕਿ ਜਿਥੇ 'ਗੁਰ' ਆਉਂਦਾ ਹੈ ਉਥੇ ਅਕਾਲ ਪੁਰਖ ਦਾ ਅਰਥ ਲਖਾਇਆ ਹੈ। ਜਿਥੇ ਗੁਰੂ ਆਉਂਦਾ ਹੈ ਉਹ ਸਤਿਗੁਰ ਦੇ ਅਰਥਾਂ ਦਾ ਲਖਾਇਕ ਹੈ। ਇਹ ਭੀ ਉਹਨਾਂ ਦੀ ਨਲਾਇਕੀ ਤੇ ਬੁਧ ਮਤੀ ਅਲਪੱਗਤਾ ਦੀ ਕਾਢ ਹੈ।

ਕਿਉਂਕਿ 'ਗੁਰ' ਪਦ ਰਾਰੇ ਮੁਕਤੇ ਨਾਲਿ ਇਕੱਲਾ ਗੁਰਬਾਣੀ ਵਿਚ ਕਿਤੇ ਵੀ ਨਹੀਂ ਆਉਂਦਾ। ਇਹ ਉੱਕਾ ਫ਼ੈਸਲਾ ਹੈ।

'ਗੁਰੁ' ਪਦ ਇਕੱਲਾ ਰਾਰੇ ਨੂੰ ਔਂਕੜ ਨਾਲ ਅਨੇਕ ਥਾਈਂ ਆਉਂਦਾ ਹੈ। ਪਿਛੇ ਦੱਸੇ ਲਗਾਂਮਾਤ੍ਰੀ ਨਿਯਮਾਂ ਅਨੁਸਾਰ ਜਦੋਂ 'ਗੁਰੁ' ਪਦ ਦੇ ਅਗੇ ਸਬੰਧਕੀ ਪਦ (preposition) ਹੋਣ ਦਾ ਅਰਥ ਮਫ਼ਹੂਮ (understood) ਹੋਵੇ ਉਥੇ ਰਾਰੇ ਨਾਲੋਂ ਔਂਕੜ ਉਡ ਕੇ 'ਗੁਰ' ਰਹਿ ਜਾਂਦਾ ਹੈ। ਜੈਸੇ 'ਗੁਰਪ੍ਰਸਾਦਿ' ਵਿਚ ਰਾਰਾ ਹਮੇਸ਼ਾ ਮੁਕਤਾ

bsrstrust.org

ਹੀ ਆਉਂਦਾ ਹੈ। ਭਾਵ ਬਣਦਾ ਹੈ : ਗੁਰੂ ਦੇ ਪ੍ਰਸਾਦਿ ਕਰਿ। ਜਿਵੇਂ ਇਕੱਲਾ ਪ੍ਰਸਾਦਿ ਦਦੇ ਸਿਹਾਰੀ ਨਾਲਿ ਪ੍ਰਸਾਦੁ ਰੂਪੀ ਅਰਥਾਂ ਵਿਚ ਕਦੇ ਨਹੀਂ ਆਉਂਦਾ ਹੈ, ਤਿਵੇਂ ਹੀ 'ਗੁਰ' ਰਾਰੇ ਮੁਕਤੇ ਨਾਲ ਇਕੱਲਾ ਗੁਰੂ ਅਰਥਾਂ ਵਿਚ ਕਦੇ ਨਹੀਂ ਆਉਂਦਾ। ਹਾਂ 'ਗੁਰੁ' ਰਾਰੇ ਔਂਕੜ ਨਾਲ ਇਕੱਲਾ ਗੁਰੂ ਅਰਥਾਂ ਵਿਚ ਆਉਂਦਾ ਹੈ। ਦੇਖੋ ਹੇਠ ਲਿਖੇ ਪਰਮਾਣ :

ਮੇਰਾ ਗੁਰੁ ਹੋਆ ਆਪਿ ਸਹਾਈ ॥
ਸੂਖ ਸਹਜ ਆਨੰਦ ਮੰਗਲ ਰਸ ਅਚਰਜ ਭਈ ਬਡਾਈ ॥ਰਹਾਉ॥
ਗੁਰ ਕੀ ਸਰਣਿ ਪਏ ਭੈ ਨਾਸੇ ਸਾਚੀ ਦਰਗਹ ਮਾਨੇ ॥
ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਥਾਨੇ ॥੨॥੧੩॥੨੪॥

(ਸੋਰਠਿ ਮ: ੫, ਪੰਨਾ ੬੧੫)

ਇਸ ਗੁਰਵਾਕ ਦੀ ਰਹਾਉ ਵਾਲੀ ਮੁਢਲੀ ਪੰਗਤੀ ਵਿਚਿ 'ਗੁਰੁ' ਪਦ ਗੁਰੂ ਅਰਥਾਂ ਵਿਚ ਰਾਰੇ ਔਂਕੜ ਨਾਲ ਆਇਆ ਹੈ। ਕਿਉਂਕਿ ਫਾਇਲ ਰੂਪ ਵਿਚ ਅਤੇ ਸਬੰਧਕੀ ਚਿੰਨ੍ਹ (prepositions) ਤੋਂ ਰਹਿਤ ਹੈ। ਪ੍ਰੰਤੂ ਰਹਾਉ ਤੋਂ ਅਗਲੀ ਤੁਕ ਦੇ ਮੁਢ ਵਿਚ ਹੀ 'ਕੀ' ਸਬੰਧਕੀ ਚਿੰਨ੍ਹ ਅਗੇ ਆਉਣ ਕਰਕੇ ਓਹੀ 'ਗੁਰ' (ਗੁਰੂ ਦੇ ਹੀ ਅਰਥਾਂ ਵਿਚ) ਰਾਰੇ ਮੁਕਤੇ ਨਾਲਿ ਹੈ, ਔਂਕੜ ਤੋਂ ਰਹਿਤ। ਇਸ ਪਿਛਲੇ ਔਂਕੜ ਰਹਿਤ 'ਗੁਰ' ਪਦ ਦੇ ਅਰਥ ਅਕਾਲ ਪੁਰਖ ਦੇ ਅਰਥਾਉਣੇ ਇਸ ਕਰਕੇ ਕਿ ਰਾਰੇ ਮੁਕਤੇ ਨਾਲ ਹੈ ਨਿਰੀ ਅਗਿਆਨਤਾ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਅੱਜ ਕੱਲ ਦੇ ਪ੍ਰਚਾਰੀ ਗਿਆਨੀਆਂ ਨੂੰ ਲਗਾਂਮਾਤ੍ਰਾਂ ਦੀ ਉੱਕੀ ਹੀ ਸੂਝ ਬੂਝ ਨਹੀਂ। ਅਪਣੋ ਆਪਣੀ ਅਲਪੱਗ ਮਤ ਅਨੁਸਾਰ ਏਥੇ 'ਗੁਰ' ਦੇ ਅਰਥ 'ਅਕਾਲ ਪੁਰਖ' ਕਰ ਲੈਂਦੇ ਹਨ।

ਗੁਰਸਬਦੀ ਪਾਈਐ ਹਰਿ ਪ੍ਰੀਤਮ ਰਾਉ ਜੀਉ ॥...੩॥੫॥੩੧॥੬੯॥

(ਗਉੜੀ ਮਾਝ ਮ: ੪, ਪੰਨਾ ੧੭੫)

ਇਸ ਪੰਗਤੀ ਵਿਚ 'ਗੁਰਸ਼ਬਦੀ' ਭਾਵ 'ਗੁਰੂ ਦੇ ਸ਼ਬਦ ਦੁਆਰਾ' ਹੀ ਹੈ। ਏਥੇ ਵੀ 'ਗੁਰ' ਦੇ ਅਰਥ 'ਅਕਾਲ ਪੁਰਖ' ਕਰ ਲੈਂਦੇ ਹਨ। ਇਹ ਗੁਰਮਤ ਭਾਵ ਦੇ ਪ੍ਰਤਿਕੂਲ ਹੈ। 'ਪ੍ਰੀਤਮ ਰਾਓ' ਅਕਾਲ ਪੁਰਖ ਦੇ ਅਰਥਾਂ ਦਾ ਲਖਾਇਕ ਹੈ। ਸੋ ਇਹ ਅਰਥ ਬਣਦੇ ਹੀ ਨਹੀਂ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥...੨॥੧੧॥

(ਗਉੜੀ ਵਾਰ ਮ: ੪, ਪੰਨਾ ੩੦੫)

ਪੰਗਤੀ ਅੰਦਰ 'ਗੁਰ' ਅਤੇ 'ਸਤਿਗੁਰ' ਦੋਹਾਂ ਅਗੇ ਮਾਤ੍ਰਾਂ ਸਬੰਧਕ (preposition) 'ਕਾ' ਲਗਿਆ ਹੋਣ ਕਰਕੇ ਦੋਹਾਂ ਦੇ ਔਂਕੜ ਲਥ ਗਏ ਨਿਯਮ ਦੀ ਅਟਲਤਾ ਅਨੁਸਾਰ। ਕੀ ਇਸ ਪੰਗਤੀ ਅੰਦਰ 'ਗੁਰ' ਔਂਕੜ ਰਹਿਤ ਰਾਰੇ ਵਾਲਾ ਹੋਣ ਕਰਕੇ 'ਅਕਾਲ ਪੁਰਖ' ਦੇ ਅਰਥ ਦਿੰਦਾ ਹੈ ? ਬਿਲਕੁਲ ਨਹੀਂ। ਕੀ ਇਸ ਪੰਗਤੀ ਅੰਦਰ 'ਗੁਰ' ਪਦ ਅਕਾਲ ਪੁਰਖ ਦੇ ਅਰਥ ਦਿੰਦਾ ਸੁਹੰਦਾ ਹੈ ? ਗੁਰੂ ਦੇ ਦੁਆਰਾ ਤੋਂ ਭਾਵ ਸਤਿਗੁਰ ਦੁਆਰਾ। ਏਸੇ ਤਰ੍ਹਾਂ 'ਗੁਰਸਿਖ' ਪਦ ਜਿਥੇ ਜਿਥੇ ਵੀ ਗੁਰਬਾਣੀ ਅੰਦਰ ਆਉਂਦਾ

bsrstrust.org

ਹੈ, ਤਿਥੇ ਤਿਥੇ ਮੁਰਾਦ 'ਗੁਰੂ ਦੇ ਸਿਖ' ਤੋਂ ਹੈ, ਨਾ ਕਿ 'ਅਕਾਲ ਪੁਰਖ ਦੇ ਸਿਖ' ਤੋਂ! ਗੁਰਬਾਣੀ ਦੀ ਸ਼ਬਦਾਵਲੀ (vocabulary) ਅੰਦਰਿ ਸਿਖ ਤੋਂ ਭਾਵ ਗੁਰੂ ਦੇ ਹੀ ਸਿਖ ਤੋਂ ਹੈ। ਅਕਾਲ ਪੁਰਖ ਦਾ ਸਿਖ, ਗੁਰਵਾਕ ਦੇ ਸਮੁੱਚੇ ਭਾਵ ਤੋਂ ਉਲਟ ਹੈ। ਏਸ ਪ੍ਰਕਾਰ ਅਣਗਿਣਤ ਪਰਮਾਣ ਹਨ। 'ਗੁਰ' ਪਦ ਰਾਰੇ ਮੁਕਤੇ ਨਾਲ ਗੁਰ ਭਾਵ ਤਾਂ ਗੁਰਬਾਣੀ ਅੰਦਰ ਆਉਂਦਾ ਹੈ। ਪਰ ਅਕਾਲ ਪੁਰਖ ਵਾਚਕ ਭਾਵ ਨਹੀਂ ਰਖਦਾ।

'ਸਤਿਗੁਰੂ' ਜਿਵੇਂ ਤੱਤੇ ਨੂੰ ਸਿਹਾਰੀ ਵਾਲੇ 'ਸਤਿ' ਨਾਲ ਹੀ ਸੋਭਨੀਕ ਹੈ। ਤਿਵੇਂ 'ਵਾਹਿਗੁਰੂ' ਭੀ 'ਹ' ਨੂੰ ਸਿਹਾਰੀ ਵਾਲੇ 'ਵਾਹਿ' ਨਾਲ ਹੀ ਸੋਭਦਾ ਹੈ। 'ਵਾਹੁ ਗੁਰ' ਪਦ ਉੱਕਾ ਹੀ ਅਮਰਿ ਗ੍ਰੈਮਰੀ ਗੁਰਬਾਣੀ ਦੇ ਲਗਮਾਤ੍ਰੀ ਨਿਯਮਾਂ ਦੇ ਪ੍ਰਤਿਕੂਲ ਹੈ। ਤਾਂ ਤੇ ਜੋ ਪੁਰਸ਼ 'ਵਾਹੁਗੁਰ' ਜੀ ਕਾ ਖ਼ਾਲਸਾ 'ਵਾਹੁਗੁਰ' ਜੀ ਕੀ ਫਤਹ ਬੁਲਾਉਂਦੇ ਹਨ, ਉਹ ਮਨ ਮਤੀਏ ਹਨ।

"ਨਾਨਕ ਦਾਸ ਕਹਹੁ ਗੁਰ ਵਾਹੁ"[1] ਪੰਗਤੀ ਵਿਚ ਇਹ ਭਾਵ ਹੈ ਕਿ ਗੁਰੂ ਨੂੰ ਵਾਹੁ ਕਹੋ, ਅਰਥਾਤ ਸਿਫਤ ਸਾਲਾਹੋ। 'ਗੁਰ ਵਾਹੁ' ਦਾ ਭਾਵ ਇਹ ਹਰਗਿਜ਼ ਨਹੀਂ ਕਿ 'ਵਾਹੁਗੁਰ' ਕਹੋ। ਏਸੇ 'ਗੁਰ ਵਾਹੁ' ਪਦ ਨੂੰ ਉਲਟਾ ਕੇ ਮਨਮਤੀਏ 'ਵਾਹੁਗੁਰ' ਬਣਾਉਂਦੇ ਹਨ। 'ਗੁਰ' ਦਾ ਰਾਰਾ ਮੁਕਤਾ ਹੋਣ ਕਰਕੇ ਅਗੇ ਸਬੰਧਕੀ ਪਦ 'ਨੂੰ' ਦਾ ਭਾਵ ਲੁਪਤ ਹੈ। ਇਸ਼ਾਰੇ ਮਾਤਰ ਵਾਹਿਗੁਰੂ ਪਦ ਦਾ ਲਖਾਇਕ ਹੈ, ਬੋਧਕ ਨਹੀਂ।

(੨੨) ਸਤਿ, ਸਤੁ, ਜਤ ਕਤ, ਸਤ, ਤਤ

'ਸਤਿ' ਪਦ ਤੱਤੇ ਸਿਹਾਰੀ ਨਾਲ ਵਿਸ਼ੇਸ਼ਣ ਦਾ ਅਰਥ ਰਖਦਾ ਹੈ। ਤੱਤੇ ਔਂਕੜ ਨਾਲਿ 'ਸਤੁ' ਪਦ ਨਾਂਵ ਦਾ ਲਖਾਇਕ ਹੈ। ਜੈਸੇ:

ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ॥
ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ॥੩॥੨੫॥੯੫॥
(ਸਿਰੀਰਾਗੁ ਮ: ੫, ਪੰਨਾ ੫੧)

ਜਤੁ ਸਤੁ ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ॥
ਪੂਰੈ ਭਾਗਿ ਨਾਮੁ ਮਨਿ ਵਸੈ ਸਬਦਿ ਮਿਲਾਵਾ ਹੋਇ॥...੪॥੨੭॥੫੦॥
(ਸਿਰੀਰਾਗੁ ਮ: ੩, ਪੰਨਾ ੩੩)

ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ॥...੩॥੧੨॥੪੫॥
(ਸਿਰੀਰਾਗੁ ਮ: ੩, ਪੰਨਾ ੩੧)

ਗੁਰਮਤਿ ਨਾਮੁ ਮਨ ਵਿਖੇ ਵਸਾਉਣ ਕਰਕੇ ਸਰੀਰ ਪਵਿਤ੍ਰ ਹੋ ਜਾਂਦਾ ਹੈ ਅਤੇ ਜਤੁ ਸਤੁ ਤਪੁ ਆਦਿਕ ਗੁਰਮਤਿ ਗੁਣ ਸੁਤੇ-ਸਿਧ ਹੀ ਨਾਮ ਦੀ ਬਰਕਤ ਨਾਲਿ ਪ੍ਰਾਪਤ ਹੋ ਜਾਂਦੇ ਹਨ।

---

੧. ੪॥੨੧॥ (ਆਸਾ ਮ: ੫, ਪੰਨਾ ੩੭੬)।

bsrstrust.org

ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ ॥੧॥੧॥

(ਗਉੜੀ ਰਵਿਦਾਸ ਜੀ, ਪੰਨਾ ੩੪੬)

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥੧॥੧੮॥

(ਮਾਝ ਵਾਰ ਮ: ੨, ਪੰਨਾ ੧੪੬)

ਗੁਰਮਤਿ ਸਤੁ ਹੀ ਸਭ ਸੱਤਾਂ ਤੋਂ ਭਲਾ ਹੈ (ਸ੍ਰੇਸ਼ਟ ਹੈ)। ਪ੍ਰਾਪਤ ਕਿਵੇਂ ਹੁੰਦਾ ਹੈ, ਇਹ ਗੁਰਮਤਿ ਸਤੁ ? "ਬਹੀਐ ਪੜਿਆ ਪਾਸਿ ॥" ਸੱਚੇ ਨਾਮ ਦੀ ਸੱਚੀ ਪੜ੍ਹਾਈ ਦੇ ਸੱਚੇ ਪੜ੍ਹਾਕੂਆਂ ਪਾਸ ਬੈਠਿਆਂ। ਸੰਗਤ ਵਿਚ ਬੈਠਿਆਂ। ਸੰਗਤ ਕੀਤਿਆਂ ਪ੍ਰਾਪਤ ਹੁੰਦਾ ਹੈ।

ਸੰਗਤਿ ਪਦਿ ਦੇ ਨਾਲਿ ਪਹਿਲਾ ਸਤ ਪਦ ਲਗਣ ਕਰਕੇ ਅਰਥ ਸਤਸੰਗਤ ਇਕੱਠਾ (compound word) ਬਣ ਜਾਂਦਾ ਹੈ। ਸਤ ਪਦ ਨਾਲੋਂ ਇਸ ਲਈ ਸਿਹਾਰੀ ਤੇ ਔਂਕੜ ਦੋਨੋਂ ਉਡ ਜਾਂਦੇ ਹਨ। ਯਥਾ ਗੁਰਵਾਕ :

ਭਾਈ ਰੇ ਹਰਿ ਹੀਰਾ ਗੁਰ ਮਾਹਿ ॥
ਸਤ ਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥[1]

ਪੂਰੈ ਭਾਗਿ ਸਤ ਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ ॥[2]

ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ ॥[3]

ਸਤਸੰਗਤਿ ਬਹਿ ਹਰਿ ਗੁਣ ਗਾਇਆ ॥[4]

ਹਰਿ ਹਰਿ ਰਾਖਹੁ ਕ੍ਰਿਪਾ ਧਾਰਿ ॥
ਸਤਸੰਗਤਿ ਮੇਲਾਇ ਪ੍ਰਭ ਹਰਿ ਹਿਰਦੈ ਹਰਿ ਗੁਣ ਸਾਰਿ ॥[5]

ਹਰਿ ਪਦਿ ਹਰੀ ਦੇ ਅਰਥਾਂ ਵਿਚ ਹਮੇਸ਼ਾ ਗੁਰਬਾਣੀ ਅੰਦਰ ਰਾਰੇ ਨੂੰ ਸਿਹਾਰੀ ਨਾਲਿ ਆਉਂਦਾ ਹੈ। ਭਾਵੇਂ ਅਗੇ ਸਬੰਧਕੀ ਚਿੰਨ੍ਹ ਪਦ ਲਗਿਆ ਹੋਵੇ। ਇਹ ਪੱਕਾ ਨਿਯਮ ਹੈ। ਬਿਨਾਂ ਸਿਹਾਰੀ ਦੇ 'ਹਰ' ਪਦ ਕਿਤੇ ਆਇਆ ਦੇਖਿਆ ਨਹੀਂ, ਗੁਰਬਾਣੀ ਅੰਦਰਿ। ਜੇ ਆਇਆ ਹੋਊ ਤੇ ਹੋਰ ਅਰਥਾਂ ਵਿਚ ਭਾਵੇਂ ਆਇਆ ਹੋਊ।

'ਜਤ ਕਤ', 'ਤਤ' ਸਥਾਨਕ ਕ੍ਰਿਆ ਵਿਸ਼ੇਸ਼ਣ ਹਮੇਸ਼ਾ ਹਰ ਥਾਉਂ ਗੁਰਬਾਣੀ ਅੰਦਰ ਤੱਤੇ ਮੁਕਤੇ ਨਾਲਿ ਆਉਣਗੇ। ਯਥਾ ਗੁਰਵਾਕ :

ਜਤ ਕਤ ਦੇਖਉ ਤਤ ਤਤ ਤੁਮਹੀ,
ਮੋਹਿ ਇਹੁ ਬਿਸੁਆਸੁ ਹੋਇ ਆਇਓ ॥...੧॥੨॥੧੨੩॥

(ਗਉੜੀ ਮ: ੫, ਪੰਨਾ ੨੦੫)

---

੧. ੧॥ਰਹਾਉ॥੨੧॥ (ਸਿਰੀਰਾਗੁ ਮ: ੧, ਪੰਨਾ ੨੨)।
੨. ੪॥੨੨॥੫੫॥ (ਸਿਰੀਰਾਗੁ ਮ: ੩, ਪੰਨਾ ੩੫)।
੩. ੧॥੨੩॥੫੬॥ (ਸਿਰੀਰਾਗੁ ਮ: ੩, ਪੰਨਾ ੩੫)।
੪. ੬॥੧੦॥੧੧॥ (ਮਾਝ ਮ: ੩, ਪੰਨਾ ੧੧੫)।
੫. ੧॥ਰਹਾਉ॥੧॥੯॥ (ਗਉੜੀ ਮ: ੩, ਪੰਨਾ ੨੩੩)।

bsrstrust.org

ਜਤ ਕਤ ਦੇਖਉ ਤਤ ਰਹਿਆ ਸਮਾਇ ॥
ਨਾਨਕ ਦਾਸ ਹਰਿ ਕੀ ਸਰਣਾਇ ॥੪॥੬੯॥੧੩੮॥

(ਗਉੜੀ ਮ: ੫, ਪੰਨਾ ੧੯੩)

ਅਨੇਕਾਂ ਐਸੇ ਪਰਮਾਣ ਹਨ ਜਿਨ੍ਹਾਂ ਵਿਚ 'ਜਤ ਕਤ' 'ਤਤ' ਮੁਕਤੇ ਨਾਲ ਹੀ ਆਉਂਦਾ ਹੈ।

'ਜਤਿ' ਪਦ ਸਿਹਾਰੀ ਨਾਲ ਵਿਰਲੇ ਵਾਂਝਾ ਹੀ ਆਉਂਦਾ ਹੈ। ਜਿਥੇ ਆਉਂਦਾ ਹੈ, ਤਿਥੇ 'ਜਤਿ' ਦੇ ਅਰਥ ਜਾਤੀ ਜਾਂ ਜਾਤਿ ਦੇ ਹੁੰਦੇ ਹਨ। ਜੈਸੇ :

ਜਤਿ ਮੇਰੀ ਪਤਿ ਮੇਰੀ ਧਨੁ ਹਰਿ ਨਾਮੁ ॥...੧॥ਰਹਾਉ॥੧੯॥੨੫॥

(ਸੂਹੀ ਮ: ੫, ਪੰਨਾ ੭੪੨)

(੨੩) ਮਤਿ, ਮਤੁ

ਮਤਿ—ਮਤਿ ਸ਼ਬਦ ਤੱਤੇ ਨੂੰ ਸਿਹਾਰੀ ਨਾਲ ਗੁਰਬਾਣੀ ਅੰਦਰ ਜਦੋਂ ਆਉਂਦਾ ਹੈ ਤਾਂ ਸਦਾ ਨਾਂਵ (noun) ਹੁੰਦਾ ਹੈ, ਤੇ ਇਸਦੇ ਅਰਥ ਬੁੱਧੀ, ਸੁਬੁਧੀ, ਗੁਰਮਤਿ ਮਤਿ ਦੇ ਹੁੰਦੇ ਹਨ।

ਮਤੁ—ਜਿਥੇ ਮਤੁ ਸ਼ਬਦ ਤੱਤੇ ਨੂੰ ਔਂਕੜ ਨਾਲ ਆਉਂਦਾ ਹੈ, ਉਥੇ ਏਹ ਕ੍ਰਿਆ ਵਿਸ਼ੇਸ਼ਣ (adverb) ਹੁੰਦਾ ਹੈ, ਇਸਦੇ ਅਰਥ ਨਾਂ ਮਤੇ, ਭਾਵ (ਮਤਿ ਕਰੋ) ਦੇ ਹੁੰਦੇ ਹਨ। ਵਖੋ ਵਖ ਉਦਾਹਰਣ ਦੋਹਾਂ ਸ਼ਬਦਾਂ ਪ੍ਰਥਾਇ ਇਸ ਤਰ੍ਹਾਂ ਹਨ :

੧. **ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥**

(ਜਪੁਜੀ)

੨. **ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥੨॥੧॥੫॥**

(ਗੂਜਰੀ ਮ: ੧, ਪੰਨਾ ੫੦੫)

ਭਾਵ, ਵਾਹਿਗੁਰੂ ਨਾਮ ਮਨ ਵਿਖੇ ਵਸਣ ਕਰਕੇ ਨਾਮ ਜਪਣ ਹਾਰੇ ਦੀ ਬੁਧੀ (ਮਤਿ) ਤਤ ਗਿਆਨ ਸੰਪੰਨ ਹੋ ਜਾਂਦੀ ਹੈ। ਤਥਾ :

ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ ॥...੪॥੩॥

(ਵਡਹੰਸੁ ਮ: ੩, ਪੰਨਾ ੫੬੯)

ਭਾਵ, ਸਹਿਜ ਭਾਵ ਨਾਲ ਵਾਹਿਗੁਰੂ ਨਾਮ ਵਖਾਨਣ ਕਰਕੇ ਨਾਮ ਵਖਾਨਣ ਹਾਰੇ ਦੀ ਮਤਿ (ਬੁਧੀ) ਨਿਹਚਲ, ਗੂੜ੍ਹੀ (ਗੂੜ੍ਹ ਗੁਰਮਤਿ ਵਾਲੀ) ਹੋ ਜਾਂਦੀ ਹੈ। ਤਥਾ :

੩. **ਗੁਰਮੁਖਿ ਜਿੰਦੂ ਜਪਿ ਨਾਮੁ ਕਰੰਮਾ ॥**
ਮਤਿ ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ ॥
ਸੰਤੋਖੁ ਪਿਤਾ ਕਰਿ ਗੁਰੁਪੁਰਖੁ ਅਜਨਮਾ ॥
ਵਡਭਾਗੀ ਮਿਲੁ ਰਾਮਾ ॥੧॥੧॥੨੭॥੬੫॥ *(ਗਉੜੀ ਮਾਝ ਮ: ੪, ਪੰਨਾ ੧੭੨)*

ਇਸ ਗੁਰ ਪਰਮਾਣ ਅੰਦਰ ਗੁਰਮਤਿ ਮਤਿ ਨੂੰ ਮਾਤਾ ਤੁਲ ਜਣਾਇਆ ਹੈ।

bsrstrust.org

ਇਸ ਗੁਰਮਤਿ ਮਤਿ ਰੂਪੀ ਮਾਤਾ ਦੀ ਦਰਸਾਈ (ਨਾਮ ਰੂਪੀ ਚੁੰਘਣੀ ਚੂਚੀ) ਨੂੰ ਮੁਖ ਵਿਚ ਲੈ ਕੇ ਚੁੰਘਣਾ (ਚੂਸਣਾ) ਦ੍ਰਿੜ੍ਹਾਇਆ ਹੈ। ਪੁਨਾ :

ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ ਮੰਤ ॥
ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ ॥੧॥੪੨॥

(ਗਉੜੀ ਮ: ੫, ਪੰਨਾ ੨੫੯)

ਭਾਵ, ਗੁਰ ਪੂਰੇ ਦੇ ਉਪਦੇਸ਼ ਮੰਤ੍ਰ ਕਮਾਈ ਵਾਲੇ ਪੁਰਸ਼ ਹੀ ਪੂਰੀ ਮਤਿ (ਗੁਰਮਤਿ ਮਤਿ) ਵਾਲੇ ਹਨ, ਤੇ ਸੋਈ ਪੁਰਖ ਪ੍ਰਧਾਨ ਹਨ। ਜਿਨ੍ਹਾਂ ਨੂੰ ਇਸ ਬਿਧ ਨਾਮ ਕਮਾਈਆਂ ਕਰਕੇ ਵਾਹਿਗੁਰੂ ਦੀ ਸੋਝੀ ਹੋਈ ਹੈ, ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਅਜੇਹੇ ਗੁਰਮੁਖ ਜਨ ਭਾਗਾਂ ਵਾਲੇ ਹਨ। ਪੁਨਾ :

ਮਨਮੁਖ ਕੀ ਮਤਿ ਕੂੜਿ ਵਿਆਪੀ ॥
ਬਿਨੁ ਹਰਿ ਸਿਮਰਣ ਪਾਪਿ ਸੰਤਾਪੀ ॥੨॥੨੪॥ *(ਆਸਾ ਮ: ੧, ਪੰਨਾ ੩੫੬)*

ਭਾਵ, ਮਨਮੁਖ ਪੁਰਸ਼ ਦੀ ਮਤਿ ਕੂੜ ਵਿਚ ਹੀ ਗ੍ਰਸੀ ਹੋਈ ਹੈ, ਹਰਿ ਸਿਮਰਨ ਬਿਨਾਂ ਪਾਪਾਂ ਦੀ ਹੀ ਸੰਤਾਪੀ ਹੋਈ ਹੈ। ਅਜੇਹੇ ਹੋਰ ਬੇਅੰਤ ਗੁਰ ਪਰਮਾਣ ਹਨ।

ਹੁਣ ਅਗੇ ਤੱਤੇ ਨੂੰ ਔਂਕੜ ਵਾਲੇ 'ਮਤੁ' ਸ਼ਬਦ ਪ੍ਰਥਾਇ ਗੁਰ ਪਰਮਾਣ ਦਿਤੇ ਜਾਂਦੇ ਹਨ :

੧. **ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥** *(ਪੰਨਾ ੧੪)*

੨. **ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥** *(ਪੰਨਾ ੪੭੨)*

੩. **ਮਤੁ ਜਾਣਸਹਿ ਗਲੀ ਪਾਇਆ ॥**
ਮਾਲਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥ *(ਪੰਨਾ ੨੪)*

੪. **ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥** *(ਪੰਨਾ ੬੪੩)*

੫. **ਮਤੁ ਨਿਰਗੁਣ ਹਮ ਮੇਲੈ ਕਬਹੂੰ ਅਪੁਨੀ ਕਿਰਪਾ ਧਾਰਿ ॥** *(ਪੰਨਾ ੧੬੭)*

(੨੪) ਕੇ, ਕੈ

ਦੁਲਾਈਆਂ ਨਾਲ 'ਕੈ' ਦੇ ਅਰਥ ਗੁਰਬਾਣੀ ਵਿਖੇ ਗੁਰਮਤਿ ਅਨੁਸਾਰ 'ਯਾ' ਅਥਵਾ 'ਜਾਂ' ਦੇ ਹਨ। 'ਕੇਹੜੇ' ਦੇ ਅਰਥ ਭੀ ਕਿਤੇ ਕਿਤੇ ਬਣਦੇ ਹਨ। 'ਦੇ' ਅਰਥਾਂ ਵਿਚ ਭੀ 'ਕੈ' ਪਦ ਵਰਤਿਆ ਜਾਂਦਾ ਹੈ। 'ਕੀਹਦੇ', 'ਕਿਸਦੇ' ਭੀ ਅਰਥ ਦਿੰਦਾ ਹੈ। ਲਾਂਵ ਨਾਲ 'ਕੇ' ਦੇ ਅਰਥ ਕੇਈ, ਕੇਤੇ, ਦੇ ਹਨ। 'ਕੇ' ਦੇ ਅਰਥ 'ਕੀ' ਦੇ ਭੀ ਹਨ।

ਪਹਿਲਾਂ 'ਕੈ' ਪ੍ਰਥਾਇ ਗੁਰ ਪਰਮਾਣ ਦਿਤੇ ਜਾਂਦੇ ਹਨ :

ਸੁਇਨੇ ਕੈ ਪਰਬਤਿ ਗੁਫਾਕਰੀ ਕੈ ਪਾਣੀ ਪਇਆਲਿ ॥
ਕੈ ਵਿਚਿ ਧਰਤੀ ਕੈ ਆਕਾਸੀ ਉਰਧਿ ਰਹਾ ਸਿਰਿਭਾਰਿ ॥...੧॥੪॥

(ਮਾਝ ਵਾਰ ਮ: ੧, ਪੰਨਾ ੧੩੯)

bsrstrust.org

ਇਸ ਗੁਰ ਪਰਮਾਣ ਵਿਚ ਪਹਿਲੇ 'ਕੈ' ਦੇ ਅਰਥ ਤਾਂ 'ਦੇ' ਹਨ। ਦੂਜੇ, ਤੀਜੇ, ਚੌਥੇ 'ਕੈ' ਦੇ ਅਰਥ ਹਨ ਯਾ ਅਤੇ ਅਥਵਾ। ਤਥਾ ਹੋਰ ਪਰਮਾਣ :

ਨਰੁ ਪ੍ਰਾਣੀ ਚਾਕਰੀ ਕਰੇ ਨਰਪਤਿ ਰਾਜੇ ਅਰਥਿ ਸਭ ਮਾਇਆ ॥
ਕੈ ਬੰਧੈ ਕੈ ਡਾਨਿ ਲੇਇ ਕੈ ਨਰਪਤਿ ਮਰਿ ਜਾਇਆ ॥..੨॥੪॥੧੦॥੪੮॥

(ਗਉੜੀ ਬੈਰਾਗਣਿ ਮ: ੪, ਪੰਨਾ ੧੬੬)

ਭਾਵ, ਮਨਮੁਖ ਪ੍ਰਾਣੀ ਕਿਸੇ ਰਾਜੇ ਮਹਾਰਾਜੇ ਦੀ ਗ਼ੁਲਾਮੀ (ਚਾਕਰੀ) ਕਰਦਾ ਹੈ ਸਭ ਮਾਇਆ ਧਨ ਖਟਣ ਖ਼ਾਤਰ ਕਰਦਾ ਹੈ, ਜਿਸ ਰਾਜੇ ਦੀ ਉਹ ਨੌਕਰੀ ਚਾਕਰੀ ਕਰਦਾ ਹੈ, ਉਹ ਉਸ ਨੂੰ ਯਾ ਬੰਨ੍ਹਦਾ ਹੈ ਯਾ ਉਸ ਤੋਂ ਡੰਨ ਲੈਂਦਾ ਹੈ। ਜਾਂ ਰਾਜਾ ਜਦੋਂ ਮਰ ਜਾਂਦਾ ਹੈ ਤਾਂ ਉਸਦੀ ਨੌਕਰੀ ਛੁਟ ਜਾਂਦੀ ਹੈ। ਇਸਦੇ ਮੁਕਾਬਲੇ ਵਿਚ :

ਧੰਨੁ ਧਨੁ ਸੇਵਾ ਸਫਲ ਸਤਿਗੁਰੂ ਕੀ,
ਜਿਤੁ ਹਰਿ ਹਰਿ ਨਾਮੁ ਜਪਿ ਹਰਿ ਸੁਖੁ ਪਾਇਆ ॥੨॥੪॥੧੦॥੪੮॥

(ਗਉੜੀ ਬੈਰਾਗਣਿ ਮ: ੪, ਪੰਨਾ ੧੬੬)

ਭਾਵ, ਗੁਰੂ ਸਤਿਗੁਰੂ ਦੀ ਸੇਵਾ ਸਫਲ ਹੈ, ਧੰਨਤਾ ਯੋਗ ਹੈ, ਜਿਸ ਕਰਕੇ ਵਾਹਿਗੁਰੂ ਦਾ ਨਾਮ ਜਪੀਦਾ ਹੈ, ਜਿਸਦੇ ਪ੍ਰਤਾਪ ਕਰ ਸਦਾ ਲਈ ਅਟਲ ਸੁਖ ਦੀ ਪ੍ਰਾਪਤੀ ਹੁੰਦੀ ਹੈ। ਸੋ ਪਹਿਲੀ ਪੰਗਤੀ ਵਿਚ 'ਕੈ' ਪਦ ਤਿੰਨ ਵਾਰ ਆਇਆ ਹੈ, ਤੇ ਤਿੰਨੇ ਵਾਰੀ 'ਯਾ' ਦੇ ਅਰਥ ਦਿੰਦਾ ਹੈ। ਤਥਾ ਹੋਰ ਪਰਮਾਣ :

ਕਬੀਰੁ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥
ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥੨੮॥

(ਸਲੋਕ ਭਗਤ ਕਬੀਰ ਜੀਉ, ਪੰਨਾ ੧੩੬੫)

ਇਸ ਸਲੋਕ ਦੀ ਪਿਛਲੀ ਤੁਕ ਵਿਚ 'ਕੈ' ਦੋਹੀਂ ਥਾਵੀਂ 'ਯਾ' ਦੇ ਅਰਥ ਰਖਦਾ ਹੈ। ਹੋਰ ਪਰਮਾਣ :

ਕਬੀਰ ਸਾਰੀ ਸਿਰਜਨਹਾਰ ਕੀ ਜਾਨੈ ਨਾਹੀ ਕੋਇ ॥
ਕੈ ਜਾਨੈ ਆਪਨ ਧਨੀ ਕੈ ਦਾਸੁ ਦੀਵਾਨੀ ਹੋਇ ॥੧੭੬॥

(ਸਲੋਕ ਭਗਤ ਕਬੀਰ ਜੀਉ, ਪੰਨਾ ੧੩੭੩)

ਇਸ ਸਲੋਕ ਵਿਚ ਭੀ ਪਿਛਲੀ ਪੰਗਤੀ ਵਿਚ 'ਕੈ' ਦੋਹੀਂ ਥਾਵੀਂ 'ਯਾ' ਦੇ ਅਰਥ ਦਿੰਦਾ ਹੈ। ਪੁਨਾ ਹੋਰ ਪਰਮਾਣ :

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥

(ਰਾਮਕਲੀ ਮ: ੧, ਪੰਨਾ ੯੩੦)

ਇਥੇ ਸਪਸ਼ਟ ਤੌਰ ਤੇ 'ਕੈ' ਦੇ ਅਰਥ 'ਯਾ' ਦੇ ਹਨ। ਇਸ ਤੁਕ ਪ੍ਰਥਾਇ ਇਕ ਬੜੀ ਦਿਲਚਸਪ, ਸਿਖਿਆਦਾਇਕ ਤੇ ਤਾੜਨਾ ਪੂਰਤ ਸਾਖੀ ਇਤਿਹਾਸ ਵਿਚ ਆਉਂਦੀ ਹੈ, ਜੋ ਏਥੇ ਲਿਖਣੀ ਬੜੀ ਲਾਭਦਾਇਕ ਹੈ, ਸ੍ਰੀ ਗੁਰੂ ਦਸਮ ਪਾਤਸ਼ਾਹ ਦੇ ਦਰਬਾਰ ਵਿਚ ਕੋਈ ਸਿਖ ਦਖਣੀ ਓਅੰਕਾਰ ਦਾ ਪਾਠ ਕਰ ਰਿਹਾ

bsrstrust.org

ਸੀ। ਜਦ ਉਸਨੇ ਉਪਰਲੀ ਇਸ ਤੁਕ ਦਾ ਪਾਠ ਇਉਂ ਕੀਤਾ :

ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੈ ਗੁਰ ਸੂਰਾ ॥

ਗੁਰੂ ਸਾਹਿਬ ਨੇ ਇਸ ਤੁਕ ਦਾ ਗ਼ਲਤ ਪਾਠ ਸੁਣ ਕੇ ਹੁਕਮ ਦਿੱਤਾ ਕਿ ਇਸ ਸਿਖ ਦੇ ਇਕ ਚਪੇੜ ਲਗਾਓ। ਕਿਉਂਕਿ ਇਸ ਨੇ ਤੁਕ ਦਾ ਅਸ਼ੁੱਧ ਪਾਠ ਕੀਤਾ ਹੈ। ਜਿਸ ਕਰਕੇ ਅਰਥਾਂ ਦੇ ਅਨਰਥ ਹੋ ਗਏ ਹਨ। 'ਕੇ ਜਾਣੈ ਗੁਰ ਸੂਰਾ' ਨਹੀਂ ਬਲਕਿ ਸ਼ੁੱਧ ਪਾਠ ਹੈ "ਕੈ ਜਾਣੈ ਗੁਰੁ ਸੂਰਾ"। ਜੋ ਇਸ ਸਿਖ ਨੇ 'ਕੇ ਜਾਣੈ' ਪਾਠ ਕੱਕੇ ਨੂੰ ਲਾਂਵ ਲਾ ਕੇ ਕੀਤਾ ਹੈ, ਏਹ ਬੜਾ ਹੀ ਅਸ਼ੁੱਧ ਤੇ ਅਨਰਥ ਵਾਚਕ ਹੈ। 'ਕੇ ਜਾਣੈ ਗੁਰ ਸੂਰਾ' ਦੇ ਅਰਥ ਹੋਏ—ਕੀ ਜਾਣਦਾ ਹੈ, ਗੁਰੂ ਸੂਰਾ। ਇਸ ਤੋਂ ਗੁਰੂ ਪਦਵੀ ਦੀ ਨਿਖੇਧੀ ਸਿੱਧ ਹੁੰਦੀ ਹੈ। ਸਰਬੱਗ ਗੁਰੂ ਸਮਰਥ ਨੂੰ ਅਲਪੱਗ ਜਣਾਇਆ ਗਿਆ ਹੈ। ਸ਼ੁੱਧ ਪਾਠ ਹੈ :

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥

ਦੁਲਾਈਆਂ ਨਾਲ ਕੱਕੇ ਦੇ ਅਰਥ ਹਨ, 'ਯਾ' ਦੇ। ਤੇ ਸਾਰੀ ਪੰਗਤੀ ਦੇ ਸੁੱਧ ਅਰਥ 'ਕੈ' ਦੇ ਦੁਲਾਈਆਂ ਵਾਲੇ ਸੁੱਧ ਪਾਠ ਸਹਿਤ ਬਣਦੇ ਹਨ ਕਿ ਕਰਤੇ ਦੀ ਮਿਤਿ ਕਰਤਾ ਪੁਰਖ ਜਾਣਦਾ ਹੈ। ਯਾ ਗੁਰੂ ਸੂਰਮਾ ਸਮਰਥ ਗੁਰ ਪੂਰਾ ਗੁਰੂ ਨਾਨਕ ਧੁਰੋਂ ਪਠਾਇਆ ਪੂਰਾ ਗੁਰੂ ਨਾਨਕ ਜਾਣਦਾ ਹੈ। ਅਤੇ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ"[1] ਦੇ ਉਚ ਗੁਰਮਤਿ ਭਾਵ ਵਾਲੇ ਦਸੋਂ ਗੁਰੂ ਸਾਹਿਬਾਨ ਜਾਣਦੇ ਹਨ। 'ਕੇ' ਪਾਠ ਕੀਤਿਆਂ ਪੂਰੇ ਸੂਰੇ ਗੁਰੂ ਦੀ ਸਮਰਥਾ ਵਿਚ ਫ਼ਰਕ ਆਉਂਦਾ ਹੈ ਜੋ ਬੜਾ ਹੀ ਅਨਰਥ ਹੈ। ਤਾਂ ਤੇ ਇਸ ਤੋਂ ਇਹ ਸਬਕ ਮਿਲਿਆ ਕਿ ਲਗਾਂਮਾਤ੍ਰਾਂ ਦੀ ਸ਼ੁਧਤਾਈ ਸਹਿਤ ਹੀ ਬਾਣੀ ਦਾ ਸ਼ੁਧ ਪਾਠ ਬਣਦਾ ਹੈ। ਲਗਾਂ ਦੇ ਅਸ਼ੁੱਧ ਲਾਉਣ ਤੇ ਅਸ਼ੁੱਧ ਉਠਾਉਣ ਕਰਿ ਸਾਰਾ ਪਾਠ ਹੀ ਅਸ਼ੁੱਧ ਹੋ ਜਾਂਦਾ ਹੈ ਤੇ ਅਰਥਾਂ ਦੇ ਅਨਰਥ ਹੋ ਜਾਂਦੇ ਹਨ। ਕਰਤੇ ਪੁਰਖ ਦੀ ਗਤਿ ਮਿਤਿ ਨੂੰ ਜਾਣਨ ਹਾਰਾ ਯਾ ਤਾਂ ਕਰਤਾ ਪੁਰਖ ਆਪ ਹੈ। ਯਾ ਸਮਰਥ ਗੁਰ ਪੂਰਾ ਸੂਰਾ ਗੁਰ ਨਾਨਕ ਆਪਣੇ ਦਸੇ ਗੁਰੂ ਜਾਮਿਆਂ ਵਾਲਾ ਹੈ। ਕਰਤੇ ਪੁਰਖ ਦੀ ਗਤਿ ਮਿਤਿ ਜਾਣਨ ਹਾਰੇ ਅਰਥਾਂ ਵਿਚਿ ਹੀ ਇਹ ਅਗਲੀ ਤੁਕ ਆਉਂਦੀ ਹੈ।

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ ॥ *(ਪੰਨਾ ੨੮੬)*

ਇਹ ਤੁਕ ਸਤਿ ਪੁਰਖ ਕਰਤੇ ਪੁਰਖ ਦੀ ਗਤਿ ਮਿਤਿ ਜਾਣਨ ਹਾਰੇ ਪੂਰੇ ਸੂਰੇ ਸਮਰਥ ਅਤੇ ਸਰਬੱਗ ਗੁਰੂ ਪ੍ਰਥਾਇ ਹੀ ਘਟਦੀ ਹੈ। ਜਿਸ ਨੂੰ ਮੂੜ੍ਹ ਮਤਿ ਵਾਲੇ ਦੇਹਧਾਰੀ ਬਣ ਬੈਠੇ ਆਪੇ ਬਣ ਬੈਠੇ ਅਲਪੱਗ ਗੁਰੂ ਆਪਣੇ ਪ੍ਰਥਾਇ ਹੀ ਘਟਾ ਲੈਂਦੇ ਹਨ। ਕੈਸੀ ਗਈ ਗੁਜ਼ਰੀ ਹਮਾਕਤ ਹੈ। ਕਉਣ ਆਪਣੇ ਆਪ ਨੂੰ ਦੇਹਧਾਰੀ ਗੁਰੂ ਸਦਾਉਣ ਵਾਲਾ ਅਲਪੱਗ ਮਤੀ ਸਾਧੜਾ ਜੰਮਿਆ ਹੈ ਜੋ ਕਰਤੇ ਪੁਰਖ ਸਤਿਪੁਰਖ ਅਕਾਲ ਦੀ ਗਤਿ ਮਿਤਿ ਜਾਣਨ ਦੀ ਡੀਂਗ ਮਾਰ ਸਕੇ। 'ਜਾਨਿਆ' ਪਦ ਦੀ ਅਸਲ

---

੧. ...੨॥੧॥ (ਰਾਮਕਲੀ ਵਾਰ ਰਾਏ ਬਲਵੰਡ, ਪੰਨਾ ੯੬੬)।

bsrstrust.org

ਮਾਹੀਅਤ ਪ੍ਰਥਾਇ ਦੇਖੋ ਪੁਸਤਕ *ਸੰਤ ਪਦ ਨਿਰਣੇ* ਏਥੇ ਤਾਂ ਅਸੀਂ ਕੇਵਲ 'ਕੇ' ਤੇ 'ਕੈ' ਪਦਾਂ ਦੇ ਅਰਥਾਂ ਦਾ ਭੇਦ ਹੀ ਜਣਾਉਣਾ ਹੈ।

ਗੁਰਬਾਣੀ ਅੰਦਰ 'ਕੇ' ਪਦ ਕੋਈ, ਕੇਈ, ਕਈ ਤੇ ਵਿਰਲੇ ਅਰਥ ਬੋਧਕ ਦਾ ਭੀ ਹੈ। ਯਥਾ :

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥ *(ਜਪੁਜੀ)*

ਇਸ ਗੁਰਵਾਕ ਪੰਗਤੀ ਅੰਦਰ 'ਕੇ' ਦੇ ਅਰਥ 'ਕੋਈ' ਦੇ ਸਪਸ਼ਟ ਹਨ। "ਵਾਤ ਨ ਪੁਛੈ ਕੇ" ਦੇ ਅਰਥ ਹਨ, ਕੋਈ ਬਾਤ ਨਹੀਂ ਪੁਛਦਾ। ਇਸ ਪੰਗਤੀ ਤੋਂ ਪਹਿਲੀਆਂ ਤਿੰਨ ਪੰਗਤੀਆਂ ਹੋਰ ਭੀ ਇਸ ਭਾਵ ਨੂੰ ਸਪਸ਼ਟ ਕਰ ਦਿੰਦੀਆਂ ਹਨ। ਉਹ ਪੰਗਤੀਆਂ ਸ੍ਰੀ ਜਪੁਜੀ ਸਾਹਿਬ ਦੀ ਸਤਵੀਂ ਪਉੜੀ ਦੇ ਅਰੰਭ ਵਿਚ ਇਉਂ ਹਨ :

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥
ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥

ਭਾਵ, ਜੇ ਕਿਸੇ ਮਨੁੱਖ ਦੀ ਆਰਜਾ (ਉਮਰ) ਚੌਹਾਂ ਜੁਗਾਂ ਜੇਡੀ ਵੱਡੀ ਹੋਵੇ, ਸਗੋਂ ਉਸ ਤੋਂ ਭੀ ਦਸ ਗੁਣੀ ਹੋ ਜਾਵੇ ਅਤੇ ਉਸਦੀ ਨਵਾਂ ਖੰਡਾਂ (ਸਾਰੀ ਦੁਨੀਆ) ਵਿਚ ਸ਼ੁਹਰਤ ਹੋ ਜਾਵੇ ਤੇ ਸਭ ਕੋਈ ਉਸ ਦਾ ਅਨੁਸਾਰੀ ਹੋ ਜਾਵੇ, ਉਹ ਬੜਾ ਚੰਗਾ ਨਾਉਂ ਰਖਾਇਕੇ ਜਗਤ ਵਿਚ ਜਸ ਵਡਿਆਈ (ਕੀਰਤੀ) ਦਾ ਭਾਗੀ ਭੀ ਬਣ ਜਾਵੇ, ਪਰ ਜੇ ਤਿਸ ਸਭ ਤੋਂ ਵੱਡੇ ਵਾਹਿਗੁਰੂ ਦੀਆਂ ਨਦਰਾਂ ਮੇਹਰਾਂ ਦਾ ਪਾਤਰ ਨ ਬਣ ਸਕੇ ਤਾਂ ਉਸ ਦੀ ਕੋਈ ਭੀ ਬਾਤ ਨਹੀਂ ਪੁਛਦਾ। ਉਸਦੀ ਸਾਰੀ ਆਰਜਾ ਏਵਡ ਵਡੀ ਆਰਜਾ ਵੀ ਕਿਸੇ ਲੇਖੇ ਨਹੀਂ। ਉਸਦੀ ਪਤ, ਸੋਭਾ ਵਡਿਆਈ ਭੀ ਕਿਸੇ ਕੰਮ ਨਹੀਂ।

ਕੈ—ਦੇ ਅਰਥ ਕਿਸਦੇ, ਕੀਹਦੇ ਵੀ ਹਨ, ਯਥਾ ਗੁਰਵਾਕ :

ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ॥[1]

ਭਾਵ, ਕਿਸਦੇ (ਕੀਹਦੇ) ਅਗੇ ਅਰਦਾਸ ਬੇਨਤੀ ਕਰਾਂ ਜਦੋਂ ਉਚੇ ਤੋਂ ਉਚੇ ਮਰਤਬੇ ਵਾਲਾ ਵਾਹਿਗੁਰੂ ਆਪ ਸੁਣ ਰਿਹਾ ਹੈ। ਇਸੇ ਤਰ੍ਹਾਂ "ਕੈ ਗਲਿ ਲਗੈ ਧਾਇ" ਪੰਗਤੀ ਵਿਚ ਭੀ 'ਕੈ' ਅਰਥ ਕਿਸਦੇ ਹਨ ਅਰਥਾਤ ਕਿਸਦੇ, ਕਿਹਦੇ ਗਲ ਲਗੇ ਧਾ ਕੇ।

ਕੈ—ਤੋਂ ਭਾਵ ਕਿਸੇ ਕਿਤੇ, ਕਿਸ ਜਾਂ ਕੇਹੜੇ ਤੋਂ ਭੀ ਹੈ।

ਯਥਾ—"ਕੈ ਦੋਖੜੈ ਸੜਿਓਹਿ"[2]—ਕੇਹੜੇ ਦੋਸ਼ ਤੇ ਦੁਖੜੇ ਕਰਕੇ ਸੜ ਗਇਓ।

ਕੈ—ਦੇ ਅਰਥ 'ਦੇ' ਭੀ ਹਨ। ਉਥੇ ਏਹ ਸੰਬੰਧਕ (ਅਵਯ) (preposition) ਹੁੰਦਾ ਹੈ। ਯਥਾ :

---

੧. ੧॥੨॥੧੨੩॥ (ਗਉੜੀ ਮ: ੫, ਪੰਨਾ ੨੦੫)।
੨. ...੩੦॥ (ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੨)।

bsrstrust.org

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥੪੩॥

(ਸਲੋਕ ਸੇਖ ਫਰੀਦ, ਪੰਨਾ ੧੩੮੦)

ਭਾਵ, ਮੋਢੇ ਤੇ ਕੁਹਾੜਾ ਸਿਰ ਤੇ ਘੜਾ ਲੈ ਕੇ ਵਣਿ ਦਰਖਤ ਦੇ ਸਿਰ ਤੇ ਲੋਹਾਰ ਖੜਾ ਹੈ।

ਇਸ ਪੰਗਤੀ ਵਿਚ 'ਵਣਿ' ਦੇ ਣਾਣੇ ਨੂੰ ਸਿਹਾਰੀ ਹੋਣ ਕਰਕੇ 'ਕੇ' ਦੇ ਥਾਂ 'ਕੈ' ਆਇਆ ਹੈ। ਜਦ ਕਿਸੇ ਨਾਉਂ ਨੂੰ ਸਿਹਾਰੀ ਲਗੇ ਤਾਂ ਅਗੇ ਸਬੰਧਕ 'ਕੇ' ਦੇ ਥਾਂ 'ਕੈ' ਆਉਂਦਾ ਹੈ।

ਸਭ ਕੈ ਮਧਿ ਸਭਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ ॥...੩॥੧॥੧੧॥

(ਸੂਹੀ ਮ: ੫, ਪੰਨਾ ੭੮੪)

ਏਸ ਪੰਗਤੀ ਵਿਚ 'ਕੈ' ਦੇ ਅਰਥ 'ਦੇ' ਹਨ। ਉਹ ਵਾਹਿਗੁਰੂ ਸਭ ਦੇ ਵਿਚ ਤੇ ਸਭ ਤੋਂ ਨਿਰਲੇਪ ਰਾਗ ਦੋਸ਼ ਤੋਂ ਵਖਰਾ ਹੈ। ਹੋਰ ਪਰਮਾਣ:

ਓਹੁ ਧੋਪੈ ਨਾਵੈ ਕੈ ਰੰਗਿ ॥ *(ਜਪੁਜੀ)*

ਕੇ—ਕੋਈ, ਕਈਆਂ ਬਹੁ-ਵਚਨ (plural) ਦੇ ਭਾਵ ਵਿਚ ਆਉਂਦਾ ਹੈ। ਜੈਸੇ ਕੋਈ ਇਕ-ਵਚਨ (singular) ਹੈ ਤੇ ਕੇਈ ਬਹੁ-ਵਚਨ (plural) ਹੈ। ਇਸੇ ਤਰ੍ਹਾਂ 'ਸੋਈ' ਤੇ 'ਸੇਈ' ਦਾ ਫ਼ਰਕ ਹੈ, ਹੋੜੇ ਨਾਲ ਸੋਈ ਇਕ-ਵਚਨ ਵਾਚਕ ਹੋਊ ਤੇ ਲਾਂ ਨਾਲ ਸੇਈ ਬਹੁ-ਵਚਨ ਵਾਚਕ ਹੋਊ। ਇਸੇ ਤਰ੍ਹਾਂ ਹੋੜੇ ਨਾਲ ਕੋਈ ਇਕ-ਵਚਨ ਵਾਚਕ ਹੈ, ਤੇ ਲਾਂ ਨਾਲ ਕੇਈ ਬਹੁ-ਵਚਨ ਵਾਚਕ ਹੈ; ਯਥਾ ਪਰਮਾਣ:

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥

ਭਾਵ, ਆਪੋ ਆਪਣੀ ਕਰਣੀ ਅਨੁਸਾਰ, ਕਰਮਾਂ ਅਨੁਸਾਰ ਕਈ ਤਾਂ ਵਾਹਿਗੁਰੂ ਦੇ ਨੇੜੇ ਆ ਜਾਂਦੇ ਹਨ। ਕਈ ਹੋਰ ਦੂਰੀ ਤੇ ਸੁੱਟੇ ਜਾਂਦੇ ਹਨ। ਇਸ ਤੋਂ ਪਹਿਲੀ ਪੰਗਤੀ ਦਸਦੀ ਹੈ ਕਿ ਸੰਸਾਰੀ ਜੀਵਾਂ ਦੀਆਂ ਚੰਗਿਆਈਆਂ ਬੁਰਿਆਈਆਂ ਨੂੰ ਧਰਮਰਾਇ ਆਪਣੀ ਹਜ਼ੂਰੀ ਵਿਚ ਵਾਚਦਾ ਹੈ:

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥

ਸੋ ਜੀਵਾਂ ਦੇ ਕਰਮਾਂ ਅਨੁਸਾਰ ਨਿਬੇੜਾ ਹੁੰਦਾ ਹੈ। ਜਿਨ੍ਹਾਂ ਨੇ ਚੰਗੇ ਕਰਮ ਕੀਤੇ ਹੁੰਦੇ ਹਨ, ਤਿਨ੍ਹਾਂ ਦੀਆਂ ਚੰਗੀਆਂ ਕਰਨੀਆਂ ਕਰਕੇ ਕਈ ਤਾਂ ਵਾਹਿਗੁਰੂ ਦੀ ਹਜ਼ੂਰੀ ਦੇ ਨਿਕਟ ਨੇੜੇ ਆ ਜਾਂਦੇ ਹਨ। ਕਈ ਬੁਰੇ ਕਰਮਾਂ ਵਾਲੇ ਆਪਣੀਆਂ ਬੁਰਿਆਈਆਂ ਵਾਲੀਆਂ ਕਰਤੂਤਾਂ ਦੇ ਕਾਰਨ ਹੋਰ ਦੂਰੀ ਤੇ ਸੁੱਟੇ ਜਾਂਦੇ ਹਨ ਅਤੇ ਚੁਰਾਸੀ ਦੇ ਗੇੜੇ ਭੁਗਤਦੇ ਹਨ। ਏਹ ਸਾਰਾ ਸਲੋਕ ਸੰਸਾਰੀਆਂ ਪ੍ਰਥਾਇ ਹੀ ਉਚਾਰਣ ਹੋਇਆ ਹੈ। ਪਉਣ ਨੂੰ ਜੋ ਗੁਰੂ ਕਰਕੇ ਦਸਿਆ ਗਿਆ ਹੈ, ਸੋ ਜਗਤ ਦਾ, ਸੰਸਾਰੀਆਂ ਦਾ ਗੁਰੂ ਕਰਕੇ ਦਸਿਆ ਗਿਆ ਹੈ। ਭਗਤਾਂ ਦਾ ਗੁਰੂ ਗੁਰਸਿੱਖਾਂ ਦਾ ਗੁਰੂ ਗੁਰਮੁਖਾਂ ਦਾ ਗੁਰੂ ਪਉਣ ਨੂੰ ਬਿਲਕੁਲ ਨਹੀਂ ਆਖਿਆ। ਸੰਸਾਰੀਆਂ ਨੂੰ ਸਾਹ ਜੋ ਪਉਣ ਨਾਲਿ ਹੀ ਆਉਂਦਾ ਹੈ। ਪਉਣ ਨ ਹੋਵੇ ਤਾਂ ਸਾਹ ਹੁੱਟ ਹੋ ਜਾਵੇ। ਪਾਣੀ ਜਗਤ ਦਾ ਜੀਵਾ

bsrstrust.org

ਹੈ, ਇਸ ਕਰਕੇ ਪਾਣੀ ਨੂੰ ਜਗਤ ਦਾ ਪਿਤਾ ਰੂਪ ਆਖ ਕੇ ਸੰਕੇਤਿਆ ਗਿਆ ਹੈ। ਧਰਤੀ ਬਹੁਤੀ ਵਿਸਥਾਰ ਵਾਲੀ ਸੰਸਾਰੀਆਂ ਦੀ ਮਾਤਾ ਹੈ। ਕਿਉਂਕਿ ਮਾਤਾ ਵਤ ਉਨ੍ਹਾਂ ਦੀ ਪਾਲਣਾ ਪੋਸਣਾ ਕਰਦੀ ਹੈ। ਬੱਚਿਆਂ ਵਾਂਗੂ ਧਰਤੀ ਮਾਤਾ ਉਨ੍ਹਾਂ ਸਰਬਤ ਜਾਇਆਂ ਦਾ ਗੂੰਹ ਮੂਤ ਹੂੰਝਦੀ ਹੈ ਤੇ ਸਫ਼ਾਈ ਰਖਦੀ ਹੈ। ਦਿਨ ਰਾਤ ਦੋਨੋਂ ਦਾਈਆਂ ਤੇ ਦਾਇਆਂ ਦਾ ਕੰਮ ਕਰਦੇ ਹਨ। ਸੰਸਾਰੀਆਂ ਨੂੰ ਦੁਲਰਾਉਂਦੇ, ਸੁਆਉਂਦੇ, ਖਿਲਾਉਂਦੇ ਤੇ ਕੇਲਾਂ ਕਰਾਉਂਦੇ ਹਨ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ *(ਸਲੋਕ ਜਪੁਜੀ ਸਾਹਿਬ)*

ਦੂਜੀ ਤੁਕ ਵਿਖੇ "ਖੇਲੈ ਸਗਲ ਜਗਤੁ" ਦੀ ਜੋ ਅੱਧੀ ਪੰਗਤੀ ਹੈ, ਇਸ ਨੇ ਸਾਫ਼ ਸਿੱਧ ਕਰ ਦਿਤਾ ਹੈ ਕਿ ਇਹ ਸਲੋਕ ਸੰਸਾਰੀਆਂ ਪ੍ਰਥਾਇ ਹੀ ਹੈ, ਸੰਸਾਰੀਆਂ ਦਾ ਗੁਰੂ ਹੀ ਪਉਣ ਹੈ, ਭਗਤਾਂ ਦਾ ਨਹੀਂ, ਜਗਤ ਦਾ ਹੈ। ਇਨ੍ਹਾਂ ਸੰਸਾਰੀਆਂ ਵਿਚੋਂ ਜਿਨ੍ਹਾਂ ਨੇ ਨਾਮ ਧਿਆਇਆ ਹੈ, ਉਹਨਾਂ ਦੀਆਂ ਘਾਲਾਂ ਮਿਹਨਤਾਂ ਮੁਸ਼ੱਕਤਾਂ ਥਾਇ ਪੈ ਗਈਆਂ ਹਨ। ਗੁਰੂ ਨਾਨਕ ਸਾਹਿਬ ਮੁਹਰ ਲਾਉਂਦੇ ਹਨ ਕਿ ਤਿਨ੍ਹਾਂ ਦੇ ਮੁਖ ਉਜਲੇ ਹੁੰਦੇ ਹਨ, ਸੱਚੇ ਦਰਬਾਰ ਵਿਚ ਜਾ ਕੇ ਤੇ ਉਨ੍ਹਾਂ ਦੇ ਤੁਫੈਲ ਹੋਰ ਘਣੀ ਲੁਕਾਈ ਭੀ ਛੁਟ ਜਾਂਦੀ ਹੈ। ਸੋ ਪਿਛਲੀਆਂ ਦੁਤੁਕੀਆਂ ਸਾਰੇ ਸਲੋਕ ਦਾ ਸਿੱਟਾ ਰੂਪ ਹੈ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

(੨੫) ਮਨਿ, ਮੰਨਿ

ਮੰਮੇ ਨੂੰ ਟਿੱਪੀ ਤੇ ਨੰਨੇ ਨੂੰ ਸਿਹਾਰੀ ਨਾਲ 'ਮੰਨਿ' ਪਦ ਅਤੇ ਮੰਮੇ ਮੁਕਤੇ ਤੇ ਨੰਨੇ ਨੂੰ ਸਿਹਾਰੀ ਨਾਲ ਜੋ 'ਮਨਿ' ਪਦ ਹੈ, ਏਨ੍ਹਾਂ ਦੋਹਾਂ ਪਦਾਂ ਦੇ ਅਰਥਾਂ ਵਿਚ ਭੇਦ ਹੈ। ਲਗਾਂਮਾਤ੍ਰਾਂ ਦੇ ਭੇਦ ਕਰਕੇ 'ਮੰਨਿ' ਪਦ ਦਾ ਭਾਵ ਮੰਨਣ ਕਰਕੇ ਤੇ 'ਮਨਿ' ਪਦ ਦਾ ਭਾਵ ਮਨ ਕਰਕੇ ਹੈ।

(੨੬) ਗਲਵਢ ਤੇ ਗਲ ਵਢਿ

ਗਲਵਢ ਦਾ ਛੇਕੜਲਾ ਅੱਖਰ ਢੱਢਾ ਮੁਕਤਾ ਹੋਣ ਕਰਕੇ ਗਲਵਢ ਦੇ ਅਰਥ ਬਣਦੇ ਹਨ, ਗਲ ਵਢਣ ਹਾਰੇ। ਜੇ ਢੱਢੇ ਨੂੰ ਸਿਹਾਰੀ ਹੁੰਦੀ ਤਾਂ ਅਰਥ ਬਣਦਾ ਗਲ ਵਢ ਕੇ।

ਅਸੰਖ ਗਲਵਢ ਹਤਿਆ ਕਮਾਹਿ ॥ *(ਜਪੁਜੀ)*

bsrstrust.org

ਅਰਥ—ਅਸੰਖਾਂ ਗਲ ਵਢਣ ਵਾਲੇ (ਸੰਸਾਰ ਵਿਚ ਪਏ ਹਨ) ਜੋ ਹਤਿਆ ਕਮਾਉਂਦੇ ਹਨ। ਜੇ ਗਲ ਵਢਿ ਪਦ ਅੱਡੋ ਅੱਡੀ ਪਦ ਛੇਦ ਹੁੰਦੇ, ਅਰਥਾਤ ਗਲ ਵਖਰਾ ਤੇ ਵਢਿ ਵੱਖਰਾ ਹੁੰਦਾ, ਤਾਂ ਕ੍ਰਿਆ ਰੂਪ ਹੋਣ ਕਰਕੇ ਇਸਦੇ ਅਰਥ ਗਲ ਵਢਿਕੇ ਹਤਿਆ ਕਮਾਉਣ ਦੇ ਕਰਤੇ (ਫਾਇਲ) ਵਾਚ ਕ੍ਰਿਆ ਦੇ ਚਾਹੀਦੇ ਹਨ। ਜਿਸ ਕਰਕੇ ਵਾਕ ਸਾਰਾ ਅਧੂਰਾ ਰਹਿੰਦਾ। ਅਗਲੀ ਤੁਕ ਸਪਸ਼ਟ ਕਰਦੀ ਹੈ:

ਅਸੰਖ ਪਾਪੀ ਪਾਪੁ ਕਰਿ ਜਾਹਿ॥

ਅਤੇ ਪਿਛਲੀ ਤੁਕ ਦੀ ਹੀ ਪ੍ਰੋੜ੍ਹਤਾ ਹੋ ਜਾਂਦੀ ਹੈ, ਕਿ ਅਸੰਖ ਗਲ ਵਢਣ ਵਾਲੇ ਪਾਪੀ ਗਲ ਵਢਣ ਵਾਲਾ ਪਾਪ ਕਰਕੇ ਚਲੇ ਜਾਂਦੇ ਹਨ। ਪਾਪੁ ਦੇ ਪਿਛਲੇ ਪੱਪੇ ਨੂੰ ਔਂਕੜ ਲਗਾ ਹੋਣ ਕਰਕੇ ਇਸ ਦਾ ਅਰਥ ਹੈ, ਖ਼ਾਸ ਇੱਕੋ ਪਾਪ ਦਾ, ਗਲ ਵਢਣ ਰੂਪੀ (ਜੀਆਂ ਘਾਵਨ ਰੂਪੀ) ਬਜਰ ਪਾਪ ਦਾ। ਗਲ ਵਢਣ ਦੀ ਹਤਿਆ ਰੂਪੀ ਕਸਾਈ ਪੁਣੇ ਵਾਲੇ ਖ਼ਾਸ ਪਾਪ ਤੋਂ ਏਥੇ ਮੁਰਾਦ ਹੈ।

(੨੭) ਧੋਤੈ ਤੇ ਧੋਪੈ

ਧੋਤੈ ਤੇ ਧੋਪੈ ਦੋਹਾਂ ਦੇ ਪਿਛਲੇ ਅੱਖਰਾਂ ਨੂੰ ਭਾਵੇਂ ਇਕਸਾਰ ਹੀ ਦੁਲਾਈਆਂ ਹਨ ਪਰ ਧੋਤੈ ਦੇ ਤੱਤੇ ਨੂੰ ਦੁਲਾਈਆਂ 'ਧੋਤੈ' ਦਾ ਅਰਥ ਬਣਾਉਂਦੀਆਂ ਹਨ—ਧੋਏ ਤੋਂ, ਧੋਣ ਕਰਕੇ ਅਤੇ 'ਧੋਪੈ' ਦੇ ਪੱਪੇ ਨੂੰ ਦੁਲਾਈਆਂ 'ਧੋਪੈ' ਦਾ ਅਰਥ ਬਣਾਉਂਦੀਆਂ ਹਨ—ਧੋਈ ਦਾ ਹੈ, ਧੋਈ ਦੀ ਹੈ। ਜਿਵੇਂ 'ਲਈਐ' ਦਾ ਅਰਥ 'ਲਈਦਾ' ਹੈ।

"ਨਾਵੈ ਕੈ ਰੰਗਿ" ਪੰਗਤੀ ਵਿਚ 'ਰੰਗਿ' ਦੇ ਅਰਥ 'ਪਿਆਰ ਨਾਲ' ਨਹੀਂ, ਜੈਸੇ ਕਿ ਕਈ ਗਿਆਨੀ ਕਰਦੇ ਹਨ। ਬਲਕਿ 'ਰੰਗ ਨਾਲਿ' ਸਾਰ ਅਰਥ ਹਨ। ਪਹਿਲੀ ਅਧ ਪੰਗਤੀ ਨਾਲ ਰਲਾਵਨ ਨਾਲ ਅਰਥ ਸਪਸ਼ਟ ਹੋ ਗਏ:

ਭਰੀਐ ਮਤਿ ਪਾਪਾ ਕੈ ਰੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥ *(ਜਪੁਜੀ)*

ਮਤਿ ਜੋ ਪਾਪਾਂ ਸੇਤੀ ਭਰੀ ਜਾਂਦੀ ਹੈ। ਉਹ (ਮਤਿ ਪਾਪਾਂ ਨਾਲ ਮੈਲੀ ਹੋਈ ਵੀ) ਨਾਮ ਦੇ ਰੰਗ ਨਾਲ ਧੋਤੀ ਜਾਂਦੀ ਹੈ। ਨਾਮ ਨਾਲ ਤੇ ਪਿਆਰ ਨਾਲ ਧੋਇਆ ਜਾਣਾ ਪੰਗਤੀ ਦੀ ਅਰਥਾਬੰਦੀ ਨਹੀਂ। 'ਰੰਗਿ' ਦੇ ਗੱਗੇ ਨੂੰ ਸਿਹਾਰੀ ਹੋਣ ਕਰਕੇ 'ਨਾਵੈ' ਦੇ ਵਾਵੇ ਨੂੰ ਅਤੇ 'ਕੈ' ਦੇ ਕੱਕੇ ਨੂੰ ਭੀ ਦੁਲਾਈਆਂ ਹਨ। ਇਸ ਕਰਕੇ ਇਸ ਸਾਰੀ ਅਧ ਪੰਗਤੀ ਦੇ ਅਰਥਾਂ ਦਾ ਪਰਸਪਰ ਸਬੰਧ ਹੈ, ਨਾਮ ਦੇ ਰੰਗਾਂ ਨਾਲ ਹੀ ਅਰਥ ਠੀਕ ਬਣਦੇ ਹਨ। ਅਸਲੀ ਗੱਲ ਏਹ ਹੈ ਕਿ ਨਾਮ ਅਭਿਆਸ ਤੋਂ ਬਿਨਾਂ ਸੁੰਨੇ ਸ਼ੁਸ਼ਕ ਗਿਆਨੀਆਂ ਨੂੰ ਨਾਮ ਦੇ ਰੰਗਾਂ ਦਾ ਪਤਾ ਹੀ ਨਹੀਂ ਕਿ ਕਿਵੇਂ ਅਭਿਆਸੀ ਜਨ ਨੂੰ ਨਾਮ ਦੇ ਰੰਗ ਲਗਦੇ ਤੇ ਚੜ੍ਹਦੇ ਹਨ। ਨਾਮ ਅਭਿਆਸ ਕਰਕੇ ਕਿਵੇਂ ਪਾਪਾਂ ਨਾਲ ਲਿਬੜੀ ਹੋਈ ਮਤਿ ਨਾਮ ਦੀ ਪਾਰਸ ਕਲਾ ਨਾਲ ਧੋਈ ਜਾਂਦੀ ਹੈ।

ਉਹਨਾਂ ਨੂੰ ਏਹਨਾਂ ਰੰਗਾਂ ਦੀ ਸੂਝ ਬੂਝ ਹੀ ਨਹੀਂ, ਇਸ ਕਰਕੇ ਉਹ ਸੁਖਾਲੇ

bsrstrust.org

ਜੇਹੇ ਆਪਣੀ ਨਿਜ ਸਮਝ ਵਿਚ ਆਉਣ ਵਾਲੇ ਅਰਥ 'ਰੰਗ' ਦੇ 'ਪਿਆਰ' ਕਰ ਦਿੰਦੇ ਹਨ। ਪਰ ਲਗੀਆਂ ਹੋਈਆਂ ਲਗਾਂਮਾਤ੍ਰਾਂ ਅਸਲ ਅਰਥਾਂ ਤੋਂ ਲਾਂਭੇ ਨਹੀਂ ਹੋਣ ਦਿੰਦੀਆਂ।

(੨੮) ਅਵਰਿ, ਤੇਰੈ, ਤੇਰੇ, ਮਿਲੁ, ਮਿਲਿ, ਸੁਣਿ, ਭਜੁ

ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥੧॥੪॥ *(ਆਸਾ ਮ: ੫, ਪੰਨਾ ੧੨)*

ਇਸ ਗੁਰਵਾਕ ਦੁਪੰਗਤੀ ਤੋਂ ਹੇਠਾਂ ਲਿਖੇ ਲਗਾਂਮਾਤ੍ਰੀ ਨਿਯਮ ਸਿਧ ਹੁੰਦੇ ਹਨ :

'ਅਵਰਿ' ਦੇ ਰਾਰੇ ਨੂੰ ਸਿਹਾਰੀ ਇਸ ਕਰਕੇ ਹੈ ਕਿ ਇਹ 'ਕਾਜ' ਬਹੁ-ਵਚਨ ਨਾਂਵ (plural noun) ਦਾ ਸੰਬੂਕਤੀ ਹੋਣ ਕਰਕੇ ਬਹੁ-ਵਚਨ ਵਿਚਿ ਆਇਆ ਹੈ। ਬਹੁ-ਵਚਨੀ ਨਾਂਵ ਦੇ ਪੜਨਾਉਂ ਤੇ ਵਿਸ਼ੇਸ਼ਣ ਭੀ ਬਹੁ-ਵਚਨ ਵਿਚਿ ਹੀ ਆਉਂਦੇ ਹਨ। ਸੋ 'ਅਵਰਿ' ਦੀ ਸਿਹਾਰੀ ਏਥੇ ਬਹੁ-ਵਚਨ ਦਰਸਾਇਕ ਹੈ। ਇਕ-ਵਚਨ ਦਰਸਾਇਕ ਜੇ ਇਕ ਪਦ ਹੁੰਦਾ ਤਾਂ ਰਾਰੇ ਨੂੰ ਔਂਕੜ ਸਹਿਤ 'ਅਵਰੁ' ਆਉਂਦਾ। 'ਤੇਰੈ' ਦੇ ਰਾਰੇ ਨੂੰ ਦੁਲਾਈਆਂ ਇਸ ਕਰਕੇ ਲਗੀਆਂ ਹਨ ਕਿ ਇਹ 'ਕਾਜ' ਪਦ ਨਾਲਿ ਕੋਈ ਲਗਾਉ ਨਹੀਂ ਰਖਦਾ ਅਤੇ ਆਪਣੀ ਹੀ ਹੈਸੀਅਤ ਵਿਚਿ ਆਪਣੇ ਸੁਤੰਤਰ ਅਰਥ ਅਰਥਾਉਂਦਾ ਹੈ—ਤੇਰੇ ਲਈ, ਭਾਵ—ਹੋਰ ਕਾਜ ਤੇਰੇ ਲਈ ਕਿਸੇ ਭੀ ਕੰਮ ਦੇ ਨਹੀਂ। ਕਿਤੈ—ਕਿਸੇ ਭੀ। 'ਕਾਮ' ਦਾ ਮੰਮਾ ਮੁਕਤਾ 'ਦੇ' ਅਰਥ ਨੂੰ ਭੀ ਨਾਲਿ ਮਲਹੂਜ਼ ਰਖਦਾ ਹੈ—ਕੰਮ ਦੇ। ਜੇ 'ਤੇਰੈ' ਦਾ ਤਅਲੁਕ 'ਕਾਜ' ਨਾਲਿ ਹੁੰਦਾ ਤਾਂ 'ਤੇਰੈ' ਦੇ ਰਾਰੇ ਨੂੰ ਦੁਲਾਈਆਂ ਦੇ ਥਾਉਂ 'ਤੇਰੇ' ਦਾ ਰਾਰਾ ਲਾਂਵ ਸਹਿਤ ਆਉਂਦਾ ਅਤੇ ਦੂਜੀ ਪੰਗਤੀ ਵਿਚਿ 'ਮਿਲੁ' ਤੇ 'ਭਜੁ' ਵਿਚ ਅੱਖਰ ਲੱਲੇ ਤੇ ਜੱਜੇ ਨੂੰ ਔਂਕੜ ਲਗੇ ਹੋਣ ਦੇ ਕਾਰਨ ਹਦਾਇਤੀ ਹੁਕਮ ਜਾਣਾਇਕ ਕਿਰਿਆ (imperative mood) ਵਿਚ ਹਨ। ਸਤਿਗੁਰੂ ਦਾ ਹੁਕਮ ਜਣਾਉਂਦੇ ਹਨ ਕਿ ਸਾਧ ਸੰਗਤ ਨੂੰ ਮਿਲਹੁ ਅਤੇ ਕੇਵਲ ਨਾਮ ਹੀ ਭਜਹੁ। 'ਮਿਲੁ'—ਮਿਲਹੁ ਅਤੇ 'ਭਜੁ'—ਭਜਹੁ। ਏਹਨਾਂ ਹੁਕਮੀ ਅਰਥਾਂ ਵਿਚ ਗੁਰਬਾਣੀ ਅੰਦਰ ਏਹ ਪਦ ਆਉਣਗੇ ਭਾਵ ਏਸ ਸ਼ਕਲ 'ਮਿਲੁ' ਤੇ 'ਭਜੁ' ਵਿਚ ਹੀ ਆਉਣਗੇ। ਲੱਲਾ ਤੇ ਜੱਜਾ ਔਂਕੜ ਸਹਿਤ ਹੀ ਆਉਣਗੇ, 'ਮਿਲਹੁ' ਤੇ 'ਭਜਹੁ' ਦੇ ਅਰਥਾਂ ਤੇ ਦਰਸਾਇਕ ਹੋਣ ਕਰਕੇ। 'ਮਿਲਿ' ਤੇ 'ਭਜਿ' ਦੇ ਲੱਲੇ ਤੇ ਜੱਜੇ ਸਿਹਾਰੀ ਨਾਲਿ ਨਹੀਂ ਆਉਣਗੇ। ਕੁਝ ਕੁ ਪਰਮਾਣ ਏਹਨਾਂ ਤੇ ਹੇਠ ਦਿਤੇ ਜਾਂਦੇ ਹਨ। 'ਮਿਲੁ' ਸਬੰਧੀ ਗੁਰ ਪਰਮਾਣ :

ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇ ਹਾ॥...੩॥੧॥
(ਗਉੜੀ ਪੂਰਬੀ ਮ: ੧, ਪੰਨਾ ੨੪੨)

ਤਥਾ— **ਕਿਨ ਬਿਧਿ ਹੀਅਰੋ ਧੀਰੈ ਨਿਮਾਨੋ॥**
ਮਿਲੁ ਸਾਜਨ ਹਉ ਤੁਝੁ ਕੁਰਬਾਨੋ॥੧॥ਰਹਾਉ॥...੫॥ *(ਸੂਹੀ ਮ: ੫, ਪੰਨਾ ੭੩੭)*

bsrstrust.org

ਮਿਲੁ ਸਾਧ ਸੰਗੇ ਨਾਮ ਰੰਗੇ ਤਹਾ ਪੂਰਨ ਆਸੋ ॥...੧॥੨॥੫॥

(ਬਿਹਾਗੜਾ ਮ: ੫, ਪੰਨਾ ੫੪੫)

ਪੁਨਾ— **ਮਿਲੁ ਜਗਦੀਸ ਮਿਲਨ ਕੀ ਬਰੀਆ ॥**
ਚਿਰੰਕਾਲ ਇਹ ਦੇਹ ਸੰਜਰੀਆ ॥੧॥ਰਹਾਉ॥...੩॥੭੨॥

(ਗਉੜੀ ਗੁਆਰੇਰੀ ਮ: ੫, ਪੰਨਾ ੧੭੬)

ਸਦਾ ਸਦਾ ਸਿਮਰਉ ਪ੍ਰਭ ਸੁਆਮੀ ॥
ਮਿਲੁ ਨਾਨਕ ਹਰਿ ਅੰਤਰਜਾਮੀ ॥੪॥੮੨॥੧੫੧॥

(ਗਉੜੀ ਗੁਆਰੇਰੀ ਮ: ੫, ਪੰਨਾ ੧੯੬)

ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ ॥੧॥ਰਹਾਉ॥...੧੦॥

(ਗਉੜੀ ਮ: ੫, ਪੰਨਾ ੨੪੦)

'ਅਪਨਾ' ਪਦ ਗੁਰਬਾਣੀ ਅੰਦਰਿ ਅਕਸਰ 'ਅਪੁਨਾ' ਆਉਂਦਾ ਹੈ ਪੱਪੇ ਨੂੰ ਔਂਕੜ ਸਹਿਤ ਪਰ ਅਨੇਕ ਥਾਵੀਂ ਇਹ ਔਂਕੜ ਪੱਪੇ ਨਾਲੋਂ ਲਹਿਆ ਹੋਇਆ ਹੈ। ਛਾਪੇ ਦੀ ਜਾਂ ਲਿਖਤ ਦੀ ਗ਼ਲਤੀ ਕਰਕੇ। ਹੋਰ ਪਰਮਾਣ 'ਮਿਲੁ' ਪ੍ਰਥਾਇ :

ਮਿਲੁ ਮੇਰੇ ਪਿਆਰੇ ਪ੍ਰਾਨ ਅਧਾਰੇ ਗੁਣ ਸਾਧ ਸੰਗਿ ਮਿਲਿ ਗਾਵਏ ॥...੧॥੧॥੩॥

(ਸਿਰੀਰਾਗੁ ਮ: ੫, ਪੰਨਾ ੮੦)

ਦੇਖੋ ਜੇਹੜਾ 'ਮਿਲਿ' ਲੱਲੇ ਨੂੰ ਸਿਹਾਰੀ ਸਹਿਤ ਆਉਂਦਾ ਹੈ, ਉਸ ਦੇ ਅਰਥ ਹਨ—ਮਿਲ ਕੇ।

ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ॥...੪॥੨॥

(ਗਉੜੀ ਮ: ੩, ਪੰਨਾ ੨੪੪)

ਏਥੇ ਇਹ ਗੱਲ ਨੋਟ ਕਰਨ ਯੋਗ ਹੈ 'ਬਿਨੁ' ਦੇ ਨਾਲਿ ਹੋਰ ਪਦ ਨਾਂਵ ਆਦਿਕ ਜੋ ਆਵੇਗਾ ਔਂਕੜ ਵਾਲਾ ਉਸਦਾ ਔਂਕੜ ਉਡ ਜਾਵੇਗਾ। ਪਰ 'ਤੁਧੁ' ਦੇ ਧੱਪੇ ਦਾ ਔਂਕੜ ਕਦੇ ਨਹੀਂ ਉੜੇਗਾ। ਪੁਨਾ ਹੋਰ—"ਮਿਲੁ ਰਾਮ ਪਿਆਰੇ ਤੁਮ੍ ਬਿਨੁ ਧੀਰਜੁ ਕੋ ਨ ਕਰੈ ॥" (੪੦੮) 'ਤੁਮ੍' ਦੇ ਮੰਮੇ ਨਾਲੋਂ ਔਂਕੜ ਲਹਿ ਗਿਆ ਹੈ। ਪੁਨਾ :

ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ ॥੩॥੬॥

(ਗੌਂਡ ਮ: ੪, ਪੰਨਾ ੮੬੨)

ਅਤੇ **ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ॥...੧॥੨੭॥**

(ਸਿਰੀਰਾਗੁ ਮ: ੧, ਪੰਨਾ ੨੦)

ਏਥੇ ਹੋਰ ਭੀ ਇਕ ਨਿਯਮ ਆਖਣਾ ਬਣਦਾ ਹੈ ਕਿ 'ਸੁਣਿ' ਭਾਵੇਂ ਹਦਾਇਤ ਹੁਕਮ (imperative mood) ਹੈ ਪਰ ਇਹ ਪਦ ਸਦਾ ਇਸ ਲਹਿਜੇ ਵਿਚਿ ਸਿਹਾਰੀ ਨਾਲਿ ਹੀ ਗੁਰਬਾਣੀ ਅੰਦਰਿ ਆਵੇਗਾ। 'ਸੁਣੁ' ਣਾਣੇ ਔਂਕੜ ਨਾਲਿ ਕਦੇ ਨਹੀਂ ਆਵੇਗਾ ਜੈਸਾ ਕਿ 'ਮਿਲੁ' ਤੇ 'ਭਜੁ' ਆਉਂਦੇ ਹਨ।

ਹੁਣ 'ਭਜੁ' ਪ੍ਰਥਾਇ ਗੁਰ ਪਰਮਾਣ ਲਓ। ਯਥਾ :

bsrstrust.org

(ੳ) **ਭਜੁ ਸੰਗਿ ਸਾਧੂ ਇਕੁ ਅਰਾਧੂ ਜਨਮ ਮਰਨ ਦੁਖ ਨਾਸਏ ॥** *(ਪੰਨਾ ੬੯੧)*

(ਅ) **ਭਜੁ ਸਾਧ ਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ ॥** *(ਪੰਨਾ ੪੬੧)*

(ੲ) **ਭਜੁ ਸਰਣਿ ਸਤਿਗੁਰ ਊਬਰਹਿ ਹਰਿ ਨਾਮੁ ਰਿਦ ਰਮਣੰ ॥** *(ਪੰਨਾ ੫੦੫)*

(ਸ) **ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ ॥**
ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ ॥ *(ਪੰਨਾ ੬੧੫)*

(ਹ) **ਭਜੁ ਮਨ ਮੇਰੇ ਏਕੋ ਨਾਮ ॥**
ਜੀਅ ਤੇਰੇ ਕੈ ਆਵੈ ਕਾਮ ॥ *(ਪੰਨਾ ੧੯੩)*

(ਕ) **ਨਿਰਗੁਣ ਕਥਾ ਕਥਾ ਹੈ ਹਰਿ ਕੀ ॥**
ਭਜੁ ਮਿਲਿ ਸਾਧੂ ਸੰਗਤਿ ਜਨ ਕੀ ॥ *(ਪੰਨਾ ੧੬੪)*

(੨੯) ਜੈ, ਕੈ, ਦਰਗਹ, ਲੇ

'ਜੈ'—ਜਿਸ; 'ਜੈ ਘਰਿ'—ਜਿਸ ਘਰ ਵਿਖੇ; ਦੁਲਾਈਆਂ ਨਾਲਿ 'ਜੈ' ਦੇ ਅਰਥ 'ਜਿਸ' ਹਨ। "ਜੈ ਜੈ ਕਾਰ" ਦੇ 'ਜੈ' ਨਾਲਿ ਵਿਸਮਿਕ ਚਿੰਨ੍ਹ ਵਾਲੀਆਂ (ਇੰਟਰ ਜੰਕਸ਼ਨੀ) ਦੁਲਾਈਆਂ ਹੁੰਦੀਆਂ ਹਨ। "ਜਿਤੁ ਸੋਹਿਲੈ"—ਜਿਸ ਸੋਹਿਲੇ ਕਰਕੇ। ਏਥੇ ਦੁਲਾਈਆਂ ਲੱਲੇ ਨੂੰ ਲਗੀਆਂ 'ਕਰਕੇ' ਯਾ 'ਦੁਆਰਾ' ਦਾ ਅਰਥ ਰਖਦੀਆਂ ਹਨ। 'ਜੀਅੜੇ ਸਮਾਲੀਅਨਿ'—ਸੰਭਾਲੇ ਜਾਂਦੇ ਹਨ ਜੀਵ; 'ਦੇਖੈਗਾ'—ਸਾਰ ਲਵੇਗਾ ਜ਼ਰੂਰ। ਏਥੇ ਖੱਖੇ ਨੂੰ ਦੁਲਾਈਆਂ ਤਾਕੀਦ ਦਾ ਵਾਚਕ ਹਨ ਨਹੀਂ ਤਾਂ 'ਦੇਖੇਗਾ' ਹੀ ਹੁੰਦਾ। 'ਦਾਨੈ'—ਦਾਨ ਕੀ; ਏਥੇ ਨੰਨੇ ਨੂੰ ਦੁਲਾਈਆਂ 'ਕੀ' ਦਾ ਅਰਥ ਰਖਦੀਆਂ ਹਨ। 'ਕੈ ਘਟਿ ਨਾਮ ਨਿਵਾਸੁ'—ਕਿਸ ਘਟ ਵਿਚਿ ਨਾਮ ਦਾ ਨਿਵਾਸ ਹੈ ? 'ਕੈ' ਦੇ ਅਰਥ ਏਥੇ 'ਕਿਸ' ਹਨ। 'ਨਾਮ' ਦੇ ਮੰਮੇ ਨੂੰ ਔਂਕੜ ਨ ਹੋਣ ਕਰ ਕੇ ਮੁਕਤੇ ਮੰਮੇ ਨਾਲਿ 'ਨਾਮ'—'ਨਾਮ ਦਾ' ਅਰਥਾਇਕ ਹੈ। 'ਹਉਮੈ ਮੁਈ ਘਰਾਹੁ' ਘਰ ਤੋਂ, ਘਟ ਤੋਂ ਅਰਥਾਤ ਅੰਦਰੋਂ ਹਉਮੈ ਮਰਿ ਗਈ। 'ਅਹਿਨਿਸਿ' ਦੇ ਤਿੰਨੇ ਪਿਛਲੇ ਅੱਖਰ ਹਾਹਾ, ਨੰਨਾ, ਸੱਸਾ, ਸਿਹਾਰੀ ਸਹਿਤ ਹੀ ਆਉਂਦੇ ਹਨ ਸਾਰੀ ਗੁਰਬਾਣੀ ਅੰਦਰਿ। 'ਦਰਗਹ' ਦੇ ਚਾਰੇ ਅੱਖਰ ਮੁਕਤੇ ਹੁੰਦੇ ਹਨ ਭਾਵੇਂ ਨਾਂਵ (noun) ਦਾ ਵਾਚਕ ਹੋਵੇ। ਇਸਤ੍ਰੀ-ਲਿੰਗ ਕਰਕੇ ਭੀ 'ਦਰਗਹ' ਚੌਹਾਂ ਮੁਕਤੇ ਅੱਖਰਾਂ ਨਾਲਿ ਹੀ ਆਉਂਦਾ ਹੈ। ਚਾਹੇ 'ਦਰਗਹ' ਦੇ ਅਰਥ ਦਰਗਹ ਅੰਦਰਿ, ਦਰਗਹ ਜਾ ਕੇ ਹੋਣ (ਮਹਿਜ਼ੂਫ ਸੰਬੰਧਕੀ ਚਿੰਨ੍ਹਾਂ ਦਾ ਵਾਚਕ ਹੋਵੇ) ਤਦ ਭੀ 'ਦਰਗਹ' ਚੌਹਾਂ ਮੁਕਤਿਆਂ ਅੱਖਰਾਂ ਸੇਤੀ ਹੀ ਆਉਂਦਾ ਹੈ। 'ਲੇ' ਇਕੱਲੀ ਲਾਂਵ ਨਾਲਿ 'ਲੈ ਕੇ' ਦਾ ਅਰਥ ਰਖਦਾ ਹੈ। ਯਥਾ :

ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥...੧॥੨੧॥

(ਸਿਰੀਰਾਗੁ ਮ: ੧, ਪੰਨਾ ੨੨)

bsrstrust.org

(੩੦) ਪਾਇਐ, ਮਧਿ, ਮਧੁ

'ਪਾਇਐ'—ਪਾਉਣ ਕਰਕੇ। "ਜਿਉ ਅਗਨਿ ਮਰੈ ਜਲਿ ਪਾਇਐ"[1]—ਜਿਵੇਂ ਅਗਨੀ ਮਰ ਜਾਂਦੀ ਹੈ, ਬੁਝ ਜਾਂਦੀ ਹੈ, ਵਿਚਿ ਜਲ ਪਾਉਣ ਕਰਕੇ। "ਕੂੜੈ ਕੂੜੀ ਪਾਂਇ" ਏਥੇ ਬਿੰਦੇ ਨਾਲ ਹੋਣ ਕਰਕੇ 'ਪਾਂਇ' ਦੇ ਅਰਥ ਬੁਨਿਆਦ ਦੇ ਹਨ। ਕੂੜ ਦੀ ਬੁਨਿਆਦ ਭੀ ਕੂੜੀ ਹੀ ਹੁੰਦੀ ਹੈ। 'ਵਖਰੁ' ਵਾ 'ਵਸਤੁ' ਦੇ ਰਾਰੇ ਅਤੇ ਤੱਤੇ ਨੂੰ ਹਮੇਸ਼ਾ ਔਂਕੜ ਹੁੰਦਾ ਹੈ। 'ਆਪੌਂ' ਤੋਂ ਭਾਵ ਆਪ ਤੋਂ ਹੁੰਦਾ ਹੈ।

'ਮਧਿ' ਧੱਧੇ ਨੂੰ ਸਿਹਾਰੀ ਨਾਲ ਮਧੇ, ਭੀਤਰ, ਦਰਮਿਆਨ ਦਾ ਅਰਥ ਰਖਦਾ ਹੈ। 'ਮਧੁ' ਧੱਧੇ ਨੂੰ ਔਂਕੜ ਨਾਲ ਅੰਮ੍ਰਿਤ ਯਾ ਸ਼ਹਿਦ (ਮਾਖਿਓ) ਦਾ ਅਰਥ ਦਿੰਦਾ ਹੈ। ਯਥਾ—'ਕਮਲੁ ਬਿਗਸੈ ਮਧੁ ਆਸ੍ਮਾਈ"—ਕਮਲ ਖਿੜਦਾ ਹੈ ਤਾਂ ਅੰਮ੍ਰਿਤ ਰਸ ਚੋਂਦਾ (ਟਪਕਦਾ) ਹੈ।

(੩੧) ਸਹ, ਸਹੁ

'ਸਹੁ' ਹਾਹੇ ਨੂੰ ਔਂਕੜ ਨਾਲ ਖਸਮ (ਪਤੀ, ਮਾਲਕ, ਭਤਾਰ) ਦਾ ਅਰਥ ਰਖਦਾ ਹੈ। ਇਸ ਦੇ ਅਗੇ ਸਬੰਧਕੀ (preposition) ਚਿੰਨ੍ਹ ਕਾ, ਕੇ, ਕੀ ਆਦਿਕ ਲਗਣ ਕਰਕੇ ਹਾਹੇ ਦਾ ਔਂਕੜ ਉਡ ਕੇ 'ਸਹ' ਰਹਿ ਜਾਂਦਾ ਹੈ। ਪਹਿਲੀ ਦਸ਼ਾ ਔਂਕੜ ਵਾਲੀ ਦੇ ਦ੍ਰਿਸ਼ਟਾਂਤ :

ਸਹੁ ਨੇੜੈ ਧਨ ਕੰਮਲੀਏ...੧॥
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ... ॥੩॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ... ॥੪॥੨॥੪॥

(ਤਿਲੰਗ ਮ: ੧, ਪੰਨਾ ੭੨੨)

ਦੂਜੀ ਹਾਲਤ ਦੇ ਦ੍ਰਿਸ਼ਟਾਂਤ :

ਸਹ ਕੀ ਸਾਰ ਸੁਹਾਗਨਿ ਜਾਨੈ ॥੧॥੧॥ *(ਪੰਨਾ ੭੯੩)*

'ਕੀ' ਨਾਲਿ ਲਗਣ ਕਰਕੇ ਹਾਹੇ ਦਾ ਔਂਕੜ ਉਡ ਗਿਆ। ਸਹ ਹੀ ਰਹਿ ਗਇਆ। "ਸਹ ਕੀਆ ਗਲਾ ਦਰ ਕੀਆ ਬਾਤਾ ॥" (੮੭੮) ਏਥੇ ਸਹੁ ਤੇ ਦਰੁ ਦੋਹਾਂ ਨਾਲੋਂ ਔਂਕੜ ਉਡ ਕੇ ਸਹ ਤੇ ਦਰ ਰਹਿ ਗਏ। 'ਸਹਿ' ਹਾਹੇ ਸਿਹਾਰੀ ਨਾਲਿ 'ਸਹੁ ਨੇ' ਦਾ ਅਰਥ ਦੇਵੇਗਾ ਯਾ ਭਵਿਖਤੀ ਕਿਰਿਆ (future tense) ਦੇ ਅਰਥਾਂ ਵਿਚ ਹੀ ਵਰਤਿਆ ਜਾਵੇਗਾ ਕਿਸੇ ਪਦ ਦੇ ਪਿਛੇ ਲਗ ਕੇ ਜੈਸੇ—"ਮਤੁ ਜਾਣਸਹਿ ਗਲੀ ਪਾਇਆ ॥" (੨੪) ਨਿਰਾ ਹੁਕਮੀ ਕਿਰਿਆ (imperative mood) ਵਿਚ 'ਸਹੁ' ਹਾਹੇ ਔਂਕੜ ਨਾਲਿ ਆਉਂਦਾ ਹੈ। ਯਥਾ :

ਸਹੁ ਵੇ ਜੀਆ ਅਪਣਾ ਕੀਆ ॥ *(ਪੰਨਾ ੪੬੭)*

---

੧. ...੨॥੨੧॥ (ਸਿਰੀਰਾਗੁ ਮ: ੧, ਪੰਨਾ ੨੨)।

bsrstrust.org

"ਨਾਮੇ ਲਗਾ ਪਿਆਰੁ॥ (੭੫੮) ਅੱਧੀ ਪੰਗਤੀ ਵਿਚਿ ਮੰਮੇ ਨੂੰ ਲਾਂਵ ਨਾਲਿ 'ਨਾਮੇ' ਦੇ ਅਰਥ ਨਾਮ ਨਾਲਿ ਹਨ। 'ਨਾਮੇ' ਏਥੇ 'ਨਾਮ ਨਾਲਿ' ਦੇ ਅਰਥਾਂ ਦਾ ਬੋਧਕ ਹੈ। "ਮਨਿ ਹਿਰਦੈ ਕਪਟੁ ਕਮਾਹਿ" ਦੀ ਅੱਧੀ ਪੰਗਤੀ ਵਿਚਿ 'ਮਨਿ' ਦੇ ਨੰਨੇ ਨੂੰ ਜੋ ਸਿਹਾਰੀ ਹੈ ਤੇ 'ਹਿਰਦੈ' ਦੇ ਦੱਦੇ ਨੂੰ ਜੋ ਦੁਲਾਈਆਂ ਹਨ ਏਹ ਦੋਵੇਂ 'ਵਿਖੇ' ਦੇ ਅਰਥਾਂ ਦੇ ਬੋਧਿਕ ਹਨ।

(੩੨) ਪਰਗਟੁ

'ਪਰਗਟੁ' ਦੇ ਟੈਂਕੇ ਨੂੰ ਹਮੇਸ਼ਾ ਔਂਕੜ ਹੋਵੇਗਾ।

(੩੩) ਨਉ, ਕਉ, ਨੋ

ਊੜੇ ਨਾਲਿ 'ਨਉ' ਅਕਸਰ 'ਕਉ' ਵਾਂਗੂੰ ਹੀ ਆਉਂਦਾ ਹੈ ਅਤੇ ਦੋਵੇਂ 'ਨੂੰ' ਅਰਥਾਂ ਦੇ ਵਾਚਕ ਹਨ। ਕਿਤੇ ਕਿਤੇ ਹੋੜੇ ਨਾਲਿ 'ਨੋ' ਆਉਂਦਾ ਹੈ। ਇਹ ਜਾਂ ਤਾਂ ਲਿਖਤ ਛਾਪੇ ਦੀ ਗ਼ਲਤੀ ਹੋਈ ਹੈ ਜਾਂ ਕੋਈ ਹੋਰ ਇਸ ਦਾ ਗੋਝ ਭਾਵ ਹੋਣਾ ਹੈ ਜੋ ਸਾਨੂੰ ਹੁਣ ਤਾਈਂ ਪਤਾ ਨਹੀਂ ਲਗਿਆ। ਨਾਂਵ ਨੂੰ ਔਂਕੜ ਹੈ ਤਾਂ ਉਸ ਦੇ ਵਿਸ਼ੇਸ਼ਣ ਨੂੰ ਭੀ ਔਂਕੜ ਹੋਵੇਗਾ।

(੩੪) ਅਨਦਿਨੁ

ਅਨਦਿਨੁ ਦਾ ਪਹਿਲਾ ਨੰਨਾ ਹਮੇਸ਼ਾ ਮੁਕਤਾ ਹੋਵੇਗਾ ਤੇ ਦੂਜੇ ਨੰਨੇ ਨੂੰ ਅਰਥਾਤ ਪਿਛਲੇ ਨੰਨੇ ਨੂੰ ਹਮੇਸ਼ਾ ਔਂਕੜ ਹੋਵੇਗਾ। ਯਥਾ :

ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥...੩॥੪॥੩੭॥

(ਸਿਰੀਰਾਗੁ ਮ: ੩, ਪੰਨਾ ੨੭)

(੩੫) ਕੁਲੁ

'ਕੁਲੁ' ਲੱਲੇ ਨੂੰ ਔਂਕੜ ਨਾਲਿ ਘਰਾਣੇ, ਖ਼ਾਨਦਾਨ ਦੇ ਅਰਥਾਂ ਵਿਚਿ ਆਉਂਦਾ ਹੈ।

(੩੬) ਤਿਨਿ, ਸਾਰਿ

ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ॥...੧॥੪॥੬੮॥

(ਸਿਰੀਰਾਗੁ ਮ: ੪, ਪੰਨਾ ੪੧)

ਏਥੇ ਨੰਨੇ ਨੂੰ ਸਿਹਾਰੀ ਨਾਲਿ 'ਤਿਨਿ' ਦੇ ਅਰਥ ਹਨ 'ਤਿਸੁ ਅਨੁਸਾਰ'। ਤਿਸੁ

bsrstrust.org

ਦੇ ਦਸੇ ਪੰਥ ਵਿਖੇ ਜਾਂ ਦਸੇ ਪੰਥ ਅਨੁਸਾਰ। 'ਹਰਿ ਗੁਣਿ ਸਾਰਿ'—ਹਰਿ ਗੁਣ ਸੰਵਾਰੁ, ਸੰਮਾਲੁ, ਚੇਤੇ ਕਰੁ। ਏਥੇ 'ਸਾਰਿ' ਕਿਰਿਆ ਹੈ ਹੁਕਮ ਹੈ (imperative mood)

ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥੫॥੬੯॥
(ਸਿਰੀਰਾਗੁ ਮ: ੪, ਪੰਨਾ ੪੧)

ਏਥੇ 'ਜਾਣੀਅਹਿ' ਤੋਂ ਭਾਵ ਹੈ ਜਾਣੇ ਜਾਂਦੇ ਹਨ, ਜਾਣੇ ਜਾਣੇ ਚਾਹੀਦੇ ਹਨ।

(੩੭) ਗੁਰਮੁਖਿ, ਪਰਗਾਸਿ, ਇਕੁ, ਸਭੁ, ਕਉ

"ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ ਲਾਇ" (੪੨)—ਗੁਰਮੁਖਿ ਜਨ ਦਰਗਾਹ ਜਾ ਕੇ ਮੰਨੇ ਜਾਂਦੇ ਹਨ। ਵਾਹਿਗੁਰੂ ਆਪਿ ਓਹਨਾਂ ਨੂੰ ਗਲਿ ਨਾਲਿ ਲਾ ਲੈਂਦਾ ਹੈ। 'ਗੁਰਮੁਖਿ' ਤੋਂ ਭਾਵ ਏਥੇ ਗੁਰਮੁਖਿ ਜਨ ਦਾ ਹੈ। 'ਦਰਗਹ'—ਦਰਗਹ ਅੰਦਰਿ। 'ਮੰਨੀਅਹਿ'—ਮੰਨੇ ਜਾਂਦੇ ਹਨ। 'ਗਲਿ'—ਗਲੇ ਨਾਲਿ।

ਨਾਨਕ ਭਾਗ ਵਡੇ ਤਿਨਾ ਗੁਰਮੁਖਾ ਜਿਨ ਅੰਤਰਿ ਨਾਮੁ ਪਰਗਾਸਿ ॥੪॥੬॥੭੦॥
(ਸਿਰੀਰਾਗੁ ਮ: ੫, ਪੰਨਾ ੪੨)

ਗੁਰੂ ਨਾਨਕ ਦੇ ਘਰ ਦੇ ਤਿਨ੍ਹਾਂ ਗੁਰਮੁਖਿ ਜਨਾਂ ਦੇ ਵੱਡੇ ਭਾਗ ਹਨ ਜਿਨ੍ਹਾਂ ਦੇ ਅੰਤਰਿ (ਰਿਦੰਤਰਿ) ਨਾਮੁ ਪਰਗਾਸਿਆ ਹੈ। 'ਪਰਗਾਸਿ' ਸੱਸੇ ਸਿਹਾਰੀ ਨਾਲਿ ਪਰਗਾਸਿਆ ਦਾ ਅਰਥ ਅਰਥਾਉਂਦਾ ਹੈ।

ਨਾਨਕ ਰਤਾ ਰੰਗਿ ਹਰਿ ਸਭ ਜਗ ਮਹਿ ਚਾਨਣੁ ਹੋਇ ॥ *(ਪੰਨਾ ੪੨)*

ਗੁਰੂ ਨਾਨਕ ਦ੍ਰਿੜ੍ਹਾਏ ਵਾਹਿਗੁਰੂ ਨਾਮ ਦੇ ਜੋਤਿ ਰੰਗਾਂ ਵਿਚਿ ਜੋ ਜਨ ਰਤਿਆ ਗਇਆ, ਉਸ ਨੂੰ ਸਾਰੇ ਜਗ ਵਿਚਿ ਚਾਰ ਚੁਫੇਰੇ ਜੋਤਿ ਰੰਗੀ ਚਨਣੁ ਹੀ ਚਾਨਣੁ ਹੋ ਜਾਂਦਾ ਹੈ। ਇਹ ਪ੍ਰਚੰਡ ਗਿਆਨੁ ਹੈ।

ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ ॥ *(ਪੰਨਾ ੪੩)*

ਸੱਚਾ ਨਾਮੁ ਸਿਮਰਨਹਾਰੇ ਜੀਵਨ ਮੁਕਤ ਜਨ ਸਮਝੇ ਜਾਣੇ ਚਾਹੀਦੇ ਹਨ।

ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥
ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ ॥ *(ਪੰਨਾ ੪੪)*

ਜੇ ਇਕੁ ਵਾਹਿਗੁਰੂ ਹਥ ਵਿਚਿ (ਹਥਿ) ਆ ਜਾਂਦਾ ਹੈ ਪ੍ਰਾਪਤ ਹੋ ਜਾਂਦਾ ਹੈ (ਜਿਸ ਜਨ ਨੂੰ) (ਉਸ ਨੂੰ) ਸਾਰੇ ਹੀ (ਸਭੇ) ਥੋਕ (ਪਦਾਰਥ) ਪ੍ਰਾਪਤਿ ਹੋ ਗਏ (ਸਮਝੋ) ਉਸਦਾ ਜਨਮੁ ਰੂਪੀ ਪਦਾਰਥੁ ਸਫਲੁ ਹੈ ਜਿਸ ਤੋਂ ਸੱਚਾ ਸ਼ਬਦ (ਗੁਰਮੰਤ੍ਰ) ਕਥਿਆ (ਕਥਿ) ਜਾਵੇ ਅਰਥਾਤ ਹਰ ਦਮ ਉਚਾਰਨ ਹੋਵੇ। ਕਥਿ—ਕਥਿਆ ਜਾਵੇ। ਪਰਾਪਤੇ—ਪ੍ਰਾਪਤਿ ਹੋ ਗਏ। 'ਜਨਮੁ' ਦੇ ਮੰਮੇ ਨੂੰ ਔਂਕੜ ਲਗਾਣ ਕਰਕੇ ਜਨਮੁ ਦੇ ਅਰਥ ਦਿੰਦਾ ਹੈ। 'ਥੋਕ' ਦਾ ਕੱਕਾ ਮੁਕਤਾ ਹੈ, ਬਹੁ-ਵਚਨ ਹੋਣ ਕਰਕੇ। ਆਵੈ—ਆਉਂਦਾ ਹੈ, ਆ ਜਾਂਦਾ ਹੈ। ਹਥਿ—ਹਥ ਵਿਚਿ। 'ਇਕੁ' ਕੱਕੇ ਨੂੰ ਔਂਕੜ ਆਉਣ ਨਾਲਿ ਇਕ

bsrstrust.org

ਵਾਹਿਗੁਰੂ ਦਾ ਵਾਚਕ ਹੈ। ਖ਼ਾਸ ਇਕ ਪਦਾਰਥ ਹੋਣ ਕਰਕੇ 'ਪਦਾਰਥੁ' ਦੇ ਥੱਥੇ ਨੂੰ ਔਂਕੜ ਹੈ। 'ਪਦਾਰਥੁ' ਇਕ-ਵਚਨ (singular) ਦਾ ਵਿਸ਼ੇਸ਼ਣ ਹੋਣ ਕਰਿ 'ਸਫਲੁ' ਦਾ ਲੱਲਾ ਭੀ ਔਂਕੜ ਸਹਿਤ ਹੈ। ਜੋ ਉਸ ਨੂੰ ਇਕ-ਵਚਨ (singular) ਜਣਾਉਂਦਾ ਹੈ। 'ਪਰਾਪਤੇ' ਦੇ ਤੱਤੇ ਨੂੰ ਲਾਂਵ 'ਹੈ' 'ਹੁੰਦਾ ਹੈ' ਦਾ ਅਰਥ ਦਰਸਾਉਂਦੀ ਹੈ।

ਗੁਰ ਤੇ ਮਹਲੁ ਪਰਾਪਤੇ ਜੇ[1] ਲਿਖਿਆ ਹੋਵੈ ਮਥਿ ॥ *(ਪੰਨਾ ੪੪)*

ਗੁਰੂ ਤੇ (ਦੁਆਰਾ) ਮਹਲੁ (ਮਹਲੀ ਵਾਹਿਗੁਰੂ) ਪ੍ਰਾਪਤਿ ਹੁੰਦਾ ਹੈ ਜੇ (ਜਿਸਦੇ) ਮੱਥੇ (ਮਸਤਕ) ਵਿਖੇ ਲਿਖਿਆ ਹੁੰਦਾ ਹੈ (ਲੇਖ)। 'ਗੁਰ' ਦਾ ਰਾਰਾ ਮੁਕਤਾ ਹੋ ਗਿਆ, 'ਤੇ' (preposition) ਅਗੇ ਆਉਣ ਕਰਕੇ।

ਮੇਰੇ ਮਨ ਏਕਸ ਸਿਉ ਚਿਤੁ ਲਾਇ ॥
ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥ *(ਪੰਨਾ ੪੪)*

Vocative case (ਸੰਬੋਧਨ ਕਾਰਕ) ਹੋਣ ਕਰਕੇ 'ਮਨ' ਦਾ ਨੰਨਾ ਮੁਕਤਾ ਹੈ (ਹੇ ਮੇਰੇ ਮਨ) ਅਤੇ ਦੋਹਾਂ ਪੰਗਤੀਆਂ ਵਿਖੇ 'ਏਕਸ' ਦੇ ਅਖ਼ੀਰੀ ਅੱਖਰਾਂ ਸੱਸਿਆਂ ਦਾ ਔਂਕੜ ਉਡ ਗਿਆ ਕਿਉਂਕਿ ਏਹਨਾਂ ਦੇ ਅਗੇ 'ਸਿਉ' ਤੇ 'ਬਿਨੁ' (prepositions) ਲਗੇ ਆਉਂਦੇ ਹਨ। 'ਚਿਤੁ' ਦੇ ਤੱਤੇ ਨੂੰ ਔਂਕੜ ਹੈ (singular) ਹੋਣ ਕਰਕੇ। 'ਲਾਇ' ਏਥੇ ਈੜੀ ਸਿਹਾਰੀ ਨਾਲਿ ਹੈ ਹੁਕਮੀ ਕਿਰਿਆ (imperative mood) ਹੋਣ ਕਰਕੇ। ਮਾਇ—ਮਾਇਆ—ਮਾਇਆ ਮੋਹੁ ਰੂਪ ਹੋਣ ਕਰਕੇ ਸਭ ਮਿਥਿਆ ਹੈ ਅਤੇ ਧੰਧ ਰੂਪੁ ਹੈ। 'ਮਾਇ' ਇਸਤ੍ਰੀ-ਲਿੰਗ ਹੋਣ ਕਰਕੇ ਇਸ ਨੂੰ ਵਿਸ਼ੇਸ਼ਣ ਕਰਨ ਹਾਰੇ 'ਸਭ' ਪਦ ਦੋਹੀਂ ਥਾਈਂ ਭੱਭੇ ਮੁਕਤੇ ਸਹਿਤ ਹਨ। ਮੁਕਤੇ ਭੱਭੇ ਸਹਿਤ 'ਸਭ' ਪਦ ਇਸਤ੍ਰੀ-ਲਿੰਗ ਜਣਾਇਕ ਹੈ।

ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ ॥੨॥੬॥੭੬॥
(ਸਿਰੀਰਾਗੁ ਮ: ੫, ਪੰਨਾ ੪੪)

ਏਥੇ 'ਕਉ' ਅਗੇ ਆਉਣ ਕਰਕੇ 'ਜਿਸ' ਦਾ ਸੱਸਾ ਮੁਕਤਾ ਆਇਆ ਹੈ। ਔਂਕੜ ਉਡ ਗਿਆ। 'ਕਉ' ਊੜੇ ਨੂੰ ਔਂਕੜ ਆਉਣ ਨਾਲਿ ਹਮੇਸ਼ਾ 'ਨੂੰ' ਦਾ ਅਰਥ ਦਿੰਦਾ ਹੈ।

(੩੮) ਪੂਰਬਿ, ਪੂਰਬ

'ਪੂਰਬਿ' ਜਿਥੇ ਇਕੱਲਾ ਹੀ ਆਉਂਦਾ ਹੈ ਪੂਰਬਲੇ ਕਰਮ ਲਖਾਇਕ ਅਰਥਾਂ ਵਿਚ ਹੈ। ਉਥੇ ਇਸ ਦੇ ਬੱਬੇ ਨੂੰ ਸਿਹਾਰੀ ਹੁੰਦੀ ਹੈ। ਯਥਾ :

ਜਨ ਕੀ ਧੂਰਿ ਮਨ ਮੀਠ ਖਟਾਨੀ ॥
ਪੂਰਬਿ ਕਰਮਿ ਲਿਖਿਆ ਧੁਰਿ ਪ੍ਰਾਨੀ ॥ *(ਪੰਨਾ ੧੯੯)*

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਜਿਸੁ' ਹੈ।
—ਪ੍ਰਕਾਸ਼ਕ

bsrstrust.org

ਜਿਸ ਪ੍ਰਾਣੀ ਦੇ ਧੁਰਿ ਪੂਰਬਲੇ ਕਰਮਾਂ ਕਰਕੇ (ਲੇਖ) ਲਿਖਿਆ ਹੋਵੇ, ਉਸ ਨੂੰ ਜਨ ਕੀ ਧੂੜੀ ਮਨ ਕਰਕੇ ਮੀਠੀ ਲਗਦੀ ਹੈ। ਪੂਰਬਿ—ਪਹਿਲਾਂ ਤੋਂ। ਤਥਾ :

ਪੂਰਬਿ ਲਿਖਿਆ ਸੁ ਕਰਮੁ ਕਮਾਇਆ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥ *(ਪੰਨਾ ੧੧੮)*

ਏਥੇ ਭੀ 'ਪੂਰਬਿ ਲਿਖਿਆ' ਤੋਂ ਭਾਵ ਪਹਿਲਾਂ ਤੋਂ ਲਿਖਿਆ ਹੈ। ਪੁਨਾ :

ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣ ਹਾਰੁ ॥ *(ਪੰਨਾ ੨੭)*

ਜਿਥੇ 'ਜਨਮ' ਯਾ 'ਕਰਮ' ਪਦ ਨਾਲਿ 'ਪੂਰਬ' ਆਵੇ, ਉਥੇ ਪੂਰਬ ਦਾ ਬੱਬਾ ਮੁਕਤਾ ਹੋਵੇਗਾ। ਯਥਾ :

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥ *(ਪੰਨਾ ੨੦੪)*

ਤਥਾ— **ਪੂਰਬ ਜਨਮ ਹਉ ਤਪ ਕਾ ਹੀਨਾ ॥** *(ਪੰਨਾ ੩੨੬)*

ਪੁਨਾ— **ਪੂਰਬ ਜਨਮਿ ਭਗਤਿ ਕਰਿ ਆਏ... ॥** *(ਪੰਨਾ ੮੩੭)*

(੩੯) ਪਹਰ

'ਪਹਰ' ਦਾ ਵਿਚਕਾਰਲਾ ਅੱਖਰ ਹਾਹਾ ਹਮੇਸ਼ਾ ਮੁਕਤਾ ਹੋਊ। ਔਂਕੜ ਸਿਹਾਰੀ ਵਿਚ ਨ ਹੋਊ। ਇਹ ਪੱਕਾ ਨਿਯਮ ਹੈ।

ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥ *(ਪੰਨਾ ੪੫)*

ਪੰਗਤੀ ਵਿਖੇ 'ਕਵਨੈ' ਤੋਂ ਭਾਵ ਕੇਹੜੇ, 'ਕਾਮਿ'—ਕੰਮ ਵਿਖੇ ਹੈ। ਕੇਹੜੇ ਕੰਮ ਆਉਂਦੀਆਂ ਹਨ। ਅਰਥਾਤ ਕਿਸੇ ਕੰਮ ਨਹੀਂ ਆਉਂਦੀਆਂ ਦੁਨੀਆ ਦੀਆਂ ਵਡਿਆਈਆਂ। ਨਿਦਾਨਿ—ਅੰਤ ਨੂੰ, ਓੜਕ। (ਦੇਖੋ ਅਗਲੀ ਤੁਕ)

(੪੦) ਸਾਰਿ, ਮਿਲੁ, ਵਿਸਾਹੁ, ਜਪਿਐ, ਉਤਾਰਿਅਨੁ, ਨਵਤਨੁ

ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥
ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥
ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ ॥ *(ਪੰਨਾ ੪੬)*

ਆਪਣੇ ਭਗਤਾਂ ਜਨਾਂ ਨੂੰ ਵਾਹਿਗੁਰੂ ਆਪਣੀ ਕ੍ਰਿਪਾ ਧਾਰ ਕੇ ਰਖਦਾ ਹੈ। ਓਹਨਾਂ ਦੇ (ਭਗਤ ਜਨਾਂ ਦੇ) ਲੋਕ ਪਰਲੋਕ ਵਿਖੇ ਮੁਖੜੇ ਉਜਲੇ ਹੁੰਦੇ ਹਨ ਸੱਚੇ ਵਾਹਿਗੁਰੂ ਦੇ ਗੁਣ ਸਾਰਕੇ (ਚਿਤਾਰ ਕੇ) ਸਿਫ਼ਤਿ-ਸਾਲਾਹ ਕਰਕੇ। ਓਹ ਭਗਤ ਜਨ ਅਪਾਰ ਰੰਗਾਂ ਵਿਚਿ ਰਤੇ ਹੋਏ ਅਠੋ ਪਹਰ ਗੁਣ ਹੀ ਸਾਰਦੇ (ਉਚਾਰਦੇ) ਰਹਿੰਦੇ ਹਨ

bsrstrust.org

(ਅਠੇ ਪਹਰ ਸਿਫ਼ਤਿ-ਸਾਲਾਹ ਕਰਦੇ ਹੀ ਰਹਿੰਦੇ ਹਨ)। 'ਸਾਰਿ' ਕਿਰਿਆ ਪਦ ਦੀ ਕੈਸੀ ਫਜ਼ੀਲਤ ਮਹੱਤਤਾ ਇਸ ਗੁਰਵਾਕ ਅੰਦਰਿ ਦਰਸਾਈ ਗਈ ਹੈ।

ਵਡ ਭਾਗੀ ਮਿਲੁ ਸੰਗਤੀ ਸਚਾ ਸਬਦੁ ਵਿਸਾਹੁ ॥ *(ਪੰਨਾ ੪੬)*

ਵੱਡੇ ਭਾਗਾਂ ਕਰਕੇ ਗੁਰ ਸੰਗਤਾਂ ਵਿਚਿ ਮਿਲੁ ਅਤੇ ਸੱਚਾ ਸਬਦੁ ਵਿਹਾਜੁ ਭਾਵ ਸੱਚੇ ਸ਼ਬਦ ਦਾ ਸਿਮਰਨ ਰੂਪੀ ਸਉਦਾ ਕਰੁ। ਏਥੇ 'ਵਿਸਾਹੁ' ਕਿਰਿਆ ਹੈ ਹੁਕਮੀ ਕਿਰਿਆ (imperative mood) ਵਾਲੀ। ਮਿਲੁ ਸੰਗਤੀ—ਸੰਗਤਾਂ ਵਿਚਿ ਯਾ ਸੰਗਤਾਂ ਨੂੰ ਮਿਲੁ। ਸੰਗਤਾਂ ਦੁਆਰਾ ਵਾਹਿਗੁਰੂ ਨੂੰ ਮਿਲੁ (ਮਿਲਨ) ਦੇ ਅਰਥ ਨਹੀਂ ਏਥੇ ਬਣਦੇ।

ਕਰਿ ਸੇਵਾ ਸੁਖ ਸਾਗਰੈ ਸਿਰਿ ਸਾਹਾ ਪਾਤਿਸਾਹੁ ॥ *(ਪੰਨਾ ੪੬)*

ਉਸ ਸੁਖ ਸਾਗਰ ਵਾਹਿਗੁਰੂ ਦੀ (ਸਿਮਰਨ ਰੂਪੀ) ਸੇਵਾ ਕਰੋ ਜੋ ਸ਼ਾਹਾਂ ਦੇ ਸਿਰ ਸੱਚਾ ਸ਼ਹਿਨਸ਼ਾਹ ਹੈ। 'ਸੁਖਸਾਗਰੈ' ਸੁਖ ਸਾਗਰ ਦੀ। ਏਥੇ ਰਾਰੇ ਨੂੰ ਦੁਲਾਈਆਂ 'ਦੀ' ਦਾ ਅਰਥ ਅਰਥਾਉਂਦੀਆਂ ਹਨ। 'ਸਿਰਿ'—(ਸਿਰ ਤੇ) ਦੇ ਰਾਰੇ ਦੀ ਸਿਹਾਰੀ ਦੇ ਅਰਥ ਰੱਖਦੀ ਹੈ। 'ਕਰਿ'—ਕਰੁ। ਰਾਰੇ ਦੀ ਸਿਹਾਰੀ ਹੁਕਮੀ ਕਿਰਿਆ ਹੈ।

ਹਰਿ ਜਪੀਐ ਆਰਾਧੀਐ ਆਠ ਪਹਰ ਗੋਵਿੰਦੁ ॥...
ਨਾਨਕ ਸਗਲੇ ਦੋਖ ਉਤਾਰਿਅਨੁ ਪ੍ਰਭੁ ਪਾਰਬ੍ਰਹਮ ਬਖਸਿੰਦੁ ॥ *(ਪੰਨਾ ੪੬)*

ਭਾਵ, ਹਰੀ ਨੂੰ ਜਪੀ ਜਾਣਾ ਚਾਹੀਦਾ ਹੈ। ਗੋਬਿੰਦ ਆਰਾਧਨਾ ਅਠੇ ਪਹਰ ਹੋਣੀ ਚਾਹੀਦੀ ਹੈ। ਆਰਾਧੀਐ—ਆਰਾਧੀ ਜਾਣਾ ਚਾਹੀਦਾ ਹੈ। ਜਪੀਐ—ਜਪੀ ਜਾਣਾ ਚਾਹੀਦਾ ਹੈ। ਇਉਂ ਜਪਣ ਆਰਾਧਣ ਕਰਕੇ ਸਗਲੇ ਦੋਖ ਉਤਾਰ ਦਿਤੇ ਹਨ (ਵਾਹਿਗੁਰੂ ਨੇ ਅਸਾਡੇ)। ਜੇ 'ਜਪਿਐ' 'ਆਰਾਧਿਐ' ਹੁੰਦੇ ਤਾਂ 'ਜਪਣ ਕਰਕੇ' ਤੇ 'ਆਰਾਧਨ ਕਰਕੇ' ਅਰਥ ਬਣਦੇ। ਸਿਹਾਰੀ ਤੇ ਬਿਹਾਰੀ ਲਗਣ ਦਾ ਇਤਨਾ ਫ਼ਰਕ ਹੋ ਜਾਂਦਾ ਹੈ ਅਰਥਾਂ ਵਿਚਿ। ਸਗਲੇ ਦੋਖ ਉਤਾਰ ਦਿਤੇ ਹਨ ਐਸਾ ਹੈ ਪਾਰਬ੍ਰਹਮ ਬਖ਼ਸ਼ਿੰਦ ਗੋਬਿੰਦ। ਪਾਰਬ੍ਰਹਮ ਗੋਬਿੰਦ ਐਸਾ ਬਖ਼ਸ਼ਿੰਦ ਹੈ। 'ਉਤਾਰਿਅਨੁ' ਦੇ ਥਾਉਂ ਜੇ 'ਉਤਾਰੀਅਨੁ' ਹੋਵੇ ਤਾਂ ਦੋਖ ਬਹੁ-ਵਚਨ ਪੁਲਿੰਗ ਦੇ ਥਾਉਂ ਕੋਈ ਬਹੁ-ਵਚਨ ਇਸਤ੍ਰੀ-ਲਿੰਗ (plural feminine gender) ਕਰਮ ਮਫਊਲ ਵਾਲਾ ਕਰਮ ਨਾਉਂ (ਮਫਊਲ noun) ਹੁੰਦਾ। ਅਤੇ 'ਉਤਾਰਿਅਨੁ' ਦੇ ਆਖ਼ਰੀ ਅੱਖਰ ਨੰਨੇ ਨੂੰ ਜੋ ਔਂਕੜ ਹੈ ਉਹ ਇਹ ਸਿਧ ਕਰਦਾ ਹੈ ਕਿ ਇਸਦਾ ਕਰਤਾ (ਫਾਇਲ) ਇਕ-ਵਚਨ (singular) ਹੈ। ਜੇ ਬਹੁ-ਵਚਨ (plural) ਕਰਤਾ (ਫਾਇਲ) ਹੁੰਦਾ ਤਾਂ 'ਉਤਾਰਿਅਨਿ' ਨੰਨੇ ਨੂੰ ਸਿਹਾਰੀ ਨਾਲਿ ਆਉਂਦਾ। ਇਹ ਨਿਯਮੀ ਸੰਕੇਤ ਸਾਰੀ ਗੁਰਬਾਣੀ ਵਿਚਿ ਧੁਰ ਤਾਈਂ ਹੈ।

ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ ॥
ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥ *(ਪੰਨਾ ੪੬)*

ਏਹਨਾਂ ਦੋਹਾਂ ਪੰਗਤੀਆਂ ਵਿਚਿ ਜੋ "ਮਰੈ ਨ ਆਵੈ ਜਾਇ" ਅਤੇ "ਨਾ

bsrstrust.org

ਵੇਛੋੜਿਆ ਵਿਛੁੜੈ" ਅਤੇ "ਸਭ ਮਹਿ ਰਹਿਆ ਸਮਾਇ" ਵਿਸ਼ੇਸ਼ਣ ਰੂਪ ਅਧ ਪੰਗਤੀਆਂ ਹਨ 'ਸਚੁ' ਨਾਉਂ (ਇਸਮ noun) ਦੀਆਂ, ਏਹ ਸਿਧ ਕਰਦੀਆਂ ਹਨ ਕਿ 'ਸਚੁ' ਨਿਰਾ 'ਆਕਾਰ ਰਹਿਤ' (abstract noun) ਹੀ ਨਹੀਂ, ਜੜ੍ਹ ਪਦਾਰਥ (innert substance) ਵਾਲਾ 'ਸਚੁ' ਹੀ ਨਹੀਂ ਬਲਕਿ ਉਪਰਲੀਆਂ ਅਧ ਪੰਗਤੀਆਂ ਵਿਚਿ ਨਿਰੂਪਨ ਹੋਇਆ ਸੱਚਾ ਵਾਹਿਗੁਰੂ ਅਕਾਲ ਪੁਰਖ ਨਿਰੰਕਾਰ ਹੈ ਜੋ ਨਾ ਕਦੇ ਮਰਦਾ ਹੈ ਨਾ ਆਉਂਦਾ ਜਾਂਦਾ ਹੈ। ਨਾ ਕਦੇ (ਮਰੈ ਨ ਆਵੈ ਜਾਇ) ਅਤੇ ਨਾ ਕਦੇ ਵਿਛੋੜਿਆਂ ਕਿਸੇ ਦਾ ਵਿਛੜ ਦਾ ਹੈ (ਨਾ ਵੇਛੋੜਿਆ ਵਿਛੁੜੈ) ਅਤੇ ਜੋ ਸਭਿ ਮਹਿ (ਸਭ ਪ੍ਰੀਤਿ ਵਾਲੀਆਂ ਜਿੰਦੜੀਆਂ ਵਿਚਿ ਵਿਸ਼ੇਸ਼ ਕਰਕੇ) ਪਰਤੱਖ ਬ੍ਰਾਜਮਾਨ ਵਾਲਾ ਜ਼ਹੂਰ ਦਿੰਦਾ ਹੈ, ਅਰਥਾਤ ਜਿਨ੍ਹਾਂ ਜਿੰਦੜੀਆਂ (ਰੂਹੜੀਆਂ) ਦੀ ਪ੍ਰੀਤਿ ਲਗੀ ਹੈ। ਤਿਸ (ਐਸੇ) ਸਚੁ ਸੇਤੀ ਜੋ ਏਹਨਾਂ ਸਮੂਹ ਪ੍ਰੀਤਿ ਕੁਠੜੀਆਂ ਰੂਹੜੀਆਂ (ਜਿੰਦੜੀਆਂ) ਵਿਚਿ ਜ਼ਾਹਰਾ ਜ਼ਰੂਰ ਹੋ ਕੇ ਪਰਤੱਖ (ਹਾਜ਼ਰ ਨਾਜ਼ਰ) ਸਮਾ ਰਹਿਆ ਹੈ। ਜੋ ਕਦੇ ਚੁਰਾਸੀ ਦੇ ਗੇੜ ਵਿਚਿ ਨਹੀਂ ਪੈਂਦਾ, ਅਤੇ ਜੋ ਐਸਾ ਪ੍ਰੀਤਮ ਹੈ ਜੋ ਇਕ ਵਾਰ ਪ੍ਰੀਤਿ ਕੁੱਠੀਆਂ ਪ੍ਰੀਤਿ ਮੁੱਠੀਆਂ ਪ੍ਰੀਤਿ ਪ੍ਰੀਤੁੱਠੀਆਂ ਮਾਸ਼ੂਕ ਆਤਮਾਵਾਂ ਨੂੰ ਮਿਲਿਆ ਹੋਇਆ ਫੇਰ ਕਿਸੇ ਦਾ ਵੇਛੋੜਿਆ ਵਿਛੁੜਦਾ ਨਹੀਂ। ਸੋ ਐਸਾ ਪ੍ਰੀਤਮੀ 'ਸਚੁ' ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦਾ। (ਦੇਖੋ ਪੁਸਤਕ *ਗੁਰਮਤਿ ਸੱਚ ਨਿਰਣੇ*) 'ਪ੍ਰੀਤਿ' ਦੇ ਤੱਤੇ ਨੂੰ ਸਿਹਾਰੀ ਇਸਤ੍ਰੀ-ਲਿੰਗ ਦੀ ਨਿਸ਼ਾਨੀ ਹੈ। 'ਤਿਸੁ' ਦੇ ਸੱਸੇ ਨੂੰ ਹਮੇਸ਼ਾ ਔਂਕੜ ਹੋਵੇਗਾ ਜੋ ਸਬੰਧਕੀ ਪਦ ਨਾਲਿ (ਅਗੇ ਪਿਛੇ) ਹੋਣ ਕਰਕੇ ਹੀ ਦੂਰ ਨਹੀਂ ਹੁੰਦਾ। 'ਸੱਚ' ਦੇ ਚੱਚੇ ਨੂੰ ਔਂਕੜ ਉਡ ਗਿਆ ਇਸ ਕਰਕੇ ਕਿ ਸਬੰਧਕੀ ਪਦ (preposition) 'ਸਿਉ' ਇਸ ਦੇ ਪਿਛੇ ਆਉਂਦਾ ਹੈ। 'ਮਰੈ', 'ਆਵੈ' ਅਤੇ 'ਵਿਛੁੜੈ' ਪਦਾਂ (ਲਫ਼ਜ਼ਾਂ) ਦੇ ਪਿਛਲੇ ਅੱਖਰਾਂ ਨੂੰ ਦੁਲਾਈਆਂ ਲਗੀਆਂ ਜ਼ਾਹਰ ਕਰਦੀਆਂ ਹਨ ਕਿ ਇਹ ਪਦ ਵਰਤਮਾਨ ਕਾਲ (present tense) ਕਿਰਿਆਵਾਂ ਹਨ। 'ਸਭ' ਦਾ ਭੱਭਾ ਮੁਕਤਾ ਇਸ ਕਰਕੇ ਆਇਆ ਹੈ ਕਿ ਇਸਤ੍ਰੀ-ਲਿੰਗ ਵਾਲੇ ਸਮੂਹ ਅਰਥੀ ਪੜਨਾਉਂ (feminine pronouns) ਦਾ ਵਾਚਕ ਹੈ। ਯਾ 'ਮਹਿ' ਸਬੰਧਕੀ ਪਦ ਅਗੇ ਆਉਣ ਕਰਕੇ 'ਸਭਿ' ਦੇ ਨਾਲੋਂ ਸਿਹਾਰੀ ਉਡ ਕੇ 'ਸਭ' ਭੱਭੇ ਮੁਕਤੇ ਸਹਿਤ ਹੀ ਰਹਿ ਗਿਆ ਜੈਸਾ ਕਿ ਪੱਕਾ ਨਿਯਮ ਵਰਣਨ ਹੋ ਚੁਕਾ ਹੈ।

ਅਚਰਜ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ ॥ *(ਪੰਨਾ ੪੬)*

ਦੀ ਪੰਗਤੀ ਵਿਚਿ 'ਨਿਰੰਜਨੋ' ਦੇ ਨੰਨੇ ਨੂੰ ਹੋੜਾ ਨਿਰੰਜਨੋ ਦੀ ਵਿਸ਼ੇਸ਼ਤਾ ਪਰਗਟਾਉਂਦਾ ਹੈ ਅਰਥਾਤ ਸਤਿਗੁਰੂ (ਗੁਰੂ) ਨੇ ਐਸਾ ਨਿਰੰਜਨੁ (ਨਿਰੰਜਨੋ) ਮੇਲਾਇਆ ਹੈ (ਜਿਸਦਾ) ਰੂਪੁ ਅਚਰਜੁ ਹੈ।

'ਗੁਣ ਨਿਧਾਨੁ ਨਵਤਨੁ ਸਦਾ' (੪੭) ਵਾਲੀ ਅਧ ਪੰਗਤੀ ਵਿਚਿ ਅਤੇ ਹੋਰ ਥਾਈਂ ਜਿਥੇ ਭੀ ਵਾਹਿਗੁਰੂ ਦੀ ਸਿਫ਼ਤਿ ਪ੍ਰਥਾਇ 'ਨਵਤਨੁ' ਪਦ ਪਿਛਲੇ ਨੰਨੇ ਨੂੰ ਔਂਕੜ ਨਾਲਿ ਵਰਤਿਆ ਗਇਆ ਹੈ। ਉਥੇ ਇਸ ਤੋਂ ਭਾਵ ਨਵਲ ਨਵੇਲੈ ਤਤ (ਵਜੂਦ ਹਸਤੀ) ਵਾਲਾ ਹੈ। ਉਹ 'ਵਾਲੀ', 'ਵਾਲਾ' ਦਾ ਅਰਥ ਦਿੰਦਾ ਹੈ।

(੪੧) ਧਾਰੀਅਨੁ, ਸਿਰਜਿਓਨੁ

ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ ॥ *(ਪੰਨਾ ੪੮)*

ਸੱਚੀ ਕੁਦਰਤਿ ਧਾਰੀ ਹੈ, ਉਸ (ਕਾਦਰ) ਨੇ ਅਤੇ ਸੱਚੇ ਜਹਾਨ ਨੂੰ ਸਿਰਜਿਆ ਹੈ, ਉਸ (ਸਿਰਜਨਹਾਰ) ਨੇ। 'ਧਾਰੀਅਨੁ' ਬਿਹਾਰੀ ਨਾਲਿ ਇਸ ਕਰਕੇ ਆਇਆ ਹੈ, ਇਸ ਕਿਰਿਆ (ਫੇਅਲ) ਦਾ ਕਰਮ ਨਾਉਂ ਮਫਊਲ ਇਸਮ-(noun) 'ਕੁਦਰਤਿ' ਇਸਤ੍ਰੀ-ਲਿੰਗ ਹੈ ਅਤੇ 'ਸਿਰਜਿਓਨੁ' ਦਾ ਭੀ ਜੇ ਕਰਮ (ਮਫਊਲ) ਇਸਤ੍ਰੀ-ਲਿੰਗ ਹੁੰਦਾ ਤਾਂ ਇਹ ਪਦ ਭੀ 'ਸਿਰਜੀਅਨੁ' ਕਰਕੇ ਆਉਂਦਾ, ਜੱਜੇ ਨੂੰ ਬਿਹਾਰੀ ਅਤੇ ਐੜੇ ਨਾਲਿ। ਸਿਹਾਰੀ ਅਤੇ ਖੁੱਲ੍ਹੇ ਮੂੰਹ ਵਾਲੇ ਊੜੇ ਨਾਲਿ ਆਉਣ ਕਰਕੇ 'ਸਿਰਜਿਓਨੁ' ਪਦ ਇਸ ਕਰਕੇ ਆਇਆ ਹੈ ਕਿ ਇਸ ਦਾ ਕਰਮ (ਮਫਊਲ) 'ਜਹਾਨੁ' ਪੁਲਿੰਗ ਇਕ-ਵਚਨ (singular masculine) ਹੈ। 'ਧਾਰੀਅਨੁ' ਅਤੇ 'ਸਿਰਜਿਓਨੁ' ਦੋਹਾਂ ਪਦਾਂ ਕਿਰਿਆਵਾਂ (verbs) ਦੇ ਅਖ਼ੀਰਲੇ ਅੱਖਰ ਨੰਨੇ ਇਸ ਕਰਕੇ ਔਂਕੜ ਸਹਿਤ ਹਨ ਕਿ ਏਹਨਾਂ ਦਾ ਫਾਇਲ (ਕਰਤਾ) ਇਕ-ਵਚਨ ਪੁਲਿੰਗ (singular masculine) ਵਾਹਿਗੁਰੂ ਹੈ।

"ਮਨ ਮੇਰੇ ਰਾਮ ਨਾਮੁ ਜਪਿ ਜਾਪੁ ॥ ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ"[1]—ਹੇ ਮੇਰੇ ਮਨ ਰਮਤ ਰਾਮ (ਵਾਹਿਗੁਰੂ) ਨਾਮੁ ਰੂਪੀ ਜਾਪੁ ਜਪਨ ਕਰੁ (ਜਿਸ ਦੇ ਜਪਨ ਕਰਕੇ) ਮਨ ਇਛੇ ਫਲਾਂ ਦਾ ਤੂੰ ਭੁੰਚਨ ਕਰੁ (ਨਾਲੇ ਤੇਰਾ) ਸੋਗੁ ਤੇ ਸੰਤਾਪੁ (ਸਮੁੱਚੇ ਤੌਰ ਤੇ) ਚੁਕਿਆ ਜਾਣਾ ਹੈ (ਜਪਿ ਜਾਪੁ ਦੇ ਪਰਤਾਪ ਕਰ ਕੇ)।

(੪੨) ਕਾ

'ਕਾ' ਕੰਨੇ ਨਾਲਿ ਕਿਤੇ ਕਿਤੇ 'ਲਈ', 'ਵਾਸਤੇ' ਦੇ ਅਰਥਾਂ ਵਿਚਿ ਭੀ ਆਉਂਦਾ ਹੈ ਜੈਸੇ :

ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ ॥ *(ਪੰਨਾ ੪੯)*

ਏਥੇ 'ਜੀਅ ਕਾ' ਤੋਂ ਭਾਵ ਜੀਅੜੇ ਵਾਸਤੇ (ਆਤਮਾ ਲਈ) ਹੈ।

(੪੩) ਦੁਖਲਥੁ, ਅਘਖੰਡੁ

ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ ॥ *(ਪੰਨਾ ੫੦)*

ਏਥੇ 'ਭੈ ਭੰਜਨੁ' ਦੇ ਅਰਥ ਹਨ ਭੈ ਨੂੰ ਭੰਨਣ (ਤੋੜਨ) ਹਾਰਾ ਅਤੇ 'ਦੁਖ ਲਥੁ' ਦੇ ਅਰਥ ਹਨ (ਜਨਮ ਮਰਨ ਯਾ ਜਮਾਂ ਦੇ) ਖ਼ਾਸ ਦੁਖੁ ਨੂੰ ਲਾਹੁਣ ਹਾਰਾ (ਦੂਰਿ ਕਰਨ ਹਾਰਾ)। 'ਭੰਜਨੁ' ਅਤੇ 'ਲਥੁ' ਦੋਹਾਂ ਪਦਾਂ ਦੇ ਪਿਛਲੇ ਅੱਖਰਾਂ ਨੂੰ

---

੧. ...੨॥੧੭॥੮੭॥ (ਸਿਰੀਰਾਗੁ ਮ: ੫, ਪੰਨਾ ੪੮)।

ਲਗੇ ਹੋਏ ਔਂਕੜ 'ਹਾਰਾ' ਦੇ ਅਰਥ ਵਾਚਾਉਂਦੇ ਹਨ। ਏਸੇ ਤਰ੍ਹਾਂ :

ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ ॥ *(ਪੰਨਾ ੫੦)*

ਦੀ ਪੰਗਤੀ ਵਿਚਿ 'ਅਘਖੰਡੁ' ਦੇ ਅਰਥ ਹਨ ਅਘਾਂ ਨੂੰ ਖੰਡਣ ਹਾਰਾ। 'ਖੰਡੁ' ਦਾ ਔਂਕੜ 'ਹਾਰਾ' ਦਾ ਅਰਥ ਰਖਦਾ ਹੈ।

(੪੪) ਪੇਈਅੜੈ, ਸਾਹੁਰੜੈ

ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥ *(ਪੰਨਾ ੫੦)*

ਏਸ ਤੁਕ ਵਿਚਿ 'ਪੇਈਅੜੈ' ਅਤੇ 'ਸਾਹੁਰੜੈ' ਦੋਹਾਂ ਦੇ ੜਾੜਿਆਂ ਨੂੰ ਦੁਲਾਈਆਂ 'ਵਿਖੇ' ਦਾ ਅਰਥ ਰਖਦੀਆਂ ਹਨ। "ਸਭਨਾ ਸਾਹੁਰੈ ਵੰਞਣਾ" ਵਿਚਿ ਭੀ 'ਸਾਹੁਰੈ' ਦੇ ਰਾਰੇ ਨੂੰ ਦੁਲਾਈਆਂ 'ਵਿਖੇ' ਦਾ ਅਰਥ ਰਖਦੀਆਂ ਹਨ।

ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ ॥ *(ਪੰਨਾ ੫੧)*

ਗੁਰੂ ਨਾਨਕ ਦੇ ਘਰ ਦੀਆਂ ਸੋਹਾਗਣੀਆਂ ਧੰਨ ਹਨ ਜਿਨ੍ਹਾਂ ਦਾ ਸਹੁ (ਪਤੀ ਪਰਮੇਸਰ) ਨਾਲਿ ਪਿਆਰੁ ਹੈ। ਸੋਹਾਗਣੀ—ਸੁਹਾਗਣੀਆਂ 'ਜਿਨ' ਨੰਨੇ ਮੁਕਤੇ ਨਾਲਿ 'ਜਿਨ੍ਹਾਂ ਦਾ' ਅਰਥ ਵਾਚਕ ਹੈ। 'ਨਾਲਿ' ਸਬੰਧਕੀ ਪਦ ਅਗੇ ਹੋਣ ਕਰਕੇ 'ਸਹੁ' ਦੇ ਹਾਹੇ ਦਾ ਔਂਕੜ ਉਡ ਗਿਆ ਹੈ ਤੇ ਹਾਹਾ ਮੁਕਤਾ ਰਹਿ ਗਿਆ ਹੈ।

(੪੫) ਕਰਣ ਕਾਰਣ, ਕਰਣ ਕਰਾਵਣ, ਕਰਨ ਕਾਰਨ, ਕਰਨ ਕਰਾਵਨ

ਜਿਥੇ ਕਿਥੇ ਏਹ ਜੁੜਤ ਪਦ ਆਉਂਦੇ ਹਨ ਏਹਨਾਂ ਦੇ ਛੇਕੜਲੇ ਅੱਖਰ ਣਾਣੇ ਜਾਂ ਨੰਨੇ ਮੁਕਤੇ ਹੀ ਹੁੰਦੇ ਹਨ। ਔਂਕੜ ਆਦਿ ਕੁਛ ਨਹੀਂ ਏਹਨਾਂ ਨੂੰ ਲਗਦਾ। ਸਾਰੀ ਬਾਣੀ ਅੰਦਰਿ ਹੀ ਏਹੋ ਹਾਲ ਹੈ ਏਹਨਾਂ ਦਾ, ਕੇਹੜਾ ਕੇਹੜਾ ਪਰਮਾਣ ਹੇਠਾਂ ਦਿਤਾ ਜਾਵੇ। ਇਕੋ ਪਰਮਾਣ ਕਾਫੀ ਹੈ। ਯਥਾ :

ਕਰਣ ਕਾਰਣ ਏਕੁ ਓਹੀ ਜਿਨਿ ਕੀਆ ਆਕਾਰੁ ॥ *(ਪੰਨਾ ੫੧)*

ਹੋਰ ਵਧੇਰੇ ਪਰਮਾਣ ਹਨ। ਇਹ ਪਤਾ ਨਹੀਂ ਕਿਸ ਨਿਯਮ ਅਨੁਸਾਰ ਐਸਾ ਹੈ। ਇਸ ਉਪਰਲੀ ਪੰਗਤੀ ਤੋਂ ਅਗਲੀ ਪੰਗਤੀ "ਤਿਸਹਿ ਧਿਆਵਹੁ ਮਨ ਮੇਰੇ ਸਰਬ ਕੋ ਆਧਾਰੁ" ਤਿਸੈ ਨੂੰ ਧਿਆਵਹੁ ਹੇ ਮਨ ਮੇਰੇ ਜੋ ਸਾਰਿਆਂ ਦਾ ਆਧਾਰੁ ਰੂਪੁ ਹੈ।

(੪੬) ਕੋ, ਕਉ

'ਸਰਬ ਕੋ'—ਸਰਬ ਦਾ। 'ਕੋ' ਏਥੇ 'ਦਾ' ਦੇ ਅਰਥ ਦਿੰਦਾ ਹੈ। ਹੋਰ ਭੀ ਕਈ ਥਾਵਾਂ ਤੇ ਏਹੋ ਅਰਥ ਦਿੰਦਾ ਹੈ। ਕਈ ਥਾਵੀਂ 'ਕੋ' ਦੇ ਅਰਥ 'ਲਈ' ਹੁੰਦੇ ਹਨ।

bsrstrust.org

'ਕਉ'—ਊੜੇ ਅੱਖਰ ਨੂੰ ਔਂਕੜ ਨਾਲ 'ਕਉ' ਦੇ ਅਰਥ 'ਨੂੰ' ਦੇ ਹੁੰਦੇ ਹਨ। ਸਦਾ 'ਨੂੰ' ਦੇ ਹੀ ਹੁੰਦੇ ਹਨ। 'ਕੋ' ਦੇ ਸਦਰਸ਼ 'ਦੇ' ਯਾ 'ਲਈ' ਦੇ ਅਰਥ ਕਦੇ ਭੀ 'ਕਉ' ਨਹੀਂ ਦਿੰਦਾ। 'ਕੋ'—'ਨੂੰ' ਦੇ ਅਰਥਾਂ ਵਿਚਿ ਲਿਆ ਜਾਣ ਕਰਕੇ ਅਰਥਾਂ ਦੇ ਅਨਰਥ ਹੋ ਜਾਂਦੇ ਹਨ। ਜੈਸੇ ਕਿ ਸੁਖਮਨੀ ਸਾਹਿਬ ਦੀ ਬਾਣੀ ਦੀ ਨੌਵੀਂ ਅਸਟਪਦੀ ਦੀ ਪੰਜਵੀਂ ਪਉੜੀ ਦੀ ਪਹਿਲੀ ਤੁਕ ਇਉਂ ਹੈ:

ਬੀਜ ਮੰਤ੍ਰੁ ਸਰਬ ਕੋ ਗਿਆਨੁ ॥ *(ਪੰਨਾ ੨੭੪)*

ਇਸ ਦੇ ਅਰਥ ਅਨੇਕਾਂ ਗਿਆਨੀ ਬਹੁਤ ਸਾਰੇ ਅਰਥਾਵਲ ਗਿਆਨੀ, ਤਕਰੀਬਨ ਸਾਰੇ ਦੇ ਸਾਰੇ ਗਿਆਨੀ ਹੀ ਅਰਥ ਕਰਦੇ ਹਨ:

'ਬੀਜ ਮੰਤ੍ਰ ਦਾ ਗਿਆਨੁ ਸੁਤੇ ਹੀ ਸਾਰਿਆਂ ਨੂੰ ਹੋ ਰਿਹਾ ਹੈ।' ਕਈ ਤਾਂ ਮੰਤ੍ਰ ਦਾ ਬੀਜ ਮਾਤਰੀ ਗਿਆਨੁ ਸਾਰਿਆਂ ਨੂੰ ਸੁਤੇ ਸਿਧ ਹੋਇਆ ਹੀ ਦਸਦੇ ਹਨ। ਪਸ਼ੂਆਂ ਪੰਖੀਆਂ ਨੂੰ ਭੀ ਬੀਜ ਮਾਤਰੀ ਗਿਆਨੁ ਹੋਇਆ ਦਸਦੇ ਹਨ। ਗਿਆਨੁ ਹੋਇਆ ਹੋਇਆ ਕੋਈ ਭਾਵ ਮੰਤ੍ਰ ਆਸ਼ਾ ਹੋਇਆ। ਜੇ ਸੁਤੇ ਹੀ ਸਾਰਿਆਂ ਨੂੰ ਗਿਆਨੁ ਹੈ ਤਾਂ ਗੁਰੂ ਸਤਿਗੁਰੂ ਨਾਨਕ ਦੇਵ ਜੀ ਪਾਸੋਂ ਗੁਰ ਮੰਤ੍ਰ ਲੈਣ ਦੀ ਲੋੜ ਹੀ ਨਾ ਰਹੀ। ਘੋੜਿਆਂ, ਡੰਗਰਾਂ, ਪਸ਼ੂਆਂ ਨੂੰ ਭੀ ਬੀਜ ਮਾਤ੍ਰੀ ਗਿਆਨੁ ਹੋਇਆ ਦਸਿਆ ਜਾਂਦਾ ਹੈ ਅਤੇ ਤਿਸ ਗਿਆਨ ਅਰਥਾਵੀ ਪਰਮਾਣ ਵਿਚਿ ਉਪਰਿ ਲਿਖੀ ਤੁਕ ਹੀ ਓਹ ਘਟਾ ਦਿੰਦੇ ਹਨ। ਪਰ ਇਹ ਨਿਰੀ ਮੂਰਖਤਾ ਅਤੇ ਅਨਰਥ ਭਰੀ ਅਗਿਆਨਤਾ ਹੈ। ਇਸ ਉਪਰਲੀ ਪਰਮਾਣ ਪੰਗਤੀ ਅੰਦਰਿ 'ਕੋ' ਪਦ ਕੱਕੇ ਨੂੰ ਹੋੜੇ ਨਾਲਿ ਹੈ। ਊੜੇ ਨਾਲਿ ਜੋ 'ਕਉ' ਪਦ ਹੈ, ਜੇ 'ਕਉ' ਪਦ ਏਥੇ ਹੁੰਦਾ ਤਾਂ ਉਹਨਾਂ ਸਮੂਹ ਗਿਆਨੀਆਂ ਵਾਲੇ ਅਰਥ ਬਣ ਜਾਂਦੇ ਕਿ ਬੀਜ ਮੰਤ੍ਰ ਦਾ ਗਿਆਨ ਸਾਰਿਆਂ ਨੂੰ ਹੈ। ਪਰ ਏਥੇ ਹੈ 'ਕੋ' ਪਦੁ ਜਿਸ ਦੇ ਅਰਥ ਹਨ 'ਲਈ' ਦੇ ਨਾ ਕਿ 'ਨੂੰ' ਦੇ। ਤਾਂ ਤੇ ਸਾਰੀ ਤੁਕ ਦਾ ਤੱਤ ਅਰਥੀ ਭਾਵ ਹੋਇਆ—ਬੀਜ ਮੰਤ੍ਰ ਮਈ (ਗੁਰਮਤਿ) ਗਿਆਨ (ਦਾ ਅਧਿਕਾਰ) ਸਾਰਿਆਂ (ਮਨੁੱਖਾਂ) ਲਈ ਹੈ। ਕਿਸੇ ਲਈ ਖ਼ਾਸ ਰੀਜ਼ਰਵ ਨਹੀਂ ਰਖਿਆ ਇਹੁ ਅਧਿਕਾਰੁ। ਜੈਸਾ ਕਿ ਹਿੰਦਵੈਣੀ ਆਨਮਤੀ ਆਖਦੇ ਹਨ ਕਿ 'ਗਾਇਤ੍ਰੀ ਮੰਤ੍ਰ' ਅਤੇ 'ਵੇਦਾਂ' ਦੇ ਪੜ੍ਹਨ ਦਾ ਅਧਿਕਾਰ ਕੇਵਲ ਬ੍ਰਾਹਮਣਾਂ ਨੂੰ ਹੈ। ਵੈਸ਼, ਸ਼ੂਦਰ ਆਦਿਕ ਵਰਨਾਂ ਲਈ ਇਹ ਅਧਿਕਾਰ ਨਹੀਂ। ਇਸ ਤੋਂ ਉਲਟ ਗੁਰਮਤਿ ਅੰਦਰ ਇਹ ਵਿਸ਼ੇਸ਼ਤਾ (ਵਿਲੱਖਣਤਾ) ਹੈ ਕਿ ਗੁਰਮਤਿ ਨਾਮੁ, ਗੁਰਮੰਤ੍ਰ, ਬੀਜ ਮੰਤ੍ਰ ਦੇ ਗਿਆਨ ਪ੍ਰਾਪਤੀ ਦਾ ਅਧਿਕਾਰ ਸਾਰੇ ਵਰਨਾਂ ਲਈ ਹੀ ਇਕ ਸਾਰ ਹੈ। ਅਗਲੀ ਤੁਕ ਇਸ ਭਾਵ ਨੂੰ ਹੋਰ ਭੀ ਪ੍ਰੌੜ੍ਹਤਾ ਪੂਰਬਕ ਸਪਸ਼ਟ ਕਰਦੀ ਹੈ:

ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥ *(ਪੰਨਾ ੨੭੪)*

ਭਾਵ, ਚੌਹਾਂ ਵਰਨਾਂ ਵਿਚੋਂ ਭਾਵੇਂ ਕੋਈ ਵਰਨ, ਭਾਵੇਂ ਕਿਸੇ ਵਰਨ ਜਾਤੀ ਦਾ ਕੋਈ ਆਦਮੀ ਨਾਮ ਜਪੇ, ਜਪ ਸਕਦਾ ਹੈ। ਸਭ ਦਾ ਅਧਿਕਾਰ ਹੈ ਨਾਮ ਜਪਣ ਦਾ ਕਿਉਂਕਿ ਬੀਜ ਮੰਤ੍ਰ ਰੂਪੀ ਗਿਆਨ ਪ੍ਰਾਪਤੀ ਦਾ ਅਧਿਕਾਰ 'ਸਰਬ ਕੋ' ਹੈ ਸਾਰਿਆਂ ਲਈ ਸਾਂਝਾ ਹੈ। 'ਸਰਬ ਕੋ ਗਿਆਨੁ' ਇਕੱਠਾ ਪੜ੍ਹ ਕੇ ਅਗਿਆਨੀ ਲੋਗ, ਤੇ

bsrstrust.org

ਅਰਥਾਵਲੀ ਗਿਆਨੀ ਅਰਥਾਂ ਦੇ ਅਨਰਥ ਕਰ ਦਿੰਦੇ ਹਨ ਕਿ ਸਾਰਿਆਂ ਨੂੰ ਹੀ ਗਿਆਨ ਹੈ। ਹੋੜੇ ਨਾਲਿ 'ਕੋ' ਤੱਤ ਅਰਥਾਂ ਦਾ ਫ਼ੈਸਲਾ ਕਰ ਦਿੰਦਾ ਹੈ ਕਿ 'ਬੀਜ ਮੰਤ੍ਰ ਰੂਪੀ 'ਗਿਆਨੁ' ਸਾਰਿਆਂ ਲਈ (ਸਰਬ ਕੋ) ਹੈ। ਮਨੁੱਖ ਮਾਤ੍ਰ ਲਈ ਹੈ ਭਾਵੇਂ ਕਿਸੇ ਜਾਤੀ ਦਾ ਚੌਹਾਂ ਵਰਨਾਂ ਵਿਚੋਂ ਕਿਸੇ ਵਰਨ ਵਾਲਾ ਮਨੁੱਖ ਨਾਮੁ ਨੂੰ ਜਪ ਲਵੇ ਸਭ ਦਾ ਅਧਿਕਾਰ ਸਾਂਝਾ ਹੈ। ਬਸ ਸਪਸ਼ਟ ਹੋ ਗਏ ਅਸਲ ਅਰਥ। ਕੋਈ ਵਿੰਗ ਵਲ ਹੀ ਨਾ ਰਿਹਾ। ਤਾਂ ਤੇ ਲਗ ਮਾਤ੍ਰ ਦਾ ਤੱਤ ਵੀਚਾਰ ਹੀ ਬਾਣੀ ਦੇ ਤੱਤ ਅਰਥਾਂ ਦੀ ਕੁੰਜੀ ਹੈ। ਏਸੇ ਕਰਕੇ ਹੀ 'ਕਉ' ਅਤੇ 'ਕੋ' ਪਦ ਗੁਰਬਾਣੀ ਅੰਦਰਿ ਆਪੋ ਆਪਣੀ ਥਾਈਂ ਆਪੋ ਆਪਣੇ ਨਿਜ ਅਰਥਾਂ ਦੇ ਦਰਸਾਇਕ ਵਰਤੇ ਗਏ ਹਨ। ਦੂਜੇ ਅਰਥ ਬਣ ਹੀ ਨਹੀਂ ਸਕਦੇ। ਅੱਖਰੀ ਲਗਾਂਮਾਤ੍ਰਾਂ ਦੇ ਉਚਰਾਉਣ ਵਿਚਿ ਘਾਲਾ ਮਾਲਾ ਕਰਨ ਕਰਕੇ ਅਰਥਾਂ ਵਿਚ ਗੜ ਬੜ ਆਪੇ ਪੈ ਜਾਣੀ ਹੋਈ। ਤਾਂ ਤੇ ਸ਼ੁਧ ਪਾਠ ਓਹੀ ਹੈ ਜੋ ਲਗਾਂਮਾਤ੍ਰਾਂ ਦੀ ਸ਼ੁਧਤਾਈ ਸਹਿਤ ਉਚਾਰਿਆ (ਵਾਚਿਆ, ਪੜ੍ਹਿਆ) ਜਾਵੇ। ਲਗਾਂਮਾਤ੍ਰਾਂ ਦੀ ਅਸ਼ੁਧਤਾਈ ਅਰਥਾਂ ਨੂੰ ਭੀ ਅਸ਼ੁਧ ਕਰ ਦਿੰਦੀ ਹੈ।

ਦੁਖੁ ਕਲੇਸੁ ਨ ਭਉ ਬਿਆਪੈ ਗੁਰਮੰਤ੍ਰੁ ਹਿਰਦੈ ਹੋਇ॥
ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ॥ *(ਪੰਨਾ ੫੧)*

ਵਾਲੀ ਦੁਪੰਗਤੀ ਸਾਫ਼ ਦਸਦੀ ਹੈ ਕਿ ਜਿਸ ਪ੍ਰਾਣੀ ਦੇ ਹਿਰਦੇ ਅੰਦਰਿ ਗੁਰਮੰਤ੍ਰ ਵਸਿਆ ਹੁੰਦਾ ਹੈ ਤਿਸ ਨੂੰ, ਹਾਂ ਜੀ ਤਿਸੇ ਨੂੰ ਨਾ ਕੋਈ ਦੁਖੁ ਵਿਆਪਦਾ ਹੈ ਨਾ ਕਲੇਸ਼ ਵਿਆਪਦਾ ਹੈ, ਨਾ ਭਉ ਵਿਆਪਦਾ ਹੈ। ਖ਼ਾਸ ਕਰਿ ਜਨਮ ਮਰਨ ਦੇ ਫੇਰ ਵਾਲਾ ਦੁਖੁ, ਦੁਫੇੜ, ਦੁਬਿਧਾ ਵਾਲਾ ਮਾਇਆਵੀ ਪੁਆੜਿਆਂ ਵਾਲਾ ਕਲੇਸ਼, ਕਲਹ ਰੂਪੀ ਕਲੇਸ਼, ਨਾ ਹੀ ਜਮਦੂਤਾਂ ਦਾ ਭਉ ਵਿਆਪਦਾ ਹੈ। ਪਰ ਇਹ ਗੁਰਮੰਤ੍ਰ ਕੇਵਲ ਗੁਰੂ ਦੁਆਰਿਓਂ ਪ੍ਰਾਪਤਿ ਹੁੰਦਾ ਹੈ। ਗੁਰੂ ਦੁਆਰਿਓਂ ਗੁਰ ਦੀਖਿਆ ਗੁਰਮੰਤ੍ਰ ਲੈ ਕੇ ਸਗੁਰੇ ਗੁਰਮੁਖ ਜਨਾਂ ਦਾ ਨਿਸਤਾਰਾ ਹੁੰਦਾ ਹੈ। ਨਿਸਤਾਰਾ ਹੋਣਾ ਸੰਭਵ ਹੈ ਤਾਂ ਸਿਰਫ਼ ਗੁਰਮੰਤ੍ਰੜਾ ਉਚਾਰਨ ਹਾਰੇ ਗੁਰਮੁਖਾਂ ਗੁਰਮੰਤ੍ਰ ਦਾ ਅਭਿਆਸ ਕਮਾਈ ਕਰਨ ਹਾਰੇ ਗੁਰਮੁਖਾਂ ਦਾ ਹੀ ਹੈ। ਗੁਰਮੰਤ੍ਰ ਹੀਣਸ ਨਿਗੁਰਿਆਂ ਦਾ ਨਿਸਤਾਰਾ ਕਦੇ ਨਹੀਂ ਹੁੰਦਾ, ਹੋ ਹੀ ਨਹੀਂ ਸਕਦਾ। ਕਿਉਂਕਿ ਦੂਜੀ ਪੰਗਤੀ ਦਸਦੀ ਹੈ 'ਗੁਰ ਬਿਨੁ ਤਰਿਓ ਨ ਕੋਇ'। ਭਾਵ ਗੁਰੂ ਬਿਨਾਂ, ਗੁਰੂ ਤੋਂ ਗੁਰ ਮੰਤ੍ਰ ਦੀਖਿਆ ਲਏ ਬਿਨਾਂ ਕੋਈ ਨਹੀਂ ਤਰ ਸਕਦਾ (ਭਵਸਾਗਰ ਤੋਂ), ਭਾਵੇਂ ਕੋਈ 'ਕੋਟਿ ਜਤਨਾ ਕਰਿ ਰਹੇ' ਕ੍ਰੋੜਾਂ ਆਪ-ਹੁਦਰੇ ਜਤਨ ਕਰਿ ਕਰਿ ਕੇ ਕੋਈ ਥੱਕ ਰਹੇ, ਗੁਰੂ ਬਿਨਾਂ ਨਿਸਤਾਰਾ ਕਿਸੇ ਦਾ ਭੀ ਨਹੀਂ ਹੋ ਸਕਦਾ। ਗੁਰਮੰਤ੍ਰ ਗੁਰੂ ਤੋਂ ਹੀ ਮਿਲਦਾ ਹੈ। ਗੁਰੂ ਭੀ ਸੱਚੇ ਗੁਰੂ ਨਾਨਕ ਸਰੂਪੇ ਗੁਰੂ ਤੋਂ 'ਸਤਿਗੁਰ ਬਾਝਹੁ ਗੁਰੁ ਨਹੀ ਕੋਈ' ਸੱਚੇ ਧੁਰੋਂ ਪਠਾਏ ਸਤਿਗੁਰੂ ਨਾਨਕ ਬਾਝਹੁੰ ਹੋਰ ਕੋਈ ਸੱਚਾ ਗੁਰੂ ਨਹੀਂ। ਸਭੋ ਆਪੋ ਬਣ ਬੈਠੇ ਦੇਹ ਧਾਰੀ ਅਲਪੱਗ ਝੂਠੇ ਗੁਰੂ ਹਨ। ਸਤਿਗੁਰੂ ਗੁਰੂ ਨਾਨਕ ਦੇ ਘਰੋਂ (ਗੁਰੂ ਘਰੋਂ) ਗੁਰ ਦੀਖਿਆ ਗੁਰਮੰਤ੍ਰ ਦੀ ਪ੍ਰਾਪਤੀ ਗੁਰੂ ਦੁਆਰਿਓਂ ਹੁੰਦੀ ਹੈ ਅਤੇ ਗੁਰਮੰਤ੍ਰੀ ਬੀਜ ਮੰਤ੍ਰ ਬਿਨਾਂ ਤੱਤ ਗਿਆਨੁ ਪ੍ਰਾਪਤਿ ਨਹੀਂ ਹੋ ਸਕਦਾ। ਤਾਂ ਤੇ ਇਹ ਕਹਿਣਾ ਮਹਾਂ ਮਹਾਂ ਹਤਿਆਰਾ ਅਨਰਥ ਹੈ ਕਿ ਆਪੋਂ ਹੀ ਬੀਜ ਮੰਤ੍ਰ ਕਰਕੇ ਹਰੇਕ ਨੂੰ ਗੁਰਮੰਤ੍ਰ ਦਾ ਗਿਆਨ ਪ੍ਰਾਪਤਿ ਹੈ। ਇਹ ਉੱਕਾ ਹੀ ਗ਼ਲਤ ਹੈ।

bsrstrust.org

ਸਾਕਤਾਂ ਨਿਗੁਰਿਆਂ ਨੂੰ ਮੁਤਲਕਨ ਗਿਆਨੁ (ਗੁਰਮਤਿ ਗਿਆਨ) ਪ੍ਰਾਪਤਿ ਹੋ ਹੀ ਨਹੀਂ ਸਕਦਾ।

(੪੭) ਸੰਚਿ, ਪੂਜਿ, ਛੋਡਿ, ਸਿਮਰਿ, ਜਪਿ

'ਸੰਚਿ' ਹਰਿ ਧਨੁ 'ਪੂਜਿ' ਸਤਿਗੁਰੁ 'ਛੋਡਿ' ਸਗਲ ਵਿਕਾਰ ॥
ਜਿਨਿ ਤੂੰ ਸਾਜਿ ਸਵਾਰਿਆ ਹਰਿ 'ਸਿਮਰਿ' ਹੋਇ ਉਧਾਰੁ ॥੧॥
'ਜਪਿ' ਮਨ ਨਾਮੁ ਏਕੁ ਅਪਾਰੁ ॥
ਪ੍ਰਾਨ ਮਨੁ ਤਨੁ ਜਿਨਹਿ ਦੀਆ ਰਿਦੇ ਕਾ ਆਧਾਰੁ ॥੧॥ਰਹਾਉ॥੨੫॥੯੫॥

(ਸਿਰੀਰਾਗੁ ਮ: ੫, ਪੰਨਾ ੫੧)

ਇਸ ਗੁਰ ਵਾਕ ਅੰਦਰਿ ਕਾਮਿਆਂ ਵਿਚ ਦਿਤੇ ਪਦ 'ਸੰਚਿ, ਪੂਜਿ, ਛੋਡਿ, ਸਿਮਰਿ, ਜਪਿ' ਸਾਰੇ ਹੁਕਮੀ ਹਦਾਇਤੀ ਕਿਰਿਆਵਾਂ (imperative mood verbs) ਹਨ ਅਤੇ ਸਾਰਿਆਂ ਦੇ ਪਿਛਲੇ ਅੱਖਰ ਨੂੰ ਸਿਹਾਰੀ ਹੈ। ਇਸ ਤੋਂ ਸਿਧ ਹੋਇਆ ਕਿ ਗੁਰਬਾਣੀ ਅੰਦਰਿ ਇਸ ਪ੍ਰਕਾਰ ਦੇ ਕਿਰਿਆਵੀ ਹੁਕਮ ਪਦਾਂ ਦੇ ਅਖ਼ੀਰਲੇ ਅੱਖਰਾਂ ਨੂੰ ਅਕਸਰ ਸਿਹਾਰੀਆਂ ਹੀ ਹੁੰਦੀਆਂ ਹਨ। ਔਂਕੜ ਵਿਰਲਿਆਂ ਨੂੰ ਹੀ ਹੁੰਦੇ ਹਨ। ਖ਼ਾਸ ਕਰਿ ਜੇਹੜੇ ਸਿਹਾਰੀ ਵਾਲੇ ਪਦ ਹੁੰਦੇ ਹਨ ਓਹ ਔਂਕੜ ਨਾਲ ਕਦੇ ਨਹੀਂ ਆਉਂਦੇ। ਖ਼ਾਸ ਕਰਿ 'ਜਪਿ' 'ਸਿਮਰਿ' ਤਾਂ 'ਜਪੁ' 'ਸਿਮਰੁ' ਦੀ ਸ਼ਕਲ ਵਿਚ ਕਦੇ ਨਹੀਂ ਆਉਂਦੇ। 'ਜਪਹੁ' 'ਸਿਮਰਹੁ' ਤਾਂ ਆਉਣਗੇ ਪਰ 'ਜਪਹੁ', 'ਸਿਮਰਹੁ' ਦਾ ਭਾਵ ਅਰਥ ਦਰਸਾਉਂਦੇ ਹੋਏ 'ਜਪੁ', 'ਸਿਮਰੁ' ਕਦੇ ਨਹੀਂ ਆਉਣਗੇ, 'ਜਪਿ' 'ਸਿਮਰਿ' ਆਉਣਗੇ ਇਹ ਪੱਕਾ ਨਿਯਮ ਸਿੱਧ ਹੈ।

ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥ *(ਪੰਨਾ ੫੧)*

ਇਸ ਪੰਗਤੀ ਅੰਦਰਿ 'ਭਰੋਸੈ' ਦਾ ਭਾਵ 'ਭਰੋਸੇ ਤੋਂ' ਹੈ। ਦੂਜੀ ਲਾਂਵ 'ਤੇ' ਦਾ ਅਰਥ ਦਿੰਦੀ ਹੈ। 'ਭਰੋਸੈ' ਦੇ ਸੱਸੇ ਨੂੰ ਦੁਲਾਈਆਂ ਲਗਣ ਕਰਕੇ 'ਤੇਰੈ' ਦੇ ਰਾਰੇ ਨੂੰ ਭੀ ਦੁਲਾਈਆਂ ਹੀ ਲਗ ਗਈਆਂ।

ਗੁਰਬਾਣੀ ਅੰਦਰਿ ਲਗਾਂਮਾਤ੍ਰਾਂ ਦੀ ਜੁੜਤ ਸੰਦੀ ਅਗਾਧ ਬਣਤਰ ਹੈ ਇਕੋ ਭਾਵ ਦੇ ਅਰਥ ਅਨੇਕ ਪ੍ਰਕਾਰੀ ਲਗਮਾਤ੍ਰੀ ਜੜਤ (ਵਰਤੋਂ) ਤੋਂ ਸਿੱਧ ਹੋ ਜਾਂਦੇ ਹਨ ਅਤੇ ਅਨੇਕਾਂ ਥਾਈਂ ਅਰਥ ਇਕ ਪ੍ਰਕਾਰੀ ਲਗਮਾਤ੍ਰੀ ਜੜਤ (ਵਰਤੋਂ) ਤੋਂ ਹੀ ਪ੍ਰਾਪਤਿ ਹੁੰਦੇ ਹਨ। ਜੈਸੇ :

(੪੮) ਸਿਰਿ, ਸਿਰਾਹੁ

"ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ"[1] ਪੰਗਤੀ ਵਿਚਿ 'ਸਿਰਾਹੁ'

---

੧. ਸਿਰੀਰਾਗੁ ਮ: ੧, ਪੰਨਾ ੫੫.

bsrstrust.org

ਦੇ ਅਰਥ 'ਸਿਰ ਤੋਂ' ਹਨ ਤੈਸੇ ਹੀ "ਭਾਈ ਰੇ ਇਉ ਸਿਰਿ ਜਾਣਹੁ ਕਾਲੁ"[1] ਦੀ ਪੰਗਤੀ ਅੰਦਰਿ 'ਸਿਰਿ' ਦੇ ਅਰਥ 'ਸਿਰ ਤੇ' ਦੇ ਹਨ। ਨਹੀਂ ਤਾਂ ਸਿਹਾਰੀ ਅਕਸਰ 'ਵਿਖੇ' 'ਦੁਆਰਾ' 'ਕਰਕੇ' 'ਨਾਲਿ' ਦੇ ਹੀ ਅਰਥ ਦਿੰਦੀ ਹੈ। ਏਥੇ 'ਤੇ' 'ਉਤੇ' ਦੇ ਅਰਥ ਦੇ ਰਹੀ ਹੈ। 'ਸਿਰਾਹੁ' ਪਦ ਅੰਦਰਿ 'ਸਿਰ' ਦੇ ਅਗੇ ਕੰਨਾ ਹਾਹਾ ਲਾ ਕੇ 'ਉਤੋਂ', 'ਉਪਰੋਂ' ਦੇ ਅਰਥ ਸਿਧ ਹੋ ਜਾਂਦੇ ਹਨ। "ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ॥"[1] ਪੰਗਤੀ ਅੰਦਰਿ 'ਬਿਨੁ ਨਾਵੈ'—ਨਾਮ ਤੋਂ ਬਿਨਾਂ ਅਰਥ ਬਣਦੇ ਹਨ ਅਤੇ 'ਨਾਵੈ' ਦੇ ਵਾਵੇ ਨੂੰ ਦੁਲਾਈਆਂ 'ਤੋਂ' ਦਾ ਅਰਥ ਦਿੰਦੀਆਂ ਹਨ। ਪਰ "ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ"[1] ਪੰਗਤੀ ਅੰਦਰਿ 'ਨਾਵੈ ਅੰਦਰਿ'—ਨਾਮ ਦੇ ਅੰਦਰਿ ਹੈ ਅਤੇ 'ਨਾਵੈ' ਦੇ ਦੱਦੇ ਦੀਆਂ ਦੁਲਾਈਆਂ 'ਦੇ' ਦਾ ਅਰਥ ਰਖਦੀਆਂ ਹਨ ਅਤੇ ਉਪਰਲੀ ਤੁਕ ਦੇ ਵਾਸਤਵ ਪਰਮਾਰਥੀ ਅਰਥ ਬੜੇ ਹੀ ਅਦਭੁਤ ਹਨ। ਉਹ ਇਉਂ—ਨਾਮ ਅਭਿਆਸ ਦੀਆਂ ਨਾਮ ਕਮਾਈਆਂ ਦੁਆਰਾ ਜਦੋਂ ਨਾਮ ਦੀਆਂ ਕਮਾਈਆਂ ਕਰਦਾ ਕਰਦਾ ਪਰਤੱਖ ਇਹ ਦੇਖਦਾ ਹੈ ਕਿ ਨਾਮ ਦੇ ਮਨ ਅੰਦਰਿ ਵਸਣ ਰਸਣ ਧਸਣ ਕਰ ਕੇ ਨਾਮ ਦੀ ਜੋਤਿ ਅੰਤਰਿ ਆਤਮੇ ਪਰਜੁਲਤ ਹੋ ਗਈ ਤਾਂ ਉਹ ਕੀ ਸਾਖਸ਼ਾਤ ਕਰਦਾ ਹੈ ਕਿ ਇਸ ਜੋਤਿ ਪਰਜੁਲਤੀ ਨਾਮ ਦੇ ਪਰਕਾਸ਼ ਅੰਦਰਿ ਮੈਂ ਵਸਿ ਰਿਹਾ ਹਾਂ। "ਨਾਵੈ ਅੰਦਰਿ ਹਉ ਵਸਾਂ" ਦੇ ਤੱਤ ਸਾਰ ਪਰਤਾਪੀ ਅਰਥਾਂ ਦਾ ਇਉਂ ਇੰਕਸ਼ਾਫ਼ ਹੁੰਦਾ ਹੈ। ਨਾਮ ਦੀ ਜੋਤਿ ਵਿਗਾਸੀ ਕਿਰਣ ਪਸਰਾਉ ਦੀ ਸੂਝ ਬੂਝ ਕੇਵਲ ਨਾਮ ਅਭਿਆਸ ਕਮਾਈਆਂ ਕਰਨ ਹਾਰੇ ਗੁਰਮੁਖਿ ਜਨ ਨੂੰ ਹੀ ਉਦੀਪਤ ਹੁੰਦੀ ਹੈ। ਇਉਂ ਕਹੋ ਕਿ ਅਸਲ ਵਿਚਿ ਤੱਤ ਅਰਥਾਂ ਦਾ ਉਘਾੜ ਹੀ ਕਮਾਈਆਂ ਵਾਲੀ ਸੁਰਤੀ ਬਿਰਤੀ ਨੂੰ ਹੁੰਦਾ ਹੈ। ਜਿਸ ਬਿਰਤੀ ਸੁਰਤੀ ਵਿਚਿ ਰੰਗੀਜ ਕੇ ਸ੍ਰੀ ਗੁਰੂ ਸਾਹਿਬਾਨ ਨੇ ਬਾਣੀ ਉਚਾਰਨ ਕੀਤੀ ਹੈ ਉਹ ਬਿਰਤੀ ਸੁਰਤੀ ਵਾਲੀ ਕਥਾ ਤਾਂ ਅਗਾਧ ਬੋਧ ਹੈ, ਪ੍ਰੰਤੂ ਜੋ ਕਲਾ ਸਤਿਗੁਰੂ ਨੇ ਗੁਰਮੁਖਿ ਅਭਿਆਸੀ ਜਨਾਂ ਨੂੰ ਪ੍ਰਗਟਾਈ ਦਰਸਾਈ ਹੈ ਉਸ ਤੋਂ ਬਿਨਾਂ ਤੱਤ ਅਰਥਾਂ ਦੀ ਤਹਿ ਵਿਚਿ ਚੁੱਭੀ ਮਾਰਨਾ ਅਤਯੰਤ ਕਠਨ ਹੈ। ਬਨਾਵਟੀ ਮਨ ਦੀ ਖੋਜ, ਦਿਮਾਗ਼ੀ ਸੋਚ ਦੁਆਰਾ ਗੁਰਬਾਣੀ ਦੀ ਕਿਸੇ ਭੀ ਪੰਗਤੀ ਦਾ ਅਰਥ ਅਸਲੀ ਤੱਤ ਕਲਾ ਵਿਚਿ ਸਫੁਰਨ ਹੀ ਨਹੀਂ ਹੋ ਸਕਦਾ।

ਸੱਚ ਮੁੱਚ "ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ"[1] ਸ਼ਬਦੀਆਂ ਦੀ ਸ਼ਬਦ ਕਮਾਈ ਬਿਨਾਂ ਬੂਝ ਨਹੀਂ ਪੈਂਦੀ। ਇਉਂ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਜਦੋਂ ਜੋਤਿ ਦਾ ਪਰਕਾਸ਼ ਅੰਤਰਿ ਆਤਮੇ ਹੋਇ ਆਉਂਦਾ ਹੈ ਤਦੋਂ ਹੀ ਵਾਹਿਗੁਰੂ ਦੇ ਸੱਚੇ ਸਰੂਪ ਵਿਚਿ ਲਿਵ ਲਗਦੀ ਹੈ। ਯਥਾ :

ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ॥ *(ਪੰਨਾ ੫੫)*

"ਹੁਕਮੀ ਕਾਲੈ ਵਸਿ ਹੈ" ਦੀ ਅਧ ਪੰਗਤੀ ਅੰਦਰਿ 'ਕਾਲੈ' ਨੂੰ ਦੁਲਾਈਆਂ 'ਦੇ' ਦਾ ਅਰਥ ਰਖਦੀਆਂ ਹਨ। 'ਕਾਲੈ ਵਸਿ ਹੈ' ਤੋਂ ਭਾਵ ਕਾਲ ਦੇ ਵਸਿ ਹੈ।

---

੧. ਸਿਰੀਰਾਗੁ ਮ: ੧, ਪੰਨਾ ੫੫.

bsrstrust.org

"ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ"[1] ਏਥੇ 'ਜਲਿ' ਦੇ ਲੱਲੇ ਨੂੰ ਸਿਹਾਰੀ ਹੋਣ ਕਰਕੇ 'ਥੋੜੈ' ਦੇ ੜਾੜੇ ਨੂੰ ਦੂਜੀ ਲਾਂਵ ਲਗੀ। ਥੋੜੇ ਜਲ ਵਿਚਿ ਮਛਲੀ ਜਿਵੇਂ ਤਲਮਲਾਉਂਦੀ ਹੈ। 'ਕਰੇਇ' ਦੇ ਈੜੀ ਅੱਖਰ ਨੂੰ ਲਗੀ ਹੋਈ ਸਿਹਾਰੀ ਈੜੀ ਅਤੇ ਸਿਹਾਰੀ ਸਣੇ—'ਕਰਦੀ ਹੈ' ਦੇ ਅਰਥ ਰਖਦੀ ਹੈ। 'ਕਰਣ ਪਲਾਵ' ਤਰਲੇ ਪੁਕਾਰ ਕਰਦੀ ਹੈ ਭਾਵ ਤਲਮਲਾਉਂਦੀ ਹੈ। ਜਿਵੇਂ ਇਸ ਤੋਂ ਪਹਿਲੀ ਤੁਕ। "ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ"[1] ਜਿਵੇਂ ਪਿਰ ਦੇ ਪਰਦੇਸੀ (ਦੁਰੇਡੇ) ਹੋਣ ਕਰ ਕੇ ਪਰਦੇਸਣ ਛੁਟੜ ਇਸਤ੍ਰੀ (ਧਨ) ਝੂਰਦੀ ਹੈ। 'ਝੂਰਇ'—ਝੂਰਦੀ ਹੈ।

(੪੯) ਧਨ, ਧਨੁ, ਧੰਨੁ

ਨੰਨੇ ਮੁਕਤੇ ਨਾਲਿ 'ਧਨ' ਦੇ ਅਰਥ ਇਸਤ੍ਰੀ ਹਨ, ਔਂਕੜ ਨਾਲ 'ਧਨੁ' ਦੇ ਅਰਥ ਮਾਲ ਦੌਲਤ ਹਨ ਅਤੇ ਧੱਧੇ ਨੂੰ ਟਿੱਪੀ ਤੇ ਨੰਨੇ ਨੂੰ ਔਂਕੜ 'ਧੰਨੁ' ਧੰਨਤਾ ਯੋਗ ਦੇ ਅਰਥ ਹੀ ਦਿੰਦਾ ਹੈ। 'ਥੀਐ' ਥੀਂਦਾ ਹੈ। ਏਥੇ ਐੜੇ ਨੂੰ ਦੁਲਾਈਆਂ ਵਰਤਮਾਨ ਕਾਲ (present tense) ਕਿਰਿਆ ਵਿਚਿ ਵਰਤਿਆ ਗਿਆ ਹੈ।

ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ॥ *(ਪੰਨਾ ੫੬)*

ਏਥੇ 'ਪਿਰ' ਦੇ ਰਾਰੇ ਨਾਲੋਂ ਔਂਕੜ ਤਾਂ ਉਡ ਗਿਆ ਕਿਉਂਕਿ 'ਪਿਰ' ਦੇ ਨਾਲ 'ਨੂੰ' ਦਾ ਸਬੰਧਕੀ ਪਦ ਮਹਿਜ਼ੂਫ (ਲੁਪਤ) ਹੈ—ਪਿਰ ਨੂੰ ਭਾਵੈ। 'ਪਾਈਐ'—ਪਾਈਦਾ ਹੈ।

ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ॥
ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ॥ *(ਪੰਨਾ ੫੬)*

ਭਾਵ, ਆਪਣੇ ਪਿਰ ਪ੍ਰੀਤਮੁ ਵਾਹਿਗੁਰੂ ਨੂੰ ਮੈਂ ਸਾਲਾਹੁੰਦੀ ਹਾਂ ਆਪਣੀਆਂ ਸਿਖ ਸਖਾ ਸਹੇਲੀਆਂ ਨਾਲਿ ਰਲਕੇ ਤਾਂ ਇਸ ਸਿਮਰਨ (ਸਾਲਾਹੁਣ) ਦੀ ਪਾਰਸ ਕਲਾ ਦੀ ਬਰਕਤ ਸੇਤੀ ਮੇਰੇ ਤਨ (ਸਰੀਰ) ਅੰਦਰਿ (ਸੋਹਣਾ ਪ੍ਰੀਤਮੁ ਪਿਰੀਆ ਵਾਹਿਗੁਰੂ) ਜੋਤਿ ਜਲਵਨੀ ਸੁਹੱਪਣ ਵਿਚਿ ਸੁਭਾਇਮਾਨ ਹੋਇ ਗਿਆ। ਜਲਵਾਗਰ ਹੋ ਕੇ ਇਹ ਪਿਆ ਦਗ ਦਗ ਜਗ-ਮਗ ਕਰਨ ਲਗ ਪਿਆ ਜੋਤਿ ਪ੍ਰਕਾਸ਼ ਦੀ ਝਲਕ ਨਾਲਿ। ਇਹ ਬਿਸਮ ਬਿਸਮਨੀ ਝਲਕ ਦੇਖ ਕੇ ਮੇਰਾ ਮਨੁ ਮੋਹਿਆ ਗਿਆ। ਜਿਸ ਜਲਵੇ ਨੂੰ ਦੇਖ ਕੇ (ਨਿਹਾਰ ਕੇ) ਮੈਂ ਪਿਰ ਪ੍ਰੀਤਮ ਦੇ ਜੋਤਿ ਆਤਮੀ ਪਰਮਾਤਮੀ ਰੰਗਾਂ ਵਿਚ ਰੱਤੀ ਗਈ। 'ਸਾਲਾਹੀ' ਦੇ ਛੇਕੜਲੇ ਅੱਖਰ ਹਾਹੇ ਦੀ ਬਿਹਾਰੀ ਤੇ ਬਿੰਦੇ ਨਾਲਿ ਆਉਂਦਾ ਹੈ ਤਾਂ 'ਸਾਲਾਹੀ' ਪਦ 'ਮੈਂ ਸਾਲਾਹੁੰਦੀ ਹਾਂ' ਦਾ ਅਰਥ ਅਰਥਾਉਂਦਾ ਹੈ। ਅਗਲੀ ਪੰਗਤੀ :

ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ॥ *(ਪੰਨਾ ੫੬)*

---

੧. ਸਿਰੀਰਾਗੁ ਮ: ੧, ਪੰਨਾ ੫੬.

ਦਾ ਤੱਤ ਭਾਵ ਸ਼ਬਦ (ਗੁਰਮੰਤ੍ਰ) ਦੀ ਅਥਾਹ ਅਭਿਆਸ ਕਮਾਈ ਕਰਾਮਾਤੀ ਕਲਾ ਦੁਆਰਾ ਜੋਤਿ ਜਗੰਨੀ ਹੋ ਕੇ ਜੋ ਜਗਿਆਸੂ ਇਸਤ੍ਰੀ ਸੰਵਾਰੀ ਸੀਂਗਾਰੀ ਗਈ, ਓਹੀ ਤੱਤ ਵਾਸਤਵਾ ਵਿਚਿ ਸੋਹਣੀ (ਸਰੂਪ ਬਿਚਖਣ) ਹੈ ਉਸ ਨੂੰ ਪਿਰੁ ਪ੍ਰੀਤਮੁ ਵਾਹਿਗੁਰੂ ਰਾਵਦਾ ਹੈ (ਭੋਗਦਾ ਹੈ) ਉਸੇ ਨਾਲਿ ਆਤਮ ਭੋਗ ਰਚਾਉਂਦਾ ਹੈ। ਕਿਉਂਕਿ ਉਸ ਦੇ ਨਾਲਿ ਹੀ ਸਾਰੇ ਗੁਰਮਤਿ ਗੁਣ ਵਸਦੇ ਹਨ। 'ਪਿਰੁ ਰਾਵੇ' ਅੰਦਰਿ ਜੋ 'ਪਿਰੁ' ਦੇ ਰਾਰੇ ਨੂੰ ਔਂਕੜ ਹੈ ਇਹ ਅਰਥਾਂ ਨੂੰ ਸਪਸ਼ਟ ਨਿਖੇੜਦਾ ਹੈ—ਪਿਰੁ ਰਾਂਵਦਾ ਹੈ, ਦਾ ਤੱਤ ਨਿਰਣਾ ਨਿਰਣਾਉਂਦਾ ਹੈ। ਨਹੀਂ ਤਾਂ ਜੋ ਰਾਰੇ ਨੂੰ ਔਂਕੜ ਨਾ ਹੁੰਦਾ ਅਤੇ ਪਾਠ 'ਪਿਰ' ਹੁੰਦਾ ਰਾਰੇ ਨੂੰ ਔਂਕੜ ਬਿਹੂਣ, ਤਾਂ ਅਰਥ ਬਣ ਜਾਂਦੇ ਪਿਰ ਨੂੰ ਰਾਵੰਦੀ ਹੈ ਨਾਰਿ। ਇਹ ਭੇਦ ਹੈ ਲਗਮਾਤ੍ਰ ਦੀ ਲਗਾਈ ਯਾ ਨਾ ਲਗਾਈ ਕਰਕੇ।

ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ *(ਪੰਨਾ ੫੬)*

ਪੰਗਤੀ ਵਿਚਿ 'ਕਾਮਣਿ'—ਕਾਮਣੀ। 'ਕਾਮਿ ਨ ਆਵਈ'—ਕੰਮ ਦੀ ਨਹੀਂ ਰਹਿੰਦੀ, ਲੇਖੇ ਅੰਦਰਿ ਨਹੀਂ ਪੈਂਦੀ। ਅਵਗਣਿਆਰਿ—ਅਣਗਣਿਆਰੀ। ਅਵਗਣਿਆਰਿ ਦੇ ਰਾਰੇ ਦੀ ਸਿਹਾਰੀ ਅਵਗਣਿਆਰੀ ਦੇ ਅਰਥ ਸਿਧਤਾਉਂਦੀ ਹੈ। ਏਸੇ ਤਰ੍ਹਾਂ 'ਕਾਮਣਿ' ਦੇ ਣਾਣੇ ਨੂੰ ਲਗੀ ਸਿਹਾਰੀ ਕਾਮਣੀ ਦੇ ਅਰਥ ਵਿਦਤਾਉਂਦੀ ਹੈ, 'ਕਾਮਿ' ਦੇ ਮੰਮੇ ਦੀ ਸਿਹਾਰੀ 'ਵਿਖੇ' ਦਾ ਅਰਥ ਨਿਯਮਾਂ ਅਨੁਸਾਰ ਦਿੰਦੀ ਹੈ। ਇਸ ਤੋਂ ਅਗਲੀ ਪੰਗਤੀ :

ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥ *(ਪੰਨਾ ੫੬)*

ਅੰਦਰਿ 'ਪੇਈਐ' ਦੇ ਐੜੇ ਨੂੰ ਅਤੇ 'ਸਾਹੁਰੈ' ਦੇ ਰਾਰੇ ਨੂੰ ਜੋ ਦੁਲਾਈਆਂ ਲਗੀਆਂ ਹੋਈਆਂ ਹਨ ਓਹ 'ਅੰਦਰਿ' ਦਾ ਅਰਥ ਦਿੰਦੀਆਂ ਹਨ। ਤਾਂ ਤੇ ਸਾਰੀ ਪੰਗਤੀ ਦਾ ਅਰਥ ਭਾਵ ਬਣਦਾ ਹੈ—ਜੇਹੜੀ ਇਸਤ੍ਰੀ ਝੂਠ ਵਿਚਿ ਅਤੇ ਝੂਠੇ ਵਿਕਾਰਾਂ ਵਿਚ ਜਲੀ ਸੜੀ ਹੋਈ ਹੈ ਉਸ ਨੂੰ ਨਾ ਪੇਈਏ ਹੀ ਸੁਖੁ ਮਿਲਦਾ ਹੈ ਨਾ ਸਾਹੁਰੇ। ਲੋਕ ਪਰਲੋਕ ਵਿਚਿ ਦੁਖੀ ਹੀ ਰਹਿੰਦੀ ਹੈ।

ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥ *(ਪੰਨਾ ੫੬)*

ਇਸ ਪੰਗਤੀ ਅੰਦਰਿ ਜਗੁ ਦੇ ਗੱਗੇ ਨੂੰ ਔਂਕੜ ਲਗਣ ਕਰਕੇ ਅਰਥ ਸਪਸ਼ਟ ਹੋ ਜਾਂਦੇ ਹਨ। ਨਹੀਂ ਤਾਂ ਅਰਥਾਂ ਵਿਚਿ ਰੌਲਾ ਹੀ ਪੈਂਦਾ ਰਹਿੰਦਾ। ਆਮ ਅਰਥ ਕਰਦੇ ਹਨ (ਲਗਾਂਮਾਤ੍ਰਾਂ ਦੀ ਤੱਤ ਬੋਧ ਤੋਂ ਬਿਨਾਂ) ਕਿ ਝੂਠੀ ਕਥਨੀ ਕਰਦੇ ਹੀ ਬੰਦੇ ਜਗ ਵਿਚ ਭਉਂਦੇ ਫਿਰਦੇ ਹਨ। ਅਸਲ ਅਰਥ ਹਨ ਜਗ ਭਉਂਦਾ ਹੈ (ਯਾ ਭਉਂਦਾ ਫਿਰਦਾ ਹੈ) ਝੂਠੀ ਕਥਨੀ ਵਿਚਿ। 'ਭਵੈ' ਦੇ ਵਾਵੇ ਨੂੰ ਦੁਲਾਈਆਂ ਇਸ ਗੱਲ ਨੂੰ ਨਿਖੇੜਦੀਆਂ ਹਨ। ਭਉਣ ਵਾਲਾ ਜਗੁ ਹੈ ਨਾ ਕਿ ਬਹੁਤੇ ਲੋਗ। ਸ਼ਬਦ ਰੂਪ ਰਹਿਣੀ ਹੀ ਸਾਰੁ ਤੱਤ ਰਹਿਣੀ ਹੈ।

ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੂਖ ਭਾਗੁ ॥ *(ਪੰਨਾ ੫੭)*

ਭਾਵ, ਹਰੀ ਨਾਮ ਜਪੇ ਅਤੇ ਨਾਮ ਧਿਆਏ ਤੇ ਜਮੁ ਡਰਨ ਲਗ ਜਾਂਦਾ ਹੈ

bsrstrust.org

ਅਤੇ ਸਾਰੇ ਦੁਖ ਨਸ ਜਾਣਗੇ (ਭਜ ਜਾਣਗੇ) ਏਥੇ 'ਭਾਗੁ' ਦੇ ਗੱਗੇ ਨੂੰ ਔਂਕੜ ਬਹੁ-ਵਚਨੀ ਭਵਿਖਤ (plural future tense) ਕਿਰਿਆ ਦਾ ਕੰਮ ਦਿੰਦਾ ਹੈ।

ਭਾਈ ਰੇ ਅਵਰੁ ਨਾਹੀ ਮੈ ਥਾਉ ॥
ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ ॥ *(ਪੰਨਾ ੫੮)*

ਏਹਨਾਂ ਦੋਹਾਂ ਪੰਗਤੀਆਂ ਅੰਦਰਿ 'ਮੈ' ਦੇ ਅਰਥ 'ਮੈਨੂੰ' ਹਨ।

ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥ *(ਪੰਨਾ ੫੮)*

ਇਸ ਪੰਗਤੀ ਵਿਖੇ 'ਘਰਿ' ਨੂੰ ਸਿਹਾਰੀ ਲਗੀ ਹੋਣ ਕਰਕੇ ਸੁੰਞੈ ਦੇ ਵੰਞੇ ਨੂੰ ਦੂਜੀ ਲਾਂਵ ਲਗੀ ਹੈ ਨਹੀਂ ਤਾਂ ਇਕੋ ਹੀ ਰਹਿੰਦੀ ਜੈਸੇ ਕਿ ਇਸ ਪੰਗਤੀ ਅੰਦਰਿ ਹੈ :

ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥ *(ਪੰਨਾ ੩੫)*

ਏਥੇ 'ਘਰ' ਦੇ ਰਾਰੇ ਦਾ ਔਂਕੜ ਤਾਂ ਉਡਿਆ ਹੈ ਕਿ ਇਸ ਦੇ ਅਗੇ 'ਕਾ' ਸਬੰਧਕੀ ਪਦ (preposition) ਲਗਿਆ ਹੋਇਆ ਹੈ।

ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥ *(ਪੰਨਾ ੫੮)*

ਭਾਵ, ਸ਼ਬਦ ਵਿਖੇ ਰੰਗੇ ਜਾਣ ਨਾਲਿ ਸਦਾ ਘਰੁ (ਵਾਹਿਗੁਰੂ ਦਾ ਦੁਆਰਾ) ਪਾਈਦਾ ਹੈ ਅਤੇ ਸਦਾ ਲਈ ਸੱਚਾ ਨਿਰਬਾਣ ਪਦ ਪ੍ਰਾਪਤਿ ਹੁੰਦਾ ਹੈ। ਏਥੇ 'ਸਬਦਿ ਰਪੈ' ਵਿਚਿ 'ਰਪੈ' ਦੇ ਪੱਪੇ ਨੂੰ ਦੂਜੀ ਲਾਂਵ 'ਕਰਕੇ' ਦਾ ਅਰਥ ਦਿੰਦੀ ਹੈ। ਅਰਥਾਤ ਸ਼ਬਦ ਵਿਖੇ ਰੰਗੇ (ਰਪੇ) ਜਾਣ ਕਰਕੇ, ਰਪਣੇ ਕਰਕੇ। ਇਸ ਭਾਵ ਵਿਚਿ ਅਨੇਕਾਂ ਵਾਰ ਇਹ ਲਾਂਵ ਆਉਂਦੀ ਹੈ ਅਰਥਾਤ ਦੁਲਾਈਆਂ ਆਉਂਦੀਆਂ ਹਨ।

ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ ॥
ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ ॥ *(ਪੰਨਾ ੬੦)*

ਬਿਨਾਂ ਗੁਰੂ ਤੋਂ ਪ੍ਰੀਤ ਨਹੀਂ ਉਪਜਦੀ, ਹਉਮੈ ਦੀ ਮੈਲ ਨਹੀਂ ਜਾਂਦੀ। ਗੁਰਮਤਿ ਸ਼ਬਦ (ਨਾਮ) ਨਾਲ ਅਭੇਵ ਹੋਣਾ ਹੀ ਸੋਹੰ ਦਾ ਜਾਪ ਹੈ, ਹੋਰ ਕੋਈ ਵਖਰਾ ਸੋਹੰ ਦਾ ਜਾਪ ਨਹੀਂ। ਗੁਰਮਤਿ ਨਾਮ ਦੁਆਰਾ ਹੀ ਆਪਾ ਚੀਨਿਆ ਜਾ ਸਕਦਾ ਹੈ।

ਲਗਮਾਤ੍ਰੀ ਨਿਯਮਾਂ ਤੋਂ ਘੁੱਥੇ ਕਈ ਅਗਿਆਨੀ ਲੋਗ 'ਸੋਹੰ' ਪਦ ਨੂੰ 'ਸਬਦਿ' ਨਾਲਿ ਰਲਾਇ ਕੈ ਅਰਥ ਕਰਦੇ ਹਨ ਕਿ 'ਸੋਹੰ' ਸਬਦੁ ਮੰਤ੍ਰ ਹੈ ਅਤੇ ਗੁਰੂ ਘਰ ਦਾ ਮੰਤ੍ਰ ਹੈ। ਐਸਾ ਅਰਥ ਕਰਨਾ ਓਹਨਾਂ ਦਾ ਨਿਰਾ ਅਗਿਆਨ ਹੈ। 'ਸੋਹੰ' ਪਦ ਦਾ ਲਫ਼ਜ਼ੀ ਅਰਥ ਹੈ—ਸੋ ਮੈਂ ਹਾਂ—ਮੈਂ ਹੀ ਸੋ ਰੱਬ ਹਾਂ। ਇਹ ਨਿਰੀ ਹਉਮੈ ਹੈ ਅਤੇ ਵੇਦਾਂਤ ਕੁੱਠੀ ਹਉਮੈ ਹੈ। ਆਤਮ ਰੂਪੀ ਆਪਾ ਪਰਮਾਤਮ ਅੰਸੀਆ ਹੈ। ਇਸ ਭੇਦ ਨੂੰ ਪੂਰਨ ਤੱਤਵਤਾ ਵਿਚਿ ਗੁਰਮਤਿ ਨਾਮ ਦੀ ਕਮਾਈ ਕੀਤਿਆਂ ਹੀ ਪਛਾਣੀਦਾ ਹੈ। ਗੁਰਸ਼ਬਦ ਮੰਤ੍ਰ ਦੀਆਂ ਪਾਰਸ ਕਮਾਈਆਂ ਕਰਿ ਕਰਿ ਜਦੋਂ ਸ਼ਬਦ ਨਾਲਿ ਹਿਰਦਾ ਵਿੰਨ੍ਹਿਆ (ਬੇਧਿਆ) ਜਾਂਦਾ ਹੈ ਅਤੇ ਸ਼ਬਦ ਰਸ ਦੀ ਲੀਨਤਾ ਸਹਿਜੀਨਤਾ ਪ੍ਰਾਪਤਿ ਹੁੰਦੀ ਹੈ ਓਦੋਂ ਆਤਮ ਦੇਵ ਦਾ ਪਰਤੱਖ ਵਿਗਾਸ ਹੁੰਦਾ ਹੈ। ਇਸ ਵਿਗਾਸ ਨੂੰ ਲਖ ਕੇ ਤੱਤ

bsrstrust.org

ਪਰਤੀਤ ਆਉਂਦੀ ਹੈ ਕਿ ਸੱਚਮੁਚ ਨਿਜ ਆਤਮਾ ਪਰਮਾਤਮਾ ਅੰਸੀਆ ਹੈ ਅਤੇ ਆਪਾ ਜੋਤਿ ਸਰੂਪ ਹੈ। ਇਸ ਆਪੇ ਰੂਪ ਆਤਮਾ ਮਨੂਏ ਦਾ ਤੱਤ ਅੰਸੀ ਅਸਲ (ਮੂਲ) ਜੋਤੀਸ਼ ਪਰਮਾਤਮਾ ਹੈ। ਗੁਰਮੰਤ੍ਰ ਦੁਆਰਾ ਵਿੰਨ੍ਹਿਆ, ਬੇਧਿਆ ਜਾ ਕੇ ਹੀ ਮਨੂਆ ਆਪਾ ਇਸ ਪਦ ਨੂੰ ਪਤੀਆਉਂਦਾ ਅਤੇ ਪਰਤੀਤ ਕਰਦਾ ਹੈ ਕਿ ਮੈਂ ਜੋਤਿ ਸਰੂਪ ਜੋਤੀਸ਼ ਪਰਮਾਤਮਾ ਦੀ ਅੰਸ਼ ਹਾਂ। ਇਸ ਪਰਤੱਖ ਪਦ ਨੂੰ ਪਤੀਆਇਕੈ ਗੁਰਮੁਖਿ ਜਨ ਫੇਰ ਭੀ ਇਹ ਕਦੇ ਨਹੀਂ ਕਹਿੰਦਾ ਕਿ ਮੈਂ ਬ੍ਰਹਮ ਹਾਂ। 'ਸੋਹੰ' ਕਹਿਣਾ ਨਿਰੀ ਮਨਮੱਤ ਭਰੀ ਹਉਮੈ ਹੈ। ਪਰ ਇਹ 'ਸੋਹੰ' ਆਖਣ ਵਾਲੀ ਹਉਮੈ ਮੈਲ ਬਿਨਾਂ ਗੁਰੂ ਤੋਂ ਗੁਰਮਤਿ ਤੱਤ ਗਿਆਨ ਲਏ ਬਾਝੋਂ ਨਹੀਂ ਜਾਂਦੀ। ਨਾ ਹੀ ਇਸ ਗੱਲ ਦੀ ਪਰਤੀਤ ਆਉਂਦੀ ਹੈ ਕਿ ਆਤਮ ਅੰਸੀ ਆਪਾ ਪਰਮਾਤਮਾ ਅੰਸੀ ਹੈ। ਜਿਨ੍ਹਾਂ ਗੁਰਮੁਖਾਂ ਨੂੰ ਇਹ ਪਰਤੀਤ ਆ ਗਈ ਓਹ 'ਸੋਹੰ' ਕਦੇ ਨਹੀਂ ਕਹਿੰਦੇ। ਬਲਕਿ ਇਸ ਕਹਿਣ ਨੂੰ ਭੀ ਹਉਮੈ ਦੀ ਮੈਲੁ ਹੀ ਸਮਝਦੇ ਹਨ। 'ਸਬਦਿ ਭੇਦਿ ਪਤੀਆਇ' ਦੀ ਗੁਰਮਤਿ ਤੱਤ ਆਤਮਾ ਵਿਗਾਸੀ ਅਵਸਥਾ ਵਿਚਿ ਤਦ ਰੂਪ ਹੋ ਕੇ ਆਪਾ ਪਛਾਣੀ ਦਾ ਹੈ, ਆਪਾ ਚੀਨੀ ਦਾ ਹੈ। ਪਰ ਇਸ ਚੀਨਣ ਦੀ ਆਤਮ ਅਵਸਥਾ ਅੰਦਰਿ ਆਪੇ ਦਾ ਅਭਾਵ ਹੋ ਜਾਂਦਾ ਹੈ। ਉਥੇ ਹਉਮੈ ਦੀ ਕਾਈ ਰਾਈ ਮਾਤ੍ਰ ਭੀ ਨਹੀਂ ਰਹਿੰਦੀ। ਕੋਈ ਗੁਰਮੁਖਿ ਜੀਉੜਾ 'ਸੋਹੰ' ਨਹੀਂ ਆਖਦਾ, 'ਸੋਹੰ' ਸ਼ਬਦ ਗੁਰਮੰਤ੍ਰ ਕਰਕੇ ਸਮਝਣਾ ਤਾਂ ਕਿਤੇ ਰਿਹਾ। ਸੋ ਇਹ ਆਖਣਾ ਮਹਾਂ ਅਗਿਆਨਤਾ ਹੈ ਕਿ 'ਸੋਹੰ' ਦੁਆਰਾ ਆਪਾ ਪਛਾਣੀਦਾ ਹੈ। 'ਸੋਹੰ ਆਪੁ ਪਛਾਣੀਐ' ਦਾ ਅਰਥ ਜੋ ਲੋਗ ਇਉਂ ਕਰਦੇ ਹਨ ਸੋ ਮਹਾਂ ਅਗਿਆਨੀ ਹਨ। 'ਸਬਦਿ ਭੇਦਿ ਪਤੀਆਇ' ਦੀ ਅੱਧ ਪੰਗਤੀ ਨੇ ਇਹ ਗੱਲ ਸਾਫ਼ ਕਰ ਦਿਤੀ ਖ਼ਾਸ ਕਰਿ 'ਸਬਦਿ' ਦੇ ਦੱਦੇ ਨੇ ਸਿਹਾਰੀ ਸਹਿਤ 'ਸਬਦਿ' ਨੇ ਇਹ ਅਰਥ ਸਪਸ਼ਟ ਕਰ ਦਿਤੇ ਕਿ ਸ਼ਬਦ ਗੁਰਮੰਤ੍ਰ ਗੁਰਮਤਿ ਦਾ ਹੋਰੁ ਹੈ ਜਿਸ ਦੁਆਰਾ ਸੋਹੰ ਰੂਪੀ ਹਉਮੈ ਦਾ ਅਖਾਣ ਰੱਦ ਹੁੰਦਾ ਹੈ। ਗੁਰ ਸ਼ਬਦ ਗੁਰਦੀਖਿਆ ਮਿਲੇ ਤੇ ਕਮਾਏ ਤੇ ਹੀ ਨਿਸ਼ਾ ਹੁੰਦੀ ਹੈ।

ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ॥ *(ਪੰਨਾ ੬੦)*

ਏਸ ਪੰਗਤੀ ਅੰਦਰਿ ਵਿਛੁੜਿਆਂ ਪਦ ਦੇ ਐੜੇ ਕੰਨੇ ਨਾਲਿ ਬਿੰਦੇ ਦਾ ਉਚਾਰਣਾ ਪਰਮ ਜ਼ਰੂਰੀ ਹੈ, ਨਹੀਂ ਤਾਂ ਅਰਥਾਂ ਦੇ ਅਨਰਥ ਹੋ ਜਾਣਗੇ। ਬਿੰਦੇ ਨਾਲ ਤਾਂ ਸਾਫ਼ ਸਪਸ਼ਟ ਅਤੇ ਸ਼ੁੱਧ ਅਰਥ ਬਣਦੇ ਹਨ ਕਿ ਵਿਛੜਿਆਂ ਨੂੰ (ਵਿਛੁੜੇ ਜੀਵਾਂ ਨੂੰ) 'ਗੁਰੁ ਮੇਲਸੀ' ਸਤਿਗੁਰੂ ਮੇਲੇਗਾ। ਗੁਰੂ ਹੀ ਮੇਲਣ ਹਾਰੁ ਹੈ। ਵਾਹਿਗੁਰੂ ਨਾਮ ਦੀ ਪਿਆਰ ਪਿਰੰਮੀ ਰਸ ਕਣੀ ਦੀ ਦਾਤਿ ਦੁਆਰਾ 'ਗੁਰੁ ਮੇਲਸੀ'। ਬਿੰਦੇ ਬਿਹੂਣ ਮਹਾਂ ਅਨਰਥ ਹੋ ਜਾਂਦਾ ਹੈ। ਵਿਛੁੜਿਆ ਪਦ ਗੁਰੂ ਦਾ ਵਿਸ਼ੇਸ਼ਣ ਕਦੇ ਹੋ ਹੀ ਨਹੀਂ ਸਕਦਾ। ਵਿਛੁੜਿਆ ਕੀ ਤੇ ਗੁਰੂ ਕੀ ? ਜੋ ਗੁਰੂ ਆਪ ਹੀ ਵਾਹਿਗੁਰੂ ਤੋਂ ਵਿਛੁੜਿਆ ਹੋਇਆ ਹੈ ਉਸ ਵਿਛੁੜੇ ਗੁਰੂ ਨੇ ਹੋਰਨਾਂ ਨੂੰ ਕੀ ਮੇਲਣਾ ਹੈ, ਪਰਮਾਤਮਾ ਨਾਲਿ ਜੀਵਾਂ ਨੂੰ ? ਤਾਂ ਤੇ ਏਥੇ ਬਿਦਾ ਨਾ ਉਠਾਉਣਾ ਮਹਾਂ ਮਨਮਤਿ ਹੈ ਅਤੇ ਅਨਰਥ ਭਰੀ ਮਨਮਤਿ ਹੈ।

ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ॥ *(ਪੰਨਾ ੬੧)*

bsrstrust.org

ਏਥੇ 'ਸਾਚਿ' ਦੇ ਚੱਚੇ ਦੀ ਸਿਹਾਰੀ ਬਿਹਾਰੀ ਦਾ ਕੰਮ ਦਿੰਦੀ ਹੈ, 'ਸਾਚਿ' ਤੋਂ ਭਾਵ 'ਸਾਚੀ' ਦਾ ਹੈ। ਸਾਰੀ ਪੰਗਤੀ ਦਾ ਅਰਥ ਇਉਂ ਬਣਦਾ ਹੈ ਕਿ ਵਾਹਿਗੁਰੂ ਦੇ ਨਾਮ ਰੂਪੀ ਗੁਣ ਦੇ ਅਧਾਰ ਤੇ (ਅਰਥਾਤ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਦੇ ਆਸਰੇ) ਸੱਚੀ ਸੋਭਾ ਸਹਿਜੇ ਹੀ ਬਣਿ ਆਉਂਦੀ ਹੈ। 'ਸਹਜਿ' ਦੇ ਜੱਜੇ ਦੀ ਸਿਹਾਰੀ ਲਾਂਵ ਦਾ ਭਾਵ ਦਿੰਦੀ ਹੈ। ਏਥੇ 'ਸਹਜੇ' ਦੇ ਥਾਂਇ 'ਸਹਜਿ' ਪਦ ਵਰਤਿਆ ਗਿਆ ਹੈ। ਅਜੇ ਸੰਪ੍ਰਦਾਈ ਇਹ ਅਰਥ ਤਾਂ ਫਬਦਾ ਹੈ ਅਤੇ ਲਗਮਾਤ੍ਰੀ ਨਿਯਮਾਂ ਅਨੁਸਾਰ ਭੀ ਠੀਕ ਲਗਦਾ ਹੈ ਕਿ ਸੱਚੇ ਵਾਹਿਗੁਰੂ ਦੇ ਸਹਜ ਪਦ ਵਿਚਿ ਸਮਾਇਆਂ ਜੋ ਸੋਭਾ ਬਣਦੀ ਹੈ ਉਹ ਬੜੀ ਘਣੀ (ਅਪਰ ਅਪਾਰ) ਹੈ। ਪਰ ਇਹ ਬਣਦੀ ਹੈ ਤਾਂ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਦੇ ਆਧਾਰ ਤੇ।

ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ॥ *(ਪੰਨਾ ੬੧)*

ਏਥੇ 'ਆਪਿ' ਪਦ ਦੇ ਪੱਪੇ ਨੂੰ ਸਿਹਾਰੀ ਲਾਂਵ ਦਾ ਅਰਥ ਦਿੰਦੀ ਹੈ। ਸਾਰੀ ਪੰਗਤੀ ਦਾ ਅਰਥ ਬਣਦਾ ਹੈ—ਵਾਹਿਗੁਰੂ ਉਸ ਦੀ ਆਪਣੀ ਨਦਰ ਬਖ਼ਸ਼ਸ਼ ਨਾਲਿ ਮਿਲਦਾ ਹੈ ਤਾਂ ਪਾਈਦਾ ਹੈ। ਆਪੇ, ਆਪਣੇ ਆਪ ਤੋਂ, ਆਪੋਂ ਲਇਆ ਨਹੀਂ ਜਾਂਦਾ। ਅਸਲ ਵਿਚ ਤਾਂ 'ਆਪਿ' ਏਥੇ 'ਆਪੋਂ' ਪੱਪੇ ਨੂੰ ਕਨੌੜੇ ਤੇ ਬਿੰਦੇ ਥਾਉਂ ਵਰਤਿਆ ਗਿਆ ਹੈ।

ਸਚੇ ਸੇਤੀ ਰਤਿਆ ਸਚੋ ਪਲੈ ਪਾਇ॥ *(ਪੰਨਾ ੬੧)*

ਏਥੇ 'ਸਚੋ' ਦੇ ਚੱਚੇ ਨੂੰ ਜੋ ਹੋੜਾ ਲਗਿਆ ਹੋਇਆ ਹੈ ਇਹ 'ਹੀ' ਦੇ ਅਰਥ ਦਿੰਦਾ ਹੈ। ਭਾਵ ਅਰਥ ਬਣਦਾ ਹੈ ਸਾਰੀ ਪੰਗਤੀ ਦਾ—ਵਾਹਿਗੁਰੂ ਦੇ ਸੱਚੇ ਨਾਮ ਨਾਲਿ ਰਤਿਆਂ ਵਾਹਿਗੁਰੂ ਰੂਪੀ ਸਚੁ ਹੀ ਪੱਲੇ ਵਿਚਿ ਪੈਂਦਾ ਹੈ ਅਰਥਾਤ ਪ੍ਰਾਪਤਿ ਹੁੰਦਾ ਹੈ। 'ਪਲੈ' ਦੇ ਲੱਲੇ ਦੀ ਦੂਜੀ ਲਾਂਵ 'ਵਿਚਿ' ਦੇ ਅਰਥ ਦਿੰਦੀ ਹੈ। ਪ੍ਰੰਤੂ ਇਸ ਅਗਲੀ ਤੁਕ ਵਿਚਿ ਦੁਲਾਈਆਂ 'ਨੂੰ ਹੀ' ਦਾ ਅਰਥ ਦਿੰਦੀਆਂ ਹਨ। ਯਥਾ :

ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ॥ *(ਪੰਨਾ ੬੧)*

ਏਥੇ 'ਤਿਸੈ' ਤੋਂ ਭਾਵ 'ਤਿਸ ਨੂੰ ਹੀ' ਹੈ। ਸਾਰੀ ਪੰਗਤੀ ਦਾ ਭਾਵ ਹੈ—ਗੁਰਮਤਿ ਦੀਖਿਆ ਦੁਆਰਾ ਜਿਸ ਦਾ ਮਨੁ ਦੀਖਿਅਤ ਹੋਇਆ ਹੈ ਤਿਸ ਨੂੰ ਹੀ ਵਾਹਿਗੁਰੂ ਪ੍ਰੀਤਮ ਦਾ ਪਰੇਮ ਪਿਆਰ ਲਗਦਾ ਹੈ।

ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ॥ *(ਪੰਨਾ ੬੧)*

ਏਥੇ 'ਮੇਲੇ' ਦੇ ਅਰਥ 'ਮੇਲਦਾ ਹੈ' ਨਹੀਂ। 'ਮੇਲਦਾ ਹੈ' ਦੇ ਅਰਥ ਤਦ ਬਣਦੇ ਹਨ ਜੇ 'ਮੇਲੇ' ਦੇ ਥਾਉਂ 'ਮੇਲੈ' ਲੱਲੇ ਨੂੰ ਦੁਲਾਈਆਂ ਨਾਲਿ ਲਿਖਿਆ ਹੋਵੇ। 'ਮੇਲੇ' ਦੇ ਅਸਲ ਪਾਠ ਨਾਲਿ ਅਰਥ ਇਉਂ ਬਣਦੇ ਹਨ—ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ 'ਸਾਚੁ' ਸਰੂਪ ਵਾਹਿਗੁਰੂ (ਵਾਹਿਗੁਰੂ ਰੂਪ ਸਾਚੁ) ਕਦੇ ਨਹੀਂ ਵਿਸਰਦਾ ਜੇ ਗੁਰੂ ਰੂਪੀ ਸ਼ਬਦੁ ਅਪਾਰ ਮੇਲੇ। ਕਿਸ ਕਿਰਿਆ ਨਾਲਿ ਦੁਲਾਈਆਂ ਲਗੀਆਂ ਹੀ ਵਰਤਮਾਨ ਕਾਲ (present tense) ਦੀਆਂ ਸੰਬੋਧਕ ਹਨ। 'ਮੇਲੇ' ਲਾਂਵ ਵਾਲੇ

bsrstrust.org

ਲੱਲੇ ਨਾਲਿ ਜਾਂ ਤਾਂ 'ਮੇਲੇ' ਦਾ ਅਰਥ ਦੇਉ, ਜਾਂ ਬਹੁ-ਵਚਨ ਭੂਤ ਕਾਲ (plural past tense) ਦੇ ਅਰਥ ਦੇਉ। ਜੈਸੇ ਕਿ:

ਏਹਿ ਸਜਣ ਮਿਲੇ ਨ ਵਿਛੁੜਹਿ ਜਿ ਆਪਿ 'ਮੇਲੇ' ਕਰਤਾਰਿ ॥

(ਪੰਨਾ ੫੮੭)

ਜਿਹੜੇ ਸਜਣ ਗੁਰਮੁਖਿ ਕਰਤਾਰ ਨੇ ਆਪਿ ਮੇਲੇ (ਮੇਲ ਲਏ) ਏਹ ਸਜਣ ਮਿਲੇ ਹੋਇ ਕਦੇ ਨਹੀਂ ਵਿਛੁੜਦੇ।

(੫੦) ਅਹੰਕਾਰ

ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥ *(ਪੰਨਾ ੬੧)*

ਇਸ ਦੁਪੰਗਤੀ ਵਿਚਿ ਪਹਿਲੀ ਪੰਗਤੀ ਦੇ ਧਨਿ, ਜੋਬਨਿ, ਲਬਿ, ਲੋਭਿ, ਅਹੰਕਾਰਿ ਪਦਾਂ ਦੇ ਛੇਕੜਲੇ ਅੱਖਰਾਂ ਨਾਲਿ ਲਗੀਆਂ ਸਿਹਾਰੀਆਂ ਸਭ 'ਨੇ' ਦਾ ਅਰਥ ਦਿੰਦੀਆਂ ਹਨ। ਪਰ ਦੂਜੀ ਪੰਗਤੀ ਵਿਚਿ 'ਸੰਸਾਰਿ' ਦੇ ਰਾਰੇ ਨੂੰ ਲਗੀ ਸਿਹਾਰੀ 'ਵਿਖੇ' ਦਾ ਅਰਥ ਅਰਥਾਉਂਦੀ ਹੈ। ਪਹਿਲੀ ਪੰਗਤੀ ਦਾ ਅਰਥ ਬਣਦਾ ਹੈ:

ਧਨ ਨੇ, ਜੋਬਨ ਨੇ, ਲਬ ਨੇ, ਲੋਭ ਨੇ ਤੇ ਅਹੰਕਾਰ ਨੇ ਜਗੁ (ਸਾਰਾ ਸੰਸਾਰੁ) ਠਗ ਲਿਆ ਹੈ ਅਤੇ ਦੂਜੀ ਪੰਗਤੀ ਦੇ ਅਰਥ ਬਣਦੇ ਹਨ:

ਮੋਹ ਮਈ ਠਗਉਰੀ ਮੋਈ (ਮਰਨ ਜੋਗ) ਹਉਮੈ ਦੇ ਰੂਪ ਵਿਚਿ ਸਾਰੇ ਸੰਸਾਰ ਵਿਖੇ ਵਰਤ ਰਹੀ ਹੈ। ਵਿਦਿਤ ਰਹੇ ਕਿ ਸਾਰੀ ਗੁਰਬਾਣੀ ਅੰਦਰਿ 'ਅਹੰਕਾਰ' ਪਦ ਦੇ ਮੁੱਢ ਵਿਚਿ ਐੜਾ ਜ਼ਰੂਰ ਲਗਿਆ ਹੋਉ। ਐੜੇ ਬਿਹੂਣ ਨਿਰਾ 'ਹੰਕਾਰ' ਗੁਰਬਾਣੀ ਅੰਦਰਿ ਕਿਤੇ ਭੀ ਕਦੇ ਨਹੀਂ ਆਉਂਦਾ।

ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ ॥ *(ਪੰਨਾ ੬੧)*

ਭਾਵ, ਸੰਤੋਖ ਸੱਚਾ ਸੰਤੋਖ ਆਉਂਦਾ ਹੈ ਤਾਂ ਗੁਰੂ ਦੇ ਸ਼ਬਦ ਗੁਰਮੰਤ੍ਰ ਦੀ ਕਮਾਈ ਕੀਤਿਆਂ ਅਤੇ ਨਾਮ ਸਿਫ਼ਤਿ-ਸਾਲਾਹ ਦੇ ਰੰਗਿ ਵਿਚਿ ਰਤਿਆਂ ਆਉਂਦਾ ਹੈ ਐਵੇਂ ਨਹੀਂ। ਸੰਤੋਖ ਸੱਚਾ ਸੰਤੋਖ ਆਪੋਂ (ਐਵੇਂ) ਧਾਰਨ ਹੀ ਨਹੀਂ ਹੋ ਸਕਦਾ। ਕੱਕੇ ਨੂੰ ਦੁਲਾਈਆਂ ਤਾਂ ਲਗੀਆਂ ਕਿ 'ਸਬਦਿ' ਦੇ ਦੱਦੇ ਨੂੰ ਸਿਹਾਰੀ ਲੱਗੀ ਹੋਈ ਹੈ ਜੋ ਦੂਜੇ ਅਰਥ ਬਣਨ ਹੀ ਨਹੀਂ ਦਿੰਦੀ। ਸੱਚੀ ਸੰਤੋਖ ਮਈ ਸੰਤੁਸ਼ਟਤਾ ਗੁਰ ਕੇ ਸ਼ਬਦ (ਗੁਰਮੰਤ੍ਰ) ਦੁਆਰਾ ਅਰਥਾਤ ਗੁਰਮੰਤ੍ਰ ਗੁਰ ਸ਼ਬਦ ਦੀ ਕਮਾਈ ਕੀਤਿਆਂ ਹੀ ਆਉਂਦੀ ਹੈ।

ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥ *(ਪੰਨਾ ੬੧)*

ਏਥੇ 'ਆਖਣਿ' ਦੇ ਣਾਣੇ ਨੂੰ ਸਿਹਾਰੀ ਬਿਹਾਰੀ ਦਾ ਕੰਮ ਦਿੰਦੀ ਹੈ। 'ਆਖਣਿ' ਤੋਂ ਭਾਵ ਆਖਣੀ ਹੈ। ਕੇਤੜੇ (ਅਣਗਿਣਤ) ਆਖਣਹਾਰੇ ਆਖਣਿ ਆਖਦੇ ਹਨ ਪਰ ਗੁਰੂ ਬਾਝਹੁੰ ਬੂਝ ਸੱਚੀ ਬੂਝ ਨਹੀਂ ਆਉਂਦੀ ਕਿਸੇ ਨੂੰ ਨਹੀਂ ਹੋਇ ਆਉਂਦੀ।

bsrstrust.org

(੫੧) ਰਾਸਿ, ਜਿਤੁ, ਤਿਤੁ

ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥...
ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥ *(ਪੰਨਾ ੬੧)*

ਏਹਨਾਂ ਦੋਹਾਂ ਪੰਗਤੀਆਂ ਵਿਚਿ 'ਰਾਸਿ' ਪਦ ਸਿਹਾਰੀ ਨਾਲਿ ਆਉਂਦਾ ਹੈ ਪਰ ਦੋਹਾਂ ਪੰਗਤੀਆਂ ਵਿਚਿ ਦੋਹਾਂ ਦੇ ਅਰਥ ਵਖੋ ਵਖ ਹਨ। ਪਹਿਲੀ ਪੰਗਤੀ ਵਿਚ ਤਾਂ 'ਰਾਸਿ' ਦੇ ਅਰਥ ਪੂੰਜੀ ਦੇ ਹਨ ਅਤੇ ਦੂਜੀ ਪੰਗਤੀ ਵਿਚਿ 'ਰਾਸਿ' ਦੇ ਅਰਥ ਹਨ 'ਸੁੱਧ ਹੋ ਕੇ'। ਸਾਰੀ ਬਾਣੀ (ਗੁਰਬਾਣੀ) ਅੰਦਰਿ 'ਰਾਸਿ' ਪਾਠ ਹੀ ਆਉਂਦਾ ਹੈ ਦੋਹਾਂ ਅਰਥਾਂ ਵਿਚਿ। ਇਕ 'ਰਾਸਿ' ਤਾਂ 'ਰਾਸੀ' ਪੂੰਜੀ ਦੇ ਅਰਥਾਂ ਵਿਚਿ ਨਾਂਵ (noun) ਇਸਮ ਰੂਪ ਵਿਚਿ ਆਉਂਦਾ ਹੈ ਅਤੇ ਦੂਜਾ 'ਰਾਸਿ' ਕ੍ਰਿਆ ਵਿਸ਼ੇਸ਼ਣ ਰੂਪ ਹੋ ਕੇ ਆਉਂਦਾ ਹੈ ਜਿਹਾ ਕਿ :

ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥ *(ਪੰਨਾ ੪੭੪)*

ਦੋਹਾਂ ਪਦਾਂ ਦਾ ਨਾਂਵ (ਇਸਮ) ਅਤੇ ਕ੍ਰਿਆ ਵਿਸ਼ੇਸ਼ਣੀ (adverb) ਅਰਥਾਂ ਵਾਲਾ ਫ਼ਰਕ ਸਾਰੀ ਪੰਗਤੀ ਯਾ ਵਾਕ ਦੀ ਚਾਲ (ਰਵਸ਼) ਤੋਂ ਪਛਾਣਿਆ ਜਾਂਦਾ ਹੈ। ਲਗਮਾਤ੍ਰੀ ਫ਼ਰਕ ਏਹਨਾਂ ਵਿਚਿ ਨਹੀਂ ਪੈਂਦੇ।

ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥ *(ਪੰਨਾ ੬੧)*

ਭਾਵ, ਜਿਸ ਤਨ ਵਿਖੇ ਭਾਵਨੀ ਰੂਪ ਸਤਿ ਨਾਮੁ ਨਹੀਂ ਵਸਦਾ, ਏਹੋ ਸਮਝੋ ਕਿ ਤਿਸ ਤਨ ਵਿਖੇ ਨਿਰੇ ਹਉਮੈ ਅੰਧੇਰ ਦਾ ਹੀ ਵਾਸਾ ਹੈ। 'ਜਿਤੁ', 'ਤਿਤੁ' ਆਦਿ ਪਦ ਨਾਲਿ ਹਮੇਸ਼ਾ ਔਂਕੜ ਪਿਛਲੇ ਅੱਖਰ ਨਾਲਿ ਲਗੇ ਆਉਣਗੇ।

(੫੨) ਨਾਇ, ਭਾਖੁ, ਸਵਾਰਿਅਨੁ, ਲਾਹੀਅਨੁ, ਸੇਵੇ, ਦੇਹੁ, ਲੈਹੁ

'ਨਾਮੁ' ਯਾ 'ਨਾਇ' ਨਾਂਵ ਦੇ ਨਾਲਿ ਜਦੋਂ 'ਦੁਆਰਾ' ਦੀ ਸੰਭਾਵਨਾ ਹੁੰਦੀ ਹੈ ਤਾਂ 'ਨਾਉ' ਬਦਲ ਕੇ 'ਨਾਇ' ਦੀ ਸ਼ਕਲ ਵਿਚ ਆਉਂਦਾ ਹੈ। ਯਥਾ :

ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ 'ਨਾਇ' ॥ *(ਪੰਨਾ ੬੧)*

ਭਾਵ, ਨਾਮ ਹੀਣ ਪੁਰਸ਼ ਹਰ ਕੋਈ ਅਵਗੁਣਾਂ ਨਾਲਿ ਭਰਪੂਰ ਹੈ। ਅਵਗੁਣੀ ਬਧਾ ਹੋਇਆ ਹੀ ਮਾਰਿਆ ਜਾਣਾ ਹੈ। ਜੇ ਛੁਟਦਾ ਹੈ (ਛੁਟਕਾਰਾ ਹੁੰਦਾ ਹੈ ਉਸ ਦਾ) ਤਾਂ ਗੁਰਮਤਿ ਨਾਮ ਦੁਆਰਾ ਹੀ ਹੁੰਦਾ ਹੈ।

ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ ॥ *(ਪੰਨਾ ੬੨)*

ਭਾਵ, ਹਉਮੈ ਰੋਗ ਜੇ ਗਵਾਇਆ ਚਾਹੀਏ (ਜੇ ਹਉਮੈ ਰੋਗ ਦੂਰ ਕਰਨਾ ਮਨਜ਼ੂਰ

bsrstrust.org

ਹੈ) ਤਾਂ ਸੱਚੇ ਸ਼ਬਦ ਦੁਆਰਾ ਗੁਰਮੰਤ੍ਰ ਦੀਖਿਆ ਦੁਆਰਾ ਭਾਵ ਗੁਰਮੰਤ੍ਰ ਗੁਰ ਸ਼ਬਦ ਰੂਪੀ ਦੀਖਿਆ ਲੈ ਕੇ ਨਾਮੁ ਰੂਪੀ ਸਚੁ ਭਾਖੁ। 'ਭਾਖੁ' ਦੇ ਖੱਖੇ ਨੂੰ ਔਂਕੜ ਹੁਕਮੀ ਕਿਰਿਆ (imperative mood) ਵਾਲੀ ਕਿਰਿਆ ਦੇ ਅਰਥਾਂ ਵਿਚਿ ਵਰਤਿਆ ਗਿਆ ਆਇਆ ਹੈ।

ਮਾਇਆ ਮੋਹੁ ਮੇਰੈ ਪ੍ਰਭਿ ਕੀਨਾ...॥ *(ਪੰਨਾ ੬੭)*

ਇਸ ਅੱਧੀ ਪੰਗਤੀ ਵਿਚਿ 'ਮੇਰੈ' ਦੇ ਰਾਰੇ ਨੂੰ ਦੁਲਾਈਆਂ 'ਪ੍ਰਭਿ' ਦੇ ਭੱਭੇ ਨੂੰ ਸਿਹਾਰੀ ਲੱਗਣ ਕਰ ਕੇ ਦੁਲਾਈਆਂ ਲਗੀਆਂ ਹੋਈਆਂ ਹਨ। ਇਹਨਾਂ ਦੁਲਾਈਆਂ ਦੀ ਦੂਜੀ ਲਾਂਵ ਨੇ 'ਪ੍ਰਭ' ਦੇ ਨਾਲ ਰਲ ਕੇ 'ਨੇ' ਦੇ ਅਰਥ ਕਰ ਦਿਤੇ ਹਨ। ਭਾਵ, ਮੇਰੇ ਪ੍ਰਭ ਨੇ ਮਾਇਆ ਮੋਹ ਕੀਨਾ (ਕੀਤਾ) ਹੈ।

ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ ਗੁਰਮੁਖਿ ਵਿਰਲੈ ਜਾਤਾ॥ *(ਪੰਨਾ ੬੮)*

ਏਥੇ 'ਵਿਰਲੈ' ਨੂੰ ਦੁਲਾਈਆਂ ਹਨ। ਦੂਜੀ ਲਾਂਵ 'ਨੇ' ਦਾ ਅਰਥ ਦਿੰਦੀ ਹੈ।

ਨਾਨਕ ਨਾਮੁ ਮਿਲੈ ਵਡਿਆਈ ਗੁਰ ਕੈ ਸਬਦਿ ਪਛਾਤਾ॥ *(ਪੰਨਾ ੬੮)*

ਏਥੇ 'ਸਬਦਿ' ਦੇ ਦੱਦੇ ਨੂੰ ਸਿਹਾਰੀ ਲਗੀ ਹੋਣ ਕਰਕੇ 'ਕੈ' ਨੂੰ ਦੁਲਾਈਆਂ ਲਗੀਆਂ ਹਨ। ਦੂਜੀ ਲਾਂਵ 'ਸਬਦਿ' ਦੇ ਦੱਦੇ ਨੂੰ ਸਿਹਾਰੀ ਲਗੀ ਦੇ ਨਾਲਿ ਰਲ ਕੇ 'ਦੁਆਰਾ' ਦੇ ਅਰਥ ਦਿੰਦੀ ਹੈ। ਨਾਮ ਦੁਆਰਾ ਵਡਿਆਈ ਮਿਲਦੀ ਹੈ ਅਤੇ ਗੁਰੂ ਕੇ ਸ਼ਬਦ ਦੁਆਰਾ ਨਾਮ ਪਛਾਣਿਆ ਜਾਂਦਾ ਹੈ।

ਤਿਨਿ ਕਰਤੈ ਆਪੁ ਲੁਕਾਇਆ॥
ਨਾਨਕ ਗੁਰਮੁਖਿ ਪਰਗਟੁ ਹੋਇਆ ਜਾਕਉ ਜੋਤਿ ਧਰੀ ਕਰਤਾਰਿ ਜੀਉ॥
(ਪੰਨਾ ੭੨)

ਭਾਵ, ਤਿਸ ਕਰਤੇ ਪੁਰਖ ਨੇ ਆਪਣਾ ਆਪ ਆਮ ਲੋਕਾਂ ਤੋਂ ਲੁਕਾ ਕੇ ਰਖਿਆ। ਪਰ ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰਮੁਖਾਂ ਨੂੰ ਪਰਗਟ ਹੋ ਜਾਂਦਾ ਹੈ ਜਿਸ ਵਿਚ ਕਰਤਾਰ ਨੇ ਜੋਤਿ ਪਰੀ ਹੈ। 'ਜਾਕਉ' ਦੇ ਅਰਥ ਏਥੇ 'ਜਿਸ ਵਿਚ' ਹਨ। ਨਹੀਂ ਤਾਂ ਆਮ ਤੌਰ ਤੇ ਗੁਰਬਾਣੀ ਅੰਦਰਿ 'ਕਉ' ਦੇ ਅਰਥ 'ਨੂੰ' ਦੇ ਹੁੰਦੇ ਹਨ। ਭਾਵ ਤਾਂ ਅਸਲ ਵਿਚਿ ਇਹ ਹੈ ਕਿ ਜਿਸ ਦੇ ਹਿਰਦੇ ਅੰਦਰਿ ਜੋਤਿ ਪਰਕਾਸ਼ ਕੀਤੀ ਹੈ ਕਰਤਾਰ ਨੇ ਉਸ ਗੁਰਮੁਖ ਨੂੰ ਗੁਪਤੋਂ ਪਰਗਟ ਹੋ ਕੇ ਦਿਦਾਰੇ ਦਿੰਦਾ ਹੈ ਆਪ ਵਾਹਿਗੁਰੂ ਕਰਤਾਰ। 'ਪਰਗਟ' ਦੇ ਟੈਂਕੇ ਨੂੰ ਜ਼ਰੂਰ ਔਂਕੜ ਹੋਵੇਗਾ। 'ਤਿਨਿ ਕਰਤੈ'—ਤਿਸ ਕਰਤੇ ਨੇ। 'ਤਿਨਿ' ਦੇ ਨੰਨੇ ਨੂੰ ਸਿਹਾਰੀ ਲਗਣ ਕਰਕੇ 'ਕਰਤੈ' ਦੇ ਤੱਤੇ ਨੂੰ ਦੋ ਲਾਵਾਂ ਹਨ। ਦੂਜੀ ਲਾਂਵ 'ਤਿਨਿ' ਦੇ ਨੰਨੇ ਨੂੰ ਸਿਹਾਰੀ ਨਾਲ ਮਿਲ ਕੇ 'ਨੇ' ਦੇ ਅਰਥ ਦਿੰਦੀ ਹੈ।

ਹਰਿ ਇਠੈ ਨਿਤ ਧਿਆਇਦਾ॥
ਮਨਿ ਚਿੰਦੀ ਸੋ ਫਲੁ ਪਾਇਦਾ॥
ਸਭੇ ਕਾਜ ਸਵਾਰਿਅਨੁ ਲਾਹੀਅਨੁ ਮਨ ਕੀ ਭੁਖ ਜੀਉ॥ *(ਪੰਨਾ ੭੩)*

bsrstrust.org

ਇਸ ਪੰਗਤੀ ਵਿਚਿ 'ਹਰਿ ਇਠੈ' ਦੇ ਅਰਥ ਹਨ 'ਹਰੀ ਪਿਆਰੇ ਨੂੰ'। 'ਇਠੈ' ਦੀ ਦੂਜੀ ਲਾਂਵ ਦੇ ਅਰਥ ਏਥੇ 'ਨੂੰ' ਦੇ ਹਨ। 'ਸਵਾਰਿਅਨੁ' ਦੇ ਰਾਰੇ ਨੂੰ ਸਿਹਾਰੀ ਤਾਂ ਲਗੀ ਹੈ ਕਿ ਇਸ ਦਾ ਕਰਮ (object) ਬਹੁ-ਵਚਨ 'ਕਾਜ' ਹੈ। ਅਤੇ 'ਲਾਹੀਅਨੁ' ਦੇ ਹਾਹੇ ਨੂੰ ਬਿਹਾਰੀ ਤਾਂ ਲਗੀ ਹੈ ਕਿ ਇਸ ਦਾ ਕਰਮ (ਮਫ਼ਊਲ) ਇਸਤ੍ਰੀ-ਲਿੰਗ 'ਭੁਖ' ਹੈ। ਦੋਹਾਂ ਦੇ ਨੰਨੇ (ਪਿਛਲੇ ਅੱਖਰ) ਇਸ ਕਰਕੇ ਔਂਕੜ ਸਹਿਤ ਹਨ ਕਿ ਏਹਨਾਂ ਕਿਰਿਆਵਾਂ ਦਾ ਕਰਤਾ ਇਕ-ਵਚਨ ਵਾਲਾ ਹੈ। ਜੇ ਬਹੁ-ਵਚਨ ਵਾਲਾ ਹੁੰਦਾ ਤਾਂ ਏਹਨਾਂ ਕਿਰਿਆਵਾਂ ਦੇ ਨੰਨਿਆਂ ਨੂੰ ਸਿਹਾਰੀਆਂ ਲਗੀਆਂ ਹੁੰਦੀਆਂ। 'ਸਵਾਰਿਅਨਿ', 'ਲਾਹੀਅਨਿ' ਐਉਂ ਆਉਂਦੀਆਂ।

ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥
ਦੇ ਕੰਨੁ ਸੁਣਹੁ ਅਰਦਾਸਿ ਜੀਉ ॥ *(ਪੰਨਾ ੭੪)*

ਹੇ ਵਾਹਿਗੁਰੂ ਕੰਨ ਦੇ ਕੇ ਅਰਦਾਸਿ ਸੁਣਹੁ (ਇਹ ਅਰਦਾਸਿ ਹੈ) ਕਿ ਤੈਨੂੰ ਸਾਰੀ ਸ੍ਰਿਸ਼ਟੀ ਦਿਨੁ ਰਾਤਿ ਸੇਵੇ (ਸਮਰਨ ਕਰੇ) ਏਥੇ 'ਸੇਵੇ' ਦੇ ਵਾਵੇ ਨੂੰ ਇਸ ਕਰਕੇ ਇਕ ਲਾਂਵ ਹੈ ਕਿ ਅਰਦਾਸ ਰੂਪ ਹੋਣ ਕਰਕੇ ਇਹ ਕਿਰਿਆ ਸੰਬੋਧਨ ਕਾਰਕ (vocative case) ਵਾਲੀ ਹੈ। 'ਸੇਵੈ' ਦੁਲਾਈਆਂ ਵਾਲੇ ਵਾਵੇ ਨਾਲਿ ਹੁੰਦਾ ਤਾਂ 'ਸੇਵੰਦੀ ਹੈ' ਦੇ ਅਰਥ ਬਣਦੇ। ਅਤੇ 'ਸ੍ਰਿਸਟਿ' ਨਾਂਵ (noun) ਇਸਤ੍ਰੀ ਲਿੰਗ (feminine gender) ਹੋਣ ਕਰਕੇ 'ਸਭ' ਦਾ ਭੱਭਾ ਮੁਕਤਾ ਹੈ। 'ਅਰਦਾਸਿ' ਅਤੇ 'ਸ੍ਰਿਸਟਿ' ਪਦਾਂ ਦੇ ਪਿਛਲੇ ਅੱਖਰਾਂ ਨੂੰ ਸਿਹਾਰੀਆਂ ਹੋਣ ਕਰਕੇ ਇਹ ਦੋਈ ਨਾਂਵ ਇਸਤ੍ਰੀ-ਲਿੰਗ ਵਾਚਕ ਹਨ।

ਦੇਹੁ ਦਰਸੁ ਸੁਖ ਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ ॥ *(ਪੰਨਾ ੭੪)*

ਇਸ ਪੰਗਤੀ ਅੰਦਰਿ 'ਦੇਹੁ' ਕਿਰਿਆ ਪਦ ਸੰਬੋਧਨ ਕਾਰਕ (vocative case) ਵਿਚਿ ਹੋਣ ਕਰਕੇ ਹਾਹਾ ਔਂਕੜ ਨਾਲਿ ਹੈ। ਜੇ 'ਜਪੁਜੀ' ਸਾਹਿਬ ਦੀ ਇਹ ਤੁਕ 'ਗੁਰਾ ਇਕ ਦੇਹਿ ਬੁਝਾਈ' ਭੀ ਸੰਬੋਧਨ ਕਾਰਕ (vocative case) ਦੀ ਸੂਚਕ ਹੁੰਦੀ ਤਾਂ ਇਥੇ ਭੀ 'ਦੇਹਿ' ਦੇ ਥਾਉਂ 'ਦੇਹੁ' ਹੀ ਆਉਂਦਾ। ਤਾਂ ਤੇ ਉਥੇ ਪਾਠ 'ਗੁਰਾ' ਦੇ ਰਾਰੇ ਦਾ ਕੰਨਾ ਬਿੰਦੇ ਬਿਹੂਣ ਨਹੀਂ ਉਠਾਉਣਾ। ਹੇ ਗੁਰਾ (ਹੇ ਗੁਰੋ) ਦੇ ਅਰਥਾਂ ਵਿਚਿ ਸੰਬੋਧਨਾ ਸੰਬੋਧਨ ਕਾਰਕ (vocative case) ਹੁੰਦਾ ਤਾਂ ਐਸਾ ਉਠਾਉਣਾ ਉਚਿਤ ਸੀ। ਮੈ—'ਮੈਨੂੰ' ਹੈ। 'ਲੈਹੁ' ਦੇ ਹਾਹੇ ਨੂੰ ਫੇਰ ਔਂਕੜ ਹੈ ਜੋ ਸੰਬੋਧਨ ਕਾਰਕ (vocative case) ਦਾ ਸੰਬੋਧਕ ਹੈ।

(੫੩) ਪਇਆ, ਲਇਆ, ਗਇਆ, ਭਇਆ

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥
(ਪੰਨਾ ੭੪)

ਏਸ ਪੰਗਤੀ ਵਿਚਿ 'ਵਿਖੇ' ਦੇ ਅਰਥਾਂ ਨੂੰ ਦਰਸਾਉਣ ਲਈ 'ਪਹਿਲੈ' ਪਦ

bsrstrust.org

ਦੇ ਲੱਲੇ ਨੂੰ, 'ਪਹਰੈ' ਦੇ ਰਾਰੇ ਅਤੇ 'ਕੈ' ਤੇ ਕੱਕੇ ਨੂੰ ਇਕ ਇਕ ਲਾਂਵ ਹਰਿਕ ਨੂੰ ਵਾਧਵੀਂ ਲਾਈ ਗਈ ਹੈ। ਇਉਂ 'ਪਹਿਲੈ ਪਹਰੈ ਰੈਣਿ ਕੈ' ਦੇ ਅਰਥ ਬਣੇ—ਰੈਣਿ ਕੇ (ਦੇ) ਪਹਿਲੇ ਪਹਿਰੇ ਵਿਖੇ। 'ਹੁਕਮਿ'—ਹੁਕਮ ਦੁਆਰਾ। 'ਗਰਭਾਸਿ'—ਗਰਭਾਸ ਵਿਖੇ, ਗਰਭ ਸਥਾਨ ਵਿਖੇ। ਗੁਰਬਾਣੀ ਅੰਦਰਿ 'ਪਇਆ', 'ਲਇਆ', 'ਗਇਆ' 'ਭਇਆ', ਆਦਿਕ ਪਦ ਏਸੇ ਸ਼ਕਲ ਵਿਚਿ ਆਉਣਗੇ ਜੋ ਆਮ ਪੰਜਾਬੀ ਘਰੇਲੂ ਬੋਲ ਚਾਲ ਵਿਚ ਪਿਆ, ਲਿਆ, ਗਿਆ, ਆਦਿ ਸ਼ਕਲ ਵਿਚਿ ਵਰਤੇ ਤੇ ਲਿਖੇ ਬੋਲੇ ਜਾਂਦੇ ਹਨ। ਗੁਰਬਾਣੀ ਦੀ ਲਿਖਤ ਨਿਰਾਲੀ ਹੈ। ਈੜੀ ਵਧਾ ਕੇ ਇਸ ਨੂੰ ਸਿਹਾਰੀ ਲਾਈ ਜਾਂਦੀ ਹੈ। 'ਪਹਰ' ਪਦ ਦੇ ਪਹਿਲੇ ਅੱਖਰ ਪੱਪਾ ਤੇ ਹਾਹਾ ਹਮੇਸ਼ਾ ਮੁਕਤੇ ਆਉਂਦੇ ਹਨ। ਰਾਰੇ ਨੂੰ ਚਾਹੇ ਬਿਹਾਰੀ, ਔਂਕੜ, ਦੁਲਾਈਆਂ ਲਗ ਜਾਣ ਏਸੇ ਤਰ੍ਹਾਂ ਦੂਜੈ ਪਹਰੈ, ਤੀਜੈ ਪਹਰੈ, ਚਉਥੈ ਪਹਰੈ ਦਾ ਵੀਚਾਰ ਹੈ।

(੫੪) ਹੋਰੁ, ਹੋਰਿ, ਮੁੰਧ, ਪੇਈਅੜੈ, ਸਾਹੁਰੜੈ

ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ॥ *(ਪੰਨਾ ੭੫)*

ਇਸ ਪੰਗਤੀ ਅੰਦਰਿ 'ਹੋਰਿ' ਦੇ ਰਾਰੇ ਨੂੰ ਸਿਹਾਰੀ ਬਹੁ-ਵਚਨ ਵਾਚਕ ਹੈ। ਰਸ ਕਸ ਨਾਂਵ (nouns) ਜੋ ਬਹੁ-ਵਚਨਕ ਹਨ। ਜੇ 'ਰਸੁ' 'ਕਸੁ' ਔਂਕੜ ਨਾਲਿ ਇਕ-ਵਚਨਕ (singular) ਹੁੰਦੇ ਤਾਂ 'ਹੋਰੁ' ਦੇ ਰਾਰੇ ਨੂੰ ਔਂਕੜ ਆਉਂਦਾ। ਰਾਰੇ ਔਂਕੜ ਨਾਲਿ 'ਹੋਰੁ' ਇਕ-ਵਚਨਕ ਅਰਥ ਦਰਸਾਉਣ ਦੇ ਰੂਪ ਵਿਚਿ ਆਉਂਦਾ ਹੈ।

ਮੁੰਧ ਇਆਣੀ ਪੇਈਅੜੈ ਕਿਉਕਰਿ ਹਰਿ ਦਰਸਨੁ ਪਿਖੈ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ॥ *(ਪੰਨਾ ੭੮)*

ਭਾਵ, ਜਗਿਆਸਾ ਵਾਲੀ ਨਿਗੁਰੀ ਇਸਤ੍ਰੀ ਜਗਿਆਸਾ ਰੂਪ ਸੰਸਾਰ ਵਿਚ (ਪੇਈਅੜੇ) ਰਹਿ ਕੇ ਗੁਰਮਤਿ ਤੋਂ ਸੁੰਞੀ (ਇਆਣੀ) ਹੀ ਰਹਿੰਦੀ ਹੈ। ਉਹ ਕਿਵੇਂ ਨਿਗੁਰਾਪਣ ਮਈ ਜਗਿਆਸਾ ਵਿਚਿ ਰਹਿੰਦੀ ਹੋਈ ਵਾਹਿਗੁਰੂ ਦਰਸਨ ਦੇਖ ਸਕਦੀ ਹੈ ? ਜੇਕਰ ਵਾਹਿਗੁਰੂ ਹੀ ਅਪਣੀ ਕਿਰਪਾ ਕਰਿ ਦੇਵੇ ਤਾਂ ਉਹ ਗੁਰੂ ਦੁਆਰੇ ਗੁਰ ਦੀਖਿਅਤ ਹੋ ਕੇ ਨਿਗੁਰੀ ਤੋਂ ਸਗੁਰੀ (ਗੁਰਮੁਖਿ) ਬਣ ਜਾਵੇ। ਇਉਂ ਗੁਰੂ ਘਰ ਦਰਸਾਏ ਪਰਮਾਰਥ ਨਾਲਿ ਸਬੰਧਤ ਹੋ ਕੇ (ਵਿਆਹੀ ਜਾ ਕੇ) ਇਸ ਗੁਰਮਤਿ ਪਰਮਾਰਥੀ ਸਾਹੁਰੜੈ ਦੀਆਂ ਸੰਗਤਾਂ (ਗੁਰਮੁਖਿ ਸਖੀਆਂ ਸਹੇਲੀਆਂ) ਵਿਚਿ ਨਿਵਾਸ ਰਖ ਕੇ ਅਤੇ ਸਤਿਸੰਗਤਿ ਕਰਕੇ ਗੁਰਮੁਖੀਆਂ ਵਾਲੇ ਸਾਰੇ ਸੁਹਾਗਵੰਤੇ ਚੱਜ ਅਚਾਰ (ਕੰਮ) ਸਿਖ ਸਕਦੀ ਹੈ ਅਤੇ ਸਿਖ ਕੇ ਪਰਮਾਰਥੀ ਪੂਰਨ ਸੁਹਾਗ ਭਾਗ ਵਾਲੀ ਬਿਵਸਥਾ ਨੂੰ ਪੁਗ ਸਕਦੀ ਹੈ। ਇਸ ਪੰਗਤੀ ਵਿਚਿ 'ਮੁੰਧ' ਦਾ ਧੱਧਾ ਇਸ ਕਰਕੇ ਮੁਕਤਾ ਹੈ ਕਿਉਂਕਿ 'ਮੁੰਧ' ਇਸਤ੍ਰੀ-ਲਿੰਗ ਨਾਂਵ (feminine gender noun) ਹੈ। 'ਪੇਈਅੜੈ' ਦੇ ੜਾੜੇ ਦੀ ਦੂਜੀ ਲਾਂਵ 'ਵਿਖੇ' ਦਾ ਅਰਥ ਦਿੰਦੀ ਹੈ, 'ਪੇਈੜੇ ਵਿਖੇ' ਅਰਥ ਅਰਥਾਉਂਦੀ ਹੈ। 'ਕੰਮ' ਦਾ ਮੰਮਾ, ਬਹੁ-ਵਚਨ ਨਾਂਵ (plural noun) ਹੋਣ ਕਰਕੇ ਮੁਕਤਾ ਹੈ,

bsrstrust.org

ਬਹੁਤੇ ਕੰਮਾਂ ਦਾ ਅਰਥ ਵਾਚਕ ਹੈ। 'ਦਰਸਨੁ' ਵਿਸ਼ੇਸ਼ ਨਾਂਵ (proper noun) ਹੋਣ ਕਰਕੇ ਉਸ ਦੇ ਨੰਨੇ ਨੂੰ ਔਂਕੜ ਹੈ। 'ਪਿਖੈ' ਦੀਆਂ ਦੁਲਾਈਆਂ ਵਰਤਮਾਨ ਕਾਲ (present tense) ਦੀ ਕਿਰਿਆ (verb) ਹੋਣ ਕਰਕੇ 'ਪਿਖਦੀ ਹੈ' ਯਾ 'ਪਿਖ ਸਕਦੀ ਹੈ' ਦਾ ਅਰਥ ਦਿੰਦੀਆਂ ਹਨ ਅਤੇ 'ਕਿਰਪਾ ਕਰੇ' ਦੀ ਕਿਰਿਆ 'ਕਰੇ' ਦੇ ਰਾਰੇ ਨੂੰ ਲਾਂਵ 'ਜੇਕਰ' ਦੇ ਅਰਥ ਬੋਧਾਉਂਦੀ ਹੈ। ਜੇ 'ਕਰੇ' ਦੇ ਥਾਉਂ 'ਕਰੈ' ਹੁੰਦਾ ਤਾਂ 'ਕਰੈ' ਦੇ ਅਰਥ 'ਕਰਦਾ'—ਵਰਤਮਾਨ ਕਾਲ ਕਿਰਿਆ (present tense verb) ਦੇ ਅਰਥ ਬਣਦੇ। 'ਸਾਹੁਰੜੈ' ਦੀ ਦੂਜੀ ਲਾਂਵ ਹਸਬ ਮਾਮੂਲ 'ਵਿਖੇ' ਦਾ ਅਰਥ ਦਿੰਦੀ ਹੈ—ਸ਼ਾਹੁਰੜੇ ਵਿਖੇ (ਜਾ ਕੇ)। 'ਕੰਮ ਸਿਖੈ' ਦੇ ਨਾਲਿ 'ਗੁਰਮੁਖਿ' ਪਦ ਰਲਾਇਕੈ ਗੁਰਮੁਖੀਆਂ ਵਾਲੇ ਕੰਮ (ਸੁਚੱਜੇ) ਸਿਖ ਦੀ, ਸਿਖ ਸਕਦੀ (ਸਿਖੈ) ਦੇ ਅਰਥ ਬਣਦੇ ਹਨ। ਕੰਮ ਸਿੱਖਣ ਦਾ ਭਾਵ ਸਾਹੁਰੜੇ ਦੇ ਅਰਥ ਸਪਸ਼ਟ ਕਰਾਉਂਦਾ ਹੈ ਕਿ ਇਹ ਸੌਹਰਾ ਪ੍ਰਲੋਕ ਮਈ ਸੌਹਰਾ ਨਹੀਂ ਸਗੋਂ ਇਸੇ ਲੋਗਿ ਵਿਚਿ ਰਹਿ ਕੇ ਗੁਰਮਤਿ ਸੰਗਤਿ ਦਾ ਪਰਮਾਰਥੀ ਨਿਵਾਸ ਸਾਹੁਰਾ ਹੈ। ਇਸ ਭਾਵ ਨੇ 'ਪੇਈਅੜੈ' ਤੇ 'ਸਾਹੁਰੜੈ' ਦੋਹਾਂ ਦੇ ਅਰਥ ਸਪਸ਼ਟ ਕਰਾਇ ਦਿਤੇ ਹਨ। ਇਹ ਕੰਮ ਸਿੱਖਣ ਵਾਲੀ ਬਿਵਸਥਾ ਇਸੇ ਮਨੁੱਖਾ ਜਨਮ ਵਿਚਿ ਸੰਸਾਰ ਤੇ ਰਹਿ ਕੇ ਹੀ ਪ੍ਰਾਪਤਿ ਹੋ ਸਕਦੀ ਹੈ। ਫੇਰ ਖ਼ਬਰੇ ਕਦੋਂ ਸਿੱਖਣ ਦੀ ਵਾਰੀ (ਨੌਬਤ) ਆਉਣੀ ਹੈ। ਕਦੋਂ ਮਨੁੱਖਾ ਜਨਮ ਮਿਲੇ ਕਦੋਂ ਫੇਰ ਵਾਰੀ ਆਵੇ। ਸਗੋਂ ਹੁਣ ਤਾਂ ਵੱਤ ਲੱਗੀ ਹੋਈ ਹੈ। ਮਨੁੱਖਾ ਜਨਮ ਮਿਲਿਆ ਹੋਇਆ ਹੈ ਅਤੇ ਗੁਰਮਤਿ ਵਿਚਿ ਪਰੀ-ਪੂਰਨ ਹੋਣ ਲਈ ਗੁਰੂ ਘਰ ਦਾ ਦਰਵਾਜ਼ਾ ਖੁਲ੍ਹਾ ਹੋਇਆ ਹੈ ਜਿਸ ਨੂੰ ਅਗਲੀ ਤੁਕ ਦ੍ਰਿੜ੍ਹਾਉਂਦੀ ਹੈ। ਯਥਾ :

ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥ *(ਪੰਨਾ ੭੮)*

ਸਿੱਖਣ ਦਾ ਵੇਲਾ ਅਵਸਰ ਇਹੀ ਮਨੁੱਖਾ ਜਨਮ ਗੁਰੂ ਘਰ, ਗੁਰੂ ਸੰਗਤਾਂ ਵਿਚਿ ਨਿਵਾਸ ਰਖਣ ਵਾਲਾ ਹੈ। ਤਾਂ ਤੇ ਇਹੀ ਪਰਮਾਰਥ ਕੰਮ ਸਿਖੰਮੀ ਹਰਿ ਹਰਿ (ਵਾਹਿਗੁਰੂ) ਨਾਮ ਦ੍ਰਿੜੰਮੀ ਸਾਹੁਰਾ ਹੈ। ਇਸ ਮਨੁੱਖਾ ਜਨਮ ਵਿਚਿ ਗੁਰਮਤਿ ਧਾਰ ਕੇ ਫੇਰ ਸਾਰਾ ਸਮਾਂ ਗੁਰਮਤਿ ਨਾਮ ਧਿਆਉਣ ਵਿਚਿ ਬਤੀਤ ਕਰੇ। ਨਾਮ ਧਿਆਈ ਜਾਵੇ। ਸਦਾ ਧਿਆਏ। 'ਧਿਆਏ' ਦੀ ਈੜੀ ਨੂੰ ਲਾਂਵ ਇਹੀ ਸਿਖਿਆ ਦਾਇਕ ਅਰਥ ਸਿਖਾਉਂਦੀ ਹੈ। ਗੁਰਮੁਖਿ ਬਣ ਕੇ ਕੰਮ ਸਿਖੇ। ਗੁਰਮੁਖਿ ਬਣੀਦਾ ਹੈ, ਗੁਰੂ ਦੁਆਰਿਓਂ ਗੁਰੂ ਦੀਖਿਆ ਲੈ ਕੇ, ਅੰਮ੍ਰਿਤ ਛਕ ਕੇ। ਜਿਸ ਦਾ ਸਿੱਟਾ ਅਰਥਾਤ ਗੁਰਮਖਿ ਬਣ ਕੇ ਹਰਿ ਹਰਿ ਨਾਮ ਧਿਆਵਣੇ ਸਦਾ ਧਿਆਵਣੇ ਕੰਮ ਸਿੱਖਣ ਦਾ ਸਿੱਟਾ ਇਹ ਹੈ ਜੋ ਅਗਲੀ ਪੰਗਤੀ ਵਿਚਿ ਨਿਰੂਪਣ ਕੀਤਾ ਗਿਆ ਹੈ। ਯਥਾ :

ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥ *(ਪੰਨਾ ੭੮)*

ਭਾਵ, ਏਥੇ ਗੁਰੂ ਘਰ ਦੀਆਂ ਪੁਗ ਖਲੋਈਆਂ ਨਾਮ ਰਤੀਆਂ ਗੁਰਮੁਖ ਸਖੀਆਂ ਸਹੇਲੀਆਂ ਦੀ ਸੰਗਤਿ ਵਿਖੇ ਸੁਹੇਲੀ ਹੋ ਕੇ ਸੁਖ ਸਹਜ ਸੇਤੀ ਹੇਲ ਮੇਲ ਕੇਲ ਕਰਦੀ ਹੋਈ ਬਿਚਰਦੀ ਹੈ ਅਤੇ ਅਗੈ ਦਰਗਹ ਅੰਦਰਿ ਜਾ ਕੇ ਭੀ ਪੁਗ ਖਲੋਈਆਂ ਗੁਰਮੁਖੀਆਂ ਦੀ ਅਲਬੇਲਤਾ (ਅਲਬੇਲਾ ਪਣ) ਵਾਲੀ ਸੁਰਖ਼ੁਰੂਈਅਤ ਹੁੰਦੀ ਹੈ। ਬੇ-ਫ਼ਿਕਰੀ ਵਾਲਾ

bsrstrust.org

ਮਾਣ ਤਾਣ ਵਾਹਿਗੁਰੂ ਦੇ ਦਰ ਪ੍ਰਵਾਣ ਪੈਣ ਦਾ ਸਿਰੋ ਪਾਉ ਪਾਉਂਦੀ ਹੈ, ਤਾਂ ਤੇ ਸਿੱਧ ਹੋਇਆ ਕਿ ਜੋ ਗਿਆਨੀ ਲੋਗ 'ਪੇਈਅੜੈ' ਅਤੇ 'ਸਾਹੁਰੜੈ' ਪਦ ਦੇ ਅਰਥ ਲੋਕ ਤੋਂ ਪ੍ਰਲੋਕ ਕਰਦੇ ਹਨ ਇਹ ਉਹਨਾਂ ਦੀ ਭੁੱਲ ਹੈ।

ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥ *(ਪੰਨਾ ੭੮)*

'ਕਿਰਖੈ' ਏਥੇ ਵਰਤਮਾਨ ਕਾਲ (present tense) ਕਿਰਿਆ ਹੈ। ਭਾਵ ਸਾਰੀ ਤੁਕ ਦਾ ਹੈ ਕਿ ਧਰਮ ਰਾਇ ਦੀ ਬਾਕੀ ਵਾਲਾ ਜੋ ਲੇਖਾ ਹੈ, ਉਸ ਉਤੇ ਲਕੀਰ ਫੇਰ ਦਿੰਦਾ ਹੈ, ਉਸ ਨੂੰ ਮੇਟ ਦਿੰਦਾ (ਕਿਰਖੈ) ਹੈ, ਹਰਿ ਹਰਿ ਨਾਮੁ ਦਾ ਗੁਰਮਤਿ ਜਪੁ। ਗੁਰਮਤਿ ਨਾਮੁ ਅਭਿਆਸ (ਕਮਾਇਆ ਹੋਇਆ) ਧਰਮ ਰਾਇ ਦੇ ਸਾਰੇ ਲੇਖੇ ਉਤੇ ਪੋਚਾ ਫੇਰ ਦਿੰਦਾ ਹੈ। ਉਸ ਦੀ ਕੀਤੀ ਕਤਰੀ ਕਢੀ ਬਾਕੀ ਉਤੇ ਕਲਮ ਫੇਰਦਾ ਹੈ (ਮੇਟ ਦਿੰਦਾ ਹੈ)। ਇਉਂ ਗੁਰੂ ਘਰ ਦੀਆਂ ਗੁਰਮੁਖੀਆਂ ਸੋਹਾਗਣਾਂ ਸੁਘੜ ਸਿਆਣੀਆਂ ਹੋ ਜਾਂਦੀਆਂ ਹਨ, ਮਨਮੁਖ ਇਆਣੀਆਂ ਨਹੀਂ ਰਹਿੰਦੀਆਂ। ਪੇਈਅੜੈ ਵਿਚਿ ਰਹਿ ਕੇ ਹੀ ਮੁੰਧ ਇਆਣੀ ਮਨਮੁਖੀ ਦੁਹਾਗਣ ਗੁਰਮੁਖੀ ਸੁਹਾਗ ਵਾਲੀ ਸੁਘੜ ਸਿਆਣੀ ਹੋ ਜਾਂਦੀ ਹੈ ਜਦੋਂ ਗੁਰਮੁਖਤਾ ਵਾਲਾ ਸੁਹਾਗ ਭਾਗ ਪ੍ਰਾਪਤਿ ਕਰਕੇ ਵਾਹਿਗੁਰੂ ਪ੍ਰੀਤਮ ਦਾ ਪਰਤੱਖ ਦਰਸ਼ਨ ਏਸੇ ਜਨਮ ਵਿਚਿ ਹੀ ਦੇਖ ਲੈਂਦੀ ਹੈ। ਯਥਾ :

ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥ *(ਪੰਨਾ ੭੮)*

ਗੁਰੂ ਘਰ ਵਿਖੇ ਇਸ ਪ੍ਰਕਾਰ ਦੀਆਂ ਗੁਰਮੁਖੀਆਂ ਸੋਹਾਗਣੀਆਂ ਵਾਹਿਗੁਰੂ ਦਰਸ ਪਾਗਣੀਆਂ ਰੂਹੜੀਆਂ ਉਤਪੰਨ ਹੁੰਦੀਆਂ ਹੀ ਰਹਿੰਦੀਆਂ ਹਨ ਅਤੇ ਪਰਗਟ ਹੁੰਦੀਆਂ ਰਹਿਣਗੀਆਂ। ਇਉਂ ਪਿਰੀ ਪਰਮਾਤਮਾ ਦੇ ਦਰਸ ਮਿਲਾਪ ਵਾਲੀਆਂ ਗੁਰਮੁਖੀਆਂ ਸੋਹਾਗਣੀਆਂ ਦੀ ਵੰਸ ਵੇਲ ਗੁਰੂ ਘਰ ਵਿਖੇ ਸਦਾ ਵਧਦੀ ਹੀ ਰਹੇਗੀ ਅਤੇ ਇਉਂ ਇਸ ਪ੍ਰਕਾਰ ਦੇ ਸੋਹਾਗਵੰਤੇ ਪੁਗ ਖਲੋਤੇ ਗੁਰੂ ਸਰੂਪ ਪੰਚ ਪ੍ਰਵਾਣ ਪੰਚ ਪ੍ਰਧਾਨ ਗੁਰਮੁਖਿ ਪਿਆਰਿਆਂ ਦੀ ਪੁੰਜ ਰੂਪ ਪੀਹੜੀ ਗੁਰੂ ਘਰ ਵਿਖੇ ਸਦਾ ਜੁਗੋ ਜੁਗ ਚਲਦੀ ਰਹੇਗੀ, ਏਹੀ ਗੁਰਮਤਿ ਗੌਰਵਤਾ ਪਰਮਾਰਥ ਸੰਪੰਨ ਭਾਵ ਹੈ ਅਗਲੀਆਂ ਦੋਹਾਂ ਗੁਰਵਾਕ ਪੰਗਤੀਆਂ ਦਾ। ਯਥਾ :

ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥ *(ਪੰਨਾ ੭੯)*

ਏਥੇ 'ਵੇਲ' ਦਾ ਲੱਲਾ ਮੁਕਤਾ ਸਿੱਧ ਕਰਦਾ ਹੈ ਕਿ 'ਵੇਲ' ਪਦ ਨਾਂਵ (noun) ਰੂਪ ਇਸਤ੍ਰੀ-ਲਿੰਗ (feminine gender) ਹੈ। ਗੁਰੂ ਘਰ ਦੇ ਗੁਰਮੁਖੀਆਂ ਦੀ ਇਹ ਪੀੜ੍ਹੀ ਜੁਗੋ ਜੁਗ ਚਲਣ ਹਾਰੀ ਹੈ। ਕਿਉਂਕਿ ਗੁਰੂ ਘਰ ਵਿਖੇ ਗੁਰਮਤਿ ਨਾਮ ਧਿਆਵਨ ਹਾਰੇ ਗੁਰਮੁਖ ਜਨਾਂ ਦੀ ਵੰਸ ਪਨੀਰੀ ਸਦਾ ਉਪਜਦੀ ਹੀ ਰਹੇਗੀ ਜੋ ਗੁਰਮਤਿ ਨਾਮ ਦੀਆਂ ਅਭਿਆਸ ਕਮਾਈਆਂ ਕਰਿ ਕਰਿ ਵਾਹਿਗੁਰੂ ਦਰਸ਼ਨ ਨੂੰ ਪ੍ਰਾਪਤ ਹੁੰਦੇ ਰਹਿਣਗੇ। ਇਉਂ ਜੀਉਂਦੇ ਜੀ ਜੀਵਨ ਮੁਕਤਿ ਹੋ ਕੇ ਗੁਰੂ ਘਰ ਅੰਦਰਿ ਅਜੇਹੇ ਗੁਰਮੁਖਿ ਮਰਜੀਵੜਿਆਂ ਦੇ ਪੁੰਜਾਂ ਦੇ ਪੁੰਜ

bsrstrust.org

ਪਰਗਟ ਹੁੰਦੇ ਰਹਿਣਗੇ। ਇਸ ਵੰਸ ਪਨੀਰੀ ਦੀ ਵੇਲ ਵਧਦੀ ਹੀ ਰਹੇਗੀ। ਯਥਾ :

ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ॥

(ਪੰਨਾ ੭੯)

ਐਸੇ ਗੁਰਮੁਖ ਜਨਾਂ ਦੀ ਪੀੜ੍ਹੀ 'ਜਿਨੀ ਗੁਰਮੁਖਿ ਨਾਮੁ ਧਿਆਇਆ' ਸਤਿਗੁਰੂ ਦੀ ਪੀੜ੍ਹੀ ਹੈ ਅਰਥਾਤ ਸਤਿਗੁਰੂ ਉਪਜਾਈ ਪਨੀਰੀ ਰੂਪ ਪੀੜ੍ਹੀ ਤੋਂ ਭਾਵ ਹੈ। 'ਸਤਿਗੁਰ' ਦੇ ਰਾਰੇ ਨੂੰ ਔਂਕੜ ਇਸ ਕਰਕੇ ਨਹੀਂ ਕਿਉਂਕਿ ਇਸ ਦੇ ਅਗੇ ਸਬੰਧਕੀ ਪਦ (preposition) 'ਕੀ' ਲਗਿਆ ਹੋਇਆ ਹੈ। ਸਤਿਗੁਰੂ ਦੀ ਪਨੀਰੀ ਰੂਪ ਪੀੜ੍ਹੀ ਤੋਂ ਗੁਰਮੁਖ ਜਨਾਂ ਦੇ ਪੁੰਜ (ਸਮੂਹ) 'ਜਿਨੀ' ਦਾ ਪਦ ਸੰਬੋਧਨ ਕਰਾਉਂਦਾ ਹੈ ਕਿ ਇਹ ਪਨੀਰੀ ਰੂਪ ਪੀੜ੍ਹੀ ਤਿਨ੍ਹਾਂ ਗੁਰਮੁਖ ਸਿਖਾਂ ਦੇ ਪੁੰਜ ਦੀ ਹੈ ਜਿਨ੍ਹਾਂ ਨੇ (ਜਿਨੀ) 'ਗੁਰਮੁਖਿ ਨਾਮੁ ਧਿਆਇਆ' ਹੈ। ਇਸ ਤੋਂ ਇਹ ਸਿਧ ਹੋਇਆ ਕਿ ਕਿਸੇ ਇਕ ਦੇਹ ਧਾਰੀ ਅਲਪੱਗ ਪੁਰਖੁ ਸੰਤ ਮਹੰਤ ਦੇ ਗੁਰੂ ਬਣ ਬੈਠਣ ਤੋਂ ਇਸ ਪੀੜ੍ਹੀ ਦਾ ਮਤਲਬ ਨਹੀਂ ਕਿ ਦੇਹ ਧਾਰੀ ਗੁਰੂ-ਡੰਮ ਦੀ ਪੀੜ੍ਹੀ ਚਲਦੀ ਹੀ ਰਹੇਗੀ। ਜੈਸਾ ਕਿ ਗੁਰੂ-ਡੰਮੀ ਅਪਣੀ ਦੇਹ ਧਾਰੀ ਗੁਰੂ-ਡੰਮਤਾ ਨੂੰ ਸਿੱਧ ਕਰਨ ਲਈ ਇਸ ਪੰਗਤੀ ਦੇ ਅਰਥ ਕਰਿਆ ਕਰਦੇ ਹਨ ਜੋ ਬਿਲਕੁਲ ਮੁਗਾਲਤਾ ਭਰੇ ਅਨਰਥ ਹਨ।

'ਜੋਨਿ ਨਾ ਧਾਵੈ ਨਹ ਮਰੀ'[1]—ਨਾ ਜੂਨੀਆਂ ਵਿਚਿ ਧਾਂਵਦਾ ਹੈ ਨਾ ਮਰਦਾ ਹੈ। ਏਥੇ 'ਮਰੀ' ਦੇ ਰਾਰੇ ਨੂੰ ਬਿਹਾਰੀ ਲਗਣ ਕਰਕੇ ਵਰਤਮਾਨ ਕਾਲ ਕਿਰਿਆਵੀ (present tense verb) ਅਰਥ ਰਖਦਾ ਹੈ।

ਫਕੜ ਜਾਤੀ ਫਕੜੁ ਨਾਉ॥ *(ਪੰਨਾ ੮੩)*

ਪਹਿਲੇ 'ਫਕੜ' ਦਾ ੜਾੜਾ ਇਸ ਕਰਕੇ ਮੁਕਤਾ ਹੈ ਕਿਉਂਕਿ ਇਹ ਇਸਤ੍ਰੀ-ਲਿੰਗ ਨਾਂਵ (noun feminine gender) ਦੇ ਨਾਲਿ ਹੈ। 'ਨਾਉ' ਪੁਲਿੰਗ (masculine gender) ਹੋਣ ਕਰਕੇ ਇਸ ਦੇ ਅਗਲੇ 'ਫਕੜੁ' ਦੇ ੜਾੜੇ ਨੂੰ ਔਂਕੜ ਲਗਾ ਹੈ।

(੫੫) ਜਲਉ, ਜਲਿ ਬਲਉ, ਜਲਿ ਜਾਉ

ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ॥
ਲਿਖਣਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ॥ *(ਪੰਨਾ ੮੪)*

ਇਸ ਦੁਪੰਗਤੀ ਅੰਦਰ 'ਜਲਉ', 'ਜਲਿ ਜਾਉ', 'ਜਲਿ ਬਲਉ', ਤਿੰਨੇ ਬਦ-ਦੁਆਈ (imperative) ਹੁਕਮੀ ਕਿਰਿਆ ਹੋਣ ਕਰਕੇ ਇਨ੍ਹਾਂ ਦੇ ਆਖ਼ਰੀ ਊੜੇ ਔਂਕੜ ਨਾਲਿ ਆਏ ਹਨ। ਅਸੀਸ (ਦੁਆ), ਦੁਰਅਸੀਸ (ਬਦ-ਦੁਆ), ਆਜਜ਼ੀ ਬਿਨੇ ਵਾਲੇ ਕਿਰਿਆਵੀ ਪਦ ਏਵੇਂ ਜਿਵੇਂ ਅਕਸਰ ਊੜੇ ਨੂੰ ਔਂਕੜ ਨਾਲਿ ਆਉਣਗੇ।

---

੧. ...੫॥੧॥੩॥ (ਸਿਰੀਰਾਗੁ ਮ: ੫, ਡਖਣਾ, ਪੰਨਾ ੮੧)।

bsrstrust.org

ਹਰਿ ਆਪਣੀ ਭਗਤਿ ਕਰਾਇ ਵਡਿਆਈ ਵੇਖਾਲੀਅਨੁ ॥
ਆਪਣੀ ਆਪਿ ਕਰੇ ਪਰਤੀਤਿ ਆਪੇ ਸੇਵ ਘਾਲੀਅਨੁ ॥
ਹਰਿ ਭਗਤਾ ਨੋ ਦੇਇ ਅਨੰਦੁ ਥਿਰੁ ਘਰੀ ਬਹਾਲਿਅਨੁ ॥
ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ ॥
ਹਰਿ ਭਗਤਾ ਨੋ ਦੇਇ ਪਿਆਰੁ ਕਰਿ ਅੰਗੁ ਨਿਸਤਾਰਿਅਨੁ ।੧੯॥

(ਸਿਰੀਰਾਗੁ ਵਾਰ ਮ: ੪, ਪੰਨਾ ੯੦)

ਇਸ ਸਾਰੇ ਗੁਰਵਾਕ ਵਿਖੇ ਜਿਥੇ ਜਿਥੇ (ਕਰਮ) ਮਫਊਲ ਇਸਤ੍ਰੀ-ਲਿੰਗ ਹੈ, ਉਥੇ ਕਿਰਿਆਵੀ ਪਦ ਦੇ 'ਅਨੁ' ਤੋਂ ਪਹਿਲੇ ਅੱਖਰ ਨੂੰ ਬਿਹਾਰੀ ਲਗੀ ਹੈ ਅਤੇ ਜਿਥੇ ਕਰਮ ਮਫ਼ਊਲ (object) ਪੁਲਿੰਗ ਹੈ ਉਥੇ 'ਅਨੁ' ਤੋਂ ਪਹਿਲੇ ਅੱਖਰ ਨੂੰ ਕਿਰਿਆਵੀ ਪਦ ਵਿਖੇ ਸਿਹਾਰੀ ਲਗੀ ਹੈ।

ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ ॥

(ਪੰਨਾ ੯੪)

ਏਥੇ 'ਗੁਰਿ ਪੂਰੈ' ਤੋਂ ਭਾਵ 'ਪੂਰੇ ਗ਼ੁਰੂ ਦੁਆਰਾ' ਅਰਥਾਤ 'ਗੁਰ ਪੂਰੇ ਤੋਂ' ਹੈ। 'ਗੁਰਿ' ਦੀ ਸਿਹਾਰੀ ਅਤੇ 'ਪੂਰੈ' ਦੀ ਲਾਂਵ 'ਦੁਆਰਾ' 'ਤੋਂ' ਦਾ ਅਰਥ ਦਿੰਦੀ ਹੈ ਅਤੇ 'ਹਰਿ ਨਾਮ ਸਿਧਿ' ਹਰਿ ਨਾਮ ਦੀ ਸਿਧੀ। 'ਨਾਮ' ਦਾ ਮੰਮਾ ਮੁਕਤਾ ਇਸ ਕਰਕੇ ਹੈ ਕਿ ਸਬੰਧਕੀ ਪਦ (preposition) 'ਦੀ' ਅਗੇ ਮਹਿਜ਼ੂਫ ਹੈ। 'ਸਿਧਿ' ਪਦ ਦੇ ਧੱਧੇ ਦੀ ਸਿਹਾਰੀ ਸਹਿਤ 'ਸਿਧੀ' ਦਾ ਅਰਥ ਦਿੰਦਾ ਹੈ। 'ਸਿਧੀ' ਤੋਂ ਭਾਵ ਕਰਾਮਾਤ ਸੰਪੰਨ ਸਫਲਤਾ ਹੈ। 'ਗੁਰਮਤਿ ਚਲੈ'—ਗੁਰਮਤਿ ਅਨੁਸਾਰ ਚਲਦਾ ਹੈ। ਪੂਰਨ ਗੁਰਮਤਿ ਅਨੁਸਾਰ ਸੋਈ ਗੁਰਮੁਖਿ ਜਨ ਚਲਦਾ ਹੈ ਜਿਸ ਨੇ ਗੁਰ ਪੂਰੇ ਦੀ ਬਸੀਠੀ ਦੁਆਰਾ 'ਹਰਿ ਨਾਮ ਸਿਧਿ' ਪਾਈ ਹੈ। 'ਲਇਆ ਬੰਨਿ ਪਲੈ'—ਪੱਲੇ ਵਿਖੇ ਬੰਨ੍ਹ ਲਇਆ ਹੈ। ਏਥੇ 'ਪਲੈ' ਦੇ ਲੱਲੇ ਨੂੰ ਦੂਜੀ ਲਾਂਵ 'ਵਿਖੈ' ਦਾ ਅਰਥ ਦਿੰਦੀ ਹੈ। "ਗੁਰਿ ਪੂਰੈ ਹਰਿ ਨਾਮੁ ਦਿੜਾਇਆ"[1] ਇਸ ਅੱਧੀ ਪੰਗਤੀ ਅੰਦਰਿ 'ਗੁਰਿ ਪੂਰੈ' ਤੋਂ ਅਰਥ 'ਗੁਰੂ ਪੂਰੇ ਨੇ' ਤੋਂ ਹੈ। 'ਗੁਰਿ' ਦੇ ਰਾਰੇ ਦੀ ਸਿਹਾਰੀ ਅਤੇ 'ਪੂਰੈ' ਦੇ ਰਾਰੇ ਨੂੰ ਲਗੀ ਦੂਜੀ ਲਾਂਵ 'ਨੇ' ਦਾ ਅਰਥ ਦਿੰਦੇ ਹਨ।

(੫੬) ਐ ਤੇ ਏ ਦਾ ਫ਼ਰਕ

'ਤਰੀਐ', 'ਉਧਰੀਐ', 'ਮਰੀਐ', ਆਦਿ ਪਦ ਗੁਰਬਾਣੀ ਦੇ ਸ਼ਬਦ ਭੰਡਾਰ (vocabulary) ਅੰਦਰਿ ਪੰਜਾਬੀ ਦੀ ਆਮ ਬੋਲ ਚਾਲ ਦੇ ਪਦਾਂ 'ਤਰੀਏ', 'ਉਧਰੀਏ', 'ਮਰੀਏ', ਆਦਿ ਦੇ ਥਾਉਂ ਵਰਤੇ ਜਾਂਦੇ ਹਨ। ਈੜੀ ਨੂੰ ਲਾਂਵ 'ਏ' ਅਸਾਡੀ ਆਮਫਹਿਮ ਪੰਜਾਬੀ ਬੋਲੀ ਅੰਦਰਿ ਵਰਤਿਆ ਜਾਂਦਾ ਹੈ। ਇਸ ਦੇ ਥਾਉਂ ਗੁਰਬਾਣੀ ਅੰਦਰਿ ਹਮੇਸ਼ਾ ਐੜੇ ਨੂੰ ਦੁਲਾਈਆਂ ਸਹਿਤ 'ਐ' ਵਰਤਿਆ ਜਾਂਦਾ ਹੈ।

---

੧. ਮਾਝ ਮ: ੪, ਪੰਨਾ ੯੪.

bsrstrust.org

...ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ॥ *(ਪੰਨਾ ੯੫)*

ਮਨੂਆ ਹਰੀ ਰਸ ਵਿਚਿ ਉੱਛਲ ਕੇ ਪੈਂਦਾ ਹੈ। ਅਤੇ ਜੇਕਰ 'ਮਨੁ' ਦੇ ਨੰਨੇ ਨੂੰ ਸਿਹਾਰੀ ਹੁੰਦੀ (ਜੈਸਾ ਕਿ ਕਈ ਬੀੜਾਂ ਵਿਚਿ ਹੈ) ਅਤੇ 'ਰਸਿ' ਦੇ ਸੱਸੇ ਨੂੰ ਔਂਕੜ ਹੁੰਦਾ (ਜੈਸਾ ਕਿ ਛਾਪੇ ਦੀਆਂ ਕਈ ਬੀੜਾਂ ਵਿਚਿ ਦੇਖਿਆ ਗਿਆ ਹੈ) ਤਾਂ ਇਸ ਪੰਗਤੀ ਦੇ ਅਰਥ ਹੁੰਦੇ—ਹਰੀ ਰਸੁ ਮਨ ਅੰਦਰਿ ਡੁਲ੍ਹ ਡੁਲ੍ਹ ਕੇ ਪੈਂਦਾ ਹੈ। 'ਪਉਦਾ ਜੀਉ'—ਪੈਂਦਾ ਹੈ।

ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ... ॥ *(ਪੰਨਾ ੯੭)*

'ਜਿਤੁ ਰਿਦੈ' ਤੋਂ ਭਾਵ ਜਿਸ ਰਿਦੈ ਅੰਦਰਿ ਤੋਂ ਹੈ। ਦੱਦੇ ਦੀ ਦੂਜੀ ਲਾਂਵ 'ਅੰਦਰ' ਦਾ ਅਰਥ ਦਿੰਦੀ ਹੈ।

"ਨਉ ਨਿਧਿ ਤੇਰੈ ਅਖੁਟ ਭੰਡਾਰਾ"[1]—ਤੇਰੇ ਅੰਦਰਿ (ਤੇਰੇ ਨਾਮ ਕੀ ਬਰਕਤ ਅੰਦਰਿ) ਨਵਨਿਧੀਆਂ ਦੇ ਅਖੁਟ ਭੰਡਾਰੇ ਹਨ। ਭੰਡਾਰਾ—ਭੰਡਾਰੇ ਦੇ ਥਾਉਂ ਵਰਤਿਆ ਗਿਆ।

(੫੭) ਦੇਹਿ ਦੇਹ, ਦੇਹੁ ਦੇਹੁ

"ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ"[1]—ਜਿਸ ਨੂੰ ਤੂੰ ਦਿੰਦਾ ਹੈਂ ਸੋ ਤ੍ਰਿਪਤ ਹੋ ਕੇ ਰਜ ਜਾਂਦਾ ਹੈ। ਏਥੇ ਭੀ 'ਦੇਹਿ' ਦੇ ਅਰਥ 'ਦਿੰਦਾ ਹੈ' ਹਨ ਵਰਤਮਾਨ ਕਾਲ (present tense) ਜੋ ਹੋਇਆ।

ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ *(ਜਪੁਜੀ)*

ਸ੍ਰੀ ਜਪੁਜੀ ਸਾਹਿਬ ਦੀ ਤੁਕ ਦੇ ਵਿਚਿ ਭੀ 'ਦੇਹਿ ਦੇਹਿ' ਦੇ ਅਰਥ 'ਦੇਈ ਜਾਂਦਾ' ਹੈ। ਦਾਤਾਰੁ ਐਸੀ ਦਾਤਿ ਕਰਦਾ ਹੈ ਕਿ ਦੇਈ ਹੀ ਜਾਂਦਾ ਹੈ ਜਿਸ ਦੇ ਅਖੁਟ ਭੰਡਾਰੇ ਦੀ ਨਉਨਿਧੀ ਦਾਤ ਨਿਖੁਟਦੀ ਨਹੀਂ। ਇਸ ਜਪੁਜੀ ਸਾਹਿਬ ਦੀ ਤੁਕ ਅੰਦਰਿ 'ਦੇਹਿ ਦੇਹਿ' ਦੇ ਅਰਥ 'ਦੇਹੋ ਦੇਹੋ' ਦੇ ਨਹੀਂ। ਜੇ ਇਹ ਅਰਥ ਹੁੰਦੇ ਤਾਂ ਸਪਸ਼ਟ 'ਦੇਹੁ ਦੇਹੁ' ਪਦ ਹਾਹੇ ਔਂਕੜ ਨਾਲਿ ਵਰਤੇ ਜਾਂਦੇ। ਸੋ ਹਾਹੇ ਨੂੰ ਸਿਹਾਰੀ ਨਾਲਿ 'ਦੇਹਿ' ਪਦ ਕਿਰਿਆ ਦੇ ਅਰਥ ਗੁਰਬਾਣੀ ਅੰਦਰਿ ਸਦਾ 'ਦਿੰਦਾ ਹੈ' ਯਾ 'ਦਿਤੀ ਹੈ' ਵਰਤਮਾਨ ਕਾਲ ਕਿਰਿਆ (present tense) ਬੋਧਕ ਹਨ। ਜੈਸੇ ਕਿ ਸ੍ਰੀ ਜਪੁਜੀ ਸਾਹਿਬ ਦੀ ਪੰਗਤੀ ਅੰਦਰਿ 'ਗੁਰਾ ਇਕ ਦੇਹਿ ਬੁਝਾਈ'—ਗੁਰਾਂ ਨੇ ਇਕ ਸਿਖਿਆ ਬੁਝਾ ਦਿਤੀ ਹੈ, ਅਗੇ ਨਿਰਣੇ ਹੋ ਚੁਕਾ ਹੈ।

"ਸਭੁ ਕੋ ਆਸੈ ਤੇਰੀ ਬੈਠਾ"[1] ਸਭ ਕੋਈ ਤੇਰੀ ਆਸ ਉੱਤੇ ਬੈਠਾ ਹੈ, 'ਆਸੈ' ਦੇ ਸੱਸੇ ਨੂੰ ਦੁਲਾਈਆਂ ਏਥੇ 'ਉੱਤੇ' 'ਆਸਰੇ' ਦਾ ਭਾਵ ਰਖਦੀਆਂ ਹਨ—ਤੇਰੀ ਆਸ ਦੇ ਆਸਰੇ ਭਾਵ ਆਸ ਉੱਤੇ ਸਭ ਕੋਈ ਬੈਠਾ ਹੈ।

---

੧. ਮਾਝ ਮ: ੫, ਪੰਨਾ ੯੭.

bsrstrust.org

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ *(ਪੰਨਾ ੯੭)*

ਇਸ ਪੰਗਤੀ ਅੰਦਰਿ 'ਸਭੇ' ਪਦ 'ਸਭਿ' ਦੇ ਥਾਉਂ ਵਰਤਿਆ ਹੈ। ਭੱਭੇ ਸਿਹਾਰੀ ਨਾਲਿ 'ਸਭਿ' ਬਹੁ-ਵਚਨ ਦਾ ਬੋਧਕ ਹੈ। ਬਹੁ-ਵਚਨ ਕਰਤੇ (ਫਾਇਲ) ਦੀ ਵਰਤਮਾਨ ਕਾਲ (present tense) ਮਈ ਕਿਰਿਆ ਹੋਣ ਕਰਿ 'ਸਦਾਇਨਿ' ਪਦ ਈੜੀ ਸਿਹਾਰੀ ਅਤੇ ਨੰਨੇ ਸਿਹਾਰੀ ਨਾਲਿ ਹੈ। ਜੇ ਇਸ ਦਾ ਕਰਤਾ ਇਕ-ਵਚਨ (singular) ਹੁੰਦਾ ਤਾਂ ਇਹ ਕਿਰਿਆ ਪਦ 'ਸਦਾਇਅਨੁ' ਹੁੰਦਾ। ਐੜੇ ਅਤੇ ਨੰਨੇ ਔਂਕੜ ਨਾਲਿ ਹੁੰਦਾ। ਏਥੇ (ਇਸ ਪੰਗਤੀ ਵਿਚਿ) 'ਕਿਸੈ' ਦੇ ਅਰਥ 'ਕਿਸੇ ਨੂੰ' ਦੇ ਹਨ। ਸੱਸੇ ਦੀ ਦੂਜੀ ਲਾਂਵ (ਦੁਲਾਈ) 'ਨੂੰ' ਅਰਥ ਬੋਲਦੀ ਹੈ। 'ਦਿਸਹਿ' ਏਥੇ ਹਾਹੇ ਸਿਹਾਰੀ ਬਿੰਦੇ ਵਾਲੀ ਨਾਲਿ ਉਚਾਰਿਆ ਜਾਂਦਾ ਹੈ, ਸਨਮੁਖ ਉਚਾਰ ਕੇ ਹੁਕਮੀ (imperative) ਕਿਰਿਆ ਹੈ।

ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ ॥
ਤੂੰ ਆਪੇ ਮਨਮੁਖਿ ਜਨਮਿ ਭਵਾਇਹਿ ॥ *(ਪੰਨਾ ੯੭)*

ਪੰਗਤੀ ਦੇ 'ਕਰਾਇਹਿ' ਤੇ 'ਭਵਾਇਹਿ' ਪਦ ਕਿਰਿਆ ਦੋਵੇਂ ਹੀ ਬਿੰਦੇ ਵਾਲੀ ਹਾਹੇ ਨੂੰ ਸਿਹਾਰੀ ਨਾਲਿ ਉਠਦੇ ਹਨ, ਸਨਮੁਖ ਸੰਬੋਧਕ ਕਿਰਿਆ ਹੋਣ ਕਰ ਕੇ।

ਸਾ ਗੁਣਵੰਤੀ ਸਾ ਵਡਭਾਗਣਿ ॥
ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥
ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥ *(ਪੰਨਾ ੯੭)*

ਇਸ ਪੰਗਤੀ ਅੰਦਰਿ ਵਡਭਾਗਣਿ, ਸੀਲਵੰਤਿ, ਸੋਹਾਗਣਿ, ਰੂਪਵੰਤਿ, ਬਿਚਖਣਿ, ਆਦਿ ਪਦ ਦੇ ਛੇਕੜਲੇ ਅੱਖਰਾਂ ਨੂੰ ਜੋ ਸਿਹਾਰੀਆਂ ਲਗੀਆਂ ਹਨ ਓਹ ਬਿਹਾਰੀ ਦੀਆਂ ਅਰਥ ਬੋਧਕ ਹਨ ਅਤੇ ਬਿਹਾਰੀਆਂ ਦੇ ਥਾਉਂ ਵਰਤੀਆਂ ਗਈਆਂ ਹਨ। ਤਾਂ ਤੇ 'ਵਡਭਾਗਣਿ' ਪਦ ਵਰਤਿਆ ਗਿਆ ਹੈ 'ਵਡਭਾਗਣੀ' ਦੇ ਥਾਉਂ। 'ਸੀਲਵੰਤੀ' ਦੇ ਥਾਉਂ 'ਸੀਲਵੰਤਿ' ਅਤੇ 'ਸੁਹਾਗਣੀ' ਦੇ ਥਾਉਂ 'ਸੁਹਾਗਣਿ' ਅਤੇ 'ਰੂਪਵੰਤੀ' ਦੇ ਥਾਉਂ 'ਰੂਪਵੰਤਿ' ਅਤੇ 'ਬਿਚਖਣੀ' ਦੇ ਥਾਉਂ 'ਬਿਚਖਣਿ' ਪਦ ਵਰਤੇ ਗਏ ਹਨ। ਏਸੇ ਪ੍ਰਕਾਰ ਗੁਰਬਾਣੀ ਅੰਦਰਿ ਹੋਰ ਬਥੇਰੇ ਪਦ ਇਸਤ੍ਰੀ-ਲਿੰਗ ਵਾਚਕ ਨਾਂਵ (noun) ਆਉਂਦੇ ਹਨ ਜਿਨ੍ਹਾਂ ਦੇ ਆਖ਼ਰੀ ਅੱਖਰਾਂ ਨੂੰ ਬਿਹਾਰੀ ਦੇ ਥਾਉਂ ਸਿਹਾਰੀ ਵਰਤੀ ਗਈ ਹੈ। ਜੈਸੇ :

'ਰਿਧੀ' ਦੇ ਥਾਉਂ 'ਰਿਧਿ' ਤੇ 'ਸਿਧੀ' ਦੇ ਥਾਉਂ 'ਸਿਧਿ' ਤੇ 'ਸਾਂਤੀ' ਦੇ ਥਾਉਂ 'ਸਾਂਤਿ' ਤੇ 'ਜਾਤੀ' ਦੇ ਥਾਉਂ 'ਜਾਤਿ' ਤੇ 'ਮੁਕਤੀ' ਦੇ ਥਾਉਂ 'ਮੁਕਤਿ' ਤੇ 'ਉਤਪਤੀ' ਦੇ ਥਾਉਂ 'ਉਤਪਤਿ' ਤੇ 'ਭਗਤੀ' ਦੇ ਥਾਉਂ 'ਭਗਤਿ' ਤੇ 'ਬੁਧੀ' ਦੇ ਥਾਉਂ 'ਬੁਧਿ' ਤੇ 'ਸੁਧੀ' ਦੇ ਥਾਉਂ 'ਸੁਧਿ' ਤੇ 'ਅਗਨੀ' ਦੇ ਥਾਉਂ 'ਅਗਨਿ' ਤੇ 'ਪ੍ਰੀਤੀ' ਦੇ ਥਾਉਂ 'ਪ੍ਰੀਤਿ' ਤੇ 'ਗੀਤੀ' ਦੇ ਥਾਉਂ 'ਗੀਤਿ' ਤੇ 'ਸੁਰਤੀ' ਦੇ ਥਾਉਂ 'ਸੁਰਤਿ' ਤੇ 'ਸ੍ਰਿਸਟੀ' ਦੇ ਥਾਉਂ 'ਸ੍ਰਿਸਟਿ' ਤੇ 'ਪਰਾਲੀ' ਦੇ ਥਾਉਂ 'ਪਰਾਲਿ' ਤੇ 'ਕਾਮਣੀ' ਦੇ ਥਾਉਂ 'ਕਾਮਣਿ' ਤੇ 'ਰਾਸੀ' ਦੇ ਥਾਉਂ 'ਰਾਸਿ' ਤੇ 'ਜੁਗਤੀ' ਦੇ ਥਾਉਂ 'ਜੁਗਤਿ' ਤੇ 'ਤ੍ਰਿਪਤੀ' ਦੇ ਥਾਉਂ

bsrstrust.org

'ਤ੍ਰਿਪਤਿ' ਤੇ 'ਅਤੀ' ਦੇ ਥਾਉਂ 'ਅਤਿ' ਤੇ 'ਬਿਧੀ' ਦੇ ਥਾਉਂ 'ਬਿਧਿ' ਤੇ 'ਪਰਤੀਤੀ' ਦੇ ਥਾਉਂ 'ਪਰਤੀਤਿ' ਤੇ 'ਭ੍ਰਾਂਤੀ' ਦੇ ਥਾਉਂ 'ਭ੍ਰਾਂਤਿ' ਤੇ 'ਪ੍ਰਭਾਤੀ' ਦੇ ਥਾਉਂ 'ਪ੍ਰਭਾਤਿ' ਤੇ 'ਬਿਪ੍ਰੀਤੀ' ਦੇ ਥਾਉਂ 'ਬਿਪ੍ਰੀਤਿ' ਤੇ 'ਗਤੀ' ਦੇ ਥਾਉਂ 'ਗਤਿ' ਤੇ 'ਧੁਨੀ' ਦੇ ਥਾਉਂ 'ਧੁਨਿ' ਤੇ 'ਮੁਨੀ' ਦੇ ਥਾਉਂ 'ਮੁਨਿ' ਤੇ 'ਰੁਤੀ' ਦੇ ਥਾਉਂ 'ਰੁਤਿ' ਤੇ ਹੋਰ ਐਸੇ ਅਨੇਕਾਂ ਪਦ ਹਨ, ਅਤੇ ਐਸੇ ਪਦ ਭੀ ਹਨ ਜੋ ਪ੍ਰਥਾਇ (ਕਿਸੇ ਦੇ ਥਾਉਂ) ਤਾਂ ਨਹੀਂ ਵਰਤੇ ਜਾਂਦੇ ਪਰ ਹਨ ਇਸਤ੍ਰੀ-ਲਿੰਗ ਵਿਚਿ ਪਿਛਲੇ ਅੱਖਰ ਸਿਹਾਰੀ ਵਾਲੇ ਨਾਲ ਜੈਸੇ :

'ਭਾਤਿ', 'ਪਤਿ', 'ਹਾਰਿ', 'ਕੀਮਤਿ', 'ਜੋਤਿ', 'ਜਤਿ', 'ਦਾਤਿ', 'ਰੈਣਿ', 'ਨਦਰਿ', 'ਸੰਗਤਿ', 'ਪੰਗਤਿ', 'ਅਰਦਾਸਿ', 'ਸਾਬਾਸਿ', 'ਮੁਹਬਤਿ', 'ਕੁਦਰਤਿ', 'ਭੀਤਿ', 'ਰਹਰਾਸਿ', 'ਸੁਰਤਿ', 'ਮਤਿ', 'ਮੁਸਕਤਿ' ਆਦਿ ਅਜੇਹੇ ਪਦ ਭੀ ਹਨ ਜਿਨ੍ਹਾਂ ਦੇ ਪਿਛਲੇ ਅੱਖਰਾਂ ਨੂੰ ਸਿਹਾਰੀ ਲਗਾਣ ਕਰਕੇ ਇਸਤ੍ਰੀ-ਲਿੰਗ ਹਨ ਅਤੇ ਪਿਛਲੇ ਅੱਖਰ ਬਿਹਾਰੀ ਵਾਲੇ ਇਸਤ੍ਰੀ-ਲਿੰਗ ਪਦ ਪ੍ਰਥਾਇ ਭੀ ਨਹੀਂ ਵਰਤੇ ਜਾਂਦੇ। ਅਜੇਹੇ ਪਦਾਂ ਤੋਂ ਛੁਟ ਅਜੇਹੇ ਇਸਤ੍ਰੀ-ਲਿੰਗ ਪਦ ਭੀ ਗੁਰਬਾਣੀ ਅੰਦਰਿ ਅਨੇਕਾਂ ਆਉਂਦੇ ਹਨ ਜਿਨ੍ਹਾਂ ਦੇ ਪਿਛਲੇ ਅੱਖਰ ਮੁਕਤੇ ਹੁੰਦੇ ਹਨ। ਨਾ ਹੀ ਸਿਹਾਰੀ ਸਹਿਤ ਹੁੰਦੇ ਹਨ। ਜੈਸੇ :

ਵੈਲ, ਭੁਖ, ਭੂਖ, ਮਾਰ, ਬਖਸੀਸ, ਠੀਸ, ਰੀਸ, ਟਕਸਾਲ, ਪਿਆਸ, ਟੇਕ, ਟਹਲ, ਅਉਧ, ਵਾਦ, ਪੂਜ, ਆਸ, ਕੰਧ, ਸਿਆਣਪ, ਢਿੱਲ, ਲਿੱਲ, ਬਾਂਹ, ਤਿਖ, ਧਿਰਕਾਰ, ਸਰਕਾਰ, ਕਾਰ, ਕਹਰ, ਪੁਕਾਰ, ਪੂਕਾਰ, ਸਾਰ, ਲਿਵ, ਬੂਝ, ਸੂਝ, ਸੇਵ, ਬਖਸ, ਗਲ, ਕਲ, ਨੀਂਦ, ਕੀਮ, ਕੂੰਜ, ਪੀੜ, ਗਣਤ, ਠਾਕ, ਫਾਸ, ਮੇਹਰ, ਧੀਰ, ਗਿਰਸਤ, ਘਾਲ, ਵਾਰ, ਬਾਰ, ਪੁਛ, ਪੂਛ, ਜੀਤ, ਕੂਕ, ਪੈਜ, ਲਾਜ, ਖੇਪ, ਇੱਛ, ਅਵਧ, ਬੇਦਨ, ਵੇਦਨ, ਬੂੰਦ, ਰਟ, ਸਟ, ਵਾਤ, ਬਾਤ, ਨਿਬਾਤ, ਓਟ, ਮੂਰਤ, ਮਹੂਰਤ, ਏਹ, ਖੇਹ, ਕੁਲ, ਸਿਖਾ, ਲਿਵਤਾਰ, ਇਤਿ ਆਦਿਕ ਇਸਤ੍ਰੀ-ਲਿੰਗ ਵਾਚਕ ਨਾਂਵ ਪਦ ਹਨ ਜਿਹਨਾਂ ਦੇ ਪਿਛਲੇ ਅੱਖਰ ਮੁਕਤੇ ਹੀ ਆਉਣਗੇ। ਏਹ ਸਭਿ ਇਕ-ਵਚਨ (singular) ਗਿਣਤੀਏ ਹੀ ਹਨ ਅਤੇ ਏਦੂੰ ਉਪਰਲੇ ਅਰਥਾਤ ਇਸ ਤੋਂ ਪਹਿਲਾਂ ਦਿਤੇ ਹੋਏ ਪਿਛਲੇ ਆਖ਼ਰੀ ਸਿਹਾਰੀ ਸਹਿਤੀਏ ਪਦ ਭੀ ਇਕ-ਵਚਨੀ (singular) ਹੀ ਹਨ।

ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ॥
ਕਰਉ ਬਿਨੰਤੀ ਮਾਨੁ ਤਿਆਗਉ ॥
ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ ॥ *(ਪੰਨਾ ੯੯)*

ਇਸ ਗੁਰ ਵਾਕ ਦੁਪੰਗਤੀ ਅੰਦਰਿ 'ਪਹਿ' ਪਦ ਦੇ ਅਰਥ ਹਨ 'ਪਾਸੋਂ'। 'ਮਾਂਗਉ', 'ਤਿਆਗਉ' ਦੇ ਅਰਥ ਹਨ ਮੈਂ ਮੰਗਾਂ, ਮੈਂ ਮੰਗਦਾ ਹਾਂ, ਮੈਂ ਤਿਆਗਾਂ, ਮੈਂ ਤਿਆਗਦਾ ਹਾਂ। ਬੇਨਤੀ ਰੂਪ ਕਿਰਿਆ ਵਾਲੇ ਪਦ ਅਕਸਰ ਬਿੰਦੀ ਸਹਿਤ ਊੜੇ ਔਂਕੜ ਨਾਲਿ ਆਉਂਦੇ ਹਨ ਅਤੇ ਕਈ ਵਾਰ ਬਿੰਦੀ ਸਹਿਤ ਬਿਹਾਰੀ ਵਾਲੀ ਈੜੀ ਭੀ ਇਹੀ ਉਪਰਲੇ ਭਾਵ ਵਾਲਾ ਬਿਨੈ ਕਿਰਿਆ ਬੋਧਕੀ ਅਰਥ ਦਿੰਦੀ ਹੈ। 'ਵਾਰਿ ਵਾਰਿ ਜਾਈ'—ਮੈਂ ਵਾਰਿ ਵਾਰਿ ਜਾਵਾਂ, ਵਾਰੀ ਵਾਰੀ ਜਾਂਦੀ ਹਾਂ, ਵਾਰਨੇ ਬਲਿਹਾਰਨੇ ਜਾਂਦੀ ਹਾਂ। ਬੇਨਤੀ ਕਿਸ ਗੱਲ ਨਮਿਤ ਹੈ ? "ਦੇਹੁ ਸੰਤਨ ਕੀ ਧੂਰਾ ਜੀਉ" ਤਾਂ ਤੇ

bsrstrust.org

ਸਪਸ਼ਟ ਸਿਧ ਹੋਇਆ ਕਿ ਮੁਖ ਬੇਨਤੀ ਸਿਧਾਂਤੀ ਕਿਰਿਆ 'ਦੇਹੁ' ਦੇ ਰੂਪ ਵਿਚਿ ਹੀ ਆਉਂਦੀ ਹੈ, ਭਾਵ ਬੇਨਤੀ ਰੂਪ ਕਿਰਿਆ ਦਰਸਾਉਣ ਹਿਤ 'ਦੇਹੁ' ਦੇ ਹਾਹੇ ਨੂੰ ਔਂਕੜ ਹੀ ਆਵੇਗਾ, ਸਿਹਾਰੀ ਨਹੀਂ ਹੋਵੇਗੀ। ਇਹ ਨਿਯਮ ਸਮਝੋ।

ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥
ਜਨਮੁ ਪਦਾਰਥੁ ਗਹਿਰ ਗੰਭੀਰੈ ॥ *(ਪੰਨਾ ੧੦੧)*

ਦੁਪੰਗਤੀ ਅੰਦਰਿ 'ਮੇਰੈ' ਦੇ ਅਰਥ 'ਮੇਰੇ ਲਈ', 'ਮੇਰੇ ਭਾਣੇ' ਹਨ। 'ਮੇਰੈ' ਦੇ ਰਾਰੇ ਦੀ ਦੂਜੀ ਲਾਂਵ 'ਲਈ' ਦੇ ਅਰਥ ਦਰਸਾਉਂਦੀ ਹੈ। ਅਰਥ ਪਹਿਲੀ ਪੰਗਤੀ ਦਾ ਬਣਦਾ ਹੈ—ਹਰਿ ਹਰਿ ਨਾਮੁ ਹੀ ਮੇਰੇ ਲਈ (ਮੇਰੇ ਭਾ ਦਾ) ਨਿਧੀਆਂ ਸਿਧੀਆਂ ਰਿਧੀਆਂ ਹਨ। ਨਾਮ ਹੀ ਨਿਧਿ ਰੂਪ ਹੈ, ਨਾਮ ਹੀ ਸਿਧਿ ਰੂਪ ਹੈ ਤੇ ਨਾਮ ਹੀ ਰਿਧਿ ਰੂਪ ਹੈ।

ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ ॥

ਭਾਈ ਗੁਰਦਾਸ ਦੇ ਵਾਕ ਵਾਲਾ ਭਾਵ ਏਥੇ ਠੀਕ ਢੁਕਦਾ ਹੈ ਤਾਂ ਤੇ ਸ਼ਬਦਾਰਥੀ ਗਿਆਨ ਅਰਥੀਆਂ ਦੇ ਅਰਥ ਏਥੇ ਢੁਕਦੇ ਨਹੀਂ ਜੈਸਾ ਕਿ ਓਹ ਇਉਂ ਅਰਥ ਕਰਦੇ ਹਨ—ਨੌ ਨਿਧੀਆਂ (ਕੀਮਤੀ ਚੀਜ਼ਾਂ ਦੇ ਖ਼ਜ਼ਾਨੇ) ਅਠਾਰਾਂ ਸਿਧੀਆਂ (ਕਰਾਮਾਤੀ ਸ਼ਕਤੀਆਂ) ਅਤੇ ਰਿਧੀਆਂ (ਧਨ ਸੰਪਦਾ) ਮੇਰੇ ਹਰੀ ਪਾਸ ਹਨ। 'ਹਰਿ ਹਰਿ ਮੇਰੈ' ਦੇ ਅਰਥ ਉਹ 'ਮੇਰੇ ਹਰੀ ਪਾਸ ਹਨ' ਕਰਦੇ ਹਨ। 'ਹਰਿ ਹਰਿ' ਦੇ ਨਾਲਿ ਓਹ ਗਿਆਨੀ ਲੋਗ 'ਮੇਰੈ' ਨੂੰ ਸੰਬੰਧਤ ਕਰਕੇ ਇਕੱਠਾ ਪਾਠ 'ਹਰਿ ਹਰਿ ਮੇਰੈ' ਕਰਦੇ ਹਨ। 'ਮੇਰੈ' ਪਾਠ ਏਥੇ 'ਹਰਿ ਹਰਿ' ਪਾਠ ਤੋਂ ਸੁਤੰਤਰ ਹੈ ਅਤੇ ਸੁਤੰਤਰ ਹੀ ਉਚਾਰਣਾ ਯੋਗ ਹੈ। ਦੂਜੇ ਇਹ ਪੱਕਾ ਨਿਯਮ ਗੁਰਬਾਣੀ ਅੰਦਰਿ ਆਉਂਦਾ ਹੈ ਕਿ ਜਿਥੇ ਕਿਤੇ 'ਹਰਿ ਹਰਿ' ਪਾਠ ਦੋ ਬਾਰ ਯਾ ਇਕ ਬਾਰ ਤੋਂ ਬਹੁ ਬਾਰ ਆਵੇ ਉਥੇ ਇਸ ਬਹੁ ਬਾਰ ਆਏ ਪਾਠ 'ਹਰਿ ਹਰਿ' ਪਾਠ ਤੋਂ ਬਾਰੰਬਾਰ ਜਪਣ ਵਾਲੇ 'ਹਰੀ ਨਾਮ' ਤੋਂ ਮੁਰਾਦ ਹੁੰਦੀ ਹੈ। 'ਨਾਮ' ਵਾਲੇ 'ਨਾਮੀ ਹਰੀ' ਤੋਂ ਨਹੀਂ ਹੁੰਦੀ। ਤਾਂ ਤੇ 'ਮੇਰੈ' ਪਦ ਨੂੰ 'ਹਰਿ ਹਰਿ' ਤੋਂ ਸੁਤੰਤਰ ਰਖ ਕੇ 'ਹਰਿ ਹਰਿ' ਦੇ ਅਰਥ 'ਹਰੀ ਨਾਮ' ਹੀ ਠੀਕ ਫਬਦੇ ਹਨ ਤੇ ਠੀਕ ਢੁਕਦੇ ਹਨ। ਅਤੇ ਸਾਰੀ ਪੰਗਤੀ ਦੇ ਅਰਥ ਭੀ ਏਵੇਂ ਹੀ ਸਪਸ਼ਟ ਹੁੰਦੇ ਹਨ—'ਹਰਿ ਹਰਿ ਨਾਮੁ ਹੀ ਮੇਰੇ ਲਈ ਨਿਧੀਆਂ ਸਿਧੀਆਂ ਰਿਧੀਆਂ ਰੂਪ ਹੈ'। ਅਤੇ ਦੂਜੀ ਪੰਗਤੀ ਦਾ ਅਰਥ ਇਉਂ ਠੀਕ ਵਾਰਾ ਖਾਂਦਾ ਹੈ:—ਮਨੁੱਖਾ ਜਨਮੁ ਰੂਪੀ ਪਦਾਰਥੁ ਸਾਰਾ ਗਹਿਰ ਗੰਭੀਰ ਵਾਹਿਗੁਰੂ ਗੋਚਰਾ ਹੀ ਹੈ। ਨਾਮ ਜਪ ਕੇ ਨਾਮੀ ਦਾ ਅਰਥ ਲਾਇਆ ਹੀ ਪਰਵਾਣ ਹੈ। 'ਗਹਿਰ ਗੰਭੀਰੈ' ਦੇ ਪਿਛਲੇ ਰਾਰੇ ਦੀਆਂ ਦੁਲਾਈਆਂ ਦਾ ਅਰਥ 'ਨਮਿਤ', 'ਗੋਚਰਾ' ਹੈ ਏਥੇ। 'ਪਾਸ' ਨਹੀਂ। 'ਗਹਿਰ ਗੰਭੀਰੈ' ਪਦ ਏਥੇ ਇਕੱਠਾ ਉਠਾਉਣਾ ਹੈ। 'ਗੰਭੀਰੈ' ਪਦ ਨਾਲੋਂ 'ਗਹਿਰ' ਪਦ ਛੇਦਤ (ਛੇਦ ਕੇ) ਨਹੀਂ ਉਠਾਉਣਾ। ਸਾਂਝਾ ਉਠਾਉਣਾ ਹੈ ਕਿਉਂਕਿ ਇਸ ਸੰਮਿਲਤ ਪਦ ਦੇ ਰਾਰੇ ਦੀਆਂ ਦੁਲਾਈਆਂ ਸਾਂਝੀਆਂ ਹਨ। ਤਾਂ ਤੇ ਪਦ 'ਗਹਿਰਗੰਭੀਰੈ' ਜੁੜਤ ਪਦ (compound word) ਹੈ, ਛੇਦਤ ਨਹੀਂ। ਏਦੂੰ ਇਕ ਛਡ ਕੇ ਅਗਲੀ ਤੁਕ "ਅਗਮ ਅਗੋਚਰੁ ਸੁਆਮੀ ਅਪੁਨਾ ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥" ਅੰਦਰਿ ਭੀ 'ਅਗਮਅਗੋਚਰੁ' ਜੁੜਤ ਪਦ

(compound word) ਹੈ, ਕਿਉਂਕਿ ਇਸਦੇ ਅਖ਼ੀਰਲੇ ਅੱਖਰ ਰਾਰੇ ਨੂੰ ਸਾਵਾਂ ਔਂਕੜ ਲਗਿਆ ਹੋਇਆ ਹੈ। ਜੇ ਵਖੋ ਵਖ ਹੁੰਦਾ ਤਾਂ 'ਅਗਮ' ਦੇ ਮੰਮੇ ਨੂੰ ਭੀ ਔਂਕੜ ਜ਼ਰੂਰ ਲਗਿਆ ਹੁੰਦਾ ਅਤੇ ਇਹ ਪਦ 'ਅਗਮ' ਔਂਕੜ ਸਹਿਤ ਉਠਦਾ ਜੈਸਾ ਕਿ ਗੁਰਬਾਣੀ ਅੰਦਰਿ ਨਿਯਮ ਲਗਾਤਾਰੀ ਹੈ।

ਜਾਕਉ ਖੋਜਹਿ ਸਰਬ ਉਪਾਏ ॥
ਵਡਭਾਗੀ ਦਰਸਨੁ ਕੋ ਵਿਰਲਾ ਪਾਏ ॥ *(ਪੰਨਾ ੧੦੧)*

ਦੁਪੰਗਤੀ ਅੰਦਰਿ ਪਹਿਲੀ ਪੰਗਤੀ ਵਿਚਿ 'ਸਰਬ ਉਪਾਏ' ਦੇ ਅਰਥ—ਸਾਰੇ ਉਪਾਵਾਂ ਨਾਲ ਹੀ ਕਰਨੇ ਠੀਕ ਨਹੀਂ ਜੈਸੇ ਕਿ ਸ਼ਬਦਾਰਥੀਏ ਸਜਣ ਕਰਦੇ ਹਨ। ਕਿਉਂਕਿ ਇਉਂ ਅਰਥ ਕਰਨ ਨਾਲ 'ਖੋਜਹਿ' ਵਰਤਮਾਨ ਕਾਲ (present tense) ਕਿਰਿਆ ਦਾ (ਫਾਇਲ) ਕਰਤਾ ਕੀਹਨੂੰ ਬਣਾਉਗੇ ? ਕਰਤੇ (ਫਾਇਲ) ਬਿਨਾ ਇਕੱਲਾ ਫੇਅਲ (verb) (ਕਿਰਿਆ) ਕੋਈ ਅਰਥ ਨਹੀਂ ਰਖ ਸਕਦਾ। ਤਾਂ ਤੇ 'ਸਰਬ ਉਪਾਏ' ਤੋਂ ਭਾਵ ਸਰਬੱਗ ਵਾਹਿਗੁਰੂ ਦੇ ਉਪਾਏ ਹੋਏ ਸਾਰੇ ਅਲਪਗ ਇਨਸਾਨ ਹਨ। 'ਖੋਜਹਿ' ਕਿਰਿਆਵੀ ਪਦ ਦੇ ਹਾਹੇ ਨੂੰ ਬਿੰਦੀ ਸਹਿਤ ਸਿਹਾਰੀ ਲਗੀ ਹੋਣ ਕਰਕੇ ਇਹ 'ਖੋਜਹਿ' ਪਦ ਬਹੁ-ਵਚਨ ਕਿਰਿਆ (plural verb) ਹੈ, (plural present tense verb) ਹੈ। ਤਾਂ ਤੇ ਪਹਿਲੀ ਸਾਰੀ ਪੰਗਤੀ ਦੇ ਅਰਥ ਦੂਜੀ ਪੰਗਤੀ ਦੇ ਅਰਥਾਂ ਨਾਲਿ ਅਰਥਾਇਕੇ ਖ਼ੂਬ ਠੀਕ ਢੁਕ ਗਏ। ਜੈਸਾ ਕਿ ਜਿਸੁ ਸਰਬਗ ਵਾਹਿਗੁਰੂ ਕਰਤੇ ਪੁਰਖ ਨੂੰ ਉਸ ਦੇ ਉਪਾਏ ਹੋਏ (ਕੀਤੇ ਹੋਏ) ਸਾਰੇ ਅਲਪਗ ਇਨਸਾਨ ਖਜਦੇ (ਖੋਜਦੇ ਫਿਰਦੇ) ਹਨ ਉਸਦਾ ਦਰਸ਼ਨ ਵੱਡੇ ਭਾਗਾਂ ਕਰਕੇ ਕੋਈ ਵਿਰਲਾ ਹੀ ਪਾਏ ਤਾਂ ਪਾਏ। ਜਣੇ ਕਣੇ ਦੀ ਕੀ ਜਾਇ ਹੈ ? ਕੀ ਪ੍ਰੋਖੋਂ ਹੈ ਦਰਸ਼ਨ ਪਾਉਣ ਦੀ ? ਗੁਰੂ ਘਰ ਦੇ ਵਿਰਲੇ ਵਰੋਸਾਏ ਗੁਰਮੁਖਿ ਜਨ ਨੂੰ ਹੀ ਵਾਹਿਗੁਰੂ ਦਾ ਦਰਸ਼ਨ ਪ੍ਰਾਪਤਿ ਹੋ ਸਕਦਾ ਹੈ। ਐਰੇ ਗੈਰੇ ਨੂੰ ਨਹੀਂ। ਜਿਸਦੇ ਵੱਡੇ ਭਾਗ ਉਦੇ ਹੋਣ ਤਾਂ ਉਹ ਗੁਰੂ ਦੁਆਰੈ ਹੋਇਕੈ ਸਾਹਿਬੁ ਸੰਮਾਲੇ ਤਾਂ ਦਰਸ਼ਨ ਨਸੀਬ ਹੋਣ ਦਾ ਧੁਰਵਾ (ਅਵਸਰ) ਬਝਦਾ ਹੈ। ਕੱਕੇ ਨੂੰ ਹੋੜੇ ਵਾਲੇ 'ਕੋ' ਦੇ ਅਰਥ 'ਕੋਈ' ਹਨ। ਅਤੇ 'ਜਾਕਉ' ਸਬੰਧਕੀ 'ਕਉ' ਕੱਕੇ ਨੂੰ ਉਠਾਉਣ ਵਾਲੇ 'ਕਉ' ਦੇ ਅਰਥ 'ਨੂੰ' ਹਨ। 'ਜਾਕਉ' 'ਜਿਸ ਨੂੰ' ਦੇ ਅਰਥ ਦਿੰਦਾ ਹੈ।

(੫੮) ਦੁਲੈਂਕੜਿਆਂ ਦਾ ਨਿਯਮ

ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ ॥
ਪ੍ਰਭੁ ਦਇਆ ਤੇ ਮੰਗਲੁ ਗਾਵਉ ॥
ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ ॥੧॥੧੭॥੨੪॥
(ਮਾਝ ਮ: ੫, ਪੰਨਾ ੧੦੧)

ਇਸ ਗੁਰਵਾਕ ਪਦ ਅੰਦਰਿ 'ਪ੍ਰਭ ਕਿਰਪਾ' ਦੀ ਦੁਲਫ਼ਜ਼ੀ ਵਿਚਿ ਜੋ 'ਪ੍ਰਭ' ਲਫ਼ਜ਼ ਔਂਕੜ ਬਿਹੂਣ ਮੁਕਤਾ ਇਸ ਕਰਕੇ ਹੈ ਕਿ 'ਪ੍ਰਭੁ ਕਿਰਪਾ' ਪ੍ਰਭੁ ਦੀ ਕਿਰਪਾ ਦਾ ਅਰਥ ਦਿੰਦਾ ਹੈ। 'ਦੀ' ਸੰਬੰਧਕੀ ਪਦ (preposition) ਮਹਿਜ਼ੂਫ ਹੋਣ ਕਰਕੇ

bsrstrust.org

ਪ੍ਰਭ ਦੇ ਭੱਭੇ ਨਾਲੋਂ ਔਂਕੜ ਉਡ ਗਇਆ ਹੈ। 'ਧਿਆਵਉ' ਤੋਂ ਪਹਿਲਾਂ ਦੋ ਵਾਰ 'ਹਰਿ ਹਰਿ' ਆਉਣਾ ਸਿੱਧ ਕਰਦਾ ਹੈ ਕਿ 'ਹਰਿ ਹਰਿ ਧਿਆਵਉ' ਤੋਂ ਭਾਵ ਹਰਿ ਹਰਿ ਨਾਮ ਧਿਆਉਣ ਦਾ ਹੈ। 'ਧਿਆਵਉ' ਅਤੇ 'ਗਾਵਉ' ਦੇ ਪਿਛਲੇ ਅੱਖਰ ਊੜੇ ਔਂਕੜ ਨੂੰ, ਬਿੰਦੇ ਸਹਿਤ ਉਠਾਉਣਾ ਹੈ। ਤਾਂ ਤੇ ਏਹਨਾਂ ਦੋਹਾਂ ਕਿਰਿਆਵੀ ਪਦਾਂ ਦੇ ਅਰਥ—ਮੈਂ ਧਿਆਵਾਂ, ਮੈਂ ਗਾਵਾਂ ਬਣਦੇ ਹਨ। ਸਮੁੱਚਾ ਭਾਵ ਅਰਥ ਹੈ ਕਿ ਪ੍ਰਭੂ ਦੀ ਕਿਰਪਾ ਹੋਵੇ ਤਾਂ ਵਾਹਿਗੁਰੂ ਨਾਮ ਧਿਆਇਆ ਜਾ ਸਕਦਾ ਹੈ। ਪ੍ਰਭੂ ਦੀ ਦਇਆ ਹੋਵੇ ਤਾਂ ਉਸਦਾ ਮੰਗਲ (ਜਸੁ) ਗਾਇਆ ਜਾ ਸਕਦਾ ਹੈ। 'ਪ੍ਰਭੂ ਦਇਆ' ਦੁਲਫ਼ਜ਼ੀ ਵਿਚਿ 'ਪ੍ਰਭੂ' ਪਦ (ਲਫ਼ਜ਼) ਦੇ ਭੱਭੇ ਨੂੰ ਦੁਲੈਂਕੇ ਲਗੇ ਹੋਏ ਹਨ। ਇਸ ਕਾਰਨ ਕਰਕੇ ਪਦ ਭੱਭੇ ਦੇ ਦੁਲੈਂਕਿਆਂ ਸਹਿਤ ਆਪਣੇ ਅਸਲੀ ਰੂਪ ਵਿਚਿ ਸਾਮਾ (ਜਿਉਂ ਦਾ ਤਿਉਂ) ਹੀ ਕਾਇਮ ਰਹਿ ਗਿਆ। ਗੁਰਬਾਣੀ ਅੰਦਰਿ ਇਹ ਪੱਕਾ ਨਿਯਮ ਹੈ ਕਿ ਦੁਲੈਂਕੜੇ ਸਦਾ ਕਾਇਮ ਰਹਿਣਗੇ। ਭਾਵੇਂ ਦੁਲੈਂਕੜਿਆਂ ਵਾਲੇ ਪਦ ਦੇ ਅਗੇ ਸੰਬੰਧਕੀ (prepositions) ਪਦ ਕਿੰਨੇ ਹੀ ਹੋਣ।

ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ ॥

ਇਸ ਪੰਗਤੀ ਵਿਚਿ ਪਹਿਲੇ ਚਾਰ ਪਦ ਉਠਦੇ ਹੋਏ, ਬਹਿੰਦੇ ਹੋਏ, ਸਉਂਦੇ (ਲੰਮੇ ਪੈਂਦੇ) ਹੋਏ, ਜਾਗਦੇ ਹੋਏ ਦਾ ਅਰਥ ਰਖਦੇ ਹਨ। ਇਸ ਪ੍ਰਕਾਰ ਕਿਰਿਆ ਰਮਨੀ ਪਦ ਸਾਰੇ ਏਸੇ ਸ਼ਕਲ ਵਿਚਿ ਆਉਂਦੇ ਹਨ। ਏਹਨਾਂ ਦੇ ਪਿਛਲੇ ਤੱਤੇ ਮੁਕਤੇ ਹੀ ਆਉਣਗੇ। ਏਸੇ ਤਰ੍ਹਾਂ ਸਿਮਰਤ, ਪੇਖਤ, ਭੇਟਤ, ਆਦਿ। 'ਅਵਰਦਾ' (ਆਰਬਲਾ ਦੇ ਅਰਥਾਂ ਵਿਚਿ) ਅੰਦਰਿ ਇਸਤ੍ਰੀ-ਲਿੰਗ ਹੋਣ ਕਰਕੇ 'ਸਗਲ' ਦਾ ਲੱਲਾ ਮੁਕਤਾ ਹੈ।

ਜਿਥੇ ਵਾਹਿਗੁਰੂ ਬੋਧਕ ਕੋਈ ਪਦ ਅਦਬ ਅਧੀਨ ਵਰਤਿਆ ਹੋਵੇ ਉਥੇ ਉਹ ਇਕ-ਵਚਨ ਦੇ ਥਾਉਂ ਬਹੁ-ਵਚਨ ਦੇ ਰੂਪ ਵਿਚਿ ਆਉਂਦਾ ਹੈ। ਯਥਾ :

ਭਏ ਕ੍ਰਿਪਾਲ ਗੋਵਿੰਦ ਗੁਸਾਈ ॥ *(ਪੰਨਾ ੧੦੫)*

ਏਥੇ 'ਗੋਵਿੰਦ' ਅਦਬ ਵਜੋਂ ਬਹੁ-ਵਚਨ ਦੇ ਰੂਪ ਵਿਚਿ ਲਿਖਿਆ ਹੈ। ਇਸ ਕਰਕੇ ਇਸਦੇ ਦੱਦੇ ਨਾਲਿ ਔਂਕੜ ਨਹੀਂ ਆਇਆ। ਅਤੇ ਅਦਬ ਕਰਕੇ 'ਭਏ' ਬਹੁ-ਵਚਨ ਕਿਰਿਆ ਵਿਚਿ ਈੜੀ ਨੂੰ ਲਾਂਵ ਲਗੀ। ਨਹੀਂ ਤਾਂ ਦੱਦੇ ਔਂਕੜ ਵਾਲਾ 'ਗੋਵਿੰਦ' ਪਦ ਅਤੇ 'ਭਏ' ਦੇ ਥਾਉਂ 'ਭਇਆ' ਆਉਂਦਾ। ਕਿਰਿਆ ਵਾਚੀ ਪਦ ਵੀ ਅਦਬ ਵਜੋਂ ਬਹੁ-ਵਚਨ ਰੂਪ ਵਿਚਿ ਆਉਂਦੇ ਹਨ ਅਤੇ ਵਿਸ਼ੇਸ਼ਣ ਭੀ ਅਦਬ ਰੂਪ ਵਜੋਂ ਬਹੁ-ਵਚਨ ਵਿਚਿ ਹੀ ਆਉਂਦੇ ਹਨ। ਏਥੇ 'ਭਏ ਕ੍ਰਿਪਾਲ' ਏਸ ਪੰਗਤੀ ਅੰਦਰਿ ਲੱਲੇ ਮੁਕਤੇ ਨਾਲ ਦਾ ਬਹੁ-ਵਚਨਕ ਅਦਬੀ ਰੂਪ ਲਖਾਉਂਦਾ ਹੈ। 'ਗੁਸਾਈ' ਭੀ ਏਥੇ ਅਦਬ ਵਜੋਂ ਬਹੁ-ਵਚਨ ਰੂਪ ਵਿਚਿ ਹੀ ਹੈ ਪਰ ਇਸ ਦੇ ਪਿਛਲੇ ਅੱਖਰ ਨੂੰ ਈੜੀ ਲਗੀ ਹੋਣ ਕਰਕੇ ਇਸ ਦੀ ਰੂਪਕ ਲਿਖਤ ਨਹੀਂ ਬਦਲੀ ਕੇਵਲ ਔਂਕੜ ਪਿਛਲੇ ਲਿਖੇ ਪਦ ਦਾ ਹੀ ਬਦਲਿਆ ਹੈ। "ਗੋਸਾਈ ਮਿਹੰਡਾ ਇਠੜਾ"[1] ਏਥੇ ਇਕ-ਵਚਨਕ

---

੧. ਸਿਰੀਰਾਗੁ ਮ: ੫, ਪੰਨਾ ੭੩.

'ਗੁਸਾਈ' ਹੈ ਅਤੇ ''ਭਏ ਕ੍ਰਿਪਾਲ ਗੋਬਿੰਦ ਗੁਸਾਈ'' ਵਿਚਿ 'ਗੁਸਾਈ' ਬਹੁ-ਵਚਨ ਹੈ। ਪਰ ਲਿਖਤ ਰੂਪ ਦੀ ਅਦਲਾ ਬਦਲੀ ਨਹੀਂ ਹੋਈ। ਸਾਮਾਨ ਹੀ ਹੈ।

ਜਾਕੀ ਸਰਣਿ ਪਇਆ ਗਤਿ ਪਾਈਐ ॥ *(ਪੰਨਾ ੧੦੬)*

ਜਿਸ ਦੀ ਸਰਣ ਪੈਣ ਕਰਕੇ ਗਤੀ ਪਾਈਦੀ ਹੈ (ਪ੍ਰਾਪਤੀ ਹੁੰਦੀ ਹੈ) 'ਪਇਆਂ' ਏਥੇ ਬਿੰਦੀ ਸਹਿਤ ਐੜੇ ਕੰਨੇ ਨਾਲਿ ਉਠਦਾ ਹੈ ਅਤੇ ਏਸੇ ਕਰਕੇ 'ਪੈਣ ਕਰਕੇ' ਦਾ ਅਰਥ ਦਿੰਦਾ ਹੈ। ਬਿੰਦੀ ਬਿਹੂਣ 'ਪਇਆ' ਉਠਾਉਣ ਤੇ ਅਰਥ ਹੀ ਉਲਟ ਪੁਲਟ ਹੋ ਜਾਂਦਾ ਹੈ।

ਮਾਝ ਮਹਲਾ ੫ ਅੰਕ ਨੰਬਰ ੪॥੩੪॥੪੧॥ ਵਾਲੇ ਸ਼ਬਦ ਗੁਰਵਾਕ ਦੀਆਂ ਚੌਹਾਂ ਪੰਗਤੀਆਂ ਦੇ ਚੌਹਾਂ ਪਿਛਲੇ ਪਦਾਂ 'ਠਾਈ, ਮਨਾਈ, ਜਾਈ, ਧਿਆਈ' ਕਿਰਿਆ ਪਦ ਦੀਆਂ ਬਿਹਾਰੀ ਸਹਿਤ ਈੜੀਆਂ ਨੂੰ ਬਿੰਦੇ ਉਠਦੇ ਹਨ। ਏਹਨਾਂ ਵਿਚੋਂ ਪਹਿਲਾ ਅਤੇ ਤੀਜਾ ਪਦ 'ਠਾਈਂ' ਤੇ 'ਜਾਈਂ' ਤਾਂ ਬਹੁ-ਵਚਨ ਨਾਂਵ (noun) ਹਨ ਅਤੇ ਸਭਨਾਂ ਠਾਵਾਂ (ਥਾਵਾਂ) ਤੇ ਸਭਨਾਂ ਜਾਵਾਂ ਦੇ ਅਰਥ ਰਖਦੇ ਹਨ ਅਤੇ ਦੂਜਾ ਤੇ ਚੌਥਾ ਪਦ 'ਮਨਾਈਂ' ਤੇ 'ਧਿਆਈਂ' ਉਤਮ ਪੁਰਖ ਇਕ-ਵਚਨ (ਵਾਹਦ ਮੁਤਕਲਮੀ) (singular 1st person) ਵਿਚਿ ਵਰਤੇ ਗਏ ਹਨ ਜੋ ਮੈਂ ਮਨਾਵਾਂ ਅਤੇ ਮੈਂ ਧਿਆਵਾਂ ਕਿਰਿਆ ਦੇ ਅਰਥ ਰਖਦੇ ਹਨ। ਬਿੰਦੇ ਉਠਾਇਆਂ ਬਿਨਾਂ ਚੌਹਾਂ ਦੇ ਅਰਥ ਖਲਤ ਮਲਤ ਹੋ ਜਾਂਦੇ ਹਨ। ਏਸੇ ਤਰ੍ਹਾਂ ਮਾਝ ਮਹਲਾ ੫ ਦੇ ਅੰਕ ਨੰਬਰ ੪॥੩੮॥੪੫॥ ਵਾਲੇ ਸ਼ਬਦ ਦੀਆਂ ਚੌਹਾਂ ਪੰਗਤੀਆਂ ਪਿਛਲੇਰੇ ਪਦ 'ਤਿਥਾਈ, ਜਾਈ, ਲਾਈ, ਧਿਆਈ' ਦੇ ਪਿਛਲੇਰੇ ਹਰੇਕ ਅੱਖਰ ਬਿਹਾਰੀ ਸਹਿਤ ਈੜੀ ਨੂੰ ਬਿੰਦੇ ਉਠਦੇ ਹਨ। ਨਹੀਂ ਤਾਂ ਐਵੇਂ ਅਰਥ ਔਟਲ ਜਾਂਦੇ ਹਨ। ਮਾਝ ਮਾਹਲਾ ੫ ਦੇ ਅੰਕ ਨੰਬਰ ੪॥੩੯॥੪੬॥ ਵਾਲੇ ਸ਼ਬਦ ਗੁਰਵਾਕ ਦੀਆਂ ਚੌਹਾਂ ਪੰਗਤੀਆਂ ਦੇ ਚੌਹਾਂ ਪਿਛਲੇ ਪਦਾਂ ਦੇ ਰਾਰੇ ਅੱਖਰਾਂ ਨੂੰ ਲਗੀਆਂ ਬਿਹਾਰੀਆਂ ਬਿੰਦੇ ਬਿਹੂਣ ਹੀ ਉਠਦੀਆਂ ਹਨ। ਚਾਰੇ ਪਦ ਏਹ ਹਨ : 'ਤੁਮਾਰੀ', 'ਹਾਰੀ', 'ਕਾਰੀ', 'ਸਾਰੀ'। ਬਿੰਦੇ ਲਾਇਆਂ ਅਰਥ ਗੰਧਲ ਜਾਂਦੇ ਹਨ।

(੫੯) ਤੈ ਦੇ ਅਰਥਾਂ ਦਾ ਭੇਦ

ਆਪਿ ਸੁਣੈ ਤੈ ਆਪੇ ਵੇਖੈ ॥
ਜਿਸਨੋ ਨਦਰਿ ਕਰੇ ਸੋਈ ਜਨੁ ਲੇਖੈ ॥ *(ਪੰਨਾ ੧੧੦)*

ਇਸ ਪੰਗਤੀ ਅੰਦਰਿ 'ਤੈ' ਪਦ ਬਿੰਦੀ ਬਿਹੂਣੇ ਤੱਤੇ ਦੁਲਾਈਆਂ ਵਾਲੇ ਦੇ ਅਰਥ 'ਅਤੇ' ਹਨ, 'ਸੁਣੈ' ਅਤੇ 'ਵੇਖੈ' ਪਦ ਅੰਨਯ ਪੁਰਖ (ਵਾਹਿਦ ਗੈਬ) ਵਰਤਮਾਨ ਕਾਲ (present tense) ਵਿਚ ਵਰਤੇ ਗਏ ਹਨ। 'ਸੁਣਦਾ ਹੈ' ਤੇ 'ਵੇਖਦਾ ਹੈ' ਦਾ ਅਰਥ ਦਿੰਦੇ ਹਨ। ਲੇਖੈ—ਲੇਖੇ ਪੈਂਦਾ ਹੈ।

bsrstrust.org

"ਆਪਿ ਕਰੇ ਤੈ ਆਪਿ ਕਰਾਏ॥"[1] ਪੰਗਤੀ ਵਿਚਿ 'ਤੈ' ਬਿੰਦੇ ਬਿਹੂਣ ਤੱਤੇ ਨੂੰ ਦੁਲਾਈਆਂ ਸਹਿਤ 'ਅਤੇ' ਦਾ ਅਰਥ ਰਖਦਾ ਹੈ ਅਤੇ "ਇਹੁ ਜਗੁ ਭੂਲਾ ਤੈਂ ਆਪਿ ਭੁਲਾਇਆ॥"[1] ਪੰਗਤੀ ਵਿਚਿ ਬਿੰਦੇ ਸਹਿਤ ਦੁਲਾਈਆਂ ਵਾਲਾ ਤੱਤਾ 'ਤੈਂ' ਪਦ ਬਣਾਉਂਦਾ ਹੋਇਆ 'ਤੁਧੁ' ਦਾ ਅਰਥ ਰਖਦਾ ਹੈ। 'ਦੇ' ਪਦ ਇਕੱਲੀ ਲਾਂਵ ਸਹਿਤ 'ਦੇ ਕੇ' ਦਾ ਅਰਥ ਦਿੰਦਾ ਹੈ ਯਥਾ—"ਆਪੇ ਬਖਸਿਹਿ ਦੇ ਵਡਿਆਈ"[1]— ਵਡਿਆਈ ਦੇ ਕੇ ਤੂੰ ਆਪੇ ਬਖ਼ਸ਼ ਦਿੰਦਾ ਹੈਂ। ਇਵੇਂ ਕਿਵੇਂ ਜਪੁਜੀ ਸਾਹਿਬ ਦੇ ਪਾਠ ਦੀ ਇਸ ਤੁਕ ਅੰਦਰਿ "ਦੇ ਸਾਬੂਣੁ ਲਈਐ ਓਹੁ ਧੋਇ" ਦਾ ਅਰਥ ਬਣਦਾ ਹੈ ਕਿ, ਸਾਬੁਣ ਦੇ ਕੇ ਉਸ ਨੂੰ ਧੋ ਲਈਏ।

ਰਤਨੁ ਪਦਾਰਥੁ ਪਲਰਿ ਤਿਆਗੈ॥
ਮਨਮੁਖੁ ਅੰਧਾ ਦੂਜੈ ਭਾਇ ਲਾਗੈ॥ *(ਪੰਨਾ ੧੧੩)*

ਭਾਵ, ਗੁਰਮਤਿ ਤੋਂ ਘੁਥਾ ਹੋਇਆ ਮਨਮੁਖ ਅੰਧ ਅਗਿਆਨੀ ਸਾਕਤ ਪੁਰਸ਼ ਫੋਕਟ (ਫੋਕੇ ਪਦਾਰਥਾਂ) ਵਿਚਿ ਰੁਝ ਕੇ (ਖੱਚਤ ਹੋ ਕੇ) ਰਤਨ ਰੂਪੀ ਪਦਾਰਥ ਨਾਮੁ ਤਾਂ ਉੱਕਾ ਹੀ ਤਿਆਗ ਦਿੰਦਾ ਹੈ ਅਤੇ ਦੂਜੇ ਭਾਇ ਦੇ ਧੰਧਿਆਂ ਵਿਚਿ ਲਗ ਜਾਂਦਾ ਹੈ। 'ਰਤਨੁ ਪਦਾਰਥੁ' ਵਿਚ ਏਥੇ 'ਰਤਨੁ' ਪਦ ਨਾਂਵ (noun) ਦੇ ਨੰਨੇ ਨੂੰ ਔਂਕੜ 'ਰੂਪੀ' ਦਾ ਅਰਥ ਦਿੰਦਾ ਹੈ। ਜਿਥੇ ਭੀ ਦੋ ਵਿਸ਼ੇਸ਼ ਨਾਉਂ (proper nouns) ਇਕੱਠੇ ਅਗੜ ਪਿਛੜ ਆਉਣਗੇ ਓਥੇ ਪਹਿਲੇ ਨਾਂਵ ਨੂੰ ਲਗਿਆ ਔਂਕੜ 'ਰੂਪੀ' ਦਾ ਅਰਥ ਦੇਵੇਗਾ। 'ਰਤਨ' ਰੂਪੀ 'ਪਦਾਰਥੁ' ਤੇ 'ਨਾਮੁ ਪਦਾਰਥੁ' ਰੂਪੀ ਪਦਾਰਥ ਭਾਵ ਨਾਮੁ ਤੋਂ ਹੀ ਹੈ। 'ਪਲਰਿ' ਦੇ ਰਾਰੇ ਨੂੰ ਸਿਹਾਰੀ 'ਵਿਖੇ' (ਵਿਚਿ) ਦੇ ਅਰਥ ਦਿੰਦੀ ਹੈ (ਹਸਬ ਮਾਮੂਲ) ਪਲਰ (ਫੋਗ) ਵਿਚ ਲਗਣ ਕਰਕੇ 'ਪਲਰਿ' ਪਦ ਦੇ ਅਰਥ ਜੋ ਗਿਆਨੀ ਪਲਰਵਤ ਫੋਗ ਸਮਝ ਕੇ ਕਰਦੇ ਹਨ, ਉਹ ਠੀਕ ਢੁਕਦੇ ਨਹੀਂ। ਮਨਮੁਖ ਨਾਮੁ ਰਤਨ ਨੂੰ ਫੋਗ ਵਤ ਤਿਆਗ ਦਿੰਦਾ ਹੈ ਵਾਲਾ ਅਰਥ ਫਬਦਾ ਨਹੀਂ। ਮਨਮੁਖ ਨੂੰ ਤਾਂ ਨਾਮ ਰਤਨ ਪਦਾਰਥ ਦੀ ਸਾਰ ਹੀ ਨਹੀਂ। ਉਸ ਨੂੰ ਤਾਂ ਨਾਮ ਰਤਨ ਪ੍ਰਾਪਤਿ ਹੀ ਨਹੀਂ ਹੁੰਦਾ। ਕਿਉਂਕਿ ਮਨਮੁਖ ਪੁਰਸ਼ ਨਿਗੁਰਾ ਬਡਰੂਪ ਹੈ। ਨਿਗੁਰਾ ਉਹ ਜੋ ਗੁਰਮੰਤ੍ਰ ਹੀਣ ਹੋਵੇ। ਉਸ ਨੂੰ ਨਾਮੁ ਗੁਰਮੰਤ੍ਰ ਰੂਪੀ ਪਦਾਰਥ ਪ੍ਰਾਪਤਿ ਹੀ ਨਹੀਂ ਹੁੰਦਾ। ਮਨਮੁਖ ਪਾਸੋਂ ਨਾਮ ਦਾ ਤਿਆਗਣਾ ਕਿਵੇਂ ? ਇਸ ਦਾ ਭਾਵ ਇਹ ਹੋਵੇਗਾ ਕਿ ਮਨਮੁਖ ਨੂੰ ਨਾਮ ਤਾਂ ਮਿਲਿਆ ਪਰ ਉਹ ਨਾਮ ਪਦਾਰਥ ਨੂੰ ਫੋਗ ਵਤ ਤਿਆਗ ਦਿੰਦਾ ਹੈ। ਪਲਰ ਦੇ ਬਦਲੇ ਤਿਆਗ ਦਿੰਦਾ ਹੈ। ਸੋ ਇਹ ਅਰਥ ਬਿਪਰਜੇ ਹਨ। ਮਨਮੁਖ ਸਾਕਤ ਪੁਰਸ਼ ਤਾਂ ਫੋਕਟ ਪਦਾਰਥਾਂ ਵਿਚਿ ਹੀ ਰਚਿਆ ਪਚਿਆ ਰਹਿੰਦਾ ਹੈ। ਏਹਨਾਂ ਫ਼ਜ਼ੂਲੀਆਂ ਵਿਚਿ ਰਚੇ ਖਚੇ ਨੂੰ ਤੱਤ ਪਦਾਰਥ ਦੇ ਵਿਹਾਜਣ ਦੀ ਸੋਝੀ ਹੀ ਨਹੀਂ ਰਹਿੰਦੀ। ਉਹ ਬਿਖੈ ਪਦਾਰਥਾਂ ਨੂੰ ਹੀ ਮਿੱਠੇ ਸਮਝਦਾ ਹੈ। ਜੇ ਉਸ ਨੂੰ ਕੋਈ ਪ੍ਰੇਰਨਾ ਭੀ ਕਰੇ ਤਾਂ ਭੀ ਨਾਮ ਰੂਪੀ ਅੰਮ੍ਰਿਤ ਪਦਾਰਥ ਉਸ ਨੂੰ ਕੌੜਾ ਹੀ ਲਗਦਾ ਹੈ।

---

੧. ਮਾਝ ਮ: ੩, ਪੰਨਾ ੧੧੧.

bsrstrust.org

ਅੰਮ੍ਰਿਤ ਕਉਰਾ ਬਿਖਿਆ ਮੀਠੀ ॥
ਸਾਕਤ ਕੀ ਬਿਧਿ ਨੈਨਹੁ ਡੀਠੀ ॥ *(ਪੰਨਾ ੮੯੨)*

ਗੁਰਮੁਖ ਜਨ ਤਾਂ ਨਾਮੁ ਪਦਾਰਥ ਦੇ ਬਦਲੇ ਸਾਰੇ ਬਿਖੇ ਪਦਾਰਥ ਤਿਆਗ ਸਕਦਾ ਹੈ। ਮਨਮੁਖ ਤਿਆਗੀ ਹੀ ਨਹੀਂ ਬਣ ਸਕਦਾ। ਤਾਂ ਤੇ ਉਕਤ ਅਰਥ ਲਗਾਂਮਾਤ੍ਰਾਂ ਦੀ ਸਮਝ ਤੋਂ ਹੀਣ ਅਗਿਆਨੀਆਂ ਦੇ ਕੀਤੇ ਹੋਏ ਹਨ।

ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ ॥ *(ਪੰਨਾ ੧੧੫)*

ਇਸ ਪੰਗਤੀ ਵਿਖੇ 'ਕਿਹੁ' ਦੇ ਅਰਥ 'ਕਿਸੇ ਪਾਸੋਂ' ਹਨ। 'ਕਿਸੇ ਤਰ੍ਹਾਂ' ਦੇ ਅਰਥ ਨਹੀਂ ਬਣ ਸਕਦੇ। ਕਿ+ਹੋਂ—ਕਿਸੇ ਪਾਸੋਂ। 'ਕਿਹੋਂ' ਦੇ ਥਾਉਂ 'ਕਿਹੁ' ਏਥੇ ਸੰਖੇਪਤ (ਮੁਖੱਫਫ) ਕਰਕੇ ਆਇਆ ਹੈ।

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥ *(ਪੰਨਾ ੧੩੬)*

ਏਥੇ 'ਉਪਾਰ ਜਨਾ' ਬਹੁ-ਵਚਨ ਨਾਂਵ (plural noun) ਹੈ ਅਤੇ ਅਰਥ ਰਖਦਾ ਹੈ ਨਿਰੋਲ ਨਾਮ ਭਗਤੀ ਰੂਪ ਬਾਰਾ ਮਾਸੀ ਬਰਤ ਉਪਾਰਨ ਹਾਰੇ ਗੁਰਮੁਖ ਜਨ। ਸਾਰੀ ਪੰਗਤੀ ਦਾ ਅਰਥ ਹੈ ਕਿ ਬਾਰਾਮਾਹੇ ਦੇ ਆਖ਼ਰੀ ਮਹੀਨੇ ਫੱਗਣ ਵਿਚਿ ਓਹਨਾਂ ਉਪਾਰ ਜਨਾ (ਭਗਤ ਜਨਾਂ) ਨੂੰ ਮਹਾਂ ਅਨੰਦ ਭਏ ਹੈਂ, ਜਿਨ੍ਹਾਂ ਨੂੰ ਹਰੀ ਪਰਮਾਤਮਾ ਰੂਪ ਸੱਚੇ ਸਜਣ (ਪ੍ਰੀਤਮ) ਆਣਿ ਪਰਗਟ (ਪਰਕਾਸ਼ਤ) ਹੋਏ ਹਨ। ਪਰ ਅਫ਼ਸੋਸ ਕਿ ਅਸਾਡੇ ਕੋਸ਼ ਨਿਧਾਨੀ ਵੀਰ ਗਿਆਨੀ 'ਉਪਾਰ ਜਨਾ' ਦਾ ਅਰਥ ਪ੍ਰਾਪਤੀ ਕਰਦੇ ਹਨ ਅਤੇ ਏਹਨਾਂ ਦੇ ਪਿਛੇ ਲਗ ਕੇ ਅਸਾਡੇ ਸ਼ਬਦਾਰਥੀ ਗਿਆਨੀ ਭੂਸ਼ਨੀਏ ਸਜਣ ਭੀ (ਜੋ ਲਗਮਾਤ੍ਰੀ ਲੁਗਾਤ ਵਿਆਕਰਣ ਨਿਧਾਨੀ ਭੀ ਸਦਾਉਂਦੇ ਹਨ) 'ਉਪਾਰ ਜਨਾ' ਦੇ ਅਰਥ—ਉਪਜਿਆ (ਆਨੰਦ ਦੀ ਪ੍ਰਾਪਤੀ ਹੋਈ ਹੈ) ਕਰਦੇ ਹਨ ਪਰ ਕੀਹਨੂੰ ਉਪਜਿਆ ਅਤੇ ਕਿਸ ਨੂੰ ਆਨੰਦ ਦੀ ਪ੍ਰਾਪਤੀ ਹੋਈ ? ਇਸ ਦਾ ਹੋਣਾ ਓਹਨਾਂ ਦੇ ਅਰਥਾਂ ਤੋਂ ਬੇ-ਹਲ ਰਹਿੰਦਾ ਹੈ। ਓੜਕ ਵਿਆਕਰਣ ਵਿਤਪਤੀ ਅਨੁਸਾਰ ਜਿਸ ਨੂੰ ਆਨੰਦ ਉਪਜਿਆ ਜਿਸ ਨੂੰ ਆਨੰਦ ਦੀ ਪ੍ਰਾਪਤੀ ਹੋਈ, ਉਸਦਾ ਮਾਅਲੂਮ ਗ਼ੈਰ-ਮਾਅਲੂਮ ਮਫ਼ਹੂਮ ਕਰਤਾ ਕਰਮ (ਫਾਇਲ ਮਫਊਲ) (subject, object) ਨਾਂਵ (noun) ਭੀ ਤਾਂ ਕੋਈ ਹੋਣਾ ਚਾਹੀਦਾ ਹੈ। ਜੋ ਓਹਨਾਂ ਦੇ ਕੀਤੇ ਅਰਥ ਅਨੁਸਾਰ ਇਸ ਪੰਗਤੀ ਤੋਂ ਕੁਛ ਬਣਦਾ ਹੀ ਨਹੀਂ। ਜਿਸ ਦੇ ਬਿਨਾਂ ਫ਼ਿਕਰਾ ਬਣਦਾ ਹੀ ਨਹੀਂ। ਇਬਾਰਤ ਅਧੂਰੀ ਹੀ ਰਹਿੰਦੀ ਹੈ। ਅਨੰਦ ਹੋਏ 'ਉਪਾਰ ਜਨਾ' (ਭਗਤੀ ਭਾਵ ਵਾਲੇ ਨਾਮ ਅਧਾਰੀ ਜਨਾਂ) ਯਾਂ ਆਨੰਦ ਪ੍ਰਾਪਤਿ ਹੋਏ ਉਪਾਰ ਜਨੀਆਂ ਨੂੰ (ਜਦੋਂ ਓਹਨਾਂ ਦੇ ਹਿਰਦੇ) ਅੰਦਰਿ ਹਰੀ ਰੂਪ ਸਜਣ ਆਨੰਦੀ ਪ੍ਰੀਤਮ ਆਣਿ ਪਰਗਟ ਹੋਏ। ਇਉਂ ਤਾਂ ਸਪਸ਼ਟ ਫ਼ਿਕਰਾ ਪੁਰ ਅਰਥ ਬਣ ਜਾਂਦਾ ਹੈ ਅਤੇ ਕਰਤਾ ਕਰਮ (ਫਾਇਲ ਮਫਊਲੀ) ਵਾਲੀ ਕਸਰ ਭੀ ਨਿਕਲ ਜਾਂਦੀ ਹੈ। ਅਤੇ ਅਰਥ ਭੀ ਸੰਪ੍ਰਦਾਈ ਸਪਸ਼ਟ ਮੁਸੱਦਕ ਸਾਫ਼ ਹੋ ਜਾਂਦਾ ਹੈ। 'ਅਨੰਦ' ਦਾ ਦੱਦਾ ਮੁਕਤਾ ਸਿਧ ਕਰਦਾ ਹੈ ਕਿ 'ਅਨੰਦ' ਬਹੁ-ਵਚਨਕ ਨਾਂਵ (plural noun) ਹੈ। ਅਤੇ 'ਉਪਾਰ ਜਨਾ' ਭੀ ਬਹੁ-ਵਚਨ ਹੈ। ਲਗਮਾਤ੍ਰੀ ਨਿਯਮਾਂ ਦੇ ਕਾਇਲ ਸ਼ਬਦਾਰਥੀ ਅਰਥਈਆਂ ਨੂੰ ਓਹਨਾਂ ਕੋਸ਼ ਨਿਧਾਨੀ ਅਕਲਈਆਂ ਦੇ

bsrstrust.org

ਅਨੁਸਾਰੀ ਨਹੀਂ ਹੋਣਾ ਚਾਹੀਦਾ, ਜਿਨ੍ਹਾਂ ਦੇ ਨਜ਼ਦੀਕ ਗੁਰਬਾਣੀ ਅੰਦਰਿ ਆਈਆਂ ਲਗਾਂਮਾਤ੍ਰਾਂ ਦੀ ਕੋਈ ਕੀਮਤਿ ਹੀ ਨਹੀਂ, ਜੋ ਇਕ ਇਕ ਅਰਥ ਦੇ ਥਾਉਂ ਇਕੋ ਸ਼ਬਦ ਪੰਗਤੀ ਦੇ ਅਨੇਕ ਅਰਥ ਕਰਨ ਤੇ ਤੁਲੇ ਹੋਏ ਹਨ। (ਦੇਖੋ : *ਪੰਜ ਗ੍ਰੰਥੀ ਸਟੀਕ* ਕਰਤਾ ਰਾਣਾ ਸੂਰਤ ਸਿੰਘ।)

ਕਈ ਵਿਆਕਰਣੀਏ ਸ਼ੁਸ਼ਕ ਗਿਆਨੀ ਗੁਰਬਾਣੀ ਦੀ ਗੂੜ੍ਹ ਗੁਰਮਤਿ ਲਗਮਾਤ੍ਰ ਅਨਕੂਲੀ ਇਲਮੁਲ ਗ਼ੈਬੀ ਗਰਾਮਰ ਨੂੰ ਸ਼ੁਸ਼ਕ ਜ਼ਬਾਂ ਦਾਨੜੀ ਵਿਆਕਰਣੀ ਦੇ ਜੋੜ ਤੋੜ ਵਾਲੇ ਅੱਖਰਾਂ ਲਗਾਂ ਦੇ ਵਾਧੇ ਘਾਟੇ ਵਾਲੀ ਵਿਆਕਰਣ ਨਾਲਿ ਅਪਣੀ ਅਕਲ ਦੀ ਢਕੌਂਸਲਾ ਬਾਜ਼ੀ ਰਲਾਉਂਦੇ ਮਿਲਾਉਂਦੇ ਹਨ ਅਤੇ ਅਪਣੀ ਉਸ ਅਲਪੱਗ ਵਿਆਕਰਣੀ ਅਕਲ ਅਨੁਸਾਰ ਗੁਰਬਾਣੀ ਦੀ ਅਮਰੋਂ ਉਪੰਨੀ ਕਾਫੀਆ ਬੰਦੀ ਤੇ ਉਟੰਕਣ ਕਰਦੇ ਹਨ ਅਤੇ ਆਪਦੇ ਮਨ ਦੇ ਮਿਣੇ ਮਿਥੇ ਅਤੇ ਹੋਛੀ ਮਾਨਵੀ ਅਕਲ ਦੇ ਘੜੇ ਹੋਏ ਵਿਆਕਰਣੀ ਨਿਯਮਾਂ ਦੀ ਕਸੌਟੀ ਨਾਲਿ ਪਰਖਦੇ ਹਨ। ਜੈਸੇ ਕਿ ਮਾਝ ਦੀ ਵਾਰ ਦੀ ਇਸ ਅਗਲੀ ਪਉੜੀ ਦੀ ਹਰੇਕ ਪੰਗਤੀ ਦੇ ਅਖ਼ੀਰਲੇ ਪਦਾਂ ਦੀ ਪਦਾਬੰਦੀ ਦੇ ਸਰਬੱਗ ਨਿਯਮਾਵਲੀ ਕਾਫੀਏ ਮਈ ਬਿਉਂਤ ਤੋਂ ਪਰਗਟ ਕੀਤੇ ਅਨੁਸਾਰ ਓਹਨਾਂ ਦੀ ਅਗਿਆਤ, ਬੇਸਮਝੀ ਦਾ ਸਬੂਤ ਮਿਲਦਾ ਹੈ। ਯਥਾ :

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥
ਰੰਗ ਪਰੰਗ ਉਪਾਰ ਜਨਾ ਬਹੁ ਬਹੁ ਬਿਧਿ ਭਾਤੀ॥
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ॥
ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਹਿ ਜਾਤੀ॥
ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ॥
ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ॥
ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ॥
ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ ਬਲਿ ਬਲਿ ਹਉ ਤਿਨ ਜਾਤੀ॥੧॥

(ਵਾਰ ਮਾਝ ਮ: ੧, ਪੰਨਾ ੧੩੮)

ਇਸ ਪ੍ਰਕਾਰ ਦੀਆਂ ਗੁਰਬਾਣੀ ਦੀਆਂ ਪੰਗਤੀਆਂ ਦੀਆਂ ਕਾਫੀਆ ਬੰਦੀ ਦਿਆਂ ਪਦਾਂ ਤੇ ਉਕਤ ਅਲਪੱਗ ਅਕਲ ਵਿਆਕਰਣੀਏ ਤਮਸਖਰ (ਮਖ਼ੌਲ) ਉਡਾਉਂਦੇ ਹਨ ਅਤੇ ਉਟੰਕਣ ਕਰਦੇ ਹਨ ਕਿ ਇਹ ਕਾਫੀਆ ਬੰਦੀ ਵਿਆਕਰਣੀ ਕਾਫੀਆ ਬੰਦੀ ਦੇ ਅਨੁਕੂਲ ਨਹੀਂ। ਪਰ ਓਹਨਾਂ ਨੂੰ ਇਹ ਸੂਝ ਬੂਝ ਨਹੀਂ ਕਿ ਸਰਬੱਗ ਗੁਰਾਂ ਦੀ ਅਮਰ ਅਜ਼ਲੀ ਪਦ-ਬੰਦੀ ਕਦੇ ਭੀ ਅਰਥ ਬਿਹੂਣ ਅਤੇ ਕਾਫੀਆ ਹੀਣ ਨਹੀਂ। ਅਲਪੱਗ ਦਿਮਾਗ਼ਾਂ ਦੀ ਘੜੀ ਹੋਈ ਵਿਆਕਰਣ ਧੁਰੋਂ ਆਈ ਗੁਰਬਾਣੀ ਸਰਬੱਗ ਅਨੁਭਵ ਤੋਂ ਉਚਾਰੀ ਕਾਦਰੇ ਮੁਤਲਕ ਨਿਯਮਾਂਵਲੀ ਉਤੇ ਹਾਵੀ ਨਹੀਂ ਹੋ ਸਕਦੀ। ਮਾਨਵੀ ਕਿਰਤ ਵਾਲੀ ਕਵਿਤਾ ਤਾਂ ਕਾਫੀਆ ਬੰਦੀ ਦੀ ਮਨ ਘੜਤ ਕੈਦ ਅੰਦਰਿ ਆ ਸਕਦੀ ਹੈ ਪਰ ਜੇ ਕਹੋ ਧੁਰੋਂ ਆਈ ਬਾਣੀ ਭੀ ਏਸੇ ਕੈਦ ਦੀ ਮੁਹਤਾਜ ਹੈ ਤਾਂ ਇਹ ਓਹਨਾਂ ਦੀ ਨਿਰੀ ਕੱਜ-ਫ਼ਹਿਮੀ ਹੈ। ਧੁਰੋਂ ਆਈ ਬਾਣੀ ਦੀ ਕਾਫੀਆ ਬੰਦੀ ਵਾਲੀ ਪਰਿਭਾਸ਼ੀ ਟਰਮੀਨਾਲੋਜੀ ਦੀ ਟੈਕਨੀਕੈਲਿਟੀ ਹੀ ਵਿਲੱਖਣ ਹੈ। ਅਤੇ

bsrstrust.org

ਸਰਾਸਰ ਪੁਰਮਾਅਨੇ ਹੈ। ਮੂਰਖ ਅਕਲਈਆਂ ਵਿਆਕਰਣੀਆਂ ਨੂੰ ਇਸ ਵਿਲੱਖਣਤਾ ਦੀ ਸੂਝ ਬੂਝ ਹੀ ਨਹੀਂ ਤਾਂ ਓਹ ਮਨ ਭਾਉਂਦੀਆਂ ਅੜਿਕਣੀਆਂ ਡਾਹੁੰਦੇ ਹਨ ਤੇ ਨੁਕਤਾ ਚੀਨੀਆਂ ਕਰਦੇ ਹਨ। ਦੇਖੋ ਇਸ ਉਪਰ ਦਿਤੀ ਪਉੜੀ ਦੀਆਂ ਪੰਗਤੀਆਂ ਵਾਲੀ ਪਦ-ਬੰਦੀ ਨੇ ਏਹਨਾਂ ਸਾਰੀਆਂ ਅੜਿਕਣੀਆਂ ਅਤੇ ਪਾਬੰਦੀਆਂ ਦੇ ਸਿਰ ਤੋੜ ਦਿਤੇ ਹਨ।

ਪਹਿਲੀ ਪੰਗਤੀ ਦੇ ਬੰਦ ਵਿਚਿ 'ਉਪਾਤੀ' ਭਾਵ ਅਰਥ ਉਪਾਈ (ਉਤਪਤਿ ਕੀਤੀ)। ਉਤਪਤਿ ਕੀਤਾ ਦਾ ਸੰਖੇਪਤ (ਮੁਖੱਫਫ) ਪਦ ਹੈ 'ਉਪਾਤੀ'। ਧੁਰ ਧੁਰੰਮੋ ਸ਼ਗੁਫਤ ਹੋਈ ਉਤਪਾਤੀ ਨੂੰ ਕਉਣ ਮੇਟ ਸਕਦਾ ਹੈ। ਅਗਲੀ ਪੰਗਤੀ ਵਿਚਿ ਪਹਿਲੀ ਪੰਗਤੀ ਵਾਲੀ ਸ੍ਰਿਸ਼ਟਿ 'ਉਪਾਤੀ' ਨੂੰ ਨਿਖਾਰਿਆ ਹੈ। ਇਹ ਉਪਾਤੀ ਰਚਨਾ ਬਹੁਤ ਬਹੁਤ ਅਨੇਕ ਪਰਕਾਰ ਦੀਆਂ ਬਿਧੀਆਂ ਅਤੇ ਭਾਂਤਾਂ ਸਹਿਤ ਉਪਾਏ ਰੰਗਾ ਰੰਗੀ ਉਪਾਰ ਜਨਾ ਸੰਞੁਕਤ ਹੈ। ਤੀਜੀ ਤੁਕ ਬੰਦੀ "ਸਭੁ ਖੇਲੁ ਤੁਮਾਤੀ"—ਇਹ ਸਭ ਖੇਲ ਤੁਮਾਤੀ, ਤੁਮਹੀ ਤੋਂ ਉਪਜਾਰੀ (ਤੁਮਾਤੀ) 'ਤੁਮਾਤੀ'—ਤੁਮ ਹੀ ਥੀਂ, ਤੁਮ ਹੀ ਥੋਂ (ਤੋਂ ਉਪਜੀ) ਤੁਮਾਰੀ ਹੀ ਹੈ। ਚੌਥੀ ਤੁਕ ਵਿਚਿ "ਬਿਨੁ ਨਾਵੈ ਮਰਿ ਜਾਤੀ"—ਨਾਮ ਬਿਨਾ (ਸਭ ਲੁਕਾਈ) ਮਰ ਜਾਣੀ ਹੈ (ਮਰੀ ਹੀ ਜਾਣੋ)। 'ਮਰਿ ਜਾਤੀ' ਕਉਣ ? ਉਹ ਸਭ ਲੁਕਾਈ (ਜੋ ਚੁਰਾਸੀ ਦੇ ਗੇੜ ਵਿਚਿ ਹੀ ਰਹਿੰਦੀ ਹੈ)। "ਇਕਿ ਆਵਹਿ ਇਕਿ ਜਾਹਿ ਉਠਿ"—ਜਿਸ ਸ੍ਰਿਸ਼ਟੀ ਦੇ ਜੀਵਾਂ ਮਈ ਲੁਕਾਈ ਵਿਚੋਂ ਅਨੇਕਾਂ ਆਉਂਦੇ ਹਨ ਅਨੇਕਾਂ ਚਲੇ ਜਾਂਦੇ (ਉਠ ਜਾਂਦੇ) ਹਨ। 'ਇਕਿ' ਦੇ ਕੱਕੇ ਨੂੰ ਸਿਹਾਰੀ ਬਹੁ-ਵਚਨ ਵਾਚਕ ਹੈ। ਪੰਜਵੀਂ ਪੰਗਤੀ ਅੰਦਰਿ "ਹਰਿ ਰੰਗਿ ਰਾਤੀ" ਤੋਂ ਭਾਵ ਹਰਿ ਰੰਗਿ ਰਤੀ ਅਵਸਥਾ ਵਾਲੇ ਹਨ, ਚਲੂਲੇ ਰੰਗਾਂ ਵਿਚਿ ਰਤੇ ਗੁਰਮੁਖ ਜਨ। ਚਲੂਲੇ ਰੰਗਾਂ ਵਿਚਿ ਰੱਤੇ ਗੁਰਮੁਖ ਜਨ ਸਦਾ ਹਰਿ ਰੰਗ ਰੱਤੜੀ ਅਵਸਥਾ ਵਿਚਿ ਰਹਿੰਦੇ ਹਨ। ਹੁਣ ਦਸੋ ਕੇਹੜਾ ਬਿਪਰਜੇ ਕਾਫੀਆ ਹੋ ਗਿਆ ਹੈ। ਓਹਨਾਂ ਦੀ ਬੁੱਧੀ ਹੀ ਬਿਪਰਜੇ ਹੈ ਜੇਹੜੇ ਇਉਂ ਸ਼ੰਕਾ ਵਾਦੀ ਹੁੰਦੇ ਹਨ। ਛੇਵੀਂ ਤੁਕ ਵਿਚਿ "ਹਰਿ ਪੁਰਖੁ ਬਿਧਾਤੀ" ਤੋਂ ਭਾਵ ਅਰਥ—ਕਰਮ ਫਲ ਦੀ ਦਾਤਿ (ਦਾਤੀ) ਦੇਣ ਹਾਰਾ ਵਾਹਿਗੁਰੂ ਪੁਰਖ ਵਿਧਾਤਾ। ਬਿਧਾਤੜੀਆ ਪੁਰਖ ਦਾ ਪਿਆਰਲਿੰਗ ਸ਼ਬਦ ਪੁਰਖ ਬਿਧਾਤੀ ਅਗੰਮੀ ਪਿਆਰ ਨਿਧਿ ਪਿਰਿਆ ਪਿਰੰਮੀ ਬੋਲੀ ਅੰਦਰਿ ਏਵੇਂ ਹੀ ਬੋਲਿਆ ਗਿਆ ਹੈ 'ਪੁਰਖੁ ਬਿਧਾਤੀ'। ਸੋ ਸਭ ਠੀਕ ਹੈ। ਬਿਧਾਤੀਆ ਹੋਇਆ ਕਿ ਬਿਧਾਤੀ ਹੋਇਆ। ਸਭ ਪਰਮ ਅਗੰਮੀ ਬੋਲੀ ਹੈ ਜੋ ਕੇਵਲ ਗੁਰਬਾਣੀ ਅੰਦਰਿ ਹੀ ਸੁਰਖ਼ਰੂਈਅਤ ਪਾਉਂਦੀ ਹੈ। ਸਤਵੇਂ ਬੰਦ ਵਿਚ 'ਵਡਾਤੀ' ਪਦ ਮਹਿਜ਼ ਕਾਫੀਆ ਬੰਦੀ ਲਈ ਹੀ ਨਹੀਂ ਸਗੋਂ ਇਹ 'ਵਡਾ+ਅਤੀ' ਮਿਸਰਤ ਪਦਾਂ ਦਾ ਬਣਿਆ ਹੋਇਆ ਅਤੇ ਵੱਡੇ (ਬਹੁਤ ਵੱਡੇ) ਦਾ ਅਰਥ ਦਿੰਦਾ ਹੈ। ਅਖ਼ੀਰਲੇ ਅਠਵੇਂ ਬੰਦ ਵਿਚਿ "ਬਲ ਬਲਿ ਹਉ ਤਿਨ ਜਾਤੀ" ਜੋ ਅੰਤੀ ਪਦ ਕਾਫੀਏ ਵਾਲਾ 'ਜਾਤੀ' ਹੈ ਸੋ ਜਾਂਦੀ ਹਾਂ ਯਾ ਜਾਂਦਾ ਹੈ ਦਾ ਅਰਥ ਰਖਦਾ ਹੈ। ਸਾਰੀ ਪੰਗਤੀ ਦਾ ਭਾਵ ਅਰਥ ਇਹ ਹੈ—ਹੇ ਮੇਰੇ ਸਚਿਆ ਸਾਹਿਬਾ ਵਾਹਿਗੁਰੂ ! ਜੋ (ਜੇਹੜੇ ਗੁਰਮੁਖ ਜਨ) ਇਕ ਮਨ ਇਕ ਚਿਤ ਹੋ ਕੇ (ਮਨਿ ਚਿਤਿ) ਤੈਨੂੰ 'ਤੁਧੁ' ਆਰਾਧਦੇ ਹਨ ਤਿਨਾਂ ਤੋਂ ਮੈਂ ਬਲਿਹਾਰੀ ਬਲਿਹਾਰ ਜਾਂਵਦੀ ਹਾਂ (ਜਾਂਵਦਾ ਹਾਂ)। 'ਜਾਤੀ' ਸਾਂਝੀ

bsrstrust.org

ਵਰਤਮਾਨ ਕਾਲ (present tense) ਕਿਰਿਆ ਹੈ ਦੋਹਾਂ ਲਿੰਗਾਂ (sexes) ਸੈਕਸਾਂ ਲਈ ਜਗਿਆਸਾ ਰੂਪ ਇਸਤ੍ਰੀ ਪੁਰਸ਼ ਲਈ। 'ਮਨਿ' ਦੇ ਨੰਨੇ ਨੂੰ ਅਤੇ 'ਚਿਤਿ' ਦੇ ਤੱਤੇ ਨੂੰ ਜੋ ਸਿਹਾਰੀ ਹੈ ਇਹ 'ਕਰਕੇ' ਦਾ ਅਰਥ ਦਿੰਦੀ ਹੈ। 'ਤਧੁ'—ਤੈਨੂੰ 'ਅਰਾਧਦੇ' ਦੇ ਦੱਦੇ ਦੀ ਲਾਂਵ ਨੇ ਇਹ ਸਿੱਧ ਕਰ ਦਿਤਾ ਕਿ ਅਰਾਧਣ ਵਾਲੇ ਇਸਮ (ਨਾਂਵ) ਬਹੁਤੇ (ਬਹੁ-ਵਚਨ) ਹਨ। 'ਤਿਨ' ਦਾ ਨੰਨਾ ਮੁਕਤਾ ਹੋਣਾ ਸਿਧ ਕਰਦਾ ਹੈ 'ਤਿਨ' ਦੇ ਪਿਛੋਂ 'ਤੋਂ' ਪ੍ਰੈਪੋਜ਼ੀਸ਼ਨ (ਸਬੰਧਕ) ਮਹਿਜ਼ੂਫ ਹੈ। ਸੋ 'ਤਿਨਿ'—ਤਿਨਾਂ ਤੋਂ (ਤਿਨਾਂ ਵਿਟਹੁੰ) ਦਾ ਅਰਥ ਦਿੰਦਾ ਹੈ।

(੬੦) ਪਾਠ ਭੇਦ ਤੇ ਅਰਥ ਭੇਦ

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥੬॥

(ਵਾਰ ਮਾਝ ਸਲੋਕ ਮ: ੧, ਪੰਨਾ ੧੪੦)

ਏਥੇ 'ਰਤੁ' ਦੇ ਅਰਥ ਲਹੂ, ਖ਼ੂਨ ਹੋਣ ਕਰਕੇ ਇਸ ਪਦ 'ਰਤੁ' ਦੇ ਤੱਤੇ ਨੂੰ ਔਂਕੜ ਲਗਾ ਹੈ। ਅਰਥ-ਵਾਚਕ ਹੋਣ ਕਰਕੇ ਇਹ ਪਦ ਪੁਲਿੰਗ ਹੈ। ਜੇ ਇਸਤ੍ਰੀ-ਲਿੰਗ ਹੁੰਦਾ ਤਾਂ ਤੱਤੇ ਨੂੰ ਔਂਕੜ ਉਡ ਜਾਂਦਾ। 'ਲਗੈ'—ਲਗਦਾ ਹੈ, ਲਗਦਾ ਜਾਂਦਾ ਹੈ। 'ਕਪੜੈ' ਦੀ ਦੂਜੀ ਲਾਂਵ 'ਨੂੰ' ਦਾ ਅਰਥ ਰਖਦੀ ਹੈ। 'ਕਪੜੈ'—ਕਪੜੇ ਨੂੰ। 'ਪਲੀਤੁ'—ਅਪਵਿਤ੍ਰ। 'ਜਾਮਾ' ਇਕ-ਵਚਨ ਹੋਣ ਕਰਕੇ 'ਪਲੀਤੁ' ਦੇ ਤੱਤੇ ਨੂੰ ਔਂਕੜ ਇਕ-ਵਚਨਕ (singular) ਚਿੰਨ ਲਗਾ ਹੈ। ਦੂਜੀ ਪੰਗਤੀ ਅੰਦਰਿ 'ਜੋ' ਦਾ ਸਬੰਧ 'ਮਾਣਸਾ' ਨਾਲਿ ਹੈ। 'ਪੀਵਹਿ' ਦੇ ਹਾਹੇ ਨੂੰ ਬਿੰਦੇ ਸਹਿਤ ਸਿਹਾਰੀ ਸਿਧ ਕਰਦੀ ਹੈ ਕਿ ਇਹ ਕਿਰਿਆ ਵਰਤਮਾਨ ਕਾਲ ਬਹੁ-ਵਚਨ ਦਾ ਕਰਤਾ (ਫਾਇਲ) 'ਮਾਣਸਾ' ਭੀ ਸੱਸੇ ਦੇ ਕੰਨੇ ਨੂੰ ਬਿੰਦਾ ਹੋਣ ਕਰਕੇ ਬਹੁ-ਵਚਨ ਇਸਮ ਨਾਂਵ (plural noun) ਹੈ। 'ਤਿਨ' ਦਾ ਨੰਨਾ ਔਂਕੜ ਬਿਹੂਣਾ ਹੋਣ ਕਰਕੇ 'ਤਿਨ' ਦਾ ਅਰਥ ਤਿਨ੍ਹਾਂ ਦਾ ਬਣਾਉਂਦਾ ਹੈ। ਸਾਰੀ ਪੰਗਤੀ ਦਾ ਅਰਥ ਨਿਰਸੰਦੇਹ ਇਹ ਹੋਇਆ—

ਜੋ ਮਾਣਸ (ਆਦਮੀ) ਲਹੂ ਪੀਂਦੇ ਹਨ, ਓਹਨਾਂ ਦਾ ਚਿਤ ਕਿਵੇਂ ਨਿਰਮਲ ਰਹਿ ਸਕਦਾ ਹੈ ਜਦ ਲਹੂ ਲਾਗ ਵਾਲਾ ਕਪੜਾ ਅਪਵਿਤਰ ਹੋ ਜਾਂਦਾ ਹੈ। ਮਾਸਹਾਰੀ ਪੁਰਸ਼ ਆਪਣੇ ਮਾਸ ਭਖਣੀ ਝੱਸ ਨੂੰ ਪਰਮਾਣੀਕ ਦਸਣ ਲਈ ਇਸ ਪਿਛਲੀ ਪੰਗਤੀ ਦਾ ਅਰਥ ਤਰੋੜ ਮਰੋੜ ਕੇ ਕਰਦੇ ਹਨ ਕਿ 'ਮਾਣਸਾਂ ਦਾ ਰਤ ਪੀਂਦੇ ਹਨ' ਤੋਂ ਭਾਵ ਮਾਣਸਾਂ (ਆਦਮੀਆਂ) ਉਪਰ ਜ਼ੁਲਮ (ਬੇਇਨਸਾਫ਼ੀ) ਕਰਦੇ ਹਨ ਜੋ ਲੋਗ ਓਹ ਇਕ ਪ੍ਰਕਾਰ ਦਾ ਮਾਣਸਾਂ (ਆਦਮੀਆਂ) ਦਾ ਰਤੁ (ਲਹੂ) ਨਿਚੋੜਦੇ ਹਨ, ਲਹੂ ਪੀਂਦੇ ਹਨ, ਹਰਾਮਕਾਰੀ ਕਰਦੇ ਹਨ। ਇਹਨਾਂ ਅਰਥਾਂ ਦੇ ਕਾਰਨ ਵਿਚਿ ਦੋ ਮੁਗ਼ਾਲਤੇ ਸਪਸ਼ਟ ਹਨ। ਇਕ ਤਾਂ 'ਮਾਣਸਾ' ਪਦ ਨੂੰ 'ਰਤੁ' ਪਦ ਨਾਲਿ ਸਬੰਧਤ ਕਰਕੇ 'ਮਾਣਸਾ ਰਤੁ' ਦੇ ਅਰਥ 'ਮਾਣਸਾ ਦਾ ਰਤੁ' ਖਿਚ ਨਾਲਿ ਬਣਾਉਂਦੇ ਹਨ। 'ਮਾਣਸਾ ਰਤੁ' ਆਪੋ ਕੋਈ ਮੁਹਾਵਰਾ ਨਹੀਂ। ਦੂਜੇ 'ਪੀਵਹਿ' ਕਿਰਿਆ ਦਾ ਕਰਤਾ (ਫਾਇਲ) ਕੋਈ ਨਹੀਂ

bsrstrust.org

ਰਹਿੰਦਾ, ਜੇਕਰ 'ਮਾਣਸਾ' ਪਦ ਸਬੰਧਕ 'ਦਾ' ਯਾ 'ਕਾ' ਲਾ ਕੇ ਪਦ ਨਾਲਿ ਚਮੇੜਿਆ ਜਾਵੇ। ਜੇ ਕਹੋ 'ਜੋ' ਕਰਤਾ ਹੈ 'ਪੀਵਹਿ' ਕਿਰਿਆ ਦਾ ਤਾਂ ਇਸ 'ਜੋ' ਕੇਵਲ 'ਜੋ' ਪੜਨਾਂਵ (pronoun) ਹੈ ਤੋਂ ਇਹ ਸਿਧ ਨਹੀਂ ਹੁੰਦਾ ਕਿ ਰੱਤ ਪੀਣ ਵਾਲੇ ਇਨਸਾਨ (ਮਾਣਸ) ਹਨ ਕਿ ਹੈਵਾਨ। ਸ਼ੇਰ, ਰਿਛ ਆਦਿਕ ਹੈਵਾਨ ਭੀ ਤਾਂ ਮਾਣਸਾਂ ਦਾ ਰੱਤ ਲਹੂ ਪੀਂਦੇ ਹਨ। ਨਾਲੇ 'ਜੋ' ਇਕੱਲਾ ਪੜਨਾਂਉ (pronoun) ਨਾਂਵ (noun) ਤੋਂ ਬਿਨਾਂ ਗੁਰਬਾਣੀ ਵਿਚਿ ਨਾਂਵ (ਇਸਮ, noun) ਦਾ ਅਰਥ ਸਿਧ ਕਰਦਾ ਹੋਇਆ ਕਿਤੇ ਸ਼ਾਜ਼ੋ ਨਾਦਰ (ਘਟ ਵਧ) ਹੀ ਆਉਂਦਾ ਹੈ। ਅੱਵਲ ਤਾਂ ਕਿਤੇ ਭੀ ਨਹੀਂ ਆਉਂਦਾ। ਜੇ ਸਾਰੇ ਵਾਕ ਦੀ ਉਸੇ ਪੰਗਤੀ ਵਿਚਿ ਕਰਤਾ/ਕਰਮ (ਫ਼ਾਇਲ ਮਫਊਲ) ਨਹੀਂ ਆਵੇਗਾ, ਮਿਲੇਗਾ ਤਾਂ ਸਾਰੇ ਸ਼ਬਦ ਦੀ ਕਿਸੇ ਤੁਕ ਵਿਚ ਜ਼ਰੂਰ ਹੋਊ। ਜੇ ਨਹੀਂ ਭੀ ਹੋਊ, ਤੇ ਇਕੱਲਾ 'ਜੋ' ਹੀ ਪਦ ਪੜਨਾਂਵ ਹੋਊ ਤਾਂ ਭੀ ਓਥੇ ਉਸਦਾ ਮਫ਼ਹੂਮ ਸਪਸ਼ਟ ਜ਼ਰੂਰ ਹੁੰਦਾ ਹੋਊ। ਰੌਲੇ ਵਿਚ ਨਹੀਂ ਰਹਿੰਦਾ ਹੋਊ। ਏਥੇ ਤਾਂ ਸਾਫ਼ ਰੌਲਾ ਹੈ ਕਿ 'ਜੋ' ਇਨਸਾਨਾਂ ਦਾ ਪੜਨਾਂਵ (pronoun) ਸਮਝਿਆ ਜਾਵੇ ਕਿ ਹੈਵਾਨ ਦਾ। ਦ੍ਰਿਸ਼ਟਾਂਤ ਵਜੋਂ ਇਹ ਦੁਤੁਕਾ ਗੁਰਵਾਕ ਸਲੋਕ :

ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥
ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥ *(ਪੰਨਾ ੨੫੨)*

ਏਥੇ ਕੋਈ ਰੌਲਾ ਨਹੀਂ। ਨਿਰਸੰਦੇਹ 'ਜੋ' ਤੋਂ ਭਾਵ ਹੈ, ਪਰਮਾਰਥ ਰੰਗ ਰਤੜੇ ਇਕੋ ਵਾਹਿਗੁਰੂ ਦੇ ਰੰਗ ਰਤੜੇ ਸਤਿਸੰਗੀ ਜਨਾਂ ਗੁਰਮੁਖਾਂ ਇਨਸਾਨਾਂ ਤੋਂ। ਅਸਲ ਵਿਚਿ ਪਿਛਲੇ ਅਰਥ 'ਜੋ ਰਤੁ ਪੀਵਹਿ ਮਾਣਸਾ' ਪੰਗਤੀ ਦੇ ਖਿਚ ਵਾਲੇ ਅਰਥ ਹਨ। ਓਹਨਾਂ ਦੇ ਖ਼ਿਆਲ ਵਿਚਿ ਪਹਿਲੇ ਅਰਥ ਕੀਤਿਆਂ ਮਾਸ ਖਾਣਾ ਮਮਨੂਹ (ਮਨ੍ਹਾਂ) ਸਿਧ ਹੋ ਜਾਊ ਅਤੇ ਮਾਸ ਭਖਸ਼ੀਆਂ ਨੂੰ ਇਹ ਅਰਥ ਮਨਜ਼ੂਰ ਨਹੀਂ, ਮਾਫ਼ਕ ਨਹੀਂ, ਇਸ ਕਰਕੇ ਓਹ ਜਾਣ ਬੁਝ ਕੇ ਲਫ਼ਜ਼ਾਂ ਲਗਾਂ ਦੀ ਤਰੋੜ ਮਰੋੜ ਕਰਦੇ ਹਨ। ਫੇਰ ਭੀ (ਤਰੋੜ ਮਰੋੜੀ ਕੀਤਿਆਂ) ਓਹਨਾਂ ਦਾ ਸਿਧਾਂਤ ਸਿਧ ਨਹੀਂ ਹੁੰਦਾ। ਰੱਤ ਪੀਣਾ ਚਾਹੇ ਸਿਧਾਂਤਕ ਸਿਧੇ ਅਰਥਾਂ ਵਿਚਿ ਮੰਨਿਆ ਜਾਏ, ਜੈਸਾ ਕਿ ਮਾਸ ਭਖਸ਼ਕ ਪੱਖੀ ਖਿਚ ਕੇ ਕਰਦੇ ਹਨ, ਕਿਉਂਕਿ ਭਾਵੇਂ ਦ੍ਰਿਸ਼ਟਾਂਤ ਵਜੋਂ ਹੀ ਦਿਤਾ ਗਿਆ ਹੋਵੇ ਹਰ ਹਾਲਤ ਵਿਚਿ ਰਤੁ ਪੀਣਾ ਮਾੜੀ ਗੱਲ ਹੀ ਸਿੱਧ ਹੁੰਦਾ ਹੈ। ਮਾੜੀ ਗੱਲ ਦਾ ਮਾੜਾ ਦ੍ਰਿਸ਼ਟਾਂਤ ਭੀ ਤਾਂ ਉਸ ਵਸਤੂ ਦੇ ਮਾੜਪਣੇ ਨੂੰ ਦੂਰ ਨਹੀਂ ਕਰਦਾ, ਚਾਹੇ ਹਰਾਮ ਖੋਰੀ, ਜ਼ੁਲਮ, ਅਨਿਆਉਂ, ਝੂਠ ਬੋਲਣ ਆਦਿਕ ਤੋਂ ਹੀ ਭਾਵ ਹੋਵੇ। ਪਰ ਫੇਰ ਭੀ ਤਸ਼ਬੀਹ ਤਾਂ ਖ਼ੂਨ ਨਾਲ ਹੀ ਦਿਤੀ ਗਈ ਹੈ ਜੋ ਮਾੜੀ ਚੀਜ਼ ਹੈ। ਜੇ ਇਹ ਢੁੱਚਰ ਡਾਹੀ ਜਾਏ ਕਿ ਮਾਸ ਖਾਣ ਵਾਲੇ ਤਾਂ ਮਾਸ ਹੀ ਖਾਂਦੇ ਹਨ, ਖ਼ੂਨ ਤਾਂ ਨਹੀਂ ਪੀਂਦੇ। ਪਰ ਖਾਣ ਵਾਲਾ ਮਾਸ ਜੋ ਪ੍ਰਾਪਤਿ ਹੁੰਦਾ ਹੈ, ਖਾਣ ਵਾਲਿਆਂ ਨੂੰ ਜੀਵਾਂ ਦਾ ਖ਼ੂਨ ਕਰਕੇ ਹੀ ਜੀਵਾਂ ਨੂੰ ਵੱਢ ਕੇ ਹੀ ਜੀਵਾਂ ਦਾ ਗਲ ਵੱਢ ਕੇ ਹੀ ਹਾਸਲ ਹੁੰਦਾ ਹੈ। ਇਹ ਮਾਸ ਖਾਣਾ ਨਹੀਂ ਰੱਤ ਪੀਣਾ ਹੈ। ਲਹੂ ਨਿਚੋੜਨਾ ਹੈ। ਹਰ ਹਾਲਤ ਵਿਚ ਮਾਸ ਖਾਣਿਆਂ ਦੇ ਸਿਰੋਂ ਲਹੂ ਨਿਚੋੜਨ ਦੀ, ਖ਼ੂਨ ਕਰਨ ਦੀ ਅਤੇ ਖ਼ੂਨ ਪੀਣ ਦੀ ਬੁਰਿਆਈ ਹੱਤਿਆ

bsrstrust.org

ਦੂਰਿ ਨਹੀਂ ਹੋ ਸਕਦੀ। ਭਾਵੇਂ ਕਿਤਨਾ ਹੀ ਖਿੰਚੋਤਾਣ ਧਿਝਾਣੇ ਕਰਦੇ ਫਿਰਨਿ। ਧੁਰੋਂ ਆਈ ਗੁਰਬਾਣੀ ਦੀਆਂ ਤਸ਼ਬੀਹਾਂ ਭੀ ਅਲੌਕਿਕ ਹਨ। ਯਥਾ :

ਗੁਰਮੁਖਿ ਜਾਇ ਲਹਹੁ ਘਰੁ ਅਪਨਾ,
ਘਸਿ ਚੰਦਨੁ ਹਰਿ ਜਸੁ ਘਸੀਐ ॥੨॥੫॥੧੯॥੫੭॥

(ਗਉੜੀ ਪੂਰਬੀ ਮ: ੪, ਪੰਨਾ ੧੭੦)

ਪੰਗਤੀ ਅੰਦਰਿ 'ਘਸਿ ਚੰਦਨੁ' ਦੀ ਕੈਸੀ ਅਧਿਭੁਤ ਤਸ਼ਬੀਹ ਹੈ। ਜੈਸੇ ਚੰਦਨੁ ਘਸਾਈ ਜਾਈਦਾ ਹੈ ਐਸੇ ਹੀ ਹਰਿ ਜਸੁ (ਸਿਫ਼ਤਿ-ਸਾਲਾਹ) ਗੁਰਮਤਿ ਨਾਮ ਬਾਰੰਬਾਰ ਘਸਾਈ ਜਾਣਾ ਚਾਹੀਦਾ ਹੈ। ਜੈਸੇ ਜਿਉਂ ਜਿਉਂ 'ਚੰਦਨ' ਨੂੰ ਘਸਾਇਆ ਜਾਵੇਗਾ, ਤਿਉਂ ਤਿਉਂ ਉਸ ਵਿਚੋਂ ਖ਼ੁਸ਼ਬੋਈਆਂ ਨਿਕਲਣਗੀਆਂ। ਤੈਸੇ ਹੀ ਨਾਮ ਰੂਪੀ ਪਾਰਸ ਚੰਦਨ ਨੂੰ ਜਿਉਂ ਜਿਉਂ ਸੁਆਸ ਅਭਿਆਸੀ ਰਸਨ ਰਸਾਕੀ ਜਾਪ ਦੁਆਰਾ ਲਗਾਤਰੀ ਬਾਰੰਬਾਰਤਾ ਦੁਆਰਾ ਜਪਿਆ ਜਾਵੇਗਾ ਤਿਉਂ ਤਿਉਂ ਅਧਿਭੁਤ ਤੋਂ ਪਰਮ ਅਧਿਭੁਤ ਲਪਟਾਂ ਮਹਿਕਣਗੀਆਂ। ਨਾਮ ਦੀ ਪਾਰਸ ਅਭਿਆਸ ਪਰਸ ਏਹਨਾਂ ਲਪਟਾਂ ਤੋਂ ਇਲਾਵਾ ਜੋਤਿ ਪ੍ਰਕਾਸ਼ੀ ਹਿਵ ਸੀਤਲਾਈ ਲਾਟਾਂ ਭੀ ਪਰਜੁਲਤ ਕਰਨ ਨੂੰ ਸਮਰਥ ਹੈ। 'ਘਸਿ ਚੰਦਨੁ' ਵਿਚਿ ਸੱਸੇ ਦੀ ਸਿਹਾਰੀ ਏਥੇ ਖ਼ਾਸ ਫੋਰਸ 'ਜ਼ੋਰ' ਰਖਦੀ ਹੈ।

ਹਰਿ ਹਰਿ ਨਾਮੁ ਅੰਤਰਿ ਉਰਿਧਾਰਿ ॥
ਸੀਘਰ ਕਾਰਜੁ ਲੇਹੁ ਸਵਾਰਿ ॥੧॥ਰਹਾਉ॥੪॥੭੩॥

(ਗਉੜੀ ਗੁਆਰੇਰੀ ਮ: ੫, ਪੰਨਾ ੧੭੬)

ਇਸ ਦੁਪੰਗਤੀ ਦੀ ਪਹਿਲੀ ਪੰਗਤੀ ਵਿਚਿ 'ਉਰਿ' ਦੇ ਰਾਰੇ ਨੂੰ ਸਿਹਾਰੀ ਫ਼ਾਲਤੂ ਲਗੀ ਹੋਈ ਹੈ ਜੋ ਛਾਪੇ ਯਾ ਲਿਖਤ ਦੀ ਗ਼ਲਤੀ ਹੈ, ਕਿਉਂਕਿ ਜਦੋਂ 'ਉਰ' ਤੋਂ ਪਹਿਲਾਂ ਸਬੰਧਕੀ ਪਦ (preposition) 'ਅੰਤਰਿ' ਲਗਾ ਹੋਇਆ ਹੈ ਤਾਂ ਫੇਰ ਦੂਜੇ ਸਬੰਧਕੀ ਪਦ ਦੀ ਲੋੜ ਨਹੀਂ ਰਹਿੰਦੀ ਜੋ 'ਉਰਿ' ਦੇ ਰਾਰੇ ਨੂੰ ਸਬੰਧਕੀ ਪਦ ਚਿੰਨ੍ਹ ਵਜੋਂ ਲਗੀ ਹੋਈ ਹੈ ਜੋ ਓਹੀ ਅਰਥ 'ਅੰਤਰਿ' 'ਵਿਖੇ' ਦੇ ਅਰਥ ਮਤਲਬਾਉਂਦੀ ਹੈ।

ਉਪਾਵ ਛੋਡਿ ਗਹੁ ਤਿਸ ਕੀ ਓਟ ॥
ਨਿਮਖ ਮਾਹਿ ਹੋਵੈ ਤੇਰੀ ਛੋਟਿ ॥੩॥੭੩॥

(ਗਉੜੀ ਗੁਆਰੇਰੀ ਮ: ੫, ਪੰਨਾ ੧੭੭)

ਇਥੇ 'ਉਪਾਵ' ਬਹੁ-ਵਚਨ ਹੋਣ ਕਰਕੇ ਇਸ ਦਾ ਵਾਵਾ ਮੁਕਤਾ ਹੈ। 'ਛੋਡਿ' ਦੇ ਡੱਡੇ ਦੀ ਸਿਹਾਰੀ ਅਮਰੀ (ਹੁਕਮੀ) ਕਿਰਿਆ (imperative mood) ਦਰਸਾਉਂਦੀ ਹੈ। 'ਗਹੁ' ਦੇ ਹਾਹੇ ਨੂੰ ਔਂਕੜ ਭੀ ਅਮਰੀ (ਹੁਕਮੀ) ਕਿਰਿਆ ਵਾਚਾਉਂਦਾ ਹੈ। 'ਤਿਸ' ਦੇ ਪਦ ਦੇ ਸੱਸੇ ਵਾਲਾ ਔਂਕੜ ਤਾਂ ਉਡਿਆ ਹੈ ਕਿ ਸਬੰਧਕੀ ਪਦ 'ਕੀ' ਇਸ ਦੇ ਅੱਗੇ ਆਉਂਦਾ ਹੈ। 'ਓਟ' ਦਾ ਟੈਂਕਾ ਮੁਕਤਾ ਇਸ ਕਰਕੇ ਹੈ ਕਿ ਇਹ ਪਦ 'ਓਟ' ਇਕ-ਵਚਨਕ ਇਸਤ੍ਰੀ-ਲਿੰਗ (singular feminine gender) ਵਾਲਾ ਨਾਂਵ (noun) ਹੈ। 'ਨਿਮਖ' ਹਮੇਸ਼ਾ ਅੰਤਲੇ ਅੱਖਰ ਖੱਖੇ ਮੁਕਤੇ ਨਾਲ ਆਉਂਦਾ ਹੈ। ਏਥੇ ਔਂਕੜ ਇਸ ਨੂੰ ਇਸ ਕਰਕੇ ਹੋ ਹੀ ਨਹੀਂ ਸਕਦਾ ਕਿਉਂਕਿ ਅਗੇ 'ਮਾਹਿ' ਸਬੰਧਕੀ

bsrstrust.org

ਪਦ ਆਉਂਦਾ ਹੈ। 'ਛੋਟਿ' ਦੇ ਟੈਂਕੇ ਨੂੰ ਇਸਤ੍ਰੀ-ਲਿੰਗ ਨਾਂਵ (feminine gender noun) ਦਰਸਾਉਣ ਲਈ ਗੁਰਬਾਣੀ ਅੰਦਰਿ ਹਰ ਥਾਂ ਏਸੇ ਭਾਵ ਵਿਚਿ ਸਿਹਾਰੀ ਲਗਦੀ ਹੈ। ਗੁਰਬਾਣੀ ਅੰਦਰਿ ਇਹ ਸੰਕੇਤ ਨਹੀਂ ਕਿ ਕਾਫੀਆ ਬੰਦੀ ਪੂਰੀ ਕਰਨ ਲਈ ਦੁਪੰਗਤੀ ਦੇ ਪਿਛਲੇ ਪਦ ਇਕੈ ਲਗਾਂਮਾਤ੍ਰੀ ਸ਼ਕਲ ਵਿਚ ਹੋਣ। ਜੇ ਪਹਿਲੀ ਤੁਕ ਦੇ ਪਿਛਲੇ 'ਓਟ' ਪਦ ਦੇ ਅੱਖਰ ਟੈਂਕੇ ਨੂੰ ਸਿਹਾਰੀ ਨਹੀਂ ਤਦ ਇਹ ਜ਼ਰੂਰੀ ਨਹੀਂ ਕਿ ਦੂਜੀ ਪੰਗਤੀ ਦੇ ਛੇਕੜਲੇ ਪਦ 'ਛੋਟਿ' ਦਾ ਪਿਛਲਾ ਅੱਖਰ (ਟੈਂਕਾ) ਭੀ ਸਿਹਾਰੀ ਰਹਿਤ ਮੁਕਤਾ ਹੀ ਹੋਵੇ। ਗੁਰਬਾਣੀ ਦੀ ਕਾਵ ਰਚਨਾ ਅੰਦਰਿ ਅਜੇਹਾ ਸੰਕੇਤਕ ਨਿਯਮ ਕੋਈ ਨਹੀਂ। ਜੈਸੇ ਕਿ :

ਕਹੁ ਨਾਨਕ ਹਮ ਨੀਚ ਕਰੰਮਾ ॥
ਸਰਣਿ ਪਰੇ ਕੀ ਰਾਖਹੁ ਸਰਮਾ ॥ *(ਪੰਨਾ ੧੨)*

ਦੀ ਦੁਪੰਗਤੀ ਦੇ ਦੋਈ ਪਿਛਲੇ ਪਦ 'ਕਰੰਮਾ' ਤੇ 'ਸਰਮਾ' ਇਕੈ ਸ਼ਕਲ ਵਿਚਿ ਨਹੀਂ। ਇਹ ਜ਼ਰੂਰੀ ਨਹੀਂ ਕਿ ਜੇ ਕਰੰਮਾ ਦੇ ਰਾਰੇ ਨੂੰ ਟਿੱਪੀ ਹੈ ਤਾਂ 'ਸਰਮਾ' ਦੇ ਰਾਰੇ ਨੂੰ ਭੀ ਟਿੱਪੀ ਹੋਵੇ। ਯਾ ਜੇ 'ਸਰਮਾ' ਦਾ ਰਾਰਾ ਮੁਕਤਾ ਹੈ ਤਾਂ 'ਕਰੰਮਾ' ਦਾ ਰਾਰਾ ਭੀ ਮੁਕਤਾ ਹੋਵੇ। ਕਈ ਇਸੇ ਅਲਪੱਗ ਵਿਆਕਰਣੀ ਕਾਵਯ ਨਿਯਮ ਦੇ ਕਾਇਲ ਵਿਦਿਆ ਅਕਲੀ ਲੋਗ ਪਾਠ ਕਰਨ ਲਗਿਆਂ 'ਕਰੰਮਾ' ਨੂੰ 'ਕਰਮਾ' ਪਾਠ ਕਰਕੇ ਪਾਠਾਉਂਦੇ ਹਨ। ਰਾਰੇ ਨੂੰ ਟਿੱਪੀ ਲਾਏ ਬਿਨਾਂ ਉਠਾਉਂਦੇ ਹਨ, ਮਹਿਜ਼ ਕਾਫੀਆ ਪੂਰਾ ਕਰਨ ਲਈ। ਇਹ ਓਹਨਾਂ ਦੀ ਨਿਰੀ ਮਨਮਤਿ ਹੈ। 'ਕਰੰਮਾ' (ਜਿਸ ਦਾ ਅਰਥ ਹੈ 'ਕਰਮਾਂ ਵਾਲਾ') ਦੇ ਰਾਰੇ ਨੂੰ ਸਾਫ਼ ਟਿੱਪੀ ਲਗੀ ਹੋਈ ਹੈ, ਇਸ ਨੂੰ ਨਾ ਉਠਾਉਣਾ ਗੁਰਬਾਣੀ ਪਾਠ ਅਨਕੂਲਤਾ ਨਹੀਂ। ਗੁਰਬਾਣੀ ਅੰਦਰਿ ਬਿੰਦੇ ਜ਼ਰੂਰ ਰਹੇ ਹੋਏ ਹਨ। ਟਿੱਪੀਆਂ ਕਿਤੇ ਨਹੀਂ ਰਹੀਆਂ। ਸੋ ਜੇ ਕੋਈ ਚਾਰੇ ਕਾਫੀਆ ਪੂਰਾ ਕਰਨ ਲਈ 'ਕਰੰਮਾ' ਦੇ ਸਦਰਸ 'ਸਰੰਮਾ' ਭੀ ਰਾਰੇ ਨੂੰ ਟਿੱਪੀ ਸਹਿਤ ਉਠਾ ਲਵੇ ਤਾਂ ਇਹ ਉਸਦੀ ਚਾਹਨਾਂ ਮਈ ਉਕਤੀ ਯੁਕਤੀ ਵਾਲੀ ਛਾਣ ਸਿਆਣਪ ਕਿਸੇ ਕੰਮ ਦੀ ਨਹੀਂ। ਗੁਰਮਤਿ ਪ੍ਰਤਿਕੂਲ ਹੋਣ ਕਰਕੇ ਪਰਮਾਣੀਕ ਨਹੀਂ। ਹਾਂ ਅੱਧਕਾਂ ਭੀ ਅਕਸਰ ਲਾਉਣੀਆਂ ਰਹੀਆਂ ਹੋਈਆਂ ਹਨ। ਉਹ ਬੋਲਣ ਵਿਚਿ ਲਾ ਲੈਣੀਆਂ ਠੀਕ ਹਨ। ਜੈਸੇ 'ਗਏ ਮਸਕਤਿ' ਪਾਠ ਵਿਚ 'ਮਸਕਤਿ' ਪਦ ਦੇ ਸੱਸੇ ਤੇ ਕੱਕੇ ਅੱਖਰ ਦੇ ਮਧਿ ਉਪਰ ਅੱਧਕ ਲਗਣੀ ਰਹੀ ਹੋਈ ਹੈ ਤਾਂ ਤੇ 'ਮਸਕਤਿ' ਦਾ 'ਮਸੱਕਤਿ' ਅੱਧਕ ਸਹਿਤ ਉਠਾਉਣਾ ਕੋਈ ਮਨਮਤਿ ਨਹੀਂ ਸਗੋਂ ਗੁਰਮਤਿ ਅਨੁਕੂਲ ਹੈ। ਏਸੇ ਤਰ੍ਹਾਂ 'ਸਾਧੂ ਸੰਗਿ ਮਸਕਤੇ' ਨੂੰ ਭੀ 'ਸਾਧੂ ਸੰਗਿ ਮਸੱਕਤੇ' ਉਠਾਉਣਾ ਠੀਕ ਹੈ। ਜੈਸੇ 'ਸਤਿ' ਪਦ ਨੂੰ ਅੱਧਕ ਲਗਣੀ ਅਕਸਰ ਰਹੀ ਹੋਈ ਹੈ ਪਰ ਉਠਦੀ ਜ਼ਰੂਰ ਹੈ। ਜੈਸੇ :

ਸਤਿ ਸਤਿ ਸਤਿ ਪ੍ਰਭੁ ਸੋਈ ॥
ਸਦਾ ਸਦਾ ਸਦ ਆਪੇ ਹੋਈ ॥...੪॥੨੬॥੩੩॥ *(ਮਾਝ ਮ: ੫, ਪੰਨਾ ੧੦੪)*

ਦੁਪੰਗਤੀ ਦੀ ਪਹਿਲੀ ਤੁਕ ਅੰਦਰਿ ਤਿੰਨ ਵਾਰ 'ਸਤਿ' ਪਦ ਆਉਂਦਾ ਹੈ ਪਰ ਤਿਹਾਂ ਨੂੰ ਅਧਿਕ ਲਗਣੀ ਤਿੰਨੇ ਵਾਰ ਰਹੀ ਹੋਈ ਹੈ। ਪਰ ਉਠਦੀ ਜ਼ਰੂਰ ਹੈ।

bsrstrust.org

ਤਾਂ ਤੇ 'ਸੱਤਿ ਸੱਤਿ ਪ੍ਰਭੁ ਸੋਈ' ਅਧਿਕਾਂ ਸਹਿਤ ਪੜ੍ਹਨਾ ਹੀ ਉਚਿਤ ਹੈ। ਤਥਾ :

ਸਤਿ ਸਤਿ ਸਤਿ ਪ੍ਰਭੁ ਸੁਆਮੀ ॥
ਗੁਰ ਪਰਸਾਦਿ ਕਿਨੈ ਵਖਿਆਨੀ ॥ *(ਪੰਨਾ ੨੭੯)*

ਪਹਿਲੀ ਪੰਗਤੀ ਵਿਚਿ ਤਿੰਨੇ ਵਾਰ 'ਸਤਿ' ਪਦ ਅਧਿਕ ਨਾਲ ਉਠਦਾ ਹੈ ਪਰ ਤੇਹਾਂ ਤੇ ਅਧਿਕ ਲਗੀ ਹੋਈ ਨਹੀਂ। ਹੋਰ ਤਾਂ ਹੋਰ ਮੂਲ ਮੰਤਰ ਵਿਚਿ 'ਸਤਿ' ਪਦ ਅਕਸਰ ਅਧਿਕ ਰਹਿਤ ਹੀ ਹੈ। ਕਿਸੇ ਵਿਰਲੇ ਛਾਪੇ ਯਾ ਵਿਰਲੀ ਲਿਖਤ ਵਿਚਿ 'ਸਤਿ' ਮੂਲ ਮੰਤਰੀ ਪਦ ਅਧਿਕ ਸਹਿਤ ਆਉਂਦਾ ਹੈ। 'ਸਤਿਗੁਰੁ' ਪਦ ਵਿਚਿ ਤਾਂ ਅਕਸਰ 'ਸਤਿ' ਬਿਨਾ ਅਧਿਕ ਦੇ ਹੀ ਉਠਦਾ ਹੈ, ਇਸ ਕਰਕੇ ਸਤਿਗੁਰੁ ਨਾਲ ਦੇ 'ਸਤਿ' ਨੂੰ ਕਿਤੇ ਭੀ ਅਧਿਕ ਉਠਾਉਣੀ ਠੀਕ ਨਹੀਂ।

ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ ॥
ਓਹ ਬਿਨਸੈ ਓਇ ਭਸਮੈ ਢੇਰੀ ॥੧॥੧੧॥੮੦॥
(ਗਉੜੀ ਗੁਆਰੇਰੀ ਮਹਲਾ ੫, ਪੰਨਾ ੧੭੯)

ਭਾਵ, ਪੁਤ੍ਰ ਇਸਤਰੀ (ਆਦਿ ਕੁਟੰਬ ਦੀ ਮਮਤਾ) ਮੇਰੀ ਜਾਨ ਅੰਦਰਿ (ਚਿਮੜੀ) ਪਈ ਹੈ। ਪਰ ਓੜਕ ਓਸ ਨੇ ਤਾਂ (ਜਾਨ ਨੇ ਤਾਂ) ਬਿਨਸ ਜਾਣਾ ਹੈ ਅਤੇ ਓਹਨਾਂ (ਪੁਤ੍ਰ ਇਸਤ੍ਰੀ ਆਦਿ ਨੇ) ਭੀ ਭਸਮ ਦੀ ਢੇਰੀ ਹੀ ਹੋ ਜਾਣਾ ਹੈ ਮਰ ਕੇ। 'ਜਾਨਿ ਮੇਰੀ' ਦੇ ਅਰਥ ਏਥੇ 'ਮੇਰੀ ਜਾਨ ਵਿਖੇ' ਹਨ, ਨਾ ਕਿ 'ਮੇਰੀ ਜਾਨ ਦੇ'। 'ਜਾਨਿ' ਦੇ ਨੰਨੇ ਦੀ ਸਿਹਾਰੀ ਏਥੇ 'ਵਿਖੇ' ਦਾ ਅਰਥ ਦਿੰਦੀ ਹੈ ਨਾ ਕਿ 'ਕੇ' ਦਾ। ਮੇਰੀ ਜਾਨ ਦੇ ਪੁਤ੍ਰ ਕਲੱਤ੍ਰ ਉਰਝਿ ਰਹੇ ਹਨ। ਇਹ ਤਾਂ ਫ਼ਿਕਰਾ ਹੀ ਨਹੀਂ ਬਣਦਾ। ਕਾਹਦੇ ਵਿਚ ਉਰਝਿ ਰਹਿਓ ਹੈ ਯਾ ਰਹੇ ਹਨ ਤਾਂ ਭੀ ਫ਼ਿਕਰਾ ਨਹੀਂ ਬਣਦਾ। ਕਿਉਂ, 'ਉਰਝਿਓ' ਕਿਰਿਆ ਦਾ ਕਰਤਾ (subject) ਫੇਰ ਕਿਹੜਾ ਹੋਵੇਗਾ। ਜੇ ਆਖੋ ਇਸ ਦੁਪੰਗਤੀ ਤੋਂ ਪਹਿਲੀ ਦੁਪੰਗਤੀ :

ਬਹੁਤੁ ਦਰਬੁ ਕਰਿ ਮਨੁ ਨ ਅਘਾਨਾ ॥
ਅਨਿਕ ਰੂਪ ਦੇਖਿ ਨਹ ਪਤੀਆਨਾ ॥ *(ਪੰਨਾ ੧੭੯)*

ਵਿਖੇ ਜੋ 'ਮਨੁ' ਪਦ ਹੈ, ਉਹੀ ਇਸ ਪੰਗਤੀ ਵਿਖੇ 'ਉਰਝਿਓ' ਦਾ ਕਰਤਾ ਹੈ ਤਾਂ ਫ਼ਿਕਰਾ ਬਣੇਗਾ "ਮਨੁ ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ" ਅਤੇ ਅਰਥ ਬਣਨਗੇ (ਖਿੱਚ ਪਾੜ ਕੇ) ਪੁਤ੍ਰ ਕਲਤ੍ਰ ਵਿਖੇ ਮਨ ਉਰਝਿਓ ਹੈ ਮੇਰੀ ਜਾਨ ਕੇ, ਇਹ ਫ਼ਿਕਰਾ ਫਬਦਾ ਨਹੀਂ। ਕੋਝਾ ਜੇਹਾ ਹੀ ਪਰਤੀਤ ਹੁੰਦਾ ਹੈ। ਨਾਲੇ ਵਿਖੇ ਦੇ ਅਰਥ ਕਿਥੋਂ ਲਿਆਵੋਗੇ ? ਜੇ ਤਾਂ 'ਪੁਤ੍ਰ ਕਲਤ੍ਰ' ਦੇ ਪਿਛਲੇ ਅੱਖਰਾਂ ਨੂੰ ਸਿਹਾਰੀਆਂ ਲਗੀਆਂ ਹੁੰਦੀਆਂ ਅਤੇ 'ਪੁਤ੍ਰ ਕਲਤ੍ਰ' ਦੇ ਥਾਉਂ 'ਪੁਤ੍ਰਿ ਕਲਿਤ੍ਰ' ਪਾਠ ਹੁੰਦਾ ਤਦ ਤਾਂ ਇਹ ਅਰਥ ਫਬ ਭੀ ਜਾਂਦਾ। ਨਹੀਂ ਤਾਂ ਖਿਚੋਤਾਣੀ ਦਾ ਹੀ ਅਰਥ ਬਣਦਾ ਹੈ। 'ਜਾਨਿ ਮੇਰੀ'—'ਮੇਰੀ ਜਾਨ ਕੇ' ਵਾਲਾ ਅਰਥ ਫੇਰ ਭੀ ਕੋਝਾ ਜੇਹਾ ਹੀ ਰਹਿ ਜਾਂਦਾ ਹੈ।

ਜਨਮੁ ਜਰਾ ਮਿਰਤੁ ਜਿਸੁ ਵਾਸਿ ॥
ਸੋ ਸਮਰਥੁ ਸਿਮਰਿ ਸਾਸਿ ਗਿਰਾਸਿ ॥੩॥੮੭॥੧੫੬॥ *(ਗਉੜੀ ਮ: ੫, ਪੰਨਾ ੧੯੭)*

bsrstrust.org

ਇਸ ਦੁਤੁਕੀ ਦੇ ਅਰਥ ਕਈ ਅਰਥਈਏ ਗਿਆਨੀ ਅਪਣੀ ਮਨ ਦੀ ਮਤਿ ਅਨੁਸਾਰ ਬੜੇ ਕਸੂਤੇ ਕਰਿਆ ਕਰਦੇ ਹਨ। ਇਉਂ ਕਿ : 'ਜਿਸ ਆਦਮੀ ਦੇ ਸਿਰ ਤੇ ਮੌਤ ਖੜੀ ਹੈ, ਬੁਢੇਪਾ ਖੜਾ ਹੈ, ਜਿਸਦਾ ਵਾਸਾ ਜਨਮ ਮਰਨ ਦੇ ਭਉ ਵਿਚਿ ਹੈ ਉਸ ਨੂੰ ਚਾਹੀਦਾ ਹੈ ਕਿ ਸਾਸਿ ਗਿਰਾਸਿ ਸਮਰਥ ਵਾਹਿਗੁਰ ਦਾ ਸਿਮਰਨ ਕਰੇ।' ਪ੍ਰੰਤੂ ਲਗਾਂਮਾਤ੍ਰਾਂ ਦੇ ਨਿਯਮਾਂ ਦੀ ਵੀਚਾਰ ਅਨੁਸਾਰ ਐਸੇ ਅਰਥ ਕਰਨੇ ਉੱਕੇ ਹੀ ਬਿਪਰਜੇ ਹਨ। 'ਵਾਸਿ' ਦੇ ਸੱਸੇ ਨੂੰ ਸਿਹਾਰੀ ਹੈ, ਸੱਸੇ ਸਿਹਾਰੀ ਵਾਲੇ 'ਵਾਸਿ' ਪਦ ਦਾ ਅਰਥ 'ਵਾਸਾ' ਕਦੇ ਨਹੀਂ ਹੋ ਸਕਦਾ। ਜੇ ਹੋਵੇ ਭੀ ਤਾਂ ਵਾਸ ਯਾ ਵਾਸੁ ਜਿਸ ਚੀਜ਼ ਵਿਚਿ ਜਿਸ ਮੰਡਲ ਵਿਚਿ ਹੋਵੇਗਾ ਤਾਂ ਉਸਦੇ ਪ੍ਰਥਾਇ ਆਉਣ ਵਾਲੇ ਨਾਵਾਂ (nouns) ਦੇ ਪਿਛਲੇ ਅੱਖਰਾਂ ਨੂੰ ਸਿਹਾਰੀ ਹੋਣੀ ਜ਼ਰੂਰੀ ਹੈ। ਪਰ ਉਪਰਲੀ ਦੁਤੁਕੀ ਅੰਦਰਿ ਆਏ 'ਜਨਮੁ' ਅਤੇ 'ਮਿਰਤੁ' ਦੋਹਾਂ ਪਦਾਂ ਦੇ ਪਿਛਲੇ ਅੱਖਰਾਂ ਤੱਤੇ ਤੇ ਮੰਮੇ ਨੂੰ ਅਰਥਾਤ 'ਜਨਮੁ' ਦੇ ਮੰਮੇ ਅਤੇ 'ਮਿਰਤੁ' ਦੇ ਤੱਤੇ ਨੂੰ ਔਂਕੜ ਹਨ। ਤਾਂ ਤੇ 'ਜਨਮ ਅਤੇ ਮਿਰਤ ਵਿਖੇ' ਦੇ ਅਰਥ ਹੋ ਹੀ ਨਹੀਂ ਸਕਦੇ। ਹੋਣ ਤਾਂ ਜੇ ਏਹਨਾਂ ਦੇ ਪਿਛਲੇ ਅੱਖਰਾਂ 'ਮੰਮੇ' ਤੇ 'ਤੱਤੇ' ਨੂੰ ਸਿਹਾਰੀ ਲਗੀ ਹੋਵੇ, 'ਜਨਮਿ' ਮਿਰਤਿ' ਕਰਕੇ ਇਹ ਪਦ ਆਏ ਹੋਣ। 'ਸਿਰ ਤੇ' ਦੇ ਅਰਥ ਤਾਂ ਕਿਸੀ ਸੂਰਤਿ ਵਿਚਿ ਬਣ ਹੀ ਨਹੀਂ ਸਕਦੇ। 'ਸਿਰ' ਦਾ ਪਦ ਹੀ ਇਸ ਦੁਪੰਗਤੀ ਵਿਚਿ ਕਿਤੇ ਨਹੀਂ। ਨਾਲੇ ਏਹਨਾਂ ਅਰਥਾਂ ਦੇ ਕੀਤਿਆਂ ਪਹਿਲੀ ਪੰਗਤੀ ਵਿਚਿ 'ਜਿਸੁ' ਪਦ ਅਤੇ ਦੂਜੀ ਪੰਗਤੀ ਵਿਚਿ 'ਸੋ' ਪਦ ਦਾ ਸਬੰਧ ਟਾਕਰਾ ਬਣਦਾ ਹੀ ਨਹੀਂ। ਏਹਨਾਂ ਕੀਤੇ ਬਿਪਰਜੇ ਅਰਥਾਂ ਅਨੁਸਾਰ ਪਹਿਲੀ ਪੰਗਤੀ ਵਿਚਿ 'ਜਿਸੁ' ਪਦ ਕਿਸ ਪ੍ਰਾਣੀ ਪ੍ਰਥਾਇ ਘਟਿਆ ਅਰਥਾਇਆ ਗਇਆ ਹੈ ? ਦੂਜੀ ਪੰਗਤੀ ਵਿਚਿ 'ਸੋ' ਪਦ ਸਾਫ਼ ਅਰਥ 'ਸਮਰਥ ਵਾਹਿਗੁਰੂ' ਪ੍ਰਥਾਇ ਘਟਦਾ ਹੈ। ਹੋਰ ਕਿਸੇ ਪ੍ਰਥਾਇ ਘਟਾਇਆਂ ਘਟਦਾ ਹੀ ਨਹੀਂ। ਘਟ ਹੀ ਨਹੀਂ ਸਕਦਾ ਭਾਵੇਂ ਕੋਈ ਲੱਖ ਯਤਨ ਕਰੇ। ਪਿਛਲੇ ਅਰਥਾਂ ਅਨੁਸਾਰ ਇਹ 'ਸੋ' ਪਦ ਘਟਾਇਆ ਹੀ ਕਿਤੇ ਨਹੀਂ ਗਿਆ। ਤਾਂ ਤੇ ਲਗਾਂਮਾਤ੍ਰਾਂ ਦੀ ਨਿਯਮਕ ਗੁਰਬਾਣੀ ਰੀਤਿ ਅਨੁਸਾਰ ਸੁਧ ਅਰਥ ਇਉਂ ਬਣਦੇ ਹਨ ਜੋ ਸਾਫ਼ ਅਤੇ ਸਪਸ਼ਟ ਹਨ—'ਜੰਮਣ (ਜਨਮੁ) ਬੁਢੇਪਾ (ਜਰਾ) ਅਤੇ ਮਰਣ (ਮਿਰਤੁ) ਜਿਸ ਦੇ ਵਸ ਵਿਚਿ ਹੈ, ਉਸ (ਸੋ) ਸਮਰਥ ਵਾਹਿਗੁਰੂ ਨੂੰ ਸਾਸ ਲੈਂਦਿਆਂ (ਹਰ ਛਿਨ) ਅਤੇ ਗ੍ਰਾਸ ਲੈਂਦਿਆਂ ਸਦਾ ਹੀ ਸਿਮਰਦੇ ਰਹੋ।' ਵਾਸਿ—ਵਸ ਵਿਚਿ, ਸਿਹਾਰੀ 'ਵਿਚਿ' ਅਤੇ 'ਵਿਖੇ' ਦੇ ਅਰਥ ਦਿੰਦੀ ਹੀ ਹੈ ਨਿਯਮਾਂ ਅਨੁਸਾਰ। 'ਵਸ' ਪਦ ਨੂੰ ਗੁਰਬਾਣੀ ਅੰਦਰਿ ਅਨੇਕ ਥਾਵੀਂ ਵਾਵੇ ਨੂੰ ਕੰਨਾ ਵਧਾ ਕੇ 'ਵਾਸੁ' ਲਿਖਿਆ ਆਉਂਦਾ ਹੈ ਅਤੇ 'ਵਸਿ' ਦੇ ਅਰਥਾਂ ਵਿਚਿ ਆਉਂਦਾ ਹੈ।

ਸੋਭਾ ਸੁਰਤਿ ਨਾਮਿ ਭਗਵੰਤੁ ॥
ਪੂਰੇ ਗੁਰ ਕਾ ਨਿਰਮਲ ਮੰਤੁ ॥੩॥੮੮॥੧੫੭॥ *(ਗਉੜੀ ਮ: ੫, ਪੰਨਾ ੧੯੭)*

ਭਾਵ ਅਰਥ : '(ਵਾਹਿਗੁਰੂ) ਨਾਮ ਦੁਆਰਾ (ਸੱਚੀ) ਸੋਭਾ ਅਤੇ (ਜੋਤਿ ਵਿਗਾਸੀ) ਸੁਰਤਿ ਸੁਤੇ-ਸਿਧ ਹੀ ਪ੍ਰਾਪਤਿ ਹੋ ਜਾਂਦੀ ਹੈ। ਐਸਾ ਹੈ ਪਾਰਸ ਰੂਪ ਨਿਰਮਲ ਮੰਤ ਗੁਰ ਪੂਰੇ ਦੀ ਦੀਖਿਆ ਰੂਪੀ ਬਖ਼ਸ਼ਿਸ਼ ਦਾ ਦਿਤਾ ਹੋਇਆ ਬਖ਼ਸ਼ਿਆ ਹੋਇਆ'।

bsrstrust.org

ਪਹਿਲੀ ਪੰਗਤੀ ਵਿਚਿ ਆਏ 'ਭਗਵੰਤੁ' ਪਦ ਦੇ ਅਰਥ ਸ਼ਬਦਾਰਥੀਏ ਗਿਆਨੀ ਭਾਗਾਂ ਵਾਲਾ ਕਰਦੇ ਹਨ ਅਤੇ ਭਗਵੰਤ ਦਾ ਭਗਵੰਤੁ ਰੂਪੀ ਨਾਮ ਅਰਥ ਨਾ ਹੋਣ ਦੀ ਇਹ ਦਲੀਲ ਦਿੰਦੇ ਹਨ ਕਿ 'ਭਗਵੰਤੁ' ਦੇ ਅੰਤ ਤੱਤੇ ਅੱਖਰ ਨੂੰ ਔਂਕੜ ਹੈ, ਮੁਕਤਾ ਨਹੀਂ। ਜੇ ਮੁਕਤਾ ਹੁੰਦਾ ਤਾਂ ਨਾਮੁ ਅਰਥ ਬਣ ਸਕਦਾ ਸੀ, ਪਰ ਇਹ ਸੰਕੇਤ ਓਹਨਾਂ ਦਾ ਗੁਰਬਾਣੀ ਦੇ ਲਗਾਂਮਾਤ੍ਰੀ ਨਿਯਮ ਦੇ ਉਲਟ ਹੈ। ਨਾਮੁ ਰੂਪ 'ਭਗਵੰਤੁ' ਪਦ ਦੇ ਅਖ਼ੀਰੀ ਅੱਖਰ ਨੂੰ ਜ਼ਰੂਰ ਔਂਕੜ ਆਉਂਦਾ ਹੈ। ਜੈਸੇ :

ਓਹ ਧਨਵੰਤੁ ਕੁਲਵੰਤੁ ਪਤਿਵੰਤੁ ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥...੮॥੨੩॥ *(ਸੁਖਮਨੀ ਸਾਹਿਬ)*

ਦੇਖੋ :

ਬਾਹਰਿ ਰਾਖਿਓ ਰਿਦੈ ਸਮਾਲਿ ॥
ਘਰਿ ਆਏ ਗੋਵਿੰਦੁ ਲੈ ਨਾਲਿ ॥ *(ਪੰਨਾ ੧੯੭)*

ਪਦ 'ਗੋਵਿੰਦੁ' ਦੇ ਪਿਛਲੇ ਅੱਖਰ ਦੱਦੇ ਨੂੰ ਔਂਕੜ ਲਗਾ ਹੋਇਆ ਹੈ। ਹਰੇਕ ਖ਼ਾਸ ਨਾਂਵ (proper noun) ਨੂੰ ਔਂਕੜ ਜ਼ਰੂਰ ਲਗਦਾ ਹੈ। ਹਾਂ ਜੇ ਇਸ ਦੇ ਪਿੱਛੇ ਸਬੰਧਕੀ ਪਦ (preposition) ਸਪਸ਼ਟ ਯਾ ਮਫ਼ਹੂਮ ਲਗਾ ਹੋਇਆ ਹੋਵੇ, ਓਥੇ ਔਂਕੜ ਜ਼ਰੂਰ ਉਡ ਜਾਂਦਾ ਹੈ। ਯਥਾ ਗੁਰਵਾਕ :

ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ ॥
ਕੁਸਲ ਖੇਮ ਪ੍ਰਭਿ ਆਪ ਬਸਾਏ ॥ *(ਪੰਨਾ ੧੯੭)*

ਏਥੇ ਪਹਿਲੀ ਪੰਗਤੀ ਵਿਚਿ 'ਗੋਵਿੰਦ' ਪਦ ਨੂੰ ਔਂਕੜ ਨਹੀਂ। ਇਸ ਕਰਕੇ ਕਿ 'ਗੋਵਿੰਦ' ਪਦ 'ਗੁਣ' ਨਾਲਿ ਸਬੰਧਤ ਹੈ। 'ਗੋਵਿੰਦ ਗੁਣ' ਦੇ ਅਰਥ ਏਥੇ 'ਗੋਵਿੰਦ ਦੇ ਗੁਣ' ਹਨ। ਨਿਰੋਲ ਕਰਤਾ ਯਾ ਨਿਰੋਲ ਕਰਮੁ ਫਾਇਲ, ਮਫਊਲ (subject and object) ਹੁੰਦਾ ਹੋਇਆ ਨਾਉਂ (noun) ਖ਼ਾਸ (proper) ਸਦਾ ਔਂਕੜ ਸਹਿਤ ਹੀ ਰਹਿੰਦਾ ਹੈ। ਯਥਾ ਗੁਰਵਾਕ :

ਜੋ ਪ੍ਰਾਣੀ ਗੋਵਿੰਦੁ ਧਿਆਵੈ ॥
ਪੜਿਆ ਅਣਪੜਿਆ ਪਰਮ ਗਤਿ ਪਾਵੈ ॥ *(ਪੰਨਾ ੧੯੭)*

ਦੇਖੋ ਪਹਿਲੀ ਪੰਗਤੀ ਵਿਚਿ 'ਗੋਵਿੰਦੁ' ਪਦ ਦੇ ਛੇਕੜਲੇ ਅੱਖਰ ਦੱਦੇ ਨੂੰ ਸਾਫ਼ ਔਂਕੜ ਹੈ ਕਿਉਂਕਿ ਏਥੇ 'ਗੋਵਿੰਦੁ' ਪਦ ਨਿਰੋਲ (ਕਰਮ) ਮਫਊਲੀਅਤ ਵਿਚਿ ਹੈ।

ਪ੍ਰੇਮ ਭਗਤਿ ਰਾਤੇ ਗੋਪਾਲ ॥
ਨਾਨਕ ਜਾਚੈ ਸਾਧ ਰਵਾਲ ॥ *(ਪੰਨਾ ੧੯੮)*

ਗੁਰੂ ਨਾਨਕ ਦੇ ਘਰ ਦਾ ਜਾਚਕ ਜਨ (ਓਹਨਾਂ ਗੁਰਮੁਖਾਂ) ਸਾਧ ਜਨਾਂ ਦੀ ਚਰਨ ਧੂੜੀ (ਰਵਾਲ) ਮੰਗਦਾ ਹੈ ਜੋ ਗੋਪਾਲ ਦੀ ਪ੍ਰੇਮਾ ਭਗਤੀ ਵਿਚ ਰੱਤੇ ਹੋਏ ਹਨ। ਪਹਿਲੀ ਪੰਗਤੀ ਵਿਖੇ 'ਗੋਪਾਲ' ਦਾ ਲੱਲਾ ਇਸ ਕਰਕੇ ਮੁਕਤਾ ਹੈ ਕਿਉਂਕਿ ਇਸ ਦਾ ਭਾਵ 'ਗੋਪਾਲ ਦੀ' ਹੈ। 'ਦੀ' ਸਬੰਧਕੀ ਪਦ (preposition) ਏਥੇ ਮਹਿਜ਼ੂਫ ਹੈ।

bsrstrust.org

ਐਸੀ ਪ੍ਰੀਤਿ ਗੋਵਿੰਦ ਸਿਉ ਲਾਗੀ ॥
ਮੇਲਿ ਲਏ ਪੂਰਨ ਵਡਭਾਗੀ ॥ *(ਪੰਨਾ ੧੯੮)*

ਪਹਿਲੀ ਪੰਗਤੀ ਵਿਚ 'ਗੋਵਿੰਦ' ਪਦ ਨਾਉਂ ਦੇ ਅਗੇ 'ਸਿਉ' ਸਬੰਧਕੀ ਪਦੁ ਲਗਾ ਹੋਇਆ ਹੈ, ਇਸ ਕਰਕੇ 'ਗੋਵਿੰਦ' ਦੇ ਦੱਦੇ ਅੱਖਰ ਨੂੰ ਔਂਕੜ ਹਟ ਗਿਆ ਹੈ।

ਅਹੰਬੁਧਿ ਮਨ ਪੂਰਿ ਥਿਧਾਈ ॥
ਸਾਧ ਧੂਰਿ ਕਰਿ ਸੁਧ ਮੰਜਾਈ ॥ *(ਪੰਨਾ ੨੦੦)*

ਭਾਵ ਅਰਥ—ਜੇਹੜੇ ਮਨ ਹੰਕਾਰ ਨਾਲਿ ਲਿਬੜੀ ਹੋਈ ਬੁੱਧੀ ਕਰਕੇ ਮਲੀਨਤਾ ਰੂਪੀ ਥਿੰਧਿਆਈ ਨਾਲਿ ਅੱਟੇ ਪਏ ਸਨ (ਪੂਰਿ ਰਹੇ, ਭਰੇ ਪਏ ਹਨ) ਸਾਧ ਸੰਗਤਿ ਦੀ ਧੂੜੀ ਮਿਲਨ ਕਰਕੇ ਸੁੱਧ ਕਰਕੇ ਮਾਂਜੇ ਗਏ ਅਤੇ ਇਉਂ ਮਾਂਜੇ ਜਾਣ ਕਰਕੇ ਕੰਚਨ ਵੰਨੇ ਹੋ ਗਏ। ਥਿੰਧਿਆਈ ਮਈ ਮਲੀਨਤਾ (ਖਨਲਤਾ) ਸਭ ਉਤਰਿ ਗਈ। ਉੱਜਲ ਹੋ ਗਏ। ਉਪਰਲੇ ਵਾਕ ਦੁਤੁਕੀ ਅੰਦਰਿ 'ਅਹੰਬੁਧਿ' ਦੇ ਆਖ਼ਰੀ ਅੱਖਰ ਧੱਧੇ ਦੀ ਸਿਹਾਰੀ ਬਿਹਾਰੀ ਪ੍ਰਥਾਇ ਵਰਤੀ ਗਈ ਹੈ। 'ਬੁਧਿ' ਪਦ ਨੂੰ 'ਬੁਧੀ' ਪਦ ਪ੍ਰਥਾਇ ਲਿਖਿਆ ਗਿਆ ਹੈ। 'ਮਨ' ਬਹੁ-ਵਚਨ ਹੋਣ ਕਰਕੇ ਇਸਦਾ ਨੰਨਾ ਮੁਕਤਾ ਹੈ। 'ਪੂਰਿ' ਦੇ ਰਾਰੇ ਨੂੰ ਸਿਹਾਰੀ ਲਗੀ ਹੋਣ ਕਰਕੇ ਇਹ ਪਦ ਅਗਲੇ ਪਦ ਨਾਲੋਂ ਨਿਖੜਦਾ ਹੈ। 'ਭਰੇ ਹੋਏ' ਇਸ ਦੇ ਅਰਥ ਬਣਦੇ ਹਨ। ਬਹੁਤ ਸਾਰੇ ਪਾਠੀ, ਅਖੰਡ ਪਾਠੀ ਭੀ ਅਗਲੇ ਪਦ ਦੇ ਅੱਖਰਾਂ ਨਾਲਿ 'ਪੂਰਿ' ਖਲਤ ਮਲਤ ਕਰਿ ਜਾਂਦੇ ਹਨ ਅਤੇ 'ਥਿਧਾਈ' ਪਦ ਦੇ ਪਹਿਲੇ ਅੱਖਰ ਥੱਥੇ ਨੂੰ ਬੱਬਾ ਸਮਝ ਕੇ (ਗ਼ਲਤੀ ਨਾਲ ਉਠਾ ਕੇ) ਇਸ ਨੂੰ 'ਪੂਰਿ' ਨਾਲਿ ਮਿਲਾ ਦਿੰਦੇ ਹਨ। ਅਤੇ ਤੇਹਾਂ ਅੱਖਰਾਂ ਨੂੰ 'ਪੂਰਿਬਿ' ਕਰਕੇ ਉਠਾਉਂਦੇ ਹਨ। 'ਪੂਰਿਬਿ' ਪਾਠ ਕਰਦੇ ਹਨ। ਹਾਲਾਂਕਿ ਗੁਰਬਾਣੀ ਅੰਦਰਿ ਵਿਚਕਾਰਲੇ ਅੱਖਰ ਰਾਰੇ ਨੂੰ ਸਿਹਾਰੀ ਨਾਲਿ ਉਠਾਇਆ ਜਾਣ ਵਾਲਾ ਪਦ 'ਪੂਰਿਬਿ' ਹੈ ਹੀ ਨਹੀਂ। 'ਪੂਰਬਿ' (ਬੱਬੇ ਸਿਹਾਰੀ ਨਾਲਿ) ਤਾਂ ਆਉਂਦਾ ਹੈ। ਬੱਬੇ ਮੁਕਤੇ ਨਾਲਿ 'ਪੂਰਬ' ਪਦ ਭੀ ਆਉਂਦਾ ਹੈ। ਪਰ 'ਪੂਰਬ' ਪਦ ਦੇ ਰਾਰੇ ਅੱਖਰ ਨੂੰ ਸਿਹਾਰੀ ਕਦੇ ਭੀ ਨਹੀਂ ਲਗਣੀ। ਉੱਕੀ ਹੀ ਨਹੀਂ ਲਗਣੀ। ਥੋੜਾ ਗਹੁ ਨਾਲਿ ਦੇਖ ਕੇ ਪਾਠ ਕੀਤਿਆਂ ਸਾਫ਼ ਪਤਾ ਲਗ ਜਾਂਦਾ ਹੈ ਕਿ ਇਹ ਬੱਬਾ ਨਹੀਂ ਥੱਥਾ ਅੱਖਰ ਹੈ। ਇਉਂ ਜੋ ਆਮ ਪਾਠੀ ਗ਼ਲਤੀ ਨਾਲਿ 'ਪੂਰਿਬਿ ਧਾਈ' ਪਾਠ ਕਰ ਜਾਂਦੇ ਹਨ। ਗਹੁ ਕੀਤਿਆਂ 'ਪੂਰਿ ਥਿਧਾਈ' ਪਾਠ ਬਣਦਾ ਹੈ ਅਤੇ ਖ਼ੂਬ ਫਬਦਾ ਹੈ। ਅਰਥ ਭੀ ਫਬ ਜਾਂਦੇ ਹਨ। 'ਥਿੰਧਾਈ' ਪਦ ਦੇ ਪਹਿਲੇ ਅੱਖਰ ਥੱਥੇ ਨੂੰ ਸਿਹਾਰੀ ਤਾਂ ਲਿਖਾਰੀ ਨੇ ਯਾ ਛਾਪੇ ਖ਼ਾਨੇ ਦੇ ਕੰਪੋਜ਼ੀਟਰ ਨੇ ਦੇ ਦਿਤੀ ਪਰ ਨਾਲਿ ਟਿੱਪੀ ਨਹੀਂ ਦਿਤੀ। ਗ਼ਲਤੀ ਨਾਲ ਨਹੀਂ ਦਿਤੀ ਜਾਂ ਦੇਣ ਦੀ ਲੋੜ ਨਹੀਂ ਸਮਝੀ (ਸਿਆਣਪ ਕਰਕੇ) ਹਾਲਾਂਕਿ ਦੂਜੀ ਪੰਗਤੀ ਵਿਚ 'ਮੰਜਾਈ' ਪਦ ਦੇ ਮੰਮੇ ਅੱਖਰ ਤੇ ਸਾਫ਼ ਟਿੱਪੀ ਲਾਈ (ਛਪਾਈ) ਹੋਈ ਹੈ। ਇਹ ਨਹੀਂ ਕਹਿ ਸਕਦੇ ਕਿ 'ਥਿੰਧਾਈ' ਦੇ ਥੱਥੇ ਅੱਖਰ ਉਪਰਲੀ ਟਿੱਪੀ ਭੁੱਲ ਕੇ ਰਹਿ ਗਈ ਹੈ। ਹੁਣ ਇਕ ਲਹਿੰਦੇ ਦੇ ਰਹਿਣ ਵਾਲੇ ਗੁਰਮੁਖ ਸਜਣ ਦੀ ਜ਼ਬਾਨੀ ਪਤਾ ਲਗਾ ਹੈ ਕਿ ਲਹਿੰਦੇ ਵਲ ਟਿੱਪੀ ਬਿਹੂਣ 'ਥਿਧਾ' ਹੀ ਬੋਲਦੇ ਹਨ। 'ਥਿੰਧਾ' ਭੀ ਬੋਲਿਆ ਜਾਂਦਾ ਹੈ। ਸਤਲੁਜ ਦੇ ਉਰਾਰ ਇਲਾਕੇ

bsrstrust.org

ਵਿਚਿ 'ਬੰਦਾ' ਬਿਨਾ ਸਿਹਾਰੀ ਦੇ ਬੋਲਦੇ ਹਨ। ਲਿਖਾਰੀ ਜਾਂ ਛਾਪਣ ਵਾਲੇ ਕੰਪੋਜ਼ੀਟਰ ਦੀ ਸਮਝ ਵਿਚਿ ਥੱਥੇ ਦੇ ਥਾਉਂ ਬੱਬਾ ਅੱਖਰ ਹੀ ਆਇਆ। ਸਿਹਾਰੀ ਨੇ ਸਾਫ਼ ਨਿਖੇੜਵੀਂ ਸਪਸ਼ਟਤਾਈ ਕਰਿ ਦਿਖਾਈ ਹੈ ਤੇ ਪਦ ਅਰਥ ਸੁਧਾਈ ਭੀ ਸੁਧ ਕਰਿ ਦਿਖਾਈ ਹੈ। ਕਈ ਪਦਛੇਦ ਟੀਕਾਕਾਰ ਗਿਆਨੀ ਲੋਗ ਅਪਣੀ ਮਨਮਤਿ ਨਾਲ ਮਨ ਦੀ ਮਤਿ ਦੇ ਅਰਥ ਅਰਥਾਉਣ ਲਈ ਮੂਲ ਬਾਣੀ ਨੂੰ ਆਪਣੇ ਟੀਕਿਆਂ ਵਿਚਿ 'ਪੂਰਿਬਿ ਧਾਈ' ਪਾਠ ਛਾਪਦੇ ਛਪਵਾਉਂਦੇ ਹਨ। ਕਈ ਤਾਂ ਰਾਰੇ ਦੀ ਸਿਹਾਰੀ ਭੀ ਉਡਾਉਂਦੇ ਹਨ ਅਤੇ 'ਪੂਰਬਿ ਧਾਈ' ਹੀ ਪਾਠ ਛਾਪਦੇ ਛਪਵਾਉਂਦੇ ਹਨ। ਏਸੇ ਕਰਕੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਪਦ ਛੇਦ ਛਾਪਣਾ ਛਪਵਾਉਣਾ ਮਹਾਂ ਮਨਮਤਿ ਹੈ। ਕਿਉਂਕਿ ਓਹ ਆਪੋ ਆਪਣੀ ਮਤਿ ਬੁਧੀ ਅਨੁਸਾਰ ਪਦ ਛੇਦ ਕਰਦੇ ਹਨ। ਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬਾਣੀ ਨੂੰ ਪਦ ਛੇਦ ਛਪਾਉਣਾ ਅਲਪੱਗ ਬੁੱਧੀ ਦੀ ਮਤਸਰਤਾਈ ਹੈ। ਹੋਰ ਭੀ ਕਈ ਕਾਰਨ ਹਨ ਜਿਸ ਕਰਕੇ ਗੁਰਬਾਣੀ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਪਦ ਛੇਦ ਕਦੇ ਨਹੀਂ ਛਪਾਉਣਾ ਚਾਹੀਦਾ। ਲਗਾਂਮਾਤ੍ਰਾਂ ਦੇ ਨਿਯਮਾਂ ਦੇ ਜਾਣੂ ਲਿਖਾਰੀ ਗੁਰਬਾਣੀ ਛਪਾਰੀ ਬੁਧੀਮਾਨ ਸ਼ਬਦਾਰਥੀ ਭੀ ਪਦ ਛੇਦ ਕਰਨ ਵਿਚਿ ਗ਼ਲਤੀ ਕਰ ਜਾਂਦੇ ਹਨ। ਜੈਸੇ ਅਗੇ ਜਾ ਕੇ ਦਰਸਾਵਾਂਗੇ। ਦੂਜੀ ਪੰਗਤੀ ਵਿਚਿ 'ਸਾਧ ਧੂਰਿ'—ਸਾਧੂ ਧੂਰੀ ਦੇ ਤੁਫੈਲ; ਅਗਲਾ 'ਕਰਿ' ਪਦ 'ਸੁਧ' ਪਦ ਦੇ ਨਾਲਿ ਉਠਾਉਣਾ ਹੈ। 'ਕਰਿ ਸੁਧ', 'ਸਾਧ ਧੂਰਿ ਕਰਿ' ਇਉਂ ਨਹੀਂ ਉਠਾਉਣਾ। 'ਕਰਿ' ਪਦ 'ਸਾਧ ਧੂਰਿ' ਦੇ ਨਾਲਿ ਸਬੰਧ ਨਹੀਂ ਰਖਦਾ। 'ਸੁਧ' ਪਦ ਦੇ ਧੱਧੇ ਅੱਖਰ ਨਾਲੋਂ ਔਂਕੜ ਇਸ ਕਰਕੇ ਲੱਥਾ ਹੈ ਕਿ ਇਸਦਾ 'ਕਰਿ' ਨਾਲਿ ਸਬੰਧ ਹੈ। ਸੁੱਧ ਕਰਿ ਦੀ ਬਿਉਂਤ ਬਿਉਂਤਾਉਂਦਾ ਹੈ। ਜੇ 'ਕਰਿ' ਦਾ ਸਬੰਧ 'ਸੁਧ' ਨਾਲਿ ਨ ਹੁੰਦਾ ਤਾਂ 'ਸੁਧ' ਦੇ ਥਾਉਂ 'ਸੁਧੁ' ਧੱਧੇ ਔਂਕੜ ਨਾਲ ਹੁੰਦਾ ਜੈਸਾ ਕਿ ਏਸੇ ਵਾਕ ਦੀ ਅਗਲੀ ਦੁਪੰਗਤੀ ਤੋਂ ਸਿੱਧ ਹੈ। ਯਥਾ ਗੁਰਵਾਕ :

ਅਨਿਕ ਜਲਾ ਜੇ ਧੋਵੈ ਦੇਹੀ॥ ਮੈਲੁ ਨ ਉਤਰੈ ਸੁਧੁ ਨ ਤੇਹੀ॥ *(ਪੰਨਾ ੨੦੦)*

ਬਖਸੀਸ, ਵਜਹੁ

ਬਖਸੀਸ ਵਜਹੁ ਮਿਲਿ ਏਕੁ ਨਾਮ॥
ਸੂਖ ਸਹਜ ਆਨੰਦ ਬਿਸ੍ਰਾਮ॥ *(ਗਉੜੀ ਮ: ੫, ਪੰਨਾ ੨੧੦)*

ਭਾਵ, ਇਕ ਨਾਮ ਦੀ ਬਖ਼ਸ਼ੀਸ਼ ਹੀ ਰੋਜ਼ੀਨਾ ਮਿਲਿਆ ਹੈ। ਇਸ ਕਰਕੇ, ਸੂਖ ਸਹਜ ਆਨੰਦ ਬਿਸ੍ਰਾਮ ਬਣੇ ਹਨ। ਇਸਤ੍ਰੀ-ਲਿੰਗ ਨਾਂਵ ਹੋਣ ਕਰਕੇ 'ਬਖਸੀਸ' ਪਦ ਦਾ ਪਿਛਲਾ ਸੱਸਾ ਮੁਕਤਾ ਹੈ। 'ਵਜਹੁ' ਪਦ ਦਾ ਅਰਥ ਏਥੇ 'ਰੋਜ਼ੀਨਾ' ਹੈ ਨਾਂਵ (noun) ਵਜਹੁ ਦੇ ਅਰਥ 'ਬਤੌਰ' ਦੇ ਨਹੀਂ ਜੈਸਾ ਕਿ ਕਈ ਅਰਥਈਏ ਗਿਆਨੀ ਕਰਿਆ ਕਰਦੇ ਹਨ। 'ਨਾਮ' ਪਦ ਕਰਮ ਨਾਉਂ (objective noun) ਦੇ ਮੰਮੇ ਅੱਖਰ ਨੂੰ ਔਂਕੜ ਨ ਹੋਣਾ ਸਿੱਧ ਕਰਦਾ ਹੈ ਕਿ ਇਸ ਦੇ ਪਿੱਛੇ ਸਬੰਧਕੀ ਪਦ ਮਫ਼ਹੂਮ ਹੈ। ਤਾਂ ਹੀ ਔਂਕੜ ਉੜਿਆ ਹੈ। 'ਨਾਮ ਦੀ ਬਖਸ਼ੀਸ਼' ਇਉਂ ਅਰਥ ਠੀਕ ਬਣਦਾ ਹੈ।

bsrstrust.org

ਬੇਬਰਜਤ, ਬੇਦ

ਬੇਬਰਜਤ ਬੇਦ ਸੰਤਨਾ ਉਆਹੂ ਸਿਉ ਰੇ ਹਿਤਨੋ ॥ *(ਪੰਨਾ ੨੧੨)*

ਭਾਵ ਅਰਥ—ਸੰਤ ਜਨਾਂ ਗੁਰਮੁਖਾਂ ਨੇ (ਜੇਹੜਾ) ਮਨਾਹ ਕੀਤਾ ਹੈ (ਬਰਜਿਆ ਹੈ) ਬੇਦਾਂ (ਦੇ ਪੜ੍ਹਨ) ਨੂੰ ਉਸੇ (ਬੇਦਾਂ ਦੇ ਪੜ੍ਹਨ) ਨਾਲਿ ਹੀ ਮਮਤਾ ਮਈ ਨੇਹੁ (ਹਿਤ) ਲਾਉਂਦਾ ਹੈ। ਕਈ ਵੇਦ ਮਤਿ ਅਵਲੰਬੀ ਗਿਆਨੀ ਇਉਂ ਅਰਥ ਕਰਦੇ ਹਨ ਕਿ ਜੋ ਚੀਜ਼ ਬੇਦਾਂ ਨੇ ਤੇ ਸੰਤਾਂ ਨੇ ਬਰਜੀ ਹੋਈ (ਮਨਾਹ ਕੀਤੀ ਹੋਈ) ਹੈ ਉਸ ਦੇ ਨਾਲਿ ਹੀ ਹਿਤ ਪਿਆਰ ਕਰਦਾ ਹੈ। ਪਰ ਏਹ ਅਰਥ ਗੁਰਮਤਿ ਪ੍ਰਤਿਕੂਲ ਹਨ ਅਤੇ ਗੁਰਬਾਣੀ ਦੇ ਲਗਾਂਮਾਤ੍ਰੀ ਨਿਯਮਾਂ ਅਨੁਸਾਰ ਨਹੀਂ। 'ਬੇਦਾਂ ਨੇ' ਅਰਥ ਤਾਂ ਤਦ ਬਣਦਾ ਜੇਕਰ 'ਬੇਦ' ਦੇ ਥਾਉਂ 'ਬੇਦਿ' ਦੱਦਾ ਸਿਹਾਰੀ ਨਾਲਿ ਲਿਖਿਆ ਹੁੰਦਾ। ਦੱਦੇ ਮੁਕਤੇ ਨਾਲ 'ਬੇਦ' ਕਦੇ 'ਬੇਦ ਨੇ' ਦਾ ਅਰਥ ਨਹੀਂ ਦੇ ਸਕਦਾ। ਇਹ ਪੱਕਾ ਨਿਯਮ ਹੈ। ਦੱਦੇ ਮੁਕਤੇ ਨਾਲਿ ਨਾਂਵ (noun) ਕੋਈ ਭੀ ਹੋਵੇ 'ਨੂੰ' ਯਾ 'ਤੇ' ਦੇ ਅਰਥ ਤਾਂ ਦੇ ਜਾਂਦਾ ਹੈ ਪਰ 'ਨੇ' ਦੇ ਕਦਾਚਿਤ ਨਹੀਂ ਦਿੰਦਾ। ਇਹ ਪੱਕਾ ਫ਼ੈਸਲਾ ਹੈ। ਬਸ ਦੂਜਾ ਅਰਥ ਹੋ ਹੀ ਨਹੀਂ ਸਕਦਾ।

ਹਰਨ ਭਰਨ ਸੰਪੂਰਨਾ ਚਰਨ ਕਮਲ ਰੰਗਿ ਰਿਤਨੋ ॥ *(ਪੰਨਾ ੨੧੨)*

ਇਸ ਪੰਗਤੀ ਅੰਦਰਿ ਭੀ 'ਰੰਗਿ ਰਿਤਨੋ' ਦੇ ਅਰਥ ਭੀ ਰੰਗਾਂ ਤੋਂ ਸੱਖਣੇ (ਰੀਤੇ) ਦੇ ਕੀਤੇ ਜਾਂਦੇ ਹਨ। 'ਰੰਗਿ' ਦੇ ਪਦ ਗੱਗੇ ਨੂੰ ਸਾਫ਼ ਸਿਹਾਰੀ ਹੈ। ਸਿਹਾਰੀ ਤੋਂ ਕਦੇ ਭੀ 'ਤੇ' ਯਾ 'ਤੋਂ' ਅਰਥ ਨਹੀਂ ਲਏ ਜਾ ਸਕਦੇ। ਗੁਰਬਾਣੀ ਦੇ ਲਗਾਂਮਾਤ੍ਰੀ ਨਿਯਮਾਂ ਅਨੁਸਾਰ ਕਦੇ ਭੀ ਸਿਹਾਰੀ ਦੇ ਅਰਥ 'ਤੇ' ਯਾ 'ਤੋਂ' ਯਾ 'ਕਉ' ਦੇ ਨਹੀਂ ਹੁੰਦੇ। ਇਸ ਤੋਂ ਅਗਲੀ ਨਾਲ ਦੀ ਸੰਬੰਧਤ ਪੰਗਤੀ ਨਾਲ ਪੜ੍ਹੀ ਜਾਣ ਕਰਕੇ ਇਸ ਪਹਿਲੀ ਪੰਗਤੀ ਦੇ ਅਰਥ ਨਿਖਰ, ਨਿਤਰ ਜਾਂਦੇ ਹਨ।

ਨਾਨਕ ਉਧਰੇ ਸਾਧ ਸੰਗਿ ਕਿਰਪਾਨਿਧਿ ਮੈ ਦਿਤਨੋ ॥ *(ਪੰਨਾ ੨੧੨)*

ਹੁਣ ਦੋਹਾਂ ਪੰਗਤੀਆਂ ਦੇ ਇਕੱਠੇ ਅਰਥ ਇਉਂ ਬਣਦੇ ਹਨ ਲਗਾਂਮਾਤ੍ਰੀ ਨਿਯਮਾਂ ਅਨੁਸਾਰ—ਹਰਨ ਭਰਨ ਸਮਰਥ ਕਲਾ ਸੰਪੂਰਨ ਵਾਹਿਗੁਰੂ ਦੇ ਚਰਨ ਕੰਵਲਾਂ ਦੇ ਰੰਗਾਂ ਨਾਲਿ ਪ੍ਰੀਤਿ ਰੀਤਿ (ਰੀਤੀ) ਕਰਨ ਨਾਲਿ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸਭ ਦਾ ਉਧਾਰ ਹੁੰਦਾ ਹੈ। ਜੋ ਉਧਰੇ ਹਨ ਗੁਰੂ ਘਰ ਦੀ ਸਾਧ ਸੰਗਤਿ ਵਿਖੇ ਮਿਲ ਕੇ ਹੀ ਉਪਰੇ ਹਨ। ਕਿਉਂਕਿ ਗੁਰੂ ਘਰ ਦੀ ਸਾਧ ਸੰਗਤਿ ਕਰਕੇ ਹੀ ਵਾਹਿਗੁਰੂ (ਸਰਬ ਕਲਾ ਸਮਰਥ) ਦੇ ਚਰਨ ਕੰਵਲਾਂ ਦੇ ਰੰਗਾਂ ਵਾਲੀ ਪ੍ਰੀਤਿ ਰੀਤੀ ਪ੍ਰਾਪਤਿ ਹੁੰਦੀ ਹੈ। ਸੋਈ ਸਾਧ ਸੰਗਤਿ ਕ੍ਰਿਪਾਨਿਧਾਨ ਵਾਹਿਗੁਰੂ ਨੇ ਮੈਨੂੰ ਦਿਤੀ (ਬਖ਼ਸ਼ੀ) ਹੈ।

ਕਾਮੁ ਕਰੀ ਜੇ ਠਾਕੁਰ ਭਾਵਾ ॥
ਗੀਤ ਚਰਿਤ ਪ੍ਰਭ ਕੇ ਗੁਨ ਗਾਵਾ ॥ *(ਪੰਨਾ ੨੧੨)*

ਇਸ ਦੁਤੁਕੀ ਅੰਦਰਿ 'ਕਰੀ', 'ਭਾਵਾ', 'ਗਾਵਾ' ਕਿਰਿਆ ਉਤਮ ਪੁਰਖ

bsrstrust.org

(ਵਾਹਦ ਮੁਤਕਲਮੀ) ਪਦਾਂ ਦੇ ਪਿਛਲੇ ਅੱਖਰਾਂ ਨਾਲਿ ਬਿੰਦੇ ਜ਼ਰੂਰ ਉਠਾਉਣੇ ਹਨ ਤਾਂ ਅਰਥ ਬਣਦੇ ਹਨ ਨਹੀਂ ਤਾਂ ਅਰਥਾਂ ਦੇ ਅਨਰਥ ਹੋ ਜਾਂਦੇ ਹਨ। ਬਿੰਦਿਆਂ ਸਹਿਤ ਏਹ ਕਿਰਿਆਵਾਂ ਉਠਾਉਣ ਕਰਿ ਇਉਂ ਸਹੀ ਅਰਥ ਬਣਦੇ ਹਨ—'ਮੈਂ ਐਸੇ ਕੰਮ ਕਰਦਾ ਰਹਾਂ ਨਿਤ ਕਰਦਾ ਹੀ ਰਹਾਂ ਜਿਨ੍ਹਾਂ ਦੇ ਕਰਨ ਕਰਕੇ ਮੈਂ ਆਪਣੇ ਮਾਲਕ ਵਾਹਿਗੁਰੂ ਦਾ ਮਨਜ਼ੂਰੇ ਨਜ਼ਰ ਹੋ ਜਾਵਾਂ (ਵਾਹਿਗੁਰੂ ਦੇ ਪਸਿੰਦ ਆ ਜਾਵਾਂ)।' ਓਹ ਕੰਮ ਕੈਹੜੇ ਹਨ ? ਓਹਨਾਂ ਦਾ ਨਿਰਣਾ ਅਗਲੀ ਪੰਗਤੀ ਵਿਚਿ ਇਉਂ ਹੈ—'ਵਾਹਿਗੁਰੂ ਗੁਣਾਂ ਰੂਪੀ ਗੀਤ ਚਰਿਤਰ ਭਾਵ ਬਿਸਮ ਰੰਗੇ ਪਾਰਸ ਰਸਾਇਣੀ ਗੁਰਬਾਣੀ ਗੁਣ ਗਾਵੰਦਾ ਹੀ ਰਹਾਂ।' ਕਈ ਸ਼ਬਦਾਅਰਥੀ ਗਿਆਨੀ :

ਗੀਤ ਚਰਿਤ ਪ੍ਰਭ ਕੇ ਗੁਨ ਗਾਵਾ॥

ਪੰਗਤੀ ਦੇ ਅਰਥ ਕਰਦੇ ਹਨ—'ਗੀਤਾਂ ਤੇ ਬਿਰਤਾਂਤਾਂ ਰਾਹੀਂ ਹਰੀ ਦੇ ਗੁਣ ਗਾਵਾਂ'। 'ਰਾਹੀਂ' ਪਤਾ ਨਹੀਂ ਕਿਸ ਲਗਮਾਤ੍ਰ ਦੇ ਪ੍ਰਭਾਵਕ ਨਿਯਮ ਅਨੁਸਾਰ ਅਰਥਾਵੀ ਵਾਧੂ ਪਦ ਓਹਨਾਂ ਨੇ ਲਾਇਆ ਹੈ। 'ਰਾਹੀਂ' ਪਦ ਦਾ ਵਿਚਿ ਲਿਆਉਣਾ ਇਹ ਸਿੱਧ ਕਰਦਾ ਹੈ ਕਿ ਗੁਰਬਾਣੀ ਰੂਪੀ ਗੁਣਾਂ ਤੋਂ ਵਖਰੇ ਕੋਈ ਹੋਰ ਗੀਤ ਅਤੇ ਬਿਰਤਾਂਤ ਹਨ, ਜਿਨ੍ਹਾਂ ਦੇ ਦੁਆਰਾ ਹਰੀ ਦੇ ਗੁਣ ਗਾਵਣੇ ਹਨ। ਤਾਂ ਤੇ ਇਹ ਅਰਥ ਅਤੀਯੰਤ ਬਿਪਰਜੇ ਹਨ। ਗੁਰਮਤਿ ਗੁਣਾਂ ਅਰਥਾਤ ਗੁਰਬਾਣੀ ਤੋਂ ਉਪਰ ਦੀ ਹੋਰ ਕੇਹੜੇ ਬਿਰਤਾਂਤ ਗੀਤ ਹਨ ਜਿਹਨਾਂ ਦਾ ਆਸਰਾ ਲੈ ਕੇ ਗੁਣ ਗਾਵਣੇ ਹਨ ? ਕਈ ਪੁਰਾਤਨਤਾ, ਸਨਾਤਨਤਾ ਦੇ ਵੇਦ ਪੁਰਾਣੀ ਮਅਜਜ਼ੇ ਦੇ ਮੁੱਠੇ ਹੋਏ ਅਗਿਆਨੀ ਮਨਮਤੀਏ ਅਰਥਈਏ 'ਗੀਤ' ਪਦ ਤੋਂ 'ਗੀਤਾ' ਦਾ ਖਿਚਪਾੜੀ ਭਾਵ ਅਰਥ ਘੜੀਸ ਲੈਂਦੇ ਹਨ ਅਤੇ ਅਰਥਾਉਂਦੇ ਹਨ ਕਿ ਜੇਹੜੇ ਚਰਿਤਰ ਕ੍ਰਿਸ਼ਨ ਦੀ ਗੀਤਾ ਵਿਚਿ ਵਰਣਨ ਕੀਤੇ ਗਏ ਹਨ ਓਹਨਾਂ ਚਰਿਤਰਾਂ ਬਿਆਨਾਂ ਦੀ ਰੋਸ਼ਨੀ ਵਿਚਿ ਗੁਰਬਾਣੀ ਰੂਪੀ ਗੁਣ ਗਾਉਣੇ ਚਾਹੀਦੇ ਹਨ। ਕੈਸੇ ਮੂੰਹ ਚਪੇੜ ਖਾਣੀਏ ਚੁੰਚ ਗਿਆਨੀ ਹਨ ਐਸੇ ਮਨਮਤੀਏ ਅਗਿਆਨੀ ਅਰਥੀਏ; ਏਸੇ ਪਰਕਾਰ ਓਹ :

ਅੰਮ੍ਰਿਤ ਨਾਮ ਦਾਨੁ ਨਾਨਕ ਕਉ ਗੁਣ ਗੀਤਾ ਨਿਤ ਵਖਾਣੀਆ॥੮॥੨॥੮॥

(ਮਾਰੂ ਮ: ੫, ਪੰਨਾ ੧੦੨੦)

ਰੂਪੀ ਪੰਗਤੀ ਵਿਚਿ ਆਏ 'ਗੁਣ ਗੀਤਾਂ' ਦੇ ਅਰਥ ਭੀ ਅਪਣੀ ਪਰਪੰਚ ਬੁਧੀ ਅਨੁਸਾਰ ਕਰਦੇ ਹਨ। 'ਗੀਤਾਂ' ਨੂੰ 'ਗੀਤਾ' ਤੱਤੇ ਦੇ ਕੰਨੇ ਨੂੰ ਬਿੰਦੀ ਲਾਏ ਬਿਹੂਣ ਉਠਾਉਂਦੇ ਹਨ ਅਤੇ ਕ੍ਰਿਸ਼ਨ ਗੀਤਾ ਵਾਲਾ ਅਰਥ ਵਿਚਿ ਘਸੋੜਦੇ ਹਨ। 'ਗੀਤਾਂ' ਪਦ ਹੈ ਬਹੁ-ਵਚਨ 'ਗੀਤ' ਦਾ 'ਅੰਮ੍ਰਿਤ ਨਾਮ ਦਾਨੁ' ਤਾਂ ਹੈ ਗੁਰੂ ਨਾਨਕ ਦੇ ਘਰ ਦਾ। ਕ੍ਰਿਸ਼ਨ ਦੀ ਗੀਤਾ ਦਾ ਏਥੇ ਕੀ ਸਬੰਧ ? ਜੀਹਦੇ ਗੀਤ ਅੰਮ੍ਰਿਤ ਰੂਪ ਗੁਰਬਾਣੀ ਦੇ ਗੁਣਾਂ ਵਿਚਿ ਗੁਮੇਹੇ ਜਾਣ। ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰ ਸਿਖ ਤਾਂ ਨਿਤ ਨਿਤ ਵਖਾਣਦੇ ਹਨ ਗੁਰਬਾਣੀ ਦੇ ਗੁਣਾਂ ਰੂਪੀ ਗੀਤਾਂ ਨੂੰ। ਆਨਮਤਿ ਧਰਮ ਪੁਸਤਕਾਂ ਵਖਾਣੀ 'ਗੀਤਾਵਲੀ' ਨਾਲਿ ਗੁਰਸਿੱਖਾਂ ਦਾ ਕੀ ਸਰੋਕਾਰ ? ਕੁਛ ਨਹੀਂ।

bsrstrust.org

ਵਜੀਰਾਂ

ਸਰਣਿ ਪਰਿਓ ਠਾਕੁਰ ਵਜੀਰਾ ॥
ਤਿਨਾ ਦੇਖਿ ਮੇਰਾ ਮਨੁ ਧੀਰਾ ॥ *(ਪੰਨਾ ੨੧੨)*

ਏਸ ਦੁਤੁਕੀ ਦੀ ਪਹਿਲੀ ਪੰਗਤੀ ਅੰਦਰਿ 'ਵਜੀਰਾ' ਪਦ ਰਾਰੇ ਕੰਨੇ ਨੂੰ ਬਿੰਦੇ ਸਹਿਤ ਉਠਾਉਣਾ ਹੈ। 'ਠਾਕੁਰ ਵਜੀਰਾਂ' ਦਾ ਭਾਵ ਅਰਥ ਏਥੇ ਗੁਰੂ ਕਰਤਾਰ ਨਿਕਟ ਵਰਤੀ ਗੁਰਸਿਖਾਂ, ਸੰਤਾਂ ਭਗਤਾਂ, ਗੁਰਮੁਖ ਜਨਾਂ ਤੋਂ ਹੈ। 'ਵਜੀਰਾਂ' ਪਦ ਨਾਉਂ (ਕਰਮ) ਮਫਊਲ ਏਥੇ ਬਹੁ-ਵਚਨ ਹੈ ਕਿਉਂਕਿ ਅਗਲੀ ਤੁਕ ਅੰਦਿਰ 'ਤਿਨਾ' ਪਦ ਪੜਨਾਉਂ ਹੈ। ਉਹ ਬਹੁ-ਵਚਨ ਹੈ। ਬਹੁ-ਵਚਨ ਪੜਨਾਉਂ ਬਹੁ-ਵਚਨ ਨਾਉਂ ਦਾ ਹੀ ਹੁੰਦਾ ਹੈ। ਦੂਜੀ ਤੁਕ ਦਾ ਸਾਫ਼ ਅਰਥ ਹੈ ਕਿ ਤਿਨ੍ਹਾਂ ਨੂੰ ਦੇਖ ਕੇ ਮੇਰਾ ਮਨ ਧੀਰਦਾ ਹੈ (ਧੀਰਜ ਪਾਉਂਦਾ ਹੈ)। ਜੇ 'ਵਜੀਰਾਂ' ਪਦ ਰਾਰੇ ਨੂੰ ਬਿੰਦੇ ਰਹਿਤ ਹੁੰਦਾ ਤਾਂ ਇਕ-ਵਚਨ (singular noun) ਨਾਉਂ ਬਣਦਾ ਅਤੇ ਇਸ ਦਾ ਪੜਨਾਉਂ ਭੀ ਅਗਲੀ ਤੁਕ ਵਿਚਿ ਇਕ-ਵਚਨ ਹੁੰਦਾ ਅਤੇ 'ਤਿਨਾ' ਦੇ ਥਾਉਂ 'ਤਿਸ' ਹੁੰਦਾ। ਲਗਮਾਤ੍ਰੀ ਨਿਯਮਾਂ ਤੋਂ ਅਗਿਆਤ ਅਰਥੱਈਏ ਲੋਗ 'ਵਜੀਰਾਂ' ਪਦ ਨੂੰ ਰਾਰੇ ਬਿੰਦੇ ਰਹਿਤ ਉਠਾਕੇ ਅਤੇ ਇਕ-ਵਚਨ ਸਮਝ ਕੇ ਇਸ ਦੇ ਅਰਥ 'ਗੁਰੂ' ਦੇ ਕਰਦੇ ਹਨ। ਅਤੇ ਸਾਰੀ ਪਹਿਲੀ ਤੁਕ ਦਾ ਅਰਥ ਇਉਂ ਲਾਉਂਦੇ ਹਨ—'ਹਰੀ ਦੇ ਵਜ਼ੀਰ ਭਾਵ ਗੁਰ ਦੀ ਸਰਨੀ ਪਿਆ ਹਾਂ'। ਪਦ ਦੂਜੀ ਤੁਕ ਦੇ ਅਰਥ:

ਤਿਨਾ ਦੇਖਿ ਮੇਰਾ ਮਨੁ ਧੀਰਾ ॥

ਇਸ ਪਹਿਲੇ ਅਰਥਾਂ ਨਾਲ ਵਾਰਾ ਨਹੀਂ ਖਾਂਦੇ। 'ਤਿਨਾ' ਦੇ ਥਾਉਂ 'ਤਿਸੈ' ਪੜਨਾਉਂ ਹੁੰਦਾ ਤਾਂ ਵਾਰਾ ਖਾਂਦੇ। ਐਸੇ ਅਰਥਈਆਂ ਦੇ ਖ਼ਿਆਲ ਵਿਚਿ ਵਾਹਿਗੁਰੂ ਦਾ ਵਜ਼ੀਰ ਇਕੋ ਗੁਰੂ ਹੀ ਹੁੰਦਾ ਹੈ ਸਿਖ ਵਜ਼ੀਰ ਨਹੀਂ ਬਣ ਸਕਦੇ। ਪ੍ਰੰਤੂ ਗੁਰਮੰਤ੍ਰ ਦੀਖਿਆ ਕਮਾਈਆਂ ਕਰਨ ਵਾਲੇ ਗੁਰਸਿੱਖ ਭੀ ਆਤਮ ਅਵਸਥਾ ਦੇ ਰੰਗਾਂ ਵਿਚਿ ਗੁਰੂ ਸੇਤੀ ਇਕ-ਮਿੱਕ ਹੀ ਹੁੰਦੇ ਹਨ।

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥[1]

ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ ॥[2]

ਮਹਾਂਵਾਕਾਂ ਦੇ ਭਾਵ ਅਨੁਸਾਰ ਗੁਰ ਉਪਦੇਸ਼ ਕਮਾਈਆਂ ਵਾਲੇ ਪੰਜ ਗੁਰਸਿੱਖ ਗੁਰਮੁਖ ਜਨ ਪਰਮੇਸ਼ਰ ਰੂਪ ਹੀ ਹੁੰਦੇ ਹਨ। ਪੰਚ ਜਨ ਗੁਰਮੁਖ ਸਿਖ ਮਿਲ ਕੇ ਗੁਰ ਦੀਖਿਆ ਦਾਇਮੀ ਇਕੋ ਗੁਰ ਉਪਦੇਸ਼ ਹੀ ਚਲਾਉਂਦੇ ਹਨ। ਗੁਰ ਦੀਖਿਆ ਦੀਆਂ ਕਮਾਈਆਂ ਕਰਿ ਕਰਿ ਪੰਜ ਮਿਲ ਕੇ ਗੁਰ ਦੀਖਿਆ ਦੇਣ ਦੇ ਸਮਰਥ ਹੋ ਜਾਂਦੇ ਹਨ। ਅਜੇਹੇ ਪੂਰ ਕਮਾਈਆਂ ਵਾਲੇ ਰੰਗ ਰਤੜੇ ਗੁਰਸਿਖਾਂ ਠਾਕੁਰ ਵਜ਼ੀਰਾਂ ਨੂੰ ਦੇਖ ਕੇ ਹੀ ਦੇਖਣ ਵਾਲਿਆਂ ਦਾ ਮਨ ਪਤੀਜ ਜਾਂਦਾ ਹੈ। ਅਤੇ ਅਜੇਹੇ ਠਾਕੁਰ ਦੇ ਵਜ਼ੀਰਾਂ ਗੁਰੂ ਸਰੂਪ

---

੧. ...੮॥੨॥੯॥ (ਆਸਾ ਮ: ੪, ਪੰਨਾ ੪੪੪)।
੨. ਭਾਈ ਗੁਰਦਾਸ ਜੀ।

bsrstrust.org

ਗੁਰਮੁਖ ਰੰਗ ਰਤੜੇ ਵੀਰਾਂ ਪਿਆਰਿਆਂ ਦੀ ਸਰਣਾਗਤਿ ਆਉਣ ਲਈ ਗੁਰਮਤਿ ਜਗਿਆਸੂ ਜਨ ਦਾ ਮਨ ਗੁਰਮਤਿ ਧਾਰਨਾ ਦਾ ਉਤਸ਼ਾਹੀ ਹੋ ਜਾਂਦਾ ਹੈ।

ਪਰਸਾਦੀ

ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥
ਸਹਜੇ ਸਚੁ ਮਿਲਿਆ ਪਰਸਾਦੀ ॥
ਸਤਿਗੁਰੁ ਪਾਇਆ ਪੂਰੈ ਵਡਭਾਗੀ ॥ *(ਪੰਨਾ ੨੩੨)*

ਭਾਵਾਰਥ—ਦਿਨ ਰਾਤ ਨਾਮ ਨਾਲਿ ਲਿਵ ਲਗੀ ਰਹਿਣ (ਲਾਈ ਰਖਣ) ਕਰਕੇ ਅੰਦਰਲਾ ਹਿਰਦਾ ਕੰਵਲ ਖਿੜ ਉਠਿਆ। ਪਰਸਾਦ (ਬਖਸ਼ਸ਼ ਨਦਰ) ਦਾ ਪੁੰਜ (ਪਰਸਾਦੀ) ਸਚੁ ਸਰੂਪ ਵਾਹਿਗੁਰੂ ਅੰਤਰ ਆਤਮੇ ਹੀ ਮਿਲ ਗਇਆ (ਜੋਤਿ ਪ੍ਰਕਾਸ਼ ਹੋਣ ਕਰਕੇ)। ਪੂਰੇ ਵੱਡੇ ਭਾਗਾਂ ਕਰਕੇ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ (ਜਿਸ ਦੁਆਰਾ ਕਿ ਨਾਮ ਗੁਰਮੰਤ੍ਰ ਦੀ ਦੀਖਿਆ ਮਿਲਦੀ ਹੈ ਜਿਸ ਨਾਮ ਗੁਰ ਦੀਖਿਆ ਦੀ ਅਤੁਟ ਕਮਾਈ ਕਰਿ ਹਿਰਦੇ ਅੰਦਰਿ ਜੋਤਿ ਦਾ ਪਰਕਾਸ਼ ਹੁੰਦਾ ਹੈ। ਜੋਤਿ ਦਾ ਪਰਕਾਸ਼ ਹੋਣਾ ਕ੍ਰਿਪਾ ਸਿੰਧ ਪਰਸ਼ਾਦਿ ਪੁੰਜ ਵਾਹਿਗੁਰੂ ਦੇ ਅੰਤਰਿ ਆਤਮੇ ਮਿਲਣ ਦੀ ਨੀਸ਼ਾਨੀ ਹੈ)। ਇਸ ਤਿਤੁਕੀ ਦੀ ਦੂਜੀ ਪੰਗਤੀ ਅੰਦਰਿ 'ਪਰਸਾਦੀ' ਪਦ ਨਾਂਵ (noun) ਕਰਮ ਮਫਊਲ ਹੈ। ਇਸ ਦੇ ਅਰਥ 'ਪਰਸਾਦ ਕਰਕੇ' ਜਾਂ 'ਪਰਸਾਦ ਦੁਆਰਾ' ਨਹੀਂ। 'ਪਰਸਾਦੀ' : ਪਰਸਾਦ ਪੁੰਜ ਵਾਹਿਗੁਰੂ ਤੋਂ ਭਾਵ ਹੈ। ਇਸ ਕਰਕੇ 'ਪਰਸਾਦੀ' ਪਦ ਦੇ ਛੇਕੜਲੇ ਅੱਖਰ ਦੱਦੇ ਨੂੰ ਬਿਹਾਰੀ ਕੇਵਲ ਬਿਹਾਰੀ ਸਹਿਤ ਹੀ ਉਠਾਉਣਾ ਹੈ। ਬਿੰਦੀ ਨਹੀਂ ਉਠਾਉਣੀ।

ਰੰਗਿ ਰਤੜੇ

ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ ॥ *(ਪੰਨਾ ੨੩੫)*

ਇਸ ਤੁਕ ਵਿਚਿ 'ਰੰਗਿ ਰਤੜੇ' ਤੋਂ ਭਾਵ 'ਨਾਮ ਦੇ ਰੰਗਾਂ' ਵਿਚਿ ਰਤੜੇ ਤੋਂ ਹੈ, 'ਮਾਇਆ ਦੇ ਰੰਗ' ਵਿਚ ਰਤੜੇ ਤੋਂ ਨਹੀਂ। ਨਾਮ ਰੰਗ ਰਤੜਾ ਮਨੁ ਹੀ ਹਰਿ ਰੰਗ ਨੂੰ ਸਦਾ ਸਮਾਲ ਸਕਦਾ ਹੈ। ਮਾਇਆ ਰੰਗ ਰਤੜੇ ਨੇ ਕੀ ਸਮਾਲਣਾ ਸੀ।

ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰਰ ॥
ਕੀਨੇ ਰਾਮ ਨਾਮ ਇਕ ਆਖ੍ਰਰ ॥ *(ਪੰਨਾ ੨੬੨)*

ਭਾਵ, ਗੁਰੂ ਘਰ ਦੇ ਨਾਮ ਅਭਿਆਸੀ ਜਨਾਂ ਨੇ ਇਕ ਗੁਰਮਿਤ ਨਾਮ ਰੂਪੀ ਚੁਅੱਖਰੇ ਅੱਖਰ (ਪਦ ਲਫ਼ਜ਼) ਨੂੰ ਹੀ ਸੁਧ ਅੱਖਰੀ ਸਚੜੇ ਪੁਰਾਨ ਅਤੇ ਸਿਮ੍ਰਿਤਿ ਕਰਕੇ ਜਾਣਿਆ ਹੈ। ਗੁਰਮਤਿ ਨਾਮ ਤੋਂ ਬਿਨਾਂ ਅਤੇ ਇਸ ਤੋਂ ਸ੍ਰੇਸ਼ਟ ਹੋਰ ਕੋਈ ਬੇਦ ਪੁਰਾਨੀ ਸਿਮ੍ਰਿਤਾਨੀ ਸੁਧ ਅੱਖਰ ਹੀ ਨਹੀਂ। ਗੁਰਮਤਿ ਨਾਮ ਰੂਪੀ ਇਕੋ ਅੱਖਰ ਹੀ ਵਿਲੱਖਣ

bsrstrust.org

ਸੁਧ ਅੱਖਰ ਹੈ। ਹੋਰ ਸਭ ਬੇਦ ਪੁਰਾਣੀ, ਸ਼ਾਸਤ੍ਰਾਨੀ ਮੰਤ੍ਰਾਖਰ ਇਸ ਤੋਂ ਹੇਠਾਂ ਹਨ। ਜੋ ਲੋਗ ਬੇਦ ਪੁਰਾਨ ਸ਼ਾਸਤਰਾਂ ਦੇ ਮਤ ਦੇ ਮੁਠੇ ਹੋਏ ਇਸ ਦੁਤੁਕੀ ਦਾ ਅਰਥ ਕਰਦੇ ਹਨ ਕਿ ਬੇਦਾਂ ਪੁਰਾਨਾਂ ਸਿਮ੍ਰਿਤੀਆਂ ਨੇ ਹੀ (ਯਾ ਵਿਚੋਂ) ਇਕ ਰਾਮ ਨਾਮ ਰੂਪੀ ਸ਼ੁਧ ਅੱਖਰ ਪਰਗਟ ਕੀਤਾ ਹੈ (ਯਾ ਹੋਇਆ ਹੈ)। ਓਹਨਾਂ ਦੇ ਅਰਥ ਤਾਂ ਤਦ ਬਣਦੇ ਜੇਕਰ 'ਬੇਦ' ਦੇ ਦੱਦੇ ਨੂੰ ਅਤੇ 'ਪੁਰਾਨ' ਪਦ ਦੇ ਨੰਨੇ ਅੱਖਰ ਨੂੰ ਸਿਹਾਰੀ ਹੁੰਦੀ। ਪਰ ਸਿਹਾਰੀ ਏਥੇ ਹੈ ਨਹੀਂ, ਤਾਂ ਤੇ ਗੁਰਬਾਣੀ ਦੇ ਲਗਾਂਮਾਤ੍ਰੀ ਨਿਯਮਾਂ ਦੀ ਕਸੌਟੀ ਅਨੁਸਾਰ ਇਹ ਅਰਥ ਕਰਨੇ ਗ਼ਲਤ ਹਨ। ਜੇ ਕਹੋ 'ਸਿਮ੍ਰਿਤਿ' ਦੇ ਪਿਛਲੇ ਅੱਖਰ ਤੱਤੇ ਨੂੰ ਜੋ ਸਿਹਾਰੀ ਲਗੀ ਹੋਈ ਹੈ। ਤਾਂ ਇਹ ਸਿਹਾਰੀ ਤਾਂ 'ਸਿਮ੍ਰਿਤੀ' ਦੇ ਤੱਤੇ ਨੂੰ ਉਂਵ ਹੀ ਸੁਤੇ ਸਿਧ ਲਗਦੀ ਹੈ। ਕਿਉਂਕਿ ਇਹ ਪਦ 'ਸਿਮ੍ਰਿਤੀ' ਦਾ ਵਾਚਕ ਹੈ। ਗੁਰਬਾਣੀ ਵਿਚਿ 'ਸਿਮ੍ਰਿਤਿ' ਹਰ ਥਾਉਂ ਹਮੇਸ਼ਾ ਤੱਤੇ ਨੂੰ ਸਿਹਾਰੀ ਨਾਲਿ ਹੀ ਆਵੇਗਾ। ਤਾਂ ਤੇ ਇਹ ਢੁੱਚਰ ਭੀ ਦੂਰ ਹੋ ਗਈ। ਕਈ ਅਸਾਡੇ ਪ੍ਰਸਿੱਧ ਸਿੰਘ ਸਭੀਏ ਮਰਯਾਦਾ ਪਰਸ਼ੋਤਮੀ ਸਦਾਉਣ ਵਾਲੇ ਸ਼ਬਦਾਰਥੀਏ ਗਿਆਨੀ ਭੀ ਅਪਣੀ ਪਰਸ਼ੋਤਮਤਾ ਨੂੰ ਪਰਸਿੱਧ ਰੱਖਣ ਰਖਾਉਣ ਲਈ ਅਤੇ ਸ਼ਾਸਤ੍ਰ, ਬੇਦ ਪੁਰਾਨ ਮਤ ਅਵਲੰਬੀਆਂ ਦੀਆਂ ਨਜ਼ਰਾਂ ਵਿਚਿ ਆਪਣੇ ਆਪ ਨੂੰ ਚੰਗਾ ਜਣਾਉਣ ਲਈ ਅਤੇ ਸੁਲਹਕੁਲ ਸਦਾਉਣ ਲਈ ਓਹਨਾਂ ਦੇ ਆਸ਼ੇ ਵਾਲੇ ਅਰਥ ਹੀ ਇਉਂ ਕਰ ਦਿੰਦੇ ਹਨ—ਸ਼ੁੱਧ ਅੱਖਰਾਂ ਵਾਲੇ ਬੇਦ ਪੁਰਾਨ ਆਦਿਕ ਰਾਮ ਨਾਮ ਦੇ ਇਕ ਅੱਖਰ ਤੋਂ ਪੈਦਾ ਹੋਏ ਹਨ। ਪ੍ਰੰਤੂ 'ਕੀਨੇ' ਕ੍ਰਿਆ ਫੇਅਲ (verb) ਦੇ ਅਰਥ ਪੈਦਾ ਹੋਏ ਨਹੀਂ ਹੋ ਸਕਦੇ। ਬੇਦ, ਪੁਰਾਨ ਆਦਿਕ ਪਦ ਜੋ ਕਰਤਾ (ਫਾਇਲ) ਰੂਪ ਹਨ ਤਾਂ 'ਕੀਨੇ' ਪਦ ਕਿਰਿਆ (verb) ਢੁਕਦਾ ਨਹੀਂ। ਵੇਦ ਮਤ ਅਵਲੰਬੀਆਂ ਦੇ ਅਰਥਾਂ ਵਿਚਿ ਤਾਂ ਢੁਕ ਜਾਂਦਾ ਹੈ ਜਦ ਓਹ ਅਰਥ ਕਰਦੇ ਹਨ: ਬੇਦ, ਪੁਰਾਨ, ਸਿਮ੍ਰਿਤੀਆਂ ਸ਼ੁੱਧ ਅੱਖਰ ਵਾਲੀਆਂ ਨੇ ਇਕ ਰਾਮ ਨਾਮ ਅੱਖਰ ਕੀਤਾ (ਉਪਜਾਇਆ) ਪਰ 'ਨੇ' ਦੇ ਅਰਥ ਫੇਰ ਭੀ ਨਹੀਂ ਢੁਕਦੇ। ਢੁਕਣ ਤਾਂ ਜੇ ਬੇਦ ਦੇ ਦੱਦੇ ਨੂੰ ਅਤੇ ਪੁਰਾਨ ਦੇ ਰਾਰੇ ਨੂੰ ਸਿਹਾਰੀ ਹੋਵੇ। ਤਾਂ ਤੇ ਇਹ ਸਭ ਖਿੰਚੋਤਾਣੀ ਅਰਥ ਧਿੰਙਾਣੇ ਦੇ ਹਨ। ਧੀਂਗੋ ਜੋਰੀ ਕੀਤੇ ਹੋਏ ਅਰਥ ਹਨ।

ਸਿਮਰਨ, ਬੇਦ, ਵੇਦ

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥
ਹਰਿ ਸਿਮਰਨਿ ਲਗਿ ਬੇਦ ਉਪਾਏ ॥
ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥
ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥
ਹਰਿ ਸਿਮਰਨਿ ਧਾਰੀ ਸਭ ਧਰਨਾ ॥
ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥
ਹਰਿ ਸਿਮਰਨਿ ਕੀਓ ਸਗਲ ਅਕਾਰਾ ॥
ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥

bsrstrust.org

ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥੮॥੧॥

(ਗਉੜੀ ਸੁਖਮਨੀ ਮ: ੫, ਪੰਨਾ ੨੬੩)

ਭਾਵ ਅਰਥ ਲਗਮਾਤ੍ਰੀ ਨਿਯਮਾਂ ਅਨੁਸਾਰ :

ਹਰਿ ਸਿਮਰਨੁ ਨਮਿਤ ਭਗਤ ਜਨ ਪ੍ਰਗਟਾਏ। ਜੁਗਿ ਜੁਗਿ ਭਗਤ ਜੋ ਉਪਾਏ ਗਏ ਹਰਿ ਸਿਮਰਨੁ ਨਮਿਤ ਹੀ ਉਪਾਏ ਪ੍ਰਗਟਾਏ ਗਏ। ਪ੍ਰਹਿਲਾਦ ਆਦਿਕ ਭਗਤ ਸਿਮਰਨ ਦੀ ਮਹਿਮਾ ਪਰਗਟਾਉਣ ਨਮਿਤ ਹੀ ਉਪਾਏ ਗਏ। ਖ਼ਾਸ ਕਰਕੇ ਗੁਰੂ ਨਾਨਕ ਦਸੇ ਗੁਰੂ ਪਦਵੀ ਵਾਲੇ ਭਗਤ ਜਾਮੇ ਖ਼ਾਸ ਸਿਮਰਨ ਵਿਥਾਰਨ ਨਮਿਤ ਹੀ ਪਰਗਟਾਏ ਗਏ, ਜਿਨ੍ਹਾਂ ਭਗਤੀ ਦੀ ਅਉਧੀ ਵਾਲੇ ਭਗਤਾਂ ਗੁਰੂ ਸਾਹਿਬਾਨ ਨੇ ਸਿਮਰਨੁ ਵਿਚ ਲਗ ਕੇ 'ਸਿਮਰਨਿ ਲਗਿ' ਸਿਮਰਨ ਦਾ ਮੁਜਸਮ ਰੂਪ ਹੋ ਕੇ ਅਕਾਲ ਪੁਰਖ ਦੇ ਸਰੂਪ ਨਾਲਿ ਇਕ ਮਿੱਕ ਹੁੰਦਿਆਂ ਹੋਇਆਂ ਧੁਰਿ ਧੁਰੰਦਰੀ ਹੁਕਮ ਅਨੁਸਾਰ ਧੁਰੋਂ ਅਵਤਰੇ ਨਾਮ ਅਤੇ ਬਾਣੀ (ਗੁਰਬਾਣੀ) ਰੂਪੀ ਬੇਦ ਉਪਾਏ। ਏਹ ਨਾਮ ਬਾਣੀ ਰੂਪੀ ਬੇਦ ਗੁਰਾਂ ਨੇ ਖ਼ੁਦ ਕਮਾ ਕੇ ਗੁਰ ਸਿਖਾਂ ਦੇ ਸਿਮਰਨ ਕਰਾਉਣ ਲਈ ਉਪਾਏ। ਇਸ ਨਾਮ ਗੁਰਬਾਣੀ ਦੇ ਅਭਿਆਸ ਕਰਕੇ 'ਸਿਮਰਨਿ' ਸਿਮਰਨ ਕਰਕੇ ਹੀ ਸੱਚੇ ਸਿਧ (ਸੱਚੀ ਸਿਧੀ ਗੁਰਮਤਿ ਨਾਮ ਕਮਾਈ ਵਾਲੀਆਂ ਵਿਅਕਤੀਆਂ) ਅਤੇ ਸੱਚੇ ਜਤੀ (ਸੱਚੀ ਗੁਰਮਤਿ ਦਰਸਾਈ ਜਤਿ ਸ਼ਕਤੀਆਂ ਗੁਰ ਸਿਖ ਹਸਤੀਆਂ) ਅਤੇ ਸੱਚੇ ਦਾਤੇ (ਜੀਆਦਾਨ ਦੀ ਸੱਚੀ ਦਾਤਿ ਵਿਥਾਰਨੇ ਗੁਰਮੁਖ ਪੰਚ ਪਰਵਾਨ ਪੰਚ ਪਰਧਾਨ ਦਾਤੇ) ਗੁਰੂ ਘਰ ਵਿਖੇ ਉਤਪੰਨ ਹੋਏ (ਭਏ)। ਹਰਿ ਸਿਮਰਨ ਅਭਿਆਸ ਕਮਾਈ ਦੀ ਸ਼ਕਤੀ ਦੀ ਬਦੌਲਤੀਂ ਨੀਚ ਕੁਲੀ (ਕੁਲਾਂ ਵਾਲੇ) ਜੰਤ (ਗੁਰੂ ਘਰ ਤੋਂ ਪੰਚ ਜਨਾਂ ਦੁਆਰਾ ਅੰਮ੍ਰਿਤ ਪਾਨ ਕਰਕੇ) ਅਤੇ ਗੁਰ ਦੀਖਿਆ ਲੈ ਕੇ ਕਮਾਈਆਂ ਕਰਿ ਕਰਿ ਕੇ ਚੌਹਾਂ ਕੁੰਡਾਂ ਤੇ ਪਰਸਿਧ ਹੋ ਗਏ। ਹਰ ਸਿਮਰਨ ਦੇ ਬਲ ਨਾਲ ਹੀ ਸਾਰੀ ਚਰਾਚਰ ਰਚੀ ਗਈ 'ਧਾਰੀ ਸਭ ਧਰਨਾ'। ਇਸ ਭਾਵ ਦੀ ਪ੍ਰੋੜ੍ਹਤਾ ਲਈ ਏਹ ਗੁਰ ਪਰਮਾਣ ਦਿਤੇ ਜਾਂਦੇ ਹਨ :

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥...
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ *(ਗਉੜੀ ਸੁਖਮਨੀ ਮ: ੫, ਪੰਨਾ ੨੮੪)*

ਤਾਂ ਤੇ ਸਿਮਰਨ ਨਾਮ ਦੇ ਬਲ ਨਾਲਿ ਹੀ ਇਹ ਦ੍ਰਿਸ਼ਟਮਾਨ ਪਸਾਰੇ ਵਾਲੀ ਸਾਰੀ ਰਚਨਾ ਪਸਾਰੀ ਧਾਰੀ ਗਈ। ਕਰਨ ਕਾਰਨ ਸਮਰਥ ਵਾਹਿਗੁਰੂ ਨੇ ਨਾਮ ਨਾਮੀ ਅਭੇਦ ਵਾਹਿਗੁਰੂ ਨੇ ਜੋ ਕੁਛ ਭੀ ਕਾਰਨ ਯਾ ਕਾਰਜ ਕੀਤਾ ਹੈ ਅਥਵਾ ਅਗੇ ਨੂੰ ਕਰਨਾ ਹੈ ਸਭਿ ਨਾਮ ਸਿਮਰਨ ਸ਼ਕਤਿ ਬਲ ਨਾਮ ਹੀ ਕੀਤਾ ਹੈ ਤੇ ਅਗੋਂ ਕਰਨਾ ਹੈ। 'ਹਰਿ ਸਿਮਰਨਿ' ਨਾਮ ਸਿਮਰਨ ਨੇ ਹੀ ਸਾਰਾ ਦ੍ਰਿਸ਼ਟਮਾਨ ਪਸਾਰੇ ਰੂਪ ਅਕਾਰਾ ਉਪਜਾਇਆ ਹੈ (ਕੀਓ ਸਗਲ ਅਕਾਰਾ)। ਨਾਮ ਸਿਮਰਨ ਦੀ ਕਲਾ ਅੰਦਰਿ ਆਪ ਨਿਰੰਕਾਰ ਅਕਾਲ

bsrstrust.org

ਪੁਰਖ ਵਿਆਪ ਰਿਹਾ ਹੈ। ਨਾਮ ਨਾਮੀ ਦੀ ਸਮਰਥਾ ਇਕਸਾਰ ਹੀ ਹੈ। ਪਰ ਜਿਨ੍ਹਾਂ ਗੁਰਮੁਖ ਜਨਾਂ ਨੂੰ ਵਾਹਿਗੁਰੂ ਨੇ ਨਿਰੰਕਾਰ ਨੇ ਆਪ ਕਿਰਪਾ ਕਰਕੇ ਨਾਮ ਸਿਮਰਨ ਬੁਝਾਇਆ ਹੈ, ਤਿਸ ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰਮੁਖਿ ਜਨ ਨੇ ਹੀ ਨਾਮ ਸਿਮਰਨ ਦੀ ਦਾਤਿ ਜੋਤਿ ਬਖਸ਼ਸ਼ ਭੰਡਾਰਾ ਪਾਇਆ ਹੈ। ਜਣੇ ਕਣੇ ਨੂੰ ਇਹ ਦਾਤਿ ਸਿਮਰਨ ਦੀ ਪ੍ਰਾਪਤਿ ਨਹੀਂ ਹੁੰਦੀ। ਗੁਰਬਾਣੀ ਦੇ ਲਗਾਂਮਾਤ੍ਰੀ ਨਿਯਮਾਂ ਅਨੁਸਾਰ ਉਪਰਲੀ ਪਉੜੀ ਦੇ ਅਰਥ ਹੋਰ ਬਣ ਹੀ ਨਹੀਂ ਸਕਦੇ। ਜੈਸਾ ਕਿ ਕਈ ਗਿਆਨੀ ਸ਼ਬਦਾਰਥੀ ਸੁਜਾਨੀ ਪੁਰਸ਼ ਇਸ ਪਉੜੀ ਅੰਦਰਿ ਆਈ ਪੰਗਤੀ :

ਹਰਿ ਸਿਮਰਨਿ ਲਗਿ ਬੇਦ ਉਪਾਏ ॥ *(ਪੰਨਾ ੨੬੩)*

ਦੇ ਅਰਥ ਇਉਂ ਕਰਦੇ ਹਨ ਕਿ ਸਿਮਰਨ ਵਿਚਿ ਲੱਗ ਕੇ ਹੀ ਰਿਖੀਆਂ ਨੇ ਵੇਦ ਪੈਦਾ ਕੀਤੇ। ਪਤਾ ਨਹੀਂ 'ਰਿਖੀਆਂ' 'ਨੇ' ਏਹ ਦੋ ਪਦ ਓਹਨਾਂ ਕਿਥੋਂ ਪਾਏ ਅਤੇ ਕਿਥੋਂ ਏਹ ਅਰਥ ਉਹ ਲਿਆਏ। ਨਾਹੀਂ ਰਿਖੀਆਂ ਨੂੰ, ਨਾਹੀਂ ਵੇਦਾਂ ਨੂੰ ਸਿਮਰਨ ਦੀ ਪਰਬੀਨਤਾ ਪ੍ਰਾਪਤਿ ਹੈ। ਵੇਦਾਂ ਵਿਚ ਤਾਂ ਪਾਪਾਂ ਪੁੰਨਾਂ ਦੀਆਂ ਕਥਾਵਾਂ ਤੇ ਕਹਾਣੀਆਂ ਹੀ ਹਨ ਜੈਸਾ ਕਿ ਇਹ ਗੁਰਵਾਕ ਪੰਗਤੀ ਦਸਦੀ ਹੈ :

ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ ॥ *(ਪੰਨਾ ੧੨੪੩)*

ਸੋ ਕਈਆਂ ਗਿਆਨੀਆਂ ਨੇ ਜੋ ਇਉਂ ਅਰਥ ਕੀਤੇ ਹਨ ਕਿ ਹਰਿ ਸਿਮਰਨ ਦੀ ਖ਼ਾਤਰ ਹੀ ਹਰਿ ਸਿਮਰਨ ਦੇ ਵਿਥਾਰਨ ਖ਼ਾਤਰ ਹੀ ਬੇਦ ਉਪਾਏ ਗਏ ਹਨ, ਬਿਲਕੁਲ ਗ਼ਲਤ ਹਨ। ਅਨਮਤਿ ਵੇਦਾਂ ਵਿਚ ਤਾਂ ਥਹੁ ਥੱਥਾ ਹੀ ਨਹੀਂ ਨਾਮ ਸਿਮਰਨ ਦਾ, ਨਾਹੀਂ ਬੇਦਾਂ ਦੇ ਬਣਾਉਣ ਵਾਲਿਆਂ ਨੂੰ।

ਗੁਰਬਾਣੀ ਅੰਦਰਿ 'ਬੇਦ' ਅਤੇ 'ਵੇਦ' ਪਦ ਦੋਈ ਆਉਂਦੇ ਹਨ। ਭਾਵ ਇਕੋ ਹੀ ਹੈ। ਕਈ ਸਿਆਣੇ ਗਿਆਨੀ ਇਉਂ ਸੰਕੇਤ ਕਰਦੇ ਹਨ—ਅਸਲ ਪਦ ਵੇਦ ਹੀ ਹੈ। ਵਾਵੇ ਦੇ ਥਾਉਂ ਬੱਬਾ ਮਾਲਵੇ ਦੇਸ ਵਿਚਿ ਬੋਲਿਆ ਜਾਂਦਾ ਹੈ। ਤਾਂ ਤੇ ਮਾਲਵਾ ਦੇਸ ਵਿਚਿ ਬੋਲੀ ਗਈ ਬਾਣੀ ਅਨੁਸਾਰ ਬੱਬਾ ਵਰਤਿਆ ਜਾਂਦਾ ਹੈ, ਵਾਵੇ ਦੇ ਥਾਉਂ। ਇਹ ਨਿਰਾ ਗ਼ਲਤ ਖ਼ਿਆਲ ਹੈ। ਸਰਾਸਰ ਫ਼ਜ਼ੂਲ ਹੈ। ਸੁਖਮਨੀ ਸਾਹਿਬ ਦੀ ਇਕੋ ਬਾਣੀ ਅੰਦਰ ਹੀ ਕਈ ਥਾਵੀਂ 'ਬੇਦ' ਪਦ ਆਇਆ ਹੈ ਅਤੇ ਕਈ ਥਾਵੀਂ 'ਵੇਦ' ਪਦ ਭੀ ਆਇਆ ਹੈ। ਬੱਬੇ ਅਤੇ ਵਾਵੇ ਦੀ ਤਬਦੀਲੀ ਕਰਕੇ ਅਰਥ ਸਿਧਾਂਤ ਵਿਚ ਕੋਈ ਫ਼ਰਕ ਨਹੀਂ, ਜੈਸਾ ਕਿ ਕਈ ਗਿਆਨੀ ਸਿਧ ਕਰਿਆ ਕਰਦੇ ਹਨ ਕਿ ਵਾਵੇ ਨਾਲ ਵੇਦ ਗਿਆਨ ਦਾ ਅਰਥ ਰਖਦਾ ਹੈ ਅਤੇ ਬੱਬੇ ਨਾਲ 'ਬੇਦ' ਬੇਦਾਂ ਪ੍ਰਥਾਇ ਵਰਤਿਆ ਗਿਆ ਹੈ। ਇਹ ਸਭੋ ਕੁਝ ਕਪੋਲ ਕੁਸਮਝ ਵਾਲਾ ਖਰੜ ਗਿਆਨ ਹੈ।

ਲਾਖ ਕਰੋਰੀ ਬੰਧੁ ਨ ਪਰੈ ॥
ਹਰਿ ਕਾ ਨਾਮੁ ਜਪਤ ਨਿਸਤਰੈ ॥ *(ਪੰਨਾ ੨੬੪)*

ਅਨਿਕ ਪਾਠੀ ਇਸ ਦੁਪੰਗਤੀ ਵਾਲੇ ਵਾਕ ਦੀ ਪਹਿਲੀ ਪੰਗਤੀ ਵਿਚ ਆਏ 'ਬੰਧੁ ਨ' ਨਿਖੜਵੇਂ ਪਾਠ ਨੂੰ ਅਰਥਾਤ ਬੰਧੁ ਤੇ 'ਨ' ਨੂੰ ਇਕੱਠਾ 'ਬੰਧੁਨ' ਕਰ ਕੇ

bsrstrust.org

ਉਠਾਉਂਦੇ ਹਨ ਅਤੇ ਕਈਆਂ ਗੁਟਕਿਆਂ ਵਿਚਿ ਭੀ 'ਬੰਧੁਨ' ਹੀ ਛਪਿਆ ਹੋਇਆ ਹੈ ਪਰ 'ਬੰਧੁ' ਪਦ ਦੇ ਧੱਧੇ ਨੂੰ ਜੋ ਔਂਕੜ ਹੈ ਇਹ ਸਾਫ਼ ਨੰਨੇ ਨੂੰ 'ਬੰਧੁ' ਨਾਲੋਂ ਨਿਖੇੜਦਾ ਹੈ। ਇਹ ਇਕੱਠਾ ਪਾਠ ਉਠਾਉਣ ਵਾਲੇ 'ਬੰਧੁਨ' ਪਦ ਨੂੰ ਬਹੁ-ਵਚਨੀ ਨਾਂਵ (noun) ਸਮਝਦੇ ਹਨ ਅਤੇ ਅਰਥ ਕਰਦੇ ਹਨ ਕਿ ਲੱਖਾਂ ਕ੍ਰੋੜਾਂ ਦੱਮਾਂ ਦੀ ਖੱਟੀ ਖਟਣ ਵਾਲਿਆਂ ਧਨੀਆਂ ਨੂੰ ਬੰਨ੍ਹਣ ਪੈ ਜਾਂਦੇ ਹਨ। 'ਪਰੈ' ਜੋ ਕਿਰਿਆ ਵਾਚਕ ਪਦ ਹੈ ਸੋ ਇਕ-ਵਚਨ ਵਰਤਮਾਨ ਕਾਲ (present tense) ਹੈ। ਜੇ ਬਹੁ-ਵਚਨ ਵਰਤਮਾਨ ਕਾਲ ਵਾਲਾ ਇਹ ਪਦ ਹੁੰਦਾ ਤਾਂ 'ਪਰੈ' ਦੇ ਥਾਉਂ 'ਪਰਹਿ' ਯਾ 'ਪਰੇ' ਇਕ ਲਾਂਵ ਵਾਲਾ ਪਦ ਆਉਂਦਾ। ਤਾਂ ਤੇ 'ਪਰੈ' ਇਕ-ਵਚਨ ਕਿਰਿਆ ਇਕ-ਵਚਨਕ ਕਰਮ (ਮਫਊਲ) 'ਬੰਧੁ' ਦੀ ਹੀ ਸੂਚਕ ਹੈ। ਧੱਧੇ ਨੂੰ ਔਂਕੜ ਵਾਲਾ 'ਬੰਧੁ' ਪਦ ਬੰਨ੍ਹ ਦਾ ਅਰਥ ਰਖਦਾ ਹੈ। ਸਾਰੀ ਦੁਤੁਕੀ ਦਾ ਸਪਸ਼ਟ ਭਾਵ ਅਰਥ ਬਣਦਾ ਹੈ :

ਲੱਖਾਂ ਕਰੋੜਾਂ ਦੀ ਮਾਇਕ ਖੱਟੀ ਨਾਲਿ ਤ੍ਰਿਸ਼ਨਾ ਨੂੰ ਬੰਨ੍ਹ ਨਹੀਂ ਪੈਂਦਾ, ਸਗੋਂ ਤ੍ਰਿਸ਼ਨਾ ਹੋਰ ਵਧਦੀ ਜਾਂਦੀ ਹੈ। ਕਰੋੜਾਂ ਧਨਵਾਨ ਭੀ ਤ੍ਰਿਸ਼ਨਾਲੂ ਹੀ ਹਨ। ਉਹਨਾਂ ਦਾ ਨਿਸਤਾਰਾ ਕਿਥੇ ? ਨਿਸਤਾਰਾ ਤਾਂ ਨਾਮ ਜਪਣ ਕਰ ਕੇ ਹੀ ਨਾਮ ਅਭਿਆਸੀਆਂ ਨਾਲ ਜਪਨਾਸੀਆਂ (ਨਾਮ ਜਪਣ ਵਾਲਿਆਂ) ਦਾ ਹੀ ਹੁੰਦਾ ਹੈ। ਤਾਂ ਤੇ ਸਹੀ ਪਾਠ 'ਬੰਧੁ ਨ' ਵਾਲਾ ਨਿਖੜਵਾਂ ਪਾਠ ਹੀ ਹੈ। ਔਂਕੜ ਦੀ ਲਗ ਨੇ ਸਾਫ਼ ਫ਼ੈਸਲਾ ਕਰ ਦਿਤਾ। ਇਸ ਦੁਤੁਕੀ ਦੇ ਭਾਵ ਦੀ ਪ੍ਰੌੜ੍ਹਤਾ ਅਗਲੀ ਦੁਪੰਗਤੀ ਭਲੀ ਪਰਕਾਰ ਕਰਦੀ ਹੈ। ਯਥਾ :

ਅਨਿਕ ਮਾਇਆ ਰੰਗ ਤ੍ਰਿਖ ਨ ਬੁਝਾਵੈ ॥
ਹਰਿ ਕਾ ਨਾਮੁ ਜਪਤ ਆਘਾਵੈ ॥ *(ਪੰਨਾ ੨੬੪)*

ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥
ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥ *(ਪੰਨਾ ੨੭੦)*

ਇਸ ਦੁਪੰਗਤੀ ਦੀ ਪਿਛਲੀ ਪੰਗਤੀ ਪਿਛਲੇ ਪਦ 'ਊਚੇ' ਦੇ ਚੱਚੇ ਨੂੰ ਲਾਂਵ (ਇਕ ਲਾਂਵ) ਲਗੀ ਹੋਈ ਹੋਣ ਕਰਕੇ 'ਊਚੇ' ਪਦ 'ਸਿਮਰਹੁ' ਪਦ ਕਿਰਿਆ ਦਾ ਕਿਰਿਆ ਵਿਸ਼ੇਸ਼ਣ (adverb) ਹੈ। ਜੇਕਰ 'ਊਚੈ' ਹੁੰਦਾ ਚੱਚੇ ਨੂੰ ਦੁਲਾਈਆਂ ਨਾਲਿ ਤਦ ਇਹ ਪਦ 'ਪ੍ਰਭ' ਪਦ ਨਾਂਵ (noun) ਦਾ ਵਿਸ਼ੇਸ਼ਣ (adjective) ਹੁੰਦਾ ਅਤੇ ਪਿਛਲੀ ਪੰਗਤੀ ਦੇ ਅਰਥ ਇਉਂ ਹੁੰਦੇ—'ਹੇ ਮਨ ਉਚੇ ਵਾਹਿਗੁਰੂ ਨੂੰ ਸ੍ਵਾਸਿ ਸ੍ਵਾਸਿ ਸਿਮਰਹੁ'। ਅਸਲੀ ਪਾਠ ਕਰਿ ਇਸ ਪੰਗਤੀ ਦੇ ਅਰਥ ਹਨ—'ਹੇ ਮਨ ਵਾਹਿਗੁਰੂ ਨੂੰ ਸਾਸਿ ਸਾਸਿ (ਇਕੈਸਾਰ) ਅਤੇ ਉਚੀ ਉਚੀ ਸਿਮਰਹੁ। ਪਹਿਲੀ ਪੰਗਤੀ 'ਜਹ ਪ੍ਰਸਾਦਿ ਤੁਝੁ ਕੋ ਨਾ ਪਹੁਚੈ'—ਜਿਸ ਵਾਹਿਗੁਰੂ ਦੀ (ਪਰਸਾਦਿ) ਕਿਰਪਾ ਕਰਕੇ ਤੈਨੂੰ ਕੋ ਦੂਤ ਦੁਸ਼ਮਨ, ਕੋਈ ਅਲਾ ਬਲਾ ਨਹੀਂ ਪੋਹ ਸਕਦੀ, ਤੇਰੇ ਤਾਈਂ ਨਹੀਂ ਅਪੜ ਸਕਦੀ। ਤੇਰੇ ਨੇੜੇ ਜਿਸ ਦੀ ਪਰਸਾਦ ਕਿਰਪਾ ਕਰਕੇ ਨਾ ਕੋਈ ਦੂਤ ਦੁਸ਼ਮਣ ਨਾ ਕੋਈ ਅਲਾ ਬਲਾ ਢੁਕ ਸਕਦੀ ਹੈ। 'ਤੁਝੁ' ਪਦ ਦੇ ਝੱਝੇ ਨੂੰ ਔਂਕੜ 'ਨੂੰ' ਯਾ 'ਤਾਈਂ' ਦੇ ਅਰਥ ਅਰਥਾਉਂਦਾ ਹੈ। ਬਰੋਬਰ ਦੇ ਅਰਥ ਕਦੇ ਨਹੀਂ ਅਰਥਾਉਂਦਾ, ਜੈਸੇ ਕਿ ਕਈ ਅਰਥਈਏ

bsrstrust.org

ਗਿਆਨੀ ਕਰਦੇ ਹਨ—ਤੇਰੇ ਬਰਾਬਰ ਕੋਈ ਨਹੀਂ ਪੁਜ ਸਕਦਾ ਹੈ। ਇਹ ਅਰਥ ਠੀਕ ਨਹੀਂ। ਵਿਸ਼ੇਸ਼ਣ ਰੂਪ ਨਾਉਂ ਦਾ ਜਿਥੇ ਭੀ ਇਹ ਪਦ ਹੋਊ ਅਰਥਾਤ ਨਾਂਵ (noun) ਦਾ ਜਿਥੇ ਭੀ ਇਹ ਪਦ ਵਿਸ਼ੇਸ਼ਣ (adjective) ਹੋਊ ਤਿਥੈ ਗੁਰਬਾਣੀ ਅੰਦਰਿ ਇਹ ਪਦ 'ਊਚੈ' ਕਰਕੇ ਹੀ ਆਊ (ਆਉਂਦਾ ਹੈ) ਚੱਚੇ ਨੂੰ ਦੁਲਾਈਆਂ ਹੋਣਗੀਆਂ ਇਕ ਲਾਂਵ ਨ ਹੋਊ। ਜੈਸੇ :

ਸਾਧ ਕੈ ਸੰਗਿ ਬਸੈ ਥਾਨਿ ਊਚੈ ॥
ਸਾਧੂ ਕੈ ਸੰਗਿ ਮਹਲਿ ਪਹੂਚੈ ॥ *(ਪੰਨਾ ੨੭੧)*

ਇਸ ਦੁਪੰਗਤੀਏ ਗੁਰਵਾਕ ਦੀ ਪਹਿਲੀ ਤੁਕ ਅੰਦਰਿ 'ਊਚੈ' ਪਦ ਚੱਚੇ ਨੂੰ ਦੁਲਾਈਆਂ ਵਾਲਾ ਵਿਸ਼ੇਸ਼ਣ (adjective) ਹੈ, 'ਥਾਨਿ' ਪਦ ਨਾਉਂ (noun) ਹੈ। ਭਾਵ ਅਰਥ ਹੈ—(ਗੁਰੂ ਰੂਪ) ਸਾਧ ਦੀ ਪਾਰਸ ਰੂਪ ਸੰਗਤ ਦੀ ਛੋਹ ਦੇ ਪ੍ਰਭਾਵ (ਤੇਜ ਪਰਤਾਪੀ ਪ੍ਰਭਾਵ) ਕਰਕੇ ਸਤਿਸੰਗੀ ਗੁਰਮੁਖ ਜਨ ਦਾ ਵਾਸਾ ਊਚੇ ਅਸਥਾਨ ਵਿਖੇ (ਉਚ ਮੰਜਲੀਂ) ਹੋ ਜਾਂਦਾ ਹੈ। ਵਾਹਿਗੁਰੂ ਦੇ ਮਹਲ ਦਰਬਾਰ ਤਾਈਂ ਰਸਾਈ ਹੋ ਜਾਂਦੀ ਹੈ, ਐਸੀ ਹੈ ਧੁਰੋਂ ਪਠਾਏ ਸਤਿਗੁਰੂ ਦੀ ਸੰਗਤਿ ਦੀ ਪਾਰਸ ਛੋਹ।

ਸਾਧ ਕੌਣ ਹੈ ?

ਸਾਧ ਕੈ ਸੰਗਿ ਨਹੀ ਕਛੁ ਘਾਲ ॥
ਦਰਸਨੁ ਭੇਟਤ ਹੋਤ ਨਿਹਾਲ ॥ *(ਪੰਨਾ ੨੭੨)*

ਏਥੇ ਪਹਿਲੀ ਪੰਗਤੀ ਅੰਦਰਿ 'ਘਾਲ' ਪਦ ਲੱਲਾ ਮੁਕਤਾ ਹੋਣ ਕਰਿ ਇਸ ਦੇ ਅਰਥ ਕਮਾਈ ਦੇ ਹਨ। ਇਸਤ੍ਰੀ-ਲਿੰਗ ਨਾਂਵ (noun) ਦਾ ਪਿਛਲਾ ਅੱਖਰ ਮੁਕਤਾ ਹੀ ਹੁੰਦਾ ਹੈ। ਕਮਾਈ ਦੇ ਅਰਥਾਂ ਵਿਚਿ ਏਥੇ 'ਘਾਲ' ਦਾ ਲੱਲਾ ਮੁਕਤਾ ਹੈ। ਭਾਵ ਅਰਥ ਦੋਹਾਂ ਤੁਕਾਂ ਦਾ ਬੜਾ ਗੂੜ੍ਹ ਅਤੇ ਬਚਿੱਤਰ ਹੈ : ਧੁਰੋਂ ਆਏ ਧੁਰੋਂ ਪਠਾਏ ਧੁਰੋਂ ਬਖ਼ਸ਼ੇ ਹੋਏ ਗੁਰੂ ਰੂਪ ਸਾਧ ਦੀ ਪਾਰਸ ਰਸਾਇਣੀ ਛੋਹ ਦੇ ਸੰਗ ਕਰਕੇ ਐਸੀ ਪਾਰਸ ਕਲਾ ਵਾਲਾ ਪਰਤਾਪ ਵਰਤਦਾ ਹੈ ਕਿ ਉਤਮ ਜਗਿਆਸੂ ਜਨ ਨੂੰ ਇਸ ਜਨਮ ਵਿਚਿ ਕੋਈ ਭਾਰੀ ਘਾਲ ਮੁਸ਼ੱਕਤ ਨਹੀਂ ਘਾਲਣੀ ਪੈਂਦੀ ਹੈ। ਪੂਰਬਲ ਜਨਮਾਂ ਦੀ ਉਸ ਦੀ ਐਸੀ ਘਾਲ ਕਮਾਈ ਕੀਤੀ ਹੋਈ ਹੁੰਦੀ ਹੈ ਕਿ ਇਸ ਜਨਮ ਵਿਚਿ ਉਸ ਨੂੰ ਮੰਬਏ ਜੋਤਿ ਜੋਤੀਸ਼ ਗੁਰੂ ਨਾਨਕ ਜਾਮੇ ਦੇ ਜੋਤਿ ਕਿਰਨ ਵਿਗਾਸੀ ਭਾਨ ਮੂਰਤੀ ਪਾਰਸ ਦਰਸ਼ਨਾਂ ਦੇ ਭੇਟਨ (ਹੋਣ) ਸਾਰ ਹੀ ਕਪਾਟ ਖੋਲ੍ਹਣੇ ਕਮਾਲ ਕਲਿਆਣ ਕਲਬੀ ਦਸਮ ਦੁਆਰਿ ਮਹਿਵਤਾ (ਸਮਾਈ) ਪ੍ਰਾਪਤਿ ਹੋ ਜਾਂਦੀ ਹੈ। ਦਰਸ਼ਨ ਭੇਟਣ ਸਾਰ ਹੀ ਉਸ ਦਾ ਘਰ ਪੂਰਾ ਹੋ ਜਾਂਦਾ ਹੈ। ਚੁੰਬਕੀ ਦਰਸ਼ਨਾਂ ਦੀ ਇਕੋ ਝਲਕ ਨਾਲਿ ਉਹ ਨਿਹਾਲੋ ਨਿਹਾਲ ਹੋ ਜਾਂਦਾ ਹੈ। ਪਰ ਇਹ ਦਰਸ਼ਨ ਗੁਰੂ ਨਾਨਕ ਸਰੂਪ ਸਤਿਗੁਰੂ ਦੇ ਹੀ ਦਰਸ਼ਨ ਹਨ। ਗੁਰੂ ਨਾਨਕ ਨਿਰੰਕਾਰੀ ਜਾਮੇ ਵਾਲੇ ਸਾਧ ਗੁਰੂ ਦੇ ਦਰਸ਼ਨਾਂ ਤੋਂ ਹੀ ਐਸੀ ਸਦਗਤੀ 'ਦਰਸਨੁ ਭੇਟਤ ਹੋਤ ਨਿਹਾਲ' ਵਾਲੀ ਸਦਗਤੀ ਹੋ ਸਕਦੀ ਹੈ।

bsrstrust.org

ਐਰੇ ਗੈਰੇ ਨਥੂ ਖੈਰੇ ਸਾਧਾਂ ਡਿੰਭੀ ਪਰਪੰਚੀ ਗੁਰੂਆਂ ਦੇ ਦਰਸਨਾਂ ਤੇ ਜੋ ਭਰਮ ਭੁਲੀ ਲੁਕਾਈ ਫਲ ਪ੍ਰਾਪਤੀ ਭਾਲਦੀ ਫਿਰਦੀ ਹੈ, ਇਹ ਨਿਰੀ ਹੀ ਫੋਕਟ ਪਰਪੰਚੀ ਇੱਛਾ ਹੈ। ਪਰਮਾਰਥ ਦੇ ਪਰਮ ਆਲਸੀ ਜਗਿਆਸੂ ਨਿਰੇ ਗਧਾ ਵੈਰਾਗ ਵਾਲੇ ਕਹਾਉਤੀ ਜਗਿਆਸੂ ਇਹੋ ਸੁਖੈਨਤਾ ਸੁਖ ਰਹਿਣੀ ਗੱਲ ਭਾਲਦੇ ਹਨ ਕਿ ਕੋਈ ਐਸੀ ਸੁਖਾਲੀ ਬਿਧਿ ਬਣਿ ਆਵੇ ਕਿ ਘਾਲ ਕਮਾਈ ਭੀ ਨਾ ਕਰਨੀ ਪਵੇ ਅਤੇ ਹਿੜਬਸ ਮਈ ਪਰਮਾਰਥੀ ਲਗਨ ਇੱਛਾ ਭੀ ਪੂਰੀ ਹੋ ਜਾਵੇ। ਇਸ ਸਸਤਮੁੱਲੀ ਇੱਛਾ ਪੂਰਤੀ ਲਈ ਉਹ ਘਾਲ ਨਿਖੱਟੂ ਦਲਿੱਦਰੀ ਜਗਿਆਸੂ ਨਿਖੜੰਮੀ ਆਸਾ ਧਾਰ ਕੇ ਭੇਖੀ ਸਾਧੂਆਂ ਦੇ ਪਿੱਛੇ ਪਏ ਭੱਜੇ ਫਿਰਦੇ ਹਨ ਅਤੇ ਉਪਰ ਦਿੱਤੀ ਦੁਪੰਗਤੀ ਦਾ ਭਾਵ ਅਜੇਹੇ ਡਿੰਭੀ ਸਾਧੂਆਂ ਉਤੇ ਹੀ ਘਟਾ ਲੈਂਦੇ ਹਨ। ਓਹਨਾਂ ਅਗੇ ਜਾ ਅਲਾਉਂਦੇ ਹਨ ਅਤੇ ਓਹਨਾਂ ਨੂੰ ਜਾ ਸਲਾਹੁੰਦੇ ਹਨ—'ਮਹਾਰਾਜ ਸੰਤ ਜੀ ਮੈਂ ਤਾਂ ਆਪ ਦੇ ਦਰਸ਼ਨ ਭੇਟ ਕੇ ਨਿਹਾਲ ਹੋਣ ਆਇਆ ਹਾਂ।' ਇਹ ਸੁਣ ਕੇ ਫੋਕਟ ਸਾਧ ਪਦੀਏ ਪਰਪੰਚੀ ਫੁੱਲ ਫੁੱਲ ਬਹਿੰਦੇ ਹਨ ਅਤੇ ਆਪਣੇ ਜਾਣੇ ਆਪਣਾ ਦਰਸ਼ਨ ਭਟਾਇਕੇ ਨਿਹਾਲ ਕਰਨ ਵਾਲੇ ਸਾਧ ਬਣਿ ਬਹਿੰਦੇ ਹਨ। ਪਰ ਓਹਨਾਂ ਘੁੱਗੂ ਮੱਟ ਵਾਸੀ ਪਰਪੰਚੀ ਸਾਧਾਂ ਤੋਂ ਸਰਦਾ ਕੁਛ ਨਹੀਂ। ਨਾਹੀਂ ਓਹਨਾਂ ਦੇ ਦਰਸ਼ਨ ਕਰਨ ਵਾਲਿਆਂ, ਦਰਸ਼ਨ ਭੇਟਣ ਵਾਲਿਆਂ ਦਾ ਕੁਛ ਸਉਰਦਾ ਹੈ। ਐਸੇ ਪਰਪੰਚ ਦਿਖਾਵੇ ਨੇ ਦੁਨੀਆ ਨੂੰ ਮਾਰ ਕੇ ਗ਼ਾਰਤ ਕਰਿ ਦਿਤਾ ਹੈ, ਅਤੇ ਪਰਮਾਰਥ ਦੀ ਜਗਿਆਸਾ ਨੂੰ ਖੱਜਲ ਖ਼ੁਆਰ ਕਰ ਦਿਤਾ ਹੈ।

ਸ੍ਰੀ ਸੁਖਮਨੀ ਸਾਹਿਬ ਦੀ ਏਸ ਸਤਵੀਂ ਅਸਟਪਦੀ ਵਿਚਿ ਜੋ ਸਾਧ ਦੀ ਮਹਿਮਾ ਉਚਾਰਨ ਕੀਤੀ ਹੈ ਸ੍ਰੀ ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਗੁਰੂ ਰਾਮਦਾਸ ਦੀ ਚੌਥੇ ਗੁਰੂ ਨਾਨਕ ਸਰੂਪ ਸਾਧ ਦੀ ਪਰਤੱਖ ਗੁਰੂ ਸਾਧ ਮੂਰਤੀ ਨੂੰ ਮੁੱਖ ਰਖ ਕੇ ਕੀਤੀ ਹੈ (ਉਚਾਰਨ ਕੀਤੀ ਹੈ) ਐਸੇ ਪਾਰਸ ਮੁਆਜਜ਼ਨੀ ਦਰਸ਼ਨਾਂ ਦਾ ਪ੍ਰਾਪਤੀ ਮਈ ਅਮਿਉ ਰਸਾਇਣੀ ਜੋਤਿ ਤੇਜਾਇਣੀ ਰਸਾਇਣੀ ਸੁਫਲ ਫਲ ਹਰ ਹਾਲਤ ਵਿਚਿ ਹੀ ਘਾਲ ਕਮਾਈ ਅਤੁੱਟ ਅਭਿਆਸ ਕਮਾਈ ਦੀ ਘਾਲਨਾ ਵਾਲੇ ਪਰਮਾਰਥੀ ਜਗਿਆਸੂ ਜਨਾਂ ਨੂੰ ਹੀ ਮਿਲਦਾ ਹੈ। ਚਾਹੇ ਇਹ ਘਾਲ ਕਮਾਈ ਕਿਸੇ ਨੇ ਪੂਰਬਲੇ ਜਨਮ ਵਿਚਿ ਅਤੁੱਟਤਾ ਸਹਿਤ ਕੀਤੀ ਹੋਵੇ, ਚਾਹੇ ਇਸ ਜਨਮ ਵਿਚਿ ਹੀ ਸਫਲ ਕਮਾਈ ਕੀਤੀ ਹੋਵੇ। ਇਹ ਗੱਲ ਪਰਤੱਖ ਦੇਖਣ ਪਾਖਣ ਪਰਖਣ ਵਿਚਿ ਆਈ ਹੈ ਕਿ ਜਿਨ੍ਹਾਂ ਅੰਮ੍ਰਿਤ ਅਧਿਕਾਰੀ ਜਨਾਂ ਨੇ ਪਿਛਲੇ ਜਨਮ ਵਿਚਿ ਘਾਲਨਾ ਘਾਲੀ ਹੋਈ ਹੁੰਦੀ ਹੈ ਓਹ ਤਾਂ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰਨ ਸਾਰ ਹੀ ਗੁਰ ਦੀਖਿਆ ਗੁਰਮੰਤ੍ਰ ਪ੍ਰਵੇਸ਼ ਕਰਾਉਣ ਸਾਰ ਹੀ ਪੰਜਾਂ ਪਿਆਰਿਆਂ ਦੇ ਦਰਸ਼ਨ ਵਿਚਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬਿਰਾਜਮਾਨਤਾ ਦੇ ਪਰਤੱਖ ਜੋਤਿ ਸਰੂਪ ਦਰਸ਼ਨੀ ਚਰਨਾਂ ਦਾ ਝਲਕਾਰ ਸਾਂਗੋ ਪਾਂਗ ਦੇਖ ਲੈਂਦੇ ਹਨ ਅਤੇ ਇਕ ਦਮ ਹੀ ਉਹਨਾਂ ਦੀ ਲਿਵਤਾਰ ਦਸਮੇਂ ਦੁਆਰ ਵਿਖੇ ਜਾ ਲਗਦੀ ਹੈ। **ਅਸੀਂ ਕਈ ਅਜੇਹੇ ਉਤਮ ਜਗਿਆਸੂ ਜਨ ਜੋਤੀਸ਼ ਦਰਸ਼ਨਾਂ ਵਿਚਿ ਮਗਨ ਹੋਏ ਅਤੇ ਦੇਹੋਂ ਬਿਦੇਹ ਹੋਏ ਦੇਖੇ ਹਨ।** ਸਤਿਗੁਰੂ ਤਾਂ ਹੁਣ ਭੀ ਆਪਣੇ ਜੋਤਿ ਅਫਗਨੀ ਦੀਦਾਰਿਆਂ ਦੇ ਜਲਵੇ ਦੇਣ ਲਈ ਹਾਜ਼ਰ ਨਾਜ਼ਰ ਹੈਨ ਪਰ ਹੈ ਤਾਂ ਘਾਲ ਕਮਾਈ

bsrstrust.org

ਦੀ ਕਮੀ ਹੀ। ਜਿਨ੍ਹਾਂ ਉਤਮ ਸਰਣ ਵਾਲਿਆਂ ਸੁਧਾ ਛਕੰਨੀ ਨਵਲ ਅੰਮ੍ਰਿਤ ਧਾਰੀਆਂ ਨੂੰ ਤਾਬੜ ਤੋੜ ਇਹ ਦਰਸ਼ਨ ਨਹੀਂ ਹੋ ਸਕਦੇ, ਓਹਨਾਂ ਦੇ ਰਗੋ ਰੇਸ਼ੇ ਅੰਦਰਿ ਨਾਮ ਅਭਿਆਸ ਗੁਰਮੰਤ੍ਰ ਦੀਖਿਆ ਦੀ ਰੌ ਸਰਸ਼ਾਰ ਹੋ ਕੇ ਫਿਰ ਜਾਂਦੀ ਹੈ ਅਤੇ ਓਹਨਾਂ ਦਾ ਸੁਆਸ ਅਭਿਆਸ ਖੰਡਾ ਰਸ ਬਿਧੰਨਾ ਹੋ ਕੇ ਚੱਲਣ ਲਗ ਪੈਂਦਾ ਹੈ। ਇਸ ਖੰਡੇ ਦੇ ਰਸ ਵਿਗਾਸ ਅਧੀਨ ਹੋ ਕੇ ਓਹ ਅਤੁੱਟ ਅਭਿਆਸ ਦੀਆਂ ਨਾਮ ਕਮਾਈਆਂ ਕਰਨ ਵਿਚਿ ਜੁਟ ਜਾਂਦੇ ਹਨ। ਤਾਂ ਇਕ ਸੁਫਲ ਘੜੀ ਅਚੇਤ ਹੀ ਆ ਜਾਂਦੀ ਹੈ। ਏਸ ਜਨਮ ਵਿਚਿ ਨੇੜੇ ਹੀ ਆ ਜਾਂਦੀ ਹੈ ਕਿ ਓਹਨਾਂ ਨੂੰ ਭੀ ਦਰਸ਼ਨ ਜੋਤਿ ਪ੍ਰਕਾਸ਼ ਦੇ ਆਤਮ ਵਿਗਾਸੀ ਦਰਸ਼ਨ ਪਰਤੱਖ ਹੋਇ ਆਉਂਦੇ ਹਨ ਤੇ ਘਾਲ ਕਮਾਈ ਨੂੰ ਫਲ ਲਗਦੇ ਹਨ। ਘਾਲ ਕਮਾਈ ਕੀਤੀ ਹੋਈ ਕਦੇ ਬਿਰਥੀ ਨਹੀਂ ਜਾਂਦੀ।

ਪ੍ਰਭ ਘਾਲਿਆ ਕਿਸੇ ਕਾ ਇਕ ਤਿਲ ਨ ਗਵਾਈ॥

ਹਜੂਰੇ

ਆਠ ਪਹਰ ਪ੍ਰਭ ਬਸਹਿ ਹਜੂਰੇ॥
ਕਰੁ ਨਾਨਕ ਸੇਈ ਜਨ ਪੂਰੇ॥ *(ਪੰਨਾ ੨੮੬)*

ਇਸ ਦੁਤੁਕੀ ਵਿਖੇ 'ਬਸਹਿ' ਪਦ ਕ੍ਰਿਆ ਬਹੁ-ਵਚਨਕ ਨਾਂਵ (noun) ਹੈ। ਜੇਕਰ 'ਜਨ' ਪਦ ਦੇ ਨੰਨੇ ਨੂੰ ਔਂਕੜ ਹੁੰਦਾ ਤਾਂ ਇਸ ਦੀ ਕ੍ਰਿਆ ਭੀ 'ਬਸਹਿ' ਦੇ ਥਾਉਂ 'ਬਸੈ' ਹੁੰਦੀ। ਪ੍ਰਭ ਦਾ ਭੱਭਾ ਅੱਖਰ ਇਸ ਕਰਕੇ ਮੁਕਤਾ ਹੈ ਕਿ ਇਸ ਦੇ ਅਗੇ 'ਦੀ' ਸਬੰਧਕ ਪਦ (preposition) ਅਰਥ ਬੋਧਕ ਲੁਪਤ ਹੈ, ਤਾਂ ਤੇ ਅਰਥ ਸੁਧ ਇਉਂ ਬਣਦੇ ਹਨ:

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸੇਈ ਗੁਰਮੁਖ ਜਨ ਪੂਰੇ ਹਨ ਜੋ ਅਠੋ ਪਹਰ ਵਾਹਿਗੁਰੂ ਦੀ ਹਜ਼ੂਰੀ ਵਿਚ ਵਸਦੇ ਹਨ। 'ਹਜੂਰੇ' ਪਦ ਦੇ ਰਾਰੇ ਅੱਖਰ ਦੀ ਲਾਂਵ 'ਵਿਖੇ' ਦਾ ਅਰਥ ਦਿੰਦੀ ਹੈ। 'ਆਠ ਪਹਰ' ਦੁਹਾਂ ਪਦਾਂ ਦੇ ਪਿਛਲੇ ਅੱਖਰ ਇਸ ਕਰ ਕੇ ਮੁਕਤੇ ਹਨ ਕਿ ਇਹ ਪਦ ਬਹੁ-ਵਚਨ ਹਨ।

ਗੁਣ ਗੋਬਿੰਦ ਨਾਮ ਧੁਨਿ ਬਾਣੀ॥
ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥
ਸਗਲ ਮਤਾਂਤ ਕੇਵਲ ਹਰਿ ਨਾਮ॥
ਗੋਬਿੰਦ ਭਗਤ ਕੈ ਮਨਿ ਬਿਸ੍ਰਾਮ॥ *(ਪੰਨਾ ੨੯੬)*

ਲਗਮਾਤ੍ਰੀ ਨਿਯਮਾਂ ਅਨੁਸਾਰ ਇਸ ਗੁਰਵਾਕ ਪੰਗਤੀ ਦੇ ਕੇਵਲ ਇਹੋ ਅਰਥ ਬਣਦੇ ਹਨ—ਗੋਬਿੰਦ ਭਗਤ ਦੇ ਮਨ ਵਿਖੇ ਜੋ ਕੇਵਲ ਹਰਿ ਨਾਮ (ਗੁਰਮਤਿ ਨਾਮ) ਦਾ ਬਿਸ੍ਰਾਮ ਹੈ। ਇਹ ਸਗਲ ਮਤਾਂਤਾਂ ਸਿਰਿ ਸਚੜਾ ਸਿਧਾਂਤ ਹੈ। ਮਨਿ ਨਾਮ ਬਿਸ੍ਰਾਮੀਏ ਗੋਬਿੰਦ ਭਗਤ ਨੂੰ ਹੋਰ ਕਿਸੇ ਆਨ ਮਤਿ ਮਤਾਂਤ੍ਰੀ ਸਿਧਾਂਤ ਦੀ ਲੋੜ ਨਹੀਂ। ਗੁਰਮਤਿ ਨਾਮ ਨਿਧਿਆਸਨ ਵਿਚ ਸਗਲ ਮਤਾਂਤ ਆ ਗਏ। ਗੁਰਮਤਿ ਨਾਮ

bsrstrust.org

ਅਭਿਆਸੀਆਂ ਲਈ "ਗੁਣ ਗੋਬਿੰਦ ਨਾਮ ਧੁਨਿ ਬਾਣੀ" ਦਾ ਉਚਾਰਨਾ ਹੀ 'ਸਿਮ੍ਰਿਤਿ ਸਾਸਤ੍ਰ ਬੇਦ' ਦਾ ਵਖਾਨਣਾ ਹੈ। ਭਾਵ ਤਿਨ੍ਹਾਂ ਨੂੰ ਨਾਮ ਗੁਰਬਾਣੀ ਤੋਂ ਛੁਟ ਹੋਰ ਆਨ ਮਤ ਸਿਮ੍ਰਿਤਿ ਸ਼ਾਸਤ੍ਰ ਬੇਦ ਬਖਾਨਣ ਦੀ ਲੋੜ ਨਹੀਂ। (ਓਹ ਸਭ ਆਨਮਤ ਕਚੀਆਂ ਬਾਣੀਆਂ ਹਨ)।

ਜੋ ਸ਼ਬਦਾਰਥੀ ਗਿਆਨ ਗਮਨੰਤੇ ਪੁਰਸ਼ ਇਹ ਅਰਥ ਕਰਦੇ ਹਨ : 'ਉਸ ਜਨ ਦੀ ਬਾਣੀ ਹੀ ਗੋਵਿੰਦ ਦੇ ਗੁਣ ਅਤੇ ਨਾਮ ਧੁਨੀ ਹੋ ਜਾਂਦੀ ਹੈ। ਇਹ ਗੱਲ ਸਿਮ੍ਰਿਤੀਆਂ ਸ਼ਾਸਤ੍ਰਾਂ ਤੇ ਵੇਦਾਂ ਨੇ ਭੀ ਆਖੀ ਹੈ।' ਐਸੇ ਅਰਥ ਕਰਨ ਵਾਲੇ ਸ਼ਬਦਾਰਥੀਏ ਵੀਰ ਗਿਆਨੀ ਆਪ ਦੇ ਲਿਖੇ ਗੁਰਬਾਣੀ ਲਗਮਾਤ੍ਰੀ ਨਿਯਮਾਂ ਦੇ ਉਲਟ ਅਰਥ ਕਰਦੇ ਹਨ। ਉਹਨਾਂ ਦੇ ਕੀਤੇ ਅਰਥ ਤਾਂ ਤਦੇ ਸਹੀ ਮੰਨੇ ਜਾਣ ਜੇਕਰ 'ਸਾਸਤ੍ਰ' ਅਤੇ 'ਬੇਦ' ਪਦ ਨਾਵਾਂ ਨੂੰ ਆਖ਼ਰੀ ਅੱਖਰਾਂ ਨੂੰ ਸਿਹਾਰੀ ਲਗੀ ਹੋਈ ਹੋਵੇ ਅਤੇ ਉਕਤ ਸਾਰੀ ਪੰਗਤੀ ਐਉਂ ਲਿਖੀ ਹੋਈ ਹੋਵੇ, "ਸਿਮ੍ਰਿਤਿ ਸਾਸਤ੍ਰਿ ਬੇਦਿ ਬਖਾਣੀ"। ਓਹਨਾਂ ਦੇ ਕੀਤੇ ਇਹ ਅਰਥ ਕਿ ਇਹ ਗੱਲ ਸਿਮ੍ਰਿਤੀਆਂ ਸ਼ਾਸਤਰਾਂ ਅਤੇ ਬੇਦਾਂ ਨੇ ਭੀ ਆਖੀ ਹੈ, ਓਹਨਾਂ ਦੇ ਆਪਣੇ ਮੰਨੇ ਲਗਮਾਤ੍ਰੀ ਨਿਯਮਾਂ ਦੇ ਹੀ ਉਲਟ ਹੈ। 'ਸਾਸਤ੍ਰ' ਅਤੇ 'ਬੇਦ' ਦੋਹਾਂ ਪਦਾਂ ਨੂੰ ਸਿਹਾਰੀ ਕੋਈ ਨਹੀਂ। ਸਿਹਾਰੀ ਤੋਂ ਹੀ 'ਨੇ' ਦੇ ਅਰਥ ਉਪਜਦੇ ਹਨ। 'ਸਿਮ੍ਰਿਤਿ' ਪਦ ਨੂੰ ਉਂਞ ਹੀ ਸਿਹਾਰੀ ਲਗੀ ਰਹਿੰਦੀ ਹੈ। 'ਸਾਰੇ ਮਤਾਂ ਦਾ ਨਿਚੋੜ ਕੇਵਲ ਨਾਮ ਹੀ ਹੈ', ਇਹ ਅਰਥ ਖ਼ਬਰ ਨਹੀਂ ਉਹਨਾਂ ਨੇ ਕਿਥੋਂ ਤੇ ਕਿਵੇਂ ਨਿਚੋੜ ਲਏ। ਇਹ ਅਰਥ ਖ਼ਬਰ ਨਹੀਂ ਕਿਥੋਂ ਕਢਿ ਲਇਆ। ਸਮੂਹ ਆਨਮਤਾਂ ਅੰਦਰਿ ਖ਼ਾਸ ਕਰਿ ਸਿਮ੍ਰਿਤੀਆਂ ਸ਼ਾਸਤ੍ਰਾਂ ਅਤੇ ਬੇਦਾਂ ਅੰਦਰਿ ਤਾਂ ਨਾਮ ਦਾ ਮੁਸ਼ਕ ਤਕ ਭੀ ਨਹੀਂ, ਖ਼ਾਸ ਕਰਿ ਉਸ ਗੁਰਮਤਿ ਨਾਮ ਦਾ ਨਮੂਦ ਭੀ ਨਹੀਂ ਜੋ ਗੁਰਬਾਣੀ ਅੰਦਰਿ ਬਖਾਣਿਆਂ ਗਿਆ ਹੈ। ਏਹਨਾਂ ਆਨਮਤ ਪੁਸਤਕਾਂ ਅੰਦਰਿ ਤਾਂ ਵਿਸ਼ੇਸ਼ ਕਰਕੇ ਮਨਉਕਤ ਫ਼ਲਸਫ਼ਿਆਂ ਦੇ ਢਕੌਂਸਲੇ ਅਤੇ ਪਾਪ ਪੁੰਨ ਦੇ ਰਗੜੇ ਝਗੜੇ ਹੀ ਹਨ। ਫੇਰ 'ਉਸ ਜਨ ਦੀ ਬਾਣੀ' ਪਤਾ ਨਹੀਂ ਕਿਹੜੇ ਵਿਆਕਰਣੀ ਅਰਥ ਹਨ। ਬਾਣੀ ਤੋਂ ਮੁਰਾਦ ਏਥੇ ਗੁਰਬਾਣੀ ਹੈ। ਗੁਰਮੁਖ ਜਨ ਤਾਂ ਏਸ ਬਾਣੀ (ਗੁਰਬਾਣੀ) ਨੂੰ ਬਖਾਨਣ (ਪੜ੍ਹਨ) ਵਾਲੇ ਹਨ ਨਾ ਕਿ ਉਚਾਰਨ ਵਾਲੇ। 'ਉਸ ਜਨ ਦੀ' ਵਾਲੀ ਅਰਥ ਕਾਢ ਫ਼ਾਲਤੂ ਹੈ।

ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ॥ *(ਪੰਨਾ ੩੧੯)*

ਭਾਵ ਅਰਥ—ਜੋ ਜਨ ਗੁਰੂ ਸੰਤਾਂ ਦਾ ਗੁਰਮੰਤ੍ਰ (ਬੇਦੁ) ਉਚਰੰਦਾ (ਕਹੰਦਾ) ਉਚਾਰਦਾ ਹੈ, ਉਸ ਦਾ ਹੀ ਉਧਾਰ ਹੁੰਦਾ ਹੈ, ਕਿਉਂਕਿ ਪਾਰਬ੍ਰਹਮ ਪਤਿਤ ਉਧਾਰਨ ਹੈ। ਪਤਿਤਾਂ ਨੂੰ ਉਧਾਰਨਹਾਰਾ ਹੈ। 'ਸੰਤ ਬੇਦੁ ਕਹੰਦਾ' ਦੇ ਅਰਥ ਬੇਦ ਪੁਰਸ਼ੋਤਮੀਏ ਕਰਦੇ ਹਨ ਕਿ ਸੰਤ ਤੇ ਬੇਦ ਇਹ ਗੱਲ ਕਹਿੰਦੇ ਹਨ ਕਿ ਪਾਰਬ੍ਰਹਮ ਪਤਿਤ ਉਧਾਰਨ ਹੈ। ਹਾਲਾਂਕਿ 'ਬੇਦੁ' ਪਦ ਦੇ ਦੱਦੇ ਨੂੰ ਸਾਫ਼ ਔਂਕੜ ਲਗਾ ਹੋਇਆ ਹੈ। ਬਹੁ-ਵਚਨਕ ਅਰਥ ਦੱਦੇ ਔਂਕੜ ਵਾਲੇ 'ਬੇਦੁ' ਦੇ ਹੋ ਹੀ ਨਹੀਂ ਸਕਦੇ, ਜੇ ਬੇਦ ਦਾ ਦੱਦਾ ਮੁਕਤਾ ਹੁੰਦਾ ਤਾਂ ਹੋ ਸਕਦੇ ਸੀ। ਪਰ ਫੇਰ ਅਗੇ ਕਿਰਿਆ ਭੀ ਇਕ-ਵਚਨ ਵਾਚਕ (singular) ਪਈ ਹੈ। 'ਕਹੰਦਾ' ਦੇ ਅਰਥ ਕਹਿੰਦੇ ਹਨ ਹੋ ਹੀ ਨਹੀਂ ਸਕਦੇ। ਤਾਂ

bsrstrust.org

ਤੇ 'ਬੇਦੁ' ਪਦ ਦੱਦੇ ਔਂਕੜ ਵਾਲੇ ਤੋਂ ਸਾਫ਼ ਮੁਰਾਦ ਹੈ, ਗੁਰੂ ਘਰ ਦਾ ਨਿਰਾਲਾ ਵਿਲਖਣੀ ਬੇਦੁ ਅਰਥਾਤ ਗੁਰਮਤਿ ਨਾਮ।

ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥
ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥ *(ਪੰਨਾ ੩੨੦)*

ਹੇ ਪਿਆਰਿਓ ਸ਼ਬਦ ਸਿਖਿਆ (ਗੁਰਦੀਖਿਆ) ਲਵੋ। ਇਹ ਸ਼ਬਦ ਦੀਖਿਆ ਹੀ ਜਨਮ ਮਰਨ ਦੀ ਟੇਕ ਹੈ। ਆਵਾਗਵਨ, ਚੁਰਾਸੀ ਦੇ ਗੇੜ ਨੂੰ ਠੱਲ ਪਾਉਣ ਹਾਰੀ ਹੈ। ਗੁਰਦੀਖਿਆ ਲੈ ਕੇ ਇਕ ਵਾਹਿਗੁਰੂ ਦਾ ਨਾਮ ਸਿਮਰਿਆਂ ਸਦਾ ਸੁਖੀ ਹੋਈਦਾ ਹੈ ਅਤੇ ਦਰਗਾਹੇ ਜਾ ਕੇ ਮੁਖ ਉਜਲ ਹੁੰਦੇ ਹਨ (ਸਿਮਰਨ ਵਾਲਿਆਂ ਦੇ)। ਇਸ ਦੁਪੰਗਤੀ ਗੁਰਵਾਕ ਦੀ ਪਹਿਲੀ ਪੰਗਤੀ ਵਿਚਿ 'ਸਿਖਹੁ' ਪਦ ਕਿਰਿਆ ਹੈ। 'ਸਿਖ੍ਹੋ' ਹੁੰਦਾ ਤਾਂ 'ਹੇ ਸਿਖੋ' ਦੇ ਅਰਥ ਬਣਦੇ ਹਨ। 'ਸਬਦੁ' ਪਦ ਨਾਂਵ (ਕਰਮ) (noun) ਮਫਊਲ ਦਾ ਸਬੰਧ 'ਸਿਖਹੁ' ਕਿਰਿਆ ਨਾਲਿ ਹੈ। 'ਪਿਆਰਿਹੋ' ਨਾਲਿ ਨਹੀਂ। 'ਸ਼ਬਦ ਦੇ ਪਿਆਰਿਓ' ਅਰਥ ਤਦ ਬਣ ਸਕਦਾ ਸੀ ਜੇ 'ਸਬਦੁ' ਪਦ ਦੇ ਦੱਦੇ ਨੂੰ ਔਂਕੜ ਨਾ ਹੁੰਦਾ। 'ਸ਼ਬਦ ਨਾਲਿ ਪਿਆਰ ਕਰਨ ਵਾਲਿਓ' ਅਰਥ ਤਦ ਬਣ ਸਕਦਾ ਸੀ ਜੇ ਕਰ 'ਸਬਦੁ' ਦੇ ਦੱਦੇ ਨੂੰ ਸਿਹਾਰੀ ਹੁੰਦੀ ਅਤੇ 'ਸਬਦਿ' ਇਉਂ ਕਰਕੇ ਲਿਖਿਆ ਹੁੰਦਾ। 'ਪਿਆਰਿਹੋ'—ਬਹੁ-ਵਚਨ ਵਾਚਕ ਹੈ। ਏਸੇ ਕਰਕੇ ਦੂਜੀ ਪੰਗਤੀ ਵਿਚਿ 'ਮੁਖ' ਦਾ ਖੱਖਾ ਮੁਕਤਾ ਹੈ, ਕਿਉਂਕਿ 'ਮੁਖ' ਭੀ ਬਹੁ-ਵਚਨ ਹੈ। ਬਹੁਤੇ ਪਿਆਰਿਆਂ ਦੇ ਬਹੁਤੇ ਮੁਖ ਹੀ ਹੋਣਗੇ। ਜਿਤਨੇ ਭੀ ਸਿਮਰਨ ਹਾਰੇ ਇਕ ਅਕਾਲ ਪੁਰਖ ਨੂੰ ਸਿਮਰਨਹਾਰੇ ਪਿਆਰੇ ਹੋਣਗੇ ਤਿਤਨੇ ਹੀ ਮੁਖਾਂ ਦੁਆਰਾ ਓਹ ਇਕ ਅਕਾਲ ਪੁਰਖ ਨੂੰ ਸਿਮਰਨਗੇ। 'ਏਕ' ਦੇ ਕੱਕੇ ਦਾ ਔਂਕੜ ਇਸ ਕਰ ਕੇ ਲੱਥਾ ਹੈ ਕਿਉਂਕਿ ਇਸ ਦੇ ਅਗੇ ਸਬੰਧਕੀ ਪਦ (preposition) 'ਨੂੰ' ਮਹਿਜ਼ੂਫ ਹੈ, ਮਫ਼ਹੂਮ ਹੈ।

ਨਾਨਕ ਆਏ ਸੇ ਪਰਵਾਣ[1] ਹੈ ਜਿਨ ਹਰਿ ਵੁਠਾ ਚਿਤਿ ॥ *(ਪੰਨਾ ੩੨੦)*

ਇਸ ਪੰਗਤੀ ਵਿਚ 'ਹੈ' ਦੇ ਥਾਉਂ 'ਹਹਿ' ਚਾਹੀਦਾ ਹੈ। ਛਾਪੇ ਦੀ ਗ਼ਲਤੀ ਨਾਲਿ 'ਹੈ' ਆਇਆ ਹੈ। ਫਾਇਲ ਕਰਤਾ ਜੇ ਬਹੁ-ਵਚਨ ਹੋਵੇ ਤਾਂ ਕਿਰਿਆ ਭੀ ਬਹੁ-ਵਚਨ ਹੋਵੇਗੀ। ਗੁਰਬਾਣੀ ਦੇ ਲਗਾਂਮਾਤ੍ਰੀ ਨਿਯਮਾਂ ਅਨੁਸਾਰ ਬਹੁ-ਵਚਨ ਲਈ ਹਮੇਸ਼ਾ ਹਰ ਥਾਉਂ 'ਹਹਿ' ਪਿਛਲੇ ਸਿਹਾਰੀ ਵਾਲੇ ਹਾਹੇ ਨਾਲਿ ਆਉਂਦਾ ਹੈ। ਇਕ-ਵਚਨ ਹਰ ਥਾਂ ਇਕ ਹਾਹੇ ਦੁਲਾਈਆਂ ਵਾਲੇ ਨਾਲ 'ਹੈ' ਆਉਂਦਾ ਹੈ। 'ਹਹਿ' ਦੇ ਸਿਹਾਰੀ ਵਾਲੇ ਹਾਹੇ ਨਾਲਿ ਬਿੰਦਾ ਭੀ ਉਠੇਗਾ। ਤਾਂ ਹੀ ਬਹੁ-ਵਚਨਕ ਕਿਰਿਆ ਬਣੇਗੀ। "ਆਏ ਸੇ ਪਰਵਾਣ" ਦੀ ਪੰਗਤੀ ਸਿੱਧ ਕਰਦੀ ਹੈ ਕਿ ਫਾਇਲ (ਕਰਤਾ ਨਾਂਵ, subject noun) ਬਹੁ-ਵਚਨ ਹੈ। ਜੇ ਇਕ-ਵਚਨਕ ਫਾਇਲ (ਕਰਤਾ ਨਾਂਵ) ਹੁੰਦਾ ਤਾਂ ਇਹ ਅੱਧ ਪੰਗਤੀ ਇਉਂ ਆਉਂਦੀ, 'ਆਇਆ ਸੋ ਪਰਵਾਣੁ' ਅਰਥਾਤ 'ਆਏ' ਦੇ ਥਾਉਂ 'ਆਇਆ' ਹੁੰਦਾ, 'ਸੇ' ਦੇ ਥਾਉਂ 'ਸੋ' ਹੁੰਦਾ ਅਤੇ 'ਪਰਵਾਣ' ਦੇ ਥਾਉਂ 'ਪਰਵਾਣੁ' ਹੁੰਦਾ। ਨਾਂਵ (noun)

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਪਰਵਾਣੁ' ਹੈ।
—ਪ੍ਰਕਾਸ਼ਕ

bsrstrust.org

ਜੇ ਇਕ-ਵਚਨ (singular) ਹੋਵੇ ਤਾਂ ਪੜਨਾਉਂ (pronoun) ਭੀ ਇਕ-ਵਚਨ ਹੋਵੇਗਾ ਅਤੇ ਜੇ ਨਾਂਵ (noun) ਬਹੁ-ਵਚਨ (plural) ਹੋਵੇ ਤਾਂ ਪੜਨਾਉਂ (pronoun) ਭੀ ਬਹੁ-ਵਚਨ (plural) ਹੋਵੇਗਾ। ਇਸ ਗੁਰਵਾਕ ਪੰਗਤੀ ਵਿਚਿ 'ਸੇ' ਪਦ ਪੜਨਾਉਂ (pronoun) ਬਹੁ-ਵਚਨ ਦਾ ਲਖਾਇਕ ਹੈ। ਗੁਰਬਾਣੀ ਅੰਦਰਿ ਇਹ ਪੱਕਾ ਨਿਯਮ ਹੈ ਕਿ ਇਕ-ਵਚਨ (singular) ਲਈ 'ਸੋ' ਸੱਸੇ ਹੋੜੇ ਨਾਲਿ ਆਵੇਗਾ ਅਤੇ ਬਹੁ-ਵਚਨ (plural) ਲਈ 'ਸੇ' ਸੱਸੇ ਲਾਂਵ ਨਾਲਿ ਆਵੇਗਾ। 'ਆਏ' ਅਤੇ 'ਆਇਆ' ਦਾ ਸਪਸ਼ਟ ਨਿਰਣਕ ਫ਼ਰਕ ਹੈ ਕਿ 'ਆਇਆ' ਇਕ-ਵਚਨ ਹੈ ਅਤੇ 'ਆਏ' ਬਹੁ-ਵਚਨ ਬਹੁਤਿਆਂ ਲਈ ਹੈ। ਵਿਸ਼ੇਸ਼ਣ ਇਕ-ਵਚਨ ਤਾਂ ਹੋਊ ਜੇਕਰ ਨਾਂਵ (noun) ਇਕ-ਵਚਨ ਹੋਵੇ। ਕਿਰਿਆ ਵਿਸ਼ੇਸ਼ਣ (adverb) ਭੀ ਇਕ-ਵਚਨ (singular) ਤਦੇ ਹੋਊ ਜੇਕਰ ਕਿਰਿਆ (verb) ਇਕ-ਵਚਨ ਵਾਚਕ (singular) ਹੋਵੇ। ਬਹੁ-ਵਚਨ (plural) ਕਿਰਿਆ ਵਿਸ਼ੇਸ਼ਣ ਤਦ ਹੋਵੇਗਾ ਜੇਕਰ ਕਿਰਿਆ ਭੀ ਬਹੁ-ਵਚਨ ਵਾਚਕ ਹੋਵੇ। ਇਸ ਵਾਕ ਪੰਗਤੀ ਅੰਦਰਿ 'ਪਰਵਾਣ' ਪਦ ਦਾ ਪਿਛਲਾ ਣਾਣਾ ਅੱਖਰ ਮੁਕਤਾ ਹੋਣਾ ਸਿੱਧ ਕਰਦਾ ਹੈ ਕਿ ਇਹ ਕਿਰਿਆ ਵਿਸ਼ੇਸ਼ਣ ਬਹੁ-ਵਚਨ (plural) ਵਾਲੀ ਹੈ। ਜੇ ਇਕ-ਵਚਨਕ ਹੁੰਦਾ ਤਾਂ ਇਸ ਦੇ ਪਿਛਲੇ ਅੱਖਰ ਣਾਣੇ ਨੂੰ ਔਂਕੜ ਜ਼ਰੂਰ ਲਗਾ ਹੁੰਦਾ। ਤਾਂ ਤੇ ਚਾਹੇ 'ਪਰਵਾਣ' ਪਦ ਵਿਸ਼ੇਸ਼ਣ ਹੋਵੇ, ਚਾਹੇ ਕਿਰਿਆ ਵਿਸ਼ੇਸ਼ਣ ਹਰਿ ਹਾਲਤ ਵਿਚਿ ਇਸ ਨੂੰ ਢੁਕਵੀਂ ਕਿਰਿਆ ਬਹੁ-ਵਚਨਕ ਹੋਣੀ ਲਾਜ਼ਮੀ ਹੈ (ਗੁਰਬਾਣੀ ਲਗਾਂਮਾਤ੍ਰੀ ਨਿਯਮਾਂ ਅਨੁਸਾਰ)। ਚੂੰਕਿ 'ਪਰਵਾਣ' ਪਦ ਦਾ ਆਖ਼ਰੀ ਅੱਖਰ ਣਾਣਾ ਮੁਕਤਾ ਹੈ ਅਤੇ ਬਹੁ-ਵਚਨ ਦਾ ਵਾਚਕ ਹੈ, 'ਪਰਵਾਣ' ਪਦ ਨਾਲਿ ਇਸ ਕਰਕੇ ਅਵਸ਼ ਹੀ 'ਹੈ' ਪਦ ਦੇ ਥਾਉਂ 'ਹਹਿ' ਹੋਣਾ ਚਾਹੀਦਾ ਹੈ। ਕਈਆਂ ਬੀੜਾਂ ਵਿਚਿ ਅਜੇਹੀ ਲਿਖਤੀ ਯਾ ਛਪਤੀ ਅਸ਼ੁਧਤਾਈ ਵਰਤੀ ਹੋਈ ਹੈ। ਵਿਰਲੀਆਂ ਛਪਤੀ ਅਤੇ ਲਿਖਤੀ ਬੀੜਾਂ ਵਿਚਿ ਇਹ ਅਸ਼ੁਧਤਾਈ ਨਹੀਂ, ਅਸ਼ੁਧੀ ਨਹੀਂ ਨਿਰੋਲ ਸ਼ੁਧੀ ਹੈ, ਸ਼ੁਧ ਲਿਖਤ ਵਿਚ 'ਹੈ' ਅਤੇ 'ਹਹਿ' ਪਦ ਦੋਵੇਂ ਯੋਗ ਥਾਵੀਂ ਠੀਕ ਲਿਖੇ ਹਨ ਅਤੇ ਛਪੇ ਹਨ। ਏਹਨਾਂ ਗੁਰਬਾਣੀ ਦੇ ਲਗਾਂਮਾਤ੍ਰੀ ਪਰਪੱਕ ਨਿਯਮਾਂ ਦੀ ਰੋਸ਼ਨੀ (ਅਗਵਾਈ) ਵਿਚਿ ਯੋਗ ਸੁਧਾਈ ਕੀਤੀ ਜਾਣੀ ਪਰਮ ਜ਼ਰੂਰੀ ਹੈ। 'ਹਹਿ' ਦੇ ਥਾਉਂ 'ਹੈ' ਪਦ ਤਾਂ ਅਕਸਰ ਲਿਖਿਆ ਤੇ ਛਪਿਆ ਪਾਇਆ ਜਾਂਦਾ ਹੈ ਪਰ 'ਹੈ' ਦੇ ਥਾਉਂ 'ਹਹਿ' ਪਦ ਲਿਖਤੀ ਛਪਤੀ ਅਸ਼ੁਧੀ ਕਿਤੇ ਵਿਰਲੀ ਵਾਂਝੀ ਹੀ ਹੋਊ। ਅੱਵਲ ਤਾਂ ਹੈ ਹੀ ਨਹੀਂ।

ਜਾਚਿਕੁ ਮੰਗੈ ਨਿਤ ਨਾਮੁ ਸਾਹਿਬੁ ਕਰੇ ਕਬੂਲੁ ॥
ਨਾਨਕ ਪਰਮੇਸਰੁ ਜਜਮਾਨੁ ਤਿਸਹਿ ਭੁਖ ਨ ਮੂਲਿ ॥ *(ਪੰਨਾ ੩੨੩)*

ਇਸ ਦੁਪੰਗਤੀ ਵਾਕ ਵਿਚਿ ਦੂਜੀ ਪੰਗਤੀ ਅੰਦਰਿ ਆਇਆ ਪੜਨਾਉਂ ਪਦ (pronoun) 'ਤਿਸਹਿ' ਪਹਿਲੀ ਪੰਗਤੀ ਵਿਚਿ ਆਏ ਪਦ ਨਾਂਵ (noun) 'ਜਾਚਿਕੁ' ਨਾਲਿ ਸਬੰਧ ਰਖਦਾ ਹੈ। ਦੂਜੀ ਪੰਗਤੀ ਵਿਚਿ ਆਏ ਪਦ ਨਾਂਵ (noun) 'ਜਜਮਾਨੁ' ਨਾਲਿ ਤਅਲਕ ਨਹੀਂ ਰਖਦਾ। ਭਾਵ ਅਰਥ ਦੁਤੁਕੀ ਦਾ ਇਹ ਹੈ—ਕਿ

bsrstrust.org

ਗੁਰੂ ਘਰ ਦਾ ਉਤਮ ਜਗਿਆਸੂ ਜਾਚਿਕ ਜਨ ਨਿਤ ਨਾਮ ਦੀ ਜਾਚਨਾ ਕਰਦਾ ਹੈ, ਹਮੇਸ਼ਾ ਨਾਮ ਦੀ ਮੰਗ ਮੰਗਦਾ ਹੈ। ਸੱਚਾ ਸਾਹਿਬ ਸਦਾ ਇਹ ਜਾਚਨਾ ਮੰਗ ਕਬੂਲ ਕਰਨ ਵਾਲਾ ਹੈ ਤੇ ਕਬੂਲ ਕਰ ਲੈਂਦਾ ਹੈ। ਜਿਸ ਜਾਚਿਕ ਜਨ ਦਾ ਐਸਾ ਜਜਮਾਨ (ਜਾਚਨਾ ਕਬੂਲ ਕਰਨ ਵਾਲਾ) ਹੋਵੇ, ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਉਸ ਨੂੰ ਕਦੇ ਕੋਈ ਭੁੱਖ ਰਹਿ ਸਕਦੀ ਹੈ ? ਅਰਥਾਤ ਨਹੀਂ ਰਹਿ ਸਕਦੀ। ਮੂਲੋਂ ਹੀ ਤਿਸ ਨੂੰ ਕੋਈ ਭੁੱਖ ਬਾਕੀ ਨਹੀਂ ਰਹਿ ਸਕਦੀ। ਤਿਸ ਨੂੰ ਉੱਕੀ ਭੁੱਖ ਨਹੀਂ ਰਹਿੰਦੀ, ਕਿਉਂਕਿ ਉਸ ਦੀਆਂ ਸਭ ਮੰਗਾਂ ਪੂਰੀਆਂ ਹੋ ਜਾਂਦੀਆਂ ਹਨ। ਨਾਮ ਦੀ ਮੰਗ ਵਿਚਿ ਸਭ ਮੰਗਾਂ ਆ ਜਾਂਦੀਆਂ ਹਨ। ਨਾਮ ਸੰਤੁਸ਼ਟੀਆਂ ਨੂੰ ਮੂਲੋਂ ਭੁੱਖ ਨਹੀਂ ਲਗਦੀ। ਉੱਕੀ ਹੀ ਤਿਨ੍ਹਾਂ ਦੀ ਭੁੱਖ ਮਿਟ ਜਾਂਦੀ ਹੈ। ਮਿਟਾਉਣਹਾਰਾ ਸਾਹਿਬ ਸੱਚਾ ਜਜਮਾਨ ਮਿਟਾ ਦਿੰਦਾ ਹੈ। ਇਹ ਅਰਥ ਗ਼ਲਤ ਹੈ ਕਿ ਜਜਮਾਨ ਨੂੰ ਭੁੱਖ ਨਹੀਂ ਲਗਦੀ ਮੂਲੋਂ। ਕਿਉਂਕਿ 'ਤਿਸਹਿ' ਪਦ 'ਜਜਮਾਨੁ' ਪ੍ਰਥਾਇ ਨਹੀਂ ਘਟਦਾ, ਇਹ ਤਾਂ ਨਾਮ ਦੇ 'ਜਾਚਿਕੁ' ਪ੍ਰਥਾਇ ਹੀ ਘਟਦਾ ਹੈ ਕਿਉਂਕਿ ਇਸ ਤੋਂ ਪਹਿਲੇ ਨਾਲਿ ਲਗਵੇਂ ਸਲੋਕ :

ਤਿੰਨਾ ਭੁਖ ਨ ਕਾ ਰਹੀ ਜਿਸ ਦਾ ਪ੍ਰਭੁ ਹੈ ਸੋਇ॥
ਨਾਨਕ ਚਰਣੀ ਲਗਿਆ ਉਧਰੈ ਸਭੋ ਕੋਇ॥ *(ਪੰਨਾ ੩੨੩)*

ਦੀ ਪਹਿਲੀ ਪੰਗਤੀ ਸਪਸ਼ਟ ਅਰਥਾਉਂਦੀ ਅਤੇ ਉਕਤ ਭਾਵ ਦੀ ਪ੍ਰੋੜ੍ਹਤਾ ਕਰਾਉਂਦੀ ਹੈ। ਓਹ ਆਪਣੇ ਚਰਨੀ ਲਗਿਆਂ ਗੁਰਪੰਨੇ ਪਿਆਂ ਦੀ ਸਦਾ ਲਾਜ ਰਖਦਾ ਹੈ ਅਤੇ ਉਹਨਾਂ ਦੀ ਹਰ ਬਾਤ ਕਬੂਲ ਕਰਕੇ ਉਹਨਾਂ ਦਾ ਉਧਾਰ ਕਰਦਾ ਹੈ। ਜੋ ਭੀ ਜਗਿਆਸੂ ਉਸ ਦੇ ਚਰਨੀਂ ਲਗ ਕੇ ਉਸ ਦਾ ਬਣ ਜਾਂਦਾ ਹੈ, ਸੋ ਸਭ ਕੋਈ ਹੀ ਉਧਰ ਜਾਂਦਾ ਹੈ। ਪਹਿਲਾ ਸਲੋਕ ਦੂਜੇ ਸਲੋਕ ਦੀ ਅਰਥ ਪ੍ਰੋੜ੍ਹਤਾ ਵਿਚਿ ਹੈ ਅਤੇ ਦੂਜਾ ਪਹਿਲੇ ਦੀ ਅਰਥ ਪ੍ਰੋੜ੍ਹਤਾ ਵਿਚਿ ਉਚਾਰਨ ਹੋਇਆ ਹੈ। ਤਾਂ ਤੇ ਕੋਈ ਸ਼ਕ ਬਾਕੀ ਨਹੀਂ ਰਹੀ ਕਿ ਦੂਜੇ ਸਲੋਕ ਵਿਚਿ ਦੀ ਦੂਜੀ ਪੰਗਤੀ ਵਾਲਾ ਪਦ 'ਤਿਸਹਿ' ਬਸ 'ਜਾਚਿਕੁ' ਪ੍ਰਥਾਇ ਹੀ ਘਟਦਾ ਹੈ, 'ਜਜਮਾਨੁ' ਪ੍ਰਥਾਇ ਨਹੀਂ ਘਟਦਾ।

ਘਘਾ ਘਟਿ ਘਟਿ ਨਿਮਸੈ ਸੋਈ॥
ਘਟ ਫੂਟੇ ਘਟਿ ਕਬਹਿ ਨ ਹੋਈ॥ *(ਪੰਨਾ ੩੪੦)*

ਦੂਜੀ ਪੰਗਤੀ ਵਿਚਿ ਟੈਂਕੇ ਮੁਕਤੇ ਵਾਲੇ ਪਦ 'ਘਟ' ਤੋਂ ਮੁਰਾਦ ਹਿਰਦੇ ਰੂਪੀ ਸਰੀਰਕ ਘਟ ਤੋਂ ਹੈ ਅਤੇ ਟੈਂਕੇ ਸਿਹਾਰੀ ਵਾਲੇ 'ਘਟਿ' ਪਦ ਦੇ ਅਰਥ ਹਨ—ਥੋੜਾ, ਕਮਤੀ। ਸਾਰੀ ਦੁਤੁਕੀ ਦੇ ਭਾਵ ਅਰਥ ਇਉਂ ਬਣੇ : ਘੱਘੇ ਅੱਖਰ ਦੁਆਰਾ ਉਪਦੇਸ਼ ਹੈ ਕਿ ਸੋ ਵਾਹਿਗੁਰੂ ਘਟ ਘਟ ਅੰਦਰਿ ਹਰੇਕ ਸਰੀਰਕ ਘਟ (ਹਿਰਦੇ) ਅੰਦਰਿ ਨਿਵਾਸ ਰਖਦਾ ਹੈ। ਸਰੀਰਕ ਘਟ ਦੇ ਬਿਨਾਸ ਹੋਏ ਤੇ ਭੀ ਉਹ ਕਦੇ ਨਹੀਂ ਘਟਦਾ (ਬਿਨਾਸ ਨਹੀਂ ਹੁੰਦਾ)। 'ਘਟੁ' ਪਦ ਦੇ ਟੈਂਕੇ ਔਂਕੜ ਵਾਲੇ ਦੇ ਅਰਥ 'ਹਿਰਦੇ' ਦੇ ਹੁੰਦੇ ਹਨ। ਇਸ ਦੇ ਨਾਲਿ ਸਬੰਧਕ ਪਦ ਆਉਣ ਕਰਕੇ ਯਾ ਮਫ਼ਹੂਮ ਹੋਣ ਕਰਕੇ ਟੈਂਕੇ ਪਦ ਦਾ ਔਂਕੜ ਉੜ ਜਾਂਦਾ ਹੈ। ਟੈਂਕੇ ਨਾਲਿ ਸਿਹਾਰੀ ਲਗਣ ਕਰਕੇ 'ਘਟਿ' ਪਦ ਦੇ ਅਰਥ 'ਘਟ ਵਿਖੇ' ਹੋ ਜਾਂਦੇ ਹਨ। 'ਘਟਿ' ਪਦ ਸੰਖਯਕ ਵਿਸ਼ੇਸ਼ਣ (numeral

bsrstrust.org

adjective) ਭੀ ਹੁੰਦਾ ਹੈ, ਜੈਸੇ ਇਸ ਦੁਤੁਕੀ ਦੀ ਦੂਜੀ ਪੰਗਤੀ ਵਿਚਿ ਹੈ। ਹੋਰ ਭੀ ਉਦਾਹਰਣ ਹਨ:

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥ *(ਪੰਨਾ ੧੪੧੨)*

ਘਟਿ ਵਧਿ ਕੋ ਕਰੈ ਬੀਚਾਰਾ॥ *(ਪੰਨਾ ੧੧੨੮)*

ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ॥
ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ॥੧੬॥
(ਥਿਤੀ ਗਉੜੀ ਮ: ੫, ਪੰਨਾ ੩੦੦)

ਕਥਨੀ ਕਹਹਿ ਕਹਹਿ ਸੇ ਮੂਏ॥
ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ॥ *(ਪੰਨਾ ੩੫੪)*

ਇਸ ਦੁਤੁਕੇ ਗੁਰਵਾਕ ਦੀ ਪਹਿਲੀ ਪੰਗਤੀ ਵਿਚਿ ਜੋ 'ਕਥਨੀ' ਪਦ (ਮਫਊਲ) ਨਾਂਵ ਰੂਪ ਕਰਮ (object) ਹੈ, ਸੋ ਕਥਨੀ ਕੇਹੜੀ ਹੈ ? ਉਹ ਹੈ ਜਿਸਦਾ ਰੂਪ ਸਾਰੀ ਦੂਜੀ ਪੰਗਤੀ ਹੈ। ਭਾਵ ਅਰਥ ਸਾਰੀ ਦੁਤੁਕੀ ਦਾ ਇਹ ਹੈ—ਕਿ ਜੋ ਸ਼ਖ਼ਸ (ਆਨਮਤਿ ਸ਼ੁਸ਼ਕ ਵੇਦਾਂਤੀ) ਇਹ ਕਥਨੀ ਕਰਦੇ (ਕਹਿੰਦੇ) ਹਨ ਕਿ ਸੋ ਪ੍ਰਭੁ ਦੂਰਿ ਨਹੀਂ ਹੈ, ਤੂੰ ਹੀ ਪ੍ਰਭੁ ਹੈਂ, ਮੈਂ ਹੀ ਪ੍ਰਭੁ ਹਾਂ, ਆਦਿ, ਉਹ ਪੁਰਸ਼ ਇਹ ਫੋਕੀ ਕਥਨੀ ਕਹਿ ਕਹਿ ਕੇ ਹੀ ਮਰ ਜਾਂਦੇ ਹਨ। ਓਹਨਾਂ ਦੇ ਪੱਲੇ ਕੁਛ ਭੀ ਨਹੀਂ ਪੈਂਦਾ। ਫੋਕੀ ਕਥਨੀ ਹੀ ਕਥਨੀ ਓਹਨਾਂ ਦੀ ਕੁਛ ਨਹੀਂ ਸੰਵਾਰ ਸਕਦੀ। ਉਹ ਚੁਰਾਸੀ ਦੇ ਗੇੜ ਵਿਚਿ (ਜਨਮ ਮਰਨ ਵਿਚਿ) ਹੀ ਜਾ ਪੈਂਦੇ ਹਨ। ਗੁਰੂ ਸੱਚੇ ਪਾਤਸ਼ਾਹ ਨੇ ਇਸ ਦੁਤੁਕੀ ਵਿਚਿ ਅਹੰਬ੍ਰਹਮ ਅਸਮੀਆਂ ਵਾਲਾ ਵੇਦਾਂਤੀ ਮਸਲਾ ਖੰਡਨ ਕੀਤਾ ਹੈ। ਦੂਜੀ ਪੰਗਤੀ ਜੇ ਪ੍ਰਭੂ ਨੂੰ ਸੌਂਹੇ ਕਰਕੇ ਉਚਾਰੀ ਹੁੰਦੀ ਤਾਂ ਦੂਜੀ ਪੰਗਤੀ ਵਿਚ ਦੋਹੀਂ ਥਾਵੀਂ 'ਪ੍ਰਭੁ' ਪਦ ਨੂੰ ਔਂਕੜ ਨ ਹੁੰਦੇ ਸਗੋਂ ਦੋਹਾਂ 'ਪ੍ਰਭੁ' ਪਦਾਂ ਦੇ ਭੱਭੇ ਮੁਕਤੇ ਹੁੰਦੇ ਅਤੇ 'ਸੋ ਪ੍ਰਭੁ' ਦੇ ਥਾਉਂ 'ਤੂੰ ਪ੍ਰਭੁ' ਹੁੰਦਾ। ਅਤੇ ਅਰਥ ਹੁੰਦੇ, 'ਹੇ ਪ੍ਰਭੂ ਤੂੰ ਦੂਰਿ ਨਹੀਂ ਹੈਂ। ਸਾਰੇ ਅੰਦਰਿ ਬਾਹਰਿ ਤੂੰ ਹੀ ਤੂੰ ਹੀ ਹੈਂ।' ਅਗਲੀ ਦੁਤੁਕੀ:

ਸਭੁ ਜਗੁ ਦੇਖਿਆ ਮਾਇਆ ਛਾਇਆ॥
ਨਾਨਕ ਗੁਰਮਤਿ ਨਾਮੁ ਧਿਆਇਆ॥ *(ਪੰਨਾ ੩੫੪)*

ਸਪਸ਼ਟ ਕਰਾਉਂਦੀ ਹੈ ਕਿ ਗੁਰੂ ਨਾਨਕ ਦੇ ਘਰ ਦਾ ਦਰਸਾਇਆ ਹੋਇਆ ਗੁਰਮਤਿ ਨਾਮ ਜਿਨ੍ਹਾਂ ਨੇ ਧਿਆਇਆ ਹੈ, ਓਹਨਾਂ ਨੇ ਸਾਰਾ ਜਗੁ ਮਾਇਆ ਦਾ ਛਾਇਆ ਹੋਇਆ (ਹਉਮੈ ਮਾਇਆ ਦਾ ਗ੍ਰਸਿਆ ਹੋਇਆ) ਹੀ ਵੇਖਿਆ ਹੈ। ਹਉਮੈ ਮਾਇਆ ਛਾਇਆ ਵਾਲੇ ਅਹੰ ਬ੍ਰਹਮ ਅਸਮੀ ਵੇਦਾਂਤੀ ਅਨਮਤੀ ਹੀ ਇਉਂ ਭਾਖਦੇ ਹਨ ਕਿ ਮੈਂ ਰੱਬ ਹਾਂ। ਉਹ ਭੀ ਰੱਬ ਹੈ। ਗੁਰਮਤਿ ਨਾਮ ਧਿਆਨੀਏ ਮਰਜੀਵੜੇ ਤਾਂ ਹਉਮੈ ਮਾਰ ਕੇ ਹਉਮੈ ਤੋਂ ਰਹਿਤ ਹੋ ਕੇ ਇਉਂ ਉਚਾਰਦੇ ਹਨ:

ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥...੨੦੪॥[1]

---

੧. ਸਲੋਕ ਭਗਤ ਕਬੀਰ ਜੀ, ਪੰਨਾ ੧੩੭੫.

bsrstrust.org

ਕਦੇ ਮੈਂ ਮੈਂ ਕਰਨ ਵਾਲੇ ਭੀ ਤੂੰ (ਰੱਬ) ਹੋ ਸਕਦੇ ਹਨ। ਵੇਦਾਂਤੀ ਢਕੌਂਸਲਾ ਉੱਕਾ ਹੀ ਗੁਰਮਤਿ ਪ੍ਰਤਿਕੂਲ ਹੈ। ਵੇਦਾਂਤ ਦੀ ਕਸੌਟੀ ਅਨੁਸਾਰ ਗੁਰਮਤਿ ਗੁਰਬਾਣੀ ਦੇ ਵਾਕਾਂ ਨੂੰ ਪਰਖਣਾ ਮਹਾਂ ਮਨਮਤਿ ਹੈ।

ਅਗਰਕ ਉਸ ਕੇ ਵਡੇ ਠਗਾਊ॥ *(ਪੰਨਾ ੩੯੨)*

ਮਾਇਆ ਠਗਣੀ ਦੀ ਅਗਵਾਈ ਕਰਨਹਾਰੇ ਮੁਸਾਹਿਬ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਬੜੇ ਠਗਣਹਾਰੇ ਹਨ। ਏਥੇ 'ਅਗਰਕ' ਪਾਠ ਨਿਖੇੜ ਕੇ ਉਠਾਉਣਾ ਹੈ। ਅਕਸਰ ਪਾਠੀ ਇਕੱਠਾ ਹੀ ਗ਼ਲਤ ਮਲਤ ਪਾਠ ਇਹ ਕਰਦੇ ਹਨ—"ਅਗਰ ਕਉਸ ਕੇ ਬੜੇ ਠਗਾਊ" ਇਹ ਠੀਕ ਨਹੀਂ।

ਚਰਨ ਕਮਲ ਆਨੂਪ ਹਰਿ ਸੰਤ ਮੰਤ॥ ਕੋਊ ਲਾਗੈ ਸਾਧੂ॥ *(ਪੰਨਾ ੩੮੦)*

ਇਸ ਗੁਰ ਪਰਮਾਣ ਅੰਦਰਿ 'ਸੰਤ' ਪਦ ਦਾ ਤੱਤਾ ਤਾਂ ਮੁਕਤਾ ਹੈ ਕਿਉਂਕਿ ਇਸ ਅਗੇ 'ਦੇ' ਸਬੰਧਕੀ ਪਦ ਮਫ਼ਹੂਮ ਹੈ ਅਤੇ 'ਮੰਤ' ਦਾ ਤੱਤਾ ਇਸ ਕਰ ਕੇ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਨੂੰ' ਸਬੰਧਕੀ ਪਦ ਮਫ਼ਹੂਮ ਹੈ। 'ਚਰਨ ਕਮਲ' ਦੇ ਆਖ਼ਰੀ ਅੱਖਰ ਭੀ ਏਸੇ ਕਰ ਕੇ ਮੁਕਤੇ ਹਨ ਕਿ ਇਨ੍ਹਾਂ ਅਗੇ 'ਨੂੰ' ਸਬੰਧਕੀ ਅਰਥਾਇਆ ਜਾਣਾ ਹੈ। 'ਆਨੂਪ' ਦਾ ਪੱਪਾ ਚਰਨ ਕਮਲ ਦਾ ਵਿਸ਼ੇਸ਼ਣ (adjective) ਹੋਣ ਕਰਿ ਇਸ ਦੇ ਵਿਸ਼ੇਸ਼ਯ ਨਾਂਵ ਜੇਹਾ ਹੀ ਲਗਮਾਤ੍ਰੀ ਸਰੂਪ ਰਖਦਾ ਹੈ। ਭਾਵ ਅਰਥ ਸਾਰੇ ਗੁਰ ਪਰਮਾਣ ਦਾ (ਅਨੁਯੈ) ਵਾਰਤਕ ਪਾਠ (ਨਸਰ) ਇਉਂ ਹੈ : ਵਾਹਿਗੁਰੂ (ਹਰੀ) ਦੇ ਅਨੂਪ ਚਰਨ ਕਮਲ ਸਰੂਪ ਗੁਰੁ (ਸੰਤ) ਦੇ (ਦੀਖਿਅਤ) ਗੁਰਮੰਤ੍ਰ ਨੂੰ ਕੋਈ ਵਿਰਲਾ ਗੁਰਮੁਖਿ ਸਾਧੂ ਹੀ ਲਗਦਾ (ਜੁਟਦਾ) ਹੈ। ਭਾਵ ਗੁਰਮਤਿ ਨਾਮ ਅਭਿਆਸ ਕਮਾਈਆਂ ਗੁਰ ਦੀਖਿਅਤ ਮੰਤਰ ਦੀਆਂ ਹੀ ਹੋ ਸਕਦੀਆਂ ਹਨ। ਇਸ ਗੁਰ ਦੀਖਿਅਤ ਗੁਰਮੰਤ੍ਰ ਦੀਆਂ ਪਾਰਸ ਰਸਾਇਣੀ ਕਮਾਈਆਂ ਕਰਿ ਕਰਿ ਘਟ ਅੰਦਰਿ ਹੀ ਜੋਤਿ ਵਿਗਾਸ ਦਾ ਜ਼ਹੂਰ ਹੋ ਜਾਂਦਾ ਹੈ। ਇਹ ਜੋਤਿ ਜ਼ਹੂਰੀ ਕਿਰਨ ਵਾਹਿਗੁਰੂ ਦੇ ਅਨੂਪਮ ਚਰਨ ਕਮਲ ਦਾ ਰਿਦੰਤਰਿ ਪਹਿਲਾ ਪ੍ਰਗਟਾਉ ਹੁੰਦਾ ਹੈ। ਇਸ ਜੋਤਿ ਕਿਰਨੀ ਚਰਨ ਕਮਲ ਦੀ ਬਚਿੱਤ੍ਰਤਾ ਰਸਵਿਗਾਸੀ ਬਿਸਮਾਉ ਵਾਲੀ ਹੁੰਦੀ ਹੈ। ਇਸ ਬਿਸਮਾਉ ਦੇ ਉਪਜਾਉ ਹੋਣ ਸਾਰ ਹੀ ਗੁਰਮੁਖਿ ਜਨ ਰਸ ਬੀਧੇ ਅਮਿਉ ਗੀਧੇ ਹੋ ਕੇ ਗੁਰਮੰਤ੍ਰ ਕਮਾਈਆਂ ਵਿਚਿ ਹੋਰ ਵਧੇਰੇ ਸਦ ਸਦੇਰੇ ਜੁਟਾਉ ਸਹਿਤ ਜੁਟ ਜਾਂਦੇ ਹਨ। ਇਹ ਜੁਟਾਉ ਅਰਥਾਤ ਗੁਰਮੰਤ੍ਰ ਨੂੰ ਜੁਟਣ ਵਾਲਾ ਲਗਾਉ ਵਾਸਤਵ ਵਿਚਿ ਵਾਹਿਗੁਰੂ ਚਰਨ ਕਮਲ ਨੂੰ ਲਗਣ ਵਾਲਾ ਜੁਟਣ ਜੁਟਾਉ ਹੈ, ਹੁੰਦਾ ਹੈ। ਜਿਉਂ ਜਿਉਂ ਇਹ ਲਗਾਉ ਜੁਟਾਉ ਵਧਦਾ ਹੈ ਤਿਉਂ ਤਿਉਂ ਜੋਤਿ ਕਿਰਨ ਦਾ ਪਸਰਾਉ ਭੀ ਵਿਗਸ ਵਿਗਸਾਵੀ ਉਘੜਾਉ ਵਿਚਿ ਵਧੇਰੇ ਵਧਦਾ ਜਾਂਦਾ ਹੈ। ਐਥੋਂ ਤਕ ਕਿ ਜੋਤੀਸ਼ ਵਾਹਿਗੁਰੂ ਦਾ ਪਰਤੱਖ ਸਰੂਪ ਲਖਤਾਉ ਘਟ ਅੰਦਰਿ ਹੀ ਹੋ ਜਾਂਦਾ ਹੈ।

ਲਗਾਂਮਾਤ੍ਰੀ ਨਿਯਮਾਂ ਪੂਰਕ ਵਰਤਾਉ ਤੋਂ ਅਨਗਹਿਲੀਏ ਸ਼ਬਦਾਰਥੀ ਗਿਆਨੀ ਉਪਰਲੇ ਗੁਰਵਾਕ ਦੇ ਅਰਥ ਇਉਂ ਬਣਾਉਂਦੇ ਹਨ : 'ਹਰੀ ਦੇ ਸੁੰਦਰ ਚਰਨ ਕੰਵਲਾਂ ਵਿਚਿ ਅਤੇ ਸੰਤਾਂ ਦੇ ਉਪਦੇਸ਼ ਵਿਚਿ ਵਿਰਲਾ ਸਾਧੂ ਲਗਦਾ ਹੈ', ਹਾਲਾਂਕਿ ਕਿਸੇ

bsrstrust.org

ਨਾਂਵ ਰੂਪ ਅਖ਼ੀਰ ਮੁਕਤੇ ਅੱਖਰ ਵਾਲੇ ਪਦ ਦੇ ਅਰਥ ਸਬੰਧਕੀ 'ਵਿਚਿ' ਵਾਲੇ ਨਹੀਂ ਹੋ ਸਕਦੇ। 'ਵਿਚਿ' ਅਰਥ ਸਿਹਾਰੀ ਕਰਕੇ ਹੀ ਸੰਬੋਧੇ ਜਾਣਗੇ। ਮੁਕਤੇ ਨੂੰ ਵਿਚਿ ਦੇ ਅਰਥ ਕਦੀ ਨਹੀਂ ਸੰਬੋਧੇ ਜਾ ਸਕਦੇ। ਏਨ੍ਹਾਂ ਅਰਥਈਆਂ 'ਚਰਨ ਕਮਲ' ਅਤੇ 'ਸੰਤ ਮੰਤ' ਨੂੰ ਵਖਰੇ ਵਖਰੇ ਸਰੂਪ ਵਿਚਿ ਸਮਝਿਆ ਹੈ। ਤਾਂ ਹੀ ਤੇ 'ਅਤੇ' ਕੰਜੰਕਸ਼ਨੀ ਪਦ (conjunction) ਏਹਨਾਂ ਨੇ 'ਨੇ' ਅਰਥਾਂ ਵਿਚਿ ਘਸੋੜ ਦਿਤਾ ਹੈ। ਗੁਰ ਵਾਕ ਅੰਦਰਿ ਕੋਈ ਐਸੀ ਗੁੰਜਾਇਸ਼ ਨਹੀਂ 'ਅਤੇ' ਦੇ ਅਰਥ ਕਰਨ ਦੀ। 'ਸੰਤ ਮੰਤ' ਨੂੰ ਤਾਂ ਓਹ ਸੰਤ ਉਪਦੇਸ਼ ਕਰ ਕੇ ਅਰਥਾਉਂਦੇ ਹਨ। ਜੋ ਵਾਸਤਵ ਵਿਚ 'ਗੁਰ ਮੰਤ੍ਰ' ਹੈ। 'ਸੰਤ ਮੰਤ' ਦਾ ਅਨੁਮਾਨ ਖ਼ਬਰ ਨਹੀਂ ਕੀ ਲਾਉਂਦੇ ਹੋਣਗੇ ਆਪਣੀ ਗਿਆਨ ਬੁਧੀ ਕਰਕੇ।

ਲੇ ਪਖਾ ਪ੍ਰਿਅ ਝਲਉ ਪਾਏ॥
ਭਾਗਿ ਗਏ ਪੰਚ ਦੂਤ ਲਾਵੇ॥ *(ਪੰਨਾ ੩੯੪)*

ਇਸ ਦੁਤੁਕੀ ਅੰਦਰਿ 'ਲੇ'—ਲੈ ਕੇ। 'ਝਲਉ'—ਝਲਦੀ ਹਾਂ। 'ਪ੍ਰਿਆ ਪਾਏ'-- ਪਿਰਿਆ ਦੇ ਪੈਰਾਂ ਨੂੰ। 'ਭਾਗਿ ਗਏ'—ਭੱਜ ਗਏ। 'ਪੰਚ ਦੂਤ'—ਬਹੁ-ਵਚਨ ਹੋਣ ਕਰ ਕੇ ਏਹਨਾਂ ਦੋਹਾਂ ਦੇ ਪਿਛਲੇ ਅੱਖਰ ਚੱਚਾ ਤੇ ਤੱਤਾ ਮੁਕਤੇ ਹਨ। 'ਲਾਵੇ' ਦੇ ਵਾਵੇ ਨੂੰ ਲਾਂਵ ਦੇ ਨਾਲਿ ਬਿੰਦਾ ਉਠਾਉਣਾ ਹੈ। 'ਲਾਵੇਂ' ਦੇ ਅਰਥ ਹਨ ਏਥੇ, 'ਲਾਂਭੇ'—ਇਕ ਲਾਹਮ। ਸਮੁੱਚਾ ਭਾਵ ਅਰਥ ਦੁਤੁਕੀ ਦਾ ਹੋਇਆ—ਸੁਆਸ ਅਭਿਆਸੀ ਪੱਖਾ ਚਲਾ ਕੇ (ਲੈ ਕੇ) ਅੰਝਣ ਮੱਲ ਬੈਠੇ ਪ੍ਰਿਆ ਪ੍ਰੀਤਮ ਦੇ ਚਰਨ ਕੰਵਲਾਂ ਨੂੰ ਝਲਦੀ ਹਾਂ। ਜਿਸ ਦਾ ਫਲ ਇਹ ਨਿਕਲਿਆ ਹੈ ਕਿ ਅੰਦਰਲੇ ਪੰਜੇ ਦੂਤ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਅੰਦਰੋਂ ਨਿਕਲ ਕੇ ਲਾਂਭੇ (ਬਾਹਰ ਨੂੰ) ਭੱਜ ਟਾਏ। ਗਿਆਨੀ ਲੋਗ ਅਰਥ ਕਰਦੇ ਹਨ ਪਹਿਲੀ ਤੁਕ ਦੇ—ਪੱਖਾ ਲੈ ਕੇ ਪਿਆਰੇ ਨੂੰ ਝਲਦੀ ਹਾਂ ਪੈਰਾਂ ਵਿਚਿ ਬਹਿ ਕੇ। ਕੈਸੇ ਭੱਦੇ ਅਰਥ ਹਨ। ਪਾਏ ਅਰਥ ਪੈਰਾਂ ਵਿਚਿ ਬਹਿ ਕੇ ਕਿਵੇਂ ਬਣੇ। ਅਗਲੀ (ਦੂਜੀ) ਤੁਕ ਵਿਚਲੇ 'ਲਾਵੇਂ' ਪਦ ਨੂੰ ਓਹ 'ਲਾਵੇ' ਪਾਠ ਕਰਦੇ ਹਨ ਵਾਵੇ ਦੀ ਲਾਂਵ ਨੂੰ ਬਿੰਦੀਓਂ ਰਹਿਤ ਉਠਾਉਂਦੇ ਹਨ ਅਤੇ 'ਲਾਵੇ' ਦਾ ਅਰਥ ਕਰਦੇ ਹਨ 'ਕਟਣ ਵਾਲੇ', 'ਦੁੱਖ ਦੇਣ ਵਾਲੇ'। 'ਲਾਵੇਂ' ਪਦ ਏਥੇ ਵਾਵੇ ਲਾਂਵ ਨੂੰ ਬਿੰਦੀ ਸਹਿਤ ਕਿਰਿਆ ਵਿਸ਼ੇਸ਼ਣ (adverb) ਹੈ, 'ਭਾਗਿ ਗਏ' ਕਿਰਿਆ ਦਾ। ਨਾ ਕਿ 'ਪੰਚ ਦੂਤ' ਬਹੁ-ਵਚਨਕ ਨਾਂਵ ਦਾ ਵਿਸ਼ੇਸ਼ਣ (adjective) ਹੈ। ਬਿੰਦੀ ਰਹਿਤ 'ਲਾਵੇ' ਪਦ ਦੇ ਕੋਸ਼ਕ ਅਰਥਾਂ ਅਨੁਸਾਰ 'ਲਾਵੇ' ਪਦ ਬਹੁ-ਵਚਨ ਨਾਂਵ (plural noun) ਹੈ ਨਾ ਕਿ ਵਿਸ਼ੇਸ਼ਣ (adjective)। ਕੋਸ਼ ਅੰਦਰਲੇ ਅਰਥ 'ਲਾਵੇ' ਦੇ ਹਨ—ਖੇਤ ਦੀ ਪੈਲੀ ਕੱਟਣ ਵਾਲੇ ਪੁਰਸ਼ (ਵਾਢਿਆਂ) ਦੇ। ਤਾਂ ਤੇ 'ਦੁਖ ਦੇਣ ਵਾਲੇ' ਵਿਸ਼ੇਸ਼ਣੀ ਅਰਥ 'ਲਾਵੇ' ਦੇ ਬਣ ਹੀ ਨਹੀਂ ਸਕਦੇ ਜੈਸਾ ਕਿ ਉਕਤ ਗਿਆਨੀ 'ਦੁਖ ਦਾਈ ਪੰਜਾਂ ਦੂਤਾ' ਦੇ ਅਰਥ ਕਰਦੇ ਹਨ। 'ਕੱਟਣ ਵਾਲੇ' ਤੋਂ 'ਦੁਖ ਦੇਣ ਵਾਲੇ' ਦੇ ਅਰਥ ਬਣਾ ਲਏ ਜੋ ਨਿਰੋਲ ਮਨਘੜਤ ਅਰਥ ਹਨ।

ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ॥ *(ਪੰਨਾ ੩੯੭)*

bsrstrust.org

ਇਸ ਗੁਰਵਾਕ ਪੰਗਤੀ ਅੰਦਰਿ 'ਨੈਣ ਪਸੰਦੋ' ਵਿਸ਼ੇਸ਼ਣ ਹੈ। 'ਸੋਇ' (ਵਾਹਿਗੁਰੂ ਵਾਚਕ) ਪਦ ਪੜਨਾਉਂ ਦਾ ਅਤੇ ਅਰਥ ਰਖਦਾ ਹੈ—ਨੈਣਾਂ ਨੂੰ ਪਸੰਦੀਦਾ (ਪਸੰਦ ਆਉਣ ਵਾਲਾ) ਲਗਣ ਵਾਲ, ਪਿਆਰਾ ਲਗਣ ਵਾਲਾ। ਅੱਤ ਸੁੰਦਰ ਵਾਹਿਗੁਰੂ ਨੂੰ ਪੇਖ ਕੇ ਮੈਂ ਮੁਸ਼ਤਾਕ (ਮਫਤੂਨ, ਲੱਟੂ) ਹੋ ਗਈ। ਬਹੁਤ ਸਾਰੇ ਅਰਥਈਏ 'ਨੈਣ ਪਸੰਦੋ' ਦੇ ਅਰਥ 'ਨੈਣਾਂ ਦੁਆਰਾ ਪੇਖ ਕੇ' ਦੇ ਲਾਉਂਦੇ ਹਨ। ਪਰ ਇਹ ਠੀਕ ਨਹੀਂ। ਨੈਣਾਂ ਦੁਆਰਾ ਅਰਥ ਤਦ ਬਣਦੇ ਜੇਕਰ 'ਨੈਣ' ਪਦ ਦੇ ਥਾਉਂ 'ਨੈਣਿ' ਣਾਣੇ ਨੂੰ ਸਿਹਾਰੀ ਨਾਲਿ ਹੁੰਦਾ। 'ਪਸੰਦੋ' ਪਦ ਦੇ ਅਰਥ ਭੀ 'ਪੇਖ ਕੇ' ਫਬਦੇ ਨਹੀਂ। ਅਨਥਾ ਹਨ ਜਦ ਕਿ ਅਗੇ 'ਪੇਖਿ' ਪਦ ਪਇਆ ਹੈ ਜੋ ਉਕਤ ਅਰਥਾਂ ਦਾ ਥਾਉਂ ਪੂਰਦਾ ਹੈ। ਦੋ ਵਾਰ ਪੇਖ ਕੇ ਆਉਣਾ ਫਬਦਾ ਨਹੀਂ।

ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ॥
ਸੋਈ ਲਗੈ ਸਚਿ ਜਿਸੁ ਤੂੰ ਦੇਹਿ ਅਲਾ॥ *(ਪੰਨਾ ੩੯੭)*

ਇਸ ਦੁਤੁਕੇ ਗੁਰਵਾਕ ਅੰਦਰਿ ਪਹਿਲੀ ਪੰਗਤੀ ਦੇ ਮੁਢ ਵਿਖੇ ਅਤੇ ਦੂਜੀ ਪੰਗਤੀ ਦੇ ਮੁਢ ਵਿਚਿ ਜੋ 'ਸੋਈ' ਪਦ ਸੱਸੇ ਨੂੰ ਹੋੜੇ ਨਾਲ ਆਇਆ ਹੈ ਇਹ ਇਕ-ਵਚਨ ਵਾਚਕ ਪੜਨਾਉਂ (singular pronoun) ਹੈ। ਪਹਿਲੀ ਪੰਗਤੀ ਵਾਲਾ 'ਸੋਈ' ਪੜਨਾਉਂ (pronoun) 'ਕੰਮੁ' ਪਦ ਨਾਉਂ (noun) ਦਾ ਪੜਨਾਉਂ ਹੈ। 'ਕੰਮੁ' ਪਦ ਨਾਂਵ (noun) ਦੇ ਮੰਮੇ ਅੱਖਰ ਨੂੰ ਔਂਕੜ ਲਗਾ ਹੋਣ ਕਰਕੇ ਇਹ ਇਕ-ਵਚਨ (singular) ਹੈ, ਜਿਸ ਕਰਕੇ ਇਸ ਦਾ ਪੜਨਾਉਂ 'ਸੋਈ' ਭੀ ਇਕ-ਵਚਨ (singular) ਹੀ ਹੈ। ਦੂਜੀ ਪੰਗਤੀ ਵਿਖੇ ਮੁਢ ਵਿਚਿ ਆਇਆ ਪਦ 'ਸੋਈ' ਭੀ ਇਕ-ਵਚਨ ਪੜਨਾਉਂ ਹੈ ਇਸ ਦਾ ਨਾਂਵ (noun) ਮਫ਼ਹੂਮ ਹੈ। ਇਸ ਦਾ ਇਕ-ਵਚਨ (singular) ਹੋਣਾ ਇਸ ਕਰ ਕੇ ਪਛਾਣਿਆ ਗਿਆ ਕਿ ਇਸ ਇਹ 'ਲਗੈ' ਪਦ ਕਿਰਿਆ ਦਾ ਕਰਤਾ ਵੀ ਪੜਨਾਉਂ (ਕਰਤਾ ਪ੍ਰਥਾਇਕ) ਪੜਨਾਉਂ ਹੈ ਅਤੇ 'ਲਗੈ' ਕਿਰਿਆ ਦੇ ਗੱਗੇ ਅੱਖਰ ਨੂੰ ਲਗੀਆਂ ਦੁਲਾਈਆਂ ਸਿਧ ਕਰਦੀਆਂ ਹਨ ਕਿ ਇਹ ਇਕ-ਵਚਨ ਵਰਤਮਾਨ (singular present tense) ਕਿਰਿਆ ਹੈ। ਜੇ ਇਸ ਕਿਰਿਆ ਦੇ ਕਰਤੇ ਬਹੁਤੇ ਹੁੰਦੇ ਤਾਂ ਇਹ ਕਿਰਿਆ 'ਲਗੈ' ਦੇ ਥਾਉਂ 'ਲਗਹਿ' ਕਰਕੇ ਆਉਂਦੀ, ਹਾਹੇ ਨੂੰ ਸਿਹਾਰੀ ਨਾਲਿ; ਸਿਹਾਰੀ ਸਹਿਤ ਹਾਹਾ ਲਗਾ ਹੁੰਦਾ। ਕਿਉਂਕਿ ਕਿਰਿਆ ਦੇ ਅੱਖਰ ਸਿਹਾਰੀ ਸਹਿਤ ਲਗਾ ਹਾਹਾ ਬਹੁ-ਵਚਨ ਕਿਰਿਆ ਦਾ ਬੋਧਕ ਹੈ। ਤਾਂ ਤੇ 'ਸੋਈ ਲਗੈ' ਵਿਚਿ 'ਸੋਈ' ਪਦ ਇਕ-ਵਚਨ ਪੜਨਾਉਂ ਹੈ। ਨਾਲੇ ਇਕ ਹੋਰ ਸੰਕੇਤ ਲਾਜ਼ਮੀ ਹੈ, ਗੁਰਬਾਣੀ ਅੰਦਰਿ ਜਿਥੇ ਭੀ ਇਹ ਪੜਨਾਉਂ ਬਹੁ-ਵਚਨ ਦੇ ਅਰਥਾਂ ਵਿਚਿ ਹੋਊ, ਉਥੇ 'ਸੋਈ' ਦੇ ਥਾਉਂ 'ਸੇਈ' ਸੱਸੇ ਲਾਂਵ ਵਾਲਾ ਹੋਊ। 'ਸੋਈ' ਪਦ ਹਮੇਸ਼ਾ ਇਕ-ਵਚਨਕ ਅਰਥ ਦਿੰਦਾ ਹੈ। 'ਸੋਈ ਲਗੈ ਸਚਿ' ਦੇ ਸਮੁੱਚੇ ਅਰਥ ਹੋਏ—ਸੋਈ ਗੁਰਮੁਖਿ ਜਨ ਸੱਚ ਵਿਖੇ (ਸੱਚੇ ਨਾਮ ਵਿਖੇ, ਨਾਮ ਦੇ ਅਭਿਆਸ ਵਿਖੇ) ਲਗਦਾ ਹੈ। 'ਜਿਸ ਤੂੰ ਦੇਹਿ ਅਲਾ' ਜਿਸ ਨੂੰ ਤੂੰ (ਹੇ ਵਾਹਿਗੁਰੂ) ਅਲਾ ਦੇਵੇਂ, ਫੁਰਮਾ ਦੇਵੇਂ, ਹੁਕਮ ਕਰ ਦੇਵੇਂ।

bsrstrust.org

'ਅਲਾ' ਪਦ ਦੇ ਅਰਥ ਏਥੇ ਅੱਲਾਹ (ਰੱਬ) ਦੇ ਨਹੀਂ। ਇਸ ਦੇ ਨਾਲ ਦੀ ਦੁਤੁਕੀ :

ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ ॥
ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ ॥ *(ਪੰਨਾ ੩੯੭)*

ਦੀ ਮਫ਼ਹੂਮੀ ਜ਼ਮੀਰ 'ਹਿੱਕੋ' ਵਲ ਫਿਰਦੀ ਹੈ, ਭਾਵ ਅਰਥ ਬਣਦਾ ਹੈ ਦੂਜੀ ਪੰਗਤੀ ਦਾ—ਉਸ ਇਕੋ ਅਕਾਲ ਪੁਰਖ ਵਾਹਿਗੁਰੂ ਨੂੰ ਚਿਤ ਵਿਖੇ ਵਸਾਇ ਜੋ ਕਦੇ ਮਰਦਾ ਨਹੀਂ। ਸਦਾ ਅਬਿਨਾਸੀ ਅਕਾਲ ਮੂਰਤਿ ਹੈ। ਬਹੁਤ ਸਾਰੇ ਅਣਜਾਣ (ਮੈਂ ਜੇਹੇ) ਇਉਂ ਭੀ ਇਸ ਪੰਗਤੀ ਦਾ ਅਰਥ ਕਰਿ ਜਾਇਆ, ਸਮਝ ਜਾਇਆ ਕਰਦੇ ਹਨ ਕਿ ਇਕੋ ਵਾਹਿਗੁਰੂ ਨੂੰ (ਜੇ) ਤੂੰ (ਹੇ ਪ੍ਰਾਣੀ) ਚਿਤਿ ਵਿਚਿ ਵਸਾਵੇਂ ਤਾਂ ਤੂੰ ਫੇਰ ਕਦੇ ਨ ਮਰਿ ਜਾਵੇਂ, ਕਦੇ ਨਾ ਮਰਹਿਂ ਸਦਾ ਅਮਰ ਰਹਹਿਂ। ਪਰ ਇਹ ਅਰਥ ਤਾਂ ਬਣਦੇ ਜੇ 'ਜਾਇ' ਪਦ ਦੇ ਥਾਉਂ 'ਜਾਹਿਂ' ਪਦ ਹੁੰਦਾ। ਹਾਹੇ ਸਿਹਾਰੀ ਬਿੰਦੇ ਨਾਲਿ ਆਇਆ 'ਜਾਹਿਂ' ਪਦ ਵਾਹਦ ਮੁਖਾਤਬੀ ਕਿਰਿਆਵੀ (ਇਕ-ਵਚਨ ਮਧਮ ਪੁਰਖ) ਅਰਥ ਬੋਧਕ ਹੈ। 'ਜਾਇ' ਪਦ ਵਾਹਦ ਗਾਇਬ ਟੈਂਸਰੀ ਕਿਰਿਆ ਬੋਧਕ ਹੈ (ਅਨਯਪੁਰਖ ਕਾਲ ਹੈ)।

ਹਰਿ ਤੇ ਹਰ

ਸਾਰੀ ਗੁਰਬਾਣੀ ਵਿਖੇ 'ਹਰਿ' ਪਦ ਰਾਰੇ ਨੂੰ ਸਿਹਾਰੀ ਨਾਲਿ ਹਰੀ ਦੇ ਅਰਥਾਂ ਦਾ ਬੋਧਕ ਹੈ। ਰਾਰੇ ਸਿਹਾਰੀ ਵਾਲੇ ਤੋਂ ਬਿਨਾਂ 'ਹਰ' ਦੇ ਰਾਰੇ ਮੁਕਤੇ ਵਾਲਾ ਪਦ 'ਹਰੇਕ' ਦੇ ਗਿਣਤੀ ਬੋਧਕ ਅਰਥ ਦਿੰਦਾ ਹੈ। ਯਥਾ ਗੁਰਵਾਕ :

ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥
(ਵਾਰ ਆਸਾ ਮ: ੧, ਪੰਨਾ ੪੭੨)

ਏਥੇ 'ਹਰ ਰੰਗੀ' ਦੇ ਅਰਥ ਹਨ—'ਹਰੇਕ ਪਰਕਾਰ ਦੇ ਰੰਗਾਂ ਨਾਲਿ' ਏਹਨਾਂ ਹੀ ਅਰਥਾਂ ਵਾਲਾ 'ਹਰ' ਪਦ ਜਿਥੇ ਕਿਤੇ ਭੀ ਗੁਰਬਾਣੀ ਅੰਦਰਿ ਆਉ, ਰਾਰੇ ਮੁਕਤੇ ਨਾਲਿ ਹੀ ਆਉ। ਹਰੇਕ ਪ੍ਰਕਾਰੀ ਅਰਥਾਂ ਵਾਲੇ 'ਹਰ' ਪਦ ਦੇ ਰਾਰੇ ਨੂੰ ਜਿਥੇ ਸਿਹਾਰੀ ਲਗੀ ਹੋਉ ਉਥੇ ਸਮਝੋ ਕਿ ਲਿਖਾਰੀ ਜਾਂ ਛਾਪੇ ਦੀ ਗ਼ਲਤੀ ਨਾਲਿ ਲਗੀ ਹੋਈ ਹੈ।

ਸਚੀ ਬੈਸਕ ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ ॥
ਤਿਨ੍ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਅਪਣਾ ਸੁਆਉ ॥...੨॥੧੦॥
(ਗੂਜਰੀ ਵਾਰ ਮ: ੫, ਪੰਨਾ ੫੨੦)

ਇਸ ਗੁਰਵਾਕ ਅੰਦਰਿ ਤਿਨ ਵਾਰ 'ਸੰਗਿ' ਪਦ ਗੱਗੇ ਸਿਹਾਰੀ ਨਾਲਿ ਆਇਆ ਹੈ। ਇਕ ਵਾਰ 'ਸੰਗੁ' ਪਦ ਗੱਗੇ ਔਂਕੜ ਨਾਲਿ ਹੈ। ਸਿਹਾਰੀ ਵਾਲਾ 'ਸੰਗਿ' ਪਦ ਤੇਹਾਂ ਥਾਵਾਂ ਤੇ ਸੰਬੰਧਕੀ (preposition) ਭਾਵ ਵਾਲਾ ਹੁੰਦਾ ਹੋਇਆ 'ਸਾਥਿ' ਦੇ ਅਰਥ ਰਖਦਾ ਹੈ ਅਤੇ ਗੱਗੇ ਔਂਕੜ ਵਾਲਾ 'ਸੰਗੁ' ਨਾਂਵ (noun, ਇਸਮ) ਹੈ, 'ਸੁਹਬਤ', 'ਸੰਗਤ' ਦੇ ਅਰਥ ਦਿੰਦਾ ਹੈ। ਤਿਨ੍ਹਾਂ ਦੀ ਸੰਗਤਿ ਸੁਹਬਤ ਕਦੇ ਨ ਕਰੀਏ

bsrstrust.org

ਜਿਨ੍ਹਾਂ ਨੂੰ ਗੱਲ ਗੱਲ ਵਿਚ ਹਰਦਮ ਆਪਣਾ ਸੁਆਰਥ (ਗ਼ਰਜ਼) ਹੀ ਮੁਖੁ ਹੈ। 'ਬੈਸਕ' ਦਾ ਅੰਤਲਾ ਅੱਖਰ ਕੱਕਾ ਮੁਕਤਾ ਇਸ ਕਰਕੇ ਹੈ ਕਿ 'ਬੈਸਕ' ਪਦ ਇਸਤ੍ਰੀ-ਲਿੰਗ (feminine gender) ਨਾਂਵ ਹੈ।

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥

(ਪੰਨਾ ੫੩੮)

ਹੇ ਮੇਰੀ ਜਿੰਦੁੜੀਏ (ਜਿੰਦ ਜਾਨ ਤੋਂ ਭੀ ਪਿਆਰੀ ਸਿਖ ਸ੍ਰੇਣੀਏਂ) ਵਾਹਿਗੁਰੂ ਦਾ ਨਾਮੁ ਅੰਮ੍ਰਿਤੁ ਹੈ। ਇਹ ਅੰਮ੍ਰਿਤੁ ਕੇਵਲ ਗੁਰਮਤਿ ਦੁਆਰਾ ਹੀ ਪਾਇਆ ਜਾ ਸਕਦਾ ਹੈ। ਹਉਮੈ ਅਤੇ ਮਾਇਆ ਬਿਖੁ ਜ਼ਹਿਰ ਹੈ। ਇਹ ਹਉਮੈ ਰੂਪੀ ਮਾਇਆ ਰੂਪੀ ਜ਼ਹਿਰ ਕੇਵਲ ਗੁਰਮਤਿ ਨਾਮੁ ਰੂਪੀ ਅੰਮ੍ਰਿਤ ਦੁਆਰਾ ਹੀ ਲਹਿੰਦੀ ਹੈ। ਐਵੇਂ ਨਹੀਂ ਲਹਿੰਦੀ। ਇਸ ਗੁਰਵਾਕ ਦੁਤੁਕੀ ਦੀ ਪਹਿਲੀ ਪੰਗਤੀ ਵਿਚਿ 'ਅੰਮ੍ਰਿਤੁ' ਪਦ ਦੇ ਪਿਛਲੇ ਤੱਤੇ ਨੂੰ ਦੋਹੀਂ ਥਾਵੀਂ ਔਂਕੜ ਲਗਾ ਹੋਇਆ ਹੈ, ਜਿਸ ਕਰ ਕੇ ਇਹਨੀਂ ਦੋਹੀਂ ਥਾਵੀਂ ਪਹਿਲੀ ਪੰਗਤੀ ਵਿਚਿ 'ਅੰਮ੍ਰਿਤੁ' ਨਾਂਵ (noun-ਇਸਮ) ਹੈ। ਦੂਜੀ ਪੰਗਤੀ ਵਿਚਿ ਤੱਤੇ ਸਿਹਾਰੀ ਨਾਲਿ 'ਅੰਮ੍ਰਿਤਿ' ਪਦ ਆਉਂਦਾ ਹੈ ਜਿਸ ਕਰ ਕੇ ਏਥੇ 'ਅੰਮ੍ਰਿਤ ਦੁਆਰਾ' ਦਾ ਅਰਥ ਦਿੰਦਾ ਹੈ। ਤੱਤੇ ਦੀ ਸਿਹਾਰੀ 'ਦੁਆਰਾ' ਦਾ ਅਰਥ ਦਿੰਦੀ ਹੈ। ਅੰਮ੍ਰਿਤ ਦੁਆਰਾ ਬਿਖ ਲਹਿ ਜਾਂਦੀ ਹੈ। 'ਬਿਖ' ਹੈ ਤਾਂ ਇਸਤ੍ਰੀ-ਲਿੰਗ ਨਾਂਵ (noun feminine gender), ਆਮ ਤੌਰ ਤੇ ਗੁਰਬਾਣੀ ਅੰਦਰਿ ਇਸਤ੍ਰੀ-ਲਿੰਗ ਨਾਂਵ ਵਾਲੇ ਪਦਾਂ ਦੇ ਪਿਛਲੇ ਅੱਖਰ ਮੁਕਤੇ ਹੁੰਦੇ ਹਨ ਪਰ ਗੁਰਬਾਣੀ ਅੰਦਰਿ ਇਸ ਪਰਕਾਰ ਕੁਛ ਖ਼ਾਸ ਖ਼ਾਸ ਪਦ ਆਉਂਦੇ ਹਨ ਜੋ ਇਸਤ੍ਰੀ-ਲਿੰਗ ਭਾਵਨਾ ਵਾਲੇ ਨਾਮ (nouns) ਹੁੰਦੇ ਹੋਏ ਭੀ ਏਸੇ ਪਰਕਾਰ ਆਉਂਦੇ ਹਨ, ਜਿਵੇਂ 'ਬਿਖੁ' ਪਦ ਖੱਖੇ ਨੂੰ ਔਂਕੜ ਸਹਿਤ ਆਇਆ ਹੈ। ਏਸੇ ਪ੍ਰਕਾਰ ਗੁਰਬਾਣੀ ਦੇ ਚੰਦ ਇਕ ਇਸਤ੍ਰੀ-ਲਿੰਗ ਭਾਵਨੀਏ ਨਾਂਵ (nouns) ਹੋਰ ਭੀ ਹਨ ਜਿਨ੍ਹਾਂ ਦੇ ਅਖ਼ੀਰਲੇ ਅੱਖਰ ਨੂੰ ਔਂਕੜ ਆਉਂਦਾ ਹੈ। ਉਂਞ ਪਹਿਲਾ ਨਿਯਮ ਕਾਇਮ ਹੈ ਮੁਸਤਕਿਲ ਤੌਰ ਤੇ। ਏਹਨਾਂ ਪਦਾਂ ਵਿਚੋਂ ਕੁਝ ਕੁ ਏਥੇ ਦਿਤੇ ਜਾਂਦੇ ਹਨ:

(੧) ਮਲੁ (੨) ਮੁਸਕਲੁ (੩) ਧੀਰਜੁ (੪) ਕਲੁ, ਬੈਕੁੰਠੁ (੫) ਧੇਨੁ (੬) ਜਾਤੁ (੭) ਖੇਲੁ (੮) ਰਤੁ (੯) ਮੂਲੁ (੧੦) ਧਾਤੁ (੧੧) ਵਿਸੁ (੧੨) ਛਾਰੁ (੧੩) ਖੰਡੁ (੧੪) ਲਜੁ (੧੫) ਲਿਖਤੁ, ਇਤਿਆਦਿਕ। ਹੋਰ ਭੀ ਕੁਝ ਕੁ ਗਿਣਵੇਂ ਪਦ ਗੁਰਬਾਣੀ ਅੰਦਰਿ ਹਨ ਜੋ ਹਨ ਤਾਂ ਇਸਤ੍ਰੀ-ਲਿੰਗ (feminine gender) ਨਾਂਵ ਭਾਵ ਦੇ ਪਰ ਏਹਨਾਂ ਦੇ ਪਿਛਲੇ ਅੱਖਰ ਨੂੰ ਔਂਕੜ ਆਉਂਦਾ ਹੈ। ਨਹੀਂ ਤਾਂ ਹੋਰ ਸਾਰੇ ਇਸਤ੍ਰੀ-ਲਿੰਗ ਨਾਂਵ ਭਾਵ ਦੇ ਪਦਾਂ ਦੇ ਪਿਛਲੇ ਅੱਖਰ ਅਕਸਰ ਮੁਕਤੇ ਹੀ ਹੁੰਦੇ ਹਨ। ਜੈਸਾ ਕਿ:

ਮੇਲ, ਦੂਖ, ਭੁਖ, ਮਾਰ, ਬਖਸੀਸ, ਰੀਸ, ਠੀਸ, ਟਕਸਾਲ, ਪਿਆਸ, ਟੇਕ, ਟਹਲ, ਅਉਧ, ਵਾਟ, ਸੰਧ, ਪੂਜ, ਆਸ, ਕੰਧ, ਸਿਆਣਪ, ਢਿਲ, ਬਾਰ, ਭਿਖ, ਕਾਰ,

bsrstrust.org

ਸਿਰਕਾਰ, ਪੁਕਾਰ, ਪੂਕਾਰ, ਸਾਰ, ਲਿਵ, ਬੂਝ, ਸੂਝ, ਸੇਵ, ਬਖਸ, ਨੀਂਦ, ਕੀਮ, ਕੁੰਜ, ਧੀਰ, ਪੈਜ, ਖੇਪ, ਪੀੜ, ਗਣਤ, ਠਾਕ, ਫਾਸ, ਮੇਹਰ, ਧਰ, ਗਿਰਸਤ, ਘਾਲ, ਵਾਰ, ਪੁਛ, ਪੂਛ, ਕੂਕ, ਇਛ, ਅਵਧ, ਵੇਦਨ, ਬੂੰਦ, ਹੱਟ, ਸਿਲਕ, ਧਰਮ, ਬਣਤ, ਸਾਮ, ਖੇਡ, ਧਾਤ, ਘਾੜਤ, ਕੰਦ, ਪੰਡ, ਧਾਰ, ਲੋਚ, ਲੋਕੀਕ, ਤ੍ਰਾਸ, ਰਹਤ, ਅਮਾਨ, ਬਨਤ, ਚਿੰਤ, ਢੀਲ, ਸਾਂਝ, ਰਖ, ਵਿਖ, ਓਟ, ਲਾਜ, ਲੱਜ, ਪਾਤ, ਪ੍ਰਭਾਤ, ਪਾਗ, ਕਲਿਆਣ, ਭਾਲ, ਆਦਿਕ। ਹੋਰ ਭੀ ਅਜੇਹੇ ਪਦ ਹਨ ਜੋ ਇਸਤ੍ਰੀ-ਲਿੰਗੀ ਹੋਣ ਕਰਿ ਓਹਨਾਂ ਦੇ ਪਿਛਲੇ ਅੱਖਰ ਮੁਕਤੇ ਹੀ ਆਉਂਦੇ ਹਨ ਗੁਰਬਾਣੀ ਅੰਦਰਿ।

ਘਟਿ ਘਟਿ ਵਸਹਿ ਜਾਣਹਿ ਥੋਰਾ॥
ਹੈ ਕੋਈ ਸਾਜਣੁ ਪਰਦਾ ਤੋਰਾ॥ *(ਪੰਨਾ ੫੬੨)*

ਇਸ ਗੁਰਵਾਕ ਦੁਪੰਗਤੀ ਦੇ ਅਰਥ ਹਨ ਕਿ ਹੇ ਵਾਹਿਗੁਰੂ ਤੂੰ ਹਰੇਕ ਘਟ ਅੰਦਰਿ ਸਾਰਿਆਂ ਘਟਾਂ ਅੰਦਰਿ ਵਸਦਾ ਹੈਂ। ਪਰ ਹਰ ਕੋਈ (ਹਰੇਕ ਪੁਰਸ਼) ਜਿਸ ਦੇ ਘਟ ਅੰਦਰਿ ਤੂੰ ਵਸਦਾ ਹੈਂ ਤੈਨੂੰ ਜਾਣਦਾ ਥੋੜਾ ਹੈ ? ਅਰਥਾਤ ਨਹੀਂ ਜਾਣਦਾ। ਤੈਨੂੰ ਹਰੇਕ ਘਟਿ ਵਿਚਿ ਵਸਦੇ ਹੋਣ ਦੀ ਕੋਈ ਤੱਤ ਵਾਸਤਵੀ ਲੱਖਤਾ ਵਾਲੀ ਜਾਨਣੀ ਕੋਈ ਨਹੀਂ ਜਾਣਦਾ। ਪਰ ਕਈ ਅਰਥਈਏ ਅਰਥ ਕਰਿਆ ਕਰਦੇ ਹਨ ਕਿ ਥੋੜੇ ਹੀ ਵਿਰਲੇ ਹੀ ਤੈਨੂੰ ਜਾਣਦੇ ਹਨ। 'ਥੋਰਾ' ਪਦ ਦੇ ਅਰਥ 'ਥੋਰੇ' ਕਰਨੇ ਫਬਦੇ ਨਹੀਂ ਜਦੋਂ 'ਥੋਰਾ' ਪਦ ਰਾਰੇ ਕੰਨੇ ਨਾਲਿ ਸਪਸ਼ਟ ਪਿਆ ਹੈ। ਪਰ ਹਰੇਕ ਪੁਰਸ਼ ਜਾਣਦਾ ਥੋੜਾ ਹੈ ? ਇਹ ਅਰਥ ਕਰਨੇ ਭੀ ਨਹੀਂ ਸੋਭਦੇ। ਇਹ ਤਾਂ ਤਦ ਸੋਭਦੇ ਜੇ ਕਰਿ 'ਜਾਣੈ ਥੋਰਾ' ਲਿਖਿਆ ਹੁੰਦਾ। ਹੈ 'ਜਾਣਹਿ ਥੋਰਾ'। 'ਜਾਣਹਿ' ਬਹੁ-ਵਚਨਕ ਵਰਤਮਾਨ (plural present tense) ਕਿਰਿਆ ਵਾਲਾ ਪਦ ਹੈ। ਤਾਂ ਤੇ ਜਾਣਦੇ ਹਨ ਹੀ ਅਰਥ ਬਣੂ। ਜਾਣਦੇ ਹਨ ਪਰ ਥੋੜਾ (ਘੱਟ) ਹੀ ਜਾਣਦੇ ਹਨ। ਥੋੜੀ ਜਾਨਣੀ ਹੀ ਜਾਣਦੇ ਹਨ। ਅਨੁਮਾਨ ਮਾਤਰ ਕਿਆਸੀ ਜਾਣਨ ਹੀ ਜਾਣਦੇ ਹਨ ਜੋ ਵਾਸਤਵ ਵਿਚਿ ਨਾ ਜਾਣਨ ਦੇ ਬਰਾਬਰ ਹੀ ਹੈ। ਗੁਰਮਤਿ ਤੋਂ ਘੁੱਥੇ ਹੋਏ ਅਵਾਣ ਆਨਮਤੀ ਲੋਕ ਬੱਸ ਏਤਨੀ ਜਾਣਨੀ ਹੀ ਜਾਣਦੇ ਹਨ (ਉਹ ਭੀ ਸੁਣੀ ਸੁਣਾਈ) ਕਿ ਵਾਹਿਗੁਰੂ ਸਾਰਿਆਂ ਘਟਾਂ ਵਿਚਿ ਵਸਦਾ ਹੈ। ਪਰ ਵਸਦਾ ਲੱਖਿਆ ਕਿਸੇ ਨੇ ਨਹੀਂ। ਤੱਤ ਜਾਨਣੀ ਜਾਣਿਆਂ ਨਹੀਂ ਉਹਨਾਂ ਨੇ। ਥੋੜਾ ਅਨੁਮਾਨ ਮਾਤਰ ਹੀ ਜਾਣਿਆ ਹੈ। ਲਖਿਆ ਨਹੀਂ (realize ਨਹੀਂ ਕੀਤਾ)।

ਦੂਜੀ ਪੰਗਤੀ ਦਾ ਅਰਥ ਅਕਸਰ ਇਉਂ ਕਰਿਆ ਕਰਦੇ ਹਨ—ਹੇ ਸਾਜਣ! ਅਕਾਲ ਪੁਰਖ ਵਾਹਿਗੁਰੂ!! ਤੈਨੂੰ ਇਸ ਕਰ ਕੇ ਨਹੀਂ ਲਖ ਸਕਦੇ ਕਿ ਤੇਰਾ ਕੋਈ ਪੜਦਾ ਪਾਇਆ ਜਾਂ ਪਾਇਆ ਹੋਇਆ ਹੈ। ਘਟ ਅੰਦਰਿ ਹੀ ਜਿਸ ਕਰ ਕੇ ਤੂੰ ਨਾਲਿ ਹੁੰਦਾ ਹੋਇਆ ਫੇਰ ਦਿਸਦਾ ਨਹੀਂ, ਲਖਿਆ ਨਹੀਂ ਜਾਂਦਾ। ਏਹ ਅਰਥ ਤਾਂ ਠੀਕ ਫਬਦੇ ਹਨ ਪਰ 'ਸਾਜਣੁ' ਪਦ ਦੇ ਛੇਕੜਲੇ ਅੱਖਰ ਣਾਣੇ ਨੂੰ ਔਂਕੜ ਲਗਾ ਹੋਇਆ ਏਹ ਸੰਬੋਧਨੀ ਅਰਥ ਰਹਿਣ ਨਹੀਂ ਦਿੰਦਾ। ਭਾਵ ਉਤਲੇ ਅਰਥ ਤਦ ਠੀਕ ਹੁੰਦੇ ਜੇਕਰ 'ਸਾਜਣੁ' ਪਦ ਦੇ ਣਾਣੇ ਅੱਖਰ ਨੂੰ ਔਂਕੜ ਨ ਹੁੰਦਾ। ਅਤੇ ਣਾਣੇ ਔਂਕੜ ਹੀਣ 'ਸਾਜਣ'

bsrstrust.org

ਹੀ ਹੁੰਦਾ। ਤਦ ਹੇ ਸਾਜਣ ਦੇ ਅਰਥ ਸੰਬੋਧੇ ਜਾ ਸਕਦੇ ਸਨ। ਤਾਂ ਤੇ ਨਾਣੇ ਔਂਕੜ ਸਹਿਤ 'ਸਾਜਣੁ' ਸਹੀ ਉਠਾਉਣ ਕਰਿ ਇਹੀ ਅਰਥ ਸਿੱਧ ਹੁੰਦੇ ਹਨ ਦੂਜੀ ਪੰਗਤੀ ਦੇ, ਕਿ ਕੋਈ ਵਿਰਲਾ ਸਜਣ (ਗੁਰਮੁਖ ਜਨ) ਹੀ ਹੈ ਜਿਸ ਨੇ ਇਹ ਹਉਮੈ ਭੀਤ ਵਾਲਾ ਪੜਦਾ ਤੋੜਿਆ ਹੈ। 'ਤੋਰਾ'—ਤੋੜਾ। ਅਗਲੀਆਂ ਨਾਲਿ ਲਗਦੀਆਂ ਦੋ ਪੰਗਤੀਆਂ ਭੀ ਏਸੇ ਅਰਥ ਭਾਵ ਦੀ ਪ੍ਰੋੜ੍ਹਤਾ ਕਰਦੀਆਂ ਹਨ। ਯਥਾ :

ਕਰਉ ਜਤਨ ਜੇ ਹੋਇ ਮਿਹਰਵਾਨਾ॥
ਤਾ ਕਉ ਦੇਈ ਜੀਉ ਕੁਰਬਾਨਾ॥ *(ਪੰਨਾ ੫੬੨)*

ਮੈਂ ਐਸੇ ਸਜਣ ਨੂੰ ਆਪਣੇ ਉਪਰ ਮਿਹਰਵਾਨ ਕਰਨ ਦੇ ਯਤਨ ਕਰਾਂ। ਜੋ ਮੇਹਰਵਾਨ ਹੋ ਕੇ ਮੇਰਾ ਹਉਮੈ ਦਾ ਪੜਦਾ ਭੀ ਕੱਟ ਦੇਵੇ। ਤਿਸ ਉਪਰੋਂ ਮੈਂ ਆਪਣਾ ਜੀਉੜਾ ਭੀ ਕੁਰਬਾਨ ਕਰ ਸਿਟਾਂ। ਏਹਨਾਂ ਪੰਗਤੀਆਂ ਤੋਂ ਅਗਲੀਆਂ ਪੰਗਤੀਆਂ ਵਿਚਿ ਇਹ ਭੀ ਨਿਰੂਪਨ ਕਰ ਦਿਤਾ ਹੋਇਆ ਹੈ ਕਿ ਐਸਾ ਸਜਣ ਗੁਰੂ ਰੂਪੀ ਸੰਤ ਪਿਆਰਾ ਹੀ ਹੈ ਜੋ ਪੰਜਾਂ ਪਿਆਰਿਆਂ (ਸੰਤਾਂ) ਦੇ ਸਰੂਪ ਵਿਚਿ ਭਰਮ ਕਿਵਾੜ ਕੱਟਣ ਦੇ ਉਪਕਾਰ ਕਰਦਾ ਹੈ। ਜੋ ਇਸ ਸਰਧਾ ਭਾਵਨੀ ਸੇਤੀ ਸਤਿਗੁਰੂ ਸਰਨਾਈ ਆਉਂਦਾ ਹੈ, ਉਸ ਦੇ ਸਭ ਦੁਖ ਦਰਦ ਤੇ ਭਰਮ ਕੱਟੇ ਜਾਂਦੇ ਹਨ।

ਕਰਉ ਜਤਨ ਜੇ ਹੋਇ ਮਿਹਰਵਾਨਾ॥

ਪੰਗਤੀ ਦੇ ਅਰਥ ਇਹ ਭੀ ਕਰਿਆ ਕਰਦੇ ਹਨ ਕਿ ਮੈਂ ਅਕਾਲ ਪੁਰਖ ਨੂੰ ਆਪਣੇ ਉਪਰਿ ਮੇਹਰਵਾਨ ਕਰਨ ਦੇ ਯਤਨ ਕਰਾਂ, ਐਸੇ ਜਤਨ ਕਰਨ ਵਿਚਿ ਮੈਂ ਆਪਣਾ ਜੀਉ ਭੀ ਕੁਰਬਾਨ ਕਰ ਦਿਆਂ। ਪਰ 'ਤਾ ਕਉ' ਦੇ ਪਦ ਕਿਸੇ ਖ਼ਾਸ ਸਜਣ ਵਲ ਇਸ਼ਾਰਾ ਕਰਦੇ ਹਨ ਜਿਸ ਦੇ ਮਿਹਰਵਾਨ ਹੋਣ ਕਰਿ ਹਉਮੈ ਦੇ ਪੜਦੇ ਟੁਟ ਜਾਣ। ਉਹ ਸਜਣ ਸਤਿਗੁਰੂ ਹੀ ਹੈ। ਅਗਲੇਰੀਆਂ ਪੰਗਤੀਆਂ ਵਿਚਿ ਸਪਸ਼ਟਾਇਆ ਗਿਆ ਹੈ। ਸਤਿਗੁਰੂ ਦੁਆਰਾ ਹੀ ਵਾਹਿਗੁਰੂ ਦੇ ਮੇਹਰਵਾਨ ਹੋਣ ਦੀ ਯੁਕਤੀ ਬਿਧੀ ਨਸੀਬ ਹੁੰਦੀ ਹੈ ਅਤੇ ਪ੍ਰਤੱਖ ਸਰੂਪ ਸਰਬੱਗ ਸਤਿਗੁਰੂ ਵਿਟਹੁੰ ਜੀਉ ਕੁਰਬਾਨ ਕਰਨ ਦੇ ਯਤਨ ਹੀ ਸਫਲ ਹੁੰਦੇ ਹਨ। ਅਦ੍ਰਿਸ਼ਟ ਵਾਹਿਗੁਰੂ ਨੂੰ ਅਲਪੱਗ ਪ੍ਰਾਣੀ ਕਿਵੇਂ ਆਪੋਂ ਪਰਤੱਖ ਕਰ ਸਕਦਾ ਹੈ। ਦਸਾਂ ਪਾਤਸ਼ਾਹੀਆਂ ਦੀ ਪਰਤੱਖ ਹਜ਼ੂਰੀ ਵਿਚਿ ਤਾਂ ਗੁਰੂ ਸਾਹਿਬ ਦੀ ਪਰਤੱਖ ਮੇਹਰਵਾਨੀ ਦ੍ਰਿਸ਼ਟੀ ਤਾਰਦੀ ਨਿਸਤਾਰਦੀ ਰਹੀ ਜਾਗਿਆਸੂਆਂ ਤਾਈਂ। ਫੇਰ ਗੁਰੂ ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਨੇ ਪੱਕਾ ਧੁਰਵਾ ਬੰਨ੍ਹ ਦਿਤਾ ਕਿ ਜੁਗੋ ਜੁਗ ਅਟੱਲ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਚ ਪਰਵਾਨ ਪੰਚ ਪਰਧਾਨ ਗੁਰਮੁਖ ਪਿਆਰੇ ਹੀ ਇਹ ਸਮਰਥਤਾ ਅਤੇ ਸਰਬੱਗਤਾ ਰਖਣਗੇ ਤਾਕਿ ਅਧਿਕਾਰੀ ਜਨਾਂ ਦਾ ਪਰਮਾਰਥੀ ਨਿਸਤਾਰਾ ਪਾਰ ਉਤਾਰਾ ਕਰਨ।

ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ॥ *(ਪੰਨਾ ੫੮੬)*

'ਜੇਹੜੇ ਮੂਰਖ ਲੋਗ ਆਪਣਾ ਆਪ ਗਣਾਉਂਦੇ ਗਿਬਦੇ ਹਨ, ਓਹ ਖ਼ੁਆਰ ਹੋ ਕੇ ਮੁੜਿ ਮੁੜਿ ਜੰਮਦੇ ਮਰਦੇ ਹਨ।' 'ਮਰਿ ਮਰਿ ਜੰਮਦੇ ਹਨ ਤੇ ਖ਼ੁਆਰ ਹੁੰਦੇ ਹਨ',

bsrstrust.org

ਏਹ ਅਰਥ ਹੁੰਦੇ ਜੇ 'ਹੋਇ' ਦੇ ਥਾਉਂ 'ਹੋਹਿ' ਪਦ ਹੁੰਦਾ। 'ਹੋਇ' ਦੇ ਅਰਥ 'ਹੋ ਕੇ', 'ਹੁਇ ਕੇ' ਹੀ ਬਣਨਗੇ ਲਗਮਾਤ੍ਰੀ ਨਿਯਮਾਂ ਅਨੁਸਾਰ।

ਮੁੰਧ, ਮੁੰਧਿ

ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ ॥ *(ਪੰਨਾ ੫੯੪)*

ਇਸ ਗੁਰ ਪੰਗਤੀ ਦਾ ਇਹ ਅਰਥ ਨਹੀਂ (ਜੈਸਾ ਕਿ ਸ਼ਬਦਾਰਥੀ ਗਿਆਨੀ ਕਰਦੇ ਹਨ)—ਜੀਵ ਰੂਪ ਇਸਤ੍ਰੀ ਘਰ ਵਿਚਿ ਹੈ ਅਤੇ ਪਤੀ ਪਰਦੇਸ ਵਿਚਿ ਹੈ (ਹਰਿ ਦੂਰ ਹੈ) ਨਿਤ ਯਾਦ ਕਰਦੀ ਹੋਈ ਝੂਰਦੀ ਹੈ (ਪਛਤਾਂਦੀ ਹੈ)। 'ਮੁੰਧਿ' ਪਦ ਦੇ ਧੱਧੇ ਨੂੰ ਸਿਹਾਰੀ ਲਗੀ ਹੋਈ ਹੈ। ਲਗਮਾਤ੍ਰੀ ਸੂਚਨਾ ਅਨੁਸਾਰ ਸਹੀ ਅਰਥ ਇਉਂ ਬਣਦੇ ਹਨ—ਪਿਰੁ ਤਾਂ ਘਰ ਹੀ ਹੈ। ਪਰ (ਭਰਮ ਭੁਲਾਣੀ) ਮੁੰਧ ਲਈ, ਭਰਮ ਭੁਲਾਣੀ ਮੁੰਧ ਭਾਣੇ ਪਿਰ ਵਿਦੇਸ ਵਿਚਿ ਬਾਹਰ ਹੀ ਦੂਰ ਵਸਦਾ ਹੈ। ਏਸ ਕਰ ਕੇ ਝੂਰਦੀ ਹੈ। ਪਰ ਜੇ ਸੰਮਾਲੇ (ਯਾਦ ਕਰੇ) ਸਿਮਰਨ ਕਰੇ ਤਾਂ ਘਰ ਵਿਚੋਂ ਹੀ ਪਿਰ ਲਭ ਪਵੇ ਤੇ ਸਭ ਝੁਰੇਵੇਂ ਮਿਟ ਜਾਣ। ਨਿਰਾ ਨਾਂਵ (noun) ਭਾਵੇਂ ਕਰਤਾ (ਫਾਇਲ subject) ਹੋਵੇ ਭਾਵੇਂ ਕਰਮ (ਮਫਊਲ object) ਹੋਵੇ, 'ਮੁੰਧ' ਪਦ ਗੁਰਬਾਣੀ ਅੰਦਰਿ ਧੱਧੇ ਮੁਕਤੇ ਨਾਲ ਹੀ ਹਮੇਸ਼ਾ ਆਉਂਦਾ ਹੈ। ਤਾਂ ਤੇ 'ਮੁੰਧਿ' ਪਦ ਦੇ ਧੱਧੇ ਨੂੰ ਜੋ ਏਥੇ ਸਿਹਾਰੀ ਆਈ ਹੈ ਇਹ ਅਰਥ ਬਣਾਉਂਦੀ ਹੈ 'ਮੁੰਧ ਲਈ'। ਤਾਂ ਤੇ **'ਮੁੰਧ ਘਰ ਵਿਚਿ ਹੈ'** ਵਾਲੇ ਅਰਥ ਉੱਕੇ ਹੀ ਠੀਕ ਨਹੀਂ। ਆਮ ਮਨਮੁਖ ਇਸਤ੍ਰੀ ਤਾਂ ਸਦਾ ਘਰੋਂ ਬੇਘਰ ਹੀ ਫਿਰਦੀ ਰਹਿੰਦੀ ਹੈ। ਘਰ ਵਿਚਿ ਰਹਿੰਦੀ ਹੀ ਨਹੀਂ। ਏਸੇ ਕਰ ਕੇ ਘਰ ਵਿਚਿ ਰਹਿੰਦੇ ਪਿਰ ਨੂੰ ਵਿਦੇਸਿ (ਦੂਰਿ) ਘਰੋਂ ਬਾਹਰਿ ਜਾਣਦੀ ਹੈ।

ਕਿਨਾਹ

ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥
ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ ॥ *(ਪੰਨਾ ੫੯੫)*

ਸਭਨਾਂ ਦਾ ਮਰਨਾ ਲਾਜ਼ਮੀ ਹੈ ਅਤੇ ਸਭਨਾਂ ਨੂੰ ਵਿਛੋੜਾ ਹੀ ਵਿਛੋੜਾ ਹੈ। ਸਿਆਣਿਆਂ ਨੂੰ ਪੁਛਹੁ ਤਾਂ ਸਹੀ ਕਿ ਅਗੇ ਜਾ ਕੇ ਕਿਨ੍ਹਾਂ ਨੂੰ ਮਿਲਾਪ ਹੋਣਾ ਹੈ ਵਾਹਿਗੁਰੂ ਦਾ (ਕੀਹਨਾਂ ਦਾ ਮਿਲਾਪ ਹੋਣਾ ਹੈ ਵਾਹਿਗੁਰੂ ਨਾਲਿ)। ਅਕਸਰ ਪਾਠੀ 'ਮਿਲਣੁ ਕਿ ਨਾਹ' ਪਾਠ ਕਰਿਆ ਕਰਦੇ ਹਨ। ਭਾਵ ਅਰਥ 'ਮਿਲਣਾ ਹੈ ਕਿ ਨਹੀਂ'। ਜੇਕਰ 'ਕਿ ਨਹੀਂ' ਭਾਵ ਹੁੰਦਾ ਤਦ ਪਾਠ 'ਮਿਲਣੁ ਕਿ ਨਾਹਿ' ਪਦ ਆਉਂਦਾ। ਹਾਹੇ ਦੇ ਪਿਛਲੇ ਅੱਖਰ ਨੂੰ ਸਿਹਾਰੀ ਲੱਗੀ ਹੁੰਦੀ। ਪਰ ਏਥੇ ਨਹੀਂ ਹੈ, ਇਸ ਕਰਕੇ ਇਹ ਇਕੱਠਾ ਪਾਠ 'ਕਿਨਾਹ' ਹੀ ਸਹੀ ਹੈ। ਜਿਸ ਦਾ ਭਾਵ ਅਰਥ 'ਕਿਨ੍ਹਾਂ ਨੂੰ' ਹੈ, ਜੈਸੇ ਕਿ 'ਸਭਨਾਹ' ਦਾ ਅਰਥ 'ਸਭਨਾਂ ਨੂੰ' ਹੈ।

bsrstrust.org

ਜਹ ਕੀਰਤਨੁ ਤੇਰਾ

ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ ॥[1]

ਇਸ ਪੰਗਤੀ ਵਿਖੇ 'ਤੇਰਾ' ਪਦ 'ਕੀਰਤਨੁ' ਪਦ ਨਾਲਿ ਉਠਾਉਣਾ ਹੈ। 'ਕੀਰਤਨੁ ਤੇਰਾ' ਕਰਕੇ ਪੜ੍ਹਨਾ ਹੈ 'ਤੇਰਾ' ਪਦ 'ਸਾਧੂ' ਨਾਲਿ ਨਹੀਂ ਲਾਉਣਾ ਜੈਸਾ ਕਿ ਅਕਸਰ ਪਾਠੀ ਅਤੇ ਕੀਰਤਨੀਏ ਰਾਗੀ ਲਾਇਆ ਕਰਦੇ ਹਨ, ਕਿਉਂਕਿ 'ਸਾਧੂ' ਪਦ ਏਥੇ ਬਹੁ-ਵਚਨ ਹੈ, ਇਕ-ਵਚਨਕ (singular) ਨਾਂਵ (noun) ਨਹੀਂ। ਬਹੁ-ਵਚਨ ਹੋਣ ਦੀ ਇਹ ਪਛਾਣ ਹੈ ਕਿ ਇਸ ਦੀ ਕਿਰਿਆ 'ਗਾਵਹਿ' ਬਹੁ-ਵਚਨਕ (plural present tense) ਹੈ। ਜੇਕਰ 'ਸਾਧੂ' ਪਦ ਇਕ-ਵਚਨ (singular noun) ਹੁੰਦਾ ਤਾਂ ਇਸ ਸਬੰਧੀ ਕਿਰਿਆ 'ਗਾਵਹਿ' ਦੇ ਥਾਉਂ 'ਗਾਵੈ' ਆਉਂਦੀ। ਹੁਣ ਇਸ ਸਾਰੀ ਤੁਕ ਦੀ ਵਾਰਤਕ (ਅਨਵੈ) ਇਉਂ ਹੈ—ਜਹ ਤੇਰਾ ਕੀਰਤਨ ਸਾਧੂ ਗਾਵਹਿ ਤਹ ਮੇਰਾ ਮਨ ਲਾਗੈ ਅਰਥਾਤ ਮੇਰਾ ਮਨ ਓਥੇ ਲਗਦਾ ਹੈ, ਹੇ ਵਾਹਿਗੁਰੂ, ਜਿਥੇ ਗੁਰਮੁਖ ਸਾਧੂ ਜਨ ਕੀਰਤਨੀਏ ਤੇਰਾ ਕੀਰਤਨੁ ਗਾਉਂਦੇ ਹਨ।

ਪਵਨੈ

ਸੰਤਹੁ ਮਨ ਪਵਨੈ ਸੁਖੁ ਬਨਿਆ ॥
ਕਿਛੁ ਜੋਗੁ ਪਰਾਪਤਿ ਗਨਿਆ ॥ *(ਪੰਨਾ ੬੫੬)*

ਹੇ ਸੰਤਹੁ ਮਨ ਨੂੰ ਸੁਆਸ ਅਭਿਆਸੀ ਫੁਰਾਟਿਆਂ ਦੁਆਰਾ ਸੱਚਾ ਆਤਮਕ ਸੁਖੁ ਬਣਿ ਆਇਆ ਇਉਂ ਸੱਚੇ ਗੁਰਮਤਿ ਰਾਜ ਜੋਗ ਦਾ ਅੰਸ ਸੁਤੇ ਪ੍ਰਾਪਤਿ ਹੋਇਆ ਪ੍ਰਤੀਤ ਕੀਤਾ ਗਿਆ। 'ਪਵਨੈ' ਪਦ ਦੀਆਂ ਦੁਲਾਈਆਂ 'ਦੁਆਰਾ' ਦਾ ਅਰਥ ਦਿੰਦੀਆਂ ਹਨ। 'ਜੈਸਾ', 'ਸਦਰਸ', ਦਾ ਅਰਥ ਨਹੀਂ ਦਿੰਦੀਆਂ ਜੈਸਾ ਕਿ ਅਕਸਰ ਗਿਆਨੀ ਲੋਗ ਕਰਦੇ ਹਨ—ਪਵਨ ਵਰਗੇ ਪਤਲੇ ਮਨ ਨੂੰ ਸੁਖੁ ਹੋਇਆ। 'ਪਵਨੈ ਸੁਖੁ' ਵਾਲੇ ਭੇਦ ਦਾ ਸ਼ਬਦ ਅਭਿਆਸੀਆਂ ਨੂੰ ਹੀ ਪਤਾ ਹੈ।

ਬਿਆਸ ਬੀਚਾਰ

ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾ ਹੀ ॥[2]

ਗੁਰਮਤਿ ਰੂਪੀ ਬਿਆਸ ਬੀਚਾਰ ਨੇ ਭਾਵ ਗੁਰਮਤਿ ਬੀਚਾਰ ਨੇ ਹੀ ਇਹ ਤਤ ਪਰਮਾਰਥ (ਸਿੱਟਾ) ਕਢਿਆ ਹੈ ਕਿ ਗੁਰਮਤਿ ਨਾਮ ਬਰੋਬਰ ਹੋਰ ਕੋਈ ਬੇਦ ਕਤੇਬੀ ਆਨਮਤ ਕਰਮ ਨਹੀਂ ਪੁੱਜ ਸਕਦਾ। 'ਬਿਆਸ ਨੇ' ਬੀਚਾਰ ਕੇ ਪਰਮਾਰਥ ਕਹਿਆ

---

੧. ੪॥੬॥ (ਸੋਰਠਿ ਮ: ੫, ਪੰਨਾ ੬੧੦)।
੨. ੨॥੪॥ (ਸੋਰਠਿ ਭਗਤ ਰਵਿਦਾਸ ਜੀ, ਪੰਨਾ ੬੫੮)।

bsrstrust.org

ਹੈ, ਇਹ ਅਰਥ ਬਣ ਹੀ ਨਹੀਂ ਸਕਦਾ। ਤਦ ਬਣਦਾ ਜੇ 'ਬਿਆਸ' ਪਦ ਦੇ ਤਾਉਂ 'ਬਿਆਸਿ' ਹੁੰਦਾ। ਭਾਵ 'ਬਿਆਸ' ਪਦ ਸੱਸੇ ਮੁਕਤੇ ਅੱਖਰ ਨਾਲਿ ਨਾ ਹੁੰਦਾ, ਸੱਸੇ ਸਿਹਾਰੀ ਨਾਲਿ ਹੁੰਦਾ, ਤਾਂ ਹੀ 'ਨੇ' ਦੇ ਅਰਥ ਨਿਕਲ ਸਕਦੇ ਹਨ। ਬਿਆਸ (ਰਿਖੀ) ਬਿਚਾਰੇ ਨੇ ਕੀ ਨਾਮ ਰੂਪੀ ਪਰਮਾਰਥ ਜਾਣਨਾ ਸੀ ਜੋ ਤ੍ਰੈਗੁਣੀ ਵੇਦਾਂ ਦੇ ਵੀਚਾਰ ਵਿਚਿ ਹੀ ਖਪਿਆ ਭਰਮਿਆ ਰਿਹਾ। ਇਹ ਗੁਰੂ ਨਾਨਕ ਦਰਸਾਈ ਗੁਰਮਤਿ ਨੇ ਹੀ ਤੱਤ ਪਰਮਾਰਥੀ ਸਿੱਟਾ ਕਢਿਆ ਹੈ।

ਮੇਰੀ ਕਾਮਣੀ

ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ॥
ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ॥ *(ਧਨਾਸਰੀ ਮ: ੧, ਪੰਨਾ ੬੬੦)*

ਵਿਆਖਿਆ—ਦਿਨੇ ਰਾਤਿ (ਰਾਤਿ ਦਿਨੇ) ਸਾਹਿਬੁ ਸੇਵੀ ਜਾਈਐ, (ਵਾਹਿਗੁਰੂ ਸਿਮਰੀ ਹੀ ਜਾਈਐ), ਜਿਸ ਦਿਨ ਰਾਤ ਸਿਮਰੀ ਜਾਣ ਰੂਪੀ ਸੇਵਾ ਦੇ ਪਰਤਾਪ ਪ੍ਰਭਾਵ ਕਰਿ ਅੰਤੀ ਅਉਸਰ (ਅੰਤ ਨੂੰ) ਓੜਕ ਸੋ ਸਾਹਿਬ ਵਾਹਿਗੁਰੂ ਛੁਡਾ ਹੀ ਲੈਂਦਾ ਹੈ (ਸਿਮਰਨ ਹਾਰੇ ਨੂੰ) ਅਤੇ—

ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥੨੨੩॥

(ਸਲੋਕ ਭਗਤ ਕਬੀਰ ਜੀ, ਪੰਨਾ ੧੩੭੬)

ਗੁਰ ਵਾਕ ਦੇ ਭਾਵ ਅਨੁਸਾਰ ਸਿਮਰਨ ਰੂਪੀ ਪੁਕਾਰ ਬੇਨਤੀ ਸੁਣ ਸੁਣ ਕੇ ਪਿਆਰਾ ਸਾਹਿਬ ਵਾਹਿਗੁਰੂ ਪੰਘਰ ਹੀ ਪੈਂਦਾ ਹੈ। ਰੀਝ ਕੇ ਨਦਰਾਲੂ ਹੋ ਜਾਂਦਾ ਹੈ ਅਤੇ ਉਸ ਦੀ ਨਦਰ ਮੇਹਰ ਦੁਆਰਾ ਸਿਮਰਨਹਾਰੇ, ਸਿਮਰਨ ਰੂਪੀ ਬੇਨਤੀ ਪੁਕਾਰ ਕਰਨਹਾਰੇ ਦਾ ਪਾਰ ਉਤਾਰਾ ਹੋ ਜਾਂਦਾ ਹੈ। ਏਸ ਤਰ੍ਹਾਂ ਮੇਰੀ ਕਾਮਣੀ (ਸਿਮਰਨ ਰੂਪੀ ਪਾਰਸ ਜਾਦੂ ਭਰੀ ਗੁਰ ਮੰਤ੍ਰਾਤੀ ਬੇਨਤੀ) ਮਕਬੂਲ ਹੋ ਕੇ ਮੇਰਾ ਪਾਰ ਉਤਾਰਾ ਅਵਸ਼ ਹੋ ਜਾਇਗਾ। ਤਾਂ ਤੇ 'ਸੁਣਿ ਸੁਣਿ ਮੇਰੀ ਕਾਮਣੀ' ਦੇ ਅਰਥ ਏਥੇ ਇਹ ਨਹੀਂ ਜੈਸੇ ਕਿ ਸ਼ਬਦਾਰਥੀ ਗਿਆਨੀ ਕਰਦੇ ਹਨ ਕਿ 'ਹੇ ਮੇਰੀ ਸਹੇਲੀ ਤੂੰ ਸੁਣਿ'। ਸਹੇਲੀ ਨੂੰ ਸੰਬੋਧਨ ਕਰ ਕੇ ਕੀ ਸੁਣਾਉਣਾ ਹੈ ਅਤੇ ਦੋ ਵਾਰ ਜ਼ੋਰ ਦੇ ਕੇ ਸਹੇਲੀ ਨੂੰ ਸੁਣਿ ਸੁਣਿ ਆਖਣ ਦੀ ਕੀ ਲੋੜ ਹੈ। ਉਸ ਦੇ ਕੋਲ ਕੇਹੜੀ ਬੇਨਤੀ ਕਰਨੀ ਹੈ। ਏਥੇ ਤਾਂ 'ਸੁਣਿ ਸੁਣਿ' ਦੇ ਅਰਥ 'ਸੁਣ ਸੁਣ ਕੇ' ਦੇ ਹਨ। ਣਾਣਿਆਂ ਦੀਆਂ ਸਿਹਾਰੀਆਂ 'ਕਰਕੇ' ਦੇ ਅਰਥ ਦਿੰਦੀਆਂ ਹਨ। 'ਸੁਣ ਕਰਕੇ' 'ਸੁਣ ਸੁਣ ਕੇ' ਦਾ ਭਾਵ ਅਰਥਾਉਂਦੀਆਂ ਹਨ। ਸੰਬੋਧਨੀ ਕਿਰਿਆ ਨਹੀਂ। ਦੂਜੇ 'ਕਾਮਣੀ' ਦੇ ਕੋਸ਼ ਅਰਥ ਜਾਂ ਤਾਂ 'ਬੇਨਤੀ' ਦੇ ਹਨ ਜਾਂ 'ਇਸਤਰੀ' ਦੇ, ਸਹੇਲੀ ਦੇ ਅਰਥ ਹੋ ਹੀ ਨਹੀਂ ਸਕਦੇ ਕਿ 'ਮੇਰੀ ਇਸਤਰੀ ਤੂੰ ਸੁਣਿ'! ਇਸਤਰੀ ਦੇ ਅਰਥ ਸਹੇਲੀ ਦੇ ਬਣਦੇ ਹੀ ਨਹੀਂ।

bsrstrust.org

ਕੋਸ਼ ਅਨੁਸਾਰ ਭੀ ਗ਼ਲਤ ਹਨ। 'ਮੇਰੀ ਇਸਤਰੀ' ਨੂੰ 'ਮੇਰੀ ਸਹੇਲੀ' ਕਹਿਣਾ ਫਬਦਾ ਹੀ ਨਹੀਂ। ਜੋ ਭਲਾ ਏਵੇਂ ਹੀ ਅਰਥ ਲਾਏ ਮੰਨੇ ਜਾਣ ਤਾਂ "ਸੁਣਿ ਸੁਣਿ ਮੇਰੀ ਕਾਮਣੀ" ਦੇ ਅਰਥ ਤਾਂ ਭਲਾ ਹੋ ਗਏ 'ਹੇ ਮੇਰੀ ਸਹੇਲੀ ਤੂੰ ਸੁਣਿ ਤੂੰ ਸੁਣਿ, ਪਰ 'ਪਾਰਿ ਉਤਾਰਾ ਹੋਇ' ਅੱਧ ਪੰਗਤੀ ਦਾ ਸਬੰਧ ਕਿਵੇਂ ਅਤੇ ਕੀਹਦੇ ਨਾਲ ਜੁੜੇਗਾ ? ਤਾਂ ਤੇ ਉਕਤ ਅਰਥ ਕਰਨੇ ਨਿਰੀ ਖਿਚ ਦੇ ਹਨ ਤੇ ਲਗਮਾਤ੍ਰੀ ਨਿਯਮਾਂ ਦੇ ਪ੍ਰਤਿਕੂਲ ਹਨ। ਅਗਲੀ ਤੁਕ ਨਾਲ ਲਗਦੀ ਹੀ "ਦਇਆਲ ਤੇਰੈ ਨਾਮਿ ਤਰਾ"[1] ਸਪਸ਼ਟ ਕਰਦੀ ਹੈ ਕਿ ਹੇ ਦਇਆਲ ਵਾਹਿਗੁਰੂ ਤੇਰੇ ਨਾਮ ਦੁਆਰਾ ਹੀ ਨਿਸਤਾਰਾ ਹੈ। ਨਾਮ ਹੀ ਬੇਨਤੀ ਰੂਪ ਅਤੇ ਅਰਦਾਸ ਰੂਪ ਹੈ। ਤਾਂ ਤੇ ਅਰਦਾਸ ਰੂਪ 'ਕਾਮਣੀ' (ਬੇਨਤੀ) ਦਾ ਭਾਵ 'ਨਾਮ ਸਿਮਰਨ' ਹੈ। ਦਿਨ ਰਾਤ ਸਿਮਰਨ ਕਰਨਾ ਬੇਨਤੀ ਵਿਚ ਜਾਣਾ ਹੈ। "ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ" ਅਤੇ "ਦਇਆਲ ਤੇਰੈ ਨਾਮ ਤਰਾ" ਦੀਆਂ ਤੁਕਾਂ ਦਾ ਸਮ ਭਾਵ ਖ਼ੂਬ ਵਾਰਾ ਖਾਂਦਾ ਹੈ। 'ਕਾਮਣੀ' (ਬੇਨਤੀ) ਦੁਆਰਾ ਪਾਰ ਉਤਾਰਾ ਹੋਣਾ ਅਤੇ ਨਾਮ ਦੁਆਰਾ ਕਰਨਾ ਇਕੋ ਹੀ ਭਾਵ ਰਖਦਾ ਹੈ। ਤਾਂ ਤੇ ਨਾਮ ਸਿਮਰਨ ਹੀ ਬੇਨਤੀਆਂ ਸਿਰ ਸਭ ਤੋਂ ਸ੍ਰੇਸ਼ਟ ਬੇਨਤੀ ਅਰਦਾਸ ਹੈ। ਇਹੀ ਅਰਥ ਪਰਵਾਨ ਹਨ।

ਨਾਦ ਕਵਿਤ

ਜਹ ਸਾਧ ਸੰਤਨ ਹੋਵਹਿ ਇਕਤ੍ਰ ॥
ਤਹ ਹਰਿ ਜਸੁ ਗਾਵਹਿ ਨਾਦ ਕਵਿਤ ॥ *(ਪੰਨਾ ੬੭੬)*

ਭਾਵ ਅਰਥ—ਇਸ ਦੁਤੁਕੀ ਪੰਗਤੀ ਗੁਰਵਾਕ ਦਾ ਸਪਸ਼ਟ ਹੈ—ਜਿਥੇ ਗੁਰਮੁਖਿ ਸਿਖ ਸਾਧ ਸੰਤ ਨਾਮ ਬਾਣੀ ਦੇ ਰਸੀਏ ਜਨ ਇਕਤ੍ਰ ਹੁੰਦੇ ਹਨ (ਸਾਧ ਸੰਗਤਿ ਵਿਖੇ) ਤਿਥੇ ਕੇਵਲ ਹਰਿ ਜਸੁ ਹੀ ਗਾਵੰਦੇ ਹਨ। ਹਰਿ ਜਸੁ ਹੀ ਓਹਨਾਂ ਲਈ 'ਨਾਦ ਕਵਿਤ' ਹੈ। 'ਹਰਿ ਜਸੁ' ਬਾਹਰੇ ਨਾਦ ਕਵਿਤ ਕਚੀਆਂ ਬਾਣੀਆਂ ਦੀ ਕਵਿਤਾ ਦੇ ਗੀਤ ਨਾਦ ਵਜਾਵਣੇ ਮਹਾਨਿੰਦਨੀਯ ਹਨ। ਗੁਰਮੁਖਾਂ ਸਿਖਾਂ ਸੰਤ ਜਨਾਂ ਲਈ 'ਹਰਿ ਜਸੁ' ਬਿਨਾਂ ਹੋਰ ਨਾਦ ਕਵਿਤਾ ਦੀ ਉੱਕੀ ਹੀ ਲੋੜ ਨਹੀਂ। 'ਹਰਿ ਜਸੁ' ਹੀ ਓਹਨਾਂ ਲਈ ਨਾਦ ਕਵਿਤ ਹਨ। ਪ੍ਰੰਤੂ ਗੁਰਬਾਣੀ (ਹਰਿ ਜਸੁ) ਦੀ ਅਨਿੰਨ ਉਪਾਸ਼ਨਾ ਤੋਂ ਵੰਚਤ ਲੋਗ ਇਸ ਦੁਤੁਕੀ ਦੀ ਦੂਜੀ ਪੰਗਤੀ ਵਿਚ ਆਏ 'ਨਾਦ ਕਵਿਤ' ਪਦਾਂ ਦਾ ਇਉਂ ਅਰਥ (ਅਨਰਥ) ਕਰਦੇ ਹਨ—ਸਾਜ਼ ਬਾਜੇ (ਬਜਾ ਕੇ ਅਤੇ ਕਵਿਤਾ ਪੜ੍ਹ ਕੇ) 'ਵਜਾ ਕੇ' ਅਤੇ 'ਪੜ੍ਹ ਕੇ' ਦੇ ਅਰਥ ਓਹਨਾਂ ਨੇ ਪਤਾ ਨਹੀਂ ਕਿਸ ਲਗਮਾਤ੍ਰ ਤੋਂ ਕੱਢੇ ਹਨ। ਐਸਾ ਜਾਪਦਾ ਹੈ ਕਿ ਓਹਨਾਂ ਅਰਥਈਆਂ ਦੀ ਸਮਝ ਅਨੁਸਾਰ ਕੱਚੀਆਂ ਬਾਣੀਆਂ ਦੇ ਗੀਤ ਸਾਜ਼ ਬਜਾ ਕੇ ਗਾਉਣੇ ਅਤੇ ਕਵਿਤਾਵਾਂ ਪੜ੍ਹਨੀਆਂ ਭੀ ਹਰਿ ਜਸੁ ਗਾਵਣ ਦੇ ਤੁੱਲ ਹਨ।

---

੧. ੧॥ਰਹਾਉ॥੩॥੧॥ (ਧਨਾਸਰੀ ਮ: ੧, ਪੰਨਾ ੬੬੦)।

bsrstrust.org

ਪ੍ਰਭਤਾ

ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥ *(ਪੰਨਾ ੬੮੫)*

ਇਸ ਗੁਰਵਾਕ ਪੰਗਤੀ ਵਿਚਿ ਆਏ 'ਪ੍ਰਭਤਾ' ਪਦ ਨੂੰ ਪਦ ਛੇਦਤਾ ਦੇ ਅੱਲ੍ਹੜ ਸ਼ਬਦਾਰਥੀਆਂ ਨੇ ਪਦ ਛੇਦ ਕਰ ਕੇ 'ਪ੍ਰਭ ਤਾਕੈ' ਕਰਿ ਦਿਤਾ ਹੈ। 'ਪ੍ਰਭਤਾ' ਇਕੱਠੇ ਪਦ ਦੇ 'ਪ੍ਰਭ' ਪਦ ਨੂੰ ਨਿਖੇੜ ਦਿਤਾ ਹੈ ਅਤੇ 'ਤਾ' ਨੂੰ ਅਗਲੇ ਅੱਖਰ ਨਾਲਿ ਜੋੜ ਕੇ 'ਤਾਕੈ' ਬਣਾ ਦਿਤਾ ਹੈ ਜੋ ਬਿਲਕੁਲ ਅਯੋਗ ਅਤੇ ਅਜੋੜ ਹੈ। ਏਹੋ ਤਾਂ ਪਦ ਛੇਦ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਛਾਪਣ ਦਾ ਘਾਟਾ ਹੈ। 'ਮੈ' ਪਦ ਏਥੇ 'ਮਹਿ' ਦੇ ਥਾਉਂ ਆਇਆ ਹੈ। ਪਰ ਇਹ ਛਾਪੇ ਦੀ ਜਾਂ ਲਿਖਾਰੀ ਦੀ ਗ਼ਲਤੀ ਪਰਤੀਤ ਹੁੰਦੀ ਹੈ। 'ਵਿਖੇ' ਦੇ ਅਰਥਾਂ ਵਿਚ ਗੁਰਬਾਣੀ ਦੇ ਨਿਯਮਕ ਭੇਦਾਂ ਕਰਿ ਅਕਸਰ 'ਮਹਿ' ਪਦ ਹੀ ਆਉਂਦਾ ਹੈ। ਕਾਹਲੀ ਵਿਚਿ 'ਮਹਿ' ਦੇ ਥਾਉਂ 'ਮੈ' ਕਈ ਥਾਈਂ ਲਿਖਿਆ ਛਪਿਆ ਪਾਇਆ ਜਾਂਦਾ ਹੈ ਜੋ ਭੁੱਲ ਹੀ ਪਰਤੀਤ ਹੁੰਦੀ ਹੈ। ਏਸ ਹੀ ਪੰਨੇ ਦੇ ਚਾਰ ਅਗਲੇ ਵਾਕ ਛਡ ਕੇ ਸਾਫ਼ 'ਮਹਿ' ਪਦ ਆਉਂਦਾ ਹੈ—"ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ"[1] ਲਗਮਾਤ੍ਰੀ ਨਿਯਮ ਪੱਕੇ ਹਨ। ਦੇਖੋ ਇਸੇ ਹੀ ਪੰਗਤੀ ਵਿਖੇ 'ਮਹਿ' ਸਬੰਧਕੀ ਪਦ (preposition) ਤੋਂ ਪਹਿਲੇ ਨਾਵਾਂ (nouns) 'ਸਰਵਰ' ਅਤੇ 'ਹੰਸ' ਦੇ 'ਹੰਸੁ' ਅਤੇ 'ਸਾਗਰੁ' ਪਦਾਂ (ਨਾਵਾਂ, nouns) ਦੇ ਪਿਛਲੇ ਅੱਖਰਾਂ ਨੂੰ ਔਂਕੜ ਲਗੇ ਕਾਇਮ ਹਨ। ਏਸੇ ਪਰਕਾਰ ਹੋਰ ਭੀ ਸਰਬ ਥਾਈਂ 'ਵਿਖੇ' ਦੇ ਅਰਥ ਵਿਚਿ 'ਮਹਿ' ਪਦ ਹੀ ਆਉਂਦਾ ਹੈ। ਜੈਸੇ—"ਠਾਕੁਰ ਮਹਿ ਦਾਸੁ ਦਾਸ ਮਹਿ ਸੋਇ"[2]। ਤਥਾ—"ਤਨ ਮਹਿ ਮਨੂਆ ਮਨ ਮਹਿ ਸਾਚਾ"[2]। ਪੁਨਾ—"ਪਲ ਪੰਕਜ ਮਹਿ ਕੋਟਿ ਉਧਾਰੇ"[2] ਆਦਿ ਬਥੇਰੇ ਉਦਾਹਰਣ ਹਨ।

ਤਾਕੀ

"ਤਾਕੀ ਹੈ ਓਟ ਸਾਧ"[3]—ਸਾਧ (ਗੁਰੂ) ਦੀ ਓਟ ਤਕਾਈ ਹੈ (ਤੱਕੀ ਹੈ)। ਇਸੇ ਪੰਗਤੀ ਦੇ 'ਤਾਕੀ' 'ਇਕੱਠੇ ਪਦ ਨੂੰ ਨਿਖੇੜ ਕੇ 'ਤਾ' 'ਕੀ' ਕਰ ਦਿਤਾ ਹੋਇਆ ਹੈ। ਸ਼ਬਦਾਰਥੀ ਪਦ ਛੇਦੂਆਂ ਨੇ ਅਤੇ ਮਨ ਮੰਨੇ ਅਰਥ ਲਾ ਲਏ ਹਨ।

ਗਿਰਝਨ

ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥
ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ॥ *(ਪੰਨਾ ੬੯੨)*

---

੧. ਧਨਾਸਰੀ ਮ: ੧, ਪੰਨਾ ੬੮੫.
੨. ਧਨਾਸਰੀ ਮ: ੧, ਪੰਨਾ ੬੮੬.
੩. ਧਨਾਸਰੀ ਭਗਤ ਨਾਮਦੇਵ ਜੀ, ਪੰਨਾ ੬੮੬.

bsrstrust.org

ਇਸ ਗੁਰਵਾਕ ਦੁਤੁਕੀ ਦੀ ਦੂਜੀ ਪੰਗਤੀ ਵਿਚਿ 'ਦੇਹੀ ਗਿਰਝਨ ਖਾਈ' ਪਾਠ ਨੂੰ ਕਈ ਪਾਠੀ "ਦੇਹੀ ਗਿਰਝ ਨ ਖਾਈ" ਕਰਕੇ ਪੜ੍ਹਦੇ (ਉਠਾਉਂਦੇ) ਹਨ। 'ਗਿਰਝਨ' ਪਦ ਨੂੰ ਨਿਖੇੜ ਕੇ 'ਗਿਰਝ ਨ ਖਾਈ' ਕਰ ਕੇ ਅਰਥ ਕਰਦੇ ਹਨ ਕਿ ਦੇਹੀ ਗਿਰਝਾਂ ਨੇ ਨ ਖਾਧੀ, ਕੋਈ ਪਰਸੰਗ ਨਾਲ ਜੋੜਦੇ ਹਨ ਅਤੇ ਤਾਤ ਪਰਜ ਕੱਢਦੇ ਹਨ ਕਿ ਦੁਰਜੋਧਨ ਦੀ ਐਸੀ ਭੈੜੀ ਦੇਹੀ ਸੀ ਕਿ ਗਿਰਝਾਂ ਨੇ ਭੀ ਨ ਖਾਧੀ। ਪਰ ਜੇ ਇਉਂ ਪਾਠ ਹੁੰਦਾ ਤਾਂ 'ਗਿਰਝ' ਦੇ ਝੱਝੇ ਨੂੰ ਸਿਹਾਰੀ ਜ਼ਰੂਰ ਲਗੀ ਹੁੰਦੀ। ਤਾਂ ਹੀ ਨਿਖੜਵਾਂ ਪਾਠ ਗਿਣਿਆ ਜਾਂਦਾ। ਤਾਂ ਤੇ ਇਹ ਅਪਰਸੰਗਕ ਹੈ। ਤਾਂ ਤੇ ਗਿਰਝਾਂ ਹੀ ਦੇਹੀ ਖਾਧੀ। ਭਾਵ 'ਦੇਹੀ ਗਿਰਝਨ ਖਾਈ' ਵਾਲਾ ਪਾਠ ਹੀ ਠੀਕ ਹੈ। 'ਗਿਰਝਨ' ਏਥੇ ਬਹੁ-ਵਚਨ ਹੈ 'ਗਿਰਝ' ਦਾ। ਤਾਂ ਤੇ ਨੰਨੇ ਨੂੰ ਨਿਖੇੜਨਾ ਉਚਿਤ ਨਹੀਂ। ਨਿਖੇੜਨ ਕਰਿ ਬਹੁ-ਵਚਨਕ ਮਾਹੀਅਤ ਉਡ (ਬਿਨਸ) ਜਾਏਗੀ। ਗਿਰਝਨ—ਗਿਰਝਾਂ, ਗਿਰਝੀਂ। ਲਗਮਾਤ੍ਰੀ ਨਿਯਮਾਂ ਅਨੁਸਾਰ 'ਗਿਰਝਨ' ਪਦ ਦੇ ਨੰਨੇ ਅੱਖਰ ਨੂੰ ਸਿਹਾਰੀ ਜ਼ਰੂਰ ਚਾਹੀਦੀ ਸੀ। ਤਾਂ ਹੀ 'ਨੇ' ਦੇ ਅਰਥ ਹੋ ਸਕਦੇ ਹਨ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਪੁਰਾਤਨ ਬੀੜ (ਲਿਖਤੀ) ਵਿਖੇ ਇਸ ਨੰਨੇ ਨੂੰ ਸਿਹਾਰੀ ਲੱਗੀ ਦੇਖੀ ਹੈ (ਪੜ੍ਹੀ ਹੈ) ਹੋਰਨਾਂ ਬੀੜਾਂ ਵਿਚਿ ਜਿਥੇ ਨਹੀਂ ਲਗੀ ਹੋਈ, ਉਥੇ ਛਾਪੇ ਜਾਂ ਲਿਖਤ ਦੀ ਗ਼ਲਤੀ ਨਾਲਿ ਲਗਣੋਂ ਰਹਿ ਗਈ ਹੋਣੀ ਏ। 'ਗਿਰਝ' ਪਾਠ ਦੇ ਹਾਮੀ ਪਾਠੀ ਭੀ ਏਹੋ ਏਅਤਰਾਜ਼ ਕਰ ਸਕਦੇ ਹਨ ਕਿ ਝੱਝੇ ਅੱਖਰ ਦੀ ਸਿਹਾਰੀ ਭੀ ਲਿਖਣੋਂ ਛਪਣੋਂ ਰਹਿ ਗਈ ਹੋਣੀ ਹੈ। ਪਰ ਇਹ ਕਿਸੇ ਬੀੜ ਵਿਚਿ ਤਾਂ ਹੁੰਦੀ। ਦੂਜੇ ਕੈਰਉਂ ਦੁਰਜੋਧਨ ਭਾਈਆਂ ਦੀਆਂ ਦੇਹੀਆਂ ਖਾਣ ਵਾਸਤੇ ਕੀ ਇਕੋ ਗਿਰਝ (ਗਿਲਝ) ਆਈ। ਗਿਰਝਾਂ ਤੇ ਇਕ ਮੁਰਦਾਰ ਤੇ ਅਨੇਕਾਂ ਹੀ ਆ ਬਹਿੰਦੀਆਂ ਹਨ। ਇਕ ਖ਼ਾਸ ਗਿਰਝ ਵਾਸਤੇ ਸਨਾਤਨ ਇਸ਼ਾਰਾ ਹੈ ਇਹ ਪਰਮਾਣੀਕ ਨਹੀਂ। ਨਾਹੀ ਮੰਨਣ ਯੋਗ ਹੈ। ਤਾਂ ਤੇ ਬਹੁ-ਵਚਨਕ ਪਾਠ ਹੀ ਸਹੀ ਹੈ।

ਰਤਨ ਗਾਹਕੁ, ਗੁਰੁ ਸਾਧੂ

ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ॥
ਰਤਨ ਗਾਹਕੁ ਗੁਰੁ ਸਾਧੂ ਦੇਖਿਓ ਤਬ ਰਤਨੁ ਬਿਕਾਨੋ ਲਾਖਾ॥੧॥੨॥

(ਜੈਤਸਰੀ ਮ: ੪, ਪੰਨਾ ੬੯੬)

ਭਾਵ, ਗੁਰਮਤਿ ਨਾਮ ਰੂਪੀ ਹੀਰਾ ਬੜਾ ਭਾਰੀ ਅਮੋਲਕ ਲਾਲ ਹੈ। ਜਿਸ ਦਾ ਮੁਲ ਪੈ ਹੀ ਨਹੀਂ ਸਕਦਾ। ਪ੍ਰਭੂ ਬਿਨਾਂ ਸੱਚੇ ਗਾਹਕ (ਅਧਿਕਾਰੀ ਜਨ) ਦੇ ਇਹ ਕੱਖ ਦੀ ਕੀਮਤ ਤੋਂ ਭੀ ਹੌਲਾ ਹੋ ਰਿਹਾ ਹੈ। ਇਸ ਅਮੋਲੇ ਰਤਨ (ਨਾਮ) ਦਾ ਗਾਹਕ (ਅਧਿਕਾਰੀ ਜਨ) ਜਦੋਂ ਸਤਿਗੁਰੂ ਸੱਚੜੇ ਸਾਧ ਨੇ ਦੇਖਿਆ ਤਾਂ ਇਹ ਰਤਨ ਲੱਖਾਂ ਦੀ ਕੀਮਤ ਦਾ ਹੋ ਕੇ ਵਿਕਿਆ। ਇਸ ਗੁਰਵਾਕ ਦੀ ਦੂਜੀ ਪੰਗਤੀ ਅੰਦਰਿ 'ਰਤਨ ਗਾਹਕੁ' ਤੋਂ ਭਾਵ ਅਧਿਕਾਰੀ ਜਗਿਆਸੂ ਜਨ ਹੈ ਨਾ ਕਿ 'ਗੁਰੁ ਸਾਧੂ'। ਗੁਰੁ ਸਾਧੂ ਰੂਪ ਧੁਰੋਂ ਨਿਰੰਕਾਰੀ ਸਤਿਗੁਰੂ ਸਾਹਿਬ ਤਾਂ ਨਾਮ ਨਿਰੰਕਾਰ ਦੇ ਸ਼ਾਹ ਹਨ ਨਾ ਕਿ

bsrstrust.org

ਵਾਪਾਰੀ। ਵਾਪਾਰੀ ਵਣਜਾਰੇ ਤਾਂ ਅਧਿਕਾਰੀ ਸਿਖ ਹਨ ਜੋ ਨਾਮ ਵਿਹਾਜਣ ਆਉਂਦੇ ਹਨ ਗੁਰੂ ਦੁਆਰੇ। 'ਰਤਨ ਗਾਹਕੁ'—ਰਤਨ (ਨਾਮ ਰਤਨ) ਦਾ ਗਾਹਕੁ। 'ਦਾ' ਰੂਪੀ ਸਬੰਧਕੀ ਪਦ ਮਫ਼ਹੂਮ ਅਤੇ ਮਹਿਜ਼ੂਫ ਹੋਣ ਕਰਿ 'ਰਤਨ' ਪਦ ਦੇ ਨੰਨੇ ਅੱਖਰ ਤੋਂ ਔਂਕੜ ਭੀ ਮਹਿਜ਼ੂਫ ਹੈ (ਲੱਥਾ ਹੋਇਆ ਹੈ)। 'ਗੁਰੁ ਸਾਧੂ' ਦੋਹਾਂ ਪਦਾਂ ਦੇ ਪਿਛਲੇ ਅੱਖਰਾਂ ਨੂੰ ਚੂੰਕਿ ਔਂਕੜ ਦੁਲੈਂਕੜੇ ਲਗੇ ਹੋਏ ਹਨ, ਇਸ ਕਰ ਕੇ 'ਨੇ' ਦੇ ਅਰਥ ਦੇਣ ਵਾਲੀ ਸਿਹਾਰੀ ਇਹਨਾਂ ਅੱਖਰਾਂ ਪਿਛੇ ਲਗ ਨਹੀਂ ਸਕੀ। ਪਿਛਲੇ ਅੱਖਰਾਂ ਨੂੰ ਔਂਕੜ ਦੁਲੈਂਕੜੇ ਲਗੇ ਨਾਵਾਂ (nouns) ਵਾਲੇ ਪਦ ਆਪੋਂ ਹੀ 'ਨੇ' ਦੇ ਅਰਥ ਪ੍ਰਤਿਪਾਦਨ ਕਰਦੇ ਹਨ, ਕਰਤਾ ਕਾਰਕ (ਫਾਇਲੀਅਤ) ਵਾਲੀ ਨੌਈਅਤ (subjective case) ਵਿਚਿ। ਤਾਂ ਤੇ 'ਰਤਨ ਗਾਹੁਕ ਗੁਰੁ ਸਾਧੂ ਦੇਖਿਓ' ਗੁਰਵਾਕ ਪੰਗਤੀ ਦੇ ਅਰਥ ਇਹ ਹੋ ਹੀ ਨਹੀਂ ਸਕਦੇ—'ਜਦ ਰਤਨਾਂ ਦਾ ਗਾਹਕ ਸਤਿਗੁਰੂ ਮਿਲਿਆ'। 'ਦੇਖਿਓ' ਦੇ ਅਰਥ ਮਿਲਿਆ ਨਹੀਂ ਬਲਕਿ 'ਦੇਖਿਆ ਪਰਖਿਆ' ਹੈ। ਦੇਖਿਆ ਪਰਖਿਆ ਕਿਸ ਨੂੰ ? 'ਰਤਨ ਗਾਹਕੁ' ਨੂੰ ਜੋ ਕਰਮ (ਮਫ਼ਊਲੀਅਤ) ਦੀ ਨੌਈਅਤ ਵਿਚਿ ਆਇਆ ਹੈ। ਕਰਮ ਕਾਰਕ ਮਫਊਲ (objective case) ਵਿਚਿ ਆਇਆ ਹੈ। ਕਰਮ ਮਫਊਲ (objective case) ਵਾਲਾ ਨਾਂਵ (noun) ਹੋਣ ਕਰਕੇ 'ਗਾਹਕੁ' ਦੇ ਕੱਕੇ ਅੱਖਰ ਦਾ ਔਂਕੜ ਕਾਇਮ ਹੈ (ਲੱਥਾ ਨਹੀਂ) ਅਗਲੀ ਰਹਾਉ ਵਾਲੀ ਦੁਤੁਕੀ ਭੀ ਏਸੇ ਤੱਤ ਭਾਵ ਦੀ ਪ੍ਰੋੜ੍ਹਤਾ ਕਰਦੀ ਹੈ:

ਮਾਂਝਾ

ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ॥
ਦੀਨ ਦਇਆਲਿ ਮਿਲਾਇਓ ਗੁਰੁ ਸਾਧੂ ਗੁਰਿ ਮਿਲਿਐ ਹੀਰੁ ਪਰਾਖਾ॥

(ਜੈਤਸਰੀ ਮ: ੪, ਪੰਨਾ ੬੯੬)

ਭਾਵ ਅਰਥ—ਮੇਰੇ ਮਨ ਅੰਦਰਿ ਜੋ ਵਾਹਿਗੁਰੂ ਨਾਮ ਰੂਪੀ ਗੁਪਤ ਹੀਰਾ ਰਖਿਆ ਹੋਇਆ ਸੀ, ਦੀਨਾਂ ਦੇ ਦਇਆਲ ਵਾਹਿਗੁਰੂ ਨੇ ਐਸੀ ਕਿਰਪਾ ਕੀਤੀ ਕਿ ਸਤਿਗੁਰੂ ਰੂਪ ਸੱਚੇ ਸਾਧੂ ਦਾ ਮੇਲ ਕਰਾ ਦਿਤਾ ਅਤੇ ਗੁਰੂ ਦੇ ਮਿਲਣ ਕਰਕੇ (ਗੁਰਿ ਮਿਲਿਐ) ਹੀਰਾ ਪਰਖਿਆ ਗਿਆ। ਅਤੇ ਗੁਪਤਾ ਹੀਰਾ ਗੁੱਝੜਾ ਨਾਮੁ ਗੁਪਤੋਂ ਪਰਗਟੁ ਹੋ ਗਿਆ।

ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ॥ *(ਪੰਨਾ ੬੯੭)*

ਹੇ ਮੇਰੇ ਮਨ ਤੂੰ ਹਰੀ ਨਾਮ (ਗੁਰਮਤਿ ਨਾਮ ਵਾਹਿਗੁਰੂ) ਨੂੰ ਅੰਦਰੇ ਅੰਦਰ ਜਪਿ, ਹਿਰਦੇ ਅੰਦਰਿ ਜਪਿ, ਸੁਆਸਿ ਸੁਆਸਿ ਅਭਿਆਸ ਦੁਆਰਾ ਜਪਿ। ਇਸ ਤੁਕ ਅੰਦਰਿ 'ਮਾਂਝਾ' ਪਦ 'ਹਰਿ' ਪਦ ਨਾਂਵ (noun) ਦਾ ਵਿਸ਼ੇਸ਼ਣ ਨਹੀਂ। ਇਹ ਅਰਥ ਨਹੀਂ ਦਿੰਦਾ ਕਿ ਹਰੀ ਜੋ ਅੰਦਰ (ਵਸਦਾ) ਹੈ ਬਲਕਿ ਇਹ 'ਮਾਂਝਾ' ਪਦ 'ਜਪਿ' ਕਿਰਿਆ ਦਾ ਕਿਰਿਆ ਵਿਸ਼ੇਸ਼ਣ (adverb) ਹੈ। ਕਿਵੇਂ ਜਪਿ ? ਅੰਦਰੋ ਅੰਦਰਿ ਸੁਆਸ ਅਭਿਆਸੀ ਸੁਰਤ ਸ਼ਬਦ ਜੁਗਤੀ ਨਾਲਿ ਜਪਿ।

bsrstrust.org

ਸਾਂਤਿ

ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ ॥ *(ਪੰਨਾ ੭੦੦)*

ਜਿਸ ਅਦ੍ਰਿਸ਼ਟ ਅਲੱਖ ਅਗੋਚਰ ਨਿਰੰਕਾਰ ਵਾਹਿਗੁਰੂ ਦਾ ਬਰਨੁ, ਰੂਪ, ਸਰੂਪ, ਆਕਾਰ ਕਿਛ ਨਹੀਂ ਦਿਸਦਾ, ਨਾ ਜਿਸ ਦਾ ਚਕਰ ਚਿਹਨ ਹੀ ਲਖ ਸਕੀਦਾ ਹੈ (ਆਮ ਆਨਮਤੀਆਂ ਪਾਸੋਂ) ਤਿਸ ਅਦ੍ਰਿਸ਼ਟ ਅਲੱਖ ਅਗੋਚਰ ਵਾਹਿਗੁਰੂ ਨਿਰੰਕਾਰ ਨੂੰ ਗੁਰਮੁਖਿ ਸੋਹਾਗਣੀਆਂ ਸੋਹਾਗਵੰਤੀਆਂ ਨੇ (ਗੁਰਮਤਿ ਨਾਮੁ ਜਪਿ ਜਪਿ) ਅੰਤਰਿ ਆਤਮੇ ਰਸ ਜੋਤਿ ਪ੍ਰਕਾਸ਼ ਵਿਗਸਾਇਕੈ ਪਰਤੱਖ ਪੇਖ ਲਿਆ ਹੈ ਅਤੇ ਘਟ ਅੰਤਰਿ ਹੀ ਲਖ ਲਿਆ ਹੈ। ਇਉਂ ਅੰਤਰਿ ਲਖ ਬੁੱਝ ਕੇ ਗੁਰਮੁਖ ਸੋਹਾਗਣਾਂ ਨੇ ਆਪਣੇ ਅੰਤਰਿ ਆਤਮੇ ਸਾਂਤੀ, ਸਾਂਤ (ਸੁਚੀ ਸੀਤਲਤਾ) ਵਰਤਾਇ ਲਈ ਹੈ। ਅਤੇ ਉਸ ਦੀ ਸਾਰੀ ਤਪਤ ਬੁਝ ਗਈ ਹੈ ਤੇ ਭ੍ਰਾਂਤ ਮਿਟ ਗਈ ਹੈ। 'ਸਾਤਿ ਬੁਝਹੀਅਉ' ਦੇ ਅਰਥ 'ਠੀਕ ਠੀਕ ਸਮਝਾਓ' ਕਰਨੇ ਉੱਕੇ ਨਹੀਂ ਫਬਦੇ ਜੈਸਾ ਕਿ ਸ਼ਬਦਾਰਥੀ ਸਜਣ ਅਰਥਾਉਂਦੇ ਹਨ। ਨਾ ਹੀ 'ਸੁਹਾਗਨਿ' ਦੇ ਅਰਥ ਹੇ ਸੁਹਾਗਨੀਓ ਕਰਨੇ ਉਚਿਤ ਹਨ। ਸੋਹਾਗਨਿ ਨੂੰ ਸੰਬੋਧਨ ਰੂਪ ਬਚਨ ਤਾਂ ਪਹਿਲੀ ਪੰਗਤੀ ਵਿਚਿ ਹੋ ਚੁਕਾ ਹੈ। "ਕਹਹੁ ਸੋਹਾਗਨਿ ਸਹੀਅਉ" ਜਿਨ੍ਹਾਂ ਸੋਹਾਗਨੀ ਸਹੀਆਂ ਦੀ ਡੰਝ ਮਿਟ ਚੁੱਕੀ ਹੈ, ਓਹ ਮੁਖੋਂ ਦੱਸ ਭੀ ਕੀ ਸਕਦੀਆਂ ਹਨ। ਓਹਨਾਂ ਦੀ ਕੀ ਦਸ਼ਾ ਹੈ? "ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ" ਵਾਲੀਆਂ ਹੋ ਜਾਂਦੀਆਂ ਹਨ। ਓਹ ਕੰਤ ਮਿਲਾਪ ਦੀ ਨਿਸ਼ਾਨੀ ਆਪੋਂ (ਮੂੰਹੋਂ ਬੋਲ ਕੇ) ਕੀ ਦੱਸ ਸਕਦੀਆਂ ਹਨ। ਓਹਨਾਂ ਦੇ ਅੰਦਰਿ ਠੰਡ ਵਰਤ ਗਈ ਹੁੰਦੀ ਹੈ। ਜੋ ਇਕ ਅਲੌਕਿਕ ਆਨੰਦ ਮਈ ਠੰਡ ਹੁੰਦੀ ਹੈ ਜੋ ਦੱਸਿਆਂ ਦੱਸੀ ਨਹੀਂ ਜਾ ਜਕਦੀ। ਇਹ ਅਮਿਓ ਅਨੰਦ ਰਸ ਮਈ ਸੀਤਲਤਾ ਹੀ ਸੋਹਾਗ ਪ੍ਰਾਪਤੀ ਦੀ ਪੱਕੀ ਨਿਸ਼ਾਨੀ ਹੁੰਦੀ ਹੈ, ਤਾਂ ਤੇ 'ਸੁਹਾਗਨਿ' ਪਦ ਇਸ ਤੁਕ ਵਿਖੇ ਸੰਬੋਧਨ ਰੂਪ ਨਹੀਂ। ਅਤੇ 'ਸਾਤਿ' ਪਦ ਨੂੰ ਸਤਿ (ਠੀਕ ਠਾਕ) ਦੇ ਅਰਥ ਵਿਚ ਲੈਣਾ ਭੀ ਯੋਗ ਨਹੀਂ। ਗੁਰਬਾਣੀ ਅੰਦਰਿ ਕਿਤੇ ਭੀ 'ਸਾਤਿ' ਪਦ ਸਤਿ ਦੇ ਅਰਥ ਵਿਚਿ ਨਹੀਂ ਲਿਆ ਗਿਆ।

ਅਬ ਮੈ ਸੁਖੁ ਪਾਇਓ ਗੁਰ ਆਗਿ॥ *(ਪੰਨਾ ੭੦੧)*

ਇਸ ਤੁਕ ਵਿਖੇ 'ਆਗਿ' ਪਦ ਦੇ ਗੱਗੇ ਅੱਖਰ ਦੇ ਪੈਰਾਂ ਦੇ ਵਿਚ ਯਯਾ ਹੈ। ਇਸ ਕਰ ਕੇ ਇਸ ਦੇ ਅਰਥ ਆਗਿ (ਆਗਿਆ) ਦੇ ਬਣਦੇ ਹਨ, ਨਾ ਕਿ ਆਗੇ ਦੇ ਜੈਸਾ ਕਿ ਅਰਥਈਏ ਗਿਆਨੀ ਅਕਸਰ ਕਰਦੇ ਹਨ।

ਗਿਆਨੁ ਮੰਤ੍ਰੁ

ਦ੍ਰਿੜਿਓ ਗਿਆਨੁ ਮੰਤ੍ਰੁ ਹਰਿ ਨਾਮਾ... ॥ *(ਪੰਨਾ ੭੦੧)*

ਗੁਰਮਤਿ ਗਿਆਨ ਰੂਪੀ ਗੁਰਮੰਤ੍ਰ (ਗੁਰਮਤਿ ਨਾਮ) ਦ੍ਰਿੜ੍ਹ ਕੀਤਾ।

bsrstrust.org

ਗੁਰਮਤਿ ਅਨੁਸਾਰ ਗੁਰਮੰਤ੍ਰ (ਗੁਰਮਤਿ ਨਾਮੁ) ਹੀ ਤੱਤ ਗਿਆਨ ਹੈ। ਯਥਾ ਗੁਰਵਾਕ :

ਗੁਰ ਗਿਆਨੁ ਪਦਾਰਥੁ ਨਾਮੁ ਹੈ... ॥ *(ਪੰਨਾ ੭੫੯)*

ਇਸ ਪੰਗਤੀ ਨੂੰ ਅਰਥਾਉਂਦੇ ਹੋਏ ਗਿਆਨ ਅਤੇ ਨਾਮ ਨੂੰ ਵੱਖੋ ਵੱਖ ਦਰਸਾਉਣਾ ਅਗਿਆਨ ਹੈ। ਜੈਸੇ ਕਿ ਅਕਸਰ ਅਰਥਈਏ ਕਰਿਆ ਕਰਦੇ ਹਨ ਕਿ ਗਿਆਨ ਅਤੇ ਹਰਿ ਨਾਮੁ ਮੰਤਰ ਦ੍ਰਿੜ੍ਹ ਕੀਤਾ। ਅਜਿਹੇ ਅਰਥਈਏ ਗਿਆਨੀਆਂ ਨਜ਼ਦੀਕ ਗਿਆਨ ਕੁਝ ਹੋਰ ਸ਼ੈ ਹੈ ਅਤੇ ਨਾਮ ਹੋਰ। ਇਸ ਪੰਗਤੀ ਅੰਦਰਿ 'ਗਿਆਨੁ' ਤੇ 'ਮੰਤ੍ਰ' ਦੇ ਵਿਚਕਾਰ 'ਅਤੇ' ਦੇ ਅਰਥ ਦਰਸਾਉਣ ਵਾਲਾ ਕੋਈ ਪਦ ਨਹੀਂ। 'ਗਿਆਨੁ' ਦੇ ਪਿਛਲੇ ਅੱਖਰ ਨੰਨੇ ਨੂੰ ਔਂਕੜ ਹੈ ਅਤੇ 'ਮੰਤ੍ਰ' ਦੇ ਤੱਤੇ ਪੈਰ ਰਾਰੇ ਨੂੰ ਭੀ ਔਂਕੜ ਹੈ ਜੋ ਅਰਥ ਸਦਰਸਤਾ ਦਾ ਭਾਵ ਜਣਾਉਂਦੇ ਹਨ, ਗਿਆਨ ਰੂਪੀ ਮੰਤ੍ਰ ਦਾ ਭਾਵ ਸਿਧ ਕਰਾਉਂਦੇ ਹਨ। ਜੇ ਵੱਖੋ ਵੱਖ ਅਰਥ ਹੁੰਦੇ ਤਾਂ ਵਿਚਕਾਰ 'ਅਤੇ' ਆਦਿਕ ਪਦ ਪੈ ਸਕਦਾ ਸੀ ਜੈਸਾ ਕਿ ਇਸ ਤੇ ਅਗਲੇਰੀ ਇਸੇ ਵਾਕ ਦੀ ਇਸ ਤੁਕ ਅੰਦਰਿ ਹੈ—'ਕਾਲ ਜਾਲ ਅਰੁ ਮਹਾ ਜੰਜਾਲਾ'' ਏਥੇ 'ਅਰੁ' ਪਦ 'ਅਤੇ' ਦੇ ਅਰਥ ਦਿੰਦਾ ਹੈ।

ਗੋਬਿੰਦ ਜੀਵਨ ਪ੍ਰਾਨ ਧਨ ਰੂਪ ॥
ਅਗਿਆਨ ਮੋਹ ਮਗਨ ਮਹਾ ਪ੍ਰਾਨੀ ਅੰਧਿਆਰੇ ਮਹਿ ਦੀਪ ॥ *(ਪੰਨਾ ੭੦੧)*

ਗੁਰਮੁਖਿ ਭਗਤ ਜਨਾਂ ਦੇ ਜੀਵਨ ਭੀ, ਪ੍ਰਾਨ ਭੀ, ਧਨ ਭੀ, ਰੂਪ ਭੀ, ਹੇ ਗੋਬਿੰਦ ਜੀਉ ਤੁਸੀਂ ਹੀ ਹੋ। ਅਗਿਆਨ ਮੋਹ ਵਿਚਿ ਮਹਾਂ ਮਗਨ ਪ੍ਰਾਣੀਆਂ ਨੂੰ ਅੰਧਿਆਰੇ (ਅੰਧਖਾਤੇ) ਵਿਚਿ ਚਾਨਣਾ ਦੇਣ ਦੇ ਸਮਰਥ ਤੁਸੀਂ ਹੀ ਹੋ (ਹੇ ਗੋਬਿੰਦ ਜੀਉ) ਦੀਵੇ ਹੋ। ਇਹ ਅਰਥ ਕਰਨੇ ਕਿ ਹਰੀ ਸਾਡੀ ਜਿੰਦ ਹੈ ਜਾਨ ਹੈ ਧਨ ਹੈ ਰੂਪ ਹੈ ਆਦਿ ਲਗਮਾਤ੍ਰੀ ਨਿਯਮਾਂ ਦੇ ਉਲਟ ਹੈ ਕਿਉਂਕਿ ਨਾ ਤਾਂ 'ਗੋਬਿੰਦ' ਪਦ ਦੇ ਦੱਦੇ ਨੂੰ ਔਂਕੜ ਹੈ ਨਾ 'ਜੀਵਨ' ਦੇ ਨੰਨੇ ਨੂੰ ਔਂਕੜ ਅਤੇ ਨਾ ਹੀ 'ਰੂਪ' ਦੇ ਪੱਪੇ ਨੂੰ ਔਂਕੜ ਹੈ।

ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾਸੰ ਜੋਰਿ ॥ *(ਪੰਨਾ ੭੦੧)*

ਹਰੀ ਨਾਮ (ਗੁਰਮਤਿ ਨਾਮ) ਦਾ ਸੁਆਸ ਅਭਿਆਸੀ ਹਰ ਹਟ (ਹਲਟ, ਅੰਮ੍ਰਿਤ ਖੂਹਟਾ) ਜੋੜ ਕੇ ਮਨੁ ਤਨੁ ਰੂਪੀ (ਖੇਤ) ਕਿਆਰੀਆਂ ਨੂੰ ਸਿੰਜ ਕੇ ਨਿਰਮਲ ਕਰ ਲਵੋ, ਅੰਮ੍ਰਿਤ ਸੁਧਾ ਭਰਪੁਰ ਲੀਣੇ ਕਰ ਲਵੋ। 'ਸੁਧਾਸੰ' ਇਕੱਠਾ ਉਠਾਉਣਾ ਹੈ। 'ਸੰ' ਨੂੰ 'ਜੋਰਿ' ਨਾਲਿ ਜੋੜ ਕੇ ਇਕੱਠਾ 'ਸੰਜੋਰਿ' ਪਾਠ ਨਹੀਂ ਪੜ੍ਹਨਾ।

ਕਰਿ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥
ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥ *(ਪੰਨਾ ੧੧੭੧)*

ਗੁਰਵਾਕ ਦੇ ਆਸ਼ੇ ਵਾਲਾ ਭਾਵ ਹੀ ਏਥੇ ਹੈ।

bsrstrust.org

ਛੋਰਿ, ਛੋਰੁ

ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ ॥ *(ਪੰਨਾ ੭੦੧)*

ਸੁਆਮੀ (ਸਭ ਦੇ ਮਾਲਕ) ਵਾਹਿਗੁਰੂ ਦਾ ਸਿਮਰਨੁ ਅਭੈ ਪਦੁ ਹੈ। ਏਹ ਅਭੈ ਪਦ ਦਾਨੁ ਦੇਹੋ ਹੇ ਪ੍ਰਭੂ ਅਤੇ ਇਸ ਬਿਧਿ ਹੀ ਸਿਮਰਨੁ ਰੂਪੀ ਅਭੈ ਪਦ ਦਾਨ ਦੇ ਕੇ ਹੇ ਵਾਹਿਗੁਰੂ (ਗੁਰੂ ਨਾਨਕ ਸਾਹਿਬ ਸ਼ਫਾਅਤ ਕਰਦੇ ਹਨ) ਤੂੰ ਸਾਰਿਆਂ ਦੇ ਬੰਧਨੁ ਛੋੜ ਦੇ। ਸਾਰਿਆਂ ਨੂੰ ਬੰਧਨਾਂ ਤੋਂ ਛੁੜਾਇ ਦੇ। ਏਥੇ 'ਬੰਧਨ ਛੋਰਿ' ਬੰਧਨ ਛੁਡਾਉਣ ਵਾਲੇ ਦੇ ਅਰਥਾਂ ਵਿਚਿ ਇਕੱਠਾ ਪਾਠ ਨਹੀਂ। ਛੋਰਿ ਕਿਰਿਆ ਹੈ ਸੰਬੋਧਕ (vocative case) ਹੈ। ਬੰਧਨ ਛੋਰਿ (ਛੋੜਿ) ਦੇਹ ਹੇ ਪ੍ਰਭੂ। ਬੰਧਨ ਛੋੜਨ ਛੁੜਾਉਣ ਦੇ ਅਰਥਾਂ ਵਿਚ ਜਿਥੇ ਇਹ ਪਦੁ ਆਉਂਦਾ ਹੈ ਤਿਥੇ ਰਾਰੇ ੜਾੜੇ ਸਿਹਾਰੀ ਨਾਲਿ 'ਛੋੜਿ' ਦੀ ਸ਼ਕਲ ਵਿਚਿ ਨਹੀਂ ਆਉਂਦਾ। ਬਲਕਿ ਰਾਰੇ, ੜਾੜੇ ਨੂੰ ਉਥੇ ਔਂਕੜ ਹੁੰਦਾ ਹੈ ਅਤੇ 'ਛੋਰੁ' ਯਾ 'ਛੋੜੁ' ਕਰਕੇ ਲਿਖਿਆ ਮਿਲਦਾ ਹੈ ਗੁਰਬਾਣੀ ਅੰਦਰਿ, ਜੈਸੇ :

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥ *(ਪੰਨਾ ੬੨੪)*

ਗੁਰਵਾਕ ਪੰਗਤੀ ਅੰਦਰਿ 'ਬੰਦੀ ਛੋੜ' ਪਦ ੜਾੜੇ ਨੂੰ ਔਂਕੜ ਨਾਲਿ ਬੰਦੀ ਬੰਧਨ ਛੋੜਨ ਵਾਲੇ (ਛੁੜਾਉਣ ਵਾਲੇ) ਦੇ ਅਰਥਾਂ ਵਿਚਿ ਆਉਂਦਾ ਹੈ—ਨਿਰੰਕਾਰ ਕੈਸਾ ਹੈ ?—ਵਿਗੜੀ ਨੂੰ ਸੰਵਾਰਨਹਾਰਾ, ਬੰਦੀ (ਕੈਦ) ਨੂੰ ਕਟ ਦੇਣ ਵਾਲਾ ਅਤੇ ਦੁੱਖਾਂ ਨੂੰ ਦਲਣ (ਦਰਨ) ਵਾਲਾ (ਦੁਖਦਾਰੀ) ਹੈ। ਤਾਂ ਤੇ ਉਪਰਲੇ ਵਾਕ ਅੰਦਰਿ (ਬੰਧਨ ਛੋਰਿ) ਪਾਠ ਦੇ ਅਰਥ—ਬੰਧਨਾਂ ਨੂੰ ਛੋਰ ਦੇਹ ਹਨ ਨਾ ਕਿ ਬੰਧਨਾਂ ਨੂੰ ਛੋਡਣ ਵਾਲੇ ਦੇ। ਬੰਧਨ ਛੋੜਨ ਵਾਲੇ ਦੇ ਜੇ ਅਰਥ ਹੁੰਦੇ ਤਾਂ 'ਛੋਰੁ' ਪਦ ਰਾਰੇ ਔਂਕੜ ਨਾਲਿ ਹੁੰਦਾ ਅਤੇ ਇਸ ਹਾਲਤ ਵਿਚਿ 'ਪ੍ਰਭ' ਪਦ ਦੇ ਭੱਭੇ ਨੂੰ ਔਂਕੜ ਹੁੰਦਾ, ਭੱਭਾ ਮੁਕਤਾ ਨਾ ਹੁੰਦਾ। ਇਉਂ ਪ੍ਰਾਰਥਨਾ ਸੰਬੋਧਨ ਵਿਚਿ (vocative case) ਔਂਕੜ ਉਡ ਜਾਇਆ ਕਰਦਾ ਹੈ। ਇਹ ਪੱਕਾ ਨਿਯਮ ਹੈ। ਜੈਸੇ ਕਿ ਏਥੇ ਹੈ—ਹੇ ਪ੍ਰਭੂ ਬੰਧਨ ਛੋਰਿ ਦੇਹੋ।

ਕਉ, ਕੋ

ਭਇਓ ਅਨੁਗ੍ਰਹੁ ਜਾ ਕਉ ਪ੍ਰਭੁ ਕੋ ਤਿਸੁ ਹਿਰਦੈ ਨਾਮੁ ਵਸਾਇਆ ॥ *(ਪੰਨਾ ੭੧੨)*

ਜਿਸ ਨੂੰ ਪ੍ਰਭੂ ਦੀ ਕਿਰਪਾ ਹੋਈ ਤਿਸ ਦੇ ਹਿਰਦੇ ਅੰਦਰਿ ਨਾਮੁ ਵਸਾਇਆ ਹੈ। 'ਕਉ'—ਨੂੰ, 'ਕੋ'—ਦੀ, 'ਹਿਰਦੈ'—ਹਿਰਦੇ ਅੰਦਰਿ।

ਨਿਰੰਜਨਿ

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ *(ਪੰਨਾ ੭੩੦)*

ਇਸ ਗੁਰਵਾਕ ਪੰਗਤੀ ਵਿਖੇ 'ਨਿਰੰਜਨਿ' ਪਦ ਦੇ ਨੰਨੇ ਨੂੰ ਸਿਹਾਰੀ 'ਵਿਖੇ'

bsrstrust.org

ਦਾ ਅਰਥ ਨਹੀਂ ਦਿੰਦੀ। ਬਿਹਾਰੀ ਦੇ ਥਾਉਂ ਵਰਤੀ ਗਈ ਹੈ। ਨਿਰੰਜਨੀ—ਨਿਰਅੰਜਨਾ—ਨਿਰੰਜਨ ਰੂਪ ਹੋ ਕੇ ਰਹੀਐ। ਇਹ ਭਾਵ ਅਰਥ ਇਸ ਸਿਹਾਰੀ ਤੇ ਨਿਕਲਦਾ ਹੈ। ਮਾਇਆ ਤੋਂ ਰਹਿਤ, ਨਿਰਲੇਪ ਹੋ ਕੇ ਰਹੀਐ।

ਪੁਰਖੋਤਮੁ

ਹਰਿ ਹਰਿ ਨਾਮੁ ਭਜਿਓ ਪੁਰਖੋਤਮੁ ਸਭਿ ਬਿਨਸੇ ਦਾਲਦ ਦਲਘਾ ॥ *(ਪੰਨਾ ੭੩੧)*

ਇਸ ਗੁਰਵਾਕ ਪੰਗਤੀ ਅੰਦਰਿ 'ਪੁਰਖੋਤਮੁ' ਪਦ ਦੇ ਪਿਛਲੇ ਅੱਖਰ ਮੰਮੇ ਨੂੰ ਔਂਕੜ ਹੋਣ ਕਰਕੇ ਇਸ ਦੇ ਅਰਥ ਇਹ ਕਰਨੇ—'ਉਤਮ ਪੁਰਖ ਦਾ' ਲਗਮਾਤ੍ਰੀ ਨਿਯਮਾਂ ਦੇ ਉਲਟ ਹੈ ਕਿਉਂਕਿ ਔਂਕੜ ਵਾਲੇ ਅੱਖਰ ਸਹਿਤ ਪਦ ਦੇ ਅਗੇ ਸੰਬੰਧਕੀ ਪਦ ਚਿੰਨ੍ਹ ਦਾ, ਦੇ, ਦੀ, ਕਾ, ਕੇ, ਕੀ, ਆਦਿਕ ਨਹੀਂ ਲਗ ਸਕਦੇ। ਨਾਮ ਨਾਮੀ ਅਭੇਦ ਹੋਣ ਕਰਕੇ ਇਸ ਪੰਗਤੀ ਅੰਦਰਿ ਨਾਮੁ ਹੀ ਪੁਰਖੋਤਮੁ (ਉਤਮ ਪੁਰਖ) ਦਰਸਾਇਆ ਜਾਣਾਇਆ ਹੈ। ਵਾਹਿਗੁਰੂ ਨਾਮ ਨੂੰ ਭਜਣਾ ਉਤਮ ਪੁਰਖੋਤਮ ਵਾਹਿਗੁਰੂ (ਨਾਮੀ) ਨੂੰ ਹੀ ਭਜਣਾ ਹੈ।

ਕਲਘਾ

ਨਰਪਤਿ ਰਾਜੇ ਰੰਗ ਰਸ ਮਾਣਹਿ ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ ॥
(ਪੰਨਾ ੭੩੧)

ਨਰਾਂ ਦੇ ਪਤੀ ਰਾਜੇ ਰਾਣੇ (ਜੋ) ਰੰਗ ਰਸ (ਰੰਗ ਰਲੀਆਂ ਫੋਕੀਆਂ) ਮਾਣਦੇ (ਦਿਸਦੇ) ਹਨ। ਨਾਮ ਤੋਂ ਬਿਹੂਣ (ਨਾਮ ਤੋਂ ਖ਼ਾਲੀ) ਹੋਣ ਕਰਿ ਓਹ ਸਾਰੇ ਚੋਟੀ (ਬੋਦੀ) ਤੋਂ ਫੜ ਕੇ ਖੜੇ ਜਾਣਗੇ। ਲਿਜਾਏ ਜਾਣਗੇ। ਕਲਘਾ—ਚੋਟੀ (ਕਲਗ਼ੀ) ਤੋਂ। ਕਲਘਾ ਦੇ ਅਰਥ—ਕਾਲ ਦੇ ਨਹੀਂ ਹੋ ਸਕਦੇ ਕਿਉਂਕਿ ਕਲ ਦੇ ਲੱਲੇ ਅੱਖਰ ਨੂੰ ਸਿਹਾਰੀ ਨਹੀਂ ਲਗੀ ਹੋਈ। ਉਕਤ ਅਰਥੱਈਆਂ ਦੇ ਖ਼ਿਆਲ ਵਿਚਿ ਘੱਘਾ ਅੱਖਰ ਤਾਂ ਇਸ ਪਦ ਦੇ ਅਖ਼ੀਰ ਮਾਤ੍ਰਾ ਪੂਰਤੀ ਲਈ ਫ਼ਾਲਤੂ ਹੀ ਲਗਾ ਹੋਇਆ ਹੈ ਜੋ ਸਿਹਾਰੀ ਦੇ ਅਰਥ ਭੀ ਨਹੀਂ ਦੇ ਸਕਦਾ। ਇਸ ਸਮੁੱਚੇ ਵਾਕ ਦੀ ਹਰ ਇਕ ਤੁਕ ਦੇ ਪਦ ਅੱਖਰ ਘੱਘੇ ਮਹਿਜ਼ ਮਾਤ੍ਰਾ ਪੂਰਤੀ ਲਈ ਬੇਮਾਅਨੇ ਨਹੀਂ ਲਗੇ ਹੋਏ। ਨਿਰਾਰਥਕ ਨਹੀਂ। ਏਹਨਾਂ ਦੇ ਅਰਥ ਹਨ ਜੋ ਆਮ ਗਿਆਨੀਆਂ ਦੀ ਅਰਥਾਬੰਦੀ ਤੋਂ ਅਗੋਚਰੇ ਹਨ।

ਫਲਘਾ

ਧਰਮਰਾਇ ਸਿਰਿ ਡੰਡੁ ਲਗਾਨਾ ਫਿਰਿ ਪਛੁਤਾਨੇ ਹਥ ਫਲਘਾ ॥ *(ਪੰਨਾ ੭੩੧)*

(ਪਾਪੀਆਂ ਨਾਮ ਘੁਥਾਈਆਂ) ਦੇ ਸਿਰਾਂ ਉਤੇ ਜਦੋਂ ਜਮ ਦਾ ਡੰਡ ਲਗਾ ਅਤੇ ਅੱਗ ਵਾਂਗੂੰ ਤਾ ਕੇ ਤਤਿਆਂ ਫਾਲਿਆਂ ਨਾਲਿ ਹੱਥ ਫਲੇ ਗਏ (ਸਾੜੇ ਗਏ) ਤਾਂ ਫੇਰ

bsrstrust.org

ਪਾਪੀ ਲੋਗ ਡਾਡਾਂ ਮਾਰ ਕੇ ਪਛਤਾਉਣਗੇ, (ਪਰ ਫੇਰ ਪਛਤਾਇਆਂ ਕੀ ਬਣਦਾ ਹੈ)। 'ਹਥ ਫਲਘਾ' ਦੇ ਅਰਥ—ਕਰਮਾਂ ਦਾ ਫਲ ਹੱਥ ਲਗਾ ਠੀਕ ਨਹੀਂ। ਹੱਥ ਆਉਣ ਵਾਲੇ ਹੱਥਾਂ ਤੇ ਮਾਰਣ ਵਾਲਿਆਂ ਵਲੋਂ ਫਾਲਿਆਂ ਦੀ ਸਜ਼ਾ ਜਦੋਂ ਦਿਤੀ ਗਈ।

ਦਰਸਨੁ

ਦਰਸਨੁ ਸੰਤ ਦੇਹੁ ਸੁਖੁ ਪਾਵੈ ਪ੍ਰਭ ਲੋਚ ਪੂਰਿ ਜਨੁ ਤੁਮਘਾ॥ *(ਪੰਨਾ ੭੩੧)*

ਹੇ ਪ੍ਰਭੂ ਗੁਰੂ ਰੂਪ ਸੰਤ ਦਾ ਦਰਸ਼ਨ ਕਰਾਓ, ਜਿਸ ਕਰ ਕੇ ਸੱਚਾ ਸੁਖ ਪ੍ਰਾਪਤਿ ਹੋਵੇ। ਆਪਣੇ ਦਾਸਰੇ ਦੀ ਇਹ ਲੋਚਾ ਪੂਰੀ ਕਰੋ, ਦਾਸ ਜਨ ਤੇਰਾ ਖ਼ਾਸ ਬੰਦਾ ਹੈ। ਸੰਤਾਂ ਦੇ ਦਰਸਨ ਤਾਂ ਤਦੇ ਹੀ ਅਰਥ ਬਣ ਸਕਦਾ ਹੈ ਜੇਕਰ 'ਦਰਸਨੁ' ਪਦ ਦੇ ਨੰਨੇ ਅੱਖਰ ਨੂੰ ਔਂਕੜ ਨਾ ਹੋਵੇ। ਨੰਨਾ ਅੱਖਰ ਮੁਕਤਾ ਹੋਵੇ। 'ਸੰਤ' ਪਦ ਦੇ ਅਰਥ ਏਥੇ ਗੁਰੂ ਰੂਪ ਸੰਤ ਦੇ ਹਨ। 'ਸੰਤ' ਬਹੁ-ਵਚਨ ਨਹੀਂ ਸੰਤ ਦੇ ਨਾਂਵ ਹੋਣ ਕਰਕੇ 'ਸੰਤ' ਦੇ ਤੱਤੇ ਅੱਖਰ ਤੋਂ ਔਂਕੜ ਲੱਥਾ ਹੈ। 'ਜਨੁ ਤੁਮਘਾ'—ਤੇਰਾ ਖ਼ਾਸੁਲ ਖ਼ਾਸ ਜਨ ਅਪਨਾਇਆ ਹੋਇਆ ਘਰ ਦਾ ਗੋਲਾ।

ਹਰਿ ਰੰਙੁ

ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥ *(ਪੰਨਾ ੭੩੧)*

ਹਰਿ ਨਾਮਾ (ਗੁਰਮਤਿ ਨਾਮ) ਵਾਸਤਵ ਵਿਚਿ ਵਾਹਿਗੁਰੂ ਦਾ ਤੇਜਸੀ ਜੋਤਿ ਮਈ ਰੰਗੁ ਹੈ। ਇਹ ਗੁਰਮਤਿ ਨਾਮੁ ਵਾਲਾ ਹਰਿ ਰੰਗੁ ਮਜੀਠੀ ਪਾਹ ਚਾੜ੍ਹ ਕੇ ਰੰਗਿਆ ਹੋਇਆ ਰੰਗੁ ਹੈ। ਇਸ ਲਈ ਅਤੀਅੰਤ ਪੱਕਾ ਹੈ ਕਦੇ ਨਹੀਂ ਲਹਿੰਦਾ। ਰੰਗ ਦਾ ਅਰਥ ਪਿਆਰ ਕਰੀ ਜਾਣਾ ਗੁਰਮਤਿ ਨਾਮ ਦੀ ਅਭਿਆਸ ਕਲਾ ਤੋਂ ਅਣਜਾਣਾਂ ਦਾ ਵਤੀਰਾ ਹੈ। ਇਹ ਕੇਵਲ ਗੁਰਮਤਿ ਨਾਮ ਅਭਿਆਸੀਆਂ ਨੂੰ ਹੀ ਪਤਾ ਹੈ ਕਿ ਨਾਮ ਅਭਿਆਸ ਦੁਆਰਾ ਐਸੀ ਪਾਰਸ ਕਲਾ ਵਰਤਦੀ ਹੈ ਕਿ ਅੰਤਰਿ-ਆਤਮੇ ਜੋਤਿ ਰਸ ਤੇਜਸੀ ਰੰਗੁ ਰੰਗੀਜਿਆ ਜਾਂਦਾ ਹੈ। ਇਸ ਪਦ ਪੁਗਨ ਪਰ ਸੁਆਸ ਅਭਿਆਸੀ ਸੁਰਤ ਕਲਾ ਰਸ-ਜੋਤਿ ਰੰਗ ਨਾਲਿ ਰੰਗੀਜੀ ਹੋਈ ਨਾਮ ਦਾ ਰੂਪ ਹੀ ਬਣ ਜਾਂਦੀ ਹੈ। ਗੁਰਮਤਿ ਨਾਮੁ ਜੋਤ ਰੰਗ ਰੂਪਾ ਹੋ ਜਾਂਦਾ ਹੈ। ਰੋਮ ਰੋਮ ਅੰਦਰਿ ਗਹਿ ਕਰਿ ਗੁੰਨ੍ਹਿਆ ਜਾਂਦਾ ਹੈ। ਇਸ ਕਰਕੇ ਇਹ ਪੱਕਾ ਮਜੀਠੀ ਰੰਗੁ ਸਦਰਸਿਆ ਗਿਆ ਹੈ। ਇਹ 'ਰੰਗੁ' ਪਦ ਸਮੱਗਰ ਗੁਰਬਾਣੀ ਅੰਦਰਿ ਏਹਨਾਂ ਹੀ ਅਰਥਾਂ ਅੰਦਰਿ ਆਉਂਦਾ ਹੈ, ਪ੍ਰੰਤੂ ਨਾਮ ਰੰਗ ਕਲਾਂ ਤੋਂ ਥਿੜਕੇ, ਖੁੰਜੇ ਹੋਏ, ਨਾ ਪੁਜੇ ਹੋਏ ਸ਼ਬਦਾਰਥੀ ਗਿਆਨੀਏ ਲਗਾਤਾਰ 'ਰੰਗੁ' ਦੇ ਅਰਥ ਪਿਆਰ ਦੇ ਹੀ ਲਾਉਂਦੇ ਹਨ, ਪਿਆਰ ਭੀ ਸ਼ੁਸ਼ਕ ਪਿਆਰ। ਤੱਤ ਪਿਆਰ ਗੁਰਮਤਿ ਰੰਗੀਜਿਆ ਪਿਆਰ ਭੀ ਨਾਮ ਰੰਗ ਨਾਲਿ ਭਿੱਜਿਆਂ ਜਨਾਂ ਨੂੰ ਹੀ ਮਲੂਮ ਹੈ। ਦੂਜਿਆਂ ਨੂੰ ਤੱਤ ਪਿਆਰ ਦਾ ਭੀ ਪਤਾ ਨਹੀਂ। ਅਥਾਹ ਪ੍ਰਿੰਮੀ ਪਿਆਰ, ਪ੍ਰੇਮਾ ਭਗਤੀ ਨਿਰਸੰਦੇਹ ਹਰੀ ਪਿਆਰ ਰੂਪਾ ਹੀ ਹੈ। ਪਰ ਰੰਗੁ ਦੇ ਅਰਥ ਤਾਂ ਰੰਗੁ ਹੀ

bsrstrust.org

ਹਨ। ਪਿਆਰ ਨਹੀਂ ਹੋ ਸਕਦੇ ਕਿਉਂਕਿ ਅਗਲੀ ਨਾਲ ਲਗਦੀ ਤੁਕ ਦਸਦੀ ਹੈ:

ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ ॥ *(ਪੰਨਾ ੭੩੧)*

ਇਹ ਹਰਿ ਰੰਗੁ ਗੁਰੂ ਤੁੱਠੇ ਨੇ ਹੀ ਗੁਰਸਿਖ ਦੇ ਤਨ ਮਨੀ ਜਾਮਿਆਂ (ਚੋਲਿਆਂ) ਤੇ ਚਾੜ੍ਹਿਆ ਹੈ। ਐਸਾ ਚੜ੍ਹਿਆ ਹੈ ਕਿ ਫੇਰ ਮੁੜ ਕੇ ਇਹ ਰੰਗੁ ਉਤਰਦਾ ਨਹੀਂ। ਚਾੜ੍ਹਨਾ ਜਾਂ ਚੜ੍ਹਨਾ ਰੰਗ ਦਾ ਹੀ ਬਣਦਾ ਹੈ। ਪਿਆਰ ਦਾ ਚਾੜ੍ਹਨਾ ਜਾਂ ਚੜ੍ਹਨਾ ਪੰਜਾਬੀ ਮੁਹਾਵਰਾ ਹੀ ਨਹੀਂ। ਇਹ ਕਹਿਣਾ ਹੀ ਨਹੀਂ ਬਣਦਾ ਕਿ ਤੁੱਠ ਕੇ ਚਾੜ੍ਹਿਆ। ਸਤਿਗੁਰੂ ਜਦੋਂ ਤੁਠਦਾ ਹੈ ਤਾਂ ਹਰਿ ਰੰਗੁ ਆਪਿ ਚਾੜ੍ਹਦਾ ਹੈ।

"ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ ॥" ਹੇ ਮੇਰੇ ਮਨ ਹਰਿ ਰਾਮ ਨਾਮ (ਗੁਰਮਤਿ ਨਾਮ) ਦੁਆਰਾ ਰੰਙੁ ਚਾੜ੍ਹ। 'ਕਰਿ ਰੰਙੁ'—ਰੰਙੁ ਚਾੜ੍ਹ ਲੈ। ਪਿਆਰ ਦੇ ਅਰਥ ਕਰਨ ਵਾਲੇ ਸ਼ਬਦਾਰਥੀ ਇਸ ਤੁਕ ਦਾ ਕੈਸਾ ਭੱਦਾ ਅਰਥ ਕਰਦੇ ਹਨ—'ਹਰੀ ਜਾਂ ਰਾਮ ਦੇ ਨਾਮ ਵਿਚਿ ਪਿਆਰ ਕਰ'। ਹਰਿ ਯਾ ਰਾਮ ਨਾਮ ਵਿਚਿ ਪਿਆਰ ਕਰ ਭੀ ਕੋਈ ਪੰਜਾਬੀ ਮੁਹਾਵਰਾ ਹੈ ? ਅਜੇ ਨਾਮ ਵਿਚਿ ਪਿਆਰ ਪੌਣਾ ਤਾਂ ਮੁਹਾਵਰਾ ਹੈ। 'ਨਾਮਿ'—ਨਾਮ ਦੁਆਰਾ ਏਥੇ ਠੀਕ ਫਬਦੇ ਅਰਥ ਹਨ। 'ਨਾਮ ਵਿਚਿ' ਵਾਲੇ ਅਰਥ ਕੋਝੇ ਹਨ। ਚਾਹੇ ਪਿਆਰ ਕਰਿ ਜਾਂ ਰੰਗ ਕਰਿ ਦੋਈ ਅਰਥ ਲਾਉਣਾ ਫਬਦੇ ਹੀ ਨਹੀਂ। 'ਨਾਮ ਵਿਚਿ ਰੰਗ ਕਰਿ ਯਾ ਪਿਆਰ ਕਰਿ' ਪਤਾ ਨਹੀਂ ਕਿਧਰਲੀ ਬੋਲੀ ਦੀ ਸ਼ਬਦਾਵਲੀ ਹੈ। 'ਤਾਂ ਤੇ ਨਾਮ ਦੁਆਰਾ ਰੰਗੁ ਚਾੜ੍ਹ' ਦੇ ਹੀ ਅਰਥ ਐਨ ਗੁਰਮਤਿ ਭਿੰਨੜੇ ਅਰਥ ਹਨ। 'ਕਰਿ ਰੰਙੁ'—ਰੰਗੁ ਚਾੜ੍ਹ। ਰਸ ਜੋਤਿ ਭਿੰਨੜਾ ਰੰਗ ਮਜੀਠੀ ਕੇਵਲ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤਿਆਂ ਹੀ ਚੜ੍ਹਦਾ ਹੈ। ਚੜ੍ਹਦਾ ਹੈ—ਉਤਪੰਨ ਹੁੰਦਾ ਹੈ। ਰੰਗ ਉਤਪੰਨ ਕਰਨਾ, ਰੰਗ ਕਰਨਾ, ਰੰਗ ਚਾੜ੍ਹਨਾ ਸਭਿ ਇਕੋ ਭਾਵ ਰਖਦੇ ਹਨ। 'ਰੰਗੁ ਕਰਿ'—ਰੰਗੁ ਉਤਪੰਨ ਕਰ, ਚਾੜ੍ਹ ਲੈ ਰੰਗੁ। ਇਸ ਗੁਰਵਾਕ ਦੀ ਸਭ ਤੋਂ ਪਿਛਲੀ ਤੁਕ—"ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ ਰੰਙੁ ॥"—ਗੁਰੂ ਘਰ ਦੀ ਸੰਗਤ ਨੂੰ ਮਿਲ ਕੇ ਹੀ ਇਹ ਰੰਗ ਚਲੂਲਾ (ਜੋਤਿ ਰੰਗੁ) ਪਾਇਆ ਜਾਣਾ ਹੈ। ਤਾਂ ਤੇ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਮਨ ਵਿਖੇ ਭੀ ਤੇ ਤਨ ਵਿਖੇ ਭੀ ਇਹ ਜੋਤਿ-ਰੰਙਣ ਰੰਙੁ ਲੈ। ਸੱਚੀ ਨਾਮ ਮਜੀਠੀ ਰੰਙਣ ਚਾੜ੍ਹ ਲੈ ! ਜਿਨ੍ਹਾਂ ਨੂੰ ਗੁਰੂ ਘਰ ਦੀ ਸੰਗਤਿ ਪ੍ਰਾਪਤਿ ਹੋ ਗਈ ਹੈ ਓਹੀ ਇਹ ਲੁੱਟ ਲੁੱਟਦੇ ਹਨ। "ਜਨ ਨਾਨਕ ਮਨਿ ਤਨਿ ਰੰਙੁ ॥" ਦੀ ਪੰਗਤੀ ਨੇ ਤਾਂ ਫ਼ੈਸਲਾ ਹੀ ਮੁਕਾ ਦਿਤਾ ਕਿ 'ਰੰਙੁ' ਦੇ ਅਰਥ ਪਿਆਰ ਯਾ ਪਿਆਰ ਕਰਨ ਦੇ ਕਦੇ ਹੋ ਹੀ ਨਹੀਂ ਸਕਦੇ।

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥
ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ਰਹਾਉ॥

(ਸੂਹੀ ਮ: ੪, ਪੰਨਾ ੭੩੨)

ਬਿਨਾ ਸਤਿਗੁਰੂ ਤੋਂ ਦੀਖਿਆ ਲਇਆਂ ਜੋ ਨਿਗੁਰੇ ਪੁਰਸ਼ ਦਿਖਾਵੇ ਮਾਤਰ ਲਈ

bsrstrust.org

ਹਰਿ ਹਰਿ ਕਰਦੇ ਫਿਰਦੇ ਹਨ, ਓਹ ਕਪਟ ਕਮਾਉਂਦੇ ਹਨ। ਓਹਨਾਂ ਦਾ ਇਸ ਕਪਟ ਕਰਮ ਦੁਆਰਾ ਹਰਿ ਹਰਿ ਕਰਦਿਆਂ ਹਿਰਧਾ ਸ਼ੁਧ ਨਹੀਂ ਹੁੰਦਾ। ਚਾਹੇ ਕਿਤਨੇ ਕਰਮ ਸੁਕਰਮ ਓਹ ਦਿਨੇ ਰਾਤ ਕਰੀ ਜਾਣ, ਓਹਨਾਂ ਨੂੰ ਸੁਪਨੇ ਮਾਤਰ ਭੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਚੁੰਚ ਗਿਆਨ ਵਾਲੇ ਕਰਮ ਕਾਂਡੀ, ਪਾਖੰਡੀ ਕਪਟੀ ਗਿਆਨੀ 'ਗੁਰ ਬਿਨੁ ਭਗਤਿ ਨ ਹੋਈ' ਗੁਰੂ ਧਾਰਨ ਕੀਤੇ ਬਿਨਾ ਨਿਰੇ ਨਿਗੁਰਿਆਂ ਤੋਂ ਸੱਚੀ ਭਗਤੀ, ਪ੍ਰੇਮਾ ਭਗਤੀ, ਗੁਰਮਤਿ ਨਾਮ ਜਪਣ ਵਾਲੀ ਭਗਤੀ ਨਹੀਂ ਹੋ ਸਕਦੀ। ਗੁਰੂ ਦੀਖਿਆ ਤੋਂ ਕੋਰੇ ਮਨਮੁਖੀ ਨਿਗੁਰੇ ਪੁਰਸ਼ ਦੀ ਬਿਰਤੀ ਤੇ ਰੰਗ ਕਦੇ ਨਹੀਂ ਚੜ੍ਹਦਾ, ਨਿਗੁਰਿਆਂ ਨੂੰ ਕਦੇ ਨਾਮ ਦਾ ਰੰਗ ਲਗਦਾ ਹੀ ਨਹੀਂ, ਭਾਵੇਂ ਆਪਣੀਆਂ ਮਨ ਉਕਤ ਯੁਕਤ ਲੋਚਨੀਆਂ ਕੋਈ ਕਿਤਨੀਆਂ ਹੀ ਕਰਦਾ ਫਿਰੇ। ਅਜੇਹੇ ਸਾਰੇ ਪੁਰਸ਼ਾਂ ਦੇ ਸਾਰੇ ਯਤਨ ਬਿਰਥੇ ਹੀ ਜਾਂਦੇ ਹਨ। ਗੁਰੂ ਬਿਨਾਂ ਸਾਰਿਆਂ ਦੀਆਂ ਲੋਚਨਾਵਾਂ ਅਧੂਰੀਆਂ ਹੀ ਰਹਿੰਦੀਆਂ ਹਨ। 'ਕਰਹਿ'—ਬਹੁ-ਵਚਨ ਕਿਰਿਆ ਹੈ। 'ਕਪਟੁ'—ਇਕ-ਵਚਨਕ ਕਰਮੁ ਹੈ (singular noun) ਇਸ ਦੇ ਟੈਂਕੇ ਨੂੰ ਔਂਕੜ ਲਗਾ ਹੋਇਆ ਹੈ। 'ਕਮਾਵਹਿ'—ਬਹੁ-ਵਚਨਕ ਕਿਰਿਆ ਹੈ 'ਕਰਹਿ' ਵਾਂਗੂੰ, ਕਿਉਂਕਿ ਏਹਨਾਂ ਪਦਾਂ ਦੇ ਪਿਛਲੇ ਅੱਖਰ ਹਾਹੇ ਸਿਹਾਰੀ ਨਾਲ ਹਨ। 'ਕਰਮ' ਦਾ ਮੰਮਾ ਅੱਖਰ ਮੁਕਤਾ ਹੋਣ ਕਰਿ ਬਹੁ-ਵਚਨ ਨਾਂਵ (plural noun) ਹੈ। 'ਸੁਪਨੈ' ਪਦ ਦੇ ਨੰਨੇ ਅੱਖਰ ਦੀਆਂ ਦੁਲਾਈਆਂ 'ਵਿਖੇ' ਦਾ ਅਰਥ ਦਰਸਾਉਂਦੀਆਂ ਹਨ। 'ਸੁਖ' ਖੱਖੇ ਔਂਕੜ ਨਾਲ ਹੋਣ ਕਰਿ ਖਾਸ ਆਤਮ ਇਕ-ਵਚਨਕ (singular) ਸੁਖ ਦਾ ਅਰਥਾਇਕ ਹੈ। 'ਗਿਆਨੀ' ਸੰਬੋਧਨ ਵਾਚਕ ਹੈ। 'ਗੁਰ ਬਿਨੁ' ਦੁਪਦਕੀ ਵਿਚਿ 'ਗੁਰ' ਦਾ ਰਾਰਾ ਮੁਕਤਾ ਇਸ ਕਰਕੇ ਹੈ ਕਿ ਇਸ ਦੇ ਅਗੇ ਬਿਨੁ ਪਦ ਆਉਂਦਾ ਹੈ। ਇਹ ਪੱਕਾ ਨਿਯਮ ਹੈ ਗੁਰਬਾਣੀ ਅੰਦਰਿ ਕਿ ਜਿਸ ਨਾਂਵ (noun) ਦੇ ਅਗੇ ਪਿਛੇ 'ਬਿਨੁ' ਪਦ ਆਵੇਗਾ, ਉਸ ਦੇ ਪਿਛਲੇ ਅੱਖਰ ਦਾ ਔਂਕੜ ਲਹਿ ਜਾਵੇਗਾ। 'ਭਗਤਿ' ਪਦ ਤੱਤੇ ਸਿਹਾਰੀ ਨਾਲਿ ਹੋਣ ਕਰਕੇ ਭਗਤੀ ਦਾ ਅਰਥ ਦਿੰਦਾ ਹੈ। ਜੇ ਤੱਤਾ ਅੱਖਰ ਔਂਕੜ ਸਹਿਤ ਹੁੰਦਾ ਤਾਂ 'ਭਗਤੁ' ਪਦ ਦੇ ਅਰਥ ਭਗਤੀ ਕਰਨ ਵਾਲੇ ਦੇ ਬਣ ਜਾਂਦੇ। 'ਕੋਰੈ'—ਕੋਰੇ ਪੁਰਸ਼ ਉਤੇ। 'ਰੰਗੁ' ਪਦ ਤੋਂ ਭਾਵ ਸਾਫ਼ ਆਤਮ ਰੰਗੁ ਨਾਮ ਦੇ ਰੰਗ ਦਾ ਹੈ। ਪਿਆਰ ਦੇ ਅਰਥ ਕਦੇ ਹੋ ਹੀ ਨਹੀਂ ਸਕਦੇ। ਰੰਗੁ ਖ਼ਾਸ ਮਖਸੂਸੀ ਫਾਇਲ ਇਸਮ (ਕਰਤਰੀ ਨਾਂਵ) ਹੋਣ ਕਰ ਇਸ ਦੀ ਕਿਰਿਆ 'ਚੜੈ' ਦੇ ੜਾੜੇ ਅੱਖਰ ਨੂੰ ਦੁਲਾਈਆਂ ਹਨ ਜੋ ਵਰਤਮਾਨ ਕਾਲ ਇਕ-ਵਚਨ (singular present tense) ਦਾ ਅਰਥ ਅਰਥਾਉਂਦੀਆਂ ਹਨ।

ਰੰਗਿ, ਰੰਗ

ਹਰਿ ਰੰਗਿ ਰਾਤਾ ਮਨੁ ਰੰਗ ਮਾਣੇ ॥
ਸਦਾ ਅਨੰਦਿ ਰਹੈ ਦਿਨ ਰਾਤੀ ਪੂਰੇ ਗੁਰ ਕੈ ਸਬਦਿ ਸਮਾਣੇ ॥੧॥ਰਹਾਉ॥
ਹਰਿ ਰੰਗ ਕਉ ਲੋਚੈ ਸਭੁ ਕੋਈ ॥
ਗੁਰਮੁਖਿ ਰੰਗੁ ਚਲੂਲਾ ਹੋਈ ॥੨॥

bsrstrust.org

ਮਨਮੁਖਿ ਮੁਗਧੁ ਨਰੁ ਕੋਰਾ ਹੋਇ ॥
ਜੇ ਸਉ ਲੋਚੈ ਰੰਗੁ ਨ ਹੋਵੈ ਕੋਇ ॥੩॥
ਨਦਰਿ ਕਰੇ ਤਾ ਸਤਿਗੁਰੁ ਪਾਵੈ ॥
ਨਾਨਕ ਹਰਿ ਰਸਿ ਹਰਿ ਰੰਗਿ ਸਮਾਵੈ ॥੪॥ *(ਸੂਹੀ ਮ: ੪, ਪੰਨਾ ੭੩੨)*

ਹਰਿ ਰੰਗ, ਨਾਮ ਦੇ ਰੰਗਾਂ ਵਿਚਿ ਰਤਾ ਹੋਇਆ ਮਨੁ ਆਤਮ ਬਿਸਮ ਰੰਗ ਮਾਣਦਾ ਹੈ। ਏਹਨਾਂ ਬਿਸਮ ਆਤਮ ਰੰਗਾਂ ਦਾ ਸਦਕਾ ਆਤਮ ਰੰਗਾਂ ਵਾਲਾ ਨਾਮ ਅਭਿਆਸੀ ਜਨ ਸਦਾ ਸਦਾ ਦਿਨੇ ਰਾਤ ਆਨੰਦ ਹੀ ਰਹਿੰਦਾ ਹੈ। ਨਾਮ ਨਾਮੀ ਅਭੇਦ ਨਾਮ ਰੰਗਾਂ ਵਾਲੀ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਆਤਮ ਰੰਗੀ ਸ਼ਬਦ ਵਿਚਿ ਸਮਾਇਆ ਰਹਿੰਦਾ ਹੈ। ਇਸ ਹਰ ਰੰਗ ਦੀ ਲੋਚਨਾ ਭਾਵੇਂ ਕੋਈ ਲਖ ਵਾਰ ਕਰਦਾ ਫਿਰੇ, ਪਰ ਇਹ ਰੰਗੁ ਜਣੇ ਕਣੇ ਨੂੰ ਪ੍ਰਾਪਤਿ ਨਹੀਂ ਹੁੰਦਾ। ਗੁਰ ਦੀਖਿਆ ਲੈ ਕੇ ਗੁਰ ਸ਼ਬਦ ਕਮਾਈ ਕਰਨਹਾਰੇ ਸਗੁਰੇ ਗੁਰਮੁਖਿ ਜਨਾਂ ਨੂੰ ਇਹ ਰੰਗੁ ਗਹਿਗਹਾ, ਗਹਿਗਚਾ ਹੋ ਕੇ, ਲਾਲ ਜੋਤਿ ਜਲਾਲਾ ਹੋ ਕੇ ਚੜ੍ਹਦਾ ਹੈ। ਨਿਗੁਰਾ ਮਨਮੁਖ ਮੁਘਧ ਨਰ ਨਿਰਾ ਕੋਰਾ (ਸੁੱਕਾ) ਹੀ ਰਹਿੰਦਾ ਹੈ ਇਸ ਰੰਗ ਖੁਣੋ। ਉਸ ਉਤੇ ਇਹ ਰੰਗ ਕਦੇ ਚੜ੍ਹਦਾ ਹੀ ਨਹੀਂ, ਭਾਵੇਂ ਕਿਤਨੀਆਂ ਲੋਚਨਾਵਾਂ ਲੋਚਦਾ ਫਿਰੇ, ਉਸ ਨੂੰ ਰੰਚਕ ਭੀ ਰੰਗ ਨਹੀਂ ਚੜ੍ਹਦਾ। ਉਸ ਦੇ ਨੇੜੇ ਇਹ ਰੰਗ ਨਹੀਂ ਆਉਂਦਾ। ਵਾਹਿਗੁਰੂ ਨਦਰਾਲੂ, ਦਇਆਲੂ ਜਿਨ੍ਹਾਂ ਤੇ ਨਦਰ ਕਰਦਾ ਹੈ ਤਿਨ੍ਹਾਂ ਨੂੰ ਸੱਚੇ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ—ਗੁਰੂ ਘਰ ਦੇ ਦਰੋਂ ਘਰੋਂ ਹੁੰਦੀ ਹੈ। ਇਉਂ ਫੇਰ ਗੁਰੂ ਦੁਆਰਿਓਂ ਨਾਮ ਦੀ ਦੀਖਿਆ ਲੈ ਕੇ ਅਤੇ ਨਿਗੁਰਿਓਂ ਸਗੁਰੇ ਹੋ ਕੇ ਤਦ ਨਾਮ ਅਭਿਆਸ ਕਮਾਈਆਂ ਕਰਨਹਾਰੇ ਗੁਰਮੁਖਿ ਜਨ ਹਰਿ ਹਰਿ ਨਾਮ (ਗੁਰਮਤਿ ਨਾਮੁ) ਵਾਹਿਗੁਰੂ ਨਾਮੀ ਦੇ ਰੰਗਾਂ ਵਿਚਿ ਸਮਾਉਂਦੇ ਹਨ।

'ਹਰਿ ਰੰਗਿ ਰਾਤਾ ਮਨੁ', ਇਥੇ 'ਰੰਗਿ' ਪਦ ਗੱਗੇ ਸਿਹਾਰੀ ਨਾਲ 'ਵਿਖੇ' ਦਾ ਅਰਥ ਰਖਦਾ ਹੈ। 'ਰੰਗ' ਪਦ ਗੱਗੇ ਮੁਕਤੇ ਨਾਲਿ ਬਹੁ-ਵਚਨ ਬਹੁ ਭਾਂਤੀ ਅਰਥ ਰੰਗਾਂ ਦੇ ਅਰਥ ਵਿਚਿ ਹੈ। 'ਮਾਣੇ'—ਮਾਣਦਾ ਹੈ। 'ਰੰਗੁ ਚਲੂਲਾ' ਦੁਪਦਕੀ ਵਿਚ 'ਰੰਗੁ' ਦੇ ਨਾਲਿ 'ਚਲੂਲਾ' ਪਦ ਹੋਣ ਕਰਕੇ ਪਿਆਰ ਦਾ ਅਰਥ ਕਰਨ ਵਾਲਿਆਂ ਨੂੰ ਭੀ ਮਜਬੂਰਨ ਰੰਗ ਆਤਮ ਰੰਗ ਦਾ ਅਰਥ ਕਰਨਾ ਪਿਆ। ਪਰ ਉਹ ਸ਼ਬਦਾਰਥੀਏ 'ਗੁਰਮੁਖਿ' ਪਦ ਦਾ ਅਰਥ ਗੁਰੂ ਦੁਆਰਾ ਹੀ ਕਰਦੇ ਹਨ। ਸਾਰੀ ਬਾਣੀ ਵਿਚਿ ਏਹ ਅਰਥ ਕਰਨਾ ਸਿਖੇ ਹੋਏ ਹਨ। ਦੂਜਾ ਅਰਥ ਤਿਨ੍ਹਾਂ ਨੂੰ ਆਉਂਦਾ ਹੀ ਨਹੀਂ।

ਕੂੜੁ ਗਾਲੀ ਹੋਛੀਆਂ

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ *(ਪੰਨਾ ੭੬੧)*

ਸਿਮ੍ਰਿਤੀਆਂ, ਬੇਦ ਤੇ ਪੁਰਾਨ ਆਦਿਕ ਪੋਥੀਆਂ ਹੋਛੀਆਂ ਗੱਲਾਂ ਹੀ ਪੁਕਾਰਦੀਆਂ ਹਨ। ਜਿਨ੍ਹਾਂ ਵਿਚਿ ਨਿਰਾ ਕੂੜ ਹੀ ਕੂੜ ਭਰਿਆ ਹੋਇਆ ਹੈ। ਨਾਮ

bsrstrust.org

ਤੋਂ ਬਿਨਾਂ ਹੋਰ ਪੁਕਾਰ ਸਭ ਕੂੜ ਦੀ ਪੁਕਾਰ ਹੈ। ਨਾਮ ਦਾ ਏਹਨਾਂ ਪੋਥੀਆਂ (ਸਿਮ੍ਰਿਤ, ਬੇਦ, ਪੁਰਾਨ, ਆਦਿਕ) ਵਿਚਿ ਨਮੂਦ ਭੀ ਨਹੀਂ। ਅਗਲੀ ਗੁਰਵਾਕ ਪੰਗਤੀ ਦਸਦੀ ਹੈ:

ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥ *(ਪੰਨਾ ੭੬੧)*

ਨਾਮ ਰੂਪੀ ਅਪਾਰੁ ਨਿਧਾਨ (ਗੁਰੂ ਘਰ ਦੇ) ਭਗਤਾਂ ਨਾਮ ਬਾਣੀ ਦੇ ਅਭਿਆਸੀਆਂ ਦੇ ਮਨਾਂ ਵਿਚ ਹੀ ਵਸਦਾ ਹੈ। ਤਾਂ ਤੇ ਪਹਿਲੀ ਪੰਗਤੀ ਦੇ ਇਹ ਅਰਥ ਕਰਨੇ ਬਿਪਰਜੇ ਹਨ ਕਿ ਬੇਦ ਪੁਰਾਨ ਸਿਮ੍ਰਿਤੀਆਂ ਆਦਿਕ ਪੋਥੀਆਂ ਭੀ ਏਹੋ ਗੱਲ ਪੁਕਾਰਦੀਆਂ ਹਨ ਕਿ ਨਾਮ ਤੋਂ ਬਿਨਾਂ ਸਭਿ ਕੂੜੁ ਹੈ ਅਤੇ ਗੱਲਾਂ ਹੋਛੀਆਂ ਹਨ। 'ਸਭਿ' ਪਦ ਦੇ ਭੱਭੇ ਨੂੰ ਸਿਹਾਰੀ ਪਰਗਟ ਕਰਦੀ ਹੈ ਕਿ 'ਸਭਿ' ਬਹੁ-ਵਚਨਕ ਵਿਸ਼ੇਸ਼ਣ ਹੈ, 'ਗਾਲੀ ਹੋਛੀਆ' ਨਾਲਿ ਸਬੰਧ ਰਖਦਾ ਹੈ। ਜਿਸ ਤੋਂ ਸਿਧ ਹੁੰਦਾ ਹੈ ਕਿ ਏਹਨਾਂ ਆਨ ਮਤ ਧਰਮ ਪੁਸਤਕਾਂ ਅੰਦਰਿ ਸਾਰੀਆਂ ਗੱਲਾਂ ਹੀ ਹੋਛੀਆਂ ਹਨ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਨਾਮ ਤੋਂ ਬਿਨਾਂ ਕੂੜੁ ਹੀ ਕੂੜੁ ਹੈ, ਨਾ ਕਿ ਇਹ ਗੱਲ ਆਨਮਤ ਧਰਮ ਪੁਸਤਕਾਂ ਕਹਿੰਦੀਆਂ ਹਨ ਕਿ ਨਾਮ ਤੋਂ ਬਿਨਾਂ ਸਭ ਗੱਲਾਂ ਹੋਛੀਆਂ ਹਨ, ਏਹਨਾਂ ਬੇਦ ਪੁਰਾਨਕ ਆਨ ਮਤਿ ਧਰਮ ਪੁਸਤਕਾਂ ਅੰਦਰਿ ਤਾਂ ਕੂੜ ਦੀਆਂ ਕਹਾਣੀਆਂ (ਮੋਹ ਮਮਤਾਵੀ ਗੱਲਾਂ) ਹੀ ਥੱਪੀਆਂ ਹੋਈਆਂ ਹਨ।

ਗੁਰਬਾਣੀ ਹੀ ਬ੍ਰਹਮਾ, ਵੇਦ, ਸਿਮ੍ਰਤੀ ਤੇ ਸ਼ਾਸਤ੍ਰ ਹੈ

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥

(ਪੰਨਾ ੭੭੩)

ਇਸ ਗੁਰਵਾਕ ਦੁਤੁਕੀ ਦੀ ਦੂਜੀ ਪੰਗਤੀ ਅੰਦਰਿ 'ਸਿਮ੍ਰਿਤਿ' ਪਦ ਦੇ ਤੱਤੇ ਅੱਖਰ ਨੂੰ ਜੋ ਸਿਹਾਰੀ ਲਗੀ ਹੈ, ਇਹ ਇਸਤ੍ਰੀ-ਲਿੰਗਕ ਸਿਹਾਰੀ ਦਰ ਅਸਲ ਬਿਹਾਰੀ ਦੇ ਥਾਉਂ ਆਈ ਹੈ। ਤਾਂ ਤੇ ਸਿਮ੍ਰਿਤਿ ਦੇ ਅਰਥ ਏਥੇ ਸਿਮ੍ਰਿਤੀ ਦੇ ਹਨ। ਇਹ ਸਿਹਾਰੀ ਏਥੇ 'ਨੇ' ਦਾ ਅਰਥ ਨਹੀਂ ਦਿੰਦੀ ਜੈਸੇ ਕਿ ਸ਼ਬਦਾਰਥੀ ਗਿਆਨਵਾਨਾਂ ਨੇ ਲਾਏ ਹਨ ਅਤੇ ਇਸ ਬਿਧਿ 'ਸਿਮ੍ਰਿਤਿ ਨਾਮੁ ਦ੍ਰਿੜਾਇਆ' ਦੇ ਅਰਥ ਇਉਂ ਕੀਤੇ ਹਨ— ਸਿਮ੍ਰਿਤੀਆਂ ਪੁਰਾਣੀਆਂ ਧਰਮ ਪੁਸਤਕਾਂ ਨੇ ਭੀ ਨਾਮ ਹੀ ਸਿਖਾਇਆ ਹੈ। ਉਨ੍ਹਾਂ ਪੁਸਤਕਾਂ ਨੇ ਨਾਮ ਕੀ ਸਿਖਾਉਣਾ ਸੀ ? ਏਹਨਾਂ ਸਿਮ੍ਰਿਤੀਆਂ, ਪੁਰਾਣਾਂ ਅਤੇ ਆਨਮਤਿ ਹੋਰ ਧਰਮ ਪੁਸਤਕਾਂ ਨੇ। ਏਹਨਾਂ ਵਿਚਿ ਤਾਂ ਨਾਮ ਦਾ ਨਮੂਦ ਭੀ ਨਹੀਂ ਸੀ, ਸਿਖਾਉਣਾ ਏਹਨਾਂ ਨੇ ਕੀ ਸੀ ? ਏਹ ਸ਼ਬਦਾਰਥੀ ਗਿਆਨਵਾਨ ਪੁਰਸ਼ 'ਦ੍ਰਿੜਾਇਆ' ਪਦ ਦੇ ਅਰਥ 'ਸਿਖਾਇਆ' ਕਰਦੇ ਹਨ। ਹਾਲਾਂਕਿ ਸਤਿਗੁਰੂ ਗੁਰੂ ਨਾਨਕ ਦੇ ਦਰ ਘਰ ਬਿਨਾਂ ਇਹ ਦ੍ਰਿੜ੍ਹਤਾ ਕਿਤੋਂ ਨਹੀਂ ਹੁੰਦੀ। ਨਾ ਹੋਈ ਹੈ ਨਾ ਹੋਵੇਗੀ। ਏਸੇ ਦੁਤੁਕੇ ਵਾਕ ਦੀ ਪਹਿਲੀ ਪੰਗਤੀ ਵਿਚਿ ਸਾਫ਼ ਅਤੇ ਬੇਲਾਗ ਤੌਰ ਤੇ ਸਪਸ਼ਟਾਇਆ ਗਿਆ ਹੈ ਕਿ

bsrstrust.org

ਬਾਣੀ (ਗੁਰਬਾਣੀ) ਨੂੰ ਬ੍ਰਹਮਾ ਕਰਕੇ ਮੰਨੋ, ਦ੍ਰਿੜ੍ਹ ਕਰਕੇ ਮੰਨੋ। ਬਾਣੀ ਨੂੰ ਹੀ ਵੇਦ ਕਰਕੇ ਦ੍ਰਿੜ੍ਹੋ ਅਤੇ ਬਾਣੀ ਨੂੰ ਹੀ ਧਰਮ (ਸੱਚੜਾ ਧਰਮੁ) ਕਰਕੇ ਮੰਨੋ (ਦ੍ਰਿੜ੍ਹੋ)। ਜਿਸ ਦੇ ਦ੍ਰਿੜ੍ਹ ਕਰਨ ਕਰਿ ਹੀ ਸਾਰੇ ਪਾਪ ਤਜਾਏ ਜਾਣੇ ਹਨ। ਭਾਵ ਗੁਰਮਤਿ ਅੰਦਰਿ ਬਾਣੀ, ਗੁਰਬਾਣੀ ਤੋਂ ਬਿਨਾਂ ਬ੍ਰਹਮਾ ਯਾ ਵੇਦ ਧਰਮੁ ਹੋਰ ਕੋਈ ਨਹੀਂ ਮੰਨਿਆ ਦ੍ਰਿੜ੍ਹਾਇਆ ਗਿਆ। ਸਭ ਕੁਛ ਬਾਣੀ ਹੀ ਬਾਣੀ ਹੈ। ਤਾਂ ਹੀ ਦੂਜੀ ਪੰਗਤੀ ਵਿਚ ਪ੍ਰਗਟਾਏ ਆਸ਼ੇ ਅਨੁਸਾਰ ਗੁਰਬਾਣੀ ਇਹੀ ਗੁਰਮਤਿ ਧਰਮ, ਸਭ ਤੋਂ ਸ੍ਰੇਸ਼ਟ ਧਰਮ ਵਿਦਤਾਉਂਦੀ ਹੈ ਕਿ 'ਹਰਿ ਨਾਮੁ ਧਿਆਵਹੁ' ਅਰਥਾਤ ਗੁਰਮਤਿ ਨਾਮ ਧਿਆਵਨ ਰੂਪੀ ਧਰਮੁ ਹੀ ਦ੍ਰਿੜ੍ਹ ਕਰੋ ਅਤੇ ਨਾਮੁ ਹੀ ਗੁਰਬਾਣੀ ਨੇ ਗੁਰਸਿਖਾਂ ਲਈ ਸੱਚਾ ਸਿਮ੍ਰਿਤ ਸ਼ਾਸਤ੍ਰ ਦ੍ਰਿੜ੍ਹਾਇਆ ਹੈ। ਗੁਰਮਤਿ ਨਾਮ ਤੋਂ ਛੁਟ ਹੋਰ ਕੋਈ ਸਿਮ੍ਰਿਤਿ, ਸ਼ਾਸਤ੍ਰ, ਵੇਦ ਪੁਰਾਣ ਨਹੀਂ। ਏਹਨਾਂ ਤੱਤ ਅਰਥਾਂ ਬਿਨਾਂ ਗੁਰਬਾਣੀ ਦੇ ਤੱਤ ਆਸ਼ੇ ਅਨੁਸਾਰ ਇਸ ਪੰਗਤੀ ਦੇ ਹੋਰ ਦੂਜੇ ਅਰਥ ਹੋ ਹੀ ਨਹੀਂ ਸਕਦੇ। ਲਗਮਾਤ੍ਰੀ ਨਿਯਮਾਂ ਨੇ ਇਸ ਭੇਦ ਨੂੰ ਸਪਸ਼ਟ ਸੁਲਝਾ ਦਿਤਾ ਹੈ।

ਗੁਰਮੁਖਿ ਹਰਿਗੁਣ ਗਾਏ

ਗੁਰਮੁਖਿ ਹਰਿ ਗੁਣ ਗਾਏ॥ ਹਿਰਦੈ ਰਸਨ ਰਸਾਏ॥

(ਸੂਹੀ ਛੰਤ ਮ: ੪ ਘਰੁ ੨, ਪੰਨਾ ੭੭੪)

ਏਥੇ 'ਗੁਰਮੁਖਿ' ਪਦ ਦੇ ਅਰਥ ਗੁਰੂ ਦੁਆਰਾ ਨਹੀਂ ਬਲਕਿ 'ਗੁਰਮੁਖਿ' ਏਥੇ ਕਰਤਾ ਨਾਂਵ (subject noun) ਹੈ। ਜੇ ਫਾਇਲ ਨਾ ਰਹੇ ਤਾਂ ਅਗਲੀਆਂ ਸਬੰਧਤ ਪੰਗਤੀਆਂ ਦੇ ਕਿਰਿਆਵੀ ਪਦ ਸਭ ਨਿਖਸਮੇ ਹੀ ਜਾਂਦੇ ਹਨ। ਅਰਥਾਤ 'ਹਰਿ ਗੁਣ ਗਾਏ, ਹਿਰਦੈ ਰਸਨ ਰਸਾਏ' ਆਦਿ ਦਾ ਕਰਤਾ ਕਉਣ ਗਿਣਿਆ ਜਾਵੇਗਾ। ਏਸੇ ਤਰ੍ਹਾਂ ਏਦੂੰ ਅਗਲੇਰੀਆਂ ਪੰਗਤੀਆਂ ਵਿਚਿ ਭੀ ਸਭ ਕਿਰਿਆਵਾਂ ਦਾ ਕਰਤਾ ਧਰਤਾ (subject noun) ਇਹੀ 'ਗੁਰਮੁਖਿ' ਪਦ ਹੈ।

ਅਨਦਿਨੁ ਭੋਗ ਭੋਗੇ ਸੁਖਿ ਸੋਵੈ ਸਬਦਿ ਰਹੈ ਲਿਵ ਲਾਏ॥ *(ਪੰਨਾ ੭੭੪)*

ਏਥੇ ਭੀ ਕਿਰਿਆਵੀ ਪਦਾਂ ਦਾ ਕਰਤਾ 'ਗੁਰਮੁਖਿ' ਪਦ ਹੈ। ਤਾਂ ਤੇ ਇਸ ਦੇ ਦੂਜੇ ਅਰਥ ਗੁਰੂ ਦੁਆਰਾ ਹੋ ਹੀ ਨਹੀਂ ਸਕਦੇ।

ਗੁਰਮੁਖਿ ਦੇ ਤਿੰਨ ਅਰਥ

ਹਰਿ ਪ੍ਰਭਿ ਕਾਜੁ ਰਚਾਇਆ॥
ਗੁਰਮੁਖਿ ਵੀਆਹਣਿ ਆਇਆ॥
ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾਧਨ ਕੰਤ ਪਿਆਰੀ॥

(ਪੰਨਾ ੭੭੫)

ਇਸ ਗੁਰਵਾਕ ਦੀਆਂ ਪੰਗਤੀਆਂ ਅੰਦਰਿ ਪਹਿਲੇ "ਗੁਰਮੁਖਿ" ਪਦ ਤੋਂ ਭਾਵ

bsrstrust.org

ਪਿਆਰਾ ਗੁਰਮੁਖਿ ਜਨ ਹੈ। ਗੁਰਬਾਣੀ ਅੰਦਰਿ ਅਕਸਰ ਇਹੁ ਹਰ ਥਾਂ 'ਗੁਰਮੁਖਿ' ਪਦ ਖੱਖੇ ਸਿਹਾਰੀ ਨਾਲ ਹੀ ਆਉਂਦਾ ਹੈ ਅਤੇ ਤਿੰਨਾਂ ਅਰਥਾਂ ਵਿਚਿ ਆਉਂਦਾ ਹੈ। (੧) ਵਾਹਿਗੁਰੂ ਦੇ ਅਰਥਾਂ ਵਿਚਿ, (੨) ਗੁਰਮੁਖਿ ਸਿਖ ਸੰਤ ਜਨਾਂ ਦੇ ਅਰਥਾਂ ਵਿਚਿ, (੩) ਗੁਰੂ ਦੁਆਰੇ ਯਾ ਗੁਰ ਦੀਖਿਆ ਗੁਰ ਸਿਖਸ਼ਾ ਰਾਹੀਂ। ਪਰ ਤੇਹੀਂ ਥਾਈਂ ਇਹ ਪਦ ਖੱਖੇ ਸਿਹਾਰੀ ਨਾਲਿ ਹੀ ਅੰਕਤਿਆ ਗਿਆ ਹੈ। ਹਰ ਥਾਂ ਗੁਰੂ ਦੁਆਰੇ ਦੇ ਅਰਥ ਹੀ ਕਰੀ ਜਾਣੇ ਬਿਪਰਜੇ ਹਨ। ਏਥੇ ਭੀ (ਉਪਰਲੇ ਗੁਰ ਪਰਮਾਣ ਅੰਦਰਿ) 'ਗੁਰਮੁਖਿ ਵੀਆਹਣਿ ਆਇਆ' ਪੰਗਤੀ ਵਿਚਿ 'ਗੁਰਮੁਖਿ' ਪਦ ਦੇ ਅਰਥ ਸ਼ਬਦਾਰਥੀਆਂ ਨੇ ਗੁਰੂ ਦੁਆਰੇ ਹੀ ਕੀਤੇ ਹਨ। ਇਸ ਅਰਥ ਦੀ ਪ੍ਰੌੜ੍ਹਤਾ ਵਿਚਿ ਓਹ ਕਹਿੰਦੇ ਹਨ ਕਿ ਮੇਲ ਗੁਰੂ ਦੁਆਰੇ ਹੀ ਹੋਣਾ ਹੈ, ਪਰ ਇਹ ਨਹੀਂ ਵੀਚਾਰਦੇ ਕਿ ਕੀਹਦਾ (ਕਿਸਦਾ) ਮੇਲ ਕੀਹਦੇ ਨਾਲਿ ਹੋਣਾ ਹੈ ? ਗੁਰੂ ਦੁਆਰੇ ਤਾਂ ਮੇਲ ਹੋਣਾ ਹੈ। ਪਰ ਇਸ ਵਿਚਿ ਤਾਂ ਗੁਰੂ ਵਿਚੋਲਾ ਹੋਇਆ, ਨਾ ਕਿ ਵਿਆਂਹਦੜ (ਵਿਆਹਣਹਾਰਾ)। ਤਾਂ ਫੇਰ ਵਿਆਹਣ ਲਈ ਆਇਆ ਕੌਣ ? 'ਵੀਆਹਣਿ' ਦੇ ਣਾਣੇ ਅੱਖਰ ਦੀ ਸਿਹਾਰੀ 'ਲਈ' ਦੇ ਅਰਥ ਦਿੰਦੀ ਹੈ। ਵਾਹਿਗੁਰੂ ਹੀ ਵਿਆਂਦੜ ਵਿਆਹਣ ਵਾਲਾ ਹੈ, ਵਿਆਹੁਣ ਲਈ ਆਇਆ ਹੈ। ਵਿਆਹੁਣਾ ਗੁਰਮੁਖਿ ਜਨ ਨੂੰ ਹੈ। ਜੈਸੇ ਕਿ 'ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ' ਵਾਲੀ ਪੰਗਤੀ ਵਿਚਿ 'ਗੁਰਮੁਖਿ' ਪਦ ਦੇਹੁਰੀ ਦੀਪਕ ਹੈ। ਵੀਆਹਣ ਗੁਰਮੁਖਿ ਵਾਹਿਗੁਰੂ ਆਇਆ ਅਤੇ ਗੁਰਮੁਖਿ ਜਨ ਨੇ ਹੀ 'ਹਰਿ ਪਾਇਆ' ਵਾਹਿਗੁਰੂ ਨੂੰ ਪਾ ਲਿਆ। ਗੁਰਮੁਖਿ ਧਨ ਇਸਤਰੀ ਨੇ ਵਾਹਿਗੁਰੂ ਰੂਪੀ ਵਰ ਕੰਤੇ ਵਾਹਿਗੁਰੂ ਨੂੰ ਪਾ ਲਿਆ ਜਦੋਂ ਉਹ ਵਾਹਿਗੁਰੂ ਪਤੀ ਨੇ ਵਿਆਹ ਲਈ। ਇਹ ਕਾਰਜ ਹੀ ਵਿਆਹ ਦਾ ਆਪ ਪ੍ਰਭੂ (ਵਾਹਿਗੁਰੂ) ਨੇ ਰਚਾਇਆ ਹੈ—'ਹਰਿ ਪ੍ਰਭਿ ਕਾਜੁ ਰਚਾਇਆ', ਪਦ 'ਪ੍ਰਭਿ' ਦੇ ਭੱਤੇ ਅੱਖਰ ਦੀ ਸਿਹਾਰੀ 'ਨੇ' ਦੇ ਅਰਥ ਅਰਥਾਉਂਦੀ ਹੈ। ਅੰਤਲੀ ਪੰਗਤੀ ਵਿਚਿ ਇਹ ਗੱਲ ਸਪਸ਼ਟ ਨਿਰਣੇ ਹੋ ਗਈ। ਜਿਸ ਗੁਰਮੁਖ ਜਨ ਧਨ ਇਸਤ੍ਰੀ ਨੇ ਵਿਆਹੁਤਾ ਹੋ ਕੇ (ਵਿਆਹੀ ਜਾ ਕੇ) ਵਾਹਿਗੁਰੂ ਪਤੀ ਪਰਮੇਸਰ ਕੰਤ ਨੂੰ ਪਾ ਲਿਆ, ਉਹ ਸਜ ਵਿਆਹਤਾ ਇਸਤ੍ਰੀ ਦੁਲਹਨ ਪਿਆਰੀ ਹੋ ਗਈ, ਦੁਲਹੇ ਕੰਤ ਵਾਹਿਗੁਰੂ ਪਤੀ ਪਰਮੇਸਰ ਨੂੰ। ਇਉਂ ਲਗਾਂਮਾਤ੍ਰਾਂ ਨੇ ਨਿਖੇੜ ਦਿਤੇ ਤੱਤੋ ਤੱਤ ਅਰਥ ਉਪਰਲੇ ਗੁਰ ਵਾਕ ਦੇ।

ਗੁਰ, ਮੈ, ਵਡਭਾਗੀ, ਦੇਖਤ

ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈ ਆਸੇ॥

(ਸੂਹੀ ਮ: ੪, ਪੰਨਾ ੭੭੬)

ਇਸ ਗੁਰਵਾਕ ਪੰਗਤੀ ਅੰਦਰਿ 'ਗੁਰੁ' ਪਦ ਦੇ ਰਾਰੇ ਅੱਖਰ ਨੂੰ ਔਂਕੜ ਹੋਣ ਕਰਿ 'ਗੁਰੁ' ਪਦ ਕਰਮ ਮਫਊਲ (noun object) ਹੈ ਅਤੇ 'ਪਿਆਰਾ' ਇਸ ਦਾ ਵਿਸ਼ੇਸ਼ਣ ਹੈ। ਸਾਰੀ ਪੰਗਤੀ ਦੇ ਅਰਥ ਹੋਏ—ਹੇ ਸੰਤ ਜਨੋ ਪਿਆਰਾ ਗੁਰੂ ਮੈਨੂੰ ਮਿਲਿਆ, ਮੇਰੀ ਤ੍ਰਿਸ਼ਨਾ ਸਾਰੀ ਬੁਝ ਗਈ। ਜੇਕਰ 'ਗੁਰੁ' ਪਦ ਦੇ ਰਾਰੇ ਅੱਖਰ ਨੂੰ

bsrstrust.org

ਔਂਕੜ ਨਾ ਹੁੰਦਾ ਅਤੇ ਰਾਰੇ ਮੁਕਤੇ ਨਾਲਿ ਹੋਣ ਕਰਿ ਇਹ ਪਦ 'ਗੁਰ' ਹੀ ਲਿਖਿਆ ਹੁੰਦਾ ਤਾਂ ਇਸ ਅੱਧੀ ਪੰਗਤੀ ਦੇ ਅਰਥ ਹੁੰਦੇ 'ਹੇ ਗੁਰੂ ਕੇ ਸੰਤ ਜਨੋ!' ਰਾਰੇ ਨੂੰ ਔਂਕੜ ਲਗਣ ਯਾ ਨਾ ਲਗਣ ਦਾ ਇਹ ਉਪਰ ਦਰਸਾਇਆ ਫ਼ਰਕ ਵਿਤਕਰਾ ਹੈ। ਰਾਰੇ ਔਂਕੜ ਨਾਲਿ 'ਗੁਰੁ' ਦਾ ਅਰਥ ਭਾਵ—'ਹੇ ਗੁਰੋ' ਨਹੀਂ ਹੋ ਸਕਦਾ ਕਿਉਂਕਿ ਸੰਬੋਧਨ ਹਾਲਤ (vocative case) ਵਿਚਿ ਪਿਛਲੇ ਅੱਖਰ ਦਾ ਔਂਕੜ ਲੱਥ ਕੇ ਮੁਕਤਾ ਹੀ ਰਹਿ ਜਾਂਦਾ ਹੈ। ਇਹ ਪੱਕਾ ਨਿਯਮ ਹੈ, ਗੁਰਬਾਣੀ ਦੀ ਲਗਾਂਮਾਤ੍ਰੀ ਰਚਨਾ ਦਾ। 'ਮੈ' ਦਾ ਅਰਥ ਏਥੇ 'ਮੈਨੂੰ' ਦਾ ਹੈ।

ਹਉ ਮਨੁ ਤਨੁ ਦੇਵਾ ਸਤਿਗੁਰੈ ਮੈ ਮੇਲੇ ਪ੍ਰਭ ਗੁਣ ਤਾਸੇ॥ *(ਪੰਨਾ ੭੭੬)*

ਇਸ ਪੰਗਤੀ ਵਿਖੇ 'ਸਤਿਗੁਰੈ' ਪਦ ਦੇ ਪਿਛਲੇ ਅੱਖਰ ਰਾਰੇ ਨੂੰ ਜੋ ਦੁਲਾਈਆਂ ਲਗੀਆਂ ਹੋਈਆਂ ਹਨ ਓਹ 'ਨੂੰ' ਦਾ ਅਰਥ ਦਿੰਦੀਆਂ ਹਨ। 'ਮੈ' ਪਦ ਫੇਰ 'ਮੈਨੂੰ' ਦਾ ਹੀ ਅਰਥ ਦਿੰਦਾ ਹੈ। "ਮੈ ਦਸੇ ਹਰਿ ਸਾਬਾਸੇ' ਵਿਚਿ ਭੀ 'ਮੈ' ਦੇ ਅਰਥ 'ਮੈਨੂੰ' ਦੇ ਹਨ।

ਵਡਭਾਗੀ ਹਰਿ ਪਾਇਆ ਜਨ ਨਾਨਕ ਨਾਮਿ ਵਿਗਾਸੇ॥ *(ਪੰਨਾ ੭੭੬)*

ਪੰਗਤੀ ਅੰਦਰਿ 'ਵਡਭਾਗੀ' ਪਦ ਦੇ ਪਿਛਲੇ ਗੱਗੇ ਅੱਖਰ ਦੀ ਬਿਹਾਰੀ ਨਾਲ ਬਿੰਦਾ ਉਠੇਗਾ ਅਤੇ ਅਰਥ ਹਨ 'ਵਡੇ ਭਾਗਾਂ ਕਰਕੇ'। ਜੇ ਬਿੰਦਾ ਨਾ ਹੋਵੇ ਤਾਂ ਵੱਡੇ ਭਾਗਾਂ ਵਾਲੇ ਪੁਰਸ਼ ਨੂੰ ਅਰਥ ਬਣਨਗੇ ਜੋ ਏਥੇ ਨਹੀਂ ਬਣਦੇ। 'ਨਾਮਿ' ਦੇ ਮੰਮੇ ਨੂੰ ਸਿਹਾਰੀ 'ਦੁਆਰਾ' ਦੇ ਅਰਥ ਦਿੰਦੀ ਹੈ—ਨਾਮ ਦੁਆਰਾ ਵਿਗਾਸ ਹੁੰਦਾ ਹੈ। "ਗੁਰੁ ਸਜਣੁ ਪਿਆਰਾ ਮੈ ਮਿਲਿਆ"—ਗੁਰੁ ਮਈ ਸਜਣ ਪਿਆਰਾ ਮੈਨੂੰ ਮਿਲਿਆ। ਪਿਆਰਾ ਸਜਣ ਗੁਰੂ ਮੈਨੂੰ ਮਿਲਿਆ।

ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰਦੇਖਤ ਮਨੁ ਸਾਧਾਰਿਆ॥ *(ਪੰਨਾ ੭੭੬)*

ਇਸ ਗੁਰ ਪੰਗਤੀ ਅੰਦਰਿ 'ਮੈ' ਦੇ ਅਰਥ 'ਮੇਰੇ' ਹਨ। 'ਵੇਦਨ'—ਇਸਤ੍ਰੀ-ਲਿੰਗ ਨਾਂਵ (feminine gender noun) ਹੋਣ ਕਰਕੇ ਨੰਨੇ ਮੁਕਤੇ ਨਾਲਿ ਆਇਆ ਹੈ। 'ਗੁਰਦੇਖਤ'—ਗੁਰੂ ਨੂੰ ਦੇਖਦਿਆਂ ਹੀ। 'ਗੁਰ' ਰਾਰੇ ਦਾ ਔਂਕੜ ਤਾਂ ਉਡਿਆ ਹੈ ਕਿ ਇਸ ਦੇ ਅਗੇ 'ਨੂੰ' ਸਬੰਧਕੀ ਚਿੰਨ੍ਹ ਗੁਪਤ ਅਰਥਕ (ਮਫ਼ਹੂਮ, ਮਹਿਜ਼ੂਫ) ਹੈ। ਮਨੁ ਸਾਧਾਰਿਆ—ਮਨੁ ਸੱਚੇ ਸੁਧਾਰ ਵਾਲਾ ਸਹਿਤ ਆਧਾਰ ਦੇ ਹੋ ਗਿਆ। 'ਮਨੁਸਾ ਧਾਰਿਆ' ਪਾਠ ਜੋ ਕਰਦੇ ਹਨ ਸੋ ਗ਼ਲਤ ਹੈ। 'ਮਨੁ' ਦੇ ਨੰਨੇ ਦਾ ਔਂਕੜ ਧੱਧੇ ਨੂੰ ਨਾਲਿ ਰਲਾਇਕੈ ਰਲਵਾਂ ਪਾਠ ਹੋਣ ਹੀ ਨਹੀਂ ਦਿੰਦਾ। 'ਸਾਧਾਰਿਆ' ਨਾਲੋਂ ਨਿਖੇੜਦਾ ਹੈ। 'ਦੇਖਤ'—ਦੇਖਣ ਕਰਕੇ ਅਤੇ ਦੇਖਦਿਆਂ ਹੀ। ਇਸ ਭਾਵ ਦੇ ਅਰਥਾਂ ਵਾਲੇ ਸਾਰੇ ਕਿਰਿਆ ਵਾਚਕ ਪਦ ਗੁਰਬਾਣੀ ਅੰਦਰਿ ਪਿਛਲੇ ਅੱਖਰ ਤੱਤੇ ਮੁਕਤੇ ਸਹਿਤ ਆਉਂਦੇ ਹਨ। ਹਾਜ਼ਰ ਕਿਰਿਆ ਕਰ (ਕ੍ਰਾਰਦੰਤਕ) ਇਕ ਪਦ ਹਨ ਇਸ ਪ੍ਰਕਾਰ ਜੈਸੇ:

ਸਿਮਰਤ, ਪੇਖਤ, ਭੇਟਤ, ਗਾਵਤ, ਸੁਣਤ, ਜਪਤ, ਕਹਤ, ਬਿਸਰਤ, ਕਰਤ, ਲਾਗਤ, ਡਰਪਤ, ਪੀਵਤ, ਕਹੀਅਤ, ਜਅਤ, (ਮਿਟਿ ਜਾਵਤ) ਜੀਵਤ, ਗਹਤ ਪਰਤ, ਦਲਤ, ਰਟਤ, ਖੋਜਤ, ਫਿਰਤ, ਮਿਲਤ, ਆਰਾਧਤ, ਧਿਆਵਤ, ਉਬਰਤ, ਬੂਝਤ,

bsrstrust.org

ਝੂਰਤ, ਚਹਤ, ਧਾਵਤ, ਰਹਤ, ਖਾਤ, ਪੀਤ, ਹਸਤ, ਸੋਵਤ, ਜਾਗਤ, ਜਨਾਵਤ, ਬੰਧਾਵਤ, ਰਾਖਤ, ਮਿਟਤ, ਬਿਨਸਤ, ਧਾਰਤ, ਮਾਰਤ, ਧਾਵਤ, ਦੇਖਤ, ਚਿਤਵਤ, ਬਰਸਤ, ਪਰਸਤ, ਸਰਧਤ, ਚਾਹਤ, ਦੇਵਤ, ਲੇਵਤ, ਖੋਜਤ, ਭਰਮਤ, ਗਮਤ, ਆਦਿਕ। ਇਸ ਪ੍ਰਕਾਰ ਦੇ ਸਭ ਪਦਾਂ ਦੇ ਆਖ਼ਰੀ ਅੱਖਰ ਤੱਤੇ ਮੁਕਤੇ ਨਾਲ ਹਨ।

ਮਾਰੇਹਿਸੁ

ਮਾਰੇਹਿਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ॥

(ਪੰਨਾ ੭੭੬)

ਵੇ ਜਨ, ਹੇ ਜਨੋ (ਪਰਮਾਰਥ ਦੇ ਪਾਂਧੀ ਜਨੋ) ਹਉਮੈ ਬਿਖਿਆ ਨੂੰ ਮਾਰਿਹੋ, ਮਾਰਿ ਸਿਟੋ, ਮਾਰਿ ਘਤੋ, ਜਿਸ ਨੇ (ਜਿਸ ਹਉਮੈ ਬਿਖਿਆ ਨੇ) ਵਾਹਿਗੁਰੂ ਪਰਮਾਤਮਾ ਨੂੰ ਮਿਲਣ ਨਹੀਂ ਦਿਤਾ। 'ਮਾਰੇ ਹਿਸੁ' ਇਉਂ ਨਿਖੇੜ ਕੇ ਪਾਠ ਕਰਨਾ ਠੀਕ ਨਹੀਂ ਅਤੇ ਨਾਹੀ 'ਮਾਰਹਿ ਸੁਵੇਜਨ' ਵਾਲਾ ਨਿਖੇੜ ਕੇ ਪਾਠ ਠੀਕ ਹੈ। 'ਜਿਨਿ' ਦੇ ਨੰਨੇ ਨੂੰ ਸਿਹਾਰੀ 'ਨੇ' ਦਾ ਅਰਥ ਦਿੰਦੀ ਹੈ। 'ਪ੍ਰਭ' ਦਾ ਭੱਭਾ ਇਸ ਕਰਕੇ ਮੁਕਤਾ ਹੈ ਕਿ ਇਸ ਦੇ ਅਗੇ 'ਨੂੰ' ਸਬੰਧਕ ਚਿੰਨ੍ਹ ਦਾ ਭਾਵ ਮਫ਼ਹੂਮ ਹੈ।

ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥ *(ਪੰਨਾ ੭੮੩)*

ਜਿਸ ਧਰਤੀ ਵਿਚਿ ਤਾਲੁ ਲਗ ਗਿਆ ਉਹ ਧਰਤੀ ਸੁਹਾਵੀ ਹੋ ਗਈ ਅਤੇ ਜਿਸ ਤਾਲ ਵਿਚਿ ਅੰਮ੍ਰਿਤ ਜਲ ਭਰ ਗਿਆ, ਉਹ ਤਾਲ ਸੁਹਾਵਾ ਹੋ ਗਿਆ। 'ਧਰਤਿ'—ਧਰਤੀ। ਇਸ ਧਰਤੀ ਤੋਂ ਦੁਵੱਲੀ ਮੁਰਾਦ ਹੈ। (੧) ਹਿਰਦੇ ਰੂਪੀ ਭੂਮਕਾ (ਧਰਤੀ) ਜਿਥੇ ਨਾਮ ਰੂਪੀ ਅੰਮ੍ਰਿਤ ਜਲ ਦਾ ਤਾਲ ਭਰਪੁਰ ਲੀਣਾ ਹੋ ਗਿਆ। (੨) ਸ੍ਰੀ ਅੰਮ੍ਰਿਤਸਰ ਦੀ ਉਹ ਧਰਤੀ ਜਿਥੇ ਅੰਮ੍ਰਿਤ ਸਰੋਵਰ ਤਾਲ ਲਗ ਗਿਆ ਸੁਹਾਵੀ ਹੋ ਗਈ। ਇਹ ਗ਼ਲਤ ਅਰਥ ਹਨ (ਜੈਸਾ ਕਿ ਸ਼ਬਦਾਰਥੀਏ ਕਰਦੇ ਹਨ) ਕਿ—ਆਸ ਪਾਸ ਦੀ ਧਰਤੀ ਬਾਗ਼ ਬੂਟਿਆਂ ਦੇ ਲਾਉਣ ਨਾਲਿ ਸੋਭਨੀਕ ਬਣ ਗਈ। ਇਸ ਵਿਚਿ ਕੀ ਵਿਲੱਖਣਤਾ ਹੋ ਗਈ ? ਬਾਗ਼ ਬੂਟੇ ਤਾਂ ਸੰਸਾਰਕ ਅਸਥਾਨਾਂ ਤੇ ਭੀ ਬਥੇਰੇ ਲਗਦੇ ਹਨ। ਸ਼ਬਦਾਰਥੀ ਬੜੀ ਹੇਠਲੀ ਦਸ਼ਾ ਵਿਚਿ ਖੇਡਦੇ ਹਨ; ਸੰਸਾਰਕ ਸੋਭਾ ਦੇ ਹੀ ਸੁਪਨੇ ਲੈ ਰਹੇ ਹਨ।

ਜਸੁ ਵੇਦ ਪੁਰਾਣੀ ਗਾਇਆ

ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥

(ਸੂਹੀ ਮ: ੫, ਪੰਨਾ ੭੮੩)

ਅਚੁਤ ਅਬਿਨਾਸੀ ਪੁਰਖ ਦਾ ਜੋ ਜਸ ਗੁਰਮੁਖਾਂ ਨਾਮ ਅਭਿਆਸੀਆਂ ਨੇ ਨਾਮੁ ਧਿਆਇਕੈ ਗੁਰਬਾਣੀ ਗਾਇਕੈ ਗਾਇਆ ਹੈ, ਗੁਰਮਤਿ ਅੰਦਰਿ ਇਹੀ ਵੇਦ ਪੁਰਾਣਾਂ

bsrstrust.org

ਦਾ ਜਸ ਗਾਉਣਾ ਹੈ। ਪੂਰਨ ਪੁਰਖ ਦਾ ਨਾਮ ਧਿਆਉਣਾ ਪੂਰਨ ਪੁਰਖ ਦਾ ਗੁਣ ਜਸੁ ਗਾਉਣਾ ਇਹੀ ਵੇਦ ਪੁਰਾਣਾਂ ਦਾ ਅਧਿਐਨ ਕਰਨਾ ਹੈ। ਏਦੂੰ ਉਪਰ ਨਹੀਂ, ਇਹ ਅਰਥ ਬਿਲਕੁਲ ਕੋਝੇ ਹਨ (ਜੈਸਾ ਕਿ ਸ਼ਬਦਾਰਥੀਏ ਕਰਦੇ ਹਨ) ਕਿ ਉਸ ਪੂਰਨ ਅਟੱਲ ਤੇ ਅਬਿਨਾਸੀ ਪੁਰਖ ਦਾ ਜਸੁ ਵੇਦਾਂ ਪੁਰਾਣਾਂ ਨੇ ਗਾਇਆ ਹੈ। ਇਹ ਅਰਥ ਤਾਂ ਤਦੇ ਹੀ ਮੰਨੇ ਜਾ ਸਕਦੇ ਸਨ ਜੇਕਰ 'ਵੇਦ' ਦੇ ਦੱਦੇ ਨੂੰ ਸਿਹਾਰੀ ਹੁੰਦੀ ਅਤੇ 'ਵੇਦਿ' ਕਰਕੇ ਲਿਖਿਆ ਹੁੰਦਾ। ਸਿਹਾਰੀ ਦਾ ਨਾ ਹੋਣਾ ਸਿਧ ਕਰਦਾ ਹੈ ਕਿ ਵੇਦਾਂ ਨੇ ਪੁਰਾਣਾਂ ਨੇ ਜਸੁ ਗਾਇਆ ਅਰਥ ਕਰਨੇ ਗ਼ਲਤ ਹਨ। ਸਿਹਾਰੀ ਹੁੰਦੀ 'ਵੇਦ' ਦੇ ਦੱਦੇ ਨੂੰ ਤਾਂ ਇਹ ਸਿਹਾਰੀ 'ਨੇ' ਦੇ ਅਰਥ ਦਿੰਦੀ, ਵੇਦਾਂ ਦਾ ਜਸੁ ਹੀ ਪਰਵਾਣੁ ਹੈ। ਨਾਮ ਬਾਣੀ ਦਾ ਜਸੁ ਗਾਵਣਾ ਹੀ ਬੇਦ ਪੁਰਾਣੀ ਜਸੁ ਗਾਵਣਾ ਹੈ। ਹੋਰ ਵੇਦ ਤੇ ਪੁਰਾਣ ਗੁਰਮਤਿ ਅੰਦਰਿ ਪਰਵਾਣੀਕ ਨਹੀਂ। ਗੁਰਮਤਿ ਦਾ ਬਿਰਦੁ ਇਹੋ ਹੈ 'ਨਾਨਕ ਨਾਮੁ ਧਿਆਇਆ' ਏਹੋ ਬਿਰਦ ਪਰਮੇਸਰ ਪਰਮਾਤਮਾ ਵਾਹਿਗੁਰੂ ਨੇ ਰਖਾਇਆ ਹੈ। ਦੇਖਿਆ 'ਪਰਮੇਸਰਿ' ਪਦ ਦੇ ਪਿਛਲੇ ਅੱਖਰ ਰਾਰੇ ਨੂੰ ਸਿਹਾਰੀ ਹੈ ਜਿਸ ਕਰਕੇ 'ਨੇ' ਦੇ ਅਰਥ ਸਪਸ਼ਟ ਹੋ ਜਾਂਦੇ ਹਨ।

ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ॥ *(ਪੰਨਾ ੭੯੫)*

ਇਸ ਤੁਕ ਅੰਦਰਿ 'ਮੈ' ਤੋਂ ਭਾਵ 'ਮੈਥੋਂ' ਹੈ।

ਏਤੇ ਕੂਕ ਰਹਉ ਬੇਗਾਨਾ ਭਉਕਾ ਇਸੁ ਤਨ ਤਾਈ॥ *(ਪੰਨਾ ੭੯੫)*

'ਏਤੇ'—(ਇਤਨੇ) (ਕੂਕਣੇ) ਕੂਕਦਾ ਰਹਾਂ (ਫੇਰ ਭੀ) ਬਿਗਾਨਾ ਹੀ ਰਹਿੰਦਾ ਹਾਂ। (ਵਾਹਿਗੁਰੂ ਦੇ ਨਾਲਿ ਆਸ਼ਨਾ ਨਹੀਂ ਹੁੰਦਾ) ਕਿਉਂਕਿ ਜੋ ਕੂਕਣੇ ਮੈਂ ਕੂਕਦਾ ਹਾਂ (ਜੋ ਭਉਕਣੇ ਮੈਂ ਭਉਂਕਦਾ ਹਾਂ) ਉਹ ਸਭ ਕੁਛ ਸਰੀਰ ਦੀ ਖ਼ਾਤਰ ਹੀ ਭਉਂਕਣਾ ਕੂਕਣਾ ਹੈ ਇਸ ਕਰਕੇ ਮੇਰਾ ਭਉਂਕਣਾ ਸਭ ਓਪਰਾ ਹੈ। 'ਰਹਾਉ' ਪਦ ਏਥੇ ਦੇਹੁਰੀ ਦੀਪਕ ਹੈ। ਅਕਸਰ ਪਾਠੀ ਗਿਆਨੀ ਲੋਗ ਆਮ ਤੌਰ ਤੇ 'ਏਤੇ ਕੂਕਰ ਹਉ ਬੇਗਾਨਾ' ਪਾਠ ਕਰਦੇ ਕਥਦੇ ਹਨ। 'ਕੂਕਰ' ਪਦ ਉਹਨਾਂ ਦੇ ਕੀਤੇ ਅਰਥਾਂ ਵਿਚਿ ਬਹੁ-ਵਚਨਕ ਨਾਂਵ (noun) ਤਾਂ ਜ਼ਰੂਰ ਠੀਕ ਹੈ, ਕਿਉਂਕਿ ਇਸ ਪਦ ਦਾ ਰਾਰਾ ਅੱਖਰ ਮੁਕਤਾ ਹੈ ਪਰ ਇਸ ਜਮਾ ਗ਼ਾਇਬ ਫ਼ਾਇਲ (ਅੰਨਯ ਪੁਰਖ ਬਹੁ-ਵਚਨ ਕਰਤਾ) ਦਾ ਜਮਾਂ ਗ਼ੈਬੀ ਸੀਗੇ ਵਾਲਾ (ਅੰਨ ਪੁਰਖ ਬਹੁ-ਵਚਨ ਰੂਪ) ਇਸ ਸਾਰੇ ਫ਼ਿਕਰੇ ਅੰਦਰਿ ਕੋਈ ਨ ਆਉਣ ਕਰਕੇ ਇਹ ਫ਼ਿਕਰਾ ਹੀ ਨਾ-ਮੁਕੰਮਲ (incomplete) ਰਹਿੰਦਾ ਹੈ। ਕਿਰਿਆ ਦਾ ਹੋਣਾ ਅਤਿ ਜ਼ਰੂਰੀ ਹੈ। ਓਹ ਅਰਥ ਕਰਦੇ ਹਨ, ਕਿ ਏਨੇ ਕੂਕਰ ਹਨ। ਏਹਨਾਂ ਵਿਚੋਂ ਮੈਂ ਇਕ ਬੇਗਾਨਾ ਕੂਕਰ ਹਾਂ। ਏਹ ਅਰਥ ਕਰਨ ਲਈ ਫ਼ਾਲਤੂ ਲਫ਼ਜ਼ ਖਾਹਮਖਾਹ ਵਿਚਿ ਲਿਆਣੇ ਪੈਂਦੇ ਹਨ। ਦੁਨੀਆ ਦੇ ਕੁੱਤਿਆਂ ਵਿਚੋਂ ਬੇਗਾਨਾ ਕੁੱਤਾ ਅਰਥ ਕਰਨ ਦਾ ਤਾਂ ਇਹ ਭਾਵ ਹੋਇਆ ਕਿ ਦੁਨੀਆ ਦੇ ਹੋਰ ਸਾਰੇ ਕੁੱਤੇ ਤਾਂ ਬੇਗਾਨੇ ਨਹੀਂ, ਸਿਆਣੇ ਹਨ। ਓਹਨਾਂ ਕੁੱਤਿਆਂ ਵਿਚੋਂ ਮੈਂ ਕੁੱਤਾ ਹੀ ਬੇਗਾਨਾ ਹਾਂ। ਗੁਰੂ ਨਾਨਕ ਸਾਹਿਬ ਤਾਂ ਹਰੇਕ ਦੁਨੀਆਦਾਰ ਕੁੱਤੇ ਦੀ ਨਜ਼ੀਰ ਆਪਣੇ ਉਪਰ ਘਟਾ ਕੇ ਇਹ ਦਰਸਾਉਂਦੇ ਦ੍ਰਿੜ੍ਹਾਉਂਦੇ ਹਨ ਕਿ ਨਾਮ ਤੋਂ ਬਿਹੂਣ ਸਭ ਬੇਗਾਨੇ ਹਨ। ਫ਼ਾਲਤੂ ਭਉਂਕਣਾ ਹੀ ਭੌਂਕਦੇ ਹਨ, ਓਪਰਾ ਕੂਕਣਾ ਹੀ ਕੂਕਦੇ ਹਨ ਜੈਸੇ ਕਿ "ਕਹੁ ਨਾਨਕ

bsrstrust.org

ਹਮ ਨੀਚ ਕਰੰਮਾ'' ਤੁਕ ਵਿਚਿ ਸਾਰੇ ਜਗਿਆਸੂਆਂ ਨੂੰ ਨਿਮਰਤਾ ਦਾ ਸਬਕ ਸਿਖਾਉਣ ਲਈ ਗੁਰੂ ਸਾਹਿਬ ਇਹ ਸਬਕ ਸਿਖਾਉਂਦੇ ਹਨ ਆਪ ਆਪਣੇ ਉਪਰਿ ਘਟਾ ਕੇ ਸਿਖਾਉਂਦੇ ਹਨ। ਨਹੀਂ ਤਾਂ ਖ਼ੁਦ ਗੁਰੂ ਨਾਨਕ ਸਾਹਿਬ ਨੀਚ ਕਰੰਮੀ ਥੋੜੇ ਹਨ। ਗੁਰੂ ਨਾਨਕ ਸਾਹਿਬ ਨੀਚ ਕਰੰਮੀ ਹਰਗਿਜ਼ ਨਹੀਂ। ਸੰਸਾਰੀ ਨਾਮ ਵਿਹੂਣੇ ਪੁਰਸ਼ ਸਭ ਨੀਚ ਕਰੰਮੀ ਹਨ। ਉਪਦੇਸ਼ਟਾ ਮਹਾਂ ਪੁਰਸ਼ ਆਪਣੇ ਉੱਤੇ ਘਟਾ ਕੇ ਹੀ ਉਪਦੇਸ਼ ਕਰਿਆ ਕਰਦੇ ਹਨ। ਓਹ ਖ਼ੁਦ ਨੀਚ ਕਰੰਮੀ ਨਹੀਂ ਹੁੰਦੇ। ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਨਾਮ ਦੀ ਟੇਕ ਪੁਕਾਰ ਤੋਂ ਸੁੰਞੇ ਸਭ ਸੰਸਾਰੀਆਂ ਨੂੰ ਓਪਰੀ ਕੂਕ ਪੁਕਾਰ ਕਰਨ ਵਾਲੇ ਤਨ ਤਾਈਂ ਭਉਂਕਣ ਵਾਲੇ ਕੁੱਤੇ ਹੀ ਸਿਧ ਕਰਦੇ ਹਨ ਪ੍ਰੰਤੂ ਆਪਣੇ ਕਹੇ ਉਪਦੇਸ਼ ਨੂੰ ਆਪਣੇ ਉਤੇ ਘਟਾ ਕੇ ਹੀ ਕਹਿੰਦੇ ਹਨ।

ਏਤੇ ਕੂਕ ਰਹਉ ਬੇਗਾਨਾ ਭਉਕਾ ਇਸੁ ਤਨ ਤਾਈ॥

ਗੁਰਬਾਣੀ ਅੰਦਰਿ 'ਕੂਕ' ਪਦ ਦੂਜੇ ਕੱਕੇ ਅੱਖਰ ਮੁਕਤੇ ਨਾਲ ਹੀ ਆਉਂਦਾ ਹੈ। ਕਿਰਿਆਵੀ ਪਦ (verb) ਭੀ ਕੱਕੇ ਮੁਕਤੇ ਨਾਲ ਹੀ ਆਏ ਹਨ। ਜੈਸੇ:

ਦੂਜੀ ਜਾਇ ਨ ਸੁਝਈ ਕਿਥੈ ਕੂਕਣ ਜਾਉ॥ *(ਪੰਨਾ ੧੩੭)*

ਯਥਾ—''ਜੇ ਦਰਿ ਮਾਂਗਤੁ ਕੂਕ ਕਰੇ'' (੩੪੯) ਨਾਂਵ (ਇਸਮ) ਭੀ ਤੇ ਫੇਅਲ (ਕ੍ਰਿਆ) ਭੀ, ਗੁਰਬਾਣੀ ਅੰਦਰਿ ਜਿਥੇ ਭੀ 'ਕੂਕ' ਪਦ ਆਉਂਦਾ ਹੈ ਕੱਕੇ ਮੁਕਤੇ ਨਾਲ ਹੀ ਆਉਂਦਾ ਹੈ। ਤਾਂ ਤੇ ਏਅਤਰਾਜ਼ੀਆਂ ਦਾ ਇਹ ਏਅਤਰਾਜ਼ ਕਿ 'ਕੂਕ ਰਹਉ' ਦੇ ਪਦ ਹੁੰਦੇ ਤਾਂ ਕੱਕੇ ਨੂੰ ਸਿਹਾਰੀ ਲਾਉਣੀ ਸੀ, ਬਿਰਥਾ ਹੈ।

ਏਕ ਸਮਾਨਾ

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ॥ *(ਪੰਨਾ ੭੯੭)*

ਇਸ ਤੁਕ ਵਿਚਿ 'ਪੂਰੈ' ਪਦ ਦੇ ਰਾਰੇ ਅੱਖਰ ਨੂੰ ਦੁਲਾਈਆਂ ਜੋ ਲਗੀਆਂ ਹਨ, ਏਹਨਾਂ ਵਿਚੋਂ ਦੂਜੀ ਦੁਲਾਈ 'ਨੇ' ਦੇ ਅਰਥ ਦਿੰਦੀ ਹੈ ਤਾਂ ਤੇ 'ਪੂਰੈ' ਦੇ ਅਰਥ 'ਪੂਰੇ ਨੇ' ਦੇ ਹਨ। 'ਏਕ ਸਮਾਨਾ' ਦੇ 'ਏਕ' ਪਦ ਦੇ ਕੱਕੇ ਅੱਖਰ ਨੂੰ ਔਂਕੜ ਨਹੀਂ। ਇਸ ਕਰਕੇ ਇਸ ਦੇ ਅਰਥ ਇਕ ਅਕਾਲ ਪੁਰਖ ਨਹੀਂ ਹੋ ਸਕਦੇ। ਐਵੇਂ ਗਿਣਤੀ ਦੇ ਹੀ ਅਰਥ ਹਨ। ਇਕ ਸਮਾਨ ਪੂਰਾ ਤੋਲਿਆ ਮਿਣਿਆ ਹੋਇਆ (ਨਾ ਰੱਤੀ ਵੱਧ ਨਾ ਘੱਟ)।

ਨੋ, ਏਕੁ

...ਨਰ ਮਨੁਖਾ ਨੋ ਏਕੁ ਨਿਧਾਨਾ॥ *(ਪੰਨਾ ੭੯੭)*

ਏਥੇ 'ਨੋ' ਦੇ ਅਰਥ 'ਲਈ' ਦੇ ਹਨ। ਹੋੜਾ ਲਗਿਆ ਏਹੋ ਅਰਥ ਦਿੰਦਾ ਹੈ। 'ਏਕੁ ਨਿਧਾਨਾ' ਵਿਚ 'ਏਕੁ' ਪਦ ਦੇ ਕੱਕੇ ਅੱਖਰ ਨੂੰ ਜੋ ਔਂਕੜ ਲਗਿਆ ਹੈ ਇਸ ਕਰ ਕੇ ਇਹ ਖ਼ਾਸ ਇਕ ਅਕਾਲ ਪੁਰਖ ਦੇ ਨਾਮ ਦਾ ਵਾਚਕ ਹੈ।

bsrstrust.org

ਕੋਟ, ਕੋਟਿ, ਕੋਟੁ, ਸਭਿ

ਘਰ ਹੀ ਮਹਿ ਸਭਿ ਕੋਟ ਨਿਧਾਨ ॥
ਸਤਿਗੁਰਿ ਦਿਖਾਏ ਗਇਆ ਅਭਿਮਾਨੁ ॥ *(ਪੰਨਾ ੭੯੮)*

ਘਟ ਹੀ ਅੰਦਰਿ ਸਾਰੇ ਨਿਧਾਨਾਂ (ਖਜ਼ਾਨਿਆਂ) ਦੇ ਕਿਲ੍ਹੇ (ਕੋਟ) ਹਨ (ਉਸਰੇ ਹੋਏ) ਸਤਿਗੁਰ ਨੇ ਦਿਖਾਏ ਹਨ (ਏਹ ਬੇਅੰਤ ਨਿਧਾਨੀ ਕਿਲ੍ਹੇ) ਅਤੇ ਵਿਚੋਂ ਹਉਮੈ (ਅਭਿਮਾਨ) ਦਾ ਨਾਸ ਹੋ ਗਿਆ ਹੈ। ਨਮੂਦ ਨਹੀਂ ਰਹਿਆ। ਇਸ ਦੁਪੰਗਤੀ ਦੀ ਪਹਿਲੀ ਤੁਕ ਅੰਦਰਿ 'ਸਭਿ' ਪਦ ਬਹੁ-ਵਚਨਕ ਗਿਣਤੀ ਵਾਲਾ ਵਿਸ਼ੇਸ਼ਣ ਹੈ ਬਹੁ-ਵਚਨਕ ਨਾਂਵ (noun) 'ਨਿਧਾਨ' ਦਾ। 'ਭੱਭੇ' ਨੂੰ ਸਿਹਾਰੀ ਬਹੁ-ਵਚਨ ਵਾਚਕ ਹੈ। 'ਕੋਟ' ਪਦ ਭੀ ਬਹੁ-ਵਚਨਕ ਨਾਂਵ (noun) ਹੈ। ਕਿਲ੍ਹਿਆਂ ਦੇ ਅਰਥਾਂ ਵਿਚਿ ਬਹੁ-ਵਚਨਕ ਵਿਸ਼ੇਸ਼ਣ ਨਾ ਹੁੰਦਾ ਤਾਂ 'ਕੋਟਿ' ਪਦ ਐਉਂ ਸਿਹਾਰੀ ਨਾਲਿ ਲਿਖਿਆ ਹੁੰਦਾ ਅਤੇ ਕਰੋੜ ਦੇ ਅਰਥ ਦਿੰਦਾ। ਗੁਰਬਾਣੀ ਅੰਦਰਿ ਸਾਰੇ ਹੀ ਕਰੋੜ ਦੇ ਅਰਥਾਂ ਵਿਚਿ ਜਦੋਂ ਇਹ ਪਦ ਆਉਂਦਾ ਹੈ ਤਾਂ ਟੈਂਕੇ ਸਿਹਾਰੀ ਨਾਲਿ 'ਕੋਟਿ' ਲਿਖਿਆ ਹੋਇਆ ਆਉਂਦਾ ਹੈ। ਟੈਂਕੇ ਔਂਕੜ ਨਾਲਿ 'ਕੋਟੁ' ਪਦ ਇਕ ਕਿਲ੍ਹੇ ਦਾ ਅਰਥ ਦਿੰਦਾ ਹੈ, ਇਕ-ਵਚਨਕ ਨਾਂਵ (noun singular) ਹੋਣ ਕਰਕੇ। ਟੈਂਕੇ ਮੁਕਤੇ ਨਾਲਿ 'ਕੋਟ' ਪਦ ਬਹੁਤਿਆਂ ਕਿਲ੍ਹਿਆਂ ਦੇ ਅਰਥ ਦਿੰਦਾ ਹੈ। ਏਸੇ ਤਰ੍ਹਾਂ 'ਨਿਧਾਨ' ਬਹੁ-ਵਚਨਕ ਨਾਂਵ (plural noun) ਹੈ, ਖਜ਼ਾਨਿਆਂ ਦੇ ਅਰਥਾਂ ਵਿਚਿ, ਕਿਉਂਕਿ ਇਸ ਦਾ ਪਿਛਲਾ ਨੰਨਾ ਅੱਖਰ ਮੁਕਤਾ ਹੈ। ਨਾਲੇ ਇਹ ਅੱਖਰ ਇਸ ਕਰਕੇ ਭੀ ਮੁਕਤਾ ਹੈ ਕਿਉਂਕਿ ਇਸ ਦੇ ਅਗੇ ਸਬੰਧਕੀ ਪਦ (preposition) 'ਦੇ' ਮਹਿਜ਼ੂਫ ਮਫਹੂਮ ਹੈ। 'ਕੋਟ ਨਿਧਾਨ'—ਨਿਧਾਨਾਂ ਦੇ ਕੋਟ। ਦੂਜੀ ਪੰਗਤੀ ਵਿਚ 'ਸਤਿਗੁਰਿ ਦਿਖਾਏ' ਦੇ ਅਰਥ ਸਤਿਗੁਰੁ ਨੇ ਦਿਖਾਏ। 'ਸਤਿਗੁਰਿ' ਪਦ ਦੇ ਆਖ਼ਰੀ ਅੱਖਰ ਨੰਨੇ ਨੂੰ ਸਿਹਾਰੀ 'ਨੇ' ਦਾ ਅਰਥ ਦਿੰਦੀ ਹੈ। 'ਦਿਖਾਏ' ਪਦ ਦੇ ਪਿਛਲੇ ਅੱਖਰ ਈੜੀ ਨੂੰ ਲਾਂਵ ਹੋਣ ਕਰ ਕੇ ਇਸ ਦੇ ਅਰਥ 'ਦਿਖਾ ਦਿਤੇ' (ਦਿਖਾਏ) ਹਨ। 'ਸਭਿ ਕੋਟ ਨਿਧਾਨ ਸਤਿਗੁਰਿ ਦਿਖਾਏ' ਇਹੀ ਸਹੀ ਪਾਠ ਹੋਇਆ ਜਿਸ ਦੇ ਅਰਥ ਪ੍ਰੋੜ੍ਹਤਾ ਅਗਲੀਆਂ ਤੁਕਾਂ ਕਰਦੀਆਂ ਹਨ :

ਪੂਰੈ ਭਾਗਿ ਗੁਰੁ ਪੂਰਾ ਪਾਇਆ ॥
ਅੰਤਰਿ ਨਾਮੁ ਨਿਧਾਨੁ ਦਿਖਾਇਆ ॥ *(ਪੰਨਾ ੭੯੮)*

ਬਹੁਤੇ ਪਾਠੀ "ਸਤਿਗੁਰਿ ਦਿਖਾਏ ਗਇਆ ਅਭਿਮਾਨੁ" ਇਕੱਠਾ ਪਾਠ ਉਠਾਉਂਦੇ ਹਨ, ਇਹ (ਐਸਾ ਪਾਠ ਉਠਾਉਣਾ ਕਰਨਾ) ਉੱਕਾ ਹੀ ਅਨੁੱਚਿਤ ਹੈ। 'ਸਤਿਗੁਰਿ ਦਿਖਾਏ' ਪਾਠ ਦਾ ਸਬੰਧ ਜੋੜ ਹੈ ਪਿਛਲੀ ਪਹਿਲੀ ਪੰਗਤੀ ਨਾਲਿ। 'ਗਇਆ ਅਭਿਮਾਨੁ' ਸੁਤੰਤਰ ਪਾਠ ਹੈ, ਇਸ ਦਾ 'ਸਤਿਗੁਰ ਦਿਖਾਏ' ਪਾਠ ਨਾਲਿ ਸਬੰਧ (ਜੋੜਿ ਉਠਾਉ) ਨਹੀਂ। ਜੇ ਹੁੰਦਾ ਤਾਂ ਦੂਜੀ ਪੰਗਤੀ ਦਾ ਸਮੁੱਚਾ ਪਾਠ ਇਉਂ ਹੁੰਦਾ :

'ਸਤਿਗੁਰੁ ਦਿਖਾਇ ਗਇਆ ਅਭਿਮਾਨੁ'

bsrstrust.org

ਭਾਵ 'ਸਤਿਗੁਰ' ਪਦ ਦੇ ਪਿਛਲੇ ਰਾਰੇ ਅੱਖਰ ਨੂੰ ਸਿਹਾਰੀ ਦੇ ਥਾਉਂ ਔਂਕੜ ਹੁੰਦਾ ਅਤੇ 'ਦਿਖਾਇ' ਨੂੰ ਈੜੀ ਨੂੰ ਲਾਂਵ ਦੇ ਥਾਉਂ ਸਿਹਾਰੀ ਹੁੰਦੀ, ਫੇਰ ਭੀ 'ਸਤਿਗੁਰੂ ਦਿਖਾਇ ਗਇਆ' ਅਰਥ ਤਾਂ ਬਣਿ ਜਾਂਦੇ ਪਰ 'ਅਭਿਮਾਨੁ' ਫੇਰ ਭੀ ਬੇਮਾਅਨੇ ਇਕੱਲਾ ਹੀ ਰਹਿ ਜਾਂਦਾ। 'ਦਿਖਾਇ ਗਇਆ' ਦੇ ਅਰਥ ਭੀ ਬੇਮਾਅਨੇ ਹੀ ਹੁੰਦੇ। ਦਿਖਾ ਕੇ ਸਤਿਗੁਰੂ ਕਿਧਰ ਨੂੰ ਗਇਆ। ਤਾਂ ਤੇ ਸਹੀ ਲਗਾਂਮਾਤ੍ਰਾਂ ਦੇ ਵਰਤਾਉ ਹੀ ਅਰਥ ਦੇ ਸਕਦੇ ਹਨ।

ਸਹਜਿ ਧਿਆਨ

ਸਦ ਹੀ ਲਾਗਾ ਸਹਜਿ ਧਿਆਨ ॥
ਅਨਿਦਿਨੁ ਗਾਵੈ ਏਕੋ ਨਾਮ ॥ *(ਪੰਨਾ ੭੯੮)*

ਏਹਨਾਂ ਦੋਹਾਂ ਪੰਗਤੀਆਂ ਦੇ ਦੋਹਾਂ ਪਿਛਲੇ ਪਦਾਂ 'ਧਿਆਨ' ਅਤੇ 'ਨਾਮ' ਦੇ ਪਿਛਲੇ ਅੱਖਰਾਂ ਨੰਨੇ ਅਤੇ ਮੰਮੇ ਨੂੰ ਔਂਕੜ ਚਾਹੀਦੇ ਹਨ ਜੋ ਰਹਿ ਗਏ ਹਨ (ਛਾਪੇ ਦੀ ਜਾਂ ਲਿਖਤ ਦੀ ਗ਼ਲਤੀ ਨਾਲਿ) ਅਜੇ 'ਨਾਮ' ਦੇ ਅੱਖਰ ਮੰਮੇ ਨੂੰ ਤਾਂ ਭਾਵੇਂ ਔਂਕੜ ਨਾ ਹੀ ਲਗੇ ਕਿਉਂਕਿ 'ਨਾਮ ਨੂੰ ਗਾਵੈ' ਦੇ ਅਰਥ ਹੋਣ ਕਰਕੇ 'ਨਾਮ' ਦੇ ਅਗੇ 'ਨੂੰ' ਪਦ ਮਹਿਜ਼ੂਫ ਹੈ ਪਰ 'ਧਿਆਨ' ਦਾ ਨੰਨਾ ਅੱਖਰ ਤਾਂ ਕਿਸੇ ਸੂਰਤ ਵਿਚ ਭੀ ਮੁਕਤਾ ਨਹੀਂ ਰਹਿਣਾ ਚਾਹੀਦਾ। 'ਲਾਗਾ ਸਹਜਿ ਧਿਆਨ' ਦੇ ਸਾਫ਼ ਅਰਥ ਹਨ ਕਿ ਸਹਿਜ ਵਿਖੇ ਧਿਆਨ ਲਗਿਆ। ਚਾਹੇ 'ਸਹਜਿ' ਪਦ ਦੇ ਅਰਥ ਕੋਈ ਅਰਥਈਆ 'ਸਹਿਜ ਸੁਭਾਵ' ਹੀ ਕਰਿ ਲਵੇ। ਫੇਰ ਭੀ 'ਧਿਆਨ' ਪਦ ਦੇ ਨੰਨੇ ਨੂੰ ਔਂਕੜ ਲਗਿਆ ਹੀ ਫਬਦਾ ਹੈ। 'ਲਾਗਾ' ਇਕ-ਵਚਨਕ ਕਿਰਿਆ (verb singular tense) ਹੈ। 'ਲਗਾ ਹੈ' ਦਾ ਅਰਥ ਦਿੰਦਾ ਹੈ। ਤਾਂ ਤੇ ਇਸ ਦਾ ਸੰਬੰਧਤ ਨਾਮ (ਇਸਮ, noun) ਚਾਹੇ ਫਾਇਲ ਕਰਤਾ ਹੋਵੇ ਚਾਹੇ ਕਰਮ ਮਫਊਲ (object) ਹੋਵੇ, ਹਰ ਹਾਲਤ ਵਿਚਿ ਇਕ-ਵਚਨਕ ਨਾਂਵ (singular noun) ਹੀ ਹੋਣਾ ਚਾਹੀਦਾ ਹੈ ਅਤੇ 'ਧਿਆਨ' ਪਦ ਦੇ ਨੰਨੇ ਅੱਖਰ ਨੂੰ ਔਂਕੜ ਲਗਣਾ ਜ਼ਰੂਰੀ ਹੈ (ਲਗਮਾਤ੍ਰੀ ਨਿਯਮਾਂ ਅਨੁਸਾਰ)। ਅਗੇ ਭਾਈ ਕੋਈ ਗੋਝ ਨਿਯਮ ਹੋਵੇ ਤਾਂ ਉਸ ਦਾ ਸਾਨੂੰ ਕੋਈ ਬੋਧ ਨਹੀਂ।

ਮਤਿ, ਮਤੁ, ਮਤ

ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ ॥ *(ਪੰਨਾ ੭੯੮)*

(ਨਾਮ ਜਪਣ ਦੇ) ਉਦਮ (ਉਤਸ਼ਾਹ) ਦੀ ਮਤਿ ਸੁਮਤਿ (ਸਭ) ਅੰਤਰਜਾਮੀ ਪ੍ਰਭੂ ਦੀ ਹੀ ਹੈ। ਜਿਵੇਂ ਉਹ (ਅੰਤਰਜਾਮੀ ਪ੍ਰਭੂ) ਪਰੇਰੇ ਤਿਵੇਂ ਹੀ ਉਦਮ ਕਰਨਾ ਬਣਦਾ ਹੈ। ਇਸ ਉਪਰਲੀ ਪੰਗਤੀ ਦੇ ਇਹ ਅਰਥ ਹਰਗਿਜ਼ ਨਹੀਂ ਹੋ ਸਕਦੇ ਕਿ ਉਦਮ ਮੱਤ ਕਰੋ, ਪ੍ਰਭੂ ਅੰਤਰਜਾਮੀ ਹੈ ਜਿਵੇਂ ਉਹ ਪ੍ਰੇਰੇਗਾ ਤਿਵੇਂ ਕਰਾਂਗੇ (ਹੱਥ ਤੇ

bsrstrust.org

ਹੱਥ ਧਰ ਕੇ ਨਿੱਸਲ ਹੋਇ ਬੈਠੋ)। ਇਹ ਅਰਥ ਗੁਰਮਤਿ ਤੋਂ ਵਿਰੁੱਧ ਹਨ ਅਤੇ ਗੁਰਬਾਣੀ ਲਗਾਂਮਾਤ੍ਰਾਂ ਦੇ ਨਿਯਮਾਂ ਦੇ ਭੀ ਉਲਟ ਹਨ। ਜਿਥੇ ਜਿਥੇ ਹੀ ਗੁਰਬਾਣੀ ਅੰਦਰਿ ਤੱਤੇ ਸਿਹਾਰੀ ਨਾਲਿ 'ਮਤਿ' ਪਦ ਆਉਂਦਾ ਹੈ 'ਸੁਮਤਿ', 'ਬੁੱਧੀ' ਦੇ ਅਰਥਾਂ ਵਿਚਿ ਆਉਂਦਾ ਹੈ। ਮਨਾਹੀ ਕਰਨ ਯਾ ਮਨਾਹੀ ਦਰਸਾਉਣ ਦੇ ਅਰਥਾਂ ਵਿਚਿ ਕਦੇ ਨਹੀਂ ਆਉਂਦਾ। ਮਨਾਹੀ ਭਾਵ ਦਰਸਾਉਣ ਹਿਤ ਹਮੇਸ਼ਾ ਤੱਤੇ ਮੁਕਤੇ ਨਾਲਿ ਆਉ। ਯਥਾ ਗੁਰਵਾਕ :

ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ॥ *(ਪੰਨਾ ੮੧੪)*

ਤਥਾ— **ਮਤ ਭੂਲਹੁ ਮਾਨੁਖ ਜਨ ਮਾਇਆ ਭਰਮਾਇਆ॥** *(ਪੰਨਾ ੮੧੨)*

ਤਥਾ— **ਮਤ ਕੋ ਭਰਮਿ ਭੁਲੈ ਸੰਸਾਰਿ॥** *(ਪੰਨਾ ੮੬੪)*

ਤਥਾ— **ਮਤ ਬਿਸਰਸਿ ਰੇ ਮਨ ਰਾਮ ਬੋਲਿ॥** *(ਪੰਨਾ ੧੧੭੦)*

ਤਥਾ— **ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥** *(ਪੰਨਾ ੯੨੩)*

ਪੁਨਾ— **ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥** *(ਪੰਨਾ ੧੩੬੭)*

ਕਿਤੇ ਕਿਤੇ ਏਹਨਾਂ ਹੀ ਅਰਥਾਂ ਵਿਚ ਤੱਤੇ ਮੁਕਤੇ ਦੇ ਥਾਉਂ ਤੱਤੇ ਨੂੰ ਔਂਕੜ ਭੀ ਆ ਜਾਂਦਾ ਹੈ, ਪਰ ਤੱਤੇ ਸਿਹਾਰੀ ਨਾਲਿ 'ਮਤਿ' ਪਦ ਕਦੇ ਤੇ ਕਿਤੇ ਨਹੀਂ ਆਉਂਦਾ ਜੋ ਮਮਨੂਈ ਮਨਾਹੀ ਦੇ ਅਰਥ ਦੇਵੇ। ਨਾਮ ਜਪਣ ਦੇ ਉਦਮੁ ਨੂੰ ਗੁਰੂ ਬਾਣੀ ਅੰਦਰਿ ਕਿਤੇ ਮਨਾਹ ਨਹੀਂ ਕੀਤਾ ਗਿਆ, ਸਗੋਂ ਉਦਮ ਕਰਨ ਦੀ ਉਤਸ਼ਾਹੀ ਪੁਰਸ਼ਾਰਥ ਦਿਤੀ ਗਈ ਹੈ। ਜੈਸੇ ਕਿ :

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥ *(ਪੰਨਾ ੫੨੨)*

ਤਥਾ—"ਉਦਮ ਕਰਤ ਆਨਦ ਭਇਆ ਸਿਮਰਤ ਸੁਖੁ ਸਾਰ॥ ਜਪੁ ਜਪੁ ਨਾਮ ਗੋਬਿੰਦ ਕਾ ਪੂਰਨ ਬੀਚਾਰ॥" ਸਿਮਰਨ ਦਾ ਖ਼ਾਸ ਉਦਮੁ ਏਥੇ ਪੁਜ ਕੇ ਸਲਾਹਿਆ ਗਿਆ ਹੈ ਇਸੇ ਕਰਕੇ 'ਉਦਮ' ਪਦ ਦੇ ਮੰਮੇ ਅੱਖਰ ਨੂੰ ਏਥੇ ਔਂਕੜ ਹੈ, ਸਿਮਰਨ ਦਾ ਉਦਮ ਕਰਦਿਆਂ ਆਨੰਦ ਪ੍ਰਾਪਤਿ ਹੋਇਆ ਹੈ। ਸਿਮਰਨ ਦਾ ਉਦਮ ਹੀ ਆਨੰਦ ਦਾਇਕ ਹੈ। ਸਿਮਰਨ ਤਾਂ ਖ਼ਾਸ ਪਰਮਾਰਥ ਸੁਖਾਂ ਦਾ ਸਾਰ ਤੱਤੁ ਹੈ। ਇਸ ਸਿਮਰਨ ਜਪ ਕਰਕੇ ਪੂਰਨ ਪ੍ਰਚੰਡ ਗਿਆਨ ਮਈ ਪਰਮਾਰਥੀ ਤੱਤ ਬਿਬੇਕ ਬੀਚਾਰ ਹੁੰਦਾ ਹੈ। ਤਾਂ ਤੇ ਸਿਮਰਨ ਅਭਿਆਸ ਹੀ ਪੂਰਨ ਪ੍ਰਚੰਡ ਗਿਆਨ ਦਾ ਮੂਲ ਹੈ। ਇਸ ਵਿਚ ਸੰਦੇਹ ਨਹੀਂ ਕਿ ਨਾਮ ਦੀ ਉਦਮ ਉਤਸ਼ਾਹੀ ਪ੍ਰੇਰਨਾ ਵਾਲੀ ਮਤਿ ਸੁਮਤਿ ਗੁਰੂ ਕਰਤਾਰ ਦੀ ਦਾਤਿ ਬਖਸ਼ਸ਼ ਨਦਰਿ ਅਨੁਸਾਰ ਹੀ ਸਫੁਰਨ ਹੁੰਦੀ ਹੈ। ਪਰ ਨਾਮ ਜਪਣ ਦੇ ਉਦਮ ਦਾ ਤਿਆਗ ਕਿਤੇ ਨਹੀਂ ਬਰਜਿਆ। ਏਸ ਪਰਮਾਰਥੀ ਉਦਮ ਦੇ ਕਰਨ ਲਈ ਗੁਰਬਾਣੀ ਉਤਸ਼ਾਹ ਹੀ ਦਿਵਾਉਂਦੀ ਹੈ। ਸੁਆਰਥੀ ਮਾਇਕੀ ਉਦਮ ਦੀ ਬਹੁਤੀ ਨਿਖੇਧੀ ਹੈ।

ਸਰਣਿ ਸੋਹਾਗਨਿ ਆਇਆ ਜਿਸੁ ਮਸਤਕਿ ਭਾਗਉ॥ *(ਪੰਨਾ ੮੦੮)*

bsrstrust.org

ਸੋਹਾਗਵੰਤੇ ਗੁਰਮੁਖ ਜਨਾਂ ਦੀ ਸਰਨੀ ਸੋ ਜਨ ਆਇਆ ਹੈ ਜਿਸ ਦੇ ਮਸਤਕ ਤੇ ਭਾਗ ਲਿਖਿਆ ਹੈ। ਏਹ ਅਰਥ ਠੀਕ ਨਹੀਂ ਕਿ ਪਤੀ ਦੀ ਸਰਣ ਵਿਚ ਸੋਹਾਗਣ ਹੋ ਕੇ ਉਹੀ ਆਇਆ ਹੈ ਜਿਸ ਦੇ ਮੱਥੇ ਤੇ ਭਾਗ ਹਨ। ਪਤੀ ਪਦ ਦਾ ਜ਼ਿਕਰ ਮਾਤਰ ਭੀ ਏਥੇ ਨਹੀਂ ਜਿਸ ਨੂੰ ਕਿ ਕਰਮ ਮਫਊਲ ਮਿਥ ਲਿਆ ਜਾਵੇ।

ਗਨੀ

ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥੩॥੭॥੩੭॥

(ਬਿਲਾਵਲੁ ਮ: ੫, ਪੰਨਾ ੮੧੦)

ਇਸ ਗੁਰ ਪੰਗਤੀ ਅੰਦਰਿ 'ਗਨੀ' ਪਦ ਕਿਰਿਆ ਹੈ—'ਮੰਨੇ ਗਏ ਧਨਵਾਨ' ਹਨ ਅਰਥ 'ਗਨੀ ਧਨੀਤਾ' ਦੇ। ਇਹ ਪਦ ਵਿਸ਼ੇਸ਼ਣ ਨਾਮ ਨਹੀਂ ਜੈਸਾ ਕਿ ਅਕਸਰ ਅਰਥਈਏ ਕਰਦੇ ਹਨ ਅਰਬੀ ਪਦ ਬਣਾ ਕੇ ਇਸਦੇ ਅਰਥ ਰੱਜੇ ਪੁੱਜੇ ਦੇ। ਇਸ ਬਿਧਿ ਇਸ ਫ਼ਿਕਰੇ ਦੀ ਕਿਰਿਆ ਕੋਈ ਰਹਿੰਦੀ ਨਹੀਂ। ਕਿਰਿਆ (verb) ਬਿਨਾਂ ਫ਼ਿਕਰਾ ਨਾ ਮੁਕੰਮਲ ਹੈ।

ਦਰਸ ਰੀਤਾ

ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰਸ ਰੀਤਾ ॥ *(ਪੰਨਾ ੮੧੦)*

ਕਈ ਗਿਆਨੀ 'ਦਰਸ ਰੀਤਾ' ਸਹੀ ਪਾਠ ਨੂੰ ਨਿਖੇੜ ਕੇ 'ਦਰ ਸਰੀਤਾ' ਗ਼ਲਤ ਪਾਠ ਕਰ ਦਿੰਦੇ ਹਨ—ਦਰ ਦੇ ਗ਼ੁਲਾਮ ਨੂੰ। ਅਤੇ ਕਈ ਹੋਰ ਸ਼ਬਦਾਰਥੀ ਪਾਠ ਤਾਂ ਸਹੀ ਕਰਦੇ ਹਨ, 'ਦਰਸ ਰੀਤਾ' ਪਰ ਓਹ ਅਰਥ ਕਸੂਤੇ ਕਰ ਦਿੰਦੇ ਹਨ—ਦਰਸਨ ਤੋਂ ਸੱਖਣੇ ਨੂੰ (ਰੀਤਾ—ਸੱਖਣਾ)। ਠੀਕ ਪਾਠ ਦੇ ਠੀਕ ਅਰਥ ਸਪਸ਼ਟ ਹਨ—ਦਰਸ਼ਨ ਦੀ ਪ੍ਰੀਤਿ ਰੀਤਿ ਮੈਨੂੰ 'ਘਣੀ' ਹੈ ਕਿਰਪਾ ਕਰਕੇ ਮੈਨੂੰ ਨਾਮੁ ਦੇਹੋ। ਕਿਉਂਕਿ ਨਾਮ ਅਭਿਆਸ ਦੁਆਰਾ ਹੀ ਦਰਸ਼ਨ ਦੀ ਪ੍ਰੀਤਿ ਲਗਦੀ ਹੈ ਅਤੇ ਦਰਸ਼ਨ ਪ੍ਰਾਪਤਿ ਹੁੰਦੇ ਹਨ।

ਨੇਤ

ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥ *(ਪੰਨਾ ੮੧੦)*

ਇਸ ਪੰਗਤੀ ਅੰਦਰਿ 'ਨੇਤ' ਪਦ ਦਾ ਅਰਥ ਨੇਤਰਾਂ ਨਾਲਿ, ਨੇਤਰਾਂ ਦੁਆਰਾ ਅਕਸਰ ਕੀਤੇ ਜਾਂਦੇ ਹਨ। ਪਰ 'ਨੇਤ' ਪਦ ਦੇ ਤੱਤੇ ਅੱਖਰ ਨੂੰ ਸਿਹਾਰੀ ਨਹੀਂ ਹੈ ਜੋ 'ਨਾਲਿ' ਜਾਂ 'ਦੁਆਰਾ' ਦਾ ਅਰਥ ਦੇਵੇ। ਤਾਂ ਤੇ 'ਨੇਤ' ਪਦ ਦੇ ਅਰਥ 'ਨਿੱਤ', 'ਹਮੇਸ਼ਾ' ਦੇ ਹਨ—ਵਾਹਿਗੁਰੂ ਨੂੰ ਨਿੱਤ (ਹਮੇਸ਼ਾ) ਹੀ ਹਾਜ਼ਰ ਨਾਜ਼ਰ ਦੇਖ ਕੇ ਭਰਮ ਭੁਲਾਵਾ ਮਿਟਿ ਗਿਆ ਹੈ। ਇਹ ਅਰਥ ਲਗਮਾਤ੍ਰੀ ਨਿਯਮਾਂ ਅਨੁਸਾਰ ਹਨ। ਦੂਜੇ

bsrstrust.org

ਨਹੀਂ ਬਣਦੇ। ਹੋ ਸਕਦਾ ਹੈ 'ਨੇਤ' ਦੇ ਤੱਤੇ ਦੀ ਸਿਹਾਰੀ ਰਹਿ ਗਈ ਹੋਵੇ। ਇਉਂ ਤਾਂ ਨੇਤ੍ਰਾਂ ਨਾਲਿ ਅਰਥ ਬਣ ਸਕਦੇ ਹਨ।

ਬਾਲ

ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥ *(ਪੰਨਾ ੮੧੦)*

ਇਸ ਪੰਗਤੀ ਦੇ 'ਬਾਲ' ਪਦ ਦੇ ਲੱਲੇ ਅੱਖਰ ਨਾਲੋਂ ਸਿਹਾਰੀ ਰਹੀ ਹੋਈ ਮਲੂਮ ਹੁੰਦੀ ਹੈ। ਐਵੇਂ ਕੇਸਾਂ ਨਾਲਿ ਅਰਥ ਬਣ ਨਹੀਂ ਸਕਦੇ।

ਹੋਹਿ

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਰਿ ਨਿਹਾਲੁ ॥ *(ਪੰਨਾ ੮੧੧)*

ਵਾਹਿਗੁਰੂ ਦੇ ਦਾਸ ਦੇ ਘਰਿ (ਗੁਰੂ ਘਰ ਵਿਖੇ, ਗੁਰ ਦੀਵਾਨਾਂ, ਗੁਰੂ ਸੰਗਤਾਂ ਵਿਖੇ) ਪੱਖਾ ਝਲੁ, ਪਾਣੀ ਢੋ, ਅਤੇ ਚੱਕੀ ਪੀਸੁ ਤਾਂ ਤੂੰ ਨਿਹਾਲ ਹੋਵੇਂਗਾ। 'ਹੋਹਿ ਨਿਹਾਲੁ' ਦੀ ਕਿਰਿਆ ਰੂਪੀ ਪਦ (verb) 'ਹੋਹਿ' ਨੂੰ ਅਕਸਰ 'ਦਾਸ' ਪਦ ਨਾਲਿ ਲਾ ਕੇ ਅਰਥਾਉਂਦੇ ਹਨ। 'ਹੋਹਿ' ਕਿਰਿਆ ਦਾ ਕਰਤਾ 'ਦਾਸ' ਨੂੰ ਬਣਾਉਂਦੇ ਹਨ। ਇਹ ਠੀਕ ਨਹੀਂ ਕਿਉਂਕਿ 'ਹੋਹਿ' ਪਦ ਦੇ ਹਾਹੇ ਅੱਖਰ ਨੂੰ ਸਿਹਾਰੀ ਹੈ ਜੋ ਸੰਬੋਧਨ ਹੈ। ਸੰਬੋਧਨ ਕਰਦਾ ਹੈ ਪੱਖਾ ਝਲਣਹਾਰੇ ਨੂੰ, ਪਾਣੀ ਢੋਣਹਾਰੇ ਨੂੰ ਅਤੇ ਪੀਸਣਾ ਪੀਸਣਹਾਰੇ ਨੂੰ—ਹੇ ਪੀਸਣਹਾਰੇ, ਹੇ ਪੱਖਾ ਝਲਣਹਾਰੇ, ਹੇ ਪਾਣੀ ਢੋਣਹਾਰੇ ਤੂੰ ਨਿਹਾਲ ਹੋਵੇਂਗਾ। ਜੇ 'ਹੋਹਿ ਨਿਹਾਲੁ' ਦਾਸ ਪ੍ਰਥਾਇ ਹੁੰਦਾ ਤਾਂ 'ਹੋਹਿ' ਦੇ ਥਾਉਂ 'ਹੋਇ' ਪਦ ਈੜੀ ਨੂੰ ਸਿਹਾਰੀ ਨਾਲਿ ਆਉਂਦਾ। ਹਰਿ ਕਾ ਦਾਸ ਗੁਰਮੁਖ ਜਨ ਸਤਿਗੁਰੂ ਦਾ ਸਦਾ ਹੀ ਨਿਹਾਲ ਹੈ। ਓਹ ਪੱਖਾ ਝੁਲਾ ਕੇ, ਜਾਂ ਪਾਣੀ ਢੁਆ ਕੇ ਜਾਂ ਚੱਕੀ ਪਿਹਾ ਕੇ ਥੋੜੇ ਨਿਹਾਲੁ ਹੁੰਦਾ ਹੈ। ਉਹਨੂੰ ਤਾਂ ਕੋਈ ਲੋੜ ਪਰਤੀਤ ਹੀ ਨਹੀਂ ਹੁੰਦੀ, ਨਾ ਹੀ ਭੁਸ ਹੈ ਸੇਵਾ ਕਰਾਉਣ ਦਾ। ਨਿਹਾਲੁ ਹੋਣਾ ਹੈ ਤਾਂ ਸੇਵਾ ਕਰਨ ਕਰਕੇ ਸੇਵਕ ਨੇ ਹੋਣਾ ਹੈ।

ਬਾਣੀ ਜਨ ਆਖੀ

ਸੁਣਿ ਸੁਣਿ ਜੀਵੈ ਦਾਸੁ ਤੁਮ੍ ਬਾਣੀ ਜਨ ਆਖੀ ॥ *(ਪੰਨਾ ੮੧੪)*

ਗੁਰੂ ਜਨ ਦੀ ਆਖੀ (ਵਖਾਣੀ) ਬਾਣੀ ਸੁਣਿ ਸੁਣ ਕੇ ਤੁਮਰਾ ਦਾਸੁ ਜੀਵੰਦਾ ਹੈ। 'ਸੁਣਿ ਸੁਣਿ' ਦੇ ਦੋਹਾਂ ਣਾਣਿਆਂ ਦੀਆਂ ਸਿਹਾਰੀਆਂ 'ਕੇ' ਦੇ ਅਰਥ ਰਖਦੀਆਂ ਹਨ। ਸੁਣਿ ਸੁਣਿ ਕੇ। 'ਜੀਵੈ'—ਜੀਉਂਦਾ ਹੈ। ਵਾਵੇ ਦੀਆਂ ਦੁਲਾਈਆਂ ਇਕ-ਵਚਨ ਵਰਤਮਾਨ ਕਾਲੀ ਪਹਿਰਾ (singular present tense) ਰਖਦਾ ਹੈ, ਕਿਉਂਕਿ 'ਜੀਵੈ' ਕਿਰਿਆ (verb) ਦਾ ਕਰਤਾ (ਫਾਇਲ) 'ਦਾਸੁ' ਇਕ-ਵਚਨ ਨਾਂਵ

bsrstrust.org

(singular noun) ਹੈ, ਕਿਉਂਕਿ ਇਸ ਦੇ ਸੱਸੇ ਅੱਖਰ ਨੂੰ ਔਂਕੜ ਲਗਾ ਹੋਇਆ ਹੈ। 'ਤੁਮ੍' ਪਦ ਦਾ ਪਾਠ 'ਦਾਸੁ' ਨਾਲਿ ਉਠੇਗਾ। ਬਿਸਰਾਮ 'ਤੁਮ੍' ਤੇ ਹੈ 'ਦਾਸੁ' ਤੇ ਨਹੀਂ। ਤਾਂ ਤੇ 'ਤੁਮ੍ ਬਾਣੀ' ਪਾਠ ਨਹੀਂ ਬਣਦਾ 'ਜਨ ਆਖੀ' ਦੇ ਅਰਥ ਜਨ 'ਨੇ' ਆਖੀ ਨਹੀਂ ਹੋ ਸਕਦੇ ਕਿਉਂਕਿ 'ਜਨ' ਦਾ ਅੱਖਰ ਨੰਨਾ ਮੁਕਤਾ ਹੈ। ਇਸ ਨੂੰ ਸਿਹਾਰੀ ਨਹੀਂ ਲਗੀ ਹੋਈ ਜੋ 'ਨੇ' ਦੇ ਅਰਥ ਦਿੰਦੀ। ਜਨ ਦੀ ਆਖੀ ਬਾਣੀ ਅਰਥ ਲਗਮਾਤ੍ਰੀ ਨਿਯਮਾਂ ਅਨੁਸਾਰ, ਇਕੋ ਸਹੀ ਅਰਥ ਹੈ। ਨੰਨਾ ਮੁਕਤਾ 'ਦਾ' 'ਦੇ' 'ਦੀ' ਵਾਲੇ ਅਰਥ ਤਾਂ ਰਖਦਾ ਹੈ, 'ਨਾ' 'ਨੇ' 'ਨੀ' ਦੇ ਅਰਥ ਨਹੀਂ ਦਿੰਦਾ।

ਅੰਮ੍ਰਿਤ ਨਾਮੁ ਜਲੁ

ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ॥ *(ਪੰਨਾ ੮੧੪)*

ਅੰਮ੍ਰਿਤ ਕਲਾ ਵਾਲਾ ਨਾਮੁ ਰੂਪੀ ਜਲ ਸੰਚਰਿਆ (ਪਰਵੇਸ਼ ਕੀਤਾ) ਗੁਰੂ ਸਾਹਿਬ ਸਹਾਈ ਭਏ ਹੈਂ। 'ਅੰਮ੍ਰਿਤ' ਪਦ ਵਿਸ਼ੇਸ਼ਣ (adjective) ਹੈ। 'ਨਾਮੁ ਜਲੁ' ਦੋਹਾਂ ਪਦਾਂ ਦੇ ਅਖ਼ੀਰਲੇ ਅੱਖਰਾਂ ਨੂੰ ਔਂਕੜ ਇਸ ਕਰਕੇ ਹਨ ਕਿ 'ਨਾਮੁ' ਦੇ ਮੰਮੇ ਅੱਖਰ ਦਾ ਔਂਕੜ ਤਾਂ 'ਮਈ' ਦੇ ਅਰਥ ਰਖਦਾ ਹੈ। ਜਿਥੇ ਭੀ 'ਮਈ' ਦੀ ਭਾਵ ਅਰਥਨੀ ਹੋਵੇ ਉਥੇ ਔਂਕੜ ਲਗਦਾ ਹੈ ਪਿਛਲੇ ਅੱਖਰ ਨੂੰ। 'ਜਲੁ' ਇਕ-ਵਚਨ ਨਾਂਵ (singular noun) ਹੈ ਜਿਸ ਕਰਕੇ ਇਸਦੇ ਲੱਲੇ ਅੱਖਰ ਨੂੰ ਔਂਕੜ ਲਗਾ ਹੈ। 'ਗੁਰ' ਪਦ ਦਾ ਰਾਰਾ ਅੱਖਰ ਇਓਂ ਮੁਕਤਾ ਹੈ ਕਿ 'ਗੁਰ' ਪਦ ਸਤਿਕਾਰ ਵਜੋਂ ਗੁਰੂ ਸਾਹਿਬ ਦੇ ਅਰਥਾਂ ਵਿਚਿ ਬਹੁ-ਵਚਨ ਦੀ ਸੰਭਾਵਨਾ ਦਿੰਦਾ ਹੈ। ਏਸੇ ਕਰਕੇ 'ਭਏ' ਬਹੁ-ਵਚਨ ਕਿਰਿਆ ਦੀ ਸ਼ਕਲ ਵਿਚਿ ਆਇਆ ਹੈ—ਗੁਰੂ ਸਾਹਿਬ ਸਹਾਈ ਭਏ ਹੈਂ। ਗੁਰੂ ਹੈ ਤਾਂ ਇਕ-ਵਚਨ (singular proper noun), ਸਤਕਾਰਤ ਹੋਣ ਕਰਿ ਬਹੁ-ਵਚਨ ਅੱਖਰ ਲਿਖਤ ਵਿਚਿ ਆਇਆ ਹੈ। ਏਵੇਂ ਜਿਵੇਂ ਜਿਥੇ ਭੀ ਸਤਿਕਾਰ ਭਾਵਨਾ ਮਨਜ਼ੂਰ ਹੈ, ਤਿਥੇ ਤਿਥੇ ਔਂਕੜ ਉਡ ਕੇ ਪਿਛਲਾ ਅੱਖਰ ਮੁਕਤਾ ਰਹਿ ਜਾਂਦਾ ਹੈ। ਸਾਰੀ ਗੁਰਬਾਣੀ ਵਿਚਿ ਇਹੋ ਨਿਯਮ ਹੈ।

ਮਹਾ ਮੰਤ੍ਰੁ

ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ॥ *(ਪੰਨਾ ੮੧੪)*

ਗੁਰਮਤਿ ਨਾਮ ਵਾਹਿਗੁਰੂ ਮੰਤ੍ਰਾਂ ਸਿਰ ਮੰਤ੍ਰ ਖਾਸੁ ਮਹਾਂ ਮੰਤ੍ਰ ਹੈ। ਜਿਸ ਨੂੰ ਕੇਵਲ ਗੁਰੂ ਨਾਨਕ ਹੀ ਕਥ ਸਕਦਾ ਹੈ। ਵਾਹਿਗੁਰੂ ਅਤੇ ਵਾਹਿਗੁਰੂ ਨਾਮ ਦੀ ਮਹਿਮਾ ਗਾ ਗਾ ਕੇ ਕਥਦਾ ਹੈ। 'ਮੰਤ੍ਰ' ਨੂੰ ਔਂਕੜ ਖ਼ਾਸ ਵਿਸ਼ੇਸ਼ਤਾ ਰਖਦਾ ਹੈ ਇਕੋ ਨਾਮ ਦੀ ਮਨਸੂਬੀਅਤ ਵਾਲੀ। ਕੇਵਲ ਗੁਰੂ ਨਾਨਕ ਸਾਹਿਬ ਹੀ ਇਸ ਨਾਮੁ ਮਹਾਂ ਮੰਤ੍ਰ ਦਾ ਪ੍ਰਕਾਸ਼ ਕਰਨ ਹਾਰ ਹੈ। ਇਸ ਕਰਕੇ ਖ਼ਾਸ ਵਿਸ਼ੇਸ਼ਤਾ ਦੇ ਕਾਰਨ 'ਨਾਨਕੁ' ਪਦ ਦੇ

bsrstrust.org

ਕੱਕੇ ਅੱਖਰ ਨੂੰ ਏਥੇ ਔਂਕੜ ਲਗਾ ਹੋਇਆ ਹੈ। ਜੋ ਲੋਗ ਇਹ ਅਰਥ ਕਰਦੇ ਹਨ ਕਿ ਹਰਿ ਕੇ ਗੁਣ ਗਾਂਵਦਾ ਹੈ, ਗੁਰੂ ਨਾਨਕ ਦਾ ਕਥਿਆ ਮਹਾਂ ਮੰਤ੍ਰ ਹੈ, ਉਹਨਾਂ ਨੂੰ ਲਗਮਾਤ੍ਰੀ ਨਿਯਮਾਂ ਦਾ ਬੋਧ ਨਹੀਂ।

ਬੇਦ, ਸਾਸਤ੍ਰ, ਸਿਮ੍ਰਿਤਿ

ਰੈਣਿ ਅੰਧਾਰੀ ਨਿਰਮਲ ਜੋਤਿ॥ ਨਾਮ ਬਿਨਾ ਝੂਠੇ ਕੁਚਲ ਕਛੋਤਿ॥
ਬੇਦੁ ਪੁਕਾਰੈ ਭਗਤਿ ਸਰੋਤਿ॥ ਸੁਣਿ ਸੁਣਿ ਮਾਨੈ ਵੇਖੈ ਜੋਤਿ॥੬॥
ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ॥ ਗੁਰਮੁਖਿ ਸਾਂਤਿ ਊਤਮ ਕਰਾਮੰ॥
ਮਨਮੁਖਿ ਜੋਨੀ ਦੂਖ ਸਹਾਮੰ॥ ਬੰਧਨ ਤੂਟੇ ਇਕੁ ਨਾਮੁ ਵਸਾਮੰ॥੭॥

(ਬਿਲਾਵਲੁ ਅਸਟ: ਮ: ੧, ਪੰਨਾ ੮੩੧)

ਕਥਨੀ ਕਰਕੇ ਤਾਂ ਬਥੇਰੇ ਕਹਿੰਦੇ ਹਨ ਕਿ ਉਮਰ ਰੂਪੀ ਹਨੇਰੀ ਰਾਤ ਵਿਚ ਵਾਹਿਗੁਰੂ ਦੀ ਜੋਤਿ ਹੀ ਨਿਰਮਲ ਹੈ, ਚਾਨਣਾ ਦੇਣ ਵਾਲੀ। ਪਰ ਇਹ ਸਭ ਕਹਿਣੀ ਉਹਨਾਂ ਦੀ ਕਥਨੀ ਮਾਤ੍ਰ ਹੀ ਹੈ। ਨਾਮ ਬਿਨਾਂ, ਨਾਮ ਦੀ ਕਮਾਈ ਕੀਤੇ ਬਿਨਾਂ ਐਸਾ ਕਹਿਣ ਵਾਲੇ ਸਭ ਝੂਠੇ ਹਨ, ਕਿਉਂਕਿ ਨਾਮ ਬਿਨਾਂ ਚਾਨਣਾ ਹੁੰਦਾ ਹੀ ਨਹੀਂ। ਤਾਂ ਤੇ ਕਥਨੀ ਮਾਤ੍ਰ ਗੱਪਾਂ ਮਾਰਨ ਵਾਲੇ ਅੰਨ੍ਹੇ ਹਨ। ਨਾਮ ਰੂਪੀ ਤੱਤ ਜੋਤਿ ਪ੍ਰਚੰਡ ਗਿਆਨ ਬਿਨਾਂ ਅਗਿਆਨ ਕਰਕੇ ਕੁਚੀਲ ਅਤੇ ਅਪਵਿਤ੍ਰ ਹਨ। ਬੇਦੁ ਭੀ ਸਰੋਤ ਦੁਆਰਾ ਸੁਣੀ ਸੁਣਾਈ ਭਗਤੀ ਪੁਕਾਰਦਾ ਹੈ। ਸੁਣਿ ਸੁਣਿ ਕੇ ਹੀ ਜੋਤਿ ਨੂੰ ਵੇਖਣ ਵਾਲੀ ਗੱਲ ਨੂੰ ਮੰਨਦਾ ਹੈ। ਉਸ ਨੂੰ ਅੰਦਰੋਂ ਇਹ ਗੱਲ ਦ੍ਰਿੜ੍ਹ ਨਹੀਂ। ਕੇਵਲ ਨਾਮ ਕਰਕੇ ਹੀ ਇਹ ਦ੍ਰਿੜ੍ਹਤਾ ਹੋ ਸਕਦੀ ਹੈ। ਤਾਂ ਤੇ ਗੁਰਮਤਿ ਅੰਦਰਿ ਤਾਂ ਨਾਮ ਜਿਸ ਨੂੰ ਦ੍ਰਿੜ੍ਹ ਹੋ ਗਿਆ ਉਸੇ ਨੂੰ ਵਾਹਿਗੁਰੂ ਦੀ ਜੋਤਿ ਦੇ ਪਰਤੱਖ ਦਿਦਾਰੇ ਹੁੰਦੇ ਹਨ। ਤਾਂ ਤੇ ਗੁਰੂ ਘਰ ਅੰਦਰਿ ਨਾਮ ਦ੍ਰਿੜੰਮੀ ਗਿਆਨ ਕਲਾ ਹੀ ਪਰਵਾਣ ਹੈ। ਏਹੋ ਨਾਮ ਮਈ ਤੱਤ ਪ੍ਰਚੰਡ ਗਿਆਨੁ ਹੀ ਭਾਵ ਨਾਮੁ ਗੁਰਬਾਣੀ ਹੀ ਗੁਰ ਸਿਖਾਂ ਦਾ ਸਿਮ੍ਰਿਤਿ ਸਾਸਤ੍ਰ ਹੈ। ਏਹੋ ਪ੍ਰਚੰਡ ਗਿਆਨ ਦ੍ਰਿੜੰਮਨੀ ਨਾਮੁ ਹੀ ਗੁਰ ਸਿਖਾਂ ਦਾ ਬੇਦ ਹੈ। ਹੋਰ ਕੋਈ ਬੇਦ, ਸਿਮ੍ਰਿਤੀਆਂ ਅਤੇ ਸ਼ਾਸਤ੍ਰ ਗੁਰਮਤਿ ਅੰਦਰਿ ਪਰਵਾਨ ਨਹੀਂ। ਨਾਮ ਰੂਪੀ ਉਤਮ ਸਰਬ ਸ੍ਰੇਸ਼ਟ ਕਰਮ ਕਰੰਦਿਆਂ ਹੀ ਗੁਰਮੁਖਾਂ ਨੂੰ ਸ਼ਾਂਤਿ ਉਪਜਦੀ ਹੈ। ਨਹੀਂ ਤਾ ਨਾਮ ਤੋਂ ਘੁੱਥੇ, ਨਾਮ ਰੂਪੀ ਗਿਆਨ ਤੋਂ ਗੁਮਰਾਹ, ਨਾਮ ਰੂਪੀ ਬੇਦ ਸਿਮ੍ਰਿਤਿ ਸਾਸਤ੍ਰ ਤੋਂ ਹੀਣੇ ਮਨਮੁਖ ਪੁਰਸ਼ (ਜੋ ਆਨਮਤ ਬੇਦਾਂ ਸ਼ਾਸਤ੍ਰਾਂ ਸਿਮ੍ਰਿਤੀਆਂ ਵਲ ਲਗੇ ਹੋਏ ਹਨ) ਸਭ ਦੁਖ ਹੀ ਦੁਖ ਸਹਿੰਦੇ ਹਨ ਅਤੇ ਸਹਿਣਗੇ, ਸਹਿੰਦੇ ਰਹਿਣਗੇ ਜੂਨੀਆਂ ਵਿਚ ਪੈ ਪੈ। ਇਹ ਜੂਨੀਆਂ ਵਿਚਿ ਪੈਣ ਦੇ ਦੁਖ ਰੂਪ ਬੰਧਨ ਤਦੇ ਟੁੱਟ ਸਕਦੇ ਹਨ ਜੇ ਇਕ ਗੁਰਮਤਿ ਨਾਮੁ ਮਨ ਵਿਚਿ ਵਸਿ ਜਾਵੇ।

ਏਹਨਾਂ ਉਪਰਲੇ ਅਰਥਾਂ ਤੋਂ ਉਲਟ ਜੋ ਏਹ ਅਰਥ ਕਰਦੇ ਹਨ ਕਿ 'ਵੇਦ ਭਗਤੀ ਦੀ ਧੁਨੀ ਦਾ ਹੋਕਾ ਦਿੰਦਾ ਹੈ। ਇਸ ਧੁਨੀ ਨੂੰ ਸੁਣ ਸੁਣ ਕੇ ਜੋ ਮੰਨਦਾ ਹੈ, ਓਹੋ ਇਸ ਜੋਤਿ ਵਾਹਿਗੁਰੂ ਨੂੰ ਦੇਖਦਾ ਹੈ,' ਓਹ ਗੁਰਬਾਣੀ ਲਗਮਾਤ੍ਰੀ ਦੇ ਗੁੱਝੇ ਭੇਦੀ

bsrstrust.org

ਅਰਥਾਂ ਤੋਂ ਅਗਿਆਤ ਹਨ। ਤਿਨ੍ਹਾਂ ਦੇ ਏਹ ਅਰਥ ਕਰਨੇ ਅਨਰਥ ਹਨ। ਫੇਰ ਓਹ ਇਹ ਭੀ ਕਹਿੰਦੇ ਹਨ ਕਿ ਆਨਮਤ ਧਾਰਮਕ ਪੁਸਤਕਾਂ ਸ਼ਾਸਤ੍ਰ ਸਿਮ੍ਰਿਤੀਆਂ ਆਦਿਕ ਨਾਮ ਦੀ ਹੀ ਸਿਖਿਆ ਦਿੰਦੀਆਂ ਹਨ। ਏਹ ਭੀ ਓਹਨਾਂ ਦੇ ਅਨਰਥ ਹਨ। ਓਹ ਕਹਿੰਦੇ ਹਨ ਕਿ ਸਿਮ੍ਰਿਤਿ ਸਾਸਤ੍ਰ ਨੇ ਭੀ ਨਾਮੁ ਦ੍ਰਿੜ੍ਹਾਇਆ ਹੈ। ਇਹ ਗੁਰਮਤਿ ਆਸ਼ੇ ਤੋਂ ਉਲਟੀ ਬੁਧੀ ਵਾਲਿਆਂ ਦੀ ਵਿਆਖਿਆ ਹੈ ਅਤੇ ਲਗਮਾਤ੍ਰੀ ਨਿਯਮਾਂ ਤੋਂ ਵਿਰੁੱਧ ਹੈ।

'ਸਾਸਤ੍ਰ' ਦੇ ਪਿਛਲੇ ਅੱਖਰ ਨੂੰ ਸਿਹਾਰੀ ਨਹੀਂ। ਸਿਹਾਰੀ ਬਿਨਾਂ 'ਨੇ' ਦੇ ਅਰਥ ਬਣ ਹੀ ਨਹੀਂ ਸਕਦੇ, ਨਾ ਹੀ 'ਨਾਮ' ਦੇ ਮੰਮੇ ਨੂੰ ਔਂਕੜ ਹੈ, ਜਾਂ ਤੇ ਨਾਮੁ ਹੀ ਦ੍ਰਿੜ੍ਹਾਇਆ ਦੇ ਅਰਥ ਬਣ ਸਕਣ। ਨਾਮ ਦਾ ਦ੍ਰਿੜ੍ਹਨਾ ਦ੍ਰਿੜ੍ਹਾਉਣਾ ਹੀ ਗੁਰਮਤਿ ਦੀ ਸ਼ਾਸਤ੍ਰ ਸਿਮ੍ਰਿਤਾਣੀ ਮਤਿ ਹੈ। ਇਸ ਤੋਂ ਬਿਨਾਂ ਹੋਰ ਕੋਈ ਸਿਮ੍ਰਿਤਿ ਸਾਸਤ੍ਰ ਨਹੀਂ। "ਬੇਦੁ ਪੁਕਾਰੈ ਭਗਤਿ ਸਰੋਤਿ" ਪੰਗਤੀ ਅੰਦਰਿ ਭੀ 'ਸਰੋਤਿ' ਪਦ ਦੇ ਤੱਤੇ ਨੂੰ ਜੋ ਸਿਹਾਰੀ ਹੈ ਓਹ 'ਕਰਕੇ' ਦਾ ਅਰਥ ਦਿੰਦੀ ਹੈ। 'ਸਰੋਤ ਕਰਕੇ' ਭਾਵ ਸੁਣੀ ਸੁਣਾਈ ਭਗਤੀ ਹੀ ਵੇਦੁ ਪੁਕਾਰਦਾ ਹੈ। 'ਭਗਤਿ' ਪਦ ਦੇ ਤੱਤੇ ਨੂੰ ਸਿਹਾਰੀ ਹੋਣ ਕਰਕੇ ਇਸ ਪਦ ਦੇ ਅਰਥ ਭਗਤੀ ਦੇ ਹਨ। "ਸੁਣਿ ਸੁਣਿ ਮਾਨੈ" ਕਉਣ, ਦਾ ਉਤ੍ਰ 'ਵੇਦੁ', ਜਿਸ ਦੇ ਦੱਦੇ ਅੱਖਰ ਨੂੰ ਔਂਕੜ ਹੋਣ ਕਰ ਕੇ ਇਹ 'ਵੇਦੁ' ਪਦ 'ਮਾਨੈ' ਕਿਰਿਆ ਦਾ ਕਰਤਾ ਬਣਦਾ ਹੈ। ਵੇਦੁ ਵਿਚਾਰਾ ਸੁਣਿ ਸੁਣਿ ਕੇ ਹੀ ਮੰਨਦਾ ਹੈ। ਜੋਤਿ ਵੇਖਣ ਵਾਲੀ ਗੱਲ ਨੂੰ ਵਿਚਾਰੇ ਨੇ (ਵੇਦ ਨੇ) ਵੇਖਿਆ ਨਹੀਂ। ਪਰਤੱਖ ਦਰਸ਼ਨ ਦਾ ਉਸ ਨੂੰ ਕੱਖ ਭੀ ਗਿਆਨ ਨਹੀਂ। ਉਪਰਲੀਆਂ ਪੰਗਤੀਆਂ ਵਾਲਾ ਸਾਰਾ ਗੁਰਵਾਕ ਹੀ ਮੁੱਢ ਤੋਂ ਗੁਰਮਤਿ ਨਾਮੁ ਨੂੰ ਹੀ ਗਿਆਨ ਪਦਾਰਥ ਦਸਦਾ ਹੈ ਅਤੇ ਸਾਫ਼ ਦ੍ਰਿੜ੍ਹਾਉਂਦਾ ਹੈ ਕਿ ਇਹ ਜੋਤਿ ਪ੍ਰਚੰਡਨੀ ਗਿਆਨ ਕੇਵਲ ਨਾਮ ਦੀ ਅਭਿਆਸ ਕਮਾਈ ਤੋਂ ਪਰਜੁਲਤ ਹੁੰਦਾ ਹੈ। ਆਨਮਤ ਧਰਮ ਪੁਸਤਕਾਂ ਨੂੰ ਇਸ ਪ੍ਰਚੰਡ ਗਿਆਨ ਦਾ ਪਤਾ ਹੀ ਨਹੀਂ। ਓਹਨਾਂ ਨੇ ਦ੍ਰਿੜ੍ਹਾਉਣਾ ਕੀ ਸੀ। ਦੇਖੋ ਸਾਰਾ ਸ਼ਬਦ ਜਿਸ ਦੀ ਵਖਰੀ ਵਿਆਖਿਆ ਪੁਸਤਕ *ਵੇਦ ਸ਼ਾਸਤ੍ਰ ਖੰਡਨੀ* ਵਿਚਿ ਕੀਤੀ ਜਾਵੇਗੀ।

ਨਾਮ ਬਾਣੀ ਹੀ ਸਿਮ੍ਰਿਤਿ ਸਾਸਤ੍ਰ ਹੈ

ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ॥

(ਪੰਨਾ ੮੩੪)

ਭਾਵ, ਗੁਰਮਤਿ ਅੰਦਰਿ ਸਰਬ ਕਲਿਆਣਾਂ ਨਾਮ ਵਿਚ ਹੀ ਹਨ। ਨਾਮੁ ਜਪਣਾ ਹੀ ਪਰਮ ਆਦਰਸ਼ ਹੈ। ਨਾਮ ਦੁਆਰਾ ਮੁਕਤਿ ਪ੍ਰਾਪਤਿ ਹੁੰਦੀ ਹੈ। ਗੁਰਮਤਿ ਨਾਮ ਦ੍ਰਿੜ੍ਹ ਹੋਣ ਵਿਚਿ ਸਿਮ੍ਰਿਤ ਸ਼ਾਸਤ੍ਰ ਸਭ ਆ ਜਾਂਦੇ ਹਨ। ਨਾਮ ਤੋਂ ਭਿੰਨ, ਨਾਮ ਤੋਂ ਵਧੇਰੇ ਹੋਰ ਸਿਮ੍ਰਿਤ ਸ਼ਾਸਤ੍ਰ ਕੇਹੜੇ ਹਨ ? ਗੁਰਮਤਿ ਅੰਦਰਿ ਗੁਰ ਸਿਖਾਂ ਦੇ ਭਾ ਦਾ ਨਾਮ ਹੀ ਸਿਮ੍ਰਤੀ ਹੈ, ਨਾਮ ਹੀ ਸ਼ਾਸਤ੍ਰ ਹੈ। ਅਰਥਈਏ ਲੋਗ ਏਹ ਅਰਥ ਗ਼ਲਤ ਕਰਦੇ ਹਨ 'ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ' ਵਾਲੀ ਪੰਗਤੀ ਦੇ, ਕਿਉਂਕਿ

bsrstrust.org

'ਸਾਸਤ੍ਰ' ਪਦ ਨੂੰ ਸਿਹਾਰੀ ਨਹੀਂ ਇਸ ਕਰਕੇ 'ਨੇ' ਦੇ ਅਰਥ ਹੋ ਹੀ ਨਹੀਂ ਸਕਦੇ। ਬਸ ਨਾਮ ਬਾਣੀ ਹੀ ਸਾਡੇ ਸਿਮ੍ਰਿਤਿ ਸ਼ਾਸਤ੍ਰ ਹਨ।

ਪ੍ਰਭੁ

ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ॥

(ਪੰਨਾ ੮੩੬)

ਗੁਰਮਤਿ ਨਾਮ ਅਭਿਆਸ ਕਮਾਈਆਂ ਸਰਧਾ ਸੇਤੀ ਕਰਕੇ ਮੈਂ ਅਜੇਹੀ ਸਰਧਾ ਦੀ ਸੇਜ ਆਪਣੇ ਘਟ ਅੰਦਰਿ ਵਿਛਾਈ ਕਿ ਪ੍ਰਭੂ ਪਰਮਾਤਮਾ ਮਾਇਲ ਹੋ ਗਿਆ। ਐਸਾ ਮਾਇਲ ਹੋਇਆ ਕਿ ਛਡਿ ਨਹੀਂ ਸਕਦਾ ਮੇਰੀ ਸੇਜੜੀ ਨੂੰ। ਮੇਰੀ ਸੇਜੜੀ ਬਹੁਤ ਹੀ ਪ੍ਰਭੂ ਦੇ ਮਨ ਅੰਦਰਿ ਭਾ ਗਈ ਹੋਈ ਹੈ। ਭਾਵ ਸੇਜ ਰਾਵਣ ਹਾਰੇ ਪ੍ਰਭੂ ਪਿਰੀ ਨੂੰ ਮੈਂ ਬਹੁਤ ਭਾ ਗਈ ਹੋਈ ਹਾਂ। ਉਹ ਮੈਨੂੰ ਹੁਣ ਛਡ ਨਹੀਂ ਸਕਦਾ। ਮੇਰੀ ਸੇਜੜੀ ਸਰਧਾ ਦੀ ਸੇਜੜੀ ਉਤੇ ਉਹ ਐਸਾ ਮਸਤ ਹੋਇਆ ਹੈ ਜੋ ਪ੍ਰਭੂ ਨੂੰ ਬਹੁਤ ਭਾ ਗਈ ਹਾਂ। ਇਹ ਅਰਥ ਠੀਕ ਨਹੀਂ ਕਿ ਪ੍ਰਭੂ ਨੂੰ ਛਡਿ ਨਹੀਂ ਸਕਦੀ। ਏਹ ਗ਼ਲਤ ਹਨ। ਪ੍ਰਭੂ ਨਹੀਂ ਛਡਿ ਸਕਦਾ ਠੀਕ ਹਨ। 'ਪ੍ਰਭੁ' ਪਦ ਦੇ ਭੱਭੇ ਅੱਖਰ ਨੂੰ ਔਂਕੜ ਦੂਜੇ ਅਰਥ ਹੋਣ ਹੀ ਨਹੀਂ ਦਿੰਦਾ। 'ਨੂੰ' ਦੇ ਅਰਥਾਂ ਦੀ ਸੰਭਾਵਨਾ ਔਂਕੜ ਉੜਾ ਦਿੰਦਾ ਹੈ। ਏਹਨਾਂ ਠੀਕ ਅਰਥਾਂ ਦੀ ਪ੍ਰੋੜ੍ਹਤਾ ਏਦੂੰ ਇਕ ਦੋ ਤੁਕਾਂ ਛਡ ਕੇ ਪਹਿਲੀ ਤੁਕ ਏਸੇ ਸ਼ਬਦ ਦੀ ਇਉਂ ਕਰਾਉਂਦੀ ਹੈ:

ਰਸਿ ਰਸਿ ਭੋਗ ਕਰੇ ਪ੍ਰਭੁ ਮੇਹਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ॥

ਸੇਜੇ ਰਮਤ ਰਾਮਈਆ ਸੇਜ ਨੂੰ ਰਾਵਿ ਰਾਵਿ ਆਤਮ ਭੋਗ ਲਗਾਉਂਦਾ ਹੈ। ਇਕ ਵਾਰ ਭੋਗ ਕਰਨ ਦਾ ਰਸੀਆ ਹੋ ਕੇ ਰੀਸਾਲੂ ਕੰਤੜਾ ਫੇਰ ਸਦਾ ਭੋਗੁ ਕਰੀ ਹੀ ਜਾਂਦਾ ਹੈ। ਛਡਦਾ ਨਹੀਂ। ਛਡ ਸਕਦਾ ਹੀ ਨਹੀਂ। ਐਸਾ ਵਸਗਤਿ ਕੀਤਾ ਹੋਇਆ ਹੁੰਦਾ ਹੈ, ਰਸ ਰਸਾਇਣੀ ਸੇਜੜੀ ਦਾ।

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥

(ਪੰਨਾ ੨੪੯)

ਪ੍ਰੀਤਮ

ਧਨ ਭਾਇ ਭਗਤੀ ਦੇਖਿ ਪ੍ਰੀਤਮ ਕਾਮ ਕ੍ਰੋਧੁ ਨਿਵਾਰਿਆ॥
ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ॥ *(ਪੰਨਾ ੮੪੩)*

ਪ੍ਰੀਤਮ ਨੂੰ ਦੇਖ ਕੇ ਭਗਤੀ ਦੁਆਰਾ ਧਨ (ਇਸਤ੍ਰੀ ਦਾ ਕਾਮੁ ਕ੍ਰੋਧੁ ਨਿਵਾਰਿਆ ਗਿਆ। ਅਜੇਹੇ ਗੁਰੂ ਨਾਨਕ ਦੇ ਘਰ ਦੀ ਸੁੰਦਰੀ ਨਵਲ ਨਵੇਲੀ ਗੁਰਮੁਖਿ ਜਗਿਆਸਾ ਇਸਤਰੀ ਨੂੰ ਦੇਖ ਕੇ ਪਿਰੀ ਪ੍ਰੀਤਮੁ ਪਰਮੇਸਰ ਸੰਤੁਸ਼ਟ

bsrstrust.org

(ਸੁਪ੍ਰਸੰਨ) ਹੋ ਗਿਆ। ਇਹ ਅਰਥ ਠੀਕ ਨਹੀਂ ਜੈਸਾ ਕਿ ਸ਼ਬਦਾਰਥੀ ਅਰਥਈਏ ਕਰਦੇ ਹਨ ਕਿ 'ਇਸਤ੍ਰੀ ਦੀ ਪ੍ਰੇਮਾ ਭਗਤੀ ਦੇਖ ਕੇ ਪ੍ਰੀਤਮੁ ਉਸਦਾ ਕਾਮੁ ਕ੍ਰੋਧੁ ਦੂਰ ਕਰਦਾ ਹੈ ਅਤੇ ਨਵੇਂ ਨਵੇਲੇ ਪਿਰ ਨੂੰ ਦੇਖ ਕੇ ਇਸਤ੍ਰੀ ਆਸਰੇ ਸਹਿਤ ਹੋ ਗਈ।' ਕਿਉਂਕਿ ਪਹਿਲੀ ਤੁਕ ਵਿਚਿ 'ਪ੍ਰੀਤਮ' ਪਦ ਦੇ ਛੇਕੜਲੇ ਅੱਖਰ ਮੰਮੇ ਨੂੰ ਔਂਕੜ ਨਹੀਂ। ਇਸ ਕਰਕੇ 'ਪ੍ਰੀਤਮ' ਏਥੇ ਕਰਤਾ (subject) ਨਹੀਂ ਹੋ ਸਕਦਾ। ਤਾਂ ਤੇ 'ਪ੍ਰੀਤਮ ਨੂੰ' ਹੀ ਅਰਥ ਲਗਣਗੇ। ਦੂਜੀ ਤੁਕ ਵਿਚਿ 'ਪਿਰੁ' ਦੇ ਪਿਛਲੇ ਅੱਖਰ ਰਾਰੇ ਨੂੰ ਔਂਕੜ ਹੈ ਇਸ ਕਰਕੇ ਇਸ ਦੇ ਅਰਥ 'ਪਿਰ ਨੂੰ' ਨਹੀਂ ਹੋ ਸਕਦੇ। 'ਦੇਖਿ' ਪਿਛੇ 'ਮੁੰਧ' ਨਾਲਿ ਲਗੇਗਾ 'ਪਿਰੁ' ਨਾਲਿ ਨਹੀਂ। 'ਪਿਰੁ' ਪਦ ਏਥੇ ਕਰਤਾ (subject) ਹੈ। ਪਿਰੁ ਮੁੰਧ ਨੂੰ ਦੇਖ ਕੇ ਸੰਤੁਸ਼ਟ ਹੋਇਆ ਨਾ ਕਿ ਮੁੰਧ ਪਿਰ ਨੂੰ ਦੇਖ ਕੇ ਆਸਰੇ ਸਹਿਤ ਹੋਈ।

ਸੂਰਜ ਕਿਰਣਿ

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥ *(ਪੰਨਾ ੮੪੬)*

ਗੁਰਮਤਿ ਅਨੁਸਾਰ ਸੰਪੂਰਨ ਅਭੇਦਤਾ ਵਾਲਾ ਮਿਲਾਪ ਇਉਂ ਦਸਿਆ ਹੈ— ਪਰਮਾਤਮਾ ਵਾਹਿਗੁਰੂ ਸਾਹਿਬ ਰੂਪੀ ਸੂਰਜ ਖ਼ੁਦ ਆ ਕੇ (ਘਟ ਵਿਖੇ ਵੱਠ ਕੇ) ਆਤਮ ਕਿਰਣ ਵਿਚਿ ਮਿਲ ਗਏ (ਅਭੇਦ ਹੋ ਗਏ), ਐਸੇ ਅਭੇਦ ਹੋਏ ਜਿਵੇਂ ਜਲ ਦਾ ਜਲ ਹੀ ਹੋ ਜਾਂਦਾ ਹੈ। ਜਲ ਸਮੁੰਦਰ ਨੇ ਜਲ ਤ੍ਰੰਗ ਨੂੰ ਭਿੰਨ ਕੇ ਆਪਣੇ ਸਮਾਨ ਹੀ ਕਰ ਲਿਆ ਹੈ। 'ਕਿਰਣ ਸੂਰਜ ਵਿਖੇ ਆ ਮਿਲੀ' ਅਰਥ ਠੀਕ ਨਹੀਂ। ਕਿਉਂਕਿ 'ਸੂਰਜ' ਪਦ ਦੇ ਜੱਜੇ ਅੱਖਰ ਨੂੰ ਸਿਹਾਰੀ ਨਹੀਂ ਜੋ 'ਵਿਖੇ' ਦੇ ਥਾਉਂ 'ਕਿਰਣਿ ਮਿਲੀ' ਪਾਠ ਹੁੰਦਾ। ਇਸ ਵਿਚਿ ਸੰਦੇਹ ਨਹੀਂ ਕਿ ਕਿਰਣ ਪਦ ਦੀ ਸਿਹਾਰੀ ਹਮੇਸ਼ਾ ਇਸ ਪਦ ਨੂੰ ਲਗਦੀ ਹੈ ਇਸਤ੍ਰੀ-ਲਿੰਗ ਨਾਂਵ (feminine gender noun) ਹੋਣ ਕਰਕੇ, 'ਵਿਖੇ' ਦੇ ਅਰਥ ਭੀ ਦਿੰਦੀ ਹੈ, ਜੇ ਨਾ ਭੀ ਦੇਵੇ ਤਾਂ 'ਨੂੰ' ਦੇ ਅਰਥ ਤਾਂ ਹਨ ਹੀ। ਔਂਕੜ ਵਾਂਗੂ ਸਿਹਾਰੀ ਉਡਦੀ ਨਹੀਂ ਜਿਥੇ ਅਗੇ ਸਬੰਧਕੀ ਪਦ (preposition) ਆਵੇ। 'ਸੂਰਜ' ਪਦ ਨੂੰ ਔਂਕੜ ਇਸ ਕਰਕੇ ਨਹੀਂ ਲਗਾ ਕਿ ਵਾਹਿਗੁਰੂ ਰੂਪ ਸੂਰਜ ਹੋਣ ਕਰਕੇ ਸਤਿਕਾਰ ਵਜੋਂ ਇਸ ਪਦ ਨੂੰ ਬਹੁ-ਵਚਨੀ ਸਪੇਖਿਆ ਵਿਚਿ ਲਿਖਿਆ ਗਿਆ ਹੈ ਤਾਕਿ ਵਾਹਿਗੁਰੂ ਸਾਹਿਬ ਦੇ ਅਰਥ ਦੇਵੇ। 'ਮਿਲੇ' ਕਿਰਿਆ ਦਾ ਕਰਤਾ (Subject) 'ਸੂਰਜ' ਪਦ ਹੈ।

ਅਨਤ ਤਰੰਗੇ

...ਜਪਿ ਅਨਤ ਤਰੰਗੇ ਰਾਮ॥ *(ਪੰਨਾ ੮੪੮)*

ਨਾਮ ਅਭਿਆਸ ਦੀਆਂ ਅਨੇਕ ਲਹਿਰਾਂ (ਤਰੰਗਾਂ) ਦੁਆਰਾ ਵਾਹਿਗੁਰੂ ਨੂੰ

bsrstrust.org

ਜਪਹੁ। ਅਨੇਕ ਲਹਿਰਾਂ ਵਾਲੇ ਵਾਹਿਗੁਰੂ ਹਰੀ ਨੂੰ ਜਪੋ, ਇਹ ਅਰਥ ਠੀਕ ਨਹੀਂ। 'ਤਰੰਗੇ' ਪਦ ਏਥੇ 'ਜਪਿ' ਕਿਰਿਆ (verb) ਦਾ ਕ੍ਰਿਆ ਵਿਸ਼ੇਸ਼ਣ (adverb) ਹੈ। ਵਿਸ਼ੇਸ਼ਣ (adjective) ਨਹੀਂ 'ਰਾਮ' ਨਾਂਵ (noun) ਦਾ।

ਦੁਆਰੈ

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ *(ਪੰਨਾ ੮੫੩)*

ਜਿਸ ਦੁਆਰੇ ਤੇ ਉਬਰੀਦਾ ਹੈ, ਉਬਰ ਸਕੀਦਾ ਹੈ ਤਿਸੈ ਦੁਆਰੇ ਰਾਹੀਂ ਉਬਾਰ ਲਵੋ। ਉਬਰਨ ਉਬਾਰਨ ਵਾਲਾ ਦੁਆਰਾ ਇਕੋ ਹੀ ਦੁਆਰਾ ਹੈ। ਹੋਰ ਕੋਈ ਨਹੀਂ। 'ਉਬਰੈ' ਪਦ ਦੇ ਰਾਰੇ ਅੱਖਰ ਨੂੰ ਦੁਲਾਈਆਂ ਜੋ ਲਗੀਆਂ ਹਨ, ਏਹਨਾਂ ਨੇ ਦੁਆਰਾ ਮਖਸੂਸ ਕਰ ਦਿਤਾ ਹੈ। ਇਕੋ ਗੁਰਮਤਿ ਗੁਰੂ ਨਾਨਕ ਦਾ ਦੁਆਰਾ ਹੀ ਹੈ, ਜੋ ਉਭਾਰਨ ਵਾਲਾ ਹੈ। ਅਬੇ ਤਬੇ ਦਾ ਦੁਆਰਾ ਨਹੀਂ ਜਚਦਾ। ਇਸ ਤੇ ਇਹ ਭਾਵ ਨਹੀਂ ਕਿ ਜਣਾ ਕਣਾ ਦੁਆਰਾ ਹੀ ਉਭਾਰਨ ਵਾਲਾ ਤੇ ਉਭਾਰਨ ਦੀ ਸਮਰਥਾ ਰਖਦਾ ਹੈ। ਇਹ ਭਾਵ ਉੱਕਾ ਹੀ ਨਹੀਂ।

ਬਾਧੇ

ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ॥ *(ਪੰਨਾ ੮੫੭)*

ਹੇ ਪ੍ਰਾਣੀ ਇਸ ਮਾਇਆ ਨੂੰ ਜੋ ਤੂੰ ਗਹਿ ਕਰਕੇ ਸਿੰਚਣ ਲਗ ਪਿਆ ਹੈਂ, ਇਸ ਵਿਚਿ ਤੂੰ ਆਪਣੇ ਮਨ, ਬਚ ਕਰਮ ਕਰਤੂਤ ਦੁਆਰਾ ਬੰਨ੍ਹਿਆ ਪਿਆ ਹੈਂ। 'ਆਪ ਕਮਾਨੇ ਕਉ ਲੇ ਬਾਧੇ' ਵਾਲਾ ਗੁਰ ਭਾਵ ਹੀ ਹੈ ਇਸ ਉਪਰਲੀ ਪੰਗਤੀ ਦਾ। ਵਾਹਿਗੁਰੂ ਪ੍ਰਥਾਇ ਸੰਬੋਧਨ ਕਰਨਾ ਮਹਾਂ ਗ਼ਲਤੀ ਹੈ। ਏਹ ਸੰਬੋਧਨ ਦੇ ਅਰਥ ਸੋਭਦੇ ਹੀ ਨਹੀਂ ਜੈਸਾ ਕਿ ਸ਼ਬਦਾਰਥੀ ਗਿਆਨੀ ਕਰਦੇ ਹਨ—'ਹੇ ਵਾਹਿਗੁਰੂ ਇਸ ਮਾਇਆ ਨੂੰ ਚੰਗੀ ਤਰ੍ਹਾਂ ਰੋਕ ਕੇ ਬੰਨ੍ਹ ਰਖੋ ਆਪਣੇ ਹੁਕਮ ਨਾਲਿ।' 'ਬਾਂਧੇ' ਪਦ ਦੇ ਧੱਧੇ ਅੱਖਰ ਨੂੰ ਲਾਂਵ ਹੈ ਹੋੜਾ ਨਹੀਂ, ਜਾਂ ਤੇ 'ਬੰਨ੍ਹਿ ਰਖੋ' ਦੇ ਅਰਥ ਸੰਬੋਧਨੀ ਹੁਕਮ (imperative mood) ਦੇ ਹੋ ਜਾਣ। ਨਾ ਹੀ 'ਬਾਂਧੇ' ਪਦ ਗੁਰਬਾਣੀ ਵਿਖੇ ਕਿਤੇ 'ਬਾਧਿ' ਦੇ ਥਾਉਂ ਆਇਆ ਹੈ। ਲਾਂਵ ਕਦੇ ਭੀ ਸਿਹਾਰੀ ਦਾ ਅਰਥ ਨਹੀਂ ਪੂਰਦੀ। ਸੰਬੋਧਨ ਕਾਰਕ (vocative case) ਵਿਚਿ 'ਬਾਂਧੇ ਰਾਖਹੁ' ਕੋਈ ਗੁਰਬਾਣੀ ਅੰਦਰਿ ਵਰਤਿਆ ਗਿਆ ਮੁਹਾਵਰਾ ਨਹੀਂ। ਜੇਕਰ 'ਬਾਂਧੇ' ਦੇ ਥਾਉਂ 'ਬਾਂਧੋ' ਆਉਂਦਾ ਤਾਂ ਭੀ ਧੱਧੇ ਹੋੜੇ ਨਾਲਿ ਨ ਆਉਂਦਾ ਬਲਕਿ ਧੱਧੇ ਅੱਖਰ ਅੱਗੇ ਹਾਹਾ ਅੱਖਰ ਹੁੰਦਾ, ਔਂਕੜ ਸਹਿਤ। ਤਾਂ ਤੇ ਵਾਹਿਗੁਰੂ ਸੰਬੋਧਨ ਅਰਥ ਉੱਕੇ ਗੁਰਮਤਿ ਪ੍ਰਤਿਕੂਲ ਅਤੇ ਫ਼ਜ਼ੂਲ (ਲਚਰ) ਹਨ।

bsrstrust.org

ਸੁੰਨ ਸਮਾਨਿਆ

ਜੀਵਤ ਸੁੰਨਿ ਸਮਾਨਿਆ... ॥ *(ਪੰਨਾ ੮੫੭)*

ਜੀਂਵਦਾ ਹੀ ਅਫੁਰ ਸਹਜ ਯੋਗੀ ਸੁੰਨ ਅਵਸਥਾ ਵਾਲੇ ਜਨ ਦੇ ਸਮਾਨ ਹੋ ਗਿਆ। ਅਫੁਰ ਵਾਹਿਗੁਰੂ ਵਿਚਿ ਸਮਾ ਗਿਆ ਦੇ ਅਰਥ ਬਣਦੇ ਹੀ ਨਹੀਂ। 'ਸੁੰਨ' ਪਦ ਦੇ ਨੰਨੇ ਅੱਖਰ ਨੂੰ ਸਿਹਾਰੀ ਹੁੰਦੀ ਤਾਂ ਬਣਦੇ। ਮੁਕਤਾ ਨੰਨਾ ਅੱਖਰ 'ਵਿਚਿ' ਦੇ ਅਰਥ ਨਹੀਂ ਦਿੰਦਾ। 'ਦੇ' ਦੇ ਅਰਥ ਤਾਂ ਦੇ ਜਾਂਦਾ ਹੈ (ਲਗਮਾਤ੍ਰੀ ਨਿਯਮਾਂ ਅਨੁਸਾਰ)।

ਓਲੈ

ਕਹਿ ਕਬੀਰ ਮੇਰਾ ਮਨੁ ਮਾਨਿਆ ਰਾਮ ਪ੍ਰੀਤਿ ਕੀ ਓਲੈ ਦੇਵ ॥ *(ਪੰਨਾ ੮੫੭)*

ਰਾਮ ਪ੍ਰੀਤਿ ਕੀ ਓਟ ਵਿਚਿ ਮੇਰਾ ਮਨੁ ਮਾਨਿਆ। 'ਓਲੈ' ਪਦ ਦੀ ਦੂਜੀ ਲਾਂਵ 'ਵਿਚਿ' ਦਾ ਅਰਥ ਦਿੰਦੀ ਹੈ। 'ਕੀਓ ਲੈ ਦੇਵ' ਦਾ ਪਾਠ ਠੀਕ ਨਹੀਂ। ਨਾ ਲੈ ਕਰਨ ਵਾਲਾ ਅਰਥ ਫਬਦਾ ਹੈ, ਨਾ ਹੀ ਲੈ ਕੇ ਵਾਲਾ ਅਰਥ ਠੀਕ ਉਤਰਦਾ ਹੈ। ਲੈ—ਲੀਨ ਕੀਤਾ ਤਾਂ ਕੀਹਨੇ ਕੀਤਾ। ਨਾ ਹੀ 'ਰਾਮ' ਪਦ ਦੇ ਮੰਮੇ ਅੱਖਰ ਨੂੰ ਸਿਹਾਰੀ ਹੈ, ਜੋ 'ਨੇ' ਦੇ ਅਰਥ ਦੇਵੇ। ਅਤੇ ਨਾ ਹੀ 'ਦੇਵ' ਪਦ ਦੇ ਵਾਵੇ ਨੂੰ ਸਿਹਾਰੀ ਹੈ। ਬਿਨਾਂ ਕਰਤੇ (ਫਾਇਲ subject) ਦੇ ਫ਼ਿਕਰਾ ਬਣਦਾ ਹੀ ਨਹੀਂ। ਨਾ ਹੀ ਕਿਤੇ 'ਮੈ' ਪਦ ਹੈ ਜੋ 'ਕੀਓ ਲੈ' ਦਾ ਕਰਤਾ (ਫਾਇਲ) ਬਣ ਸਕੇ। ਲੈ ਕੇ ਪ੍ਰੀਤ ਕੀਤੀ ਫ਼ਾਲਤੂ ਅਰਥ ਹੀ ਹਨ ਅਤੇ 'ਰਾਮ ਪ੍ਰੀਤਿ ਕੀ ਓਲੈ ਦੇਵ' ਪਾਠ ਹੀ ਠੀਕ ਹੈ। ਸਬੰਧੀ ਪਦ ਦੇ ਪਿਛਲੇ ਅੱਖਰ ਦਾ ਔਂਕੜ ਹੀ ਉਡਿਆ ਕਰਦਾ ਹੈ। ਬਿਹਾਰੀ ਭਾਵ ਵਾਲੀ ਸਿਹਾਰੀ ਨਹੀਂ ਉਡਦੀ। ਅਜੇ, 'ਰਾਮ ਪ੍ਰੀਤਿ ਨੇ ਮਨ ਲੈ (ਲੀਨ) ਕਰਿ ਲਿਆ' ਦੇ ਅਰਥਾਂ ਵਿਚ 'ਕੀਉ ਲੈ ਦੇਵ' ਵਾਲਾ ਪਾਠ ਫਬ ਜਾਂਦਾ ਹੈ ਕਿਉਂਕਿ 'ਪ੍ਰੀਤਿ' ਦੇ ਤੱਤੇ ਅੱਖਰ ਦੀ ਸਿਹਾਰੀ ਕਾਇਮ ਰਹਿੰਦੀ ਹੋਈ 'ਨੇ' ਦੇ ਅਰਥ ਭੀ ਅਰਥਾ ਜਾਂਦੀ ਹੈ।

ਗੁਰ ਕੀਨਾ

ਸਫਲ ਜਨਮੁ ਮੋਕਉ ਗੁਰ ਕੀਨਾ ॥ *(ਪੰਨਾ ੮੫੭)*

ਪੰਗਤੀ ਵਿਚਿ 'ਗੁਰ' ਪਦ ਦੇ ਰਾਰੇ ਅੱਖਰ ਨੂੰ ਸਿਹਾਰੀ ਲਗਣੀ ਰਹਿ ਗਈ ਹੈ। ਰਾਰੇ ਮੁਕਤੇ ਵਾਲੇ 'ਗੁਰ' ਦੇ ਅਰਥ ਠੀਕ ਢੁਕਦੇ ਹੀ ਨਹੀਂ। ਇਕ ਪੰਗਤੀ ਛਡ ਕੇ ਅਗਲੀ ਪੰਗਤੀ 'ਗਿਆਨ ਅੰਜਨੁ ਮੋਕਉ ਗੁਰਿ ਦੀਨਾ' ਵਿਚਿ 'ਗੁਰਿ' ਪਦ ਦੇ ਰਾਰੇ ਅੱਖਰ ਨੂੰ ਸਿਹਾਰੀ ਲਗੀ ਹੋਈ ਹੈ। ਦੋਹਾਂ ਦਾ ਭਾਵ ਇਕੋ ਹੈ। ਪਹਿਲੀ ਪੰਗਤੀ ਦੇ 'ਗੁਰ' ਪਦ ਦੇ ਰਾਰੇ ਅੱਖਰ ਨੂੰ ਸਿਹਾਰੀ ਰਹੀ ਹੋਈ ਹੈ (ਲਿਖਾਰੀ ਯਾ ਛਾਪੇ ਦੀ ਗ਼ਲਤੀ ਨਾਲਿ) ਐਹੋ ਜੇਹੀਆਂ ਗ਼ਲਤੀਆਂ ਲਗਮਾਤ੍ਰਾਂ ਰਹਿ ਜਾਣ ਦੀਆਂ ਹੋ ਹੀ ਜਾਂਦੀਆਂ ਹਨ ਜੋ ਗੁਰਬਾਣੀ ਲਗਾਂਮਾਤ੍ਰਾਂ ਦੇ ਨਿਯਮਾਂ ਅਨੁਸਾਰ ਸੋਧ ਲੈਣੀਆਂ ਉਚਿਤ ਹਨ।

bsrstrust.org

ਮਨ ਹੀਨਾ

ਰਾਮ ਨਾਮ ਬਿਨੁ ਜੀਵਨੁ ਮਨ ਹੀਨਾ॥ *(ਪੰਨਾ ੮੫੮)*

ਰਾਮ ਨਾਮ ਤੋਂ ਬਿਨਾ ਜੀਵਨੁ (ਜੀਵਣਾ) ਫੋਕਟ ਹੈ (ਕਲੰਕਤੀ ਹੈ) ਹੇ ਮਨ। 'ਮਨ ਹੀਨਾ' ਦੇ ਅਰਥ **ਮਨ ਤੋਂ ਖ਼ਾਲੀ** ਜੀਵਨੁ ਕੀ ਹੈ ? ਕਰਮ (ਮਫਊਲ) ਕੋਈ ਪਦ ਨਹੀਂ। ਸਿੱਟਾ ਕੁਛ ਨਹੀਂ ਨਿਕਲਦਾ। ਨਾ ਹੀ ਫ਼ਿਕਰਾ ਪੂਰਾ ਬਣਦਾ ਹੈ। ਮਨ ਤੋਂ ਖ਼ਾਲੀ ਜੀਵਨੁ ਨਾਮ ਬਿਹੂਣਾ ਹੈ, ਇਹ ਕੋਈ ਗੱਲ ਹੀ ਨਹੀਂ ਬਣਦੀ। 'ਹੀਨਾ' ਪਦ ਏਥੇ 'ਜੀਵਨੁ' ਪਦ ਨਾਲਿ ਸਬੰਧ ਰਖਦਾ ਹੈ ਨਾ ਕਿ 'ਮਨ' ਨਾਲਿ। 'ਹੀਨਾ' ਪਦ ਬਿਹੂਨਾ ਦੇ ਅਰਥਾਂ ਵਿਚਿ 'ਮਨੁ' ਨਹੀਂ ਉਠਦਾ ਮਨ ਦਾ ਸਬੰਧੀ (preposition) ਨਹੀਂ। 'ਜੀਵਨ' ਪਦ ਨਾਂਵ (noun) ਦਾ ਵਿਸ਼ੇਸ਼ਣ (adjective) ਹੈ। ਜੀਵਨ ਕੈਸਾ ਹੈ ਰਾਮ ਨਾਮ ਬਿਹੂਨ ? ਫੋਕਟ ਕਲੰਕਤੀ ਜੀਵਨ ਹੈ।

ਗੁਰ ਕੀ ਮੂਰਤਿ

ਗੁਰ ਕੀ ਮੂਰਤਿ ਮਨ ਮਹਿ ਧਿਆਨੁ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥...੧॥੫॥੭॥ *(ਗੌਂਡ ਮ: ੫, ਪੰਨਾ ੮੬੪)*

ਵਿਆਖਿਆ—ਪਰਕਾਸ਼ ਰੂਪ ਜੋਤਿ ਸਰੂਪ ਗੁਰੂ ਵਾਹਿਗੁਰੂ ਅਭੇਦ ਦਿਬਯ ਲਤੀਫ ਅਕਾਲ ਮੂਰਤੀ ਦਾ ਧਿਆਨੁ ਅੰਤਰਿ ਮੁਖਿ ਸ਼ਬਦਿ ਸੁਰਤਿ ਜਮਾ ਕੇ ਲਿਵ ਜੋੜ ਕੇ ਕਰਨਾ ਹੈ। ਲਿਵ ਜੁੜਦੀ ਹੈ ਗੁਰ ਸ਼ਬਦ ਮੰਤਰ ਅਭਿਆਸ ਕਮਾਈ ਦੁਆਰਾ। ਗੁਰ ਸਿਖਾਂ ਨੇ ਗੁਰੂ ਦੁਆਰਾ ਦੀਖਤ ਹੋਏ (ਪ੍ਰਾਪਤ ਹੋਏ) ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਦ੍ਰਿੜ੍ਹ ਹੋਏ ਮੰਤਰ ਦੀ ਹੀ ਅਭਿਆਸ ਕਮਾਈ ਕਰਨੀ ਹੈ। ਹੋਰ ਕਿਸੇ ਮੰਤ੍ਰ ਨੂੰ ਗੁਰ ਸਿਖ ਨਹੀਂ ਸਿਆਣਦੇ। ਗੁਰਮਤਿ ਨਾਮ ਰੂਪੀ ਗੁਰ ਮੰਤ੍ਰ, ਗੁਰ ਦੀਖਿਆ ਦੁਆਰਾ ਪ੍ਰਾਪਤਿ ਹੋਏ ਗੁਰ ਸ਼ਬਦ ਤੇ ਹੀ ਗੁਰ ਸਿਖਾਂ ਦਾ ਮਨ ਮੰਨਦਾ ਹੈ, ਹੋਰ ਕਿਥਾਉਂ ਨਹੀਂ। ਇਹ ਗੁਰ ਸ਼ਬਦ ਮੰਤਰ ਅਭਿਆਸ ਕਮਾਈ ਗੁਰ ਸਿਖਾਂ ਦੇ ਰਿਦੰਤਰਿ ਰਸ ਜੋਤਿ ਜਲਵੇ ਨੂੰ ਪਰਜੁਲਤ ਕਰਦੀ ਹੈ। ਇਹ ਗੁਰ ਸ਼ਬਦ ਅਭਿਆਸ ਦੀ ਪਰਤੱਖ ਪਾਰਸ ਕਲਾ ਹੈ। ਅੰਤਰਿ ਆਤਮੇ ਪ੍ਰਕਾਸ਼ਤ ਹੋਇਆ ਜੋਤਿ ਜਲਵਾ ਗੁਰ 'ਜੋਤੀ' ਵਾਹਿਗੁਰੂ ਜਯੋਤੀ ਸਰੂਪ ਦਾ ਦਿਬ ਮੂਰਤੀਮਾਨ ਜ਼ਹੂਰ ਹੈ। ਦਿੱਬ ਜੋਤਿ ਸਰੂਪ ਨੂਰ ਜ਼ਹੂਰ ਸੱਚਾ ਝਿਲਮਲੰਤੀ ਪ੍ਰਕਾਸ਼ਤ ਮੂਰਤੀ (ਗੁਰ ਮੂਰਤੀ) ਦਾ ਸਦਾ ਸਦਾ ਲਈ ਨਿਮਖ ਨਿਮਖ ਪਰਤੱਖ ਦਰਸ਼ਨੀ ਧਿਆਨੁ ਗੁਰ ਸਿਖਾਂ ਨਾਮ ਅਭਿਆਸੀਆਂ ਆਪਣੇ ਘਟਾਂ ਅੰਤਰਿ ਹੀ ਕਰਨਾ ਹੈ। ਬਾਹਜ ਧਿਆਨ ਧਰਾਉਣ ਵਾਲੀ ਬਨਾਵਟੀ ਅਕਸ ਤਸਵੀਰੀ ਯਾ ਫੋਟੋ ਮੂਰਤੀ ਦਾ ਧਿਆਨ ਗੁਰਮਤਿ ਅੰਦਰਿ 'ਨਿਖੇਧਤ' ਹੈ ਅਤੇ ਨਿੰਦਤ ਹੈ। ਬਾਹਰ ਦੀ ਬਨਾਵਟੀ ਨਿਰੀ ਖ਼ਿਆਲ ਮੂਰਤੀ ਦਾ ਧਿਆਨ ਨਿਰੀ ਬੁਤ ਪੂਜਾ ਹੈ। ਇਹ ਧਿਆਨ ਹੀ ਨਹੀਂ। ਇਸ ਨੂੰ ਧਿਆਨ ਆਖਣਾ ਹੀ ਮਹਾਂ ਮਨਮਤਿ ਹੈ।

bsrstrust.org

ਏਹ ਤਾਂ ਨੇਤ੍ਰਾਂ ਦੀ ਬਾਹਜ ਦ੍ਰਿਸ਼ਟੀ ਦਾ ਵਿਸ਼ਾ ਹੈ। ਗੁਰ ਜਯੋਤੀ ਮਈ ਪਰਤੱਖ ਪਰਕਾਸ਼ਤ ਮੂਰਤੀ ਤਾਂ ਅੰਦਰਿ (ਮਨ ਮਾਹਿ) ਉਤਾਰਨੀ ਹੋਈ, ਜੋ ਕੇਵਲ ਦਿਬ ਦ੍ਰਿਸ਼ਟੀ ਦੁਆਰਾ ਹੀ ਉਤਾਰੀ ਜਾ ਸਕਦੀ ਹੈ, ਅੰਤਰਿ ਆਤਮੇ ਸ਼ਬਦ ਲਿਵ ਧਾਰ ਕੇ ਹੀ ਉਤਾਰੀ ਜਾ ਸਕਦੀ ਹੈ, ਗੁਰ ਸ਼ਬਦ ਵਿਖੇ ਲਿਵ ਲੀਨ ਹੋਇਆਂ ਹੀ ਇਸ 'ਜੋਤ ਦਿਬ ਮੂਰਤੀ' ਅਸਲ ਗੁਰ ਮੂਰਤੀ ਦੇ ਦਰਸ਼ਨ ਹੁੰਦੇ ਹਨ। ਨਿਰੇ ਲਫ਼ਜ਼ੀ ਅਰਥ ਸਮਝਿਆਂ ਇਹ ਮੁਇੰਮਾ (ਭੇਦ) ਹੱਲ ਨਹੀਂ ਹੁੰਦਾ। ਗੁਰ ਸ਼ਬਦ ਕਮਾਇਆਂ ਹੀ ਹੱਲ ਹੁੰਦਾ ਹੈ।

ਸ਼ਬਦਾਰਥੀਏ ਗਿਆਨੀ ਕੈਸਾ ਖ਼ੁਸ਼ਕ ਅਰਥ ਕਰਦੇ ਹਨ, ਏਹਨਾਂ ਤੁਕਾਂ ਦਾ। ਓਹ ਅਰਥ ਕਰਦੇ ਹਨ ਕਿ—'ਗੁਰੂ ਦੇ ਆਚਰਣ ਦਾ ਮਨ ਵਿਖੇ ਧਿਆਨ ਕਰੋ, ਗੁਰੂ ਦੇ ਸ਼ਬਦ ਦੁਆਰਾ ਉਪਦੇਸ਼ ਨੂੰ ਮਨ ਮੰਨੇ।' ਮੂਰਤਿ ਦੇ ਅਰਥ ਆਚਰਣ ਦਾ ਧਿਆਨ ਕੀ ? ਫੇਰ ਮਨ ਵਿਖੇ ਧਿਆਨ ? ਮਾਨੋ ਧਿਆਨ ਦੇ ਅਰਥ ਓਹ ਮਹਿਜ਼ ਫ਼ਰਜ਼ੀ ਖ਼ਿਆਲ ਹੀ ਸਮਝਦੇ ਹਨ। ਜੈਸੇ ਕਿ ਕਈ ਸੰਤ ਮਹਾਤਮਾਂ ਭੀ ਮਹਿਜ਼ ਫ਼ਰਜ਼ੀ ਫੋਟੋ ਉਤੇ ਨਜ਼ਰ ਜਮਾਉਣ ਨੂੰ ਧਿਆਨ ਸਮਝਦੇ ਹਨ। ਹਾਲਾਂਕਿ ਧਿਆਨ ਜਮਾਉਣਾ ਕੰਮ ਹੈ ਮਨ ਦਾ ਨਾ ਕਿ ਅੱਖੀਆਂ ਦਾ। ਗੁਰਮਤਿ ਦੇ ਤਤ ਸੁਰਤਿ ਸ਼ਬਦ ਮਾਰਗ ਤੋਂ ਅਜੇਹੇ ਅਸੰਤ ਅਨਾੜੀ ਆਪੋਂ ਬਣ ਬੈਠੇ ਗੁਰੂ ਡੰਮੀਏ ਮਹਾਤਮਾ, ਲੋਗਾਂ ਨੂੰ ਗਿਰਾਉਂਦੇ ਹਨ ਅਤੇ ਕੁਮਾਰਗਿ ਪਾਉਂਦੇ ਹਨ, ਗੁਰਮਤਿ ਮਾਰਗ ਤੇ ਮੁਨਹਰਫ ਕਰਾਉਂਦੇ ਹਨ। ਸਤਿਗੁਰੂ ਏਹਨਾਂ ਨੂੰ ਸੁਮਤਿ ਬਖ਼ਸ਼ੇ। ਭਰਮ ਭੁਲੇ ਸੰਸਾਰ ਨੂੰ ਹੋਰ ਭੀ ਹਨੇਰ ਘੁਪ ਭਰਮਾਂ ਵਿਚ ਪਾ ਕੇ ਭਰਮਾਉਂਦੇ ਹਨ।

ਗੁਰ ਪ੍ਰਸਾਦੀ, ਗੁਰਮੰਤ੍ਰ ਲਿਵਲਾਂਦੀ, ਗੁਰ ਸ਼ਬਦ ਅਭਿਆਸ ਕਮਾਈ ਦੇ ਪ੍ਰਸਾਦ ਕਰਿ ਤਾਂ ਉਰਧ ਕਮਲ ਦਾ ਬਿਗਾਸ ਹੁੰਦਾ ਹੈ। ਅੰਧਕਾਰ ਵਿਖੇ ਸੱਚੀ ਗੁਰ ਰੋਸ਼ਨੀ ਦਾ ਪ੍ਰਗਾਸ ਹੁੰਦਾ ਹੈ। ਤਿਮਰ ਅਗਿਆਨ ਅੰਧੇਰੇ ਦਾ ਨਾਸ਼ ਹੁੰਦਾ ਹੈ। ਗੁਰ ਸ਼ਬਦ ਦੀਪਕ ਦੀਆਂ ਚਾਨਣ ਡਲ੍ਹਕਾਂ ਅੰਦਰਿ ਪਰਮਾਤਮ ਲੋਆਂ ਦੀਆਂ ਝਲਕਾਂ ਦਰਸਾਉਂਦਾ ਪਰਤੱਖ ਦਿਖਾਉਂਦਾ ਹੈ।

ਪਤਨੁ

ਸੰਤ ਕੀ ਨਿੰਦਾ ਕਰਹੁ ਨ ਕੋਇ॥
ਜੋ ਨਿੰਦੈ ਤਿਸ ਕਾ ਪਤਨੁ ਹੋਇ॥ *(ਪੰਨਾ ੮੬੭)*

ਇਸ ਦੁਤੁਕੀ ਦੀ ਦੂਜੀ ਪੰਗਤੀ ਵਿਚਿ 'ਪਤਨੁ' ਪਾਠ ਇਕੱਠਾ ਹੀ ਦਰੁਸਤ ਹੈ। 'ਪਤ ਨ' ਪਦ ਛੇਦ ਪਾਠ ਠੀਕ ਨਹੀਂ। ਨੰਨੇ ਨੂੰ ਔਂਕੜ ਲਗਾ ਹੋਇਆ ਨੰਨੇ ਮੁਕਤੇ ਵਾਲਾ ਅਰਥ 'ਨਾ' ਨਹੀਂ ਦੇ ਸਕਦਾ। ਨਾਲੇ 'ਪਤ' ਪਦ ਤੱਤੇ ਅੱਖਰ ਮੁਕਤੇ ਨਾਲਿ ਗੁਰਬਾਣੀ ਅੰਦਰਿ ਕਿਤੇ ਹੈ ਹੀ ਨਹੀਂ, ਕਿਸੇ ਅਰਥ ਵਿਚਿ ਭੀ ਨਹੀਂ ਆਉਂਦਾ। ਜਾਂ ਤਾਂ ਤੱਤੇ ਨੂੰ ਸਿਹਾਰੀ ਨਾਲਿ ਆਉਂਦਾ ਹੈ ਜਾਂ ਔਂਕੜ ਨਾਲਿ ਅਤੇ

bsrstrust.org

ਇਸਤ੍ਰੀ-ਲਿੰਗ ਨਾਂਵ (noun feminine gender) ਹੈ, ਤੇ 'ਤਿਸਕਾ ਪਤ ਨ ਹੋਇ' ਓਨਾ ਪਤਿ ਦੇ ਇਸਤ੍ਰੀ-ਲਿੰਗ ਅਰਥਾਂ ਵਿਚਿ ਭੀ ਨਹੀਂ ਸੋਭਦਾ। 'ਤਿਸ ਕੀ ਪਤਿ ਨ ਹੋਇ' ਇਉਂ ਪੰਗਤੀ ਆਉਣੀ ਚਾਹੀਦੀ ਹੈ। 'ਪਤਨੁ' ਦਾ ਭਾਵ ਏਥੇ 'ਡਿਗਣ' ਦਾ 'ਪਤਿਤ ਹੋਣ' ਦਾ ਹੈ। ਜੋ ਸੰਤਾਂ ਦੀ ਨਿੰਦਾ ਕਰਦਾ ਹੈ ਉਸ ਦਾ ਡਿਗਣ (ਗਿਰਾਵਟ ਵਾਲਾ ਡਿਗਣ) ਹੋ ਜਾਂਦਾ ਹੈ। ਉਹ ਮਨੁੱਖਾ ਪਦਵੀ ਤੋਂ ਭੀ ਡਿਗ ਖੜੋਂਦਾ ਹੈ।

ਅਉਹੇਰੀ

ਖਸਮਿ ਦੁਹਾਗਨਿ ਤਜਿ ਅਉਹੇਰੀ ॥ *(ਪੰਨਾ ੮੭੨)*

ਕਈ ਟੀਕਾਕਾਰ ਕੋਸ਼ੀਏ ਇਸ ਤੁਕ ਦਾ ਅਰਥ ਇਉਂ ਕਰਦੇ ਹਨ—ਦੁਹਾਗਣ ਨੇ ਖਸਮ ਨੂੰ ਛਡ ਕੇ ਦੂਜਿਆਂ ਵਲ ਦੇਖਿਆ। 'ਅਉਹੇਰੀ' ਦੇ ਅਰਥ ਓਹ ਅਉ+ਹੇਰੀ=ਔਰਾਂ ਨੂੰ ਦੇਖਣ ਦੇ ਕਰਦੇ ਹਨ। ਪਰ ਖਸਮ ਨੂੰ ਛਡ ਕੇ ਦੇ ਅਰਥ ਤਾਂ ਤਦ ਬਣਨ ਜੇਕਰ 'ਖਸਮਿ' ਦੇ ਮੰਮੇ ਅੱਖਰ ਨੂੰ ਸਿਹਾਰੀ ਨਾ ਹੋਵੇ। ਸ਼ਬਦਾਰਥੀ ਗਿਆਨੀ ਸਿਹਾਰੀ ਦੇ ਅਰਥਾਂ ਨੂੰ ਲਗਮਾਤ੍ਰੀ ਨਿਯਮਾਂ ਅਨੁਸਾਰ ਤਾਂ ਠੀਕ ਕਰਦੇ ਹਨ ਜਦ ਖਸਮ ਨੇ ਦਾ ਅਰਥ ਕਰਦੇ ਹਨ ਪਰ ਅਗਲੇ ਅਰਥ ਠੀਕ ਨਹੀਂ ਉਤਰਦੇ ਜੋ ਓਹ ਇਉਂ ਕਰਦੇ ਹਨ—ਖਸਮ ਨੇ ਦੁਹਾਗਣਾਂ ਨੂੰ ਨਿਰਾਦਰੀ ਕਰਕੇ ਛਡਿ ਦਿਤਾ। 'ਅਉਹੇਰੀ' ਦੇ ਅਰਥ ਓਹ ਨਿਰਾਦਰੀ ਕੀਤਾ ਕਰਦੇ ਹਨ ਤਾਂ ਫੇਰ 'ਤਜਿ' ਇਕੱਲੇ ਪਦ ਦੇ ਅਰਥ ਤਜ ਦਿਤਾ, ਛਡਿ ਦਿਤਾ ਨਹੀਂ ਹੁੰਦਾ। 'ਤਜਿ' ਪਦ ਕਿਰਿਆ (verb) ਤਾਂ ਹੋ ਸਕਦਾ ਹੈ ਪਰ ਸਿਰਫ਼ ਸਨਮੁਖ ਫ਼ੁਰਮਾਨੀ (imperative mood) ਅਰਥਾਂ ਵਿਚਿ—ਤੂੰ ਤਜ ਦੇਹ ਦੇ ਅਰਥਾਂ ਵਿਚਿ। ਤਜਿ ਦਿਤਾ, ਛਡਿ ਦਿਤਾ ਦੇ ਅਰਥਾਂ ਵਿਚਿ ਨਹੀਂ ਵਰਤਿਆ ਜਾਂਦਾ। 'ਤਜਿਓ' ਹੋਵੇ ਤਾਂ ਇਹ ਅਰਥ ਠੀਕ ਬਣਦੇ ਹਨ—ਖਸਮ ਨੇ ਦੁਹਾਗਣੀ ਨੂੰ ਦੇਖ ਕੇ ਤਜ ਦਿਤਾ। ਪਰ 'ਤਜਿਉ ਹੇਰੀ' ਦਾ ਨਿਖੇੜਵਾਂ ਪਾਠ ਕਰਨਾ ਬਣੂ। 'ਤਜਿਓ' ਦੇ ਊੜੇ ਦਾ ਮੂੰਹ ਖੁਲ੍ਹਾ ਹੋਵੇ ਤਾਂ ਹੀ ਠੀਕ ਅਰਥ ਬਣਦੇ ਹਨ। 'ਤਜਿ ਅਉ ਹੇਰੀ' ਪਦ ਛੇਦ ਪਾਠ ਅਰਥਾਂ ਵਿਚਿ ਤਦੇ ਪੂਰਾ ਉਤਰ ਸਕਦਾ ਹੈ ਜੇਕਰ 'ਹੇਰੀ' ਕਿਰਿਆ ਦਾ ਕਰਤਾ ਖਸਮੁ ਮੰਨਿਆ ਜਾਵੇ। ਇਸ ਸੂਰਤ ਵਿਚਿ ਇਉਂ ਅਰਥ ਬਣਨਗੇ—ਖਸਮ ਨੇ ਦੁਹਾਗਣ ਤਜ ਕੇ ਹੋਰ ਤੱਕੀ (ਸਹੇੜੀ) ਸੁਹਾਗਣਿ ਹੀ ਸੁਹਾਗ ਵਿਚਿ ਲਿਆਂਦੀ। ਦਰ ਅਸਲ ਇਸ ਤੁਕ ਦਾ ਅਸਲ ਅਰਥ ਖੁਲ੍ਹਿਆ ਨਹੀਂ, ਹੱਲ ਨਹੀਂ ਹੋਇਆ, ਰੌਲੇ ਵਿਚਿ ਹੀ ਹੈ। ਅਰਥ ਹਰ ਹਾਲਤ ਵਿਚਿ ਇਕੋ ਹੈ। ਊੜੇ ਖੁਲ੍ਹੇ ਵਾਲੇ ਨਾ ਹੋਣ ਦੀ ਛਾਪੇ ਦੀ ਗ਼ਲਤੀ ਜੇ ਮੰਨੀ ਜਾਵੇ ਤਾਂ ਖੁਲ੍ਹੇ ਮੂੰਹ ਵਾਲੇ ਊੜੇ ਨਾਲਿ ਅਰਥ ਸਪਸ਼ਟ ਅਤੇ ਸਾਫ਼ ਹੋ ਜਾਂਦੇ ਹਨ।

bsrstrust.org

ਰਾਮ ਜਨ

ਰਾਮ ਜਨ ਗੁਰਮਤਿ ਰਾਮੁ ਬੋਲਾਇ ॥
ਜੋ ਜੋ ਸੁਣੈ ਕਹੈ ਸੋ ਮੁਕਤਾ ਰਾਮ ਜਪਤ ਸੋਹਾਇ ॥੧॥ਰਹਾਉ॥੨॥

(ਰਾਮਕਲੀ ਮ: ੪, ਪੰਨਾ ੮੮੧)

ਹੇ ਰਾਮ ਜਨ ਗੁਰਮੁਖਿ ਪਿਆਰੇ ਤੂੰ ਗੁਰਮਤਿ ਨਾਮ ਬੋਲੁ ਬੋਲਾਇ। ਜੋ ਜੋ ਭੀ ਇਸ ਗੁਰਮਤਿ ਨਾਮ ਬੋਲੇ ਬੋਲਾਏ, ਜਪੇ ਜਪਾਏ ਨੂੰ ਸੁਣੇਗਾ ਸੋ ਮੁਕਤਿ ਦੀ ਪਦਵੀ ਨੂੰ ਪ੍ਰਾਪਤਿ ਹੋਵੇਗਾ। ਉਹ ਮੁਕਤ ਹੋ ਕੇ ਭੀ ਨਾਮ ਜਪਦਾ ਨਾਮ ਉਚਾਰਦਾ ਹੀ ਸੁਹਾਏਗਾ। ਏਥੇ ਪਹਿਲੀ ਪੰਗਤੀ ਅੰਦਰਿ 'ਰਾਮ ਜਨ' ਬਹੁ-ਵਚਨ ਨਹੀਂ। 'ਜਨ' ਦਾ ਨੰਨਾ ਅੱਖਰ ਇਸ ਕਰਕੇ ਮੁਕਤਾ ਹੈ ਕਿ ਇਥੇ ਜਨ ਪਦ ਸੰਬੋਧਨ ਰੂਪ ਹੈ। ਜੇ ਕਰ ਬਹੁ-ਵਚਨ ਹੁੰਦਾ ਤਾਂ ਇਸ ਦੀ ਕਿਰਿਆ 'ਬੋਲਾਇ' ਨਾ ਹੁੰਦੀ ਸਗੋਂ 'ਬੋਲਾਹਿ' ਈੜੀ ਦੇ ਥਾਉਂ ਹਾਹੇ ਸਿਹਾਰੀ ਨਾਲਿ ਹੁੰਦੀ ਅਤੇ ਬਿੰਦਾ ਨਾਲਿ ਉਠਦਾ।

ਸੰਤ

ਦਰਸਨੁ ਸੰਤ ਦੇਹੁ ਕਰਿ ਕਿਰਪਾ...॥ *(ਪੰਨਾ ੮੮੧)*

ਹੇ ਸੰਤ ਜਨ ਕਿਰਪਾ ਕਰਕੇ ਦਰਸ਼ਨ ਦੇਹੁ।

ਜਨ

ਜਿਉ ਜਿਉ ਰਾਮੁ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ ॥ *(ਪੰਨਾ ੮੮੧)*

ਜਿਉਂ ਜਿਉਂ ਗੁਰਮੁਖਿ ਜਨ ਉੱਚੀ ਉੱਚੀ ਨਾਮ ਉਚਾਰਨ ਕਰਦੇ ਹਨ ਤਿਉਂ ਤਿਉਂ ਨਿੰਦਕਾਂ ਨਰਾਂ ਨੂੰ ਡੰਗ ਵਧੇਰਾ ਲਗਦਾ ਹੈ। ਏਥੇ 'ਜਨ' ਪਦ ਬਹੁ-ਵਚਨ ਹੈ। ਊਚੇ' ਪਦ ਏਥੇ ਕਿਰਿਆ ਵਿਸ਼ੇਸ਼ਣ (adverb) ਹੈ। ਵਿਸ਼ੇਸ਼ਣ (adjective) ਨਹੀਂ। ਭਾਵ 'ਊਚੇ' ਪਦ 'ਜਨ' ਨਾਲਿ ਨਹੀਂ ਲਗਦਾ, 'ਜਨ ਊਚੇ' ਇਕੱਠਾ ਨਹੀਂ ਉਠਦਾ ਬਲਕਿ 'ਕਹਹਿਂ' ਕਿਰਿਆ ਨਾਲਿ ਲਗਦਾ ਹੈ। 'ਊਚੇ ਕਹਹਿਂ'—ਉੱਚੀ ਉਚਾਰਨ ਕਰਕੇ ਕਹਿੰਦੇ ਹਨ।

.....ਸਭੁ ਦਾਲਦੁ ਦੁਖੁ ਲਹਿ ਜਾਇ ॥ *(ਪੰਨਾ ੮੮੧)*

ਏਥੇ 'ਦਾਲਦੁ ਦੁਖੁ' ਦੋਵੇਂ ਭਾਵ ਵਾਚਕ ਨਾਉਂ ਹੁੰਦੇ ਹੋਏ ਇਕੱਠ ਵਾਚਕ ਨਾਉਂ (collective noun) ਹਨ, ਤਾਂ ਹੀ ਏਹਨਾਂ ਆਖ਼ਰੀ ਅੱਖਰਾਂ ਨੂੰ ਔਂਕੜ ਲਗੇ ਹੋਏ ਹਨ ਤੇ ਵਿਸ਼ੇਸ਼ਣ 'ਸਭੁ' ਦੇ ਭੱਭੇ ਅੱਖਰ ਨੂੰ ਭੀ ਤਾਂ ਹੀ ਔਂਕੜ ਹੈ।

ਹਰਿ ਜਨ ਨਿਕਟਿ ਨਿਕਟਿ ਹਰਿ ਜਨ ਹੈ,
ਹਰਿ ਰਾਖੈ ਕੰਠਿ ਜਨ ਧਾਰੇ ॥...੪॥੬॥੧੮॥ *(ਰਾਮਕਲੀ ਮ: ੪, ਪੰਨਾ ੮੮੨)*

bsrstrust.org

ਪਹਿਲੀ ਪੰਗਤੀ ਵਿਚਿ ਦੋ ਥਾਈਂ 'ਜਨ' ਦਾ ਨੰਨਾ ਮੁਕਤਾ ਹੈ। ਤਾਂ ਤੇ ਦੋਹੀਂ ਥਾਈਂ ਪ੍ਰੋੜ੍ਹਤਾ ਮਈ ਏਹੋ ਅਰਥ ਬਣਨਗੇ—ਵਾਹਿਗੁਰੂ ਹਰੀ ਪਰਮਾਤਮਾ ਆਪਣੇ ਦਾਸ (ਭਗਤ ਜਨਾਂ) ਦੇ ਨੇੜੇ ਹੀ ਵਸਦਾ ਹੈ। ਹਰਿ ਜਨ ਅਤੇ ਹਰੀ ਜਨਾਂ ਦੇ ਨੇੜੇ ਹੀ ਵਸਦਾ ਹੈ। "ਨਿਕਟਿ ਹਰਿ ਜਨ ਹੈ" ਦੇ ਅਰਥ ਇਹ ਨਹੀਂ ਬਣਦੇ—'ਜਨੁ ਹਰੀ ਦੇ ਨਿਕਟ ਹੈ', ਕਿਉਂਕਿ 'ਜਨ' ਦਾ ਨੰਨਾ ਅੱਖਰ ਮੁਕਤਾ ਹੈ ਔਂਕੜ ਨਾਲਿ ਨਹੀਂ। ਜੇ ਅਰਥ ਇਉਂ ਲਾਏ ਜਾਣ ਜੈਸੇ ਕਿ ਕਥਾ ਕਰਨ ਵਾਲੇ ਪੁਰਸ਼ ਲਾਉਂਦੇ ਹਨ—'ਜਨ ਹਰੀ ਦੇ ਨੇੜੇ ਵਸਦੇ ਹਨ।' ਪਰ ਬਹੁ-ਵਚਨਕ ਨਾਂਵ ਦੀ ਕਿਰਿਆ ਭੀ ਬਹੁ-ਵਚਨ ਵਾਚਕ ਹੋਣੀ ਚਾਹੀਦੀ ਹੈ ਜੋ 'ਹੈ' ਦੇ ਥਾਉਂ 'ਹਹਿ' ਹੋਣੀ ਲੋੜੀਐ ਜੋ ਲਿਖੀ ਨਹੀਂ। 'ਹੈ' ਹੀ ਅੰਕਤ ਹੈ। 'ਹਰਿ ਰਾਖੈ ਕੰਠਿ ਜਨ ਧਾਰੇ' ਪੰਗਤੀ ਅੰਦਰਿ 'ਜਨ' ਪਦ ਇਕ-ਵਚਨਕ ਅਰਥਾਂ ਵਿਚ ਭੀ ਵਰਤਿਆ ਜਾ ਸਕਦਾ ਹੈ ਅਤੇ ਬਹੁ-ਵਚਨਕਾਂ ਅਰਥਾਂ ਵਿਚਿ ਭੀ। ਕਿਉਂਕਿ 'ਜਨ' ਦੇ ਅਗੇ ਸੰਬੰਧਕ ਪਦ 'ਨੂੰ' ਮਫ਼ਹੂਮ ਹੈ। ਇਸ ਕਰਕੇ 'ਜਨ' ਦੇ ਨੰਨੇ ਅੱਖਰ ਦਾ ਔਂਕੜ ਉੜਿਆ ਹੋਇਆ ਹੈ। ਇਕ-ਵਚਨ ਨਾਂਵ ਦਾ ਭੀ ਉੜ ਜਾਂਦਾ ਹੈ ਬਹੁ-ਵਚਨਕ ਦਾ ਭੀ।

ਜਨੀ

ਐਸੀ ਜਾਨੀ ਸੰਤ ਜਨੀ ॥
ਪਰਗਾਸੁ ਭਇਆ ਪੂਰੇ ਗੁਰ ਬਚਨੀ ॥ *(ਰਾਮਕਲੀ ਮ: ੫, ਪੰਨਾ ੮੮੮)*

ਪਹਿਲੀ ਪੰਗਤੀ ਵਿਖੇ 'ਜਨੀ' ਪਦ ਦੇ ਨੰਨੇ ਅੱਖਰ ਨੂੰ ਬਿਹਾਰੀ ਜੋ ਲਗੀ ਹੈ ਉਹ 'ਨੇ' ਦੇ ਅਰਥ ਦਿੰਦੀ ਹੈ। 'ਸੰਤ ਜਨੀ'—ਸੰਤ ਜਨਾਂ ਨੇ। ਦੂਜੀ ਪੰਗਤੀ ਵਿਖੇ 'ਗੁਰ ਬਚਨੀ' ਪਦ ਦੇ ਨੰਨੇ ਅੱਖਰ ਨੂੰ ਜੋ ਬਿਹਾਰੀ ਲਗੀ ਹੈ ਉਹ 'ਦੁਆਰਾ' ਦਾ ਅਰਥ ਦਿੰਦੀ ਹੈ। ਸਾਰੀ ਪੰਗਤੀ ਦਾ ਅਰਥ—ਪੂਰੇ ਗੁਰ ਬਚਨਾਂ ਦੁਆਰਾ ਪਰਗਾਸ ਭਇਆ (ਵਾਹਿਗੁਰੂ ਜੋਤੀ ਸਰੂਪ ਦਾ ਰਿਦੰਤਰਿ)।

ਹਾਕੁ

ਦਿਲਾ ਕਾ ਮਾਲਕੁ ਕਰੇ ਹਾਕੁ ॥
ਕੁਰਾਨ ਕਤੇਬ ਤੇ ਪਾਕੁ ॥੩॥੩੪॥੪੫॥ *(ਰਾਮਕਲੀ ਮ: ੫, ਪੰਨਾ ੮੯੭)*

ਪਹਿਲੀ ਪੰਗਤੀ ਵਿਚਿ 'ਹਾਕੁ' ਪਦ ਦੇ ਅਰਥ ਅਵਾਜ਼ ਨਹੀਂ (ਹਾਕ ਮਾਰਨੀ ਨਹੀਂ), ਬਲਕਿ ਹਕ ਨਿਆਉਂ ਅਸਲ ਅਰਥ ਹਨ। 'ਹਾਕੁ' ਦੇ ਕੱਕੇ ਅੱਖਰ ਨੂੰ ਔਂਕੜ ਹੋਣ ਕਰਕੇ ਇਹ ਇਸਤ੍ਰੀ-ਲਿੰਗ (noun feminine gender) ਨਹੀਂ ਹੋ ਸਕਦਾ। ਜੇ ਕੱਕਾ ਮੁਕਤਾ ਹੁੰਦਾ ਤਾਂ ਇਹ ਅਰਥ ਬਣ ਸਕਦੇ ਸਨ। ਔਂਕੜ ਲਗਣ ਕਰਕੇ ਇਕੋ ਅਸਲ ਅਰਥ ਪੁਲਿੰਗ ਅਰਥਾਂ ਵਾਲੇ ਹੀ ਸਿਧਿ ਅਤੇ ਸ਼ੁੱਧ ਹਨ।

bsrstrust.org

ਜੋਤਕੁ, ਕਾਂਡੀ

ਗਣਿ ਗਣਿ ਜੋਤਕੁ ਕਾਂਡੀ ਕੀਨੀ॥
ਪੜੈ ਸੁਣਾਵੈ ਤਤੁ ਨ ਚੀਨੀ॥ *(ਪੰਨਾ ੯੦੪)*

'ਜੋਤਕੁ'—ਜੋਤਸ਼ ਵਿਦਿਆ ਦਾ ਸ਼ਾਸਤ੍ਰ—ਜੋਤਸ਼ ਵਿਦਿਆ ਦਾ ਸ਼ਾਸਤ੍ਰ ਪੜ੍ਹ ਪੜ੍ਹ ਕੇ ਜੰਤ੍ਰੀ (ਕਾਂਡੀ—ਕਾਂਡਾ ਵਾਲੀ) ਬਣਾਈ। ਪਰ ਲੋਕਾਂ ਨੂੰ ਪੜ੍ਹ ਪੜ੍ਹ ਕੇ ਸੁਣਾਉਂਦਾ ਹੈ ਜੋਤਸ਼ੀ। ਤੱਤ ਵਸਤੂ ਸੱਚ ਸ਼ਬਦ ਨੂੰ ਨਹੀਂ ਚੀਨਦਾ। ਬਹੁਤ ਗਿਆਨੀ 'ਜੋਤਕੁ' ਪਦ ਵਿਚੋਂ ਔਂਕੜ ਵਾਲੇ ਕੱਕੇ ਨੂੰ ਨਿਖੇੜ ਕੇ, 'ਜੋਤ' ਪਦ ਵਖਰਾ ਉਠਾਉਂਦੇ ਹਨ ਅਤੇ 'ਕੁ' ਅਗਲੇ ਪਦ 'ਕਾਂਡੀ' ਨਾਲਿ ਮਿਲਾਇਕੇ 'ਕੁਕਾਂਡੀ' ਪਦ ਉਠਾਉਂਦੇ ਹਨ, ਪਰ ਕੁਕਾਂਡੀ ਦਾ ਅਰਥ ਕੁਛ ਨਹੀਂ ਬਣਦਾ। ਨਾ ਹੀ ਤੱਤੇ ਮੁਕਤੇ ਸਹਿਤ 'ਜੋਤ' ਦਾ ਅਰਥ ਕੁਛ ਬਣਦਾ ਹੈ। ਗੁਰਬਾਣੀ ਅੰਦਰਿ 'ਜੋਤਿ' ਪਦ ਹੀ ਹਰ ਥਾਂ ਆਉਂਦਾ ਹੈ ਤੱਤੇ ਸਿਹਾਰੀ ਨਾਲਿ। ਤਾਂ ਤੇ 'ਜੋਤ ਕੁਕਾਂਡੀ' ਪਾਠ ਪੜ੍ਹਨਾ ਅਨੁਥਾ ਹੈ।

ਬਦਉ

ਸਭਸੈ ਉਪਰਿ ਗੁਰਸਬਦੁ ਬੀਚਾਰੁ॥
ਹੋਰ ਕਥਨੀ ਬਦਉ ਨ ਸਗਲੀ ਛਾਰੁ॥ *(ਪੰਨਾ ੯੦੪)*

ਸਾਰੀਆਂ ਗੱਲਾਂ ਸਿਰਿ ਗੁਰਸ਼ਬਦ ਅਭਿਆਸ ਰੂਪੀ ਵੀਚਾਰ ਸਭ ਤੋਂ ਅਫੁਜ਼ਲ ਹੈ। ਗੁਰ ਸ਼ਬਦ ਛਡ ਕੇ ਹੋਰ ਕਿਸੇ ਗੱਲ ਨੂੰ ਮੈਂ ਨਹੀਂ ਮੰਨਦਾ ਕਥਦਾ, ਕਿਉਂਕਿ ਨਾਮ (ਸ਼ਬਦ) ਬਿਨਾਂ ਹੋਰ ਸਾਰੀਆਂ ਗੱਲਾਂ ਕਥਨੀਆਂ ਛਾਰ (ਫ਼ਜ਼ੂਲ) ਹਨ। ਕਈ ਪਾਠੀ ਅਤੇ ਗਿਆਨੀ 'ਬਦਉਨ' ਪਦ ਇਕੱਠਾ ਉਠਾਉਂਦੇ ਹਨ। ਨੰਨੇ ਨੂੰ ਨਿਖੇੜਦੇ ਨਹੀਂ। ਅਤੇ 'ਬਦਉਨ' ਦੇ ਅਰਥ ਬਦਨੀ ਕਰਦੇ ਹਨ। ਪਰੰਤੂ ਬਦਨੀ ਦੇ ਅਰਥਾਂ ਵਿਚ 'ਬਦਉਨ' ਪਾਠ ਤਾਂ ਸ਼ੁਧ ਹੁੰਦਾ ਜੇ ਨੰਨੇ ਅੱਖਰ ਨੂੰ ਸਿਹਾਰੀ ਜਾਂ ਬਿਹਾਰੀ ਲਗੀ ਹੋਈ ਹੁੰਦੀ। ਫੇਰ ਤਾਂ ਬਦਨੀ ਦੇ ਅਰਥ ਬਣ ਸਕਦੇ ਸਨ। ਨੰਨੇ ਮੁਕਤੇ ਨਾਲਿ ਇਹ ਅਰਥ ਅਨਥਾ ਹਨ। ਤਾਂ ਤੇ 'ਬਦਉ ਨ' ਪਾਠ ਹੀ ਸ਼ੁਧ ਹੈ (ਨੰਨੇ ਨੂੰ ਨਿਖੇੜ ਕੇ) ਕਿਉਂਕਿ ਹੋਰ ਕਥਨੀ ਸਗਲੀ ਛਾਰ ਹੈ ਇਸ ਕਰਕੇ ਮੈਂ ਨਹੀਂ ਮੰਨਦਾ ਹੋਰ ਕਿਸੇ ਕਥਨੀ ਨੂੰ ਬਿਨਾ ਸ਼ਬਦ ਦੇ।

ਕੁਪੀਨ

ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ ਜਿਹਵਾ ਰੰਗਿ ਰਸੀਣਾ॥ *(ਪੰਨਾ ੯੦੭)*

ਅਮਿਉ ਰਸ ਸ਼ਬਦ (ਨਾਮ) ਰੂਪੀ ਸਤੁ (ਸਚੁ ਪਦਾਰਥੁ) ਸੰਚਨ (ਇਕੱਠਾ) ਕਰਕੇ

bsrstrust.org

ਕੁੱਪੀਆਂ ਦੀਆਂ ਕੁੱਪੀਆਂ (ਬੇ-ਅੰਤ ਰਾਸਾਂ) ਭਰਪੂਰਿ ਕਰ ਲਈਆਂ (ਅਤੇ ਇਸ ਬਿਧਿ ਅਮਿਉ ਰਸ ਰਸਾਂ ਨਾਲਿ ਮਾਲਾ ਮਾਲ ਹੋ ਕੇ ਸਤਿਗੁਰੂ ਸੱਚੇ ਪਾਤਸ਼ਾਹ ਗਗਨੰਤਰੀ ਜਾ ਲੀਨ ਹੋਏ) ਜਿਹਬਾ ਕਰਕੇ ਅਖੰਡਾਕਾਰ ਅਜਪਾ ਜਾਪ ਜਪਿ ਕੇ ਨਾਮ ਰੰਗਾਂ ਵਿਚਿ ਰਸ ਲੀਨ ਹੋਇ ਰਹੇ (ਇਤ ਬਿਧਿ ਰਸ ਲੀਨ ਹੋ ਕੇ ਨਾਮ ਰਾਸ ਦੀਆਂ ਬੇ-ਅੰਤ ਰਾਸਾਂ ਭਰਪੂਰ ਕਰਕੇ ਗਗਨੰਤਰੀ ਲੀਨ ਹੋਏ)।

ਆਮ ਗਿਆਨੀ ਖ਼ਾਸ ਕਰਕੇ ਨਿਰਮਲੇ ਪੰਡਿਤ ਅਖਾਉਣ ਵਾਲੇ ਉਪਰਲੀ ਗੁਰ ਪੰਗਤੀ ਵਿਚਿ ਆਏ 'ਕੁਪੀਨ' ਪਦ ਦਾ ਅਰਥ 'ਲੰਗੋਟੀ' ਕਰਦੇ ਹਨ ਜੋ ਬਿਲਕੁਲ ਗ਼ਲਤ ਹੈ। ਜਿਹਬਾ (ਰਸਨਾ) ਦੁਆਰਾ ਸ਼ਬਦ ਅਭਿਆਸ ਕਰਕੇ ਸੰਚਨ ਕੀਤੇ ਅੰਮ੍ਰਿਤ ਰਸ ਦਾ (ਲੰਗੋਟੀ ਵਾਲਾ) ਅਲੰਕਾਰ ਬਹੁਤ ਹੀ ਕਸੂਤਾ ਅਤੇ ਅਨੁਥਾ ਹੈ। ਲੰਗੋਟੀ ਜਤ ਦੀ ਹੁੰਦੀ ਹੈ ਨਾ ਕਿ ਸਤੁ ਦੀ। ਗੁਰਬਾਣੀ ਅੰਦਰਿ 'ਸਤੁ' ਪਦ ਹਰ ਥਾਂ ਸੱਚ ਸ਼ਬਦ (ਸ਼ਬਦ ਰੂਪੀ ਸਚੁ) ਪ੍ਰਥਾਇ ਵਰਤਿਆ ਗਿਆ ਹੈ। ਆਨ ਮਤਾਂ ਦੇ ਜਤ ਸਤ ਸੰਜਮ ਰੂਪੀ ਕਰਮ ਕਲਿਆਨ ਕਾਰਕ ਨਹੀਂ। ਗੁਰਮਤਿ ਅੰਦਰ ਏਹ ਆਨਮਤਾ ਕਰਮ ਜਤ, ਸਤੁ ਸੰਜਮੁ ਆਦਿ ਕੋਈ ਹਕੀਕਤ (ਹਸਤੀ ਹੈਸੀਅਤ) ਨਹੀਂ ਰਖਦੇ। ਗੁਰਬਾਣੀ ਅੰਦਰਿ ਏਹਨਾਂ ਕਰਮਾਂ ਦੇ ਥਾਉਂ ਸਾਚੁ ਅਰਥਾਤ ਸਚੁ ਸ਼ਬਦੁ (ਅੰਮ੍ਰਿਤ ਨਾਮੁ) ਦ੍ਰਿੜਾਇਆ ਗਇਆ ਹੈ ਜੈਸੈ ਕਿ ਏਸੇ ਪੰਗਤੀ ਵਾਲੇ ਸਮੁਚੇ ਗੁਰਵਾਕ ਦੀ ਅਰੰਭਲੀ ਸਤਰ ਵਿਚਿ ਆਇਆ ਹੈ:

ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸਬਦਿ ਰਸਿ ਲੀਣਾ॥
ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ॥ *(ਪੰਨਾ ੯੦੭)*

ਭਾਵ, ਜਤੁ, ਸਤੁ, ਸੰਜਮੁ ਰੂਪੀ ਕਰਮਾਂ ਦੇ ਥਾਉਂ ਸਤਿਗੁਰੂ ਨੇ ਕੇਵਲ ਸਾਚੁ (ਅਰਥਾਤ ਸਤਿ ਨਾਮੁ—ਸੱਚ ਸ਼ਬਦ) ਹੀ ਗੁਰ ਸਿਖਾਂ ਤਾਈਂ ਦ੍ਰਿੜਾਇਆ ਹੈ। ਕਿਉਂਕਿ ਖ਼ੁਦ ਭੀ ਗੁਰੂ ਸਾਹਿਬ ਸੱਚ ਸ਼ਬਦ ਰਸ ਲੀਨਤਾ ਦੇ ਮੁਜੱਸਮ ਅਵਤਾਰ ਸਨ। ਸੱਚਾ ਸਤਿਗੁਰੂ ਦਇਆਲਤਾ ਮੂਰਤਿ ਐਥੇ ਓਥੇ (ਲੋਕ ਪਰਲੋਕ ਵਿਖੇ) ਸਦਾ ਪਰਮਾਤਮ ਰੰਗਾਂ ਵਿਚਿ ਹੀ ਲਿਵਲੀਨ ਹੈ। 'ਕੁਪੀਨ' ਪਦ ਏਥੇ ਕੁੱਪੀ ਦਾ ਬਹੁ-ਵਚਨ ਹੈ। ਕੁੱਪੀਆਂ ਦਾ ਅਰਥ ਰਖਦਾ ਹੈ ਨਾ ਕਿ ਲੰਗੋਟੀ ਦਾ। ਨਾਮ ਰਸ ਦੀਆਂ ਭਰੀਆਂ ਕੁੱਪੀਆਂ ਹੋ ਸਕਦੀਆਂ ਹਨ ਨ ਕਿ ਲੰਗੋਟੀਆਂ। ਤਾਂ ਤੇ ਲੰਗੋਟੀ ਦਾ ਅਰਥ ਮਹਾਂ ਅਨਰਥ ਹੈ ਜੋ ਕਿ ਲੰਗੋਟੀ ਬਾਜ਼ ਨਿਰਮਲਿਆਂ ਦਾ ਘੜਿਆ ਹੋਇਆ ਹੈ।

ਕੇਸੋ ਗੋਪਾਲ, ਬੇਬਾਣ

ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥
(ਰਾਮਕਲੀ ਸਦੁ, ਪੰਨਾ ੯੨੩)

ਪ੍ਰਿਥਵੀ ਦੇ ਪਾਲਣ ਹਾਰੇ ਪਰਮਾਤਮਾ (ਕੇਸੋ ਗੋਪਾਲ) ਵਾਹਿਗੁਰੂ ਦੇ ਗੁਰਮਤਿ ਗਿਆਨਵਾਨ ਸੰਤ ਜਨਾਂ (ਪੰਡਤਾਂ) ਕੀਰਤਨੀ ਜਨਾਂ, ਨਿਰਬਾਣ ਕੀਰਤਨ ਕਰਨਹਾਰੇ

bsrstrust.org

ਭਗਤ ਜਨਾਂ ਨੂੰ ਸਦ ਬੁਲਾਇਓ। ਜੋ ਪਰਸਪਰ ਮਿਲ ਕੇ ਹਰਿ ਹਰਿ ਕਥਾ ਕੀਰਤਨ ਰੂਪੀ ਸੱਚੀ ਪੁਰਾਨ ਮਈ ਗੁਰਬਾਣੀ ਦਾ ਪਾਠ ਉਚਾਰਣ ਕਰਨ। ਕੀਰਤਨ ਪਾਠ ਕਰਨ।

ਵੇਦ ਪੁਰਾਣੀ ਮਤ ਦੇ ਗ੍ਰਸੇ ਹੋਏ ਅਗਿਆਨੀ ਲੋਕ ਜੋ ਅਰਥ ਕਰਦੇ ਹਨ ਕਿ ਕੇਸੋ ਗੋਪਾਲ ਨਾਮੇ ਪੰਡਿਤ ਬ੍ਰਾਹਮਣ ਨੂੰ ਸਦਿਓ ਜੋ ਪੁਰਾਣਾਂ ਦੀ ਕਥਾ ਕਰੇ। ਇਹ ਅਰਥ ਉੱਕਾ ਹੀ ਬਣਦੇ ਨਹੀਂ। ਕਿਉਂਕਿ ਜੇ ਗੋਪਾਲ ਖ਼ਾਸ ਨਾਂਵ (proper noun) ਹੁੰਦਾ ਤਾਂ ਇਸ ਦੇ ਪਿਛਲੇ ਅੱਖਰ ਲੱਲੇ ਨੂੰ ਔਂਕੜ ਜ਼ਰੂਰ ਲਗਿਆ ਹੋਣਾ ਚਾਹੀਦਾ ਸੀ ਗੁਰਬਾਣੀ ਦੇ ਲਗਮਾਤ੍ਰਾਂ ਵਾਲੇ ਨਿਯਮਾਂ ਅਨੁਸਾਰ, ਪਦ ਏਥੇ ਔਂਕੜ ਨਹੀਂ ਲਗਿਆ ਹੋਇਆ ਅਤੇ ਪੰਡਿਤ ਪਦ ਦੇ ਤੱਤੇ ਅੱਖਰ ਨੂੰ ਭੀ ਔਂਕੜ ਲਗਿਆ ਹੋਣਾ ਲੋੜੀਦਾ ਸੀ। ਪਰ ਹੈ ਨਹੀਂ। ਤਾਂ ਤੇ 'ਪੰਡਿਤ' ਪਦ ਬਹੁ-ਵਚਨ ਨਾਂਵ (plural noun) ਹੈ। ਇਕ-ਵਚਨ ਨਾਂਵ (singular noun) ਨਹੀਂ। ਬਹੁ-ਵਚਨ ਨਾਂਵ (plural noun) ਹੋਣ ਦੀ ਪੱਕੀ ਪ੍ਰੋੜ੍ਹਤਾ ਇਉਂ ਭੀ ਹੁੰਦੀ ਹੈ ਕਿ ਇਸ ਸਬੰਧੀ ਕਿਰਿਆ (verb) ਬਹੁ-ਵਚਨ ਵਾਚਕ ਕਿਰਿਆ 'ਪੜਹਿਂ' ਹੈ। ਜੇਕਰ ਇਹ ਇਕ-ਵਚਨ ਨਾਂਵ ਹੁੰਦਾ ਤਾਂ ਇਸ ਦੀ ਕਿਰਿਆ ਵਾਚਨੀ ਪਦ 'ਪੜਹਿਂ' ਦੇ ਥਾਉਂ 'ਪੜ੍ਹੈ' ਜਾਂ 'ਪੜ੍ਹੇ' ਹੁੰਦਾ। ਤਾਂ ਤੇ ਕੇਸੋ ਗੋਪਾਲ ਰੂਪੀ ਪੰਡਿਤ ਬੁਲਾਵਣ ਵਾਲੇ ਅਰਥ ਉੱਕੇ ਅਨੁੱਥਾ ਅਤੇ ਅਨਰਥ ਹਨ। ਜੇ ਕੋਈ ਕਹੇ ਕਿ ਕੇਸੋ ਤੇ ਗੋਪਾਲ ਦੋ ਪੰਡਿਤ ਬੁਲਾਉ ਵਾਲਾ ਅਰਥ ਲਗਾਓ ਤਾਂ ਭੀ ਨਹੀਂ ਬਣਦਾ, ਕਿਉਂਕਿ ਹਰ ਸੂਰਤਿ ਵਿਚ 'ਗੋਪਾਲ' ਪਦ ਦੇ ਲੱਲੇ ਅੱਖਰ ਨੂੰ ਔਂਕੜ ਹੋਣਾ ਚਾਹੀਦਾ ਹੈ। ਤਾਂ ਹੀ ਤਾਂ ਖ਼ਾਸ ਨਾਂਵ (proper noun) ਬਣਦਾ ਹੈ, ਐਵੇਂ ਨਹੀਂ। ਨਾਲੇ ਪਹਿਲੀ ਤੁਕ ਵਿਚਿ ਸਾਫ਼ ਇਉਂ ਉਚਰਨ ਹੋਇਆ ਹੈ:

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

ਸੋ ਗੁਰਬਾਣੀ ਕੀਰਤਨ ਕਰਨਹਾਰੇ ਗੁਰਮੁਖਿ ਸਿਖ ਹੀ ਹੋ ਸਕਦੇ ਹਨ। ਬ੍ਰਾਹਮਣਾਂ ਪੰਡਿਤਾਂ ਨੇ ਕੀ ਕੀਰਤਨ ਕਰ ਸਕਣਾ ਸੀ। ਦੋ ਪੰਡਿਤ ਕੇਸੋ ਤੇ ਗੋਪਾਲ ਨਾਮ ਦੇ ਕਦੇ ਕੀਰਤਨੀਏ ਨਹੀਂ ਸੁਣੇ, ਨਾ ਹੀ ਭਾਈ ਗੁਰਦਾਸ ਜੀ ਦੀ ਗੁਰ ਸਿਖਾਂ ਦੇ ਨਾਂਵਾਂ ਵਾਲੀ (ਨਾਮਾਂਵਲੀ) ਗਿਆਰਵੀਂ ਵਾਰ ਵਿਚਿ ਕਿਤੇ ਏਹ ਨਾਉਂ ਦੋਈ ਕੇਸੋ ਤੇ ਗੋਪਾਲ ਦੇ ਆਉਂਦੇ ਹਨ। ਤਾਂ ਤੇ ਉਕਤ ਅਰਥ ਬਿਲਕੁਲ ਮਨਘੜਤ ਅਤੇ ਖਿਚਵੇਂ ਹਨ। ਗੁਰੂ ਘਰ ਅੰਦਰਿ ਹਰਿ ਹਰਿ ਨਾਮ (ਗੁਰਮਤਿ ਨਾਮ) ਦਾ ਰਟਨ ਅਤੇ ਗੁਰਬਾਣੀ ਦਾ ਨਿਰਬਾਣ ਕੀਰਤਨ ਹੀ ਮੁਖ ਪਰਮਾਣੀਕ ਪੁਰਾਣ ਹੈ। ਹੋਰ ਕਿਸੇ ਪੁਰਾਣ ਦਾ ਵਿਧਾਨ ਗੁਰਮਤਿ ਅੰਦਰਿ ਨਹੀਂ। ਕੇਸੋ ਤੇ ਗੋਪਾਲ ਕੇਹੜੇ ਪਰਸਿਧ ਕੀਰਤਨੀਏ ਸਿਖ ਆ ਗਏ ਐਵੇਂ ਢਕੌਂਸਲਾ ਹੈ। ਅਗਲੀ ਤੁਕ—"ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ॥" ਸਾਫ਼ ਦਸਦੀ ਹੈ ਕਿ ਗੁਰੂ ਨੂੰ ਭਾਉਣ ਵਾਲੀ ਗੁਰਬਾਣੀ ਪੜ੍ਹਨ ਸੁਣਨ ਅਤੇ ਗੁਰਮਤਿ ਨਾਮ ਰਟਣ ਮਈ ਕਥਾ ਹੀ ਭਾਵੰਦੀ ਹੈ। ਇਹੋ ਗੁਰਮਤਿ ਮਰਯਾਦਾ ਗੁਰੂ ਘਰ ਅੰਦਰਿ ਹੈ ਕਿ ਗੁਰਬਾਣੀ ਦਾ ਕੀਰਤਨ ਕਰਦੇ ਹੋਏ ਅਰਥੀ ਨੂੰ ਲੈ ਜਾਵਣਾ। ਹੋਰ ਬੇਬਾਣ ਕਢਣਾ ਸਭ ਮਨਮਤਿ ਹੈ। ਗੁਰਮਤਿ ਦਾ ਬੇਬਾਣ ਉਪਰਲਾ ਬਿਆਨ ਕੀਤਾ ਹੀ ਪਰਵਾਣ ਹੈ।

bsrstrust.org

ਹਰਿ ਸਰੁ

ਹਰਿ ਸਰੁ ਸਾਗਰੁ ਨਿਰਮਲੁ ਸੋਈ ॥
ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥ *(ਪੰਨਾ ੧੨੮)*

ਗੁਰਵਾਕ ਅਨੁਸਾਰ ਗੁਰਮੁਖ ਹੰਸਲੇ ਗੁਰਸਿਖ ਸੰਤ ਗੁਰੂ ਘਰ ਦੇ ਸਤਸੰਗ ਰੂਪੀ ਸਰੋਵਰ ਵਿਚਿ ਇਕਤ੍ਰ ਹੋ ਕੇ (ਜੁੜ ਕੇ) ਨਿਰਮਲ ਨਾਮ ਰੂਪੀ ਮੋਤੀ ਚੁਗਦੇ ਹਨ ਨਿਤਾਪ੍ਰਤਿ। ਅਤੇ "ਹਰਿ ਸਰੁ ਸਾਗਰੁ ਹਰਿ ਹੈ ਆਪੇ"[1] ਦੇ ਗੁਰਵਾਕ ਭਾਵ ਅਨੁਸਾਰ ਸਰਬ ਵਿਆਪਕ ਵਾਹਿਗੁਰੂ ਅਤੇ ਨਾਮੀ ਵਾਹਿਗੁਰੂ ਅਭੇਦ ਨਾਮੁ ਵਾਹਿਗੁਰੂ ਹੀ ਬਜ਼ਾਤੇ ਖ਼ੁਦ ਹਰਿ ਸਰੁ ਸਾਗਰੁ ਹੈ:

ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡ ਭਾਗੀ ਪੁਰਖ ਲਹੰਨਿ ॥
ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥ *(ਪੰਨਾ ੭੫੬)*

ਗੁਰੁ ਸਰਵਰੁ ਹਮ ਹੰਸ ਪਿਆਰੇ ॥
ਸਾਗਰ ਮਹਿ ਰਤਨ ਲਾਲ ਬਹੁ ਸਾਰੇ ॥
ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ ॥ *(ਪੰਨਾ ੧੦੨੭)*

ਪੁਨਾ— **ਸੰਗਤਿ ਸੰਤ ਮਿਲਾਏ ॥ ਹਰਿ ਸਰਿ ਨਿਰਮਲਿ ਨਾਏ ॥** *(ਪੰਨਾ ੭੭੪)*

ਤਥਾ— **ਸਾਗਰ ਭਗਤਿ ਭੰਡਾਰ ਹਰਿ ਪੂਰੇ ਸਤਿਗੁਰ ਪਾਸਿ ॥**
ਸਤਿਗੁਰੁ ਤੁਠਾ ਖੋਲਿ ਦੇਇ ਮੁਖਿ ਗੁਰਮੁਖਿ ਹਰਿ ਪਰਗਾਸਿ ॥ *(ਪੰਨਾ ੯੯੬)*

ਪੁਨਾ— **ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ ॥**
ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥ *(ਪੰਨਾ ੯੫੬)*

ਤਥਾ— **ਸਤਿਗੁਰੁ ਸਰਵਰੁ ਰਤਨੀ ਭਰਪੂਰੇ ਜਿਸੁ ਪ੍ਰਾਪਤਿ ਸੋ ਪਾਵੈ ॥...**
ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ ਖਾਇ ਖਰਚਿ ਰਹੇ ਤੋਟਿ ਨ ਆਵੈ ॥
(ਪੰਨਾ ੯੬੦)

ਏਹਨਾਂ ਉਪਰਲੇ ਗੁਰ ਪਰਮਾਣਾਂ ਦੇ ਭਾਵਾਂ ਦੀ ਰੋਸ਼ਨੀ ਵਿਚਿ ਤਦੇ "ਪਿੰਡੁ ਪਤੋਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ ॥" ਦਾ ਸਪਸ਼ਟ ਭਾਵ ਇਹੀ ਹੈ ਕਿ ਗੁਰੂ ਘਰ ਦੀ ਸਤਿਸੰਗਤ ਰੂਪੀ ਹਰਿ ਸਰਿ ਸਰੋਵਰ ਵਿਚਿ ਮਿਲ ਬੈਠਣਾ ਹਰਿ ਜਸ ਪ੍ਰਾਪਤਿ ਕਰਨਾ ਹੀ ਪਿੰਡ, ਪਤਲ, ਦੀਵਾ, ਫੁਲ ਆਦਿਕ ਕਿਰਿਆ ਕਰਨਾ ਹੈ। ਹੋਰ ਆਨਮਤ ਕਿਰਿਆ ਦੀ ਲੋੜ ਨਹੀਂ। ਨਾ ਹੀ ਪਿੰਡ ਭਰਨ ਦੀ ਲੋੜ ਹੈ ਪਤਲਾਂ ਵਿਚਿ, ਨਾ ਹੀ ਫੁਲ ਪਾਉਣ ਦੀ ਲੋੜ ਹੈ ਕਿਤੇ ਹਰਿਦੁਆਰ ਆਦਿਕ। ਆਨਮਤ ਕਿਰਿਆ ਦੀ ਰੀਸ ਘੜੀਸ ਜਿਨ੍ਹਾਂ ਨਕਲੀ ਸਿੱਖਾਂ ਨੇ ਪਤਾਲ ਪੁਰੀ ਨੂੰ ਹਰਿ ਸਰਿ ਤੀਰਥ ਫੁਲ ਪਾਉਣ ਲਈ ਬਣਾ ਛਡਿਆ ਹੈ ਸੋ ਸਭ ਕਪੋਲ ਕਲਪਤ ਕਿਰਿਆ ਹੈ। ਗੁਰਮਤਿ ਅਨੁਸਾਰੀ ਕਿਰਿਆ ਨਹੀਂ।

---

੧. ...੮॥੩॥੬॥ (ਬਿਲਾਵਲੁ ਮ: ੪, ਪੰਨਾ ੮੩੫)।

bsrstrust.org

ਤਿਲਕੁ

ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥

(ਰਾਮਕਲੀ ਸਦੁ, ਪੰਨਾ ੯੨੩)

ਰਾਮਦਾਸ ਸੋਢੀ ਨੂੰ ਗੁਰੂ ਅਮਰਦਾਸ ਸਾਹਿਬ ਨੇ ਗੁਰਿਆਈ ਦਾ ਤਿਲਕ ਦਿਤਾ। 'ਗੁਰ ਸਬਦੁ ਸਚੁ ਨੀਸਾਣ' ਰੂਪੀ ਗੁਰਮਤਿ ਸੱਚੀ ਗੁਰਿਆਈ ਦਾ ਸੱਚਾ ਤਿਲਕ ਦਿਤਾ। 'ਮਸਤਕਿ ਸਤਿਗੁਰ ਦਾਗੁ ਦਗਾਨਾ॥' ਗੁਰ ਸ਼ਬਦ ਰੂਪੀ ਜੋਤਿ ਅੰਤਰਿ ਆਤਮੇ ਜਗਾ ਕੇ ਮਸਤਕ ਭੀ ਜੋਤਿ ਜਗੰਨਾ ਦੱਗ ਦਗੰਨਾ ਕਰ ਦਿਤਾ। ਐਸਾ ਤਿਲਕ ਹੈ ਗੁਰਿਆਈ ਦਾ। ਆਤਮ ਪਰਮਾਤਮੀ ਜਗਮਗੀ ਜੋਤਿ ਮਿਲਾਵੇ ਦੇ ਨੀਸਾਨ ਦਾ ਤਿਲਕ ਹੈ, ਹੋਰ ਕੋਈ ਸੰਧੂਰ ਦਾ ਟਿੱਕਾ ਨਹੀਂ ਜੈਸਾ ਕਿ ਹਿੰਦੂ ਮਤ ਲਿਬੜ ਪੰਥੀਏ ਬਿਆਨ ਕਰਦੇ ਹਨ। 'ਤਿਲਕੁ' ਪਦ ਦੇ ਕੱਕੇ ਅੱਖਰ ਨੂੰ ਔਂਕੜ ਹੈ ਅਤੇ ਓਧਰ ਨਾਲ ਲਗਦੇ 'ਸਬਦੁ' ਸਚੁ, ਨੀਸਾਨੁ' ਤੇਹਾਂ ਪਦਾਂ ਦੇ ਪਿਛਲੇ ਅੱਖਰਾਂ ਦੱਦੇ, ਚੱਚੇ ਅਤੇ ਨੰਨੇ ਨੂੰ ਭੀ ਔਂਕੜ ਹੋਣਾ ਇਕ ਸ਼ੁਧ ਅਰਥ ਸਹੀ ਰਖਦਾ ਹੈ ਕਿ ਇਹ ਤਿਲਕ ਗੁਰ ਦੀਖਿਆ ਮਈ, ਸ਼ਬਦ ਰੂਪੀ, ਗੁਰਮਤਿ ਸਚੁ (ਨਾਮ) ਰੂਪੀ ਸੱਚੜੇ ਨੀਸਾਣੁ ਰੂਪੀ ਜੋਤਿ ਨੀਸਾਨੀ ਤਿਲਕ ਹੈ। ਫੋਕਾ ਸੰਧੂਰਕ ਤਿਲਕ ਨਹੀਂ। ਦੁਨੀਆ ਦੀ ਰਸਮ ਦਾ ਏਥੇ ਲੇਸ ਮਾਤਰ ਨਹੀਂ।

ਸਭ

ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ ॥ *(ਪੰਨਾ ੯੨੪)*

ਸਭ ਉੱਮਤ ਸਤਿਗੁਰੂ (ਰਾਮਦਾਸ ਜੀ) ਦੀ ਪੈਰੀਂ ਪੈਣ ਲਗੀ, ਕਿਉਂਕਿ ਸਤਿਗੁਰੂ ਰਾਮਦਾਸ ਜੀ ਦੇ ਜੋਤਿ ਜਾਮੇ ਵਿਚਿ ਸਤਿਗੁਰੂ ਅਮਰਦਾਸ ਜੀ ਨੇ ਆਪਣਾ ਜੋਤਿ ਗੁਰੰਨਾ ਸਰੂਪ (ਆਪਣਾ ਆਪੁ) ਪਰਵੇਸ਼ ਕੀਤਾ (ਰਖਿਆ)। 'ਸਭ' ਪਦ ਦਾ ਭੱਭਾ ਅੱਖਰ ਇਸ ਕਰਕੇ ਮੁਕਤਾ ਹੈ ਕਿਉਂਕਿ ਇਹ 'ਉੱਮਤ' ਰੂਪੀ ਇਸਤ੍ਰੀ-ਲਿੰਗ ਨਾਂਵ (noun feminine gender) ਦਾ ਸਮੁੱਚ ਗੋਣਤੀਆ ਵਿਸ਼ੇਸ਼ਣ (collective adjective) ਹੈ। 'ਆਪੁ' ਪਦ ਦੇ ਪੱਪੇ ਦਾ ਔਂਕੜ ਆਪਣੇ ਸਰੂਪ ਦਾ ਅਰਥ ਦਿੰਦਾ ਹੈ।

ਸੰਤਨ ਕੈ, ਗੁਰਮੰਤਨ ਕੈ

ਰੁਣ ਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ ॥
ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰਮੰਤਨ ਕੈ ॥

(ਰਾਮਕਲੀ ਮ: ੫ ਛੰਤ, ਪੰਨਾ ੯੨੫)

ਇਸ ਦੁਪੰਗਤੀ ਦੀ ਪਹਿਲੀ ਪੰਗਤੀ ਅੰਦਰਿ 'ਸੰਤਨ ਕੈ' ਵਿਚਿ 'ਕੈ' ਪਦ

bsrstrust.org

ਦੁਲਾਈਆਂ ਸਹਿਤ ਅਰਥ ਰਖਦਾ ਹੈ : 'ਸੰਤਾਂ ਦੀ ਸੰਗਤਿ ਵਿਚਿ' ਅਤੇ ਦੂਜੀ ਪੰਗਤੀ ਅੰਦਰਿ 'ਗੁਰਮੰਤਨ ਕੈ' ਵਿਚਿ 'ਕੈ' ਦੀਆਂ ਦੁਲਾਈਆਂ 'ਦੁਆਰਾ' ਦਾ ਅਰਥ ਰਖਦੀਆਂ ਹਨ। ਸਾਰੀ ਪਿਛਲੀ ਪੰਗਤੀ ਦਾ ਭਾਵ ਹੈ—ਗੁਰ ਦੀਖਿਆ ਦੁਆਰਾ ਗੁਰਮੰਤ੍ਰ ਲੈ ਕੇ ਨਾਮ ਜਪਿਆਂ, ਕੇਵਲ ਗੁਰਮਤਿ ਨਾਮ ਜਪਿਆਂ ਕਿਲਵਿਖ ਦੋਖ ਸਭ ਬਿਨਾਸ ਹੁੰਦੇ ਹਨ।

ਕਰਮ ਰਤ

ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ॥ *(ਪੰਨਾ ੨੫੨)*

ਕਰਮ ਰਤ—ਕਰਮਾਂ ਦੇ ਨਾਲਿ ਰਤੀ (ਪ੍ਰੀਤੀ) ਰਖਣ ਵਾਲੇ, ਕਰਮਾਂ ਦੇ ਬੰਧਨਾਂ ਵਿਚਿ ਪਏ ਹੋਏ ਕਰਮ ਕਾਂਡੀ ਪੁਰਸ਼। 'ਕਰ ਮਰਤ' ਪਾਠ ਠੀਕ ਨਹੀਂ ਹੈ। ਜੇ ਇਹੀ ਪਾਠ 'ਕਰ ਮਰਤ' ਸ਼ੁਧ ਹੁੰਦਾ ਤਾਂ 'ਕਰ' ਦੇ ਰਾਰੇ ਨੂੰ ਸਿਹਾਰੀ ਹੁੰਦੀ ਅਤੇ ਪਾਠ 'ਕਰਿ ਮਰਤ' ਹੁੰਦਾ ਤੇ ਅਰਥ ਹੁੰਦੇ ਮੈਂ ਮੈਂ ਕਰਦੇ ਮਰ ਰਹਿੰਦੇ ਹਨ, ਮਰ ਜਾਂਦੇ ਹਨ। ਤਾਂ ਤੇ ਸ਼ੁਧ ਪਾਠ 'ਕਰਮ ਰਤ' ਹੀ ਹੈ।

ਬਿਨਵੰਤਿ

'ਬਿਨਵੰਤਿ' ਪਦ 'ਬਿਨੇ ਕਰਦਾ ਹੈ' ਦੇ ਅਰਥਾਂ ਵਿਚਿ ਗੁਰਬਾਣੀ ਅੰਦਰਿ ਤੱਤੇ ਨੂੰ ਸਿਹਾਰੀ ਨਾਲਿ ਹੀ ਆਵੇਗਾ।

ਸਾਧੀਐ, ਗੁਨੀਐ

ਹਰਿ ਨਾਮੁ ਲੀਜੈ ਅਮਿਉ ਪੀਜੈ ਰੈਣਿ ਦਿਨਸੁ ਅਰਾਧੀਐ॥
ਜੋਗ ਦਾਨ ਅਨੇਕ ਕਿਰਿਆ ਲਗਿ ਚਰਣ ਕਮਲਹ ਸਾਧੀਐ॥

(ਰਾਮਕਲੀ ਮ: ੫, ਪੰਨਾ ੯੨੫)

ਗੁਰਮੁਖਿ ਸਾਧਾਂ ਸੰਤਾਂ ਦੇ ਚਰਨ ਕਮਲਾਂ ਦੇ ਨਾਲ ਲਗਣੇ ਕਰਕੇ, ਜੋਗ ਦਾਨ ਅਨੇਕ ਕਰਮ ਸੁਤੇ-ਸਿਧ ਹੀ ਪ੍ਰਾਪਤਿ ਹੋ ਜਾਂਦੇ ਹਨ। 'ਸਾਧੀਐ'—ਸਾਧ ਜਨਾਂ ਦੇ। ਇਸ ਦੀ ਪ੍ਰੋੜ੍ਹਤਾ ਅਗਲੇਰੇ ਸ਼ਬਦ ਗੁਰਵਾਕ ਦੀ ਪਹਿਲੀ ਤੁਕ ਖ਼ੂਬ ਫਬਦੀ ਹੈ।

ਮਿਲਿ ਰਹੀਐ ਪ੍ਰਭ ਸਾਧ ਜਨਾ ਮਿਲਿ ਹਰਿ ਕੀਰਤਨੁ ਸੁਨੀਐ ਰਾਮ॥

(ਪੰਨਾ ੯੨੬)

ਗੁਰੂ ਵਰੋਸਾਏ ਗੁਰੂ ਘਰ ਦੇ ਵਾਹਿਗੁਰੂ ਦੇ ਸਾਧ ਜਨਾਂ ਨਾਲ ਸਦਾ ਮਿਲਿ ਰਹੀਏ ਅਤੇ ਮਿਲ ਕੇ ਹਰਿ ਕੀਰਤਨ ਸੁਣਦੇ ਹੀ ਰਹੀਐ। ਇਹੀ ਸਰਬੋਤਮ ਸ੍ਰੇਸ਼ਟ ਗੁਰਮਤਿ ਕਰਮ ਧਾਰੀ ਰਖੀਐ ਸਦਾ ਸਦਾ।

bsrstrust.org

ਦਇਆਲ ਪ੍ਰਭੂ ਦਾਮੋਦਰ ਮਾਧੋ ਅੰਤੁ ਨ ਪਾਈਐ ਗੁਨੀਐ ਰਾਮ ॥ *(ਪੰਨਾ ੯੨੬)*

ਭਾਵ, ਵਾਹਿਗੁਰੂ ਦੇ ਗੁਣਾਂ ਦਾ ਅੰਤੁ ਨਹੀਂ ਪਾਇਆ ਜਾਂਦਾ। ਜਿਸ ਪ੍ਰਕਾਰ ਇਸ ਤੁਕ ਵਿਚਿ 'ਗੁਨੀਐ' ਦੇ ਅਰਥ—'ਗੁਨਾਂ ਦਾ' ਹਨ, ਏਸੇ ਪਰਕਾਰ 'ਚਰਨ ਕਮਲਹ ਸਾਧੀਐ' ਦੇ ਅਰਥ ਹਨ ਸਾਧਾਂ ਦੇ ਚਰਨ ਕੰਵਲਾਂ ਨਾਲਿ। 'ਸਾਧੀਐ'—ਸਾਧਾਂ ਦੇ। ਜਿਥੇ ਸਨਮਾਨ ਪੂਰਬਕ ਵਾਹਿਗੁਰੂ ਵਾਚਕ ਪਦ 'ਪ੍ਰਭ' ਅਦਿਕ ਵਰਤਿਆ ਜਾਂਦਾ ਹੈ ਓਥੇ ਬਹੁ-ਵਚਨ ਨਾਂਵ ਹੀ ਆਉਂਦਾ ਹੈ ਪਰ ਭਾਵ ਇਕ-ਵਚਨ ਨਾਂਵ ਦਾ ਹੁੰਦਾ ਹੈ। ਜੈਸੇ :

ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ ॥
ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ ॥ *(ਪੰਨਾ ੯੨੯)*

ਏਥੇ ਦੂਜੀ ਤੁਕ ਅੰਦਰ 'ਪ੍ਰਭ, ਮੀਤ' ਪਦਾਂ ਦੇ ਦੋਈ ਪਿਛਲੇ ਅੱਖਰ 'ਪ੍ਰਭ' ਦਾ ਭੱਭਾ ਅਤੇ 'ਮੀਤ' ਦਾ ਤੱਤਾ ਮੁਕਤੇ ਹਨ। ਸਨਮਾਨ ਵਜੋਂ ਬਹੁ-ਵਚਨ ਕਰਕੇ ਬੋਲੇ ਜਾਂਦੇ ਹਨ, ਹਾਲਾਂਕਿ ਪ੍ਰਭੂ ਪਰਮਾਤਮਾ ਵਾਹਿਗੁਰੂ ਵਾਚਕ ਪਦ ਇਕੋ ਹੀ ਹੈ। ਏਹੋ ਸਾਰੀ ਬਾਣੀ ਵਿਚ ਨਿਸਚਿਤ ਨਿਯਮ ਹੈ।

ਓਅੰਕਾਰਿ, ਓਅੰਕਾਰੁ

ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥ *(ਪੰਨਾ ੯੨੯)*

ਪਹਿਲੀ ਪੰਗਤੀ ਵਿਚ 'ਓਅੰਕਾਰਿ' ਦੇ ਪਿਛਲੇ ਅੱਖਰ ਰਾਰੇ ਨੂੰ ਸਿਹਾਰੀ ਜੋ ਹੈ ਇਹ 'ਦੁਆਰਾ' ਦਾ ਅਰਥ ਰਖਦੀ ਹੈ। ਦੂਜੀ ਪੰਗਤੀ ਵਿਚਿ 'ਓਅੰਕਾਰੁ' ਦੇ ਰਾਰੇ ਅੱਖਰ ਨੂੰ ਔਂਕੜ ਹੈ ਜੋ ਖ਼ਾਸ ਵਿਸ਼ੇਸ਼ ਨਾਂਵ ਕਰਤਾ (subject proper noun) ਦਾ ਅਰਥ ਰਖਦਾ ਹੈ। ਸਾਰੀ ਦੁਤੁਕੀ ਦਾ ਅਰਥ ਭਾਵ ਹੈ—ਓਅੰਕਾਰ ਦੁਆਰਾ ਬ੍ਰਹਮਾ ਦੀ ਉਤਪਤੀ ਹੋਈ ਜਿਸ ਬ੍ਰਹਮਾ ਨੇ ਓਅੰਕਾਰ ਚੇਤਿਆ।

ਬੰਧੁ ਨ

ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ ॥ *(ਪੰਨਾ ੯੩੭)*

ਇਸ ਤੁਕ ਅੰਦਰਿ 'ਬੰਧੁ' ਪਦ ਦੇ ਧੱਧੇ ਨੂੰ ਔਂਕੜ ਅਗਲੇ ਨੰਨੇ ਨਾਲੋਂ ਨਿਖੇੜਦਾ ਹੈ। 'ਬੰਧੁਨ' ਪਾਠ ਨਹੀਂ ਬਣਦਾ, ਨਾ ਹੀ ਫੇਰ ਅਰਥ ਠੀਕ ਬਣਦੇ ਹਨ। ਭਾਵ ਅਰਥ—ਆਪਣੇ ਖਸਮੁ ਨੂੰ ਪਛਾਣੇ ਤੇ ਅਗਿਆਨ ਰੂਪੀ ਬੰਨ੍ਹ ਪਿਆ ਖੁਲ੍ਹ ਜਾਂਦਾ ਹੈ ਤੇ ਫੇਰ ਬੰਨ੍ਹ ਨਹੀਂ ਪੈਂਦੇ। 'ਬੰਧੁ' ਏਥੇ 'ਦੇਹੁਰੀ' ਦੀਪਕ ਹੈ। ਦੋਹੀਂ ਪਾਸੀਂ ਲਗਦਾ ਹੈ। ਬੰਨ੍ਹ ਖੁਲ੍ਹ ਜਾਂਦਾ ਹੈ ਫੇਰ ਬੰਧੁ ਨਹੀਂ ਪੈਂਦਾ।

bsrstrust.org

ਬੇਦ ਬੀਚਾਰੀ

ਗੁਰਮੁਖਿ ਪਰਚੈ ਬੇਦ ਬੀਚਾਰੀ ॥
ਗੁਰਮੁਖਿ ਪਰਚੈ ਤਰੀਐ ਤਾਰੀ ॥ *(ਪੰਨਾ ੯੪੧)*

ਵਾਹਿਗੁਰੂ ਸ਼ਬਦ ਨਾਲਿ ਪਰਚਾ ਪਾਉਣ ਵਾਲਾ, ਭਾਵ ਗੁਰਮਤਿ ਨਾਮ ਅਭਿਆਸੀ ਗੁਰਮਖਿ ਪਿਆਰਾ ਹੀ ਸੱਚਾ ਬੇਦ ਬੀਚਾਰੀ ਹੈ। ਹੋਰ ਬੇਦ ਬੀਚਾਰੀ ਸਭੋ ਫੋਕਟ ਹਨ। ਸੱਚੇ ਗੁਰ ਸ਼ਬਦ ਵਾਹਿਗੁਰੂ ਨਾਲ ਪਰਚਾ ਪਾਉਣ ਵਾਲੇ ਗੁਰਮੁਖਿ ਅਭਿਆਸੀ ਜਨ ਹੀ ਸੱਚੀ ਤਾਰੀ ਤਰ ਕੇ ਭਵਜਲ ਤੋਂ ਪਾਰ ਪੈਂਦੇ ਹਨ। ਆਨਮਤ ਬੇਦਾਂ ਦੀ ਬੀਚਾਰ ਕੁਛ ਨਹੀਂ ਸਾਰ ਸਕਦੀ।

ਜਾਲਿ

ਨਾਨਕ ਹਉਮੈ ਜਾਲਿ ਸਮਾਇ ॥੨੯॥ *(ਪੰਨਾ ੯੪੧)*

ਏਥੇ 'ਜਾਲਿ' ਦੇ ਅਰਥ 'ਜਾਲ ਕੇ' ਦੇ ਹਨ ਨਾ ਕਿ 'ਜਾਲ ਵਿਖੇ'। ਲੱਲੇ ਦੀ ਸਿਹਾਰੀ ਏਥੇ 'ਕੇ' ਦੇ ਅਰਥ ਦਿੰਦੀ ਹੈ, 'ਵਿਖੇ' ਦੇ ਨਹੀਂ ਦਿੰਦੀ। ਹਉਮੈ ਨੂੰ ਜਾਲ ਕੇ ਪਰਮ ਪਦ ਵਾਹਿਗੁਰੂ ਵਿਚਿ ਸਮਾਈ ਦਾ ਹੈ। ਹਉਮੈ ਦੇ ਜਾਲ ਵਿਖੇ ਦੇ ਅਰਥ ਬਿਪਰਜੇ ਹਨ।

ਗੁਰਮੁਖਿ ਵਾਹਿਗੁਰੂ

ਗੁਰਮੁਖਿ ਧਰਤੀ ਸਾਚੈ ਸਾਜੀ ॥ *(ਪੰਨਾ ੯੪੧)*

ਸੱਚੇ ਵਾਹਿਗੁਰੂ ਨੇ ਹੀ ਧਰਤੀ ਸਾਜੀ ਹੈ। ਏਥੇ 'ਗੁਰਮੁਖਿ' ਪਦ ਦੇ ਅਰਥ ਵਾਹਿਗੁਰੂ ਦੇ ਹਨ।

ਗੁਰਮੁਖਿ ਗੁਰਮੁਖ ਜਨ

ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥
ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥ *(ਪੰਨਾ ੯੪੧)*

ਏਹਨਾਂ ਦੋਹਾਂ ਤੁਕਾਂ ਅੰਦਰਿ 'ਗੁਰਮੁਖਿ' ਪਦ ਦੇ ਅਰਥ ਗੁਰਮੁਖਿ ਜਨ ਦੇ ਹਨ।

ਸਾਜੀਅਨੁ, ਲਾਇਅਨੁ, ਬਖਸਿਓਨੁ, ਉਪਾਈਅਨੁ

ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ ॥੧॥
(ਪਉੜੀ ਵਾਰ ਰਾਮਕਲੀ ਮ: ੩, ਪੰਨਾ ੯੪੭)

bsrstrust.org

ਇਸ ਪੰਗਤੀ ਵਿਚ 'ਸਾਜੀਅਨੁ' ਦਾ ਭਾਵ ਉਸਨੇ (ਸਾਜਨਹਾਰੇ ਸਿਰਜਨਹਾਰ ਕਰਤੇ ਨੇ) ਸਾਜੀ ਹੈ (ਕੁਦਰਤਿ)।

ਸਾਰੀ ਗੁਰਬਾਣੀ ਅੰਦਰਿ ਇਹੀ ਅਟਲ ਨਿਯਮ ਹੈ ਕਿ ਏਹੋ ਜੇਹੀ ਬਣਤਰ ਦੇ ਪਦ ਏਹੋ ਜੇਹਾ ਹੀ ਅਰਥ ਰਖਦੇ ਹਨ। ਪਿਛਲੇ ਨੰਨੇ ਨੂੰ ਔਂਕੜ ਹੁੰਦਾ ਹੈ। 'ਕਰਮ' ਮਫਊਲੀਅਤ ਯਾ ਫਾਇਲਤ 'ਕਰਤਰੀ' ਵਾਲਾ ਨਾਂਵ (noun) ਭਾਵੇਂ (subject case) ਹੋਵੇ ਭਾਵੇਂ (object) ਜੇਕਰ ਇਸਤ੍ਰੀ-ਲਿੰਗ (feminine gender) ਹੋਵੇ ਤਾਂ ਜੱਜੇ ਸਾਰਖੇ ਅੱਖਰ ਨੂੰ ਬਿਹਾਰੀ ਹੋਵੇਗੀ। ਜੇਕਰ ਪੁਲਿੰਗ (masculine gender) ਹੋਵੇ ਤਾਂ ਉਸ ਅੱਖਰ ਨੂੰ ਸਿਹਾਰੀ ਹੋਵੇਗੀ। ਜੇਕਰ ਏਸੇ ਪੰਗਤੀ ਵਿਚਿ ਫਾਇਲ ਮਫਊਲੀਅਤ ਵਾਲਾ ਪਦ ਪੁਲਿੰਗ ਹੁੰਦਾ ਤਾਂ 'ਸਾਜੀਅਨੁ' ਦੇ ਥਾਉਂ 'ਸਾਜਿਅਨੁ' ਪਦ ਆਉਂਦਾ। ਜੈਸੇ ਕਿ ਏਸ ਵਾਕ ਦੀ ਤੀਜੀ ਪਉੜੀ ਦੀ ਇਸ ਪੰਗਤੀ :

ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ॥ *(ਪੰਨਾ ੯੪੮)*

ਵਿਚਿ 'ਲਾਇਅਨੁ' ਪਦ ਅਤੇ ਇਸ ਤੋਂ ਅਗਲੇਰੀ ਪੰਗਤੀ :

ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ॥

ਵਿਚਿ 'ਬਖਸਿਓਨੁ' ਪਦ ਨੂੰ ਵੀਚਾਰੋ। ਪਹਿਲੀ ਪੰਗਤੀ ਵਿਚਿ 'ਲਾਇਅਨੁ' ਪਦ ਤੋਂ ਭਾਵ ਲਾਏ ਹਨ (ਉਸ ਵਾਹਿਗੁਰੂ ਨੇ) ਅਪਣੀ ਭਗਤੀ ਵਿਚਿ ਅਤੇ ਦੂਜੀ ਪੰਗਤੀ ਵਿਚ 'ਬਖਸਿਓਨੁ' ਪਦ ਤੋਂ ਭਾਵ—ਬਖਸ਼ਿਆ ਹੈ ਉਸ (ਵਾਹਿਗੁਰੂ) ਨੇ (ਨਾਉਂ ਇਕਨਾਂ ਨੂੰ)। ਏਹ ਦੋਵੇਂ ਨਿਯਮ ਭਿੰਨ ਭਿੰਨ ਕਰ ਆਪੋ ਆਪਣੀ ਥਾਈਂ ਅਟੱਲ ਹਨ ਗੁਰਬਾਣੀ ਦੀ ਪਦ ਬਣਤਰ ਅੰਦਰਿ। ਦੇਖੋ ਇਸ ਵਾਰ ਦੀ ਦੂਜੀ ਪਉੜੀ ਦੀ ਪਹਿਲੀ ਪੰਗਤੀ— "ਵੇਕੀ ਸ੍ਰਿਸਟਿ ਉਪਾਈਅਨੁ ਸਭ ਹੁਕਮਿ ਆਵੈ ਜਾਇ ਸਮਾਹੀ" ਦੇ 'ਉਪਾਈਅਨੁ' ਪਦ ਦਾ ਭਾਵ ਹੈ—ਉਪਾਈ ਹੈ ਉਸ (ਵਾਹਿਗੁਰੂ) ਨੇ (ਨਾਨਾ ਪਰਕਾਰ ਦੀ ਸ੍ਰਿਸ਼ਟੀ)। ਈੜੀ ਅੱਖਰ ਨੂੰ ਬਿਹਾਰੀ ਹੈ, ਇਸ ਦਾ ਕਰਮ (ਮਫ਼ਊਲ) 'ਸ੍ਰਿਸਟਿ' (ਸ੍ਰਿਸ਼ਟੀ) ਇਸਤ੍ਰੀ-ਲਿੰਗ ਹੋਣ ਕਰਕੇ ਨੰਨੇ ਨੂੰ ਔਂਕੜ ਹੈ।

ਨਾਈ

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥ *(ਪੰਨਾ ੯੪੭)*

ਹੇ ਸੱਚੇ ਪਾਤਸ਼ਾਹ ਤੂੰ ਵਾਹੁ ਵਾਹੁ (ਬਿਸਮਾਦ ਰੂਪ) ਹੈਂ ਅਤੇ ਸੱਚੇ (ਬਿਸਮਾਦ ਸਿਫਤਿ) ਵਾਹੁ ਵਾਹੁ ਦੀ ਸਾਲਾਹ ਵਾਲੇ ਨਾਮ ਵਾਲਾ ਹੈਂ। 'ਨਾਈ' ਤੋਂ ਭਾਵ **ਨਾਂਉ ਵਾਲਾ** ਹੈਂ। 'ਈ' ਈੜੀ ਨੂੰ ਬਿਹਾਰੀ ਏਥੇ 'ਵਾਲੇ' ਦਾ ਅਰਥ ਦਿੰਦੀ ਹੈ।

ਕਹਿਆ ਸਬਦੁ

ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ॥ *(ਪੰਨਾ ੯੪੮)*

bsrstrust.org

ਗੁਰ ਦੀਖਿਆ ਵਾਲਾ ਸ਼ਬਦ (ਗੁਰਮੰਤ੍ਰ) ਕਮਾਵੰਦਾ ਨਹੀਂ। ਹਉਮੈ ਕੋਈ ਛਡਦਾ ਨਹੀਂ। 'ਕਹਿਆ ਸਬਦੁ' ਦੇ ਅਰਥ—'ਸ਼ਬਦ ਦਾ ਕਹਿਆ' ਨਹੀਂ ਕਿਉਂਕਿ 'ਸਬਦੁ' ਪਦ ਦਾ ਅਖ਼ੀਰਲਾ ਦੱਦਾ ਅੱਖਰ ਔਂਕੜ ਸਹਿਤ ਹੈ। ਜੇ 'ਸ਼ਬਦ ਦਾ ਕਹਿਆ' ਅਰਥ ਹੁੰਦੇ ਤਾਂ ਇਹ ਔਂਕੜ ਉਡ ਜਾਂਦਾ।

ਰਚਾਇਓਨੁ

ਦੂਜਾ ਭਾਉ ਰਚਾਇਓਨੁ ਤ੍ਰੈਗੁਣ ਵਰਤਾਰਾ ॥ *(ਪੰਨਾ ੯੪੮)*

ਤ੍ਰੈਗੁਣ ਦੇ ਵਰਤਾਰੇ ਵਾਲਾ ਦੂਜਾ ਭਾਉ ਉਸ ਨੇ ਵਰਤਾਇਆ ਹੈ। ਇਥੇ 'ਰਚਾਇਓਨੁ' ਪਦ ਦੀ ਬਣਤਰ ਵਿਚਿ ਭੀ ਓਹੀ ਨਿਯਮ ਹੈ। ਕਰਮ (ਮਫਊਲ) 'ਦੂਜਾ ਭਾਉ' ਪੁਲਿੰਗ ਹੋਣ ਕਰ ਈੜੀ ਨੂੰ ਸਿਹਾਰੀ ਹੈ, ਬਿਹਾਰੀ ਨਹੀਂ।

ਉਪਾਇਅਨੁ

ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿਕਾਰਾ ॥ *(ਪੰਨਾ ੯੪੮)*

ਇਥੇ 'ਉਪਾਇਅਨੁ' ਪਦ ਵਿਚਿ ਈੜੀ ਨੂੰ ਸਿਹਾਰੀ ਹੈ ਇਸ ਕਰਕੇ ਇਸ ਪਦ ਦੇ ਅਰਥ ਹੋਏ—ਉਪਾਏ ਹਨ ਉਸਨੇ। ਏਸੇ ਤਰ੍ਹਾਂ ਅਗਲੀ ਪਉੜੀ ਦੀ ਇਸ ਪੰਗਤੀ, "ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ" ਵਿਚਿ ਭੀ 'ਉਪਾਇਅਨੁ' ਪਦ ਦੇ ਈੜੀ ਅੱਖਰ ਨੂੰ ਸਿਹਾਰੀ ਹੈ। ਭਾਵ ਰਾਤ ਦਿਨ ਦੋਵੇਂ ਉਸ ਨੇ ਉਪਾਏ ਹਨ।

ਵਿਛੋੜਿਅਨੁ

ਅੰਬਰੁ ਧਰਤਿ ਵਿਛੋੜਿਅਨੁ ਵਿਚਿ ਸਚਾ ਅਸਰਾਉ ॥ *(ਪੰਨਾ ੯੪੯)*

ਏਥੇ ਭੀ 'ਵਿਛੋੜਿਅਨੁ' ਪਦ ਦੀ ਬਣਤਰ ਵਿਚਿ ਓਹੀ ਨਿਯਮ ਵਰਤਿਆ ਗਿਆ ਹੈ। ਭਾਵ ਹੈ, ਵਿਛੋੜੇ (ਵਖ ਵਖ ਕੀਤੇ) ਹਨ, ਉਸ ਨੇ ਦੋਵੇਂ ਧਰਤੀ ਤੇ ਆਕਾਸ।

ਪਾਸਿ, ਪਾਸੁ

ਜਾ ਆਪੇ ਨਦਰਿ ਕਰੇ ਪ੍ਰਭੁ ਸਚਾ ਤਾ ਹੋਵੈ ਦਾਸਨਿ ਦਾਸੁ ॥
ਤਾ ਅਨਦਿਨੁ ਸੇਵਾ ਕਰੇ ਸਤਿਗੁਰੂ ਕੀ ਕਬਹਿ ਨ ਛੋਡੈ ਪਾਸੁ ॥ *(ਪੰਨਾ ੯੪੯)*

ਇਸ ਦੁਪੰਗਤੀ ਦੀ ਦੂਜੀ ਤੁਕ ਅੰਦਰਿ 'ਪਾਸੁ' ਪਦੁ 'ਪਾਸਾ', 'ਪਖ', 'ਸਾਥ'

bsrstrust.org

ਦੇ ਅਰਥ ਰਖਦਾ ਹੈ। ਸੱਸੇ ਨੂੰ ਔਂਕੜ ਹੋਣ ਕਰਕੇ ਨਿਰਾ ਹੀ ਨਾਂਵ (noun) ਹੈ। ਅਤੇ ਆਸਾ ਜੀ ਦੀ ਵਾਰ ਵਿਚਿ ਜੋ ਪੰਗਤੀ ਹੈ "ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ" ਇਸ ਵਿਚਿ 'ਪਾਸਿ' ਪਦ ਸੱਸੇ ਨੂੰ ਸਿਹਾਰੀ ਨਾਲ ਆਇਆ ਹੈ ਅਤੇ 'ਪਾਸੇ', 'ਲਾਂਭੇ' ਦੇ ਅਰਥ ਰਖਦਾ ਹੈ। ਇਥੇ ਇਹ ਪਦ 'ਪਾਸਿ' ਨਾਂਵ (noun) ਨਹੀਂ, ਕਿਰਿਆ ਵਿਸ਼ੇਸ਼ਣ (adverb) ਹੈ।

ਲਾਇਅਨੁ

ਚੰਗੈ ਮੰਦੈ ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ ॥

(ਪੰਨਾ ੯੫੦)

ਇਸ ਪੰਗਤੀ ਅੰਦਰਿ 'ਲਾਇਅਨੁ' ਪਦ ਭੀ ਉਸੇ ਬਣਤਰ ਨਿਯਮਾਵਲੀ ਅਨੁਸਾਰ ਆਇਆ ਹੈ। ਭਾਵ ਹੈ, ਉਸ ਨੇ ਲਾਏ ਹਨ ਚੰਗੇ ਮੰਦੇ। ਇਕ ਹੋਰ ਨਿਯਮ ਸਿਧ ਹੋਇਆ—ਜਿਥੇ ਅਜੇਹੇ ਪਦਾਂ ਅੰਦਰਿ ਐੜਾ ਅੱਖਰ ਹੈ ਉਥੇ ਬਹੁ-ਵਚਨ ਨਾਂਵ ਵਾਲਾ ਪਦ ਹੁੰਦਾ ਹੈ। ਜਿਥੇ ਐੜੇ ਦੇ ਥਾਉਂ ਊੜਾ ਹੈ, ਉਥੇ ਇਕ-ਵਚਨ ਭਾਵ ਵਾਲਾ ਪਦ ਹੁੰਦਾ ਹੈ।

ਮੰਗਿਐ

ਅਗੈ ਦਰਗਹ ਲੇਖੈ ਮੰਗਿਐ ॥
ਮਾਰਿ ਖੁਆਰੁ ਕੀਚਹਿ ਕੂੜਿਆਰ ॥ *(ਪੰਨਾ ੯੫੦)*

ਮਨਮੁਖਾਂ ਤੋਂ ਅਗੇ ਧੁਰਿ ਦਰਗਾਹੇ ਲੇਖੇ ਦੇ ਮੰਗੇ ਜਾਣ ਕਰਕੇ ਕੂੜਿਆਰ ਮਨਮੁਖ ਪੁਰਸ਼ ਮਾਰ ਮਾਰ ਕੇ ਖ਼ੁਆਰ ਕੀਤੇ ਜਾਣਗੇ। 'ਮੰਗਿਐ'—ਮੰਗੇ ਜਾਣ ਕਰਕੇ। ਜੇਕਰ 'ਮੰਗਿਐ' ਦੇ ਥਾਉਂ 'ਮੰਗੀਐ' ਪਦ ਹੁੰਦਾ ਅਰਥਾਤ ਗੱਗੇ ਨੂੰ ਸਿਹਾਰੀ ਦੇ ਥਾਉਂ ਬਿਹਾਰੀ ਹੁੰਦੀ ਤਾਂ 'ਲੇਖੈ' ਪਦ ਦੇ ਥਾਉਂ ਭੀ 'ਲੇਖਾ' ਪਦ ਆਉਂਦਾ ਅਤੇ ਅਰਥ ਹੁੰਦੇ— ਅਗੇ ਦਰਗਾਹੇ ਜਾ ਕੇ ਮਨਮੁਖਾਂ ਪਾਸੋਂ ਲੇਖਾ ਮੰਗਿਆ ਜਾਣਾ ਹੈ ਅਤੇ ਕੂੜਿਆਰ ਓਥੇ ਮਾਰ ਮਾਰ ਕੇ ਖ਼ੁਆਰ ਕੀਤੇ ਜਾਣਗੇ। ਇਹ ਭੇਦ ਹੈ ਸਿਹਾਰੀ ਬਿਹਾਰੀ ਦੇ ਵਰਤਾਰੇ ਵਰਤਾਉ ਦਾ।

ਨਾਮਿ, ਨਾਮੁ, ਮਲੁ, ਉਤਾਰੀਅਨੁ

ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ॥ *(ਪੰਨਾ ੯੫੦)*

ਏਥੇ ਮਲੁ ਲੱਲੇ ਔਂਕੜ ਨਾਲਿ ਇਸਤ੍ਰੀ-ਲਿੰਗ ਵਾਚਕ ਨਾਮ (noun) ਹੈ ਏਸ ਕਰਕੇ 'ਉਤਾਰੀਅਨੁ' ਪਦ ਦੇ ਰਾਰੇ ਅੱਖਰ ਨੂੰ ਬਿਹਾਰੀ ਆਈ ਹੈ। ਇਕ ਹੋਰ ਗੌਹ

bsrstrust.org

ਕਰਨ ਵਾਲੀ ਗੱਲ ਹੈ ਕਿ ਪਹਿਲੇ 'ਨਾਮਿ' ਪਦ ਦੇ ਮੰਮੇ ਅੱਖਰ ਨੂੰ ਸਿਹਾਰੀ ਹੈ ਅਤੇ ਦੂਜੇ ਪਦ 'ਨਾਮੁ' ਦੇ ਮੰਮੇ ਨੂੰ ਔਂਕੜ ਹੈ। ਪਹਿਲੇ ਦੇ ਅਰਥ ਹਨ 'ਨਾਮ ਦੁਆਰਾ'। ਦੂਜਾ ਨਾਮ ਪਦ 'ਨਾਮੁ' ਖ਼ਾਸ ਨਾਉਂ (proper noun) ਹੈ। (੧) ਨਾਮ ਦੁਆਰਾ ਕੂੜੀ ਮੈਲੁ ਉਤਾਰੀਦੀ ਹੈ। (੨) ਨਾਮ ਜਪ ਕੇ ਨਾਮ ਜਪਣ ਵਾਲਾ ਸਚਿਆਰੁ ਹੋ ਜਾਂਦਾ ਹੈ।

ਸੰਤੋਖੀਆ

ਦੇਰਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥ *(ਪੰਨਾ ੯੫੮)*

ਏਥੇ 'ਸੰਤੋਖੀਆ' ਪਦ ਕਿਰਿਆ (verb) ਹੈ, ਨਾਂਵ (noun) ਨਹੀਂ—ਮੈਂ ਸੰਤੋਖਿਆ ਜਾਵਾਂ, ਮੈਨੂੰ ਸੰਤੋਖ ਆ ਜਾਵੇ। ਨਾਮ ਤੋਂ ਬਿਨਾਂ ਸੰਤੋਖ ਕਿਥੇ ? ਨਾਮ ਦੀ ਦਾਤ ਮਿਲੇ ਤਾਂ ਸੰਤੋਖ ਆ ਜਾਵੇ। 'ਹੇ ਸੰਤੋਖੀਆ' ਵਾਹਿਗੁਰੂ ਵਲ ਜੋ ਸੰਬੋਧਨ ਦੇ ਅਰਥ ਲਾਉਂਦੇ ਹਨ ਓਹ ਗ਼ਲਤੀ ਖਾਂਦੇ ਹਨ।

ਮਨਸਾ ਧਾਰਣੁ

ਸੁੰਦਰ ਬਚਨ ਤੁਮ ਸੁਣਹੁ ਛਬੀਲੀ ਪਿਰੁ ਤੈਡਾ ਮਨਸਾ ਧਾਰਣੁ ॥ *(ਪੰਨਾ ੯੫੯)*

ਏਥੇ 'ਮਨਸਾ ਧਾਰਣੁ' ਦੇ ਅਰਥ ਮਨਸਾ ਪੂਰਨਹਾਰ ਦੇ ਹਨ। 'ਮਨ' ਤੇ 'ਸਾਧਾਰਣੁ' ਨੂੰ ਨਿਖੇੜ ਕੇ ਪਾਠ ਕਰਨਾ ਲਗਮਾਤ੍ਰੀ ਨਿਯਮਾਂ ਅਨੁਸਾਰ ਬਣਦਾ ਨਹੀਂ। ਨਿਖੜਵਾਂ ਪਾਠ ਕੋਈ ਭੀ ਅਰਥ ਨਹੀਂ ਦਿੰਦਾ। 'ਮਨ ਸਾਧਾਰਨਹਾਰ' ਅਰਥ ਬਣੇ ਤਾਂ 'ਮਨ' ਦੇ ਨੰਨੇ ਨੂੰ ਔਂਕੜ ਹੋਣਾ ਚਾਹੀਏ। 'ਮਨ ਦਾ ਆਸਰਾ' ਔਂਕੜ ਰਖ ਕੇ ਕਰਦੇ ਹਨ ਪਰ 'ਸਾਧਾਰਣੁ' ਪਦ ਦੇ ਅਰਥ 'ਆਸਰੇ' ਦੇ ਕਿਸੇ ਨੇਮ ਅਨੁਸਾਰ ਭੀ ਠੀਕ ਨਹੀਂ ਉਤਰਦੇ। ਅਗਲੇ ਸਲੋਕ ਦੀ ਪਹਿਲੀ ਤੁਕ—"ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰੁ" ਪ੍ਰੋੜ੍ਹਤਾ ਕਰਦਾ ਹੈ ਕਿ 'ਮਨਸਾ ਧਾਰਣੁ' ਅਤੇ 'ਮਨਸਾ ਪੂਰਣਹਾਰੁ' ਦੋਵੇਂ ਸਮ ਅਰਥਾਂ ਵਿਚਿ ਹਨ।

ਆਗੰਜ ਤਪਾਗਾ

ਆਤਮੁ ਜਿਤਾ ਗੁਰਮਤੀ ਆਗੰਜ ਤਪਾਗਾ ॥ *(ਪੰਨਾ ੯੬੫)*

ਜਿਸ ਨੇ ਆਤਮ ਪ੍ਰਾਇਣੀ ਪਰਮਾਰਥੀ ਯੁਧ ਜਿਤ ਲਿਆ ਉਹੀ ਸਦਾ ਅਸਥਿਰ ਰਹਿਣ ਵਾਲਾ ਸੱਚਾ ਨਾਮ ਅਭਿਆਸੀ ਤਪਾ ਹੈ। 'ਆਗੰਜਤ ਪਾਗਾ' ਪਾਠ ਠੀਕ ਨਹੀਂ। ਇਸ ਪਉੜੀ ਦੀ ਇਸ ਪੰਗਤੀ ਵਿਚਿ ਗੁਰਮਤਿ ਨਾਮ ਅਭਿਆਸੀ ਜਗਿਆਸੂ ਦੀ ਸਿਫ਼ਤਿ ਦਸੀ ਹੈ ਨਾ ਕਿ ਨਾਮੀ ਵਾਹਿਗੁਰੂ ਦੀ।

bsrstrust.org

ਧਨ, ਧਨੁ

ਜਾਂ ਪਿਰੁ ਅੰਦਰਿ ਤਾਂ ਧਨ ਬਾਹਰਿ ॥
ਜਾਂ ਪਿਰੁ ਬਾਹਰਿ ਤਾਂ ਧਨ ਮਾਹਰਿ ॥ *(ਪੰਨਾ ੯੬੫)*

ਏਹਨਾਂ ਦੋਹਾਂ ਪੰਗਤੀਆਂ ਅੰਦਰਿ 'ਧਨ' ਪਦ ਇਸਤ੍ਰੀ ਦੇ ਅਰਥਾਂ ਵਿਚਿ ਆਇਆ ਹੈ ਨਾ ਕਿ ਮਾਇਆ ਦੇ ਅਰਥਾਂ ਵਿਚਿ। ਗੁਰਬਾਣੀ ਅੰਦਰਿ ਜਿਥੇ ਮਾਇਆ ਦੇ ਅਰਥ ਹੁੰਦੇ ਹਨ ਓਥੇ ਹਰ ਜਗ੍ਹਾ 'ਧਨੁ' ਪਦ ਨੰਨੇ ਨੂੰ ਔਂਕੜ ਨਾਲ ਆਵੇਗਾ। ਨੰਨੇ ਮੁਕਤੇ ਨਾਲ ਹਮੇਸ਼ਾ ਇਸਤ੍ਰੀ, ਜਗਿਆਸਾ ਇਸਤ੍ਰੀ ਦੇ ਅਰਥਾਂ ਵਿਚਿ ਆਵੇਗਾ। ਭਾਵ ਅਰਥ—ਪਿਰੀ ਪਰਮਾਤਮਾ ਤਾਂ ਘਟ ਅੰਦਰਿ ਵਸਦਾ ਹੈ ਪਰ ਜਗਿਆਸਾ ਇਸਤ੍ਰੀ ਬਾਹਰਿ ਭਟਕਦੀ ਫਿਰਦੀ ਹੈ। ਗੁਰਮਤਿ ਹੀਣ ਜਗਿਆਸਾ ਇਸਤ੍ਰੀ ਹਠ ਯੋਗ ਸਾਧਨਾ ਕਰਿ ਅੰਤਰ ਗਤਿ ਹੀ ਪਿਰ ਪਰਮਾਤਮਾ ਨੂੰ ਢੂੰਡਣ ਦਾ ਯਤਨ ਕਰਦੀ ਹੈ ਤਾਂ ਭੀ ਪਰਮਾਤਮਾ ਅੰਤਰ ਆਤਮੇ ਪਰਗਟ ਨਹੀਂ ਹੁੰਦਾ। ਬਾਹਰਿ ਹੀ ਬਾਹਰਿ ਰਹਿ ਜਾਂਦਾ ਹੈ। ਜਿਸ ਨੂੰ ਅੰਤਰ ਗਤਿ ਨਜ਼ਰ ਨਹੀਂ ਆਇਆ ਬਾਹਰ ਕਦੋਂ ਦਿਖਾਈ ਦਿੰਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਬਿਨਾਂ ਆਨਮਤਿ ਅਹੰਮਤਿ ਖੋਜੀਆਂ ਜਗਿਆਸੂਆਂ ਦਾ ਐਵੇਂ ਨਿਰਾਰਥਕ ਹੇਰਾ ਫੇਰੀ ਵਾਲਾ ਯਤਨ ਹੀ ਰਹਿੰਦਾ ਹੈ। ਜਿਨ੍ਹਾਂ ਨੂੰ ਵਾਹਿਗੁਰੂ ਨੇ ਗੁਰਮਤਿ ਨਾਮ ਅਭਿਆਸ ਕਮਾਈ ਅੰਦਰ ਘਟ ਅੰਦਰਿ ਹੀ ਪਰਮਾਤਮਾ ਦਾ ਮੁਕਾਮ ਬੁਝਾ ਦਿਤਾ ਹੈ ਓਹਨਾਂ ਨੂੰ ਅੰਦਰਿ ਬਾਹਰਿ ਸਾਰੇ ਹੀ ਪਰਮਾਤਮਾ ਪ੍ਰਗਟ ਪਾਹਾਰੇ ਜਾਪਦਾ ਹੈ।

ਆਹਰ, ਆਹਰੁ, ਆਹਰਿ

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ ॥
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥ *(ਪੰਨਾ ੯੬੫)*

ਏਹਨਾਂ ਦੋਹਾਂ ਪੰਗਤੀਆਂ ਅੰਦਰਿ 'ਆਹਰ, ਆਹਰੁ, ਆਹਰਿ' ਪਦ ਤਿੰਨਾ ਸ਼ਕਲਾਂ ਵਿਚਿ ਆਏ ਹਨ। ਇਕ ਦਾ ਅੰਤਲਾ ਰਾਰਾ ਅੱਖਰ ਮੁਕਤਾ ਹੈ। ਦੂਜੇ ਦੇ ਰਾਰੇ ਅੱਖਰ ਨੂੰ ਔਂਕੜ ਲਗਾ ਹੈ। ਤੀਜੇ ਦੇ ਰਾਰੇ ਅੱਖਰ ਨੂੰ ਸਿਹਾਰੀ ਹੈ। ਲਗਾਂਮਾਤ੍ਰਾਂ ਦੇ ਨਿਯਮਾਂ ਅਨੁਸਾਰ ਤੇਹਾਂ ਦੇ ਅਰਥ ਨਿਆਰੇ ਨਿਆਰੇ ਹਨ। ਪਹਿਲਾ ਤਾਂ ਬਹੁ-ਵਚਨ ਅਰਥ ਵਿਚ ਹੈ, ਬਹੁਤੇ ਆਹਰਾਂ ਦੇ ਅਰਥ ਰਖਦਾ ਹੈ। ਦੂਜਾ ਇਕੋ ਅਰਥ ਵਿਚਿ ਰਾਰੇ ਔਂਕੜ ਨਾਲਿ ਖ਼ਾਸ ਨਾਂਵ (proper noun) ਦੀ ਅਹਿਮੀਅਤ ਰਖਦਾ ਹੈ। ਤੀਜੇ ਨੂੰ ਸਿਹਾਰੀ ਹੈ, ਜੋ 'ਦੁਆਰਾ' ਦਾ ਅਰਥ ਦਿੰਦੀ ਹੈ, 'ਆਹਰ ਦੁਆਰਾ'।

bsrstrust.org

ਫੇਰਿ, ਫੇਰੁ, ਆਣਿ

ਫੇਰ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥ *(ਪੰਨਾ ੯੬੭)*

ਫੇਰਿ ਵਸਾਇਆ ਫੇਰੂ ਦੀ ਅੰਸ ਸਤਿਗੁਰੂ ਨੇ ਖੰਡੂਰ ਨੂੰ। ਪਹਿਲਾ ਪਦ 'ਫੇਰਿ' ਰਾਰੇ ਸਿਹਾਰੀ ਨਾਲ ਫਿਰ, ਦੋਬਾਰਾ, ਮੁੜ ਕੇ ਦਾ ਅਰਥ ਰਖਦਾ ਹੈ। ਦੂਜਾ ਪਦ 'ਫੇਰੁ' ਰਾਰੇ ਔਂਕੜ ਨਾਲਿ ਫੇਰੂ (ਗੁਰੂ ਅੰਗਦ ਦੇ ਪਿਤਾ) ਦਾ ਅਰਥ ਦਿੰਦਾ ਹੈ। 'ਆਣਿ'—ਅੰਸ, ਣਾਣੇ ਸਿਹਾਰੀ ਨਾਲਿ ਇਸਤ੍ਰੀ-ਲਿੰਗ ਅਰਥ ਉਠਾਉਂਦਾ ਹੈ। 'ਫੇਰੁ ਅੰਸਿ' ਇਕੱਠਾ ਪਦ ਸਮਾਸੀ ਸ਼ਬਦ (compound word) ਫੇਰੂ ਦੀ ਅੰਸ ਦਾ ਤਾਤਪਰਜ ਰਖਦਾ ਹੈ। ਭਾਵ ਫੇਰੂ ਦੇ ਸਪੁਤ੍ਰ ਸਤਿਗੁਰੁ ਗੁਰੂ ਅੰਗਦ ਸਾਹਿਬ।

'ਸਤਿਗੁਰਿ'—ਸਤਿਗੁਰੂ ਨੇ। 'ਆਣਿ' ਦਾ ਅਰਥ ਆਣ ਕੇ ਕਰਨਾ ਬਿਪਰਜੇ ਹਨ ਜੈਸੇ ਕਿ ਕਈ ਕੋਸ਼ਾਕਾਰ ਮਹਾਤਮਾ ਜਨ ਕਰਦੇ ਹਨ।

ਕੋਟਿ ਕੋਟਿ ਦੋਖ ਬਹੁ ਕੀਨੇ ਸਭ ਪਰਹਰਿ ਪਾਸਿ ਧਰੇ ॥ *(ਪੰਨਾ ੯੭੫)*

ਇਸ ਪੰਗਤੀ ਵਿਚਿ 'ਪਾਸਿ' ਪਦ ਸੱਸੇ ਸਿਹਾਰੀ ਨਾਲਿ—'ਇਕ ਪਾਸੇ' ਦੇ ਅਰਥ ਰਖਦਾ ਹੈ ਜੈਸੇ ਕਿ ਪਹਿਲੇ ਭੀ ਨਿਰਣੇ ਹੋ ਚੁੱਕਾ ਹੈ।

ਘਨੁ, ਘਨ

ਉਨਵੈ ਘਨੁ ਘਨ ਘਨਿਹਰੁ ਗਰਜੈ ਮਨਿ ਵਿਗਸੈ ਮੋਰ ਮੁਰਲੇ ॥
(ਪੰਨਾ ੯੭੫)

ਇਸ ਪੰਗਤੀ ਵਿਚਿ ਨੰਨੇ ਔਂਕੜ ਨਾਲਿ 'ਘਨੁ' ਪਦ ਨਾਂਵ (noun) ਹੈ ਅਤੇ 'ਬੱਦਲ' ਦਾ ਅਰਥ ਰਖਦਾ ਹੈ। ਅਤੇ ਨੰਨੇ ਮੁਕਤੇ ਨਾਲਿ 'ਘਨ' ਪਦ ਕਿਰਿਆ ਵਿਸ਼ੇਸ਼ਣ ਹੈ ਅਤੇ 'ਬਹੁਤ' ਦੇ ਅਰਥ ਰਖਦਾ ਹੈ।

ਮੇਰੇ ਮਨ ਜਪਿ ਹਰਿ ਹਰਿ ਨਾਮੁ ਸਖੇ ॥ *(ਨਟ ਮ: ੪, ਪੰਨਾ ੯੭੬)*

ਇਸ ਪੰਗਤੀ ਅੰਦਰਿ 'ਸਖੇ' ਪਦ 'ਨਾਮੁ' ਨਾਲਿ ਸਬੰਧ ਰਖਦਾ ਹੈ—ਹੇ ਮੇਰੇ ਮਨ ਨਾਮੁ ਸਖੇ (ਮਿਤ੍ਰ ਸਖਾਈ) ਨੂੰ ਜਪਿ।

ਰੰਗੋ

ਮੇਰੇ ਮਨ ਜਪਿ ਹਰਿ ਹਰਿ ਰਾਮ ਰੰਗੋ ॥ *(ਪੰਨਾ ੯੭੬)*

ਏਥੇ 'ਰੰਗੋ' ਪਦ ਕਿਰਿਆ ਵਿਸ਼ੇਸ਼ਣ ਹੈ—ਰਾਮ ਨੂੰ ਰੰਗਾਂ ਵਿਚਿ ਜਪਿ ਹੇ ਮਨ।

bsrstrust.org

ਮੰਨੇ, ਮਨੇ

ਮੇਰੇ ਮਨ ਜਪਿ ਹਰਿ ਹਰਿ ਨਾਮੁ ਮਨੇ ॥ *(ਪੰਨਾ ੯੭੬)*

ਏਥੇ 'ਮਨੇ' ਪਦ ਤੋਂ ਭਾਵ 'ਮਨ ਕਰਕੇ' ਹੈ, ਨਾ ਕਿ ਮੰਨ ਕੇ। 'ਮੰਨ ਕੇ' ਦਾ ਭਾਵ ਜਿਥੇ ਹੁੰਦਾ ਹੈ, ਓਥੇ ਸਾਫ਼ ਮੰਮੇ ਨੂੰ ਟਿੱਪੀ ਹੁੰਦੀ ਹੈ। ਜੇ 'ਮੰਨ ਕੇ' ਭਾਵ ਹੁੰਦਾ ਤਾਂ 'ਮੰਨੇ' ਪਦ ਹੁੰਦਾ। 'ਮਨੇ' ਦੇ ਨੰਨੇ ਦੀ ਲਾਂਵ 'ਕਰਕੇ' ਦਾ ਅਰਥ ਬੋਧਾਉਂਦੀ ਹੈ।

ਨਾਮ ਬਨੇ

ਜਗੰਨਾਥਿ ਕਿਰਪਾ ਪ੍ਰਭਿ ਧਾਰੀ ਮਤਿ ਗੁਰਮਤਿ ਨਾਮ ਬਨੇ ॥ *(ਪੰਨਾ ੯੭੬)*

ਸਾਰੇ ਜਗਤ ਦੇ ਮਾਲਕ ਪ੍ਰਭੂ ਨੇ ਜਦੋਂ ਕਿਰਪਾ ਧਾਰੀ ਤਦ ਗੁਰਮਤਿ ਦੀਖਿਆ ਵਾਲੀ ਸੁਮਤਿ ਦੁਆਰਾ ਨਾਮ ਦਾ ਬਣਿ ਆਉਣਾ (ਦ੍ਰਿੜ੍ਹ ਹੋਣਾ) ਹੋਇਆ, ਐਵੇਂ ਨਹੀਂ। 'ਨਾਮ ਬਨੇ' ਵਿਚ 'ਨਾਮ' ਦਾ ਮੰਮਾ ਮੁਕਤਾ ਇਸ ਕਰਕੇ ਹੈ ਕਿ ਸਤਿਕਾਰ ਵਜੋਂ 'ਬਨੇ' ਕਿਰਿਆ ਬਹੁ-ਵਚਨ ਹੋਣ ਕਰਕੇ ਨਾਮ ਭੀ ਬਹੁ-ਵਚਨ ਆਇਆ ਹੈ। 'ਮਤਿ ਨਾਮ ਵਾਲੀ ਬਨੀ', ਇਹ ਅਰਥ ਨਹੀਂ ਬਣਦੇ ਨਾ ਫਬਦੇ ਹਨ।

ਕਿਲਬਿਖ ਪਾਪ ਨਾਮ ਹਰਿ ਕਾਟੇ... ॥ *(ਪੰਨਾ ੯੭੬)*

ਏਥੇ 'ਨਾਮ' ਦੇ ਮੰਮੇ ਨੂੰ ਸਿਹਾਰੀ ਚਾਹੀਦੀ ਹੈ। ਮੁਕਤਾ ਗ਼ਲਤ ਛਪਿਆ ਹੈ।

ਸੇਵ

ਮੇਰੇ ਮਨ ਸੇਵ ਸਫਲ ਹਰਿ ਘਾਲ ॥ *(ਪੰਨਾ ੯੭੭)*

ਹੇ ਮੇਰੇ ਮਨ ਹਰੀ ਦੀ ਸੇਵਾ ਘਾਲਨਾ (ਸਿਮਰਨ) ਹੀ ਸਫਲ ਸੇਵ ਹੈ। 'ਸੇਵ' ਪਦ ਏਥੇ ਕਿਰਿਆ ਵਾਚਕ ਨਹੀਂ, ਨਾਂਵ (noun) ਹੈ। 'ਸੇਵ ਕਰਿ' ਦੇ ਅਰਥਾਂ ਵਿਚਿ (ਕਿਰਿਆ ਵਾਚਕ) ਇਹ ਪਦ ਵਾਵੇ ਨੂੰ ਸਿਹਾਰੀ ਨਾਲਿ ਆਉਂਦਾ ਹੈ। 'ਸੇਵਿ' ਇਉਂ। ਯਥਾ—"ਸੇਵਿ ਸੁਆਮੀ ਸਤਿਗੁਰੁ ਦਾਤਾ ॥" ਵਾਵੇ ਮੁਕਤੇ ਨਾਲਿ 'ਸੇਵ' ਪਦ ਹਰ ਥਾਂ ਨਾਂਵ (noun) ਵਾਚਕ ਹੀ ਵਰਤਿਆ ਜਾਂਦਾ ਹੈ। ਯਥਾ—"ਸੇਵ ਕਰੀ ਪਲੁ ਚਸਾ ਨ ਵਿਛੁੜਾ"। ਤਥਾ—"ਸੇਵ ਕੀਤੀ ਸੰਤੋਖਈ"॥ ਸ਼ਬਦਾਰਥੀਆਂ ਦੇ ਏਹ ਅਰਥ—'ਸੇਵਾ ਕਰਕੇ ਘਾਲ ਸਫਲੀ ਕਰਿ' ਬਹੁਤ ਹੀ ਬਿਪਰਜੇ ਹਨ। 'ਸੇਵਾ ਕਰਕੇ' ਅਰਥ ਤਦ ਠੀਕ ਬਣਦੇ ਜੇ 'ਸੇਵਿ' ਪਦ ਵਾਵੇ ਸਿਹਾਰੀ ਨਾਲਿ ਹੁੰਦਾ। 'ਸਫਲ' ਪਦ ਨੂੰ ਜੋ ਸ਼ਬਦਾਰਥੀ ਅਰਥਾਵਲੀਆਂ ਨੇ ਕਿਰਿਆ ਵਾਚਕ 'ਸਫਲੀ ਕਰਿ' ਦੇ ਅਰਥਾਂ ਵਿਚਿ ਵਰਤਿਆ ਹੈ, ਉਹ ਉੱਕਾ ਹੀ ਗੁਰਮਤਿ ਪ੍ਰਤਿਕੂਲ ਹੈ। ਗੁਰਬਾਣੀ ਅੰਦਰਿ ਕਿਤੇ ਭੀ 'ਸਫਲ' ਪਦ ਕਿਰਿਆ ਵਾਚਕ ਨਹੀਂ ਵਰਤਿਆ ਗਿਆ। ਕਿਰਿਆ (verb) ਇਹ ਹੈ ਹੀ ਨਹੀਂ। ਜਦ ਵਰਤਿਆ ਹੈ, ਨਾਂਵ ਵਿਸ਼ੇਸ਼ਣ ਵਾਚਕ ਅਰਥਾਂ ਵਿਚਿ ਵਰਤਿਆ ਗਿਆ ਹੈ।

bsrstrust.org

ਦਾਲ

ਸਭਿ ਦਾਲਿਦ ਭੰਜਿ ਦੁਖ ਦਾਲ ॥ *(ਪੰਨਾ ੯੭੭)*

ਇਸ ਤੋਂ ਪਹਿਲੀ ਤੁਕ ਦੇ ਅਰਥ ਪਰਮਾਰਥ ਨਾਲਿ ਸਬੰਧ ਰਖਦੇ ਹੋਏ ਇਸ ਪੰਗਤੀ ਦਾ ਭਾਵ ਇਹ ਹੈ—ਜੋ ਵਾਹਿਗੁਰੂ ਦੀ ਸਿਮਰਨ ਰੂਪ ਸੇਵਾ ਹੈ, ਇਹ ਸਾਰੇ ਦਲਿਦਰਾਂ ਨੂੰ ਭੰਜਨਹਾਰੀ ਹੈ ਅਤੇ ਦੁਖਾਂ ਨੂੰ ਦਲਣ ਹਾਰੀ ਹੈ। ਕਈ ਗਿਆਨੀ ਅਤੇ ਖ਼ਾਸ ਕਰਕੇ ਸ਼ਬਦਾਰਥੀ ਅਰਥਾਲੂਏ ਇਸ ਪੰਗਤੀ ਦੇ ਏਹ ਅਰਥ ਕਰਦੇ ਹਨ ਕਿ ਹਰ ਤਰ੍ਹਾਂ ਦੀ ਗਰੀਬੀ ਦੂਰ ਕਰਕੇ ਦੁਖਾਂ ਨੂੰ ਦਲ ਦੇ। ਇਹ ਅਰਥ ਲਗਾਂਮਾਤ੍ਰੀ ਨਿਯਮਾਂ ਤੇ ਪੂਰਾ ਨਹੀਂ ਉਤਰਦਾ। 'ਦਾਲਿਦ' ਬਹੁ-ਵਚਨ ਨਾਂਵ ਹੈ। ਬਹੁਤੇ ਦਾਲਿਦਰ ਦਾ ਅਰਥ ਰਖਦਾ ਹੈ। ਇਸੇ ਕਰਕੇ ਇਸ ਦਾ ਆਖ਼ਰੀ ਅੱਖਰ ਦੱਦਾ ਮੁਕਤਾ ਹੈ ਅਤੇ ਇਸ ਕਰਕੇ 'ਦਾਲਿਦ' ਪਦ ਤੋਂ ਪਹਿਲਾ ਪਦ 'ਸਭਿ' ਵਿਸ਼ੇਸ਼ਣ (adjective) ਭੀ ਬਹੁ-ਵਚਨ ਵਿਸ਼ੇਸ਼ਣ ਦੀ ਸ਼ਕਲ ਵਿਚਿ ਆਇਆ ਹੈ ਕਿਉਂਕਿ ਇਸ ਦੇ ਭੱਭੇ ਅੱਖਰ ਨੂੰ ਸਿਹਾਰੀ ਹੈ। ਔਂਕੜ ਹੋਵੇ ਤਾਂ ਇਕ-ਵਚਨ ਹੋਊ। ਭੱਭਾ ਮੁਕਤਾ ਹੋਵੇ ਤਾਂ ਇਸਤ੍ਰੀ-ਲਿੰਗ ਵਾਚਕ ਹੋਊ ਤੇ ਇਸਤ੍ਰੀ-ਲਿੰਗ ਨਾਂਵ (noun) ਦੇ ਨਾਲਿ ਆਊ। 'ਦਾਲ' ਪਦ ਲੱਲੇ ਅੱਖਰ ਮੁਕਤੇ ਨਾਲਿ ਕਦੇ ਭੀ ਕਿਰਿਆ ਵਾਚਕ ਨਹੀਂ ਹੋ ਸਕਦਾ। ਤਾਂ ਤੇ 'ਦੁਖ ਦਾਲ' ਦੇ ਅਰਥ 'ਦੁਖਾਂ ਨੂੰ ਦਲਕੇ' ਕਦੇ ਭੀ ਨਹੀਂ ਹੋ ਸਕਦੇ। 'ਦੁਖ ਦਲਨਹਾਰ' ਇਹ ਅਰਥ ਗੁਰਬਾਣੀ ਅੰਦਰਿ ਵਿਧਾਨ ਰੂਪ ਹਨ (ਮੰਨੇ ਪਰਮੰਨੇ ਹਨ) 'ਭੰਜਿ' ਪਦ ਭੰਜਨਹਾਰ ਦੇ ਅਰਥਾਂ ਵਿਚਿ ਗੁਰਬਾਣੀ ਅੰਦਰਿ ਕਈ ਥਾਈਂ ਵਰਤਿਆ ਗਿਆ ਆਇਆ ਹੈ। ਯਥਾ :

ਸਭੁ ਆਲਸੁ ਦੂਖ ਭੰਜਿ ਪ੍ਰਭੁ ਪਾਇਆ ਗੁਰਮਤਿ ਗਾਵਹੁ ਗੁਣ ਪ੍ਰਭ ਕੇਰੇ ॥
(ਪੰਨਾ ੧੧੭੮)

ਬਸੀਠੀ

...ਹਮ ਹਰਿ ਕੀ ਗੁਰ ਕੀਈ ਹੈ ਬਸੀਠੀ... ॥ *(ਪੰਨਾ ੯੭੭)*

ਅਸੀਂ ਹਰੀ ਦੀ ਪ੍ਰਾਪਤੀ ਲਈ ਗੁਰੂ ਦੀ ਬਸੀਠੀ ਕੀਤੀ ਹੈ (ਗੁਰੂ ਨੂੰ ਵਿਚੋਲਾ ਕੀਤਾ ਹੈ), ਇਹ ਅਰਥ ਗੁਰਬਾਣੀ ਦੇ ਲਗਾਂਮਾਤ੍ਰੀ ਨਿਯਮਾਂ ਦੇ ਐਨ ਅਨਕੂਲ ਹਨ। ਸ਼ਬਦਾਰਥੀ ਸਜਣ ਜੋ ਇਹ ਅਰਥ ਕਰਦੇ ਹਨ—ਗੁਰੂ ਨੇ ਅਸਾਡੇ ਲਈ ਹਰੀ ਦੀ ਬਸੀਠੀ ਕੀਤੀ ਹੈ। ਇਹ ਅਰਥ ਲਗਾਂਮਾਤ੍ਰੀ ਨਿਯਮਾਂ ਦੇ ਪ੍ਰਤਿਕੂਲ ਹਨ। 'ਗੁਰੂ ਨੇ' ਦੇ ਅਰਥ ਤਾਂ ਤਦ ਬਣਦੇ ਜੇਕਰ ਏਥੇ ਰਾਰੇ ਸਿਹਾਰੀ ਨਾਲਿ 'ਗੁਰਿ' ਪਦ ਹੁੰਦਾ। ਹੈ ਰਾਰੇ ਮੁਕਤੇ ਨਾਲਿ 'ਗੁਰ' ਪਦ। ਕਿਉਂਕਿ ਇਸਦੇ ਅਗੇ ਸਬੰਧਕ ਪਦ (preposition) 'ਕੀ' ਮਹਿਜ਼ੂਫ ਮਫਹੂਮ ਹੈ। ਨਾਲੇ ਬਸੀਠੀ ਤਾਂ ਗੁਰੂ ਦੀ ਹੀ ਕਰਾਈ ਗਈ, ਹਰੀ ਦੀ ਨਹੀਂ।

bsrstrust.org

ਸੁਭਵੰਤੀ

ਮਨ ਮਿਲੁ ਸੰਤ ਸੰਗਤਿ ਸੁਭਵੰਤੀ ॥ *(ਪੰਨਾ ੯੭੭)*

ਏਥੇ 'ਸੁਭਵੰਤੀ' ਪਦ ਵਿਸ਼ੇਸ਼ਣ ਰੂਪ ਹੈ 'ਸੰਗਤਿ' ਪਦ ਨਾਂਵ (noun) ਦਾ। 'ਸੁਭਵੰਤੀ ਅਨੰਦ ਵਾਲੀ ਹੋ ਜਾ' ਦੇ ਅਰਥ 'ਅਨੁਚਤ' ਹਨ ਜੈਸੇ ਕਿ ਸ਼ਬਦਾਰਥੀਏ ਕਰਦੇ ਹਨ। 'ਮਿਲੁ' ਲੱਲੇ ਨੂੰ ਔਂਕੜ ਨਾਲਿ ਵਰਤਮਾਨ ਹੁਕਮੀ (imperative mood) ਕਿਰਿਆ ਪਦ ਪਹਿਲਾਂ ਹੀ ਮਉਜੂਦ ਹੈ। ਦੂਜੇ ਦੀ ਕੀ ਜਾਇ ਹੈ ? ਜੇ ਇਸ ਪਦ ਦੇ ਲੱਲੇ ਅੱਖਰ ਨੂੰ ਸਿਹਾਰੀ ਹੁੰਦੀ ਤਾਂ ਉਕਤ ਅਰਥ ਬਣ ਸਕਦੇ ਸਨ, 'ਸੰਤ ਸੰਗਤਿ ਨੂੰ ਮਿਲ ਕੇ ਸ਼ੁਭਵੰਤੀ ਹੋ ਜਾ' ਪਰ ਹੁਣ ਨਹੀਂ ਬਣ ਸਕਦੇ ਜੈਸੇ ਕਿ ਲਿਖਤ ਅੰਦਰਿ ਇਹ ਪੰਗਤੀ ਆਈ ਹੈ।

ਸਬਦਿ ਗੁਰ

...ਹਮ ਪਾਹਨ ਸਬਦਿ ਗੁਰ ਤਾਰੇ ॥ *(ਪੰਨਾ ੯੮੧)*

ਅਸੀਂ ਪੱਥਰ, ਗੁਰੂ ਦੇ ਸ਼ਬਦ ਨੇ ਤਾਰ ਦਿਤੇ। 'ਸਬਦਿ' ਪਦ ਦੇ ਦੱਦੇ ਅੱਖਰ ਨੂੰ ਸਿਹਾਰੀ 'ਨੇ' ਦੇ ਅਰਥ ਦਿੰਦੀ ਹੈ। 'ਸਬਦਿ ਗੁਰ' ਵਿਚਿ 'ਗੁਰ' ਪਦ ਦਾ ਰਾਰਾ ਅੱਖਰ ਮੁਕਤਾ 'ਗੁਰੂ ਦੇ' ਦਾ ਅਰਥ ਦਿੰਦਾ ਹੈ।

ਪਰਸਨ ਪਰਸ

ਪਰਸਨ ਪਰਸ ਭਏ ਕੁਬਿਜਾ ਕਉ... ॥ *(ਪੰਨਾ ੯੮੧)*

ਪਰਸਨ ਪਰਸ ਭਏ, ਏਥੇ 'ਪਰਸਨ' ਪਦ ਦੇ ਅਰਥ ਪਰਸੰਨ ਨਹੀਂ। 'ਪਰਸੰਨ' ਸੱਸੇ ਟਿੱਪੀ ਨਾਲਿ ਹੁੰਦਾ ਤਾਂ ਇਹ ਅਰਥ ਬਣਦੇ।

ਪ੍ਰਭ, ਪ੍ਰਭੁ, ਜਨੁ, ਜਨ

ਪ੍ਰਭ ਕਉ ਜਨੁ ਅੰਤਰਿ ਰਿਦ ਲੋਚੈ ਪ੍ਰਭੁ[1] ਜਨ ਕੇ ਸਾਸ ਨਿਹਾਰੇ ॥ *(ਪੰਨਾ ੯੮੨)*

ਵਾਹਿਗੁਰੂ ਨੂੰ (ਵਾਹਿਗੁਰੂ ਦਾ) ਜਨੁ (ਗੁਰਮੁਖਿ ਭਗਤ ਜਨ) ਆਪਣੇ ਰਿਦੇ ਅੰਤਰਿ ਲੋਚਿ ਲੋਚਿ ਆਰਾਧਦਾ ਹੈ। ਵਾਹਿਗੁਰੂ ਤਿਸ (ਜਨ) ਦੇ ਸੁਆਸਾਂ (ਪ੍ਰਾਣਾਂ) ਨੂੰ (ਰਖਵਾਰਾ ਹੋ ਕੇ ਹਰਦਮ) ਨਿਹਾਰੇਗਾ (ਨਿਗਾਹਬਾਨੀ ਕਰੇਗਾ) 'ਪ੍ਰਭ' ਪਦ ਦਾ ਭੱਭਾ ਅੱਖਰ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਕਉ' ਸਬੰਧਕੀ ਪਦ (preposition) ਲਗਾ ਹੋਇਆ ਹੈ। ਦੂਜੇ 'ਪ੍ਰਭੁ' ਪਦ ਦੇ ਭੱਭੇ ਅੱਖਰ ਨੂੰ ਔਂਕੜ ਹੈ ਕਿਉਂਕਿ ਏਥੇ

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਪ੍ਰਭ' ਹੈ। *—ਪ੍ਰਕਾਸ਼ਕ*

bsrstrust.org

ਇਹ ਪਦ ਪ੍ਰਭੁ ਕਰਤਾ (ਫਾਇਲ) ਰੂਪ ਨਾਮੁ ਵਿਸ਼ੇਸ਼ (proper noun) ਹੈ ਅਤੇ ਇਸ ਦੇ ਅਗੇ ਕੋਈ ਸਬੰਧਕ ਨਹੀਂ। ਏਸੇ ਤਰਹ ਇਸ ਪੰਗਤੀ ਵਿਚਿ ਪਹਿਲਾ ਪਦ 'ਜਨੁ' ਕਰਤਾ (ਫਾਇਲ) ਹੈ ਇਸ ਕਰਕੇ ਇਸ ਦੇ ਨੰਨੇ ਅੱਖਰ ਨੂੰ ਔਂਕੜ ਲਗਾ ਹੈ। ਦੂਜੇ ਪਦ 'ਜਨ' ਨੂੰ ਔਂਕੜ ਨਹੀਂ ਕਿਉਂਕਿ ਇਸ ਦੇ ਅਗੇ 'ਕੇ' ਸਬੰਧਕ ਪਦ ਲਗਾ ਹੋਇਆ ਹੈ 'ਰਿਦ' ਪਦ ਦਾ ਦੱਦਾ ਅੱਖਰ ਭੀ ਮੁਕਤਾ ਹੈ ਕਿਉਂਕਿ ਇਸ ਨਾਲ ਪਹਿਲਾ ਸਬੰਧਕ ਪਦ 'ਅੰਤਰਿ' ਸਬੰਧਤ ਹੈ। 'ਲੋਚੈ'—ਲੋਚਦਾ ਹੈ, ਕਿਰਿਆ ਵਰਤਮਾਨ (present tense) ਚੱਚੇ ਅੱਖਰ ਨੂੰ ਦੁਲਾਈਆਂ ਜੋ ਲਗੀਆਂ ਹਨ। 'ਸਾਸ' ਪਦ ਦਾ ਪਿਛਲਾ ਸੱਸਾ ਮੁਕਤਾ ਹੈ ਕਿਉਂਕਿ 'ਸਾਸ' ਪਦ ਬਹੁ-ਵਚਨ ਨਾਂਵ (plural noun) ਹੈ। 'ਨਿਹਾਰੇ' ਪਦ ਕਿਰਿਆ ਦੇ ਰਾਰੇ ਅੱਖਰ ਨੂੰ ਇਕ ਲਾਂਵ ਹੈ ਜੋ ਸਦੀਵੀ (ਭੂਤ, ਭਵਾਨ, ਭਵਿਖਤੀ) ਕਿਰਿਆ ਦਾ ਵਾਚਕ ਹੈ। ਬਹੁਤ ਸਾਰੀਆਂ ਬੀੜਾਂ ਵਿਚਿ ਦੇਖਾ ਦੇਖੀ ਦੂਜੇ ਪਦ 'ਪ੍ਰਭੁ' ਦੇ ਭੱਭੇ ਅੱਖਰ ਨੂੰ ਔਂਕੜ ਨਹੀਂ ਲਾਇਆ ਜੋ ਲਾਉਣ ਹਾਰਿਆਂ ਲਿਖਣ ਛਪਾਉਣ ਹਾਰਿਆਂ ਦੀ ਗ਼ਲਤੀ ਹੈ। ਏਹਨਾਂ ਹੀ ਬੀੜਾਂ ਤੋਂ ਉਤਾਰਾ ਕਰਨ ਹਾਰਿਆਂ ਨੇ ਪੋਥੀਆਂ ਅਤੇ ਗੁਟਕਿਆਂ ਵਿਚਿ ਭੀ ਇਸ ਪਦ 'ਪ੍ਰਭੁ' ਨੂੰ ਔਂਕੜ ਨਹੀਂ ਲਾਇਆ ਜੋ ਲਗਮਾਤ੍ਰੀ ਪਰਪੱਕ ਨਿਯਮਾਂ ਤੋਂ ਪ੍ਰਤਿਕੂਲ ਹੈ ਜਿਸ ਨਿਯਮਾਵਲੀ ਦਾ ਲਕੀਰ ਦੇ ਫ਼ਕੀਰ ਲੋਕਾਂ ਨੂੰ ਕੁਛ ਪਤਾ ਨਹੀਂ।

ਗੁਰਮੁਖਿ ਸੇਵਾ ਮੇਰੇ ਪ੍ਰਭ ਭਾਈ ਮੈ ਸਤਿਗੁਰ ਅਲਖੁ ਲਖਾਰੇ ॥ *(ਪੰਨਾ ੯੮੩)*

ਭਾਵ, ਗੁਰਮਤਿ ਨਾਮ ਦਾ ਗੁਰਮਤਿ ਸਿਮਰਨ ਜੋ ਹੈ ਇਹੀ ਗੁਰਮੁਖਾਂ ਵਾਲੀ ਸਿਮਰਨ ਸੇਵਾ ਗੁਰੂ ਘਰ ਅੰਦਰਿ ਪਰਮਾਨੀਕ ਹੈ। ਇਹ ਗੁਰਮਤਿ ਪਰਵਾਨੀਕ ਗੁਰਮੁਖਾਂ ਵਾਲੀ ਸਿਮਰਨ ਰੂਪੀ ਸੇਵਾ ਅਲਖ ਸਤਿਗੁਰੂ ਨੂੰ ਲਖਾਉਣਹਾਰੀ ਹੈ। ਜਿਸ ਦੇ ਪ੍ਰਭਾਵ ਕਰਕੇ ਮੈਂ ਅਲੱਖ ਵਾਹਿਗੁਰੂ ਰੂਪ ਸਤਿਗੁਰੂ ਨੂੰ ਲਖ ਲਿਆ ਹੈ। 'ਪ੍ਰਭ' ਦਾ ਭੱਭਾ ਅੱਖਰ ਇਸ ਕਰਕੇ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਨੂੰ' ਭਾਵ ਅਰਥਕ ਸਬੰਧਕ ਪਦ ਮਹਿਜ਼ੂਫ ਤੇ ਮਫ਼ਹੂਮ ਹੈ। ਏਸੇ ਕਰਕੇ ਹੀ 'ਸਤਿਗੁਰ' ਪਦ ਦਾ ਰਾਰਾ ਅੱਖਰ ਮੁਕਤਾ ਹੈ। ਕਿਉਂਕਿ ਇਸ ਦੇ ਅਗੇ ਭੀ 'ਨੂੰ' ਭਾਵ ਅਰਥ ਸਬੰਧਕ ਪਦ ਅਨੁਮਾਨਕ ਹੈ। ਸ਼ਬਦਾਰਥੀ ਜਨ ਅਤੇ ਕੋਸ਼ ਲਿਖਾਰੀ ਗਿਆਨੀ ਗੁਰਬਾਣੀ ਦੇ ਲਗਮਾਤ੍ਰੀ ਨਿਯਮਾਂ ਨੂੰ ਘੁਸਾ ਕੇ ਏਥੇ ਇਉਂ ਅਰਥ ਕਰਦੇ ਹਨ—ਮੈਨੂੰ ਸਤਿਗੁਰੂ ਨੇ ਨਾ ਸਮਝੇ ਜਾਣ ਵਾਲੇ ਹਰੀ ਨੂੰ ਲਖਾ ਦਿਤਾ। ਉਸ ਦਾ ਗਿਆਨ ਕਰਾ ਦਿਤਾ। 'ਸਤਿਗੁਰੂ ਨੇ' ਵਾਲਾ ਅਰਥ ਤਾਂ ਤਦ ਸੁਧ ਸਿਧ ਹੁੰਦਾ ਜੇਕਰ 'ਸਤਿਗੁਰ' ਪਦ ਦੇ ਰਾਰੇ ਅੱਖਰ ਨੂੰ ਸਿਹਾਰੀ ਲਗੀ ਹੁੰਦੀ ਅਤੇ ਇਹ ਪਦ ਇਉਂ ਅੰਕੁਰਿਆ ਹੁੰਦਾ, 'ਸਤਿਗੁਰਿ'।

ਹਰੀ ਜਨ

ਗ੍ਰਾਮ ਗ੍ਰਾਮ ਨਗਰ ਸਭ ਫਿਰਿਆ ਰਿਦ ਅੰਤਰਿ ਹਰਿ ਜਨ ਭਾਰੇ ॥ *(ਪੰਨਾ ੯੮੩)*

ਭਾਵ, ਜਿਸ ਪਾਰਬ੍ਰਹਮ ਵਾਹਿਗੁਰੂ ਨੂੰ ਆਨਮਤਿ ਜਗਿਆਸੂ ਬਾਹਰਮੁਖੀ ਹੋ

bsrstrust.org

ਕੇ ਗ੍ਰਾਉਂ ਗ੍ਰਾਉਂ ਸਾਰੀਆਂ ਨਗਰੀਆਂ ਵਿਖੇ ਭਾਲਦਾ ਫਿਰਦਾ ਹੈ (ਪਰ ਨਹੀਂ ਮਿਲਦਾ) ਉਸ ਅਲਖ ਪਰਬ੍ਰਹਮ ਪਰਮੇਸ਼ਰ ਵਾਹਿਗੁਰੂ ਨੂੰ ਗੁਰਮਤਿ ਜਗਿਆਸੂ ਭਗਤ ਗੁਰਮੁਖਿ ਹਰੀ ਜਨ ਹਿਰਦੇ ਅੰਦਰਿ ਹੀ ਭਾਲ ਲੈਂਦੇ ਹਨ। 'ਰਿਦ ਅੰਤਰਿ ਹਰਿ ਜਨ ਭਾਰੇ' ਇਸ ਅਧਪੰਗਤੀ ਦਾ ਅਰਥ ਕੋਸ਼ਕ ਗਿਆਨੀ ਅਤੇ ਸ਼ਬਦਾਰਥੀਏ ਇਉਂ ਕਰਦੇ ਹਨ ਹਰੀ ਜਨਾਂ ਨੇ ਦਿਲ ਦੇ ਅੰਦਰੋਂ ਹੀ ਢੂੰਡ ਕੇ ਦਸ ਦਿਤਾ। 'ਜਨ' ਪਦ ਦੇ ਨੰਨੇ ਅੱਖਰ ਨੂੰ ਸਿਹਾਰੀ ਨਹੀਂ ਹੈ ਜਿਸ ਕਰਕੇ 'ਨੇ' ਦੇ ਅਰਥ ਲਗ ਹੀ ਨਹੀਂ ਸਕਦੇ।

ਪੰਚਭੂਤ, ਹਰਿ, ਹੈ

ਪੰਚ ਭੂਤ ਸਬਲ ਹਹਿ[1] ਦੇਹੀ ਗੁਰੁ ਸਤਿਗੁਰੁ ਪਾਪ ਨਿਵਾਰੇ॥ *(ਪੰਨਾ ੯੮੩)*

ਤੱਤ ਭਾਵ ਅਰਥ—ਜਿਸ ਮਨੁੱਖ ਦੇਹੀ ਉਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜੇ ਦੂਤ ਭੂਤ ਪਰਬਲ ਅਤੇ ਸਬਲ ਹੋ ਕੇ ਪਏ ਸਨ, ਉਸ ਮਨੁੱਖਾ ਦੇਹੀ ਦੇ ਪਾਪ ਨਿਵਾਰੇ ਤਾਂ ਸਤਿਗੁਰੂ ਗੁਰੂ ਸੱਚਾ ਪਾਤਸ਼ਾਹ ਹੀ ਨਿਵਾਰੇ। ਐਵੇਂ ਨਹੀਂ ਨਿਵਾਰੇ ਜਾ ਸਕਦੇ। ਪਤੰਗੇ (ਭ੍ਰਿੰਗ) ਉਤੇ ਦ੍ਰਿਸ਼ਟ ਰੋਗ ਪਰਬਲ ਹੈ, ਜਿਸ ਕਰਕੇ ਉਹ ਦੀਵੇ ਦੀ ਲਾਟ ਵਿਖੇ ਦਗਧ ਹੋ ਕੇ ਜਲ ਮਰਦਾ ਹੈ। ਮਿਰਗ (ਹਿਰਨ) ਉਤੇ ਕੰਨ ਰਸ ਪਰਬਲ ਹੈ, ਉਹ ਨਾਦ ਦੇ ਰਸ ਵਿਚ ਫਸ ਜਾਂਦਾ ਹੈ। ਭੌਰੇ ਉਤੇ ਵਾਸ਼ਨਾ ਰਸ ਪਰਬਲ ਹੈ, ਉਹ ਫੁਲ ਕੰਵਲ ਵਿਚਿ ਪੀਚਿਆ ਜਾ ਕੇ ਪਚ ਮਰਦਾ ਹੈ। ਹਾਥੀ ਉਤੇ ਕਾਮ ਰਸ ਅੱਤ ਪਰਬਲ ਹੁੰਦਾ ਹੈ, ਉਹ ਕਾਮ ਵਿਖੇ ਮਸਤ ਹੋ ਕੇ ਪਰਾਏ ਵਸਿ ਪੈਂਦਾ ਹੈ। ਮੱਛੀ ਉਤੇ ਲੋਭ ਰਸ ਪਰਬਲ ਹੈ। ਉਹ ਲੋਭ ਗ੍ਰਸਤ ਹੋ ਕੇ ਮਾਛੀ ਦੇ ਜਾਲ ਵਿਚ ਜਾ ਫਸਦੀ ਹੈ। ਇਕ ਇਕ ਵਿਸ਼ੇ ਰਸ ਦੇ ਪਰਬਲ ਹੋਣ ਕਰਕੇ ਪਤੰਗ, ਮਿਰਗ, ਭ੍ਰਿੰਗ, ਕੁੰਚਰ, ਮੀਨ ਦੇ ਤਨ ਦਾ ਬਿਨਾਸ ਹੋ ਜਾਂਦਾ ਹੈ (ਜੈਸਾ ਕਿ ਇਸ ਤੋਂ ਪਹਿਲੀ ਪੰਗਤੀ ਦਰਸਾਉਂਦੀ ਹੈ)। ਤਾਂ ਜਿਸ ਮਨੁੱਖ ਦੇਹੀ ਉਤੇ ਪੰਜੇ ਅਸਾਧ ਰੋਗ, ਕਾਮ, ਕਰੋਧ, ਲੋਭ, ਮੋਹ, ਅਹੰਕਾਰ (ਪੰਜ ਦੂਤ ਭਤ) ਪਰਬਲ ਹੋਣ, ਉਸ ਦੇਹੀ ਦਾ ਕੀ ਠਿਕਾਣਾ ਹੈ ਅਰਥਾਤ ਮਨੁੱਖਾ ਦੇਹੀ ਅਤੀਅੰਤਿ ਹੀ ਪਾਪਿਸ਼ਟ ਦੇਹੀ ਹੈ। ਇਸ ਦੇ ਪਾਪ ਤਾਂ ਸਤਿਗੁਰੂ ਹੀ ਨਿਵਾਰ ਸਕਦਾ ਹੈ, ਹੋਰ ਕਿਵੇਂ ਨਹੀਂ ਨਿਵਾਰੇ ਜਾ ਸਕਦੇ। 'ਪੰਜ ਭੂਤਾਂ ਦੀ ਦੇਹੀ ਸਬਲ ਹੈ' ਇਹ ਅਰਥ ਠੀਕ ਨਹੀਂ। ਦੇਹੀ ਸਬਲ ਬਲਵਾਨ ਕਾਹਦੀ ਜੋ ਪੰਜਾਂ ਭੂਤਾਂ ਦੂਤਾਂ ਦੀ ਗ੍ਰਸੀ ਹੋਈ ਹੈ। ਉਂਞ ਪੰਜ ਭੂਤਕ ਦੇਹੀ ਤਾਂ ਹਰੇਕ ਜਾਨਦਾਰ ਦੀ ਹੈ। ਪੰਜ ਭਤਾਂ ਪਉਣ ਪਾਣੀ ਬੈਸੰਤਰ ਆਦਿ ਬਿਨਾਂ ਤਾਂ ਕੋਈ ਦੇਹ ਭੀ ਨਹੀਂ ਬਣ ਸਕਦੀ। ਤਾਂ ਤੇ ਏਥੇ ਪੰਜ ਭੂਤ ਤੋਂ ਭਾਵ ਪੰਜ ਦੂਤਾਂ ਕਾਮ, ਕਰੋਧ, ਲੋਭ, ਮੋਹ ਆਦਿਕ ਦਾ ਹੈ ਜੋ ਆਮ ਮਨੁੱਖਾ ਦੇਹੀ ਉਤੇ ਅਤੀ ਪਰਬਲ (ਹਾਵੀ) ਹਨ। ਲਗਮਾਤ੍ਰੀ ਨਿਯਮਾਂ ਕਰਕੇ ਤਾਂ ਦੂਜੇ ਅਰਥ ਹੀ ਸਿਧ ਹਨ ਕਿਉਂਕਿ ਆਮ ਪੋਥੀਆਂ ਅਤੇ ਲਿਖਤੀ ਛਪਤੀ ਅਕਸਰ ਬੀੜਾਂ ਵਿਖੇ 'ਪੰਚ ਭੂਤ ਸਬਲ ਹੈ ਦੇਹੀ' ਪਾਠ ਹੈ। 'ਹਹਿ' ਦੇ ਥਾਉਂ 'ਹੈ'

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਹੈ' ਹੈ।
—ਪ੍ਰਕਾਸ਼ਕ

bsrstrust.org

ਹੀ ਅੰਕਤਿਆ ਹੋਇਆ ਹੈ। ਪਹਿਲੀ ਪੰਗਤੀ ਦੇ ਭਾਵ ਅਰਥਾਂ ਕਰਕੇ ਦੂਜੀ ਇਸ ਪੰਗਤੀ ਦੀ ਪਰਮਾਰਥ ਤਦੇ ਹੀ ਸਿਧ ਹੁੰਦਾ ਹੈ ਕਿ ਮੁਕਾਬਲਤਨ ਇਕ ਇਕ ਵਖੋ ਵਖ ਦੂਤ ਭੂਤ ਦੇ ਪਰਬਲਤਾ ਸਬਲਤਾ ਪੰਜੇ ਹੀ ਦੂਤਾਂ ਦੀ ਵਿਚਾਰ ਗੋਚਰੀ ਹੈ ਨਾ ਕਿ ਦੇਹੀ ਦੀ ਸਬਲਤਾ ਦੀ। ਇਸ ਕਰਕੇ 'ਪੰਚ ਭੂਤ ਸਥਲ ਹਹਿ ਦੇਹੀ' ਪਾਠ ਹੀ ਸ਼ੁਧ ਹੈ। ਭਾਵ ਅਰਥ ਤਦੇ ਹੀ ਸ਼ੁਧ ਸਿਧ ਹੁੰਦਾ ਹੈ। ਆਮ ਤੌਰ ਤੇ ਦੇਖਣ ਪਠਣ ਵਿਚਿ ਆਉਂਦਾ ਹੈ ਕਿ ਗੁਰਬਾਣੀ ਦੀਆਂ ਅਕਸਰ ਬੀੜਾਂ ਅੰਦਰਿ 'ਹਹਿ' ਦੇ ਥਾਉਂ 'ਹੈ' ਪਾਠ ਹੀ ਪਾਇਆ ਜਾਂਦਾ ਹੈ ਜੋ ਕਿ ਲਗਮਾਤ੍ਰੀ ਨਿਯਮਾਂ ਤੋਂ ਉਲਟ ਹੈ। ਜਿਥੇ ਬਹੁ-ਵਚਨ ਕਿਰਿਆ ਹੈ ਉਥੇ 'ਹਹਿ' ਪਾਠ ਹੀ ਸ਼ੁਧ ਹੈ। 'ਹੈ' ਪਾਠ ਇਕ-ਵਚਨ ਕਿਰਿਆ (singular verb) ਵਾਚਕ ਹੈ। ਲਿਖਾਰੀਆਂ ਅਤੇ ਗੁਰਬਾਣੀ ਛਾਪਣ ਹਾਰਿਆਂ ਨੇ ਇਸ ਤਤ ਅਸੂਲ ਵਲ ਬਹੁਤ ਧਿਆਨ ਨਹੀਂ ਦਿਤਾ। ਇਸ ਕਰਕੇ ਇਹ ਨਿਯਮ ਲਿਖਤ ਛਪਤ ਅੰਦਰਿ ਉਲੰਘਿਆ ਗਿਆ ਹੈ। ਲਗਮਾਤ੍ਰਿਕ ਨਿਯਮਕ ਅਸੂਲ ਅਨੁਸਾਰ ਬਹੁਤ ਥਾਵਾਂ ਤੇ ਠੀਕ ਪਦ 'ਹਹਿ' ਭੀ ਗੁਰਬਾਣੀ ਅੰਦਰਿ ਲਿਖਿਆ ਗਿਆ ਮਉਜੂਦ ਹੈ। ਲਿਖਤ ਛਪਤ ਉਲੰਘਣਾ ਜਿਥੇ ਭੀ ਹੋਈ ਹੈ ਅਨਗਹਿਲੀ ਕਰਕੇ ਹੋਈ ਹੈ। ਯਥਾ ਗੁਰ ਪਰਮਾਣ :

ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ ॥ *(ਪੰਨਾ ੯੯੩)*

ਤਥਾ— **ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥** *(ਪੰਨਾ ੧੦੫੯)*

ਸੰਤ ਪੁਰਖ ਅਪਾਰ

ਸੰਸਾਰ ਭਉਜਲੁ ਤਾਰਿਆ ਹਰਿ ਸੰਤ ਪੁਰਖ ਅਪਾਰ ॥ *(ਪੰਨਾ ੯੮੬)*

ਸੰਸਾਰ ਭਉਜਲ ਤਾਰ ਦਿਤਾ। ਵਾਹਿਗੁਰੂ ਦੇ ਸੰਤ ਅਪਾਰ ਪੁਰਖ ਹਨ। 'ਹਰਿ ਸੰਤ ਪੁਰਖ ਅਪਾਰ ॥' ਇਸ ਅੱਧ ਪੰਗਤੀ ਦੇ ਅਰਥ ਸ਼ਬਦਾਰਥੀਏ ਕਰਦੇ ਹਨ—ਹਰੀ ਅਪਾਰ ਪੁਰਖ ਦੇ ਸੰਤਾਂ ਨੇ। ਇਹ ਅਰਥ ਲਗਮਾਤ੍ਰੀ ਨਿਯਮਾਂ ਦੇ ਉਲਟ ਹਨ। ਇਹ ਅਰਥ ਤਦ ਹੁੰਦੇ ਜੇ 'ਸੰਤ' ਪਦ ਦੇ ਤੱਤੇ ਨੂੰ ਸਿਹਾਰੀ ਲਗੀ ਹੋਈ ਹੁੰਦੀ। 'ਪੁਰਖ ਅਪਾਰ' ਏਹਨਾਂ ਦੋਹਾਂ ਪਦਾਂ ਦੇ ਪਿਛਲੇ ਅੱਖਰਾਂ ਨੂੰ ਜਾਂ ਤਾਂ ਸਿਹਾਰੀਆਂ ਹੁੰਦੀਆਂ ਜਾਂ ਔਂਕੜ ਹੁੰਦੇ। ਪਰ ਹਨ ਦੋਵੇਂ ਮੁਕਤੇ ਜਿਸ ਕਰਕੇ ਬਹੁ-ਵਚਨ ਨਾਂਵ (noun) 'ਸੰਤ' ਦੇ ਵਿਸ਼ੇਸ਼ਣ (adjective) 'ਪੁਰਖ ਅਪਾਰ' ਭੀ ਬਹੁ-ਵਚਨ ਹਨ।

ਸਰਣਿ ਤੁਹਾਰੀਆ

ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥ *(ਪੰਨਾ ੯੮੯)*

ਏਥੇ 'ਸਰਣਿ' ਪਦ ਦੇ ਣਾਣੇ ਨੂੰ ਜੋ ਸਿਹਾਰੀ ਹੈ ਸੋ ਇਸਤ੍ਰੀ-ਲਿੰਗ ਵਾਚਨੀ ਚਿੰਨ੍ਹ ਲਗ (ਮਾਤ੍ਰਾ) ਹੈ। ਤਾਂ ਤੇ 'ਸਰਣਿ' ਪਦ ਏਥੇ ਇਸਤ੍ਰੀ-ਲਿੰਗ ਨਾਂਵ (feminine

bsrstrust.org

gender noun) ਹੈ। ਹਰ ਥਾਂ ਗੁਰਬਾਣੀ ਅੰਦਰ ਇਹ ਪਦ 'ਸਰਣਿ' ਏਸੇ ਸ਼ਕਲ ਵਿਚ ਣਾਣੇ ਸਿਹਾਰੀ ਨਾਲ ਹੀ ਆਉਂਦਾ ਹੈ ਅਤੇ ਇਸਤ੍ਰੀ-ਲਿੰਗ ਨਾਂਵ (noun) ਦਾ ਕੰਮ ਦਿੰਦਾ ਹੈ। ਤਾਂ ਤੇ ਇਸ ਸਮੁੱਚੀ ਪੰਗਤੀ ਦਾ ਸਹੀ ਵਾਰਤਕ ਉਠਾਉ ਇਸ ਬਿਧਿ ਹੈ—ਨਾਨਕ (ਸਾਹਿਬ ਆਖਦੇ ਹਨ) (ਹੇ ਵਾਹਿਗੁਰੂ ਸਾਜਨ) ਤੁਹਾਰੀ ਸਰਣਿ (ਸਰਣਾਗਤਿ) ਨੂੰ ਮੈਂ ਸਦਾ ਆਪਣੇ ਸਨਮੁਖ ਹੀ ਦੇਖਾਂ (ਕਦੇ ਲਾਂਭੇ ਨ ਕਰਾਂ ਚਰਨ ਸਰਨ ਸਰਨਾਗਤ ਤੁਹਾਰੀ ਨੂੰ)। ਇਹ ਅਰਥ ਠੀਕ ਨਹੀਂ (ਜੈਸਾ ਕਿ ਸ਼ਬਦਾਰਥੀ ਗਿਆਨੀ ਕਰਦੇ ਹਨ) ਕਿ—ਤੇਰੀ ਸਰਨ ਵਿਚਿ ਹੋ ਕੇ ਤੈਨੂੰ ਸਦਾ ਸਾਹਮਣੇ ਦੇਖਦਾ ਰਹਾਂ। 'ਸਰਣਿ ਤੁਹਾਰੀਆ' ਦੇ ਅਰਥ 'ਤੇਰੀ ਸਰਨ ਵਿਚਿ ਹੋ ਕੇ' ਕਰਨੇ ਐਵੇਂ ਵਾਧੂ ਅੱਖਰਾਂ ਦਾ ਫੇਰ ਘੇਰ ਪਾਉਣਾ ਹੈ। 'ਸਰਣ' ਵਿਚਿ 'ਹੋ ਕੇ' ਨਾਲੇ 'ਸਾਹਮਣੇ' ਦੋ ਵਿਸ਼ੇਸ਼ਣ ਕਿਰਿਆਵੀ ਫਬਦੇ ਨਹੀਂ। ਪੇਖਉਂ ਕੀ ? 'ਪੇਖਉ' ਕਿਰਿਆ ਦਾ ਕਰਮ (object) ਕੋਈ ਪਦ ਭੀ ਨਹੀਂ ਰਹਿ ਜਾਂਦਾ। 'ਤੈਨੂੰ' ਅਰਥ ਪਦ ਬਾਹਰੋਂ ਹੀ ਫ਼ਾਲਤੂ ਲਾਏ ਹਨ। ਯਾ ਤਾਂ ਤੁਹਾਰੀ ਸਰਣਿ ਨੂੰ ਪੇਖਾਂ ਸਦਾ ਹਜ਼ੂਰੀ ਵਿਚਿ (ਸਨਮੁਖ) ਯਾ ਤੁਹਾਰੀ ਸਰਣਾਗਤਿ ਹੋ ਕੇ ਸਦਾ ਹਜ਼ੂਰੀ ਨੂੰ ਪੇਖਾਂ। ਏਹ ਦੋਵੇਂ ਫਬਣੇ ਤਾਂ ਫਬ ਜਾਂਦੇ ਹਨ ਪਰ 'ਤੁਹਾਰੀਆ' ਪਦ ਤਾਂ ਹਰ ਸੂਰਤ ਵਿਚਿ 'ਸਰਣਿ' ਦੇ ਨਾਲਿ ਹੀ ਸਬੰਧਤ ਰਹੇਗਾ। ਇਸ ਕਰਕੇ ਦੂਜੇ ਅਰਥ ਹੋ ਨਹੀਂ ਸਕਦੇ। ਤੇਰੀ ਸਰਣ ਵਿਚ ਹਜ਼ੂਰੀ ਨੂੰ ਪੇਖਾਂ। ਸਦਾ ਹਜ਼ੂਰੀ ਵਿਚਿ ਤੇਰੀ ਸਰਣ ਨੂੰ ਪੇਖਾਂ। ਏਹਨਾਂ ਦੋਹਾਂ ਵਿਚੋਂ ਕੋਈ ਢਬ ਭੀ ਅਰਥ ਦਾ ਫਬਦਾ ਨਹੀਂ।

ਸਦੜਾ

ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ॥ *(ਪੰਨਾ ੯੮੯)*

ਪਿਛਲੀ ਰਾਤੀ ਖਸਮ ਦਾ ਨਾਮੁ ਰੂਪੀ ਸਦੜਾ ਲੈਣਾ (ਜਪਣਾ) ਚਾਹੀਦਾ ਹੈ। 'ਸਦੜਾ' ਅਤੇ 'ਨਾਮੁ' ਏਥੇ ਅਭੇਦ ਅਰਥ ਰਖਦੇ ਹਨ। ਜੇ ਇਥੇ 'ਸਦੜਾ' ਅਤੇ 'ਨਾਮੁ' ਨੂੰ ਭਿੰਨ ਭਿੰਨ ਅਰਥਾਂ ਵਿਚ ਅਰਥਾਉਂਦੇ ਹਨ ਇਹ ਠੀਕ ਨਹੀਂ। ਵਾਧੂ ਅਰਥ ਹਨ ਜੈਸੇ ਕਿ ਸ਼ਬਦਾਰਥੀਏ ਅਰਥ ਕਰਦੇ ਹਨ ਜਿਨ੍ਹਾਂ ਨੂੰ ਪਿਛਲੀ ਰਾਤੀ (ਪ੍ਰਭਾਤ ਵੇਲੇ) ਸੱਦਾ ਹੁੰਦਾ ਹੈ ਮਾਲਕ ਦਾ, ਓਹੀ ਮਾਲਕ ਦਾ ਨਾਉਂ ਜਪਦੇ ਹਨ। 'ਨਾਮ' ਤੇ 'ਸਦੜਾ' ਗੁਰਬਾਣੀ ਅੰਦਰਿ ਇਕੈ ਅਰਥਾਂ ਵਿਚਿ ਹੋਰ ਥਾਈਂ ਭੀ ਆਉਂਦਾ ਹੈ, ਜੈਸੇ ਕਿ :

ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ॥ *(ਪੰਨਾ ੭੩੦)*

ਪਿਛਲੀ ਰਾਤੀਂ ਨਾਮ ਜਪਣ ਦਾ ਹੁਕਮ ਸਭਨਾਂ ਲਈ ਹੈ। ਸਿਖ ਮਾਤਰ ਲਈ ਹੈ। ਮਾਲਕ ਦੇ ਸਦੜੇ ਖ਼ਾਸ ਸਿੱਖਾਂ ਅਭਿਆਸੀਆਂ ਲਈ ਥੋੜੇ ਪੈਂਦੇ ਹਨ। ਏਹ ਸ਼ਰਤ ਬੇਢਬੀ ਹੈ ਕਿ ਜਿਨ੍ਹਾਂ ਨੂੰ ਮਾਲਕ ਦਾ ਸਦੜਾ ਪਵੇ ਓਹੀ ਉਸਦਾ ਪ੍ਰਭਾਤੇ ਨਾਮ ਜਪਣ !

bsrstrust.org

ਨਾ ਹੀ ਪੰਗਤੀ ਦੇ ਪਦਾਂ ਵਿਚੋਂ ਇਹ ਅਰਥ ਨਿਕਲਦੇ ਹਨ, ਹਾਂ ਖਿਚ ਪਾੜ ਕਰਕੇ ਭਾਵੇਂ ਕਢ ਲਵੋ।

ਸਾਹਿਬ

ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥ *(ਪੰਨਾ ੯੯੧)*

ਇਸ ਪੰਗਤੀ ਅੰਦਰਿ 'ਸਾਹਿਬ' ਪਦ ਦਾ ਬੱਬਾ ਅੱਖਰ ਮੁਕਤਾ ਹੈ ਇਸ ਕਰਕੇ 'ਸਾਹਿਬ ਧਰੇ ਪਿਆਰੁ' ਦਾ ਅਰਥ ਸਾਹਿਬ ਦਾ ਪਿਆਰ ਜੋ ਧਰਦਾ ਹੈ (ਉਹੀ ਸੱਚਾ ਦੇਵਾਨਾ ਹੈ)। ਜੇਕਰ 'ਸਾਹਿਬ' ਪਦ ਦੇ ਬੱਬੇ ਅੱਖਰ ਨੂੰ ਔਂਕੜ ਹੁੰਦਾ 'ਸਾਹਿਬੁ' ਐਉਂ ਹੁੰਦਾ ਤਾਂ 'ਸਾਹਿਬੁ ਆਪਿ ਪਿਆਰ ਧਰਦਾ ਹੈ' ਅਰਥ ਬਣਦੇ।

ਕਉਨ

ਕਉਨ ਵਡਾ ਮਾਇਆ ਵਡਿਆਈ ॥ *(ਪੰਨਾ ੧੮੮)*

ਇਸ ਪੰਗਤੀ ਦੇ 'ਕਉਨ' ਪਦ ਨੂੰ ਸ਼ਬਦਾਰਥੀਆਂ ਨੇ ਆਪ ਹੀ ਪਦ ਛੇਦ ਕਰਕੇ ਛਪਾਈ ਵਿਚਿ 'ਕੋਉ ਨ' ਦੀ ਸ਼ਕਲ ਬਣਤਰ ਵਿਚਿ ਛਪਾ ਲਿਆ ਹੈ ਅਤੇ ਅਰਥ ਕੀਤੇ—ਕੋਊ ਨਹੀਂ ਵੱਡਾ ਮਾਇਆ ਦੀ ਵਡਿਆਈ ਕਰਕੇ। ਸਿਧੇ ਪਧਰੇ ਅਰਥ ਸਾਫ਼ ਹਨ ਕਿ ਮਾਇਆ ਦੀ ਵਡਿਆਈ ਕਰਕੇ ਕਉਣ ਵੱਡਾ ਹੈ। ਅਰਥਾਤ ਕੋਈ ਵੱਡਾ ਨਹੀਂ। ਸਿਧਾਂਤ ਤਾਂ ਉਹੀ ਹੈ। ਪਰ ਮੂਲ ਪਦ ਦੀ ਪਦ ਛੇਦ ਕਾਂਟ ਛਾਂਟ ਦੀ ਕੀ ਲੋੜ ਸੀ। ਹਰੇਕ ਛਾਪੇ ਦੀ ਅਤੇ ਲਿਖਤੀ ਬੀੜ ਅੰਦਰਿ, ਗੁਟਕਿਆਂ ਪੋਥੀਆਂ ਵਿਚਿ ਭੀ ਸਪਸ਼ਟ ਪਦ 'ਕਉਨੁ' ਲਿਖਿਆ ਛਪਿਆ ਹੋਇਆ ਹੈ। 'ਕੋਈ' ਦੇ ਅਰਥਾਂ ਵਿਚ ਗੁਰਬਾਣੀ ਅੰਦਰਿ 'ਕਉ' ਪਦ ਕਿਤੇ ਨਹੀਂ ਆਇਆ। 'ਕੋਊ' ਤਾਂ ਆਇਆ ਹੈ। 'ਕੋ' ਬਹੁਤਾ ਆਇਆ ਹੈ। ਪਰ ਪਤਾ ਨਹੀਂ ਸ਼ਬਦਾਰਥੀਆਂ ਨੇ 'ਕਉ' ਪਦ ਕੋਈ ਦੇ ਅਰਥਾਂ ਵਿਚਿ ਆਪਣੇ ਕੋਲੋਂ ਕਿਵੇਂ ਪਾ ਲਿਆ ਹੈ। ਕੱਕੇ ਨੂੰ ਕੋ ਹੋੜਾ ਵਾਧੂ ਆਪਣੇ ਕੋਲੋਂ ਲਾ ਲਿਆ ਹੈ। ਗੁਰਬਾਣੀ ਨੂੰ ਪਦ ਛੇਦ ਕਰਨ ਦੀ ਗ਼ਲਤ ਚਾਲ ਦਾ ਇਹ ਪਰਤੱਖ ਸਬੂਤ ਹੈ। ਜੇ ਅਸਲ ਛਪਤ ਲਿਖਤ ਪਦ ਦਾ ਪਦ ਛੇਦ ਕਰਨਾ ਸੀ ਤਾਂ 'ਕਉ ਨ' ਇਉਂ ਬਣਦਾ ਸੀ। ਪਰ ਇਉਂ ਏਹਨਾਂ ਦਾ ਮਨੋਰਥ ਸਿਧ ਨਹੀਂ ਹੁੰਦਾ ਸੀ। 'ਕਉ' ਕੱਕੇ ਮੁਕਤੇ ਅਤੇ ਊੜੇ ਔਂਕੜ ਦੀ ਬਣਤਰ ਅਨੁਸਾਰ 'ਕੋਈ' ਦੇ ਅਰਥ ਨਹੀਂ ਬਣਦੇ ਸੀ। ਤਾਂ ਤੇ ਏਹਨਾਂ ਨੇ ਅਪਣੀ ਮਨਮਰਜ਼ੀ ਅਨੁਸਾਰ ਕੱਕੇ ਨੂੰ ਮਨਉਕਤ ਹੀ ਹੋੜਾ ਲਾ ਦਿਤਾ ਹੈ। ਏਹਨਾਂ ਸਭਨਾਂ ਨੂੰ ਬੁੱਧੂ ਹੀ ਸਮਝਿਆ ਕਿ ਕਿਸੇ ਨੇ ਕੀ ਪੁਛਣਾ ਹੈ। ਏਵੇਂ ਹੀ ਪਰਚਲਤ ਹੋ ਜਾਊ। ਪਰ ਇਸ ਤਰ੍ਹਾਂ ਦੀਆਂ ਗ਼ਲਤੀਆਂ ਕਦ ਤਾਈਂ ਛੁਪੀਆਂ ਰਹਿ ਸਕਦੀਆਂ ਹਨ। ਇਹ ਛੁਪਾਈ ਅਨਭੋਲ ਗ਼ਲਤੀ ਨਹੀਂ। ਮਿਣਮਿਥ ਕੇ ਕੀਤੀ ਗਈ ਕਾਢ ਹੈ, ਜੋ ਨਿਰੀ ਗ਼ਲਤ ਹੈ।

bsrstrust.org

ਕਾਮਾਠਾ

ਬੇਦੁ ਪੁਕਾਰੈ ਮੁਖ ਤੇ ਪੰਡਤ ਕਾਮਾ ਮਨ ਕਾਮਾਠਾ॥ *(ਪੰਨਾ ੧੦੦੩)*

ਪੰਡਤ ਬੇਦਾਂ ਨੂੰ ਮੁਖ ਤੋਂ ਉਚਾਰਦਾ ਹੈ ਪਰ ਰਹਿੰਦਾ ਹੈ ਕਾਮਚੇਸ਼ਟਾ ਵਾਲਾ ਅਤੇ ਕਾਮਾਨੇ ਮਨ ਵਾਲਾ ਹੀ। 'ਕਾਮਾ' ਕਾਮ ਚੇਸਟਾ ਸੰਞੁਕਤ। 'ਮਨ ਕਾਮਾਠਾ'— ਕਾਮ ਦੇ ਠਗੇ ਹੋਏ ਮਨ ਵਾਲਾ; ਕਾਮ ਠਗਉਰੀ ਵਾਲੇ ਮਨ ਵਾਲਾ, ਕਾਮ ਦਾ ਅਟਿਆ ਹੋਇਆ। 'ਕਾਮਾ ਮਨ ਕਾ ਮਾਠਾ' ਪਾਠ ਠੀਕ ਨਹੀਂ ਜੈਸਾ ਕਿ ਕਾਵ ਕੋਸ਼ੀਏ ਕਰਦੇ ਹਨ ਅਤੇ ਅਰਥ ਲਾਉਂਦੇ ਹਨ 'ਕਾਮਨਾ ਕਰਕੇ ਮਨ ਦਾ ਮੱਠਾ ਹੋ ਰਿਹਾ ਹੈ।' ਇਹ ਅਰਥ ਠੀਕ ਨਹੀਂ ਢੁਕਦੇ ਤਾਂ ਤੇ ਪਾਠ ਭੀ ਠੀਕ ਨਹੀਂ ਢੁਕਦਾ। ਭਾਵ ਇਹ ਨਿਕਲਦਾ ਹੈ ਕਿ ਬੇਦ ਪਾਠ ਦੇ ਪੜ੍ਹਨ ਕਰਕੇ ਬੇਦ ਦੇ ਪੁਕਾਰਨ ਕਰਕੇ ਪੰਡਤ ਦੀ ਕਾਮਨਕ (ਇਛਿਆ) ਮੱਠੀ ਪੈ ਜਾਂਦੀ ਹੈ ਅਤੇ ਮਨ ਭੀ ਮੱਠਾ ਪੈ ਜਾਂਦਾ ਹੈ। ਇਸ ਤਰ੍ਹਾਂ ਬੇਦਾਂ ਦੇ ਪੜ੍ਹਨ ਦਾ ਵਿਧਾਨ ਹੋ ਜਾਂਦਾ ਹੈ ਜੋ ਗੁਰਮਤਿ ਦਾ ਨਿਸ਼ਾਨਾ ਨਹੀਂ। ਨਾ ਹੀ ਮਨ ਮੱਠਾ ਪੈਂਦਾ ਹੈ ਬੇਦ ਪੜ੍ਹਨ ਕਰਕੇ। ਨਾ ਹੀ ਕਾਮਨਾਵਾਂ ਮੱਠੀਆਂ ਪੈਂਦੀਆਂ ਹਨ ਤੇ ਇਛਿਆਵਾਂ ਘਟਦੀਆਂ ਹਨ। ਜੇ ਇਹ ਅਰਥ ਠੀਕ ਹੋਣ ਤਾਂ ਅਗਲੇਰੀ ਤੁਕ ਏਹ ਕਿਉਂ ਕਹਿੰਦੀ ਹੈ:

ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ॥ *(ਪੰਨਾ ੧੦੦੩)*

ਏਹ ਤਾਂ ਉਪਰ ਕਥੇ ਭਾਵ ਦਾ ਖੰਡਣ ਕਰਦੀ ਹੈ। ਅਰਥਾਤ—ਹਿਰਦੇ ਅੰਦਰਿ ਤਾਂ ਕਲਪਣਾ (ਨਾਨਾ ਪਰਕਾਰੀ ਸੰਕਲਪਾਂ) ਦੀਆਂ ਗੰਢਾਂ ਹਨ, ਐਸੇ ਵੇਦ ਪਾਠੀ ਪੰਡਿਤ ਦੇ ਮੋਨੀ ਅਤੇ ਇਕਾਂਤੀ ਹੋਇ ਬੈਠਣ ਨਾਲਿ ਕੀ ਸਰਦਾ ਹੈ? ਆਪਣੇ ਮਨ ਮੰਨੇ ਅਰਥ ਸਹੀ ਰਖਣ ਲਈ ਇਸ ਪਿਛਲੇਰੀ ਤੁਕ ਦਾ ਅਰਥ ਭੀ ਖਿੱਚ ਧੂਹ ਕੇ ਇਉਂ ਕਰਦੇ ਹਨ—ਬੇਦ ਪਾਠੀ ਪੰਡਿਤ ਸਦਾ ਮੋਨਧਾਰੀ ਅਤੇ ਇਕਾਂਤੀ ਹੋ ਕੇ ਅਸਥਿਰ ਹੋਇ ਬਹਿੰਦਾ ਹੈ, ਤਿਸ ਦੇ ਹਿਰਦੇ ਅੰਦਰਿ ਕਲਪਨਾ ਦੀ ਗੰਢ ਨਹੀਂ ਰਹਿੰਦੀ। ਇਸ ਸੂਰਤ ਵਿਚ ਓਹ ਇਉਂ ਇਸ ਤੁਕ ਦੀ ਪਿਛਲੀ ਅੱਧ ਪੰਗਤੀ ਦਾ ਪਾਠ ਉਠਾਉਂਦੇ ਹਨ 'ਹਿਰਦੈ ਕਲਪ ਨ ਗਾਠਾ' ਭਾਵ ਨੰਨੇ ਨੂੰ 'ਕਲਪਨ' ਪਦ ਨਾਲੋਂ ਨਿਖੇੜ ਕੇ 'ਕਲਪ ਨ' ਪਾਠ ਸਹੀ ਰਖਦੇ ਹਨ। ਪਰ ਨਿਰਾ 'ਕਲਪ' ਪਦ ਕਲਪਨਾ ਦੇ ਅਰਥ ਵਿਚਿ ਗੁਰਬਾਣੀ ਅੰਦਰਿ ਕਿਤੇ ਨਹੀਂ ਆਇਆ। 'ਕਲਪ' ਪਦ ਕਿਰਿਆ ਵਾਚਕ ਹੈ ਪਰ 'ਕਲਪਨਾ' ਨਾਂਵ (noun) ਹੈ। ਸ਼ਬਦਾਰਥੀ ਪਤਿਵੰਤੇ ਗਿਆਨੀ ਪਹਿਲੀ ਤੁਕ ਦੀ ਅੱਧ ਪੰਗਤੀ ਦਾ ਪਾਠ ਇਉਂ ਅੰਕਤ ਕਰਦੇ ਹਨ—'ਕਾਮਾਮਨ ਕਾ ਮਾਠਾ'—ਅਭਿਆਸ ਕਮਾਵਨ ਵਲੋਂ ਢਿਲਾ ਹੈ, ਕਮਾਈ ਦਾ ਕੱਚਾ ਹੈ। ਇਹ ਅਰਥ ਤਾਂ ਗੁਰਮਤਿ ਅਨੁਸਾਰ ਖ਼ੂਬ ਫਬਦੇ ਹਨ। ਪਰ ਅਸਲ ਪਾਠ ਠੀਕ ਨਹੀਂ ਉਤਰਦਾ। ਗੁਰਬਾਣੀ ਅੰਦਰਿ ਕਿਤੇ ਭੀ 'ਕਾਮਾਵਨ' ਦੇ ਥਾਉਂ 'ਕਾਮਾਮਨ' ਪਾਠ ਨਹੀਂ ਆਇਆ। ਫੇਰ ਭੀ ਓਹ ਕਮਾਈ ਦਾ ਭਾਵ ਦੇਖਾ ਦੇਖੀ ਬੇਦਾਂ ਦੀ ਦਸੀ ਕਮਾਈ ਵਲ ਹੀ ਲਿਜਾਂਦੇ ਹਨ। ਬੇਦ ਪਾਠੀ ਪੰਡਿਤ ਨੂੰ ਗੁਰਮਤਿ ਨਾਮ ਅਭਿਆਸ ਕਮਾਈਆਂ ਦੀ ਕੀ ਸੂਝ ਬੂਝ ਹੋ ਸਕਦੀ ਹੈ।

bsrstrust.org

'ਕਾਮਾ ਮਨ ਕਾਮਾਠਾ' ਪਾਠ ਹੀ ਠੀਕ ਹੈ। ਦੂਜਾ ਠੀਕ ਨਹੀਂ। ਏਕ ਤੋਂ ਅਨੇਕ ਅਰਥ ਹੋ ਹੀ ਨਹੀਂ ਸਕਦੇ। 'ਪੰਡਤ' ਏਥੇ ਖੰਡਤ ਛਪਿਆ ਹੈ। ਗੁਰਬਾਣੀ ਅੰਦਰ ਹਰ ਥਾਂ 'ਪੰਡਿਤੁ' ਡੱਡੇ ਸਿਹਾਰੀ ਅਤੇ ਤੱਤੇ ਔਂਕੜ ਨਾਲ ਆਉਂਦਾ ਹੈ। ਔਂਕੜ ਓਥੇ ਉੜਦਾ ਹੈ ਜਿਥੇ ਇਹ ਪਦ ਬਹੁ-ਵਚਨ ਹੋਵੇ, ਜਾਂ ਸੰਬਧਕ ਹੋਵੇ, (ਹੇ ਪੰਡਿਤ ਕਰਕੇ ਉਚਰਿਆ ਹੋਵੇ)। ਪਰ ਇਥੇ ਇਹ ਪਦ ਬਹੁ-ਵਚਨ ਨਹੀਂ। ਇਸ ਕਰਕੇ ਨਹੀਂ 'ਕਿ' ਇਸ ਦੀ (ਪੰਡਿਤੁ ਕਰਤੇ ਦੀ) ਕਿਰਿਆ 'ਪੁਕਾਰੈ' ਇਕ-ਵਚਨਕ (singular) ਹੋਣਾ ਸਿਧ ਕਰਦਾ ਹੈ। ਜੇ ਇਹ ਬਹੁ-ਵਚਨਕ ਨਾਂਵ ਹੁੰਦਾ ਤਾਂ ਕਿਰਿਆ (verb) 'ਪੁਕਾਰਹਿ' ਹੋਣਾ ਚਾਹੀਦਾ ਸੀ। ਰਾਰੇ ਪਿਛੋਂ ਹਾਹਾ ਸਿਹਾਰੀ ਨਾਲਿ ਹੁੰਦਾ। ਨਾ ਕਿ ਰਾਰਾ ਦੁਲਾਈਆਂ ਨਾਲ ਹੁੰਦਾ। ਜੇ 'ਪੰਡਿਤ' ਤੱਤੇ ਮੁਕਤੇ ਨਾਲ ਸੰਬੋਧਕ (vocative case) ਗਿਣਿਆ ਮਿਖਿਆ ਜਾਂਦਾ ਤਾਂ ਭੀ ਕਿਰਿਆ ਰਾਰੇ ਪਿਛੋਂ ਹਾਹੇ ਸਿਹਾਰੀ ਅੱਖਰਾਂ ਨਾਲਿ 'ਪੁਕਾਰਹਿ' ਹੀ ਹੋਣਾ ਚਾਹੀਦਾ ਸੀ (ਹੇ ਪੰਡਿਤ ਤੂੰ ਪੁਕਾਰਦਾ ਹੈਂ)। ਤਾਂ ਤੇ ਛਾਪੇ ਦੀ ਗ਼ਲਤੀ ਜ਼ਰੂਰ ਹੈ। ਲਗਮਾਤ੍ਰੀ ਨਿਯਮਾਂ ਅਨੁਸਾਰ ਇਹ ਪਦ 'ਪੰਡਿਤੁ' ਹੀ ਹੈ ਤੱਤੇ ਨੂੰ ਔਂਕੜ ਨਾਲ ਅਤੇ ਡੱਡੇ ਸਿਹਾਰੀ ਨਾਲਿ।

ਆਨ

ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨ[1] ਸਰਨਾਈ॥ *(ਪੰਨਾ ੧੦੦੮)*

ਇਸ ਪੰਗਤੀ ਅੰਦਰਿ 'ਆਨ' ਪਦ ਦੇ ਨੰਨੇ ਅੱਖਰ ਨੂੰ ਸਿਹਾਰੀ ਲਗਣੀ ਰਹਿ ਗਈ ਹੈ, ਛਾਪੇ ਦੀ ਜਾਂ ਲਿਖਤ ਦੀ ਗ਼ਲਤੀ ਨਾਲਿ। ਆਨ' ਦੇ ਅਰਥ ਫ਼ਾਰਸੀ 'ਆਂ' ਦੇ ਸਮਝ ਕੇ 'ਉਸਨੇ' ਕਰਨੇ ਅਨੁਥਾ ਹਨ। ਠੀਕ ਨਹੀਂ ।

ਵੀਚਾਰੀ

ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ॥ *(ਪੰਨਾ ੧੦੧੩)*

ਬ੍ਰਹਮਾ, ਬਿਸ਼ਨੂ ਅਤੇ ਸ਼ਿਵਜੀ ਤਾਂ ਹੀ ਸ੍ਰੇਸ਼ਟ ਹਨ ਜੇ ਨਾਮ ਰਤੇ ਬੀਚਾਰੀ ਬਣਨ, ਐਵੇਂ ਨਹੀਂ। ਇਹ ਅਰਥ (ਜੈਸਾ ਕਿ ਸ਼ਬਦਾਰਥੀਏ ਕਰਦੇ ਹਨ) ਬਿਲਕੁਲ ਗ਼ਲਤ ਅਤੇ ਗੁਰਮਤਿ ਪ੍ਰਤਿਕੂਲ ਹਨ ਕਿ—ਬ੍ਰਹਮਾ, ਬਿਸ਼ਨੂ ਅਤੇ ਸ਼ਿਵਜੀ ਇਸ ਲਈ ਉਤਮ ਹਨ ਕਿ ਉਹ ਨਾਮ ਨੂੰ ਵੀਚਾਰ ਕੇ ਉਸ ਵਿਚ ਰਤੇ ਹੋਏ ਹਨ। ਏਹ ਅਰਥ ਨਹੀਂ। 'ਵੀਚਾਰੀ' ਦੇ ਅਰਥ ਏਥੇ ਵੀਚਾਰ ਕੇ ਨਹੀਂ ਬਲਕਿ ਅਭਿਆਸੀ ਦੇ ਹਨ। ਨਾਮ ਦੇ ਅਭਿਆਸ ਦੁਆਰਾ ਹੀ ਨਾਮ ਵਿਚਿ ਰੱਤੀ ਦਾ ਹੈ। ਸ਼ੁਸ਼ਕ ਵੀਚਾਰ ਦੁਆਰਾ ਨਹੀਂ। ਬੇਦਾਂ ਦੇ ਮਤ ਵਾਲੇ ਏਹਨਾਂ ਤਿਹਾਂ ਦੇਵਤਿਆਂ ਨੂੰ ਨਾਮ ਦਾ ਮੁਸ਼ਕ ਮਾਤ੍ਰ ਭੀ ਨਹੀਂ। ਓਹ ਨਾਮ ਰਤੇ ਕਿਵੇਂ ਹੋ ਸਕਦੇ ਹਨ ? ਪਿਛਲੀ ਤੁਕ "ਨਾਮ ਬਿਨਾ ਨਹੀ ਛੂਟਸਿ

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਆਨਿ' ਹੈ। *—ਪ੍ਰਕਾਸ਼ਕ*

bsrstrust.org

ਨਾਨਕ ਸਾਚੀ ਤਰੁ ਤੂ ਤਾਰੀ॥" ਦਸਦੀ ਹੈ ਕਿ ਇਹ ਤ੍ਰੈਗੁਣੀ ਦੇਵ ਭੀ ਨਾਮ ਬਿਨਾਂ ਨਹੀਂ ਛੂਟਣਗੇ। ਇਸ ਲਈ ਨਾਮ ਦੀ ਤਾਰੀ ਲਾ ਕੇ ਹੀ ਤਰ ਸਕੀਦਾ ਹੈ, ਐਵੇਂ ਨਹੀਂ।

ਤਿਸੈ

ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ॥ *(ਪੰਨਾ ੧੦੧੬)*

ਇਸ ਪੰਗਤੀ ਅੰਦਰਿ 'ਤਿਸੈ' ਪਦ ਦੇ ਸੱਸੇ ਅੱਖਰ ਨੂੰ ਦੁਲਾਈਆਂ ਲਗੀਆਂ ਹੋਣ ਕਰਕੇ ਇਸ ਦੇ ਅਰਥ 'ਤ੍ਰਿਸ਼ਨਾ' ਦੇ ਹਨ। ਜੇ ਸੱਸੇ ਨੂੰ ਇਕ ਲਾਂਵ ਹੁੰਦੀ ਤਾਂ 'ਤਿਸੇ' ਦੇ ਅਰਥ ਤਿਸ ਸੱਚੇ ਵਾਹਿਗੁਰੂ ਦੇ ਅਰਥ ਹੁੰਦੇ।

ਬੇਦ ਕਰਹਿ ਉਚਾਰੁ

ਸਿਧ ਸਾਧਿਕ ਦੇਵ ਮੁਨਿ ਜਨ ਬੇਦ ਕਰਹਿ ਉਚਾਰੁ॥
ਸਿਮਰਿ ਸੁਆਮੀ ਸੁਖ ਸਹਜਿ ਭੁੰਚਹਿ ਨਹੀ ਅੰਤੁ ਪਾਰਾਵਾਰੁ॥ *(ਪੰਨਾ ੧੦੧੭)*

ਭਾਵ, ਸਿਧ ਸਾਧਿਕ ਦੇਵਤੇ ਰਿਸ਼ੀ ਮੁਨੀ ਆਦਿ ਵੇਦਾਂ ਦਾ ਹੀ ਉਚਾਰਨ ਕਰਦੇ ਰਹਿੰਦੇ ਹਨ। ਸੁਖ ਸਹਜ ਅਨੰਦ ਤਾਂ ਤਦੇ ਮਾਣ ਸਕਦੇ ਹਨ ਜੇ ਸੁਆਮੀ ਵਾਹਿਗੁਰੂ ਦਾ ਸਿਮਰਨ ਕਰਨ। ਵਾਹਿਗੁਰੂ ਨਾਮ ਸਿਮਰਨ ਦੁਆਰਾ ਜੋ ਸੁਖ ਸਹਿਜ ਆਨੰਦ ਪ੍ਰਾਪਤਿ ਹੁੰਦਾ ਹੈ ਤਿਸ ਦਾ ਅੰਤ ਪਾਰਾਵਾਰ ਹੀ ਨਹੀਂ। ਏਹਨਾਂ ਤੱਤ ਗੁਰਮਤਿ ਅਰਥਾਂ ਤੋਂ ਪ੍ਰਤਿਕੂਲ ਸ਼ਬਦਾਰਥੀਏ ਵੇਦ ਭਗਤੀ ਢੁਕਵਾਂ ਅਰਥ ਹੀ ਕਰਦੇ ਹਨ ਜੋ ਉੱਕਾ ਹੀ ਗੁਰਮਤਿ ਅਨਕੂਲ ਨਹੀਂ। ਓਹ ਇਉਂ ਅਰਥ ਕਰਦੇ ਹਨ—ਸਿਧੀ ਨੂੰ ਪਹੁੰਚੇ ਹੋਏ, ਸਾਧਨਾਂ ਕਰਨ ਵਾਲੇ ਦੇਵਤੇ ਤੇ ਮੁਨੀ ਲੋਗ ਜੋ ਵੇਦਾਂ ਦਾ ਉਚਾਰਨ ਕਰਦੇ ਹਨ ਓਹ ਹਰੀ ਮਾਲਕ ਨੂੰ ਸਿਮਰ ਕੇ ਪੂਰਨ ਸੁਖ ਵਿਚਿ ਮੌਜਾਂ ਮਾਣਦੇ ਹਨ। ਪਰ ਉਸ ਦਾ ਅੰਤ ਤੇ ਪਾਰਾਵਾਰ ਨਹੀਂ ਪਾ ਸਕਦੇ। ਵੇਦਾਂ ਦਾ ਉਚਾਰ ਤਾਂ ਮਹਿਜ਼ ਫੋਕਟ ਉਚਾਰ ਹੀ ਹੈ। ਓਥੇ ਸਿਮਰਨ ਹੈ ਹੀ ਨਹੀਂ। ਸਿਮਰਨ ਤਾਂ ਗੁਰੂ ਘਰ ਅੰਦਰਿ ਗੁਰਬਾਣੀ ਸ਼ਬਦ ਵਿਚਾਰ ਦੇ ਵਿਚਿ ਹੀ ਹੈ। ਜੋ ਗੁਰਮੁਖ ਜਨ ਵਾਹਿਗੁਰੂ ਨੂੰ ਸਿਮਰਦੇ ਹਨ ਓਹਨਾਂ ਨੂੰ ਹੀ ਸੁਖ ਸਹਿਜ ਆਨੰਦ ਦੀ ਪ੍ਰਾਪਤੀ ਹੁੰਦੀ ਹੈ, ਜਿਸ ਸੁਖ ਸਹਿਜ ਅਨੰਦ ਦਾ ਅੰਤ ਪਾਰਾਵਾਰ ਕੁਛ ਨਹੀਂ। ਗੁਰਬਾਣੀ ਦੀਆਂ ਪੰਗਤੀਆਂ ਦੀ ਬਣਤਰ ਦੇ ਐਨ ਅਨਕੂਲ ਅਸਲ ਅਰਥ ਪਹਿਲੇ ਹੀ ਹਨ। ਦੂਜੇ ਖਿਚਵੇਂ ਹਨ। ਗੁਰਬਾਣੀ ਦੀ ਬਣਤਰ ਦੇ ਪ੍ਰਤਿਕੂਲ ਹਨ। 'ਨਹੀ ਅੰਤੁ ਪਾਰਾਵਾਰੁ'—'ਪਰ ਉਸਦਾ ਅੰਤ ਨਹੀਂ ਪਾ ਸਕਦੇ' ਕਿਸ ਪਦ ਦੇ ਅਰਥ ਹਨ ? ਕਿਸੇ ਦੇ ਭੀ ਨਹੀਂ। ਮਨਘੜਵੇਂ ਹਨ।

ਚੰਚਲੁ ਚਿਤੁ, ਘਰ, ਘਰੁ

ਪੰਚ ਚੋਰ ਚੰਚਲ ਚਿਤੁ ਚਾਲਹਿ॥
ਪਰ ਘਰ ਜੋਹਹਿ ਘਰੁ ਨਹੀ ਭਾਲਹਿ॥ *(ਪੰਨਾ ੧੦੨੧)*

ਪੰਜਾਂ ਵਿਸ਼ਿਆਂ ਵਾਲੇ ਚੰਚਲ ਚਿਤੁ ਮੁਜੱਸਮ ਚੋਰ (ਮਾਇਆਵੀ ਲੋਗ) ਦਹਿਦਿਸ

bsrstrust.org

ਧਾਵੰਦੇ ਹਨ। ਪਰਾਏ ਘਰਾਂ ਨੂੰ ਜੋਹੰਦੇ ਹਨ। ਨਾਨਾ ਪ੍ਰਕਾਰੀ ਅਨ ਅਸਥਿਰ ਪਦਾਰਥਾਂ ਵਲ ਤ੍ਰਿਸ਼ਨਾਲੂ ਬਿਰਤੀ ਨੂੰ ਦੌੜਾਂਦੇ ਹਨ। ਅਸਥਿਰ ਰਹਿਣ ਵਾਲਾ ਘਰ ਨਹੀਂ ਲਭਦੇ। ਪਹਿਲੇ ਪਦ 'ਘਰ' ਦਾ ਮੁਕਤਾ ਰਾਰਾ ਬਾਹਲੇ ਘਰਾਂ ਦਾ ਵਾਚਕ ਹੈ (ਬਹੁ-ਵਚਨ ਹੋਣ ਕਰਕੇ), ਦੂਜੇ ਪਦ 'ਘਰੁ' ਦੇ ਰਾਰੇ ਅੱਖਰ ਨੂੰ ਔਂਕੜ ਹੈ। ਮੁਰਾਦ ਇਕੋ ਖ਼ਾਸ ਘਰ ਤੋਂ ਹੈ। ਜੋਹਣ ਅਤੇ ਡੋਲਣ ਭਾਲਣ ਵਾਲੇ ਕਾਮ ਕ੍ਰੋਧ ਆਦਿਕ ਪੰਜ ਵਿਕਾਰ ਨਹੀਂ, ਬਲਕਿ ਵਿਕਾਰਾਂ ਵਾਲੇ ਏਹਨਾਂ ਪੰਜ ਵਿਕਾਰਾਂ ਸੰਪੰਨ ਨਾਮ ਤੋਂ ਘੁਥੇ ਚੋਰ ਲੋਗ ਹਨ। ਤਾਂ ਤੇ 'ਪੰਚ ਚੋਰ ਚੰਚਲ ਚਿਤ ਚਾਲਹਿ' ਪੰਗਤੀ ਦੇ ਇਹ ਅਰਥ ਠੀਕ ਨਹੀਂ (ਜੈਸਾ ਕਿ ਸ਼ਬਦਾਰਥੀਏ ਗਿਆਨੀ ਕਰਦੇ ਹਨ) ਕਿ—ਕਾਮ ਆਦਿਕ ਚੋਰ ਚੰਚਲ ਚਿਤ ਨੂੰ ਡੁਲਾਂਦੇ ਹਨ। 'ਚਿਤੁ' ਪਦ ਦੇ ਤੱਤੇ ਅੱਖਰ ਨੂੰ ਔਂਕੜ ਹੈ ਇਸ ਕਰਕੇ ਇਸ ਦੇ ਅਗੇ ਸਬੰਧਕ ਪਦ (preposition) 'ਨੂੰ' ਲਗਿਆ ਨਹੀਂ। ਮਫ਼ਹੂਮ ਹੋ ਸਕਦਾ ਹੈ। ਜਿਥੇ (preposition) ਮਫ਼ਹੂਮ ਹੁੰਦਾ ਹੈ ਉਥੇ ਸਬੰਧਕੀ ਪਹਿਲੇ ਪਦ ਦੇ ਪਿਛਲੇ ਅੱਖਰ ਤੋਂ ਔਂਕੜ ਉੜ ਜਾਂਦਾ ਹੈ। ਤਾਂ ਤੇ ਚੰਚਲ ਚਿਤੁ ਪੁਰਖਾਂ ਤੈਂ ਮੁਰਾਦ ਹੈ। 'ਚੰਚਲ ਚਿਤੁ' ਇਥੇ ਇਹ ਸਾਰਾ ਜੁੜਤ ਪਦ (compound word) ਪੁਰਖ ਦਾ ਵਿਸ਼ੇਸ਼ਣ (adjective) ਹੈ ਭਾਵ ਚੰਚਲ ਚਿਤ ਵਾਲੇ ਤੋਂ ਹੈ।

ਸਾਚੀ ਬਾਣੀ

ਸਾਚੀ ਕੀਰਤਿ ਸਾਚੀ ਬਾਣੀ॥
ਹੋਰ ਨ ਦੀਸੈ ਬੇਦ ਪੁਰਾਣੀ॥
ਪੂੰਜੀ ਸਾਚੁ ਸਚੇ ਗੁਣ ਗਾਵਾ ਮੈ ਧਰ ਹੋਰ ਨ ਕਾਈ ਹੇ॥ *(ਪੰਨਾ ੧੦੨੨)*

ਵਾਹਿਗੁਰੂ ਦੀ ਸੱਚੀ ਸਿਫ਼ਤਿ-ਸਾਲਾਹ (ਕੀਰਤੀ) ਅਤੇ ਸੱਚੀ ਬਾਣੀ ਹੋਰ (ਕਿਤੇ) ਨਹੀਂ ਦਿਸਦੀ, ਬੇਦ ਪੁਰਾਣਾ ਅੰਦਰਿ। ਬਸ, ਮੈਂ ਗੁਰਬਾਣੀ ਰੂਪੀ ਸੱਚੀ ਪੂੰਜੀ ਨੂੰ ਲੈ ਕੇ ਹੀ ਸੱਚੇ ਗੁਣ ਗਾਈ ਜਾਵਾਂ। ਇਸ ਤੋਂ ਬਿਨਾਂ ਮੈਨੂੰ ਹੋਰ ਕੋਈ ਧਰਵਾਸ ਆਸਰਾ ਨਹੀਂ।

ਸ਼ਬਦਾਰਥੀਏ ਪਹਿਲੀ ਦੁਪੰਗਤੀ ਦਾ ਕੈਸਾ ਕੋਝਾ ਅਰਥ ਕਰਦੇ ਹਨ। ਉਹ ਇਉਂ ਅਰਥਾਉਂਦੇ ਹਨ ਪਹਿਲੀ ਦੁਪੰਗਤੀ ਨੂੰ—ਬੇਦ ਪੁਰਾਣਾ ਵਿਚਿ ਉਸ ਦੀ ਕੀਰਤੀ ਹੀ ਹੈ ਹੋਰ ਕੁਝ ਨਹੀਂ ਦਿਸਦਾ। 'ਹੋਰ' ਪਦ ਰਾਰੇ ਅੱਖਰ ਮੁਕਤੇ ਨਾਲ ਹੋਣ ਕਰਕੇ 'ਕੀਰਤਿ' ਅਤੇ 'ਬਾਣੀ' ਦੋਹਾਂ ਇਸਤ੍ਰੀ-ਲਿੰਗ ਨਾਵਾਂ (feminine gender nouns) ਦਾ ਵਿਸ਼ੇਸ਼ਣ ਹੈ। ਇਸਤ੍ਰੀ-ਲਿੰਗ ਵਿਸ਼ੇਸ਼ਣ ਕਰਕੇ 'ਹੋਰ' ਦਾ ਰਾਰਾ ਅੱਖਰ ਮੁਕਤਾ ਹੈ। ਜੇ 'ਹੋਰ ਕੁਛ ਨਹੀਂ ਦਿਸਦਾ' ਅਰਥ ਕੀਤੇ ਜਾਣ (ਜੈਸਾ ਕਿ ਸ਼ਬਦਾਰਥੀਆਂ ਨੇ ਕੀਤੇ ਹਨ) ਤਾਂ 'ਹੋਰ' ਪਦ ਦੇ ਰਾਰੇ ਅੱਖਰ ਨੂੰ ਔਂਕੜ ਲਗਣਾ ਚਾਹੀਦਾ ਹੈ। 'ਹੋਰ' ਦੇ ਥਾਉਂ 'ਹੋਰੁ' ਹੋਣਾ ਚਾਹੀਦਾ ਹੈ। ਜੋ ਹੈ ਨਹੀਂ। ਤਾਂ ਤੇ ਓਹਨਾਂ ਦੇ ਇਹ ਅਰਥ ਗ਼ਲਤ ਹਨ। ਏਹਨਾਂ ਸ਼ਬਦਾਰਥੀਆਂ ਗਿਆਨੀਆਂ ਨੂੰ ਇਹ ਵਿਦਤ ਹੋਣਾ ਚਾਹੀਦਾ ਹੈ ਕਿ ਬੇਦਾਂ ਪੁਰਾਣਾਂ ਅੰਦਰਿ ਤਾਂ ਨਿਰਾ ਹੋਰ ਹੀ ਹੋਰ ਭੁਸ ਭਰਿਆ ਪਿਆ ਹੈ। ਤੱਤ ਨਿਰੰਜਨ

bsrstrust.org

ਦੀ ਕੀਰਤੀ, ਸਿਫ਼ਤਿ-ਸਾਲਾਹ ਦੇ ਸੱਤ ਦਾ ਤਾਂ ਨਮੂਦ ਮਾਤਰ ਭੀ ਨਹੀਂ। ਜੇ ਕਿਤੇ ਹੈ ਐਵੇਂ ਟਾਂਵਾਂ ਟਾਵਾਂ ਟੂਕ ਮਾਤਰ ਹੀ ਉਹ ਭੀ ਸੁਣਿਆ ਸੁਣਾਇਆ। ਤਾਂ ਤੇ ਇਹ ਕਹਿਣਾ ਕਿ ਬੇਦਾਂ ਪੁਰਾਣਾਂ ਅੰਦਰ ਬਾਣੀ ਨਾਮ ਕੀਰਤੀ ਬਿਨਾਂ ਹੋਰ ਕੁਛ ਹੈ ਹੀ ਨਹੀਂ ਅਤਿਅੰਤ ਹੀ ਅਨੁਥਾ ਹੈ, ਅਨਅਰਥਕ ਹੈ, ਬਿਰਥਾ ਹੈ।

ਸ੍ਰਵਣ ਸ੍ਰੋਤ

ਸ੍ਰਵਣ ਸ੍ਰੋਤ ਰਜੇ ਗੁਰਬਾਣੀ... ॥ *(ਪੰਨਾ ੧੦੨੩)*

ਸ੍ਰੋਤ ਸੁਣਨ ਵਾਲੇ ਕੰਨ ਰੱਜ ਗਏ ਗੁਰਬਾਣੀ ਦੁਆਰਾ। ਸ਼ਬਦਾਰਥੀਏ ਮਹਾਂ ਗਿਆਨੀ ਪੁਰਸ਼ ਇਸ ਪੰਗਤੀ ਦਾ ਇਉਂ ਅਰਥ ਕਰਦੇ ਹਨ ਕਿ ਕੰਨ ਗੁਰਬਾਣੀ ਦੀ ਸ੍ਰੋਤ (ਧੁਨੀ) ਨਾਲਿ ਰੱਜ ਗਏ। ਇਹ ਅਰਥ, ਤਾਂ ਠੀਕ ਹੋ ਸਕਦੇ ਸਨ ਜੇਕਰਿ 'ਸ੍ਰੋਤ' ਪਦ ਦੇ ਤੱਤੇ ਅੱਖਰ ਨੂੰ ਭੀ ਸਿਹਾਰੀ ਲਗੀ ਹੁੰਦੀ। ਪਰ ਹੈ ਨਹੀਂ, ਤਾਂ ਸ੍ਰੋਤ (ਧੁਨੀ) 'ਨਾਲਿ' ਅਰਥ ਕਿਵੇਂ ਬਣ ਸਕਦੇ ਹਨ ?

ਮਰੁ

ਸਬਦਿ ਮਹੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ *(ਪੰਨਾ ੧੦੧੦)*

ਆਪਣਾ ਆਪ ਮਾਰਨਾ ਹੈ ਤਾਂ ਸ਼ਬਦ ਦੁਆਰਾ ਹੀ ਆਖਣਾ ਆਪ ਮਾਰ ਕੇ ਮਰ ਜਾ, ਕਿਉਂਕਿ ਸ਼ਬਦ ਦੁਆਰਾ ਹੀ ਆਪਣਾ ਆਪ ਮਰ ਸਕਦਾ ਹੈ, ਇਸ ਆਪਣਾ ਆਪ ਮਾਰਨ ਲਈ ਕਿਸੇ ਹੋਰ ਪਾਸ (ਡਿੰਭੀ ਗੁਰੂ ਪਾਸ) ਭੱਜ ਕੇ ਜਾਣ ਤੇ ਭੱਜੇ ਫਿਰਨ ਦੀ ਲੋੜ ਨਹੀਂ। ਗੁਰਸ਼ਬਦ ਨੂੰ ਛਡ ਕੇ ਆਪਣਾ ਆਪ ਮਾਰਨ ਲਈ ਦੇਹਧਾਰੀ ਗੁਰੂਆਂ ਡਿੰਭੀਆਂ ਪਾਸ ਭੱਜੇ ਫਿਰਨਾ ਬਿਰਥਾ ਹੈ। 'ਮਰੁ' ਪਦ ਏਥੇ ਹੁਕਮੀ ਕਿਰਿਆ (imperative mood) ਹੈ, ਨਾਂਵ ਨਹੀਂ, ਜੈਸਾ ਕਿ ਇਸ ਦਾ ਸ਼ਬਦਾਰਥੀ ਸਜਣ ਅਰਥ ਕਰਦੇ। ਕਿਸੇ ਰੌਸ ਵਿਚ ਭੀ, 'ਮਰੁ' ਦੇ ਅਰਥ ਮੌਤ ਨਹੀਂ। 'ਮਰੁ' ਗੁਰਬਾਣੀ ਅੰਦਰ ਕਿਰਿਆ ਵਾਚਕ ਆਉਂਦਾ ਹੈ 'ਮਰ ਜਾ' ਦੇ ਅਰਥਾਂ ਵਿਚ, ਏਹ ਹੁਕਮੀ ਕਿਰਿਆ ਹੈ।

ਗੁਰ ਪਹਿ ਮੁਕਤਿ ਦਾਨੁ ਦੇ ਭਾਣੈ ॥ *(ਪੰਨਾ ੧੦੨੬)*

ਗੁਰੂ ਪਾਸ ਮੁਕਤੀ ਹੈ ਪਰ ਇਹ ਮੁਕਤੀ ਗੁਰੂ ਆਪਣੇ ਭਾਣੇ ਅਨੁਸਾਰ ਦਿੰਦਾ ਹੈ (ਜਿਸ ਨੂੰ ਦੇਣੀ ਹੋਵੇ)। ਕਈ ਗਿਆਨੀ ਇਸ ਪੰਗਤੀ ਦਾ ਅਰਥ ਕਰ ਜਾਂਦੇ ਹਨ—ਗੁਰੂ ਦੇ ਪਾਸ ਮੁਕਤੀ ਦਾਨ ਦੇ ਭਾਣੇ ਹਨ। ਪਰ ਇਹ ਅਰਥ ਉੱਕਾ ਹੀ ਠੀਕ ਨਹੀਂ, ਕਿਉਂਕਿ 'ਦਾਨੁ' ਦੇ ਨੰਨੇ ਅੱਖਰ ਨੂੰ ਔਂਕੜ ਲਗਾ ਹੋਇਆ ਹੈ। ਇਸ ਕਰਕੇ ਇਸ ਦੇ ਅਗੇ ਸਬੰਧਕੀ ਪਦ (preposition) 'ਦੇ' ਨਹੀਂ ਲਗ ਸਕਦਾ। ਨਾਲੇ 'ਭਾਣੈ' ਦੇ ਣਾਣੇ ਅੱਖਰ ਨੂੰ ਦੁਲਾਈਆਂ ਹਨ ਜੋ 'ਦਾਨ ਦੇ ਭਾਣੇ' ਵਾਲਾ ਅਰਥ ਨਹੀਂ ਬਣਨ ਦਿੰਦੀਆਂ। ਦੂਜੀ ਲਾਂਵ 'ਅਨੁਸਾਰ' ਦਾ ਅਰਥ ਦਿੰਦੀ ਹੈ। 'ਭਾਣੇ ਅਨੁਸਾਰ ਦਾਨ ਦਿੰਦਾ ਹੈ', ਇਹੀ ਠੀਕ ਅਤੇ ਸ਼ੁਧ ਅਰਥ ਹਨ।

bsrstrust.org

ਜਿਨਿ

ਜਿਨ ਪਾਇਆ ਤਿਨ ਪੂਛਹੁ ਭਾਈ...॥ *(ਪੰਨਾ ੧੦੨੬)*

ਏਥੇ 'ਜਿਨ' ਪਦ ਦੇ ਨੰਨੇ ਅੱਖਰ ਨੂੰ ਸਿਹਾਰੀ ਲਗਣੀ ਚਾਹੀਦੀ ਹੈ, ਲਗਮਾਤ੍ਰਾਂ ਦੇ ਨਿਯਮਾਂ ਅਨੁਸਾਰ। ਕਈਆਂ ਬੀੜਾਂ ਪੋਥੀਆਂ ਵਿਚਿ ਨਹੀਂ ਲਗੀ ਹੈ।

ਗਹੀ

ਕੋਟ ਗਹੀ ਕੇ ਪਾਪ ਨਿਵਾਰੇ॥ *(ਪੰਨਾ ੧੦੫੧)*

ਦੇਹੀ ਰੂਪੀ ਕੋਟ (ਗੜ੍ਹ) ਦੀ ਪੜਛੱਤੀ (ਗਹੀ) ਉਤੇ ਜੋ ਪਾਪਾਂ ਦੇ ਪੜਛੇ ਪੈ ਕੇ ਜਮਾਂ ਹੋਏ ਸਨ ਓਹ ਸਾਰੇ ਪਾਪ ਨਿਵਾਰ ਦਿਤੇ ਗਏ (ਦੂਰ ਹੋ ਗਏ)। 'ਕੋਟ' ਦਾ ਟੈਂਕਾ ਇਸ ਕਰਕੇ ਮੁਕਤਾ ਹੈ ਕਿ ਇਸ ਦੇ ਪਿਛੇ ਸਬੰਧਕੀ ਪਦ 'ਦੀ' ਮਹਿਜ਼ੂਫ ਹੈ। 'ਕੋਟ ਦੀ ਗਹੀ' ਭਾਵ ਹੈ। ਨਹੀਂ ਤਾਂ ਗੜ੍ਹ ਦੇ ਅਰਥ ਵਿਚਿ 'ਕੋਟੁ' ਪਦ ਔਂਕੜ ਨਾਲ ਆਉਂਦਾ ਹੈ ਅਤੇ ਇਕ-ਵਚਨ ਨਾਂਵ (singular noun) ਹੈ। ਯਥਾ ਗੁਰਵਾਕ :

ਕਾਇਆ ਕੋਟੁ ਹੈ ਆਕਾਰਾ॥ *(ਪੰਨਾ ੧੦੫੯)*

ਤਥਾ— **ਕਾਇਆ ਕੰਚਨ ਕੋਟੁ ਅਪਾਰਾ॥** *(ਪੰਨਾ ੧੦੫੯)*

ਸਦਾ ਹਰਿ ਜੀਉ ਰਾਖੈ ਉਰਧਾਰੇ॥ *(ਪੰਨਾ ੧੦੫੧)*

ਵਾਹਿਗੁਰੂ ਨੂੰ ਸਦਾ ਹਿਰਦੇ ਵਿਖੇ ਧਾਰੀ ਰਖਿਆ। (ਵਾਹਿਗੁਰੂ ਨਾਮ ਦਾ ਸੁਆਸਿ ਸੁਆਸਿ ਹਿਰਦੇ ਅੰਦਰਿ ਅਭਿਆਸ ਜਾਰੀ ਰਖਿਆ।)

ਪਹਿਲੀ ਤੁਕ ਅੰਦਰਿ 'ਕੋਟ' ਪਦ ਟੈਂਕੇ ਮੁਕਤੇ ਨਾਲਿ ਹੈ ਉਸ ਦੇ ਅਰਥ ਗੜ੍ਹ (ਕਿਲ੍ਹੇ ਦੇ) ਹਨ। ਟੈਂਕੇ ਨੂੰ ਸਿਹਾਰੀ ਨਾਲਿ 'ਕੋਟਿ' ਪਦ ਦੇ ਅਰਥ ਕਰੋੜ ਦੇ ਹੁੰਦੇ ਹਨ। ਸਮੂਹ ਗੁਰਬਾਣੀ ਅੰਦਰਿ 'ਕੋਟਿ' ਪਦ ਟੈਂਕੇ ਸਿਹਾਰੀ ਨਾਲਿ 'ਕ੍ਰੋੜ' ਦੇ ਅਰਥਾਂ ਵਿਚਿ ਆਉਂਦਾ ਹੈ। ਲਗਮਾਤ੍ਰਾਂ ਦੇ ਨਿਯਮਾਂ ਤੋਂ ਅਗਿਆਤ ਅਸਾਡੇ ਕੋਸ਼ ਗਿਆਨੀ ਟਰੈਕਟ ਸੁਸਾਇਟੀਏ ਏਥੇ ਟੈਂਕੇ ਮੁਕਤੇ ਵਾਲੇ 'ਕੋਟ' ਪਦ ਦੇ ਅਰਥ ਭੀ ਕ੍ਰੋੜ ਦੇ ਲਾਉਂਦੇ ਹਨ ਜੋ ਉੱਕੇ ਹੀ ਅਨੁਚਿਤ ਹਨ। ਸਾਰੀ ਪੰਗਤੀ ਦਾ ਅਰਥ ਕਰਦੇ ਹਨ—ਕ੍ਰੋੜਾਂ ਹੀ ਮਨੁੱਖਾਂ ਦੇ ਪਾਪ ਨਿਵਾਰੇ। 'ਕੋਟ' ਪਦ ਟੈਂਕੇ ਮੁਕਤੇ ਨਾਲਿ ਏਥੇ ਨਾਂਵ (noun) ਹੈ, ਨਾ ਕਿ ਵਿਸ਼ੇਸ਼ਣ। ਟੈਂਕੇ ਸਿਹਾਰੀ ਨਾਲਿ 'ਕੋਟਿ' ਵਿਸ਼ੇਸ਼ਣ (adjective) ਹੈ। 'ਗਹੀ' ਪਦ ਏਥੇ ਕਿਰਿਆ ਬਣਤਰੀ ਨਾਂਵ ਨਹੀਂ (ਗਹਿ verb ਤੇ ਬਣਿਆ noun ਨਹੀਂ) 'ਗਹੀ' ਪਦ ਏਥੇ ਨਾਂਵ (noun) ਹੈ। ਠੇਠ ਪੰਜਾਬੀ ਪਿੰਡਾਂ ਦੀ—ਕੋਠੜੀ ਅੰਦਰਿ ਪੜਛੱਤੀ ਰਖੀ ਜਾਂਦੀ ਹੈ ਜਿਸ ਨੂੰ 'ਗਹੀ' ਕਹਿੰਦੇ ਹਨ। ਅਸਾਡੇ ਕੋਸ਼ ਇਲਮੀਏ ਗਿਆਨੀ ਤਾਂ ਉਹਨਾਂ ਅਰਥਾਂ ਨੂੰ ਸਹੀ ਰਖਦੇ ਹਨ, ਜਿਹਨਾਂ ਦਾ ਨਿਕਾਸ ਸੰਸਕ੍ਰਿਤ ਤੋਂ ਹੋਇਆ ਹੋਵੇ।

bsrstrust.org

ਏਕ ਨਾਮਿ

ਏਕ ਨਾਮਿ ਜੁਗ ਚਾਰਿ ਉਧਾਰੇ... ॥ *(ਪੰਨਾ ੧੦੫੫)*

ਕੇਵਲ ਇਕ ਨਾਮ ਨੇ ਹੀ ਚਾਰੇ ਜੁਗ ਉਧਾਰਨੇ ਹਨ। ਕੇਵਲ ਇਕ ਨਾਮ ਦੁਆਰਾ ਹੀ ਚੌਹਾਂ ਜੁਗਾਂ ਦਾ ਉਧਾਰ ਹੈ। ਹੋਰ ਕਿਸੇ ਤਰ੍ਹਾਂ ਨਹੀਂ। 'ਏਕ ਨਾਮਿ' ਤੋਂ ਭਾਵ ਕੇਵਲ 'ਇਕ ਨਾਮ' ਤੋਂ ਹੀ ਹੈ। 'ਇਕ ਦੇ ਨਾਮ' ਵਾਲੇ ਅਰਥ ਨਹੀਂ।

ਮਨ ਮੰਦਰ

ਇਸੁ ਮਨ ਮੰਦਰ ਮਹਿ ਮਨੂਆ ਧਾਵੈ ॥ *(ਪੰਨਾ ੧੦੬੦)*

ਇਸ ਮਨ ਦੇ ਨਿਜ ਰਚੇ ਮੰਦਰ ਵਿਚਿ ਇਹ ਮਨ ਚਾਰ ਚੁਫੇਰੇ ਨੱਸਦਾ ਭੱਜਦਾ ਹੀ ਫਿਰਦਾ ਹੈ। ਕਦੇ ਅਸਥਿਰ ਨਹੀਂ ਰਹਿੰਦਾ। ਕਲੰਦਰ ਵਾਂਗੂੰ ਨੱਚਦਾ ਹੀ ਰਹਿੰਦਾ ਹੈ। ਤਨ ਨੂੰ ਨਚਾਉਂਦਾ ਹੈ। ਯਥਾ :

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥ *(ਪੰਨਾ ੭੯੫)*

ਭਾਵ, ਤਨੁ ਰੂਪੀ ਮੰਦਰੁ ਹੈ; ਮਨੁ ਕਲੰਦਰੁ ਨਿਆਈਂ ਹੈ। ਇਸ ਮਨ ਰੂਪੀ ਕਲੰਦਰ ਨੂੰ ਤਨੁ ਰੂਪੀ ਮੰਦਰ ਵਿਚਿ ਅਸਥਿਰ ਰਖਣ ਲਈ ਮੈਂ ਹਿਰਦੇ ਰੂਪੀ ਤੀਰਥ ਵਿਚਿ ਹੀ ਇਸ਼ਨਾਨ ਕਰਦਾ ਹਾਂ। ਕਿਵੇਂ ?

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ... ॥ *(ਪੰਨਾ ੭੯੫)*

ਇਕ ਮਨ ਮਹਿ ਨਾਮ ਰੂਪੀ ਸਬਦ ਮੇਰੇ ਪ੍ਰਾਨਾਂ ਵਿਚਿ ਵਸਣ ਕਰਕੇ (ਅਤੁੱਟ ਨਾਮ ਅਭਿਆਸ ਕਮਾਈ ਦੁਆਰਾ) ਅੰਤਰਿ ਅਮਿਉ ਰਸ ਜੋਤਿ ਦਾ ਪ੍ਰਕਾਸ਼ ਹੋਣ ਕਰਿ ਮਨੁ ਰੂਪੀ ਮੰਦਰੁ ਜਗਮਗਾ ਉਠਿਆ ਹੈ। ਹੀਰੇ ਲਾਲ ਜੜੰਨਾ ਮੰਦਰੁ ਬਣ ਗਿਆ ਹੈ ਅਤੇ ਘਟ ਹਿਰਦਾ ਇਕ ਅਮਿਉ ਰਸ ਛਲਕਦਾ ਤੀਰਥ ਬਣ ਗਿਆ। ਇਸ ਤੀਰਥ ਵਿਖੇ ਡੁਬਕੀਆਂ ਚੁਭਕੀਆਂ ਲਾ ਕੇ ਇਸ਼ਨਾਨ ਹੁੰਦਾ ਹੈ।

ਅੰਮ੍ਰਿਤ ਰਸੁ

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥ *(ਪੰਨਾ ੧੦੬੯)*

ਸਤਿਗੁਰੂ ਨੇ ਅੰਮ੍ਰਿਤ ਰਸ (ਗੁਰ ਸਿਖਾਂ ਦੇ ਮੁਖ ਵਿਖੇ) ਚੁਆਇਆ ਜੋ (ਅੰਮ੍ਰਿਤ ਰਸ ਕਮਾਈ ਕਰਨ ਹਾਰੇ ਗੁਰ ਸਿਖਾਂ ਦੇ) ਦਸਮ ਦੁਆਰ ਵਿਖੇ (ਪਾਰਸ ਰਸਾਇਣ ਕਮਾਈ ਦੇ ਪਰਤਾਪ ਕਰਿ) ਠਾਠਾਂ ਮਾਰ ਕੇ ਆ ਨਮੂਦਾਰ ਹੋਇਆ। ਏਥੇ 'ਪਰਗਟੁ ਹੋਇ ਆਇਆ' ਦੂਜੀ ਪੰਗਤੀ ਵਿਚਿ ਅੰਕਰੀ ਕਿਰਿਆ (verb) ਦਾ ਕਰਤਾ ਪਹਿਲੀ ਪੰਗਤੀ ਵਿਚਿ ਆਇਆ 'ਅੰਮ੍ਰਿਤ ਰਸ' ਪਦ ਹੈ ਨਾ ਕਿ ਹਰੀ, ਜੈਸਾ ਕਿ ਸ਼ਬਦਾਰਥੀਏ

bsrstrust.org

ਅਰਥਾਉਂਦੇ ਹਨ। ਹਾਲਾਂ ਕਿ 'ਹਰੀ' ਪਦ ਦੋਹਾਂ ਪੰਗਤੀਆਂ ਵਿਚੋਂ ਕਿਸੇ ਭੀ ਪੰਗਤੀ ਵਿਚਿ ਨਹੀਂ ਆਇਆ ਹੈ। ਅੰਮ੍ਰਿਤ ਰਸੁ ਦਸਮ ਦੁਆਰ ਵਿਖੇ ਪਰਤੱਖ ਤੌਰ ਤੇ ਆ ਜ਼ਹੂਰ ਪਜ਼ੀਰ ਹੋਇਆ। ਸਤਿਗੁਰੂ ਦਾ ਸਰੂਪ ਪੰਜ ਪਿਆਰੇ ਅੰਮ੍ਰਿਤ ਸੰਚਾਰ ਸਮੇਂ ਜੋ ਖੰਡੇ ਦਾ ਅੰਮ੍ਰਿਤ ਰਸਾਇਣ ਰਸੀ ਅੰਮ੍ਰਿਤ ਜਗਿਆਸੂਆਂ 'ਦੇ' ਮੁਖ ਵਿਚਿ ਚੋਂਦੇ (ਛਕਾਉਂਦੇ) ਹਨ ਅਤੇ ਦਸਮ ਦੁਆਰ ਅਤੇ ਅੱਖੀਆਂ ਵਿਚ ਭੀ ਪਰਵੇਸ਼ ਕਰਦੇ (ਸਿੰਚਦੇ) ਹਨ। ਇਹ ਅੰਮ੍ਰਿਤ ਸੰਚਾਰੀ ਸੰਚਤ ਰਸੁ ਪੂਰਬਲੀ ਕਮਾਈ ਵਾਲੇ ਅਮਿਉਧਾਰੀ ਜਗਿਆਸੀ ਜਨਾਂ ਦੇ ਦਸਮ ਦੁਆਰ ਵਿਖੇ ਤਾਂ ਤੱਤਕਾਲ ਹੀ ਰਸ ਜੋਤਿ ਜਗੰਨਾ ਜੋਤਿ ਰਸ ਰਸੰਨਾ ਹੋ ਕੇ ਜ਼ਹੂਰ ਪਜ਼ੀਰ ਹੋ ਜਾਂਦਾ ਹੈ। ਹੋਰਤ ਜਗਿਆਸੂ ਜਨ ਜਦ ਪੰਜਾਂ ਪਿਆਰਿਆਂ ਦੁਆਰਾ ਗੁਰਦੀਖਤ ਸ਼ਬਦ ਅਭਿੰਆਸ ਅੰਮ੍ਰਿਤ ਨਾਮ ਦੀ ਕਮਾਈ ਕਰਦੇ ਹਨ ਤਾਂ ਇਸ ਪਾਰਸ ਰਸਾਇਣ ਕਮਾਈ ਦੇ ਪ੍ਰਭਾਵ ਕਰਿ ਉਕਤ ਸੁਧਾਰਸੀ ਗੁਪਤ ਸੰਚਰਿਆ (ਚੋਇਆ) ਅੰਮ੍ਰਿਤ ਰਸੁ ਪਰਫੁਲਤ ਹੋ ਕੇ ਦਸਮ ਦੁਆਰ ਵਿਖੇ ਠਾਠਾਂ ਮਾਰ ਉਠਦਾ ਹੈ। ਇਕਨਾਂ ਦੇ ਦਸਮ ਦੁਆਰ ਅੰਦਰਿ ਇਹ ਅੰਮ੍ਰਿਤ ਕਲਾ ਤੱਤਕਾਲ ਹੀ ਅੰਮ੍ਰਿਤ ਸੰਚਾਰ ਸਮੇਂ ਵਰਤ ਜਾਂਦੀ ਹੈ; ਇਕਨਾਂ ਦੇ ਕਮਾਈ ਕੀਤਿਆਂ ਤੋਂ। ਪਰ ਵਰਤਦੀ ਜ਼ਰੂਰ ਹੈ। ਅੰਮ੍ਰਿਤ ਛਕਾਉਣ (ਅੰਮ੍ਰਿਤ ਚੁਆਉਣ) ਦੀ ਰਸਮ ਏਸ ਕਰਕੇ ਤਾਂ ਗੋਝ ਕਲਾਧਾਰੀ ਗੁਰੂ ਘਰ ਵਿਖੇ ਅੰਮ੍ਰਿਤ ਸੰਚਾਰ ਕਹਾਉਂਦੀ ਹੈ। ਇਉਂ ਦਸਮ ਦੁਆਰੜੇ ਸੰਚਰ ਕੇ ਪ੍ਰਗਟਨੰਤਰ ਹੋਇਆ ਅੰਮ੍ਰਿਤ ਰਸੁ ਸੁਧਾਰਸੀ ਸੋਮਾ ਹੋਣ ਕਰਿ ਜੋਤਿ ਸਰੂਪੀ ਵਾਹਿਗੁਰੂ ਦਾ ਪਰਤੱਖ ਲਖਾਇਕ ਹੋ ਜਾਂਦਾ ਹੈ। ਪਰੰਤੂ ਇਸ ਦੁਪੰਗਤੀ ਅੰਦਰਿ 'ਪ੍ਰਗਟੁ ਹੋਇ ਆਇਆ' ਦਾ ਕਰਤਾ ਵਾਸਤਵ ਵਿਚਿ ਸਤਿਗੁਰੂ ਦਾ ਚੁਆਇਆ ਪਹਿਲੀ ਪੰਗਤੀ ਵਿਖੇ ਪਦ ਵਿਦਤਾਇਆ 'ਅੰਮ੍ਰਿਤ ਰਸ' ਹੀ ਹੈ।

ਸੇਵਾ ਸੁਰਤ ਸਮਾਈ

ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ॥ *(ਪੰਨਾ ੧੦੭੦)*

ਪਿਛਲੀਆਂ ਪੰਗਤੀਆਂ ਦੇ ਅਰਥ ਭਾਵ ਚਲਦੇ ਸਿਲਸਿਲੇ ਅਨੁਸਾਰ ਏਸ ਪੰਗਤੀ ਦਾ ਭਾਵ ਇਉਂ ਬਣਦਾ ਹੈ—ਨਾਮ ਜਾਪ ਰੂਪੀ (ਗੁਰੂ ਗੁਰੂ ਕਰਕੇ ਸਿਮਰਨ ਕਰਨ) ਸੇਵਾ ਅਤੁਟ ਅਭਿਆਸ ਕਮਾਈ ਦੇ ਪ੍ਰਭਾਵ ਕਰਿ ਤਤ ਜੋਤਿ ਸਰੂਪੀ ਆਤਮਾ ਨੂੰ ਚੀਨੀਦਾ (ਲਖੀਦਾ) ਹੈ; (realize ਕਰੀਦਾ ਹੈ) ਅਤੇ ਇਉਂ ਆਤਮ ਚੀਨ ਕੇ ਪਰਮ ਪਦ ਪਰਮਾਤਮ ਲਖਤਾ ਦਾ ਪਾਇਆ ਜਾਂਦਾ ਹੈ ਜਾਂ ਤੇ ਸਹਜ ਪਦ ਵਿਚਿ ਸੁਰਤੀ ਇਕ ਮਿਕ ਹੋ ਜਾਂਦੀ ਹੈ। ਤਾਂ ਤੇ ਅਭਿਆਸ ਕਮਾਈ ਰੂਪੀ ਕੀਤੀ ਸੇਵਾ ਸਹਜ ਅਵਸਥਾ ਲਖਾਵਨੀ ਸੁਰਤੀ ਵਿਚਿ ਜਾ ਸਮਾਉਂਦੀ ਹੈ। "ਸੇਵਾ ਸੁਰਤਿ ਸਮਾਈ ਹੇ" ਦੀ ਤਤ ਭਾਵ ਲਗਮਾਤ੍ਰੀ ਸਹੀ ਅਰਥ ਵਿਆਖਿਆ ਏਹੋ ਹੈ ਜੋ ਉਪਰ ਲਿਖੀ ਹੈ। ਸੇਵਾ ਵਿਚਿ ਸੁਰਤਿ ਦੇ ਸਮਾਵਨ ਦੇ ਅਰਥ ਬਣਦੇ ਨਹੀਂ ਕਿਉਂਕਿ ਸੇਵਾ ਅਗੇ ਕੋਈ ਲਗ (preposition) ਅਜੇਹੀ ਨਹੀਂ ਜੋ 'ਵਿਖੇ' ਦਾ ਅਰਥ ਅਰਥਾਵੇ।

bsrstrust.org

ਗੁਰਮੁਖਹੁ

ਗੁਰੁ ਮੁਖਹੁ ਅਲਾਏ ਤਾ ਸੋਭਾ ਪਾਏ ਤਿਸੁ ਜਮ ਕੈ ਪੰਥਿ ਨ ਪਾਇਣਾ॥

(ਪੰਨਾ ੧੦੭੮)

ਮੁਖ ਤੋਂ ਗੁਰੂ ਨੂੰ ਗੁਰੂ ਗੁਰੂ ਸ਼ਬਦੁ ਵਾਹਿਗੁਰੂ ਨੂੰ ਅਲਾਏ ਸੋ ਜਨ ਸੋਭਾ ਪਾਏ। ਤਿਸ ਜਨ ਨੂੰ ਵਾਹਿਗੁਰੂ ਜਮ ਦੇ ਪੰਥ ਨਹੀਂ ਪੈਣ ਦਿੰਦਾ। 'ਗੁਰੁਮੁਖਹੁ'—ਇਕੱਠਾ ਪਦ ਉਚਾਰਣਾ ਉਚਿਤ ਨਹੀਂ ਅਤੇ ਅਰਥ ਲਾਉਣੇ 'ਗੁਰੂ ਉਪਦੇਸ਼ ਦੁਆਰਾ'। ਤਾਂ ਫੇਰ 'ਅਲਾਏ' ਕਿਰਿਆ ਦਾ 'ਕਰਮ' ਮਫ਼ਊਲ ਕੀ ਹੋਇਆ। 'ਅਲਾਏ' ਤਾਂ ਕੀ ਅਲਾਏ ? ਅਲਾਉਣਾ ਤਾਂ ਗੁਰੂ ਗੁਰੂ ਹੈ। ਤਾਂ ਤੇ 'ਗੁਰ ਉਪਦੇਸ਼ ਦੁਆਰਾ' ਵਾਲੇ ਅਰਥ ਠੀਕ ਨਹੀਂ। ਜੇ ਅਰਥ ਲਾਵਹੁ (ਜੈਸਾ ਕਿ ਲਾਉਂਦੇ ਹਨ) ਕਿ 'ਗੁਰ ਉਪਦੇਸ਼ ਨੂੰ ਅਲਾਵੇ' ਤਾਂ 'ਮੁਖ' ਦੇ ਅਰਥ 'ਉਪਦੇਸ਼' ਕਿਵੇਂ ਬਣੇ ? ਹਾਹੇ ਨੂੰ ਔਂਕੜ ਹੋਣ ਕਰਿ 'ਨੂੰ' ਸਬੰਧਕ ਪਦ (preposition) ਕਿਵੇਂ ਅਗੇ ਲਗੇਗਾ ਅਤੇ 'ਨੂੰ' ਦੀ ਸੰਭਾਵਨਾ ਕਿਵੇਂ ਬਣੇਗੀ ? ਤਾਂ ਤੇ 'ਗੁਰੁ ਮੁਖਹੁ' ਦੋਨੋਂ ਅੱਡੋ ਅੱਡ ਉਚਾਰਨੇ ਹੀ ਸਹੀ ਪਾਠ ਹੈ।

ਅਉਰਤ

ਕਾਇਆ ਕਿਰਦਾਰ ਅਉਰਤ ਯਕੀਨਾ॥ *(ਪੰਨਾ ੧੦੮੪)*

ਇਕ ਔਰਤ (ਏਕਾ ਨਾਰੀ) ਤੇ ਈਮਾਨ (ਯਕੀਨ) ਰਖਿਆ ਤਾਂ ਸੁਭ ਅਮਲਾਂ (ਨੇਕ ਆਚਾਰ, ਸੁਚੇ ਚਾਲ ਚਲਨ) ਵਾਲੀ ਕਾਇਆਂ ਬਣਦੀ ਹੈ। 'ਏਕਾ ਨਾਰੀ ਜਤੀ ਹੋਇ' ਵਾਲਾ ਗੁਰਮਤਿ ਅਸੂਲ ਇਸ ਪੰਗਤੀ ਦੁਆਰਾ ਪ੍ਰਤਿਪਾਦਨ ਹੁੰਦਾ ਹੈ। 'ਅਉਰਤ' ਦਾ ਤੱਤਾ ਅੱਖਰ ਇਸ ਕਰਕੇ ਮੁਕਤਾ ਹੈ ਕਿ ਇਹ ਇਸਤ੍ਰੀ-ਲਿੰਗ ਪਦ ਹੈ।

ਹਕੀਨਾ

ਰੰਗ ਤਮਾਸੇ ਮਾਣਿ ਹਕੀਨਾ॥ *(ਪੰਨਾ ੧੦੮੪)*

ਇਹ ਰੱਬੀ (ਹਕੀਨਾ—ਹਕੀਕੀ) ਰੰਗ ਰਲੀਆਂ ਮਾਣਹੁ ਹੇ ਪਰਮਾਰਥੀ (ਰੱਬੀ) ਪੁਰਸ਼ (ਇਤ ਬਿਧਿ ਗੁਰਮਤਿ ਦੇ ਰਾਹ ਤੇ ਚਲ ਕੇ)। 'ਮਾਣਿ' ਪਦ ਣਾਣੇ ਸਿਹਾਰੀ ਨਾਲਿ ਸਨਮੁਖ ਸੰਬੋਧਨ ਕਿਰਿਆ ਇਕ-ਵਚਨ ਵਾਹਦ ਹਾਜ਼ਰ ਸੀਗ਼ਾ ਅਮਰ ਵਾਲਾ ਫੇਅਲ ਹੁਕਮੀ ਕਿਰਿਆ ਹੈ। ਇਹ ਸੀਗ਼ਾ ਅਮਰ ਵਾਲਾ (ਹੁਕਮੀ ਕਿਰਿਆ) ਪਦ ਹਮੇਸ਼ਾ ਹਰ ਥਾਉਂ ਗੁਰਬਾਣੀ ਅੰਦਰਿ ਣਾਣੇ ਸਿਹਾਰੀ ਨਾਲਿ ਹੀ ਆਉਂਦਾ ਹੈ। ਅਕਸਰ ਪਾਠੀ, ਅਖੰਡ ਪਾਠੀ ਅਗਲਾ ਹਾਹਾ ਇਸ ਨਾਲ ਮਿਲਾ ਕੇ 'ਮਾਣਿਹ' ਪਾਠ ਕਰਦੇ ਹਨ ਜੋ ਦਰੁਸਤ ਨਹੀਂ। ਜੇ ਦਰੁਸਤ ਪਾਠ ਹੁੰਦਾ ਤਾਂ ਣਾਣੇ ਦੇ ਥਾਉਂ ਹਾਹੇ ਨੂੰ ਸਿਹਾਰੀ ਆਉਂਦੀ ਅਤੇ 'ਮਾਣਹਿ' ਇਉਂ ਇਹ ਪਦ ਅੰਕਤ ਹੋਇਆ ਹੁੰਦਾ। ਪਰ ਹਾਹਾ ਅੱਖਰ ਮੁਕਤਾ ਹੈ। ਇਹ ਕਰਕੇ ਇਸ ਸੂਰਤ ਵਿਚਿ ਮਿਲਾ ਕੇ ਪਦ ਜੁੜਤ ਪੜ੍ਹਿਆ ਨਹੀਂ ਜਾ ਸਕਦਾ।

bsrstrust.org

ਨਾਲੇ ਇਸ ਹਾਹੇ ਅੱਖਰ ਨੂੰ ਨਖੇੜਿਆਂ 'ਕੀਨਾ' ਪਦ ਹੀ ਰਹਿ ਜਾਂਦਾ ਹੈ ਜਿਸਦੇ ਕੋਈ ਅਰਥ ਨਹੀਂ ਬਣਦੇ ਤੇ ਫਬਦੇ।

ਸਾਬਤ ਸੂਰਤ

ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ॥

(ਪੰਨਾ ੧੦੮੪)

ਸਾਬਤ ਸੂਰਤਿ ਰਖਣੀ (ਸਿਰ ਤੋਂ ਪੈਰਾਂ ਤਾਈਂ ਕਿਸੇ ਰੋਮ ਯਾ ਅੰਗ ਦਾ ਭੰਗ ਨ ਕਰਨਾ) ਸੀਸ ਤੇ ਦਸਤਾਰ ਰਖਣਾ ਕੇਸਾਂ ਨੂੰ ਕੱਜਣ ਲਈ (ਹਰੇਕ ਕੇਸਾਂ ਵਾਲਾ ਸੀਸ ਤੇ ਭਾਵੇਂ ਮਰਦ ਦਾ ਹੋਵੇ ਭਾਵੇਂ ਅਉਰਤ ਦਾ ਸੀਸ ਹੋਵੇ) ਇਹ ਸੱਚੀ ਹਾਜ਼ਰ ਹਜ਼ੂਰੀ ਹਦੀਸ ਹੈ (ਸੱਚੇ ਗੁਰਮਤਿ ਹਰਿਨਾਮੀਆਂ ਦੀ) ਇਉਂ ਨਾਪਾਕ ਮਨ ਨੂੰ ਪਾਕੁ ਕਰੋ ਹੇ ਪਰਮਾਰਥੀ ਜਗਿਆਸੂ ਜੋ ਸਾਬਤ ਸੂਰਤ ਨੂੰ ਭੰਨਦੇ ਹਨ, ਰੱਬ ਦੀ ਦਿਤੀ ਸੂਰਤਿ ਸਾਬਤ ਨਹੀਂ ਰਖਦੇ, ਭੰਨਦੇ ਤੋੜਦੇ ਤੁਛ ਮੁਛ ਕਰਦੇ ਹਨ ਓਹ ਬੇਈਮਾਨ ਹਨ। ਓਹਨਾਂ ਦਾ ਮਨ ਆਰਾਇਸ਼ ਪੈਰਾਇਸ਼ (ਸਜਾਵਟ) ਵਿਚਿ ਲਗਿਆ ਰਹਿਣ ਕਰਕੇ ਨਾਪਾਕ ਹੋ ਜਾਂਦਾ ਹੈ। ਪਾਕ ਨਹੀਂ ਰਹਿੰਦਾ। ਮੂੰਡਾ ਮੂੰਡ ਤੁੱਛ ਮੁੱਛੀ ਕਰਤੂਤ ਨਾਪਾਕ ਮਨ ਦੇ ਲੱਛਣ ਹਨ ਅਤੇ ਆਰਾਇਸ਼ ਪੈਰਾਇਸ਼ ਜ਼ੇਬਾਇਸ਼ ਭੀ ਸ਼ੁਹਦਿਆਂ ਦਾ ਕੰਮ ਹੈ। ਸਾਧਾਰਨ ਗੁਰਮੁਖ ਦੀ ਰਹਿਤ ਰਹਿਣੀ ਹੀ ਸਾਧਾਰਨ ਹੈ। ਗੁਰੂ ਘਰ ਦੇ ਗੁਰਮੁਖੀ ਜੀਵਨ ਵਾਲੇ ਨਰ ਨਾਰੀ ਫਰਦੇ-ਬਸ਼ਰ ਆਪਣੇ ਸਿਰ ਦੇ ਕੇਸਾਂ ਨੂੰ ਭੀ ਸ਼ਿੰਗਾਰਦੇ ਨਹੀਂ; ਜੈਸਾ ਕਿ ਹਿੰਦੂ ਮੁਸਲਮਾਨ ਮਰਦ ਤਾਂ ਪਟੇ ਬਣਾ ਕੇ ਪਟਿਆਂ ਨੂੰ ਦਿਖਾਉਣ ਲਈ ਉਪਰ ਟੋਪੀ ਰਖਦੇ ਹਨ, ਆਨਮਤੀ (ਕੀ ਮੁਸਲਮਾਨ ਕੀ ਹਿੰਦਵਾਇਣੀ) ਔਰਤਾਂ ਆਪਣੇ ਸਿਰ ਦੇ ਵਾਲਾਂ ਨੂੰ ਗੁੰਦ ਗੁੰਦ ਕੇ ਮਾਂਗ ਸੰਵਾਰੀ ਮੀਢੀਆਂ ਬਣਾ ਕੇ ਅਤੇ ਗੁੱਤਾਂ ਲਮਕਾ ਕੇ ਜਾਂ ਤਾਂ ਜ਼ਾਹਰੀ ਨੁਮਾਇਸ਼ ਲਈ ਸਿਰਾਂ ਨੂੰ ਨੰਗੇ ਰਖਦੀਆਂ ਹਨ ਜਾਂ ਫ਼ੈਸ਼ਨਦਾਰ ਜਾਲੀ ਦੀਆਂ ਚੁੰਨੀਆਂ ਸ਼ੀਗਾਰਦੀਆਂ ਹਨ। ਗੁਰਮੁਖ ਖ਼ਾਲਸਈ ਜ਼ਨਾਨੀਆਂ (ਸਿੰਘਣੀਆਂ ਭੁਝੰਗਣਾਂ) ਦਾ ਸੀਸ ਕਜਣੀ ਵੇਸ ਭੀ ਸਾਧਾਰਨ ਗੁਰਮੁਖਾਂ ਵਾਲਾ ਹੁੰਦਾ ਹੈ। ਕੇਸਾਂ ਤੇ ਦਸਤਾਰ ਸਜਾ ਕੇ ਰਖਦੀਆਂ ਹਨ। ਇਹ ਪੁਸ਼ਾਕਾ ਗੁਰਵਾਕ ਗੁਰਬਾਣੀ ਅੰਦਰਿ ਭੀ ਖ਼ਾਲਸਾ ਜੀ ਦਾ ਸਾਧਾਰਨ ਸਿਧ ਪੱਧਰੀ ਗੁਰਮੁਖੀ ਰਹਿਤ ਨੂੰ ਪ੍ਰਤਿ ਪਾਦਨ ਕਰਦਾ ਹੈ। ਰਹਿਤ ਰਹਿਣੀ ਰਖਣੀ ਹੀ ਸੱਚੀ ਹਦੀਸ ਹੈ ਜੋ ਕੁਦਰਤਿ ਕਾਨੂੰਨ ਅਨੁਸਾਰ ਕਰਤਾਰ ਕਰਤਾ ਪੁਰਖ ਵਲੋਂ ਵਿਦਤਾਈ ਗਈ ਹੈ। ਇਹ ਗੁਰੂ ਦਸਮੇਸ਼ ਦੀ ਦਿੜ੍ਹਾਈ ਹਜ਼ੂਰੀ ਹਦੀਸ (ਰਹਿਤ ਰਹਿਣੀ ਮਈ ਰਹਿਤਨਾਮੇ) ਦੀ ਪ੍ਰੋੜ੍ਹਤਾ ਹੈ। 'ਸੂਰਤਿ' ਇਸਤ੍ਰੀ-ਲਿੰਗ ਨਾਂਵ (noun feminine gender) ਹੈ ਜੋ ਤੱਤੇ ਸਿਹਾਰੀ ਨਾਲਿ ਹੀ ਗੁਰਬਾਣੀ ਵਿਚਿ ਆਉਂਦਾ ਹੈ। 'ਦਸਤਾਰ' ਰਾਰੇ ਮੁਕਤੇ ਨਾਲ ਹੀ ਇਸਤ੍ਰੀ-ਲਿੰਗ ਨਾਂਵ ਹੈ। 'ਸਿਰਾ' ਦੇ ਨਾਰੇ ਅੱਖਰ ਨੂੰ ਕੰਨਾ ਸਬੰਧਕੀ ਪਦ (preposition) 'ਉਤੇ' ਦੇ ਅਰਥ ਦਾ ਪ੍ਰਤਿਪਾਦਕ ਹੈ। 'ਸਿਰਾ'—ਸੀਸੁ ਉਤੇ।

bsrstrust.org

ਬਾਲਕਾ

ਪ੍ਰਭ ਭੀ ਸਰਣਿ ਗਹਤ ਸੁਖੁ ਪਾਈਐ ਕਿਛੁ ਭਉ ਨ ਵਿਆਪੈ ਬਾਲ ਕਾ॥

(ਪੰਨਾ ੧੦੮੪)

ਵਾਹਿਗੁਰੂ ਦੀ ਸਰਣ ਗਹਿੰਦਿਆਂ (ਪਕੜਿਆਂ) ਐਸਾ ਆਤਮਕ ਸੱਚਾ ਸੁਖ ਪ੍ਰਾਪਤਿ ਹੁੰਦਾ ਹੈ ਕਿ ਕਿਸੇ ਪ੍ਰਕਾਰ ਦਾ ਬਾਲ ਜਿੰਨਾ (ਮਾਸਾ ਭਰ) ਭੀ ਭਉ (ਡਰ) ਨਹੀਂ ਬਿਆਪਦਾ (ਵਾਹਿਗੁਰੂ ਦੀ ਸਰਣ ਗਹਿਣ ਹਾਰੇ ਨੂੰ) 'ਬਾਲ ਕਾ'—ਬਾਲ ਜਿਤਨਾ ਭੀ, ਰੰਚਕ, ਰਾਈ ਭਰ। ਏਥੇ 'ਬਾਲ' ਪਦ ਨਾਲਿ 'ਕਾ' ਪਦ ਅਰਥ ਰਖਦਾ ਹੈ ਮਾਤਰ, ਜਿਤਨਾ ਦਾ। ਮਾਇਆ ਇਸਤਰੀ ਵਾਲੇ ਅਰਥ ਐਵੇਂ ਖਿਚਵੇਂ ਹਨ।

ਵਖਾਣੀ, ਜੀਤੁ, ਪਰਹਰੀਐ, ਗਾਵਣਾ

ਸਾਸਤ ਸਿੰਮ੍ਰਿਤਿ ਬੇਦ ਵਖਾਣੀ॥
ਜਨਮੁ ਪਦਾਰਥੁ ਜੀਤੁ ਪਰਾਣੀ॥
ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ॥ *(ਪੰਨਾ ੧੦੮੬)*

ਭਾਵ ਅਰਥ—ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਰਸਨਾ ਕਰਕੇ ਹੇ ਗੁਰਮੁਖ ਜਨ (ਗੁਰਬਾਣੀ ਦੁਆਰਾ) ਵਾਹਿਗੁਰੂ ਨੂੰ ਗਾਵ ਸਿਮਰਿ। ਬਸ ਇਹੀ (ਗੁਰਬਾਣੀ ਗਾਵਨ, ਸਿਮਰਨ ਰੂਪੀ) ਸ਼ਾਸਤ੍ਰ, ਸਿਮ੍ਰਿਤਿ ਅਤੇ ਬੇਦ ਹਨ ਜੀਹਨਾਂ ਨੂੰ ਤੂੰ ਵਖਾਣੀ ਜਾਹ, ਵਖਾਣਦਾ ਹੀ ਰਹੁ। ਭਾਵ ਨਾਮ ਬਾਣੀ ਰੂਪੀ ਬੇਦ ਸ਼ਾਸਤ੍ਰ ਸਿਮ੍ਰਿਤੀਆਂ ਨੂੰ ਹੀ ਨਿਸ ਦਿਨ ਵਖਾਣ। ਇਸ ਤੋਂ ਭਿੰਨ ਹੋਰ ਕੋਈ ਸ਼ਾਸਤਰ ਸਿਮ੍ਰਿਤਿ ਬੇਦ ਨਹੀਂ। 'ਹਰਿ ਰਸਨਾ ਨਾਨਕ ਗਾਵਣਾ' ਹੀ 'ਸਾਸਤ ਸਿੰਮ੍ਰਿਤਿ ਬੇਦ' ਵਖਾਨਣਾ ਹੈ। ਬਸ ਵਖਾਣੀ ਚਲ ਹੇ ਪ੍ਰਾਣੀ। ਇਸ ਬਿਧਿ ਜਨਮ ਪਦਾਰਥ ਜੀਤ ਲੈ। ਕਾਮ ਕਰੋਧ ਨਿੰਦਾ ਪਰਹਰ ਕੇ, ਬਸ ਕੇਵਲ ਹਰਿ ਜਸ ਗਾਉ ਅਤੇ ਹਰਿ ਨਾਮ ਹੀ ਸਿਮਰਿ। ਵਖਾਣੀ, ਜੀਤੁ, ਪਰਹਰੀਐ, ਗਾਵਣਾ—ਏਹ ਸਾਰੇ ਪਦ ਹੁਕਮੀ ਕਿਰਿਆਵਾਂ ਹਨ। ਤਾਂ ਤੇ 'ਵਖਾਣੀ' ਦੇ ਅਰਥ 'ਵਖਾਣਦੇ ਹਨ' ਕਰਨਾ ਬਿਲਕੁਲ ਬੇਮਾਅਨੇ ਹੈ। ਸ਼ਬਦਾਰਥੀ ਸਜਣ ਅਰਥ ਕਰਦੇ ਹਨ ਪਹਿਲੀ ਪੰਗਤੀ ਦਾ ਕਿ—ਸ਼ਾਸਤ੍ਰ ਸਿਮ੍ਰਿਤਿ ਬੇਦ 'ਆਖਦੇ' ਹਨ। ਏਹ ਅਰਥ ਉੱਕੇ ਹੀ ਏਥੇ ਢੁਕਦੇ ਨਹੀਂ। ਨਿਰੇ ਹੀ ਮੁਗ਼ਾਲਤਾ-ਆਮੇਜ਼ ਹਨ ਅਤੇ ਗੁਰਮਤਿ ਵਿਆਕਰਣ ਦੇ ਵਿਰੁੱਧ ਹਨ।

ਗੁਣ

ਗੁਣ ਤੇ ਗੁਣੁ ਮਿਲਿ ਪਾਈਐ...॥ *(ਪੰਨਾ ੧੦੮੭)*

ਗੁਰ ਦੀਖਿਆ ਰੂਪੀ ਗੁਣ ਜਦੋਂ ਮਿਲਦਾ ਹੈ (ਸਤਿਗੁਰੂ ਦੁਆਰਿਓਂ ਹੀ ਮਿਲਦਾ ਹੈ)। ਉਸ ਗੁਣ ਤੋਂ ਗੁਰਮਤਿ ਗੁਣ ਪਾਈਦੇ ਹਨ (ਅਤੇ ਸੱਚਾ ਪਰਮਾਰਥ ਪ੍ਰਾਪਤਿ

bsrstrust.org

ਹੁੰਦਾ ਹੈ ਭਾਵ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ) ਅਤੇ ਗੁਰੂ ਕਰਤਾਰ ਦੇ ਸਰੂਪ ਵਿਚਿ ਸਮਾ ਜਾਈਦਾ ਹੈ—'ਸਤਿਗੁਰ ਮਾਹਿ ਸਮਾਇ'। ਜੋ ਇਹ ਅਰਥ ਕਰਦੇ ਹਨ 'ਗੁਣ ਵਾਲੇ ਨੂੰ ਮਿਲ ਕੇ ਗੁਣ ਮਿਲਦੇ ਹਨ' ਏਹ ਅਰਥ ਤਾਂ ਠੀਕ ਹੁੰਦੇ ਜੇ ਪਹਿਲੇ 'ਗੁਣ' ਪਦ ਦੇ ਣਾਣੇ ਅੱਖਰ ਨੂੰ ਬਿਹਾਰੀ ਹੁੰਦੀ ਜਾਂ ਸਿਹਾਰੀ ਹੁੰਦੀ। 'ਗੁਣੀ' ਜਾਂ 'ਗੁਣਿ' ਇਉਂ ਇਹ ਪਦ ਲਿਖਿਆ ਹੁੰਦਾ ਕਿਉਂਕਿ ਸਿਹਾਰੀ ਭੀ ਬਿਹਾਰੀ ਦਾ ਕੰਮ ਦੇ ਜਾਂਦੀ ਹੈ ਪਰ ਏਥੇ ਏਹਨਾਂ ਦੋਹਾਂ ਵਿਚੋਂ ਕੋਈ ਲਗਮਾਤ੍ਰ ਭੀ ਨਹੀਂ।

ਚਉਕੈ ਭਿਟੈ

ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨ ਕੋਇ॥ *(ਪੰਨਾ ੧੦੯੦)*

ਸਚਾ ਅਖਰੁ (ਵਾਹਿਗੁਰੂ ਨਾਮ) ਮਤੁ ਭੁਲ ਜਾਵੇ ਫੇਰ ਚਉਕੇ ਨੂੰ ਕੋਈ ਨਹੀਂ ਭਿਟ ਸਕਦਾ 'ਚਉਕੈ ਭਿਟੈ ਨ ਕੋਇ'। ਇਹ ਸੱਚਾ ਅੱਖਰ ਨਹੀਂ ਜੈਸਾ ਕਿ ਸ਼ਬਦਾਰਥੀਏ ਅਰਥਾਉਂਦੇ ਹਨ—ਇਹ ਸੱਚੀ ਗੱਲ ਨ ਭੁੱਲ ਜਾਵੇ ਕਿ ਚਉਕੇ ਵਿਚਿ ਕੁਛ ਨਹੀਂ ਭਿਟਦਾ। ਸੱਚਾ ਅੱਖਰ ਇਹ ਕੂੜਾਵੀ ਗੱਲ ਨਹੀਂ ਹੋ ਸਕਦੀ, ਚਉਂਕੇ ਭਿਟਣ ਯਾ ਨਾ ਭਿਟਣ ਵਾਲੀ। ਬਿਲਕੁਲ ਗ਼ਲਤ ਅਰਥ ਹਨ।

ਪ੍ਰੀਤਿ ਪਿਰਾਣਿ

ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰੁ ਮਾਣਿ॥ *(ਪੰਨਾ ੧੦੯੦)*

ਅਤ ਵਡਾ (ਮੋਟਉ) ਠਾਕੁਰੁ ਮਾਣਿ ਲੈਣਾ ਪੂਰਬਲੀ ਪਿਰ ਪ੍ਰੀਤਮੀ (ਪਿਰਾਣੀ) ਪ੍ਰੀਤੀ ਦਾ ਅੰਕੁਰ ਹੈ, ਜੋ ਜਾਗ ਉਠਿਆ ਹੈ (ਗੁਰ ਪ੍ਰਸਾਦਿ ਕਰਿ)। ਇਸ ਪ੍ਰੀਤਿ ਪਿਰਾਣੀ (ਪ੍ਰੀਤਮਾਣੀ) ਨੂੰ ਤੂੰ ਰਜਿ ਰਜਿ ਕੇ ਮਾਣਿ ਲੈ। 'ਲੈ' ਪਦ 'ਮਾਣਿ' ਵਾਲੀ ਪੰਗਤੀ ਨਾਲਿ ਉਠਾਉਣਾ ਹੈ, ਪਹਿਲੀ ਪੰਗਤੀ ਨਾਲਿ ਨਹੀਂ ਉਠਾਉਣਾ। 'ਪਿਰਾਣਿ ਲੈ' ਪਾਠ ਇਕੱਠਾ ਪੜ੍ਹਨਾ ਠੀਕ ਨਹੀਂ ਅਤੇ ਇਸਦੇ ਅਰਥ 'ਪਛਾਣ ਲੈ' ਕਰਨੇ ਮਨਘੜਤ ਅਰਥ ਹਨ, 'ਪ੍ਰੀਤਿ ਪਿਰਾਣਿ'—ਪ੍ਰੀਤਿ ਪਿਰਾਣੀ, ਪ੍ਰੀਤਮਾਣੀ ਪ੍ਰੀਤਿ।

ਮੇਲਣੁ

ਮਾਥੈ ਊਭੈ ਜਮੁ ਮਾਰਸੀ ਨਾਨਕ ਮੇਲਣੁ ਨਾਮਿ॥ *(ਪੰਨਾ ੧੦੯੦)*

ਮਥੇ ਪਰਣੇ (ਸਿਰ ਉਤੇ ਕਰਕੇ) ਸਿਰੋ ਸਿਰ ਕਰਕੇ ਜਮੁ ਮਾਰੇਗਾ ਨਾਮ ਵਿਹੂਣਿਆਂ ਨੂੰ। ਨਾਮ ਦੁਆਰਾ ਸੱਚਾ ਮਿਲਾਪ ਮੇਲਣ ਹੈ ਵਾਹਿਗੁਰੂ ਨਾਲਿ ਤਿਨ੍ਹਾਂ ਨੂੰ ਜਮ ਕੀ ਮਾਰ ਸਕਦਾ ਹੈ ਅਰਥਾਤ ਨਹੀਂ ਮਾਰੇਗਾ ਜਮ (ਏਹਨਾਂ ਨੂੰ)। 'ਜਮੁ' ਦੇ ਮੰਮੇ ਅੱਖਰ ਨੂੰ ਔਂਕੜ ਹੈ। ਇਸ ਕਰਕੇ 'ਜਮੁ' ਪਦ ਏਥੇ ਫਾਇਲ (ਕਰਤਾ) ਹੈ। ਮਫਊਲ (ਕਰਮ) ਨਹੀਂ। ਔਂਕੜ

bsrstrust.org

ਵਾਲੇ ਨਾਂਵ ਅਗੇ ਸਬੰਧਕੀ ਪਦ (preposition) ਨਹੀਂ ਲਗ ਸਕਦਾ, ਨਾ ਮਫ਼ਹੂਮ ਨਾ ਮਾਅਦੂਮ ਅਤੇ ਨਾ ਪ੍ਰਗਟੂਮ। ਸ਼ਬਦਾਰਥੀਏ ਜੋ ਇਉਂ ਅਰਥ ਕਰਦੇ ਹਨ—ਨਾਮ ਵਿਚਿ ਮਿਲਣ ਨਾਲਿ ਜਮ ਨੂੰ ਭੀ ਮੂੰਹ ਭਾਰ ਮਾਰੇਗਾ। ਏਹਨਾਂ ਅਰਥਾਂ ਵਿਚਿ 'ਜਮੁ' ਪਦ (ਕਰਮ) ਮਫਊਲ ਬਣਾਇਆ ਹੈ ਜੋ ਹੋ ਨਹੀਂ ਸਕਦਾ ਲਗਮਾਤ੍ਰੀ ਨਿਯਮਾਂ ਅਨੁਸਾਰ, ਕਿਉਂਕਿ 'ਜਮੁ' ਦੇ ਮੰਮੇ ਨੂੰ ਔਂਕੜ ਜੋ ਲਗਿਆ ਹੋਇਆ ਹੈ। ਨਾਹੀ ਇਸ ਦਾ ਕਰਤਾ ਫਾਇਲ ਕੋਈ ਬਣ ਸਕਦਾ ਹੈ। 'ਮਾਰਸੀ' ਪਦ ਕਿਰਿਆ ਦਾ ਫਾਇਲ (ਕਰਤਾ) ਕਉਣ ਰਹਿਸੀ। ਜਮ ਨੂੰ ਮਾਰੇਗਾ ਕਉਣ ? ਬਸ ਕੋਈ ਨਹੀਂ ਬਣ ਸਕਦਾ। ਤਾਂ ਤੇ ਏਹ ਅਰਥ ਹੀ ਅਧੂਰੇ ਰਹਿੰਦੇ ਹਨ। ਨਾਲੇ 'ਨਾਮ ਵਿਚ ਮਿਲਣ ਨਾਲ' ਸਹੀ ਅਰਥ ਤਦ ਹੁੰਦੇ ਜੇ 'ਮੇਲਣਿ' ਪਦ ਹੁੰਦਾ; ਣਾਣੇ ਨੂੰ ਔਂਕੜ ਦੇ ਥਾਉਂ ਸਿਹਾਰੀ ਹੁੰਦੀ। ਤਾਂ ਤੇ ਲਗਮਾਤ੍ਰੀ ਨਿਯਮਾਂ ਅਨੁਸਾਰ ਸ਼ਬਦਾਰਥੀਆਂ ਦੇ ਅਰਥ ਠੀਕ ਨਹੀਂ ਬਣਦੇ।

ਇਹ ਸ਼ਬਦਾਰਥੀ ਵਿਦਵਾਨ ਭੂਸ਼ਨ ਗੁਰਬਾਣੀ ਦੇ ਲਗਮਾਤ੍ਰੀ ਨਿਯਮਾਂ ਦੇ ਜਾਣੂ ਪਛਾਣੂ ਹੋ ਕੇ ਅਰਥ ਕਰਨ ਲਗਿਆਂ ਏਹਨਾਂ ਹੀ ਨਿਯਮਾਂ ਤੋਂ ਉਲਟ ਕਿਉਂ ਅਰਥ ਕਰ ਜਾਂਦੇ ਹਨ। ਇਸ ਦਾ ਕਾਰਨ ਇਹ ਹੈ ਕਿ ਏਹਨਾਂ ਨੇ ਆਪਣੀਆਂ ਸਮੁਚੀਆਂ ਸ਼ਬਦਾਰਥੀ ਪੋਥੀਆਂ ਦੇ ਚੌਹਾਂ ਹੀ ਹਿਸਿਆਂ ਵਿਚਿ ਅਰਥ ਕਰਨ ਲਗਿਆਂ ਟ੍ਰੈਕਟ ਸੁਸਾਇਟੀ ਦੇ ਕੋਸ਼ ਦੇ ਅਰਥਾਂ ਦੇ ਆਧਾਰ ਤੇ ਹੀ ਅਰਥ ਕੀਤੇ ਹਨ। ਇੰਨ ਬਿੰਨ ਓਥੇ ਕੋਸ਼ ਦੇ ਅਰਥਾਂ ਦੀ ਨਕਲ ਕਰੀ ਗਏ ਹਨ। ਨਕਲ ਕਰੀ ਜਾਂਦਿਆਂ ਏਹਨਾਂ ਨੂੰ ਖ਼ਿਆਲ ਨਹੀਂ ਰਹਿੰਦਾ ਆਪਣੀ ਮੰਨੀ ਪਰਮੰਨੀ ਖ਼ੁਦ ਅੰਕਤ ਕੀਤੀ ਨਿਯਮਾਵਲੀ ਦਾ। ਅੰਧਾ ਧੁੰਦ ਓਸੇ ਆਧਾਰ ਤੇ ਹੀ ਅਰਥ ਕਰੀ ਜਾਂਦੇ ਹਨ। ਏਹਨਾਂ ਦਾ ਉਕਤ ਕੋਸ਼ ਕਰਤੇ ਦੀ ਵਿਦਵਤਾ ਨੂੰ ਹੀ ਸ੍ਰੇਸ਼ਟ ਅਤੇ ਮੁੱਖ ਮੰਨਿਆ ਹੋਇਆ ਪਰਤੀਤ ਹੁੰਦਾ ਹੈ। ਜਿਸ ਟ੍ਰੈਕਟ ਸੁਸਾਇਟੀ ਦੇ ਪਰਕਾਸ਼ਤ ਕੀਤੇ ਮੁੱਢਲੇ ਟੀਕੇ ਸ੍ਰੀ ਜਪੁਜੀ ਸਾਹਿਬ ਦੀਆਂ ਪੰਜਾਂ ਪਉੜੀਆਂ ਦੇ ਮੂਲ ਬਾਣੀ ਦੇ ਉਤਾਰੇ ਉਕੇ ਹੀ ਲਗਾਂਮਾਤ੍ਰਾਂ ਰਹਿਤ ਹਨ। ਓਹਨਾਂ ਨੇ ਕੇਵਲ ਵਿਦਵਤਾ ਹੀ ਮੁਖ ਸਹੀ ਰਖੀ ਹੋਈ ਹੈ। ਹੋਰ ਕੁਝ ਨਹੀਂ ਸੁਝਦਾ। ਜੋ ਨਿਰੀ ਸ਼ਬਦਾਰਥੀਆਂ ਅੰਦਰ ਘਰ ਕਰ ਗਈ ਹੋਈ ਹੈ। ਜੈਸੇ ਕਿ ਅਗਲੇ ਸਲੋਕ ਅਰਥਾਂ ਵਿਚਿ ਭੀ ਨਕਲ ਦੀ ਮੱਖੀ ਨਾਲਿ ਮੱਖੀ ਮਾਰੀ ਹੋਈ ਹੈ। 'ਭੋਲਤਣਿ ਭੈ ਮਨਿ ਵਸੈ' ਵਾਲੇ ਸਾਰੇ ਸਲੋਕ ਵਿਚਿ ਭੀ।

ਬੀਜਉ, ਧੜੀਐ ਘਣੋ

ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ॥
ਨਾਨਕ ਨਾਮੁ ਸਮਾਲਿ ਤੂ ਬੀਜਉ ਅਵਰੁ ਨ ਕੋਇ॥ *(ਪੰਨਾ ੧੦੯੧)*

ਬੇਦਾਂ ਅੰਦਰ ਸੋ ਮੰਦਲ (ਢੋਲ) ਬੱਜਿਆ ਹੈ (ਪਰਚਾਰ ਰੂਪੀ ਢੋਲ ਬਜਾ ਹੈ) ਜੇਹੜੇ ਨਿਰੇ ਪੋਲੇ ਪਰਚਾਰ ਹਨ ਥੋਥੇ ਚਨੇ ਵਾਂਗੂੰ ਘਨੇ ਬੋਲਦੇ ਹਨ। ਨਾਨਾ ਪ੍ਰਕਾਰੀ ਫੋਕੇ ਵਿਸ਼ਿਆਂ ਤੇ ਧੜਾ ਧੜ ਪਰਚਾਰ ਕਰਦੇ ਹਨ। ਤਾਂ ਤੇ ਵੇਦਾਂ ਨੇ ਤਾਂ ਧੜਾ ਧੜ ਨਾਨਾ ਪ੍ਰਕਾਰੀ 'ਪੋਲੇ ਪੋਚਾਂ' ਰੂਪੀ ਪਰਚਾਰ ਦਾ ਢੋਲ ਕੁਟਿਆ ਹੈ। ਗੁਰੂ ਨਾਨਕ ਸਾਹਿਬ

bsrstrust.org

ਫ਼ੁਰਮਾਉਂਦੇ ਹਨ, ਕੇਵਲ ਨਾਮ ਗੁਰਮਤਿ ਨਾਮ ਦਾ ਸਿਮਰਨ ਸਮਾਲਨਾਂ ਹੀ ਉਚਿਤ ਹੈ, ਹੋਰ (ਬੀਜੋ) ਹੋਰ ਰਸਤਾ ਕੋਈ ਹੈ ਹੀ ਨਹੀਂ ਪਰਮਾਰਥ ਦੇ ਪੰਧ ਦਾ। ਸ਼ਬਦਾਰਥੀ ਸਜਣ ਇਸ਼ ਪੰਗਤੀ ਦਾ ਅਰਥ ਇਉਂ ਕਰਦੇ ਹਨ ਕਿ ਵੇਦਾਂ ਵਿਚਿ ਹੀ ਉਹ ਢੋਲ ਅਸਲ ਪ੍ਰਚਾਰ ਦਾ ਕੁਟਿਆ ਹੋਇਆ ਹੈ ਜੇਹੜਾ ਨਿਗਰ ਬੋਲ ਤੋਲ ਦੇ ਧੜੇ ਵਾਲਾ ਹੈ। ਪਰ ਇਸ ਪਹਿਲੀ ਪੰਗਤੀ ਦੇ ਇਸ ਪਰਕਾਰ ਕੀਤੇ ਅਰਥਾਂ ਨਾਲਿ ਦੂਜੀ ਪੰਗਤੀ ਦੇ ਭਾਵ ਅਰਥ ਟਾਕਰਾ ਨਹੀਂ ਖਾਂਦੇ ਹਨ, ਜਿਸ ਤੇ ਸਾਫ਼ ਸਿੱਧ ਹੁੰਦਾ ਹੈ ਕਿ ਪਰਮਾਰਥ ਦਾ ਇਕੋ ਇਕ ਸਿੱਧਾ ਗੁਰਮਤਿ ਮਾਰਗ ਨਾਮੁ ਹੈ ਜੋ ਕੇਵਲ ਗੁਰੂ ਨਾਨਕ ਨੇ ਹੀ ਗੁਰਬਾਣੀ ਦੁਆਰਾ ਦ੍ਰਿੜ੍ਹਾਇਆ ਹੈ। "ਬੀਜਉ ਅਵਰੁ ਨ ਕੋਇ" ਦੀ ਪੰਗਤੀ ਦਸਦੀ ਹੈ ਕਿ ਪਹਿਲੀ ਪੰਗਤੀ ਅੰਦਰਿ ਵੇਦਾਂ ਦੇ ਦਰਸਾਏ ਮਗ ਭਿੰਨ ਭਿੰਨ ਅਤੇ ਨਾਨਾ ਪਰਕਾਰੀ ਹਨ ਜੋ ਗ੍ਰਹਿਣ ਕਰਨ ਜੋਗ ਨਹੀਂ। 'ਧੜੀਐ' ਪਦ ਕਿਰਿਆ ਹੈ ਨਾ ਕਿ ਵਿਸ਼ੇਸ਼ਣ। 'ਘਣੋ' ਕਿਰਿਆ ਵਿਸ਼ੇਸ਼ਣ ਹੈ। ਏਹਨਾਂ ਦੋਹਾਂ ਤੁਕਾਂ ਅੰਦਰਿ ਬੇਦਾਂ ਦੀ ਨਿਖੇਧੀ ਹੈ ਨਾ ਕਿ ਵਿਧਾਨ।

ਸੋਹੰ ਹੰਸਾ ਜਾਪੁ

ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ॥ *(ਪੰਨਾ ੧੦੯੩)*

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਐਸਾ ਜਪੁ ਜਾਪਹੁ ਜਿਸ ਜਾਪ ਦੇ ਕਰਨੇ ਕਰਿ ਐਸੀ ਤ੍ਰਿਕਾਲ ਦ੍ਰਿਸ਼ਟਤਾ ਹੋਇ ਆਵੰਦੀ ਹੈ ਕਿ ਤਿੰਨੇ ਭਵਨਾਂ (ਸਾਰੀ ਰਚਨਾ) ਦਾ ਪ੍ਰਤੱਖ ਨਜ਼ਾਰਾ ਸਨਮੁਖ ਦ੍ਰਿਸ਼ਟੀ ਆਉਣ ਲਗ ਪੈਂਦਾ ਹੈ। ਅਸਲ ਸੋਹੰ ਹੰਸਾ ਗੁਰਮਤਿ ਨਾਮ ਦੇ ਜਾਪ ਤੋਂ ਹੀ ਪ੍ਰਗਟੀ ਆਉਂਦੀ ਹੈ। ਗੁਰਮਤਿ ਨਾਮ ਦਾ ਜਾਪੁ ਹੀ ਐਸਾ ਜਾਪ ਹੈ ਜਿਸ ਤੋਂ ਤ੍ਰੈਕਾਲ ਦ੍ਰਿਸ਼ਟੀ ਖੁਲ੍ਹਦੀ ਹੈ। ਐਸਾ ਜਪ ਜਾਪਹੁ। ਤਿਸੈ ਨੂੰ ਸੋਹੰ ਹੰਸਾ ਕਹਿਣਾ ਠੀਕ ਹੈ। ਗੁਰਮਤਿ ਨਾਮ ਦਾ ਜਾਪ ਹੀ ਐਸਾ ਹੈ ਜੋ ਤਿਰੈਭਵਣ ਦੀ ਤਰੈਕਾਲ ਦ੍ਰਿਸ਼ਟਤਾ ਕਰਾਵੰਦਾ ਹੈ। 'ਸੋਹੰ ਹੰਸਾ' ਪਦ ਵਾਲਾ ਜਾਪ ਗੁਰਮਤਿ ਦਾ ਜਾਪੁ ਨਹੀਂ। ਅਸਲ ਜਾਪ ਗੁਰਮਤਿ ਦੇ ਨਾਮ ਦਾ ਜਾਪ ਹੀ ਹੈ ਜਿਸ ਵਿਚਿ ਸਾਰਾ ਤ੍ਰਿਭਵਣ ਸਮਾਇ ਰਹਿਆ ਹੈ ਅਤੇ ਸੋਹੰ ਹੰਸਾ ਭੀ ਸਮਾਇ ਰਹਿਆ ਹੈ। ਜੋ ਗਿਆਨੀ ਇਸ ਤੁਕ ਦਾ ਅਰਥ ਇਉਂ ਕਰਦੇ ਹਨ—ਉਹ ਮੈਂ ਹਾਂ ਮੈਂ ਉਹ ਹੈ, ਐਸੇ ਅਰਥਾਂ ਵਾਲਾ ਜਾਪੁ ਜਪਹੁ! ਓਹ ਗੁਰਮਤਿ ਤੋਂ ਅਗਿਆਤ ਹਨ। ਗੁਰਮਤਿ ਅੰਦਰਿ 'ਓਅੰ ਸੋਹੰ' ਯਾ 'ਸੋਹੰ ਹੰਸਾ' ਦੇ ਅੱਖਰਾਂ ਵਾਲਾ ਜਾਪ ਹਰਗਿਜ਼ ਹਰਗਿਜ਼ ਪਰਵਾਣ ਨਹੀਂ। ਸਗੋਂ ਗੁਰਮਤਿ ਆਸ਼ੇ ਤੋਂ ਪ੍ਰਤਿਕੂਲ ਹੈ। ਤਾਂ ਤੇ ਓਹਨਾਂ ਦਾ ਐਸਾ ਅਰਥ ਕਰਨਾ ਹੀ ਅਨਰਥ ਹੈ। 'ਉਹ ਮੈਂ ਹਾਂ ਤੇ ਮੈਂ ਓਹੀ ਹਾਂ' ਵਾਲੇ ਅਰਥ ਜੇ ਪਰਵਾਨੀਕ ਹੁੰਦੇ ਤਾਂ ਸ੍ਰੀ ਗੁਰੂ ਪੰਚਮ ਪਾਤਸ਼ਾਹ ਕਾਹਨੇ ਭਗਤ ਦੇ ਇਸ ਆਸ਼ੇ ਵਾਲੇ ਉਚਾਰੇ ਟੱਪੇ ਦਾ ਕਿਉਂ ਨਿਖੇਧ ਕਰਦੇ ਜੈਸਾ ਕਿ ਉਸਨੇ ਇਉਂ ਟੱਪਾ ਉਚਾਰਿਆ ਸੀ—'ਓਹੀ ਰੇ ਮੈਂ ਓਹੀ ਰੇ'.....। ਤਾਂ ਤੇ ਸੋਹੰ ਹੰਸਾ ਗੁਰਮਤਿ ਦਾ ਜਾਪ ਨਹੀਂ। ਇਹ ਜਾਪ ਟੱਪਾ (ਜੋ ਅਹੰਬ੍ਰਹਮ ਅਸਮੀਏ ਵੇਦਾਂਤੀਆਂ ਦਾ ਹੈ) ਤਾਂ ਇਹ ਪ੍ਰਤਿਪਾਦਨ ਕਰਦਾ ਹੈ ਕਿ—ਉਹ ਮੈਂ ਹਾਂ ਤੇ ਮੈਂ ਓਹੀ

bsrstrust.org

ਹੈ। ਪਰੰਤੂ ਗੁਰਮਤਿ ਨਾਮ ਦਾ ਜਾਪ ਜਪਿਆਂ ਸਾਰੇ ਬ੍ਰਹਿਮੰਡਾਂ ਖੰਡਾਂ ਮੰਡਲਾਂ ਤਰਭਵਣੀ ਰਚਨਾ ਦੀ ਹੀ ਤਰੈਕਾਲ ਦਰਸਤਾ ਐਸੀ ਹੋਇ ਆਵੰਦੀ ਹੈ ਮਾਨੋ ਉਸ ਜਾਪ ਅੰਦਰਿ ਹੀ ਸਾਰੇ ਭਵਣ ਸਮਾਇ ਜਾਂਦੇ ਹਨ। ਕਿਥੇ ਇਹ ਜਾਪ ਗੁਰਮਤਿ ਨਾਮ ਦਾ ਅਤੇ ਕਿਥੇ 'ਓਹੀ ਰੇ ਮੈਂ ਓਹੀ ਰੇ' ਵਾਲਾ ਭਾਵ। ਸੋ ਗੁਰਮਤਿ ਨਾਮ ਦਾ ਜਾਪ ਹੀ ਅਸਲ ਸੋਹੰ ਹੰਸਾ ਜਾਪੁ ਹੈ ਜਿਸ ਦੁਆਰਾ ਕਿ ਸਰਬਾਤਮ ਪਰਮਾਤਮ ਦੀ ਆਤਮ ਕਲਾ ਰੂਹਾਨੀ ਆਇ ਪ੍ਰਕਾਸ਼ਤ ਅਤੇ ਪਰਵੇਸ਼ ਹੁੰਦੀ ਹੈ, ਗੁਰਮਤਿ ਨਾਮ ਦੇ ਅਜਪਾ ਜਾਪ ਕਰਨ ਹਾਰੇ ਅਭਿਆਸੀ ਜਨ ਦੇ ਰਿਦੰਤਰਿ। ਤਾਂ ਤੇ ਆਤਮ ਪਰਮਾਤਮੀ ਵਿਗਾਸ ਕਰਨਹਾਰਾ ਨਾਮ ਹੀ ਜਪਹੁ। ਸੋ ਗੁਰਮਤਿ ਨਾਮ ਦਾ ਜਾਪ ਹੀ ਹੈ ਨਾ ਕਿ 'ਸੋਹੰ ਹੰਸਾ' ਅੱਖਰਾਂ ਦੇ ਆਨਮਤੀ ਭਾਵ ਵਾਲਾ ਜਾਪ ਹੈ।

ਨਿਰਮਲ ਹੰਸਾ ਪ੍ਰੇਮ ਪਿਆਰਿ ॥
ਹਰਿ ਸਰਿ ਵਸੈ ਹਉਮੈ ਮਾਰਿ ॥ *(ਪੰਨਾ ੧੨੮)*

ਵਾਲਾ ਗੁਰਵਾਕ ਤਾਂ ਇਹ ਦਸਦਾ ਹੈ ਕਿ ਉਹ ਆਤਮਾ, ਆਤਮ ਜੀਵਨੀ ਹੰਸਲਾ ਹੀ ਨਿਰਮਲ ਹੈ ਜੋ ਪਰਮਾਰਥੀ ਪਰੇਮ ਵਿਚਿ ਤਦ ਰੂਪ ਹੁੰਦਾ ਹੋਇਆ ਪਰਮਾਤਮਾ ਰੂਪੀ ਵਸੀਅ੍ ਅਤੇ ਅਥਾਹ 'ਸਰੋਵਰ' ਵਿਚਿ ਵਸਦਾ ਹੈ। ਪਰ ਇਉਂ ਵਸਦਾ ਹੈ ਹਉਮੈ ਨੂੰ ਮਾਰ ਕੇ ਆਪਾ ਭਾਵ ਨੂੰ ਧੋ ਕੇ। ਪਰ ਜਿਥੇ 'ਉਹ ਮੈਂ ਹਾਂ ਤੇ ਮੈਂ ਉਹ ਹੈ' ਵਾਲਾ ਭਾਵ ਹੋਵੇ ਉਥੇ ਤਾਂ ਨਿਰੀ ਹਉਮੈ ਹੀ ਹਉਮੈ ਦੀ ਉਪਾਸ਼ਨਾ ਸਿਧ ਹੁੰਦੀ ਹੈ ਜੋ ਉੱਕੀ ਹੀ ਗੁਰਮਤਿ ਪ੍ਰਤਿਕੂਲ ਹੈ। ਗੁਰਮਤਿ ਅਨਸਾਰ "ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥'[1] ਵਾਲਾ ਜਾਪ ਅਭਿਆਸ ਹੀ ਪਰਵਾਨ ਅਤੇ ਪਰਧਾਨ ਹੈ ਨਾ ਕਿ 'ਮੈਂ ਮੈਂ ਕਰਨਾ ਯਾ ਹਉ ਹਉ ਕਰਨਾ', ਇਹ ਭਾਵ ਵਾਲਾ ਜਾਪੁ ਤਾਂ ਨਿਖੇਧਤ ਜਾਪੁ ਹੈ। "ਸੋਊ ਸੋਊ ਜਪਿ ਦਿਨ ਰਾਤੀ"[2] ਗੁਰਮਤਿ ਅਵਲੰਬੀਆਂ ਨੇ ਤਾਂ ਤਿਸ ਵਾਹਿਗੁਰੂ ਦੀ ਹੀ ਅਰਾਧਨਾ ਕਰਨੀ ਹੈ ਜਿਸ ਦੀ ਅਰਾਧਨਾ ਕਰਿ ਹਉਮੈ ਭਾਵ ਦਾ ਨਾਸ ਹੁੰਦਾ ਹੈ ਨਾ ਕਿ ਹਉਮੈ ਉਪਜਾਉਣ ਵਾਲੀ ਇਲਤ ਸਹੇੜਨੀ ਹੈ। ਤਾਂ ਤੇ ਆਤਮ ਪਰਮਾਤਮ ਵਿਗਾਸ ਵਾਲਾ ਜਾਪ ਹੀ ਗੁਰਮਤਿ ਦਾ ਤੱਤ ਅਭਿਪਰਾ ਹੈ। ਅਹੰ ਬ੍ਰਹਮ ਅਸਮੀ ਵਾਲਾ ਭਾਵ ਉੱਕਾ ਹੀ 'ਕਨਿਸ਼ਟ' ਹੈ।

ਰਾਸਿ, ਖਲਿਇ, ਜਾਣੈ, ਆਣੈ

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥ *(ਪੰਨਾ ੧੦੯੩)*

'ਰਾਸਿ' ਪਦ ਸੱਸੇ ਅੱਖਰ ਸਿਹਾਰੀ ਨਾਲਿ ਹੀ ਗੁਰਬਾਣੀ ਅੰਦਰਿ ਤਿੰਨਾਂ ਅਰਥਾਂ ਵਿਚਿ ਆਉਂਦਾ ਹੈ (੧) ਪੂੰਜੀ, (੨) ਰਾਸਤ, ਸਹੀ, ਦਰੁਸਤ, ਠੀਕ, (੩) ਰਾਸਿ ਲੀਲਾ।

---

੧. ਪੰਨਾ ੧੩੭੫.
੨. ਪੰਨਾ ੨੬੦.

bsrstrust.org

ਏਥੇ ਇਉਂ ਲਿਖੀ ਪੰਗਤੀ ਵਿਚਿ ਇਹ ਪਦ ਨੰਬਰ (੨) ਦੇ ਅਰਥਾਂ ਵਿਚਿ ਵਰਤਿਆ ਗਿਆ ਹੀ ਲਿਆ ਜਾਵੇਗਾ। 'ਆਣੈ' ਪਦ ਬਹੁਤੀਆਂ ਬੀੜਾਂ ਵਿਚ (ਲਗ ਭਗ ਸਾਰੀਆਂ ਪੁਰਾਤਨ ਬੀੜਾਂ ਵਿਚਿ ਭਾਵੇਂ ਲਿਖਤ ਦੀਆਂ ਹੋਣ ਭਾਵੇਂ ਛਾਪ ਦੀਆਂ) 'ਜਾਣੈ' ਹੀ ਅੰਕਤਿਆ ਹੋਇਆ ਹੈ। 'ਜਾਣੈ ਰਾਸਿ' ਦੀ ਹਾਲਤ ਵਿਚਿ 'ਰਾਸਿ' ਪਦ ਦੇ ਅਰਥ ਨੰਬਰ (੧) ਵਿਦਿਆ ਅਕਲੀ ਸਿਆਣਿਆਂ ਦੀ ਕਾਢ ਹੀ ਹੋਣੀ ਹੈ। ਹਰ ਸੂਰਤ ਵਿਚਿ ਅਨੇਕ ਬੀੜਾਂ ਵਿਚਿ ਇਕੋ ਪਾਠ ਹੀ ਹੋਣਾ ਚਾਹੀਦਾ ਹੈ। ਦੋ ਨਹੀਂ ਹੋਣੇ ਚਾਹੀਦੇ। ਇਕੋ ਪਹਿਲਾ ਪੁਰਾਤਨ ਪਾਠ ਹੀ ਸਿਧ ਅਤੇ ਸੁਧ ਰਹੇਗਾ। ਅਗਲੇ ਨਾਲ ਲਗਦੇ ਸਲੋਕ ਦੀ ਪਹਿਲੀ ਤੁਕ ਭੀ 'ਜਾਣੈ' ਦਾ ਪਾਠ ਅਤੇ 'ਜਾਣੈ ਰਾਸਿ' ਵਾਲੇ ਸੁਧ ਪਦ ਅਰਥਾਂ ਦੀ ਪ੍ਰੋੜ੍ਹਤਾ ਕਰਦੀ ਹੈ ਯਥਾ :

ਜਿਨਿ ਕੀਆ ਤਿਨਿ ਦੇਖਿਆ ਆਪੇ ਜਾਣੈ ਸੋਇ॥ *(ਪੰਨਾ ੧੦੯੩)*

"ਖਲਿਇ ਕੀਚੈ ਅਰਦਾਸਿ" ਏਥੇ 'ਖਲਿਇ' ਦੀ ਸਿਹਾਰੀ ਵਾਲੇ ਈੜੀ ਅੱਖਰ ਤੋਂ ਅਰਥ ਬੋਧ 'ਕਰਕੇ' ਦਾ ਹੁੰਦਾ ਹੈ—ਖਲੋਇਕੈ, ਖੜੇ ਹੋ ਕੇ। ਖਲਿਇ—ਖੜਿਕੈ, ਖਲੋ ਕਰਕੇ—'ਖਲਿ' ਦੇ ਲੱਲੇ ਅੱਖਰ ਨੂੰ ਸਿਹਾਰੀ ਭੀ ਅਨੂਠੀ ਹੀ ਲਗੀ ਹੋਈ ਹੈ ਅਤੇ ਅਨੂਠਾ ਅਰਥ ਹੋੜੇ ਦੇ ਥਾਉਂ ਸਾਰਦੀ ਹੈ।

ਦੰਮ

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ॥ *(ਪੰਨਾ ੧੦੯੩)*

ਏਥੇ 'ਦੰਮਾ ਦੰਮ' ਦੇ ਅਰਥ ਦਮ-ਬ-ਦਮ ਦੇ ਹੀ ਠੀਕ ਫਬਦੇ ਹਨ। ਮਾਇਆ ਹੀ ਮਾਇਆ ਦੇ ਢੁਕਦੇ ਨਹੀਂ। "ਟੁਕੁ ਦੰਮੁ[1] ਕਰਾਰੀ ਜਉ ਕਰਹੁ"[2] ਵਿਚਿ ਭੀ 'ਦੰਮੁ' ਦੇ ਦੱਦੇ ਅੱਖਰ ਨੂੰ ਟਿੱਪੀ ਹੈ। ਸੋਈ ਏਥੇ ਹੈ। ਮਾਇਆ ਦੇ ਅਰਥ ਵਿਚਿ 'ਦਮ' ਪਦ ਨੂੰ ਟਿੱਪੀ ਕਿਧਰੇ ਨਹੀਂ ਦੇਖੀ ਗਈ।

ਉਠੀ ਝਾਲੂ

ਉਠੀ ਝਾਲੂ ਕੰਤੜੇ ਹਉ ਪਸੀ ਤਉ ਦੀਦਾਰੁ॥ *(ਪੰਨਾ ੧੦੯੪)*

ਹੇ ਝਲਕਾਂ ਦੇਣ ਵਾਲੇ ਪ੍ਰਕਾਸ਼ ਰੂਪ ਕੰਤੜੇ (ਪਿਆਰੇ ਕੰਤ ਕਰਤਾਰ) ਤੂੰ ਅੰਦਰੋਂ (ਰਿਦੰਤਰੋਂ ਹੀ) ਝਲਕਾਂ ਮਾਰ ਕੇ ਉਠ ਖਲੋਈਂ (ਉਦੇ ਹੋਇ ਆਈਂ) ਜਾਂ ਤੇ ਮੈਂ ਤੇਰਾ ਝਲਕਾਲੂ ਦੀਦਾਰ (ਦਰਸ਼ਨ) ਪਰਤੱਖ (ਅੰਦਰਿ ਬਾਹਰਿ ਸਨਮੁਖ) ਦੇਖਾਂ। 'ਉਠੀ'—ਤੂੰ ਉੱਠੀਂ, ਨਾ ਕਿ ਮੈਂ ਉੱਠਾਂ (ਜੈਸਾ ਕਿ ਕੋਸ਼ਕੀਏ ਕਹਿੰਦੇ ਹਨ)। 'ਝਾਲੂ', ਏਥੇ ਵਿਸ਼ੇਸ਼ਣ

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਦਮੁ' ਹੈ। —ਪ੍ਰਕਾਸ਼ਕ

੨. ਤਿਲੰਗ ਬਾਣੀ ਭਗਤ ਕਬੀਰ ਜੀ, ਪੰਨਾ ੭੨੭.

bsrstrust.org

ਹੈ 'ਕੰਤੜੇ' (ਨਾਂਵ) ਦਾ, ਇਸ ਕਰਕੇ 'ਝਾਲੂ ਕੰਤੜੇ' ਇਕੱਠਾ ਹੀ ਪਾਠ ਲਵੋ—ਹੇ ਝਾਲੂ ਕੰਤੜੇ।

ਮੁਹੁ ਖੜਾ

ਨਾਨਕ ਬੈਠਾ ਭਖੇ ਵਾਉ ਲੰਮੇ ਸੇਵਹਿ ਦਰੁ ਖੜਾ॥
ਪਿਰੀਏ ਤੂ ਜਾਣੁ ਮਹਿਜਾ ਸਾਉ ਜੋਈ ਸਾਈ ਮੁਹੁ ਖੜਾ॥ *(ਪੰਨਾ ੧੦੯੫)*

ਏਥੇ ਪਹਿਲੀ ਪੰਗਤੀ ਵਿਚਿ ਲਗਾਂਮਾਤ੍ਰਾਂ ਦੇ ਲਗਣ ਦੀ ਕੁਛ ਗੜ ਬੜ ਹੈ। ਨਿਯਮਾਂ ਅਨੁਸਾਰ ਯਾ ਤਾਂ 'ਭਖੇ' ਦੇ ਥਾਉਂ ਭੀ 'ਭਖਹਿ' ਹੋਣਾ ਚਾਹੀਦਾ ਸੀ ਯਾ 'ਸੇਵਹਿ' ਦੇ ਥਾਉਂ 'ਸੇਵੇ' ਲੋੜੀਂਦਾ ਸੀ। ਕੀ ਜਾਣੀਏ (ਗੁਰੂ ਜਾਣੇ) ਕੁਝ ਹੋਰ ਗੋਹਝ ਨਿਯਮ ਹੀ ਹੋਵੇ। ਨਾਮ ਅਭਿਆਸ ਦੀ ਅਤੁੱਟ ਕਮਾਈ ਦਾ ਪਰੀਪਾਦਨ ਕੀਤਾ ਗਿਆ ਹੈ। ਗੁਰੂ ਨਾਨਕ ਦੇ ਘਰ ਦਾ ਗੁਰਮਤਿ ਜਗਿਆਸੂ ਪਿਰ ਦਰਸ਼ਨ ਢੂੰਡਾਊ ਹਰ ਸਮੇਂ ਨਾਮ ਅਭਿਆਸ ਵਿਚਿ ਜੁਟਿਆ ਰਹਿੰਦਾ ਦਰਸਾਇਆ ਹੈ। ਬੈਠਾ ਭੀ ਸੁਆਸ ਅਭਿਆਸੀ ਨਾਮ ਜਪੇ (ਭਖੇ ਵਾਉ), (ਥਕ ਜਾਵੇ ਤਾਂ) ਲੰਮਾ ਪੈ ਕੇ ਹੀ ਅਭਿਆਸ ਕਰੀ ਜਾਵੇ, ਨਹੀਂ ਖੜਾ (ਖੜੋ ਕੇ) ਸਿਮਰਨ ਕਰੀ ਹੀ ਜਾਵੇ। ਇਉਂ ਬੈਠਾ, ਪਿਆ ਅਤੇ ਖਲੋਤਾ ਸਿਮਰਨ ਸੇਵਾ ਦਾ ਪੁੰਜ ਦਰ ਦਰਬਾਨੀ ਸੇਵਕ ਹੀ ਬਣਿਆ ਰਹੇ। ਸਿਮਰਨ ਵਿਚਿ ਹਰ ਦੰਮ ਸਾਵਧਾਨ ਰਹੇ। ਇਸ ਬਿਧੀ ਸਾਵਧਾਨ ਹੋਣ ਦਾ ਸਿਮਰਨ ਲਈ ਹਰ ਸਮੇਂ ਕਮਰ ਕਸੇ ਕਰੀ ਰਖਣ ਦਾ ਪਰਯੋਜਨ ਉਹ ਇਹੀ ਦਰਸਾਉਂਦਾ ਹੈ ਕਿ ਮੈਂ ਸਾਈਂ (ਸਾਹਿਬ ਪ੍ਰੀਤਮ) ਦੇ ਦਰਸ਼ਨ ਦਾ ਜੋਇੰਦਾ (ਢੂੰਡਾਊ) ਹੀ ਬਣਿਆ ਰਹਾਂ। ਇਹ ਸਭ ਤਰਲੇ ਉਦਮ ਸਾਵਧਾਨ ਸਿਮਰਨ ਦੇ ਪਰੀਤਮ ਦੇ ਦਰਸ਼ਨ ਕਾਰਨ ਬਣੇ ਹੀ ਰਹਿਣ। ਭਾਵੇਂ ਇਕ ਵਾਰ ਦਰਸ਼ਨ ਝਲਕਾ ਹੋਇ ਭੀ ਜਾਵੇ ਫੇਰ ਭੀ ਸਿਮਰਨ ਦੀ ਇਹ ਅਤੁੱਟ ਕਮਾਈ ਨਾ ਤੁੱਟੇ। ਦਰਸ਼ਨਾਂ ਦੀ ਅਮਿਤਤਾਈ ਭੀ ਅਮੁੱਕ ਹੈ, ਪਰੇ ਤੋਂ ਪਰੇ ਹੈ, ਤਿਵੇਂ ਅਭਿਆਸ ਕਮਾਈ ਭੀ ਅਤੁੱਟ ਹੈ। 'ਭਖੇ ਵਾਉ'—ਹਵਾ ਫੱਕੇ ਸੁਆਸ ਅਭਿਆਸੀ ਪਵਨ ਉਤਰਾਉ ਚੜ੍ਹਾਉ ਦਾ ਦੌਰਾ ਜਾਰੀ ਰਖ ਕੇ। 'ਲੰਮੇ ਸੇਵਹਿ ਦਰੁ ਖੜਾ'—ਦਰੁ ਸੇਵੇ ਲੰਮਾ ਪਿਆ ਭੀ ਤੇ ਖੜੋਤਾ ਭੀ। 'ਸੇਵਹਿ (ਯਾ ਸੇਵੇ)' ਪਦ ਏਥੇ ਦੇਹੁਰੀ ਦੀਪਕ ਹੈ, ਦੋਹੀਂ ਪਾਸੀਂ ਅਰਥ ਚਾਨਣਾ ਪਾਉਂਦਾ ਹੈ। 'ਪਿਰੀਏ ਤੂ ਜਾਣੁ ਮਹਿਜਾ ਸਾਉ ਜੋਈ ਸਾਈ ਮੁਹੁ ਖੜਾ'—ਹੇ ਪਿਰੀ ਪ੍ਰੀਤਮ ਸਾਈਂ ਤੂੰ ਮੇਰਾ ਇਹੀ ਮੁਖ ਪਰਯੋਜਨ (ਸਾਉ) ਜਾਣ (ਇਤ ਬਿਧਿ ਤੱਤਪਰ ਹੋ ਕੇ ਸਿਮਰਨ ਵਿਚਿ ਜੁਟਣ ਦਾ) ਕਿ ਮੈਂ (ਮੁਹੁ) ਖੜਾ ਤੈਨੂੰ ਹੀ ਤੱਕਾਂ (ਤੇਰਾ ਦੀਦਾਰ ਹੀ ਤੱਕਾਂ)। ਕਈ ਗਿਆਨੀ ਪਾਠੀ 'ਮੁਹੁਖੜਾ' ਪਾਠ ਇਕੱਠਾ ਹੀ ਉਠਾਉਂਦੇ ਹਨ ਅਤੇ ਇਸ ਇਕੱਠੇ ਪਾਠ ਦਾ ਭਾਵ 'ਮੁਖੜਾ' ਲੈਂਦੇ ਹਨ। 'ਜੋਈ ਸਾਈ ਮੁਹੁ ਖੜਾ' ਭੀ ਪਾਠ ਕਰਦੇ ਹਨ। ਭਾਵ ਸਾਈਂ ਦਾ ਮੂੰਹ (ਮੁਖ) ਖੜਾ ਮੈਂ ਦੇਖਾਂ। 'ਜੋਈ'—ਮੈਂ ਦੇਖਾਂ, ਮੈਂ ਦਾ ਭਾਵ ਅਰਥ ਤਾਂ ਓਹ ਕਹਿੰਦੇ ਹਨ 'ਜੋਈ' ਪਦ ਵਿਚਿ ਆ ਜਾਂਦਾ ਹੈ। ਇਸ ਕਰਕੇ 'ਮੁਹੁ' ਦਾ ਅਰਥ ਦੋਬਾਰੇ 'ਮੈਂ' ਦੇ ਲਾਉਣ ਦੀ

bsrstrust.org

ਕੀ ਲੋੜ ਹੈ ? ਇਉਂ ਤਾਂ ਦੋਬਾਰਾ ਕਈ ਵਾਰ ਜ਼ੋਰ (ਫੋਰਸ, force) ਦੇਣ ਦੀ ਖ਼ਾਤਰ ਆ ਜਾਇਆ ਕਰਦਾ ਹੈ। ਪਰ ਇਹ ਗੱਲ ਸੱਚ ਹੈ ਕਿ ਗੁਰਬਾਣੀ ਅੰਦਰਿ 'ਮੁਹੁ' ਪਦ ਮੰਮੇ ਔਂਕੜ ਤੇ ਹਾਹੇ ਔਂਕੜ ਨਾਲਿ 'ਮੈਂ' ਦੇ ਅਰਥਾਂ ਵਿਚਿ ਹੋਰ ਕਿਤੇ ਆਇਆ ਨਹੀਂ ਦੇਖਿਆ। 'ਮੋਹਿ' ਆਉਂਦਾ ਹੈ ਜੈਸੇ—"ਮੋਹਿ ਨਿਰਗੁਣ ਅਨਾਥੁ ਸਰਣੀ ਆਇਆ॥"[1] ਤਥਾ—"ਮੋਹਿ ਮਛੁਲੀ ਤੁਮ ਨੀਰ॥"[2] ਤਥਾ—"ਮੋਹਿ ਅਨਾਥ ਪ੍ਰਿਆ ਨਾਥ॥"[2] ਪੁਨਾ—"ਮੋਹਿ ਆਤੁਰ ਤੇਰੀ ਗਤਿ ਨਹੀ ਜਾਨੀ॥"[3] ਪੁਨਾ—"ਮੇਰਾ ਠਾਕੁਰੁ ਅਤਿ ਭਾਰਾ॥ ਮੋਹਿ ਸੇਵਕੁ ਬੇਚਾਰਾ॥"[4] ਪੁਨਾ—"ਮੋਹਿ ਦੀਨ ਹਰਿ ਹਰਿ ਦਰਿ ਪਰਿਆ॥"[5] ਫੇਰ "ਮੋਹਿ ਦੀਨ ਹਰਿ ਹਰਿ ਹਰਿ ਧਿਆਇਆ।"[6] ਆਦਿ ਬੇਅੰਤ ਗੁਰ ਪਰਮਾਣ ਹਨ। ਏਹਨਾਂ ਅੰਦਰਿ 'ਮੋਹਿ' ਪਦ 'ਮੈਂ' ਦੇ ਅਰਥਾਂ ਵਿਚਿ ਆਉਂਦਾ ਹੈ ਪ੍ਰੰਤੂ 'ਮੁਹੁ' ਪਦ ਮੰਮੇ ਅਤੇ ਹਾਹੇ ਦੁਹਾਂ ਨੂੰ ਔਂਕੜ ਨਾਲਿ ਕਦੇ ਨਹੀਂ ਦੇਖਿਆ ਕਿ ਗੁਰਬਾਣੀ ਅੰਦਰਿ ਮੈਂ ਦੇ ਅਰਥਾਂ ਵਿਚਿ ਆਇਆ ਹੋਵੇ। ਦੂਜੇ ਪਾਸੇ 'ਮੁਹੁ' ਮੰਮੇ ਹਾਹੇ ਅੱਖਰਾਂ ਨੂੰ ਔਂਕੜ ਨਾਲਿ ਮੂੰਹ ਦੇ ਅਰਥਾਂ ਵਿਚਿ ਨਾ ਗੁਰਬਾਣੀ ਅੰਦਰਿ ਆਇਆ ਹੈ। ਤਾਂ ਤੇ 'ਜੋਈ ਸਾਈ ਮੁਹੁ ਖੜਾ' ਦੇ ਅਰਥ—ਮੈਂ ਜੋਵਾਂ (ਨਿਹਾਰਾਂ) ਸਾਂਈ ਦਾ ਮੂੰਹ (ਦਿਦਾਰਾ) ਖੜੋਤਾ ਹੋਇਆ (ਮੁੰਤਜ਼ਿਰ) ਆਸ ਉਡੀਣਾ ਖਲੋਤਾ ਹੋਇਆ ਮੂੰਹ ਤੱਕਣ ਨੂੰ। ਪ੍ਰੰਤੂ 'ਮੁਹੁਖੜਾ' ਇਕੱਠਾ ਪਾਠ 'ਮੁਖੜੇ' ਦੇ ਅਰਥਾਂ ਵਿਚਿ ਤਾਂ ਕਿਤੇ ਪਾਇਆ ਹੀ ਨਹੀਂ ਜਾਂਦਾ ਤੇ ਨਾਹੀ ਜੁੜਦਾ ਹੈ। 'ਮੁਖੜਾ' ਤਾਂ ਬਣ ਫਬ ਜਾਂਦਾ ਮੰਮੇ ਔਂਕੜ ਵਾਲੇ ਤੇ ਅਧਿਕ ਨਾਲਿ। ਪਰ ਵਿਚਾਲੇ 'ਹੁ' ਹਾਹੇ ਔਂਕੜ ਨਾਲਿ ਜੋ ਪਿਆ ਹੈ। ਇਹ ਐਵੇਂ ਫ਼ਾਲਤੂ ਅੱਖਰ ਨਹੀਂ ਕਦੇ ਛਪ ਸਕਦਾ ਜਾਂ ਲਿਖਿਆ ਜਾ ਸਕਦਾ। ਸ਼ਾਇਦ 'ਮੁਹੁਖੜਾ' ਇਕੱਠਾ ਪਾਠ ਬਣਾਉਣ ਵਾਲਿਆਂ ਨੇ ਤਾਂ ਬਣਾ ਲਿਆ ਹੈ ਕਿ 'ਖੜਾ' ਪਦ ਪਾਠ ਪਹਿਲੀ ਪੰਗਤੀ ਵਿਚਿ ਇਕ ਵਾਰ ਆ ਜੋ ਜਾਂਦਾ ਹੈ। ਇਸ ਕਰਕੇ ਦੂਜੀ ਵਾਰ ਲਿਆਉਣ ਦੀ ਓਹਨਾਂ ਨੂੰ ਜ਼ਰੂਰਤ ਨਹੀਂ ਭਾਸੀ। ਤਾਂਹੀ ਤੇ ਓਹਨਾਂ ਨੇ 'ਮੁਹੁਖੜਾ' ਨਿਖੇੜ ਕੇ ਨਹੀਂ ਉਠਾਇਆ, ਜੁੜਵਾਂ ਹੀ ਪਾਠ ਲਿਖ ਦਿਤਾ ਹੈ। ਨਿਖੜਵਾਂ ਪਾਠ 'ਮੁਹੁ ਖੜਾ' ਭੀ ਕੋਈ ਮਾਅਨੇ ਨਹੀਂ ਦਿੰਦਾ। 'ਮੋਹਿ ਖੜਾ' ਪਾਠ ਹੁੰਦਾ ਤਾਂ ਗੁਰਬਾਣੀ ਦੇ ਲਗਾਂਮਾਤ੍ਰੀ ਨਿਯਮਾਂ ਅੰਦਰਿ ਹੁੰਦਾ। ਹੁਣ ਭੀ ਹੋ ਸਕਦਾ ਹੈ ਕਿ 'ਮੁਹੁ' ਪਦ ਗੁਰਬਾਣੀ ਅੰਦਰਿ 'ਮੋਹਿ' ਦੇ ਥਾਉਂ ਵਰਤਿਆ ਗਿਆ ਸਿੱਧ ਹੋ ਜਾਵੇ। ਤਦ ਏਹੀ ਪਾਠ ਵਿਸ਼ੇਸ਼ ਸਿੱਧ ਰਹੇਗਾ। ਓਨਾ ਚਿਰ ਰੌਲਾ ਹੀ ਹੈ। ਪਾਠ ਤਾਂ ਇਕੋ ਹੀ ਹੈ। ਅਥਵਾ ਅਥਵਾ ਵਾਲੀ ਗੱਲ ਮਨਜ਼ੂਰ ਨਹੀਂ। ਦੋ ਅਰਥਾਂ ਵਾਲੀ ਘਾੜਤ ਕਿਤੇ ਭੀ ਨਹੀਂ ਗੁਰੂ ਬਾਣੀ ਅੰਦਰਿ ਪਾਈ ਜਾਂਦੀ। ਸੋ ਜਾਂ ਤਾਂ 'ਮੁਹੁ' ਪਦ 'ਮੋਹਿ' ਦੇ ਅਰਥ ਵਿਚਿ ਗੁਰਬਾਣੀ

---

੧. ਪੰਨਾ ੯੨੫.
੨. ਪੰਨਾ ੮੪੭.
੩. ਪੰਨਾ ੬੭੫.
੪. ਪੰਨਾ ੧੦੦੫.
੫. ਪੰਨਾ ੯੧੨.
੬. ਪੰਨਾ ੯੧੩.

bsrstrust.org

ਅੰਦਰਿ ਹੋਰਤ ਕਿਤੇ ਲਭ ਜਾਏ ਯਾ 'ਮੁਹਖੜਾ' ਮੁਖੜੇ ਦੇ ਅਰਥਾਂ ਵਿਚਿ ਹੀ ਸਿੱਧ ਹੋ ਜਾਏ। ਹਰ ਸੂਰਤ ਵਿਚਿ ਪਹਿਲੀ ਪੰਗਤੀ ਦਾ ਭਾਵ ਅਰਥ ਤਾਂ ਠੀਕ ਹੈ। ਦੂਜੀ ਪੰਗਤੀ ਦਾ ਰੌਲਾ ਸਤਿਗੁਰੂ ਫੇਰ ਕਿਤੇ ਨਵਿਰਤ ਕਰੂ।

ਮੂੰ, ਮੈ

ਜਾ ਮੂ ਪਸੀ ਹਠ ਮੈ ਪਿਰੀ ਮਹਿਜੈ ਨਾਲਿ॥ *(ਪੰਨਾ ੧੦੯੫)*

ਜਦੋਂ ਮੈਂ ਦੇਖੀ ਹਿਰਦੇ ਰੂਪੀ ਹਟੜੀ (ਅੰਦਰਿ ਝਾਤ ਮਾਰ ਕੇ) ਤਾਂ (ਮੈਂ ਕੀ ਦੇਖਦਾ ਹਾਂ ਕਿ) ਮੇਰਾ ਪਿਰੁ ਪ੍ਰੀਤਮ ਮੇਰੇ ਨਾਲ ਹੀ ਵਸਦਾ ਹੈ। 'ਮੂੰ' ਪਦ ਮੈਂ ਦੇ ਅਰਥਾਂ ਵਿਚਿ ਅਨੇਕ ਥਾਈਂ ਹੀ ਗੁਰਬਾਣੀ ਅੰਦਰਿ ਆਉਂਦਾ ਹੈ। ਯਥਾ :

ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥ *(ਪੰਨਾ ੪੮੮)*

ਮੈਂ ਤਿਨ੍ਹਾਂ ਦੇ ਪੈਰ ਚੁੰਮਾਂ ਜਿਨ੍ਹਾਂ ਨੇ ਸਚੁ ਪਛਾਣਿਆ ਹੈ। ਕਈ ਅਗਿਆਨੀ ਏਥੇ ਭੀ 'ਮੂੰ' ਦਾ ਅਰਥ 'ਮੂੰਹ' ਲਾਉਂਦੇ ਹਨ ਅਤੇ ਕਹਿੰਦੇ ਹਨ ਸਾਰੀ ਤੁਕ ਦਾ ਅਰਥ ਕਰਦੇ ਹੋਏ ਕਿ ਜਿਨ੍ਹਾਂ ਨੇ ਸਚੁ ਪਛਾਣਿਆ ਹੈ ਤਿਨ੍ਹਾਂ ਦੇ ਪੈਰ ਤੇ ਮੂੰਹ ਚੁੰਮਾਂ। ਕੈਸੇ ਅਨਰਥ ਹਨ। ਅਛਾ ਜੀ ਇਹ ਤਾਂ ਜੁਮਲਾ ਮੁਅਤਰਿਜ਼ਾ (ਅਪ੍ਰਾਸੰਗਕ ਗੱਲ) ਹੀ ਸੀ। 'ਮੈਂ' ਦੇ ਅਰਥਾਂ ਵਿਚਿ 'ਮੂੰ' ਪਦ ਦੇ ਹੋਰ ਗੁਰ ਪਰਮਾਣ ਲਓ :

ਜਿਥੈ ਕੋਇ ਕਥੰਨਿ ਨਾਉ ਸੁਣੰਦੋ ਮਾ ਪਿਰੀ॥
ਮੂੰ ਜੁਲਾਊਂ ਤਥਿ ਨਾਨਕ ਪਿਰੀ ਪਸੰਦੋ ਹਰਿਓ ਥੀਓਸਿ॥ *(ਪੰਨਾ ੧੧੦੧)*

ਜਿਥੇ ਕਿਥੇ ਮੇਰੇ ਪਿਆਰੇ ਪ੍ਰੀਤਮ ਦਾ ਨਾਉਂ ਕੋਈ ਜਨ ਕਥਦੇ ਸੁਣਦੇ ਸੁਣਾਉਂਦੇ ਹਨ। ਮੈਂ ਓਥੇ ਚਲ ਕੇ ਜਾਵਾਂ। ਐਸੀ ਸਤਿਸੰਗਤਿ ਵਿਖੇ ਹੀ ਪਿਰੀ ਪਰਮਾਤਮਾ ਦਾ ਪਰਤੱਖ ਦਰਸ਼ਨ ਹੋ ਸਕਦਾ ਹੈ। ਬਸ, ਤਿਥੈ ਮੈਂ ਪਿਰੀਆ ਨੂੰ ਪੇਖਣ ਸਾਰ ਹੀ ਹਰਿਆ ਭਰਿਆ ਹੋ ਜਾਵਾਂ। 'ਮੂੰ ਜੁਲਾਊਂ ਤਥਿ'—ਮੈਂ ਜਾਵਾਂ ਚਲ ਕੇ ਤਿਥੇ। ਏਥੇ 'ਮੂੰ' ਪਦ ਦੇ ਅਰਥ ਸਪਸ਼ਟ 'ਮੈਂ' ਦੇ ਹਨ। ਹੋਰ ਪਰਮਾਣ—"ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ॥"[1]—ਮੈਂ ਤਾਂ ਸੇਜ ਬਣ ਜਾਵਾਂ ਅਤੇ ਉਤੇ ਵਿਛਾਉਣੇ ਦੇ ਥਾਉਂ ਆਪਣੇ ਨੈਣਾਂ ਨੂੰ ਵਿਛਾਵਾਂ। ਹੋਰ ਪਰਮਾਣ—"ਮੂ ਥੀਆਉ ਤਖਤੁ ਪਿਰੀ ਮਹਿੰਜੇ ਪਾਤਿਸਾਹ"[1]—ਮੈਂ ਤਖਤ ਬਣ ਜਾਵਾਂ ਮੇਰੇ ਪ੍ਰੀਤਮ ਪਿਆਰੇ ਪਾਤਸ਼ਾਹ ਵਾਹਿਗੁਰੂ (ਤੈਨੂੰ ਉਪਰ ਬਿਠਾਉਣ ਨੂੰ)। 'ਮੈ ਪਿਰੀ' ਏਥੇ 'ਮੈ' ਪਦ ਮੇਰੇ ਦੇ ਅਰਥਾਂ ਵਿਚਿ ਵਰਤਿਆ ਗਿਆ ਹੈ। ਯਥਾ 'ਪਰਮਾਣ' (ਪ੍ਰੌੜ੍ਹਤਾ ਲਈ)—"ਮੈਂ ਪਿਰੀ ਮਹਿਜੈ ਨਾਲਿ", ਇਸ ਪੰਗਤੀ ਵਿਖੇ 'ਮੈ' ਤੋਂ ਭਾਵ 'ਮੇਰਾ' ਹੈ। 'ਮੈ ਪਿਰੀ'—ਮੇਰਾ ਪਿਰੀ। 'ਮੇਰੇ' ਦੇ ਅਰਥਾਂ ਵਿਚਿ 'ਮੈ' ਅਨੇਕ ਥਾਈਂ ਗੁਰਬਾਣੀ ਅੰਦਰਿ ਆਉਂਦਾ ਹੈ ਯਥਾ—"ਮੈ ਮਨਿ ਵਡੀ ਆਸ ਹਰੇ ਕਿਉਕਰਿ ਹਰਿ ਦਰਸਨੁ ਪਾਵਾ"[2]—ਮੇਰੇ ਮਨ ਵਿਖੇ ਵੱਡੀ ਆਸ

---

੧. ਪੰਨਾ ੧੦੯੮.
੨. ਪੰਨਾ ੫੬੧.

bsrstrust.org

ਹੈ ਹਰਿ ਦਰਸਨ ਕਿਵੇਂ ਪਾਵਾਂ। ਤਥਾ—"ਮੈ ਊਪਰਿ ਨਦਰਿ ਕਰੀ ਪਿਰਿ ਸਾਚੈ"[1]—ਮੇਰੇ ਉਤੇ ਪ੍ਰੀਤਮ ਸੱਚੇ ਨੇ ਨਦਰਿ ਕੀਤੀ। ਤਥਾ—"ਮੈ ਅੰਤਰਿ ਪ੍ਰੇਮੁ ਪਿਰੰਮ ਕਾ ਕਿਉ ਸਜਣੁ ਮਿਲੈ ਮਿਲਾਸਿ॥"[2] ਏਥੇ 'ਮੈ ਅੰਤਰਿ'—ਤੋਂ ਭਾਵ 'ਮੇਰੇ ਅੰਤਰਿ' ਹੈ। ਪੁਨਾ—"ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ॥"[3] ਏਥੇ ਭੀ 'ਮੈ ਅੰਤਰਿ' ਤੋਂ ਭਾਵ 'ਮੇਰੇ ਅੰਤਰਿ' ਹੈ। ਤਥਾ—"ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ ਅਨੇਕ॥"[4]—ਮੇਰਾ ਪਖ ਧੜਾ ਹਰਿ ਬਿਨੁ ਹੋਰ ਕੋਈ ਨਹੀਂ। ਪੁਨਾ—"ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ"[5]—ਮੇਰਾ ਹਰਿ ਬਿਨ ਟੇਕ ਆਸਰਾ ਹੋਰ ਕੋਈ ਨਹੀਂ।

ਮੈ ਧਨੁ ਨਾਮੁ ਨਿਧਾਨੁ ਹੈ...॥ *(ਪੰਨਾ ੫੮)*

ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ॥ *(ਪੰਨਾ ੮੦੨)*

ਮੈ ਵਿਚਿ ਦੋਸ ਹਉ ਕਿਉਕਰਿ ਪਿਰੁ ਪਾਵਾ॥ *(ਪੰਨਾ ੫੬੧)*

ਇਸ ਪ੍ਰਕਾਰ ਦੇ ਅਨੇਕ ਗੁਰ ਪਰਮਾਣ ਹਨ ਜਿਨ੍ਹਾਂ ਅੰਦਰਿ 'ਮੈ' ਪਦ 'ਮੇਰਾ', 'ਮੇਰੇ' ਦੇ ਅਰਥ ਵਿਚਿ ਆਉਂਦਾ ਹੈ।

ਉਲਾਹਿਅਮੁ

ਹਭੇ ਡੁਖ ਉਲਾਹਿਅਮੁ ਨਾਨਕ ਨਦਰਿ ਨਿਹਾਲਿ॥ *(ਪੰਨਾ ੧੦੯੫)*

ਪਿਰੀ ਪਰੀਤਮ ਨੇ (ਜੋ ਪਹਿਲੀ ਤੁਕ ਵਿਚਿ ਮੇਰੇ ਨਾਲਿ ਹੀ ਦਰਸਾਇਆ ਗਿਆ ਹੈ) ਮੇਰੇ ਸਾਰੇ ਦੁਖ ਲਾਹ ਦਿਤੇ ਹਨ ਅਪਣੀ ਨਦਰ ਦੁਆਰਾ ਨਿਹਾਰ ਕੇ ਇਉਂ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ। ਇਸ ਪੰਗਤੀ ਵਿਖੇ 'ਉਲਾਹਿਅਮੁ' ਪਦ ਦੇ ਅਖ਼ੀਰਲੇ ਅੱਖਰ ਮੰਮੇ ਨੂੰ ਔਂਕੜ ਲਗਿਆ ਹੈ। ਉਹ ਮੰਮੇ ਸਣੇ 'ਮੇਰੇ' ਦੇ ਅਰਥ ਦਿੰਦਾ ਹੈ। 'ਮੁ'—ਮੇਰੇ।

ਵੇਦਾਵੈ

ਹਉ ਨਿਰਗੁਣੁ ਢਾਡੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ॥ *(੧੦੯੭)*

ਪ੍ਰਭ ਪੁਰਖ ਵੇਦਾਵੇ ਨੇ (ਜਿਸ ਦਾ ਕਿਸੇ ਉਪਰ ਕੋਈ ਦਾਅਵਾ ਨਹੀਂ, ਜੋ ਕਿਸੇ ਉਪਰ ਕਦੇ ਦਾਅਵਾ ਮੁਕੱਦਮਾ ਨਹੀਂ ਚਲਾਉਂਦਾ) ਨਿਰਗੁਣ ਢਾਡੀ ਨੂੰ ਬਖ਼ਸ਼ ਲਿਆ।

---

੧. ਪੰਨਾ ੫੬੧.
੨. ਪੰਨਾ ੯੯੬.
੩. ਪੰਨਾ ੭੭੬.
੪. ਪੰਨਾ ੩੬੬.
੫. ਪੰਨਾ ੧੦੭੧.

bsrstrust.org

(ਬਿਨਾ ਡੰਨ ਲਾਏ ਦੇ)। 'ਵੇਦਾਵੈ' ਪਦ ਵਿਸ਼ੇਸ਼ਣ ਹੈ, ਪ੍ਰਭ ਪੁਰਖ ਦਾ ਨਾ ਕਿ ਢਾਡੀ ਦਾ। ਢਾਡੀ ਦਾ ਵਿਸ਼ੇਸ਼ਣ ਨਿਰਗੁਣ ਹੈ।

ਚਉਦੋ

ਹਠ ਮੰਝਾਹੂ ਸੋ ਧਣੀ ਚਉਦੋ ਮੁਖਿ ਅਲਾਇ॥ *(ਪੰਨਾ ੧੦੯੮)*

(ਹਿਰਦੇ ਰੂਪੀ) ਹਟੜੀ ਵਿਚਿ ਹੀ ਵਸਦਾ ਹੈ ਸੋ ਮਾਲਕ (ਵਾਹਿਗੁਰੂ), (ਪਰ) ਪਰਗਟ ਹੁੰਦਾ ਹੈ (ਆਉਂਦਾ ਹੈ) ਮੁਖਿ ਅੰਦਰਿ ਨਾਮੁ ਉਚਾਰੇ ਤੇ। 'ਚਉਦੋ' ਦੇ ਅਰਥ 'ਬੋਲਦਾ ਹੈ' ਦੇ ਕਰਨੇ ਅਨਉਚਿਤ ਹਨ ਅਤੇ "ਚਉਦੋ ਮੁਖ ਅਲਾਇ" ਸਮੁਚੀ ਪੰਗਤੀ ਦੇ ਅਰਥ ਕਰਨੇ—'ਮੂੰਹ ਖੋਲ੍ਹ ਕੇ ਬੋਲ ਰਿਹਾ ਹੈ' ਓਦੰ ਭੀ ਅਨਉਚਿਤ ਹਨ। ਜਦੋਂ 'ਅਲਾਇ' ਪਦ ਅਗੇ ਪਿਆ ਹੈ, ਜਿਸ ਦੇ ਅਰਥ ਭੀ ਬੋਲਣ ਅਲਾਉਣ ਦੇ ਹਨ। ਤਾਂ ਤੇ 'ਚਉਦੋ' ਪਦ ਦਾ ਸਬੰਧ ਤਾਂ ਹੈ 'ਧਣੀ' ਨਾਲਿ ਅਤੇ 'ਮੁਖਿ ਅਲਾਇ' ਅਲਾਵਣ ਹਾਰਾ ਹੈ, 'ਹਠ' ਵਾਲਾ ਜਗਿਆਸੂ ਨਾਮ ਅਭਿਆਸੀ। 'ਅਲਾਇ' ਦਾ ਸੰਬੰਧ ਹੈ ਨਾਮ ਨਾਲਿ ਜਿਸ ਨੂੰ ਅਗਲੇਰੀ ਤੁਕ ਵਿਚਿ 'ਮਾਣਕੁ' ਕਰਕੇ ਦਸਿਆ ਹੈ। ਨਾਮ ਰੂਪੀ ਮਾਣਕ। "ਮਾਣਕੁ ਮੋਹਿ ਮਾਉ ਡਿੰਨਾ ਧਣੀ ਅਪਾਹਿ"—ਹੇ ਮੇਰੀ ਮਾਇ ਮਾਲਕ ਗੁਰੂ ਕਰਤਾਰ ਨੇ ਮੈਨੂੰ ਮਾਣਕ ਨਾਮ ਆਪ ਤੁਠਕੇ ਦਿਤਾ ਹੈ। ਇਸ ਤੇ ਅਗਲੇਰੀ ਪੰਗਤੀ ਵਿਚਿ 'ਅਲਾਇ' ਦਾ ਭਾਵ ਅਰਥ ਹੋਰ ਭੀ ਨਿਖਰਿਆ ਨਿਤਾਰਿਆ ਗਿਆ ਹੈ। 'ਹਿਆਉ ਮਹਿਜਾ ਠੰਡੜਾ ਮੁਖਹੁ ਸਚੁ ਅਲਾਇ"[1] ਹੀਅੜਾ ਮੇਰਾ ਠੰਡਾ ਠਾਰ ਹੋ ਗਿਆ ਮੁਖ ਤੋਂ ਨਾਮੁ ਰੂਪੀ ਤੱਤ ਸੱਚ ਉਚਾਰਿਆਂ ਤੋਂ। 'ਮੁਖਿ ਅਲਾਇ'—ਮੁਖਹੁ ਸਚੁ ਅਲਾਇ—ਭਾਵ ਬਵਸਥਾ ਇਕੋ ਹੋ ਗਈ।

ਸੰਦੜੀ

ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ॥ *(ਪੰਨਾ ੧੦੯੮)*

ਪਿਆਰੇ (ਪਿਰੀਆ) ਦੀ (ਦਰਸਨ) ਭੁਖ ਮੈਨੂੰ ਸਲੂਣੇ ਤੋਂ ਭੀ ਵਿਲੱਖਣ (ਵਿਥਰਾ—ਦੱਸ ਕੇ ਅਨੂਠੀ) ਹੈ। 'ਸੰਦੜੀ' ਯਾ 'ਸੰਦੀ' ਪਦ ਕਈ ਥਾਂ (ਗੁਰਬਾਣੀ ਵਿਖੇ) 'ਦੀ' ਦੇ ਅਰਥਾਂ ਵਿਚਿ ਆਉਂਦਾ ਹੈ। ਜੈਸੇ 'ਸੰਦੜਾ' ਤੇ 'ਸੰਦਾ' ਪਦ 'ਦਾ' ਦੇ ਅਰਥਾਂ ਵਿਚਿ ਆਉਂਦੇ ਹਨ। 'ਮੂ' ਏਥੇ 'ਮੈਨੂੰ' ਦੇ ਅਰਥਾਂ ਵਿਚਿ ਹੈ ਜੈਸੇ ਹੋਰ ਥਾਵੀਂ ਭੀ ਇਹ ਪਦ ਗੁਰਬਾਣੀ ਵਿਖੇ 'ਮੈਨੂੰ' ਦੇ ਅਰਥਾਂ ਵਿਚ ਆਉਂਦਾ ਹੈ।

ਜੈਸੇ 'ਮੈ' ਪਦ ਭੀ 'ਮੈਨੂੰ' ਦੇ ਅਰਥਾਂ ਵਿਚ ਆਉਂਦਾ ਹੈ। ਯਥਾ ਗੁਰਵਾਕ—"ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ"[2]—ਮੈਨੂੰ ਹੋਰ ਥਾਉਂ ਨਹੀਂ ਜਿਥੇ ਮੈਂ ਬੇਨਤੀ

---

੧. ਪੰਨਾ ੧੦੯੮.

੨. ਪੰਨਾ ੭੩੫.

bsrstrust.org

ਕਰਾਂ। ਤਥਾ—"ਮੈ ਹਰਿ ਨਾਮੁ ਨ ਵੀਸਰੈ"[1]—ਮੈਨੂੰ ਹਰਿ ਨਾਮੁ ਨ ਵਿਸਰੇ। ਤਥਾ—"ਮੈ ਗੁਰਬਾਣੀ ਆਧਾਰੁ ਹੈ"[2]—ਮੈਨੂੰ ਗੁਰਬਾਣੀ ਹੀ ਅਧਾਰ ਰੂਪ ਹੈ। "ਮੈ ਦਸਿਹੁ ਮਾਰਗੁ ਸੰਤਹੋ"[3]—ਹੇ ਸੰਤਹੁ ਮੈਨੂੰ ਮਾਰਗ ਦਸੋ, ਆਦਿ। ਇਸੇ ਤਰ੍ਹਾਂ 'ਮੂ' ਪਦ ਭੀ 'ਮੈ' ਪਦ ਵਾਂਗੂੰ ਮੈਨੂੰ ਦੇ ਅਰਥਾਂ ਵਿਚਿ ਆਉਂਦਾ ਹੈ। ਏਸ ਉਪਰਲੀ ਪੰਗਤੀ "ਪਿਰੀਆ ਸੰਦੜੀ..." ਦੇ ਅਰਥ ਸ਼ਬਦਾਰਥੀ ਗਿਆਨੀ ਕੈਸੇ ਅਵੈੜੇ ਕਰਦੇ ਹਨ—ਪਿਆਰੇ ਨੂੰ ਭੁਖ ਹੋਵੇ ਤਾਂ ਮੈਂ ਸਲੂਣਾ ਹੋ ਕੇ ਅਗੇ ਵਿਥਰਾਂ (ਪਈ ਹੋਵਾਂ)। 'ਸੰਦੜੀ' ਪਦ ਗੁਰਬਾਣੀ ਅੰਦਰਿ ਕਿਤੇ ਭੀ 'ਨੂੰ' ਦੇ ਅਰਥਾਂ ਵਿਚਿ ਨਹੀਂ ਵਰਤਿਆ ਗਿਆ। "ਲਾਵਣ ਥੀ ਵਿਥਰਾ" ਦੇ ਅਰਥ 'ਲਾਵਣ ਹੋਵਾਂ' ਦੇ ਤਾਂ ਬਣਦੇ ਹਨ ਜੇ 'ਲਾਵਣ' ਪਦ ਦੇ ਣਾਣੇ ਅੱਖਰ ਨੂੰ ਔਂਕੜ ਹੋਵੇ। ਕਿਉਂਕਿ 'ਥੀਵਿਥਰਾ' ਤਾਂ ਓਹਨਾਂ ਦੇ ਅਰਥਾਂ ਅਨੁਸਾਰ 'ਥੀ ਰਹਾਂ' ਹੋਣ ਕਰਕੇ ਕਿਰਿਆ ਹੋਇਆ। 'ਲਾਵਣ' ਪਦ ਦਾ ਣਾਣਾ ਅੱਪਰ ਇਸ ਲਈ ਮੁਕਤਾ ਹੈ ਕਿਉਂਕਿ ਉਸ ਦੇ ਅਗੇ ਸਬੰਧਕੀ ਪਦ (preposition) 'ਥੀ' ਪਿਆ ਹੈ। ਜਿਸ ਦੇ ਅਰਥ ਹਨ 'ਤੋਂ' 'ਨਾਲੋਂ' ਦਾ।

ਜਾਣੁ ਮਿਠਾਈ ਇਖ ਬੇਈ ਪੀੜੇ ਨਾ ਹੁਟੈ॥ *(ਪੰਨਾ ੧੦੯੮)*

ਇਸ ਭੁੱਖ (ਪਿਰੀਆ ਦੀ ਭੁਖ ਨੂੰ) ਐਸੇ ਜਾਣ ਜੈਸੇ ਇੱਖ ਗੰਨੇ ਦੀ ਮਿਠਾਸ ਹੈ। ਜੋ ਵੇਲਣੇ (ਕੋਹਲੂ, ਕੁਲ੍ਹਾੜੀ) ਵਿਚਿ ਪੀੜਿਆਂ ਭੀ ਗੰਨੇ ਦੇ ਛਿੱਲੜ ਵਿਚੋਂ ਜਾਂਦੀ ਨਹੀਂ। ਇਹ ਪਰਮਾਰਥੀ ਭੁੱਖ ਕਦੇ ਦੂਰ ਨਹੀਂ ਹੁੰਦੀ, ਸਗੋਂ ਵਧਦੀ ਹੀ ਜਾਂਦੀ ਹੈ। ਹਟਦੀ ਕਦੇ ਨਹੀਂ। ਪਿਛਲੀ ਪੰਗਤੀ ਦੇ ਅਰਥਾਂ ਦੀ ਧੁਨੀ ਵਿਚਿ ਏਸ ਪੰਗਤੀ ਦਾ ਭੀ ਸ਼ਬਦਾਰਥੀਆਂ ਨੇ ਇਉਂ ਗ਼ਲਤ ਅਰਥ ਕੀਤਾ ਹੈ—ਤੂੰ ਇਹ ਜਾਣ ਲੈ ਕਿ ਮੈਂ ਇੱਖ (ਗੰਨੇ) ਦੀ ਮਿਠਾਸ ਹਾਂ ਕਿ ਜੇ ਮੁੜਿ ਮੁੜਿ ਪੀੜੇਂ ਤਾਂ ਭੀ ਨ ਹਟਾਂ। ਗੁਰਮਤਿ ਜਗਿਆਸਾ ਵਾਲਾ ਸਿਖ ਕਦੇ ਆਪਣੇ ਆਪ ਤੇ ਇਹ ਤਾਰੀਫ਼ੁ ਨਹੀਂ ਘਟਾ ਸਕਦਾ, ਨਾ ਹੀ ਪ੍ਰੀਤਮ ਨੂੰ ਆਪਣਾ ਇਤ ਬਿਧੀ ਸਬੰਧ ਸੰਬੋਧਨ ਕਰ ਸਕਦਾ ਹੈ।

ਮਤ੍ਰੋੜਿ

ਠਗਾ ਨੀਹੁ ਮਤ੍ਰੋੜਿ ਜਾਣੁ ਗੰਧ੍ਰਬਾ ਨਗਰੀ॥ *(ਪੰਨਾ ੧੦੯੮)*

ਠੱਗਾਂ ਦਾ ਨੇਹੁ ਮੂਲੋਂ ਹੀ ਤੋੜ ਦੇ। ਇਸ ਨੂੰ ਮ੍ਰਿਗ ਤ੍ਰਿਸ਼ਨਾ ਕਰਕੇ ਜਾਣ। 'ਮਤ੍ਰੋੜਿ'—ਮੂਲੋਂ ਹੀ ਤ੍ਰੋੜ ਮ੍ਰੋੜ ਸਿਟ; ਉੱਕਾ ਹੀ ਨੇਹੁ ਨਾ ਲਾ ਠੱਗਾਂ ਦੇ ਨਾਲਿ। 'ਮਤ੍ਰੋੜਿ' ਪਦ ਦਾ ਪਹਿਲਾ ਅੱਖਰ ਮੰਮਾ ਬਹੁਤ ਸਾਰੇ ਅਰਥ ਗਿਆਨੀਏ ਸਜਣ 'ਨੀਹੁ' ਪਦ ਦੇ ਨਾਲਿ ਲਾਉਂਦੇ ਹਨ ਅਤੇ 'ਨੀਹੁਮ' ਕਰਕੇ ਇਕੱਠਾ ਪਾਠ ਉਠਾਉਂਦੇ ਹਨ ਅਤੇ 'ਤ੍ਰੋੜਿ' ਪਦ ਦਾ ਪਾਠ ਵਖਰਾ ਉਠਾਉਂਦੇ ਹਨ। ਪ੍ਰੰਤੂ 'ਨੀਹੁ' ਪਦ ਦੇ ਹਾਹੇ ਅੱਖਰ ਨੂੰ ਭੀ ਔਂਕੜ

---

੧. ਪੰਨਾ ੬੪.
੨. ਪੰਨਾ ੭੫੯.
੩. ਪੰਨਾ ੧੦੯੮.

bsrstrust.org

ਲਗਾ ਹੈ, ਇਹ ਪਾਠ ਇਸ ਪਦ 'ਨੀਹੁ' ਨੂੰ ਨਿਖੇੜਦਾ ਹੈ, ਮੰਮੇ ਅੱਖਰ ਨਾਲੋਂ। ਤਾਂ ਤੇ ਮੰਮਾ ਅੱਖਰ ਇਸ ਪਦ ਨਾਲਿ ਨਹੀਂ ਬਲਕਿ ਅਗਲੇ 'ਤ੍ਰੋੜਿ' ਪਦ ਨਾਲਿ ਹੀ ਲਗਦਾ ਹੈ। ਅਗਲੇ ਡਖਣੇ ਵਿਚਿ ਆਇਆ ਪਦ 'ਨਿਵਾਹੂ' ਭੀ 'ਨੇਹੁ' ਦੇ ਥਾਉਂ ਅਰਥਾਂ ਵਾਲਾ ਲਿਖਿਆ ਗਿਆ ਹੈ। "ਸੋ ਨਿਵਾਹੂ ਗਡਿ ਜੋ ਚਲਾਉ ਨ ਥੀਐ"[1]— ਐਸਾ ਨੇਹੁ ਹਿਰਦੇ ਵਿਚਿ ਗਡ ਲੈ (ਅਸਥਿਰ ਕਰ ਲੈ) ਜੋ ਕਦੇ ਭੀ ਚਲਾਇਮਾਨ ਨਾ ਹੋਵੇ। (ਸੋ ਐਸਾ ਨੇਹੁ ਕਰਤਾਰ ਦਾ ਨੇਹੁ ਹੀ ਹੈ)। ਤਾਂ ਤੇ 'ਨੇਹੁ' ਹੀ ਠੀਕ ਹੈ।

ਹੁਕਾਮੀ

ਬਿਚਰਦੇ ਫਿਰਹਿ ਸੰਸਾਰ ਮਹਿ ਹਰਿ ਜੀ ਹੁਕਾਮੀ ॥ *(ਪੰਨਾ ੧੦੯੯)*

ਇਸ ਪੰਗਤੀ ਵਿਚਿ 'ਹੁਕਾਮੀ' ਪਦ ਦਾ ਭਾਵ ਹੁਕਮ ਅੰਦਰਿ ਹੈ। ਸਾਰੀ ਤੁਕ ਦਾ ਭਾਵ—ਹਰਿ ਜੀ ਦੇ ਹੁਕਮ ਨਾਲਿ ਸੰਸਾਰ ਵਿਚਿ ਬਿਚਰਦੇ ਫਿਰਦੇ ਹਨ (ਗੁਮਾਨੀ ਪੁਰਸ਼)। 'ਬਿਚਰਦੇ ਫਿਰਹਿ' ਕਿਰਿਆ ਦਾ ਕਰਤਾ ਇਸੇ ਪਉੜੀ ਦੀ ਏਦੂੰ ਇਕ ਛਡ ਕੇ ਪਿਛਲੀ ਤੁਕ ਵਿਚਿ ਹੈ। ਕਈ 'ਹੁਕਾਮੀ' ਪਦ ਦੇ ਪਹਿਲੇ ਅੱਖਰ 'ਹੁ' ਔਂਕੜ ਵਾਲੇ ਹਾਹੇ ਨੂੰ 'ਹਰਿਜੀ' ਲਾ ਕੇ 'ਹਰਿ ਜੀਹੁ' ਪਾਠ ਪੜ੍ਹਦੇ ਹਨ ਅਤੇ ਸਾਰੀ ਤੁਕ ਦਾ ਅਰਥ ਇਉਂ ਕਰਦੇ ਹਨ—ਹੇ ਹਰਿ ਜੀਉ ਕਾਮੀ (ਪੁਰਸ਼) ਸੰਸਾਰ ਵਿਚਿ ਬਿਚਰਦੇ ਫਿਰਦੇ ਹਨ (ਐਵੇਂ ਧਕੇ ਖਾਂਦੇ ਹਨ)। ਪਰੰਤੂ 'ਹੇ ਹਰਿ ਜੀਉ' ਅਰਥ ਤਾਂ ਠੀਕ ਉਤਰਦੇ ਹਨ ਜੇ ਹਾਹੇ ਅੱਖਰ ਨੂੰ ਔਂਕੜ ਨਾ ਲਗਾ ਹੁੰਦਾ, ਕਿਉਂਕਿ ਸਨਮੁਖ ਸੰਬੋਧਨੀ ਪਦ ਦੇ ਪਿਛਲੇ ਅੱਖਰ ਨਾਲੋਂ ਔਂਕੜ ਉਡ ਜਾਇਆ ਕਰਦਾ ਹੈ। ਤਾਂ ਹਾਹਾ ਔਂਕੜ ਵਾਲਾ 'ਕਾਮੀ' ਨਾਲਿ ਹੀ ਲਗਿਆ ਜਾਣਾ ਠੀਕ ਹੈ ਅਤੇ 'ਹੁਕਾਮੀ' ਪਾਠ ਸ਼ੁਧ ਹੈ ਅਤੇ ਸ਼ੁਧ ਅਰਥ ਦਿੰਦਾ ਹੈ।

ਕੁਆਹ

ਮਤੜੀ ਕਾਂਢ ਕੁਆਹ ਪਾਵ ਧੋਵੰਦੋ ਪੀਵਸਾ ॥ *(ਪੰਨਾ ੧੦੯੯)*

ਕੁਚੱਜੀ (ਕੁਆਹ) ਮਤੜੀ ਕੁਮੱਤੜੀ ਨੂੰ ਕਢਣ ਹਿਤ ਮੈਂ (ਸਤਿਗੁਰੂ ਦੇ) ਪੈਰ ਧੋ ਕੇ ਪੀਵਾਂ। 'ਕੁਆਹ' ਪਦ ਦਾ ਔਂਕੜ ਵਾਲਾ ਕੱਕਾ ਕਈ ਪਾਠੀ 'ਕਾਂਢ' ਪਦ ਨਾਲਿ ਜੋੜ ਕੇ 'ਕਾਂਢਕੁ' ਪਾਠ ਕਰਦੇ ਹਨ ਅਤੇ 'ਕਾਂਢਕ' ਦੇ ਅਰਥ 'ਉਪਦੇਸ਼ਕ' ਕਰਦੇ ਹਨ ਪਰ ਇਹ ਖਿੱਚ ਦੇ ਅਰਥ ਹਨ। ਪਾਵ ਕੀਹਦੇ ਪੀਵਾਂ ? ਏਹਨਾਂ ਪਦਾਂ ਵਾਲਾ ਕੋਈ ਪੂਜ ਪੁਰਸ਼ ਸਹੇੜਨ ਲਈ ਓਹ 'ਕਾਂਢਕੁ' ਨੂੰ ਅਗੇ ਰਖਦੇ ਹਨ ਮਨੋ ਮਨੀ। ਹਾਲਾਂਕਿ ਪਿਛਲੇ ਸਲੋਕ ਅੰਦਰਿ ਸਭ ਕੁਛ ਦਸਿਆ ਗਿਆ ਹੈ ਕਿ ਕਿਸ ਉਪਰ ਇਹ ਪਰੇਮ ਘਟਾਉਣਾ ਹੈ।

---

੧. ਪੰਨਾ ੧੦੯੯.

bsrstrust.org

ਹਰ

ਰਾਮ ਨਾਮ ਰਸੁ ਚਾਖਿਆ ਹਰਿ ਨਾਮਾ ਹਰ ਤਾਰਿ ॥ *(ਪੰਨਾ ੧੧੦੩)*

ਰਮਤ ਰਾਮ ਦਾ ਰਸੁ (ਜਿਸ ਕਿਸੇ ਨੇ ਭੀ) ਚਖਿਆ ਹੈ ਹਰਿ ਨਾਮਾ (ਵਾਹਿਗੁਰੂ ਦਾ ਨਾਮ) ਹਰ ਕਿਸੇ ਨੂੰ (ਰਾਮ ਨਾਮ ਰਸ ਚਖਣ ਵਾਲੇ ਹਰ ਇਕ ਜਨ ਨੂੰ) ਤਾਰਨ ਹਾਰ ਹੈ। ਹਰੀ ਦੇ ਅਰਥਾਂ ਵਾਲੇ 'ਹਰਿ' ਪਦ ਦੇ ਰਾਰੇ ਅੱਖਰ ਨੂੰ ਸਿਹਾਰੀ ਹੈ ਅਤੇ 'ਹਰ ਇਕ' ਦੇ ਅਰਥ ਵਾਲੇ 'ਹਰ' ਪਦ ਦਾ ਰਾਰਾ ਮੁਕਤਾ ਹੈ।

ਰਾਚਿ ਰਹੇ

ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ ॥ *(ਪੰਨਾ ੧੧੦੭)*

ਪ੍ਰਭੂ ਨੂੰ ਮਨ ਵਿਚਿ ਵਸਾਉਣ ਰੂਪੀ ਕਰਮਨ ਸਿਰ ਕਰਮ ਵਾਲੇ ਨਿਰੰਕਾਰੀ (ਨਿਰੰਕਾਰ ਦੇ ਰੰਗਾਂ ਵਿਚਿ ਰਤੇ ਹੋਏ ਗੁਰਮੁਖ ਜਨ) ਅਚਰਜ (ਆਤਮ ਰੰਗੀ) ਰਚਨਾ (ਆਤਮ ਬਿਰਤਿ ਲੀਲਾ ਕਉਤਕ) ਰਚਾ ਰਹੇ ਹਨ। 'ਰਾਚਿ ਰਹੇ'—ਰਚਾ ਰਹੇ ਹਨ। 'ਨਿਰੰਕਾਰੀ'—ਨਿਰੰਕਾਰੀ ਰੰਗਾਂ ਵਾਲੇ ਗੁਰਮੁਖ ਜਨ। 'ਨਿਰੰਕਾਰ ਦੀ ਰਚਨਾ ਵਿਚਿ ਰਚ ਰਹੇ ਹਨ' ਦੇ ਅਰਥ ਕੀਤੇ ਜਾਣ ਤਾਂ 'ਵਿਚਿ' ਅਰਥ ਕਿਥੋਂ ਆਏ ? ਸਿਹਾਰੀ ਤਾਂ 'ਰਾਚਿ' ਪਦ ਨੂੰ ਹੈ। 'ਰਹੇ' ਪਦ ਜਮਾਂ ਗ਼ਾਇਬ ਵਰਤਮਾਨ ਕਾਲ ਅੰਨਯ ਪੁਰਖ ਬਹੁ-ਵਚਨ (present tense) ਹੈ, ਨਾ ਕਿ 'ਉਤਮ ਪੁਰਖ ਬਹੁ-ਵਚਨ' (ਜਮਾਂ ਮੁਤਕੱਲਮ)। "ਪ੍ਰਭ ਮਨਿ ਕਰਮ ਸੁਕਰਮਾ"—ਸਾਰਿਆਂ ਕਰਮਾਂ ਨਾਲੋਂ ਸੁਕਰਮ ਸ੍ਰੇਸ਼ਟ ਕਰਮ ਹੈ ਪ੍ਰਭੂ (ਵਾਹਿਗੁਰੂ) ਨੂੰ ਮਨ ਵਿਚਿ ਵਸਾਉਣਾ (ਗੁਰਮਤਿ ਨਾਮ ਅਭਿਆਸ ਕਮਾਈ ਕਰਕੇ)।

ਪੰਥੁ

ਨਾਨਕ ਪੰਥੁ ਨਿਹਾਲੇ ਸਾਧਨ... ॥ *(ਪੰਨਾ ੧੧੦੭)*

ਗੁਰੂ ਨਾਨਕ ਦੇ ਘਰ ਦੇ ਮਾਰਗ (ਗੁਰਮਤਿ ਮਾਰਗ) ਤੇ ਚਲਣ ਵਾਲੀ ਜਗਿਆਸਾ ਇਸਤ੍ਰੀ ਸਦਾ ਪਰਮਾਰਥੀ ਪੰਧ ਨੂੰ ਹੀ ਨਿਹਾਰਦੀ ਰਹਿੰਦੀ ਹੈ। ਉਸ ਦੀ ਇਕ ਟਕ ਨੀਝ ਟੇਕ ਨਿਰੰਕਾਰੀ ਪੰਥ ਨਿਹਾਰਨ ਵਿਚਿ ਹੀ ਨਿਮਗਨ ਹੋ ਕੇ ਚੜ੍ਹੀ ਰਹਿੰਦੀ ਹੈ। ਹੋਰ ਕਿਸੇ ਪਾਸੇ ਉਸ ਦੀ ਨਿਗਾਹ ਨਹੀਂ ਜਾਂਦੀ ਜਗਿਆਸਾ ਬਵਸਥਾ ਵਿਖੇ ਹੀ ਅੰਤ ਸੁਹਾਗ ਪ੍ਰਾਪਤਿ ਕਰਕੇ ਭੀ। ਨਿਰੰਕਾਰੀ ਪੰਥ ਬੜਾ ਵਸੀਅ (ਫੈਲਿਆ ਹੋਇਆ) ਅਤੇ ਅਮੀਕ਼ (ਗਹਿਰਾ ਤੇ ਗੰਭੀਰ) ਹੈ।

bsrstrust.org

ਆਤਮ ਰਾਮਾ

...ਤੂ ਸੁਣਿ ਆਤਮ ਰਾਮਾ ॥ *(ਪੰਨਾ ੧੧੦੭)*

ਉਪਰਿ ਦਸੀ ਪ੍ਰੇਮ ਤਰੰਗੀ ਬਵਸਥਾ ਦਾਤੀ ਇਕ ਰੰਗੀ ਮੰਗ ਵਾਲੀ ਸਦਾ ਹਿਰਦਿਓਂ ਉਮਗਨੀ ਸੱਦ ਨੂੰ ਹੈ—ਵਾਹਿਗੁਰੂ ਪਰਮਾਤਮ ਦੇਵ ਤੂੰ ਹੀ ਸੁਣਨਹਾਰਾ ਹੈਂ।

ਚੋਲੈ

ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ ॥
ਸਾਧਨ ਸਭਿ ਰਸ ਚੋਲੈ ਅੰਕਿ ਸਮਾਣੀਆ ॥ *(ਪੰਨਾ ੧੧੦੭)*

ਜਦੋਂ ਪ੍ਰੇਮ ਰੱਤੀ ਪ੍ਰਮਾਤਮ ਸੁਹਾਗਿਵੰਤੀ ਪ੍ਰਿੰਮਨੀ ਸਮੁੱਚੇ ਪ੍ਰਮਾਰਥੀ ਆਤਮ-ਪ੍ਰਮਾਤਮੀ ਰੰਗਾਂ ਵਾਲੇ ਰਸ ਆਪਣੇ ਸਰੀਰ ਰੂਪੀ ਚੋਲੇ ਦੇ ਅੰਕ ਅੰਕ ਅੰਦਰਿ ਸੰਚਰਾਇਕੈ ਸਹਜ ਸਮਾਉਂਦੀ ਹੈ, ਤਦੋਂ ਉਹ ਹੋਰੋ ਹੋਰ ਰਸੀਲੜੇ ਰੰਗੀਲੜੇ ਪ੍ਰੇਮ ਰੰਗਾਂ ਵਿਚਿ ਚਾਤ੍ਰਿਕ (ਬਾਬੀਹੇ) ਵਾਂਗੂੰ ਕੋਇਲ ਵਾਲੀ ਰਸੀਲੜੀ ਟੇਰ ਵਿਚਿ ਪ੍ਰਿਉ ਪ੍ਰਿਉ ਪੁਕਾਰਨ (ਇਕ ਰਸ ਉਚੜੀ ਧੁਨੀ ਨਾਲਿ) ਵਾਹਿਗੁਰੂ ਨਾਮ ਦਾ ਅਭਿਆਸ (ਉਚਾਰਨ) ਵਿਚਿ ਮਸਤ ਹੋ ਜਾਂਦੀ ਹੈ। 'ਚੋਲੈ' ਪਦ ਏਥੇ ਕਿਰਿਆ (verb) ਨਹੀਂ ਜੈਸਾ ਕਿ ਸ਼ਬਦਾਰਥੀਏ ਸ਼ਬਦਾਉਂਦੇ ਹਨ।

ਹਰਿ ਰਸ ਅੰਕ ਵਿਚਿ ਸਮਾਉਣ ਕਰਿ ਹਰੀ ਦੇ ਅੰਕ ਵਿਚਿ ਹੀ ਸਮਾ ਜਾਈਦਾ ਹੈ। ਤਾਂ ਤੇ ਹਰਿ ਰਸ ਅੰਕਿ ਸਮਾਉਣਾ ਅਤੇ ਹਰੀ ਦੇ ਅੰਕ ਵਿਚਿ ਸਮਾਉਣਾ ਇਕੋ ਪਦਾਰਥ ਦੇ ਇਕ ਮਿਕ ਭਾਵ ਵਾਲੀ ਆਤਮ ਬਵਸਥਾ ਹੈ। ਤਾਂ ਹੀ ਤੇ ਅਗਲੀ ਨਾਲਿ ਲਗਦੀ ਪੰਗਤੀ ਵਿਚਿ ਇਉਂ ਆਉਂਦਾ ਹੈ—"ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ"—ਹਰੀ ਦੇ ਅੰਕ ਵਿਚਿ ਤਾਂ ਸਮਾਉਂਦੀ ਹੈ ਜਦੋਂ ਪ੍ਰਭੂ ਨੂੰ ਭਾਉਂਦੀ ਹੈ। ਓਹੀ ਪ੍ਰਿੰਮਨੀ ਜਗਿਆਸਾ ਇਸਤ੍ਰੀ ਸੋਹਾਗਣ ਨਾਰ ਕਹਾਉਂਦੀ ਹੈ।

ਨਿਜ ਘਰਿ

ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ ॥ *(ਪੰਨਾ ੧੧੦੭)*

ਸਰੀਰ ਦੇ ਥਾਪੇ ਹੋਏ ਨੌਂ ਘਰਾਂ ਤੋਂ (ਜੋ) ਮਹਲ ਘਰ ਉੱਚਾ (ਉਪਰਿ) ਹੈ ਤਿਸ ਦਸਮ ਦੁਆਰ ਰੂਪੀ ਨਿਜ ਘਰ ਮਹਲ ਵਿਚਿ ਵਾਹਿਗੁਰੂ ਦਾ ਵਾਸਾ ਹੈ। ਭਾਵ ਦਸਮ ਦੁਆਰ ਅਪੜ ਕੇ ਜਦੋਂ ਦਸਮ ਦੁਆਰਾ ਖੁਲ੍ਹਦਾ ਹੈ (ਨਾਮ ਅਭਿਆਸ ਦੀ ਅਤੁੱਟ ਕਮਾਈ ਦੁਆਰਾ) ਤਦੋਂ ਵਾਹਿਗੁਰੂ ਦਾ ਪਰਤੱਖ ਦਰਸ਼ਨ ਹੁੰਦਾ ਹੈ। ਦਸਮੇ ਦੁਆਰੇ ਵਿਖੇ ਵਸਿਆਂ ਹੀ ਵਾਹਿਗੁਰੂ ਦਾ ਸਰੀਰ ਵਿਖੇ ਨਿਵਾਸ ਪਰਤੱਖ ਹੁੰਦਾ ਹੈ, ਐਵੇਂ ਨਹੀਂ। ਤਾਂ ਤੇ ਇਕ ਪਰਕਾਰ ਦਸਮ ਦੁਆਰਾ ਹੀ (ਜੋ ਨੌਂ ਦੁਆਰਿਆਂ ਮਹਲਾਂ ਤੋਂ ਵਿਲੱਖਣ

bsrstrust.org

ਹੈ) ਵਾਹਿਗੁਰੂ ਦਾ ਨਿਵਾਸ ਅਸਥਾਨ ਗਰਦਾਨਿਆ ਗਿਆ ਹੈ ਗੁਰਮਤਿ ਅੰਦਰਿ। ਓਹੀ ਦਸਮ ਦੁਆਰਾ ਹੀ ਉਸ ਦਾ ਨਿਜ ਘਰ ਹੈ। ਉਸ ਦੇ ਵਾਸੇ ਦਾ ਅਸਲੀ ਘਰ ਦੁਆਰਾ ਮਹਲ ਹੈ। 'ਨਿਜ ਘਰ' ਨੂੰ ਸ੍ਵੈ ਸਰੂਪ ਜੀਵ ਆਤਮਾ ਦਾ ਦਸਣਾ ਸਾਧਾਰਨ ਚਿੰਨ੍ਹਾਂ ਵਿਚ ਦਸਣਾ ਉਚਿਤ ਨਹੀਂ।

ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ ॥ *(ਪੰਨਾ ੧੧੦੭)*

ਮੈਂ ਸਾਰੀ ਪੀਰੀ ਸਮਹੀਰੀ (ਸਿਰ ਤੋਂ ਪੈਰ ਤੀਕ) ਤੇਰੀ ਹੀ ਹਾਂ ਅਤੇ ਤੂੰ ਮੇਰਾ ਪ੍ਰੀਤਮ ਹੈਂ। ਐਸਾ ਪ੍ਰੀਤਮ ਜੋ ਮੁਝ ਪ੍ਰਿੰਮਨੀ ਨੂੰ ਦਿਨ ਰਾਤਿ ਪ੍ਰੇਮ ਰੰਗਾਂ ਦਾ ਜੋਤਿ ਰਸ ਰੀਸਾਲੂ ਹੋ ਕੇ ਰਾਂਵਦਾ ਹੈ। 'ਰਾਵੈ'—ਰਾਂਵਦਾ ਹੈ। ਵਾਹਦ ਗ਼ਾਇਬ ਸੀਗ਼ਾ (ਅੰਨਯ ਪੁਰਖ ਇਕ-ਵਚਨ) ਹੈ ਨਾ ਕਿ ਵਾਹਦ ਮੁਤਕੱਲਮ (ਇਕ-ਵਚਨ ਉਤਮ ਪੁਰਖ) ਜੈਸਾ ਕਿ ਸ਼ਬਦਾਰਥੀਏ ਅਰਥਾਉਂਦੇ ਹਨ—ਦਿਨ ਰਾਤ ਭਾਵ ਸਦਾ ਸਦਾ ਉਸਨੂੰ ਪ੍ਰੇਮ ਨਾਲਿ ਸਿਮਰਦੀ ਹਾਂ।

ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ ॥ *(ਪੰਨਾ ੧੧੦੭)*

ਉਪਰ ਦਸੇ ਹਰਿ ਰੰਗ ਰਾਵਿਅੜੇ ਰਸ ਵਿਚਿ ਨਾਮ ਰਸ ਭੀਨਾ ਅਭਿਆਸੀ ਪਪੀਹਾ (ਸਿਮਰਨ ਹਾਰਾ ਗੁਰਮੁਖ ਜਨ) ਕੋਕਲ ਰਸ ਬੈਣੀ ਸ਼ਬਦ ਲਿਵਤਾਰ ਵਿਚਿ ਰਸਿਆ ਅਤੀ ਸੁਭਾਇਮਾਨ ਹੁੰਦਾ ਹੈ (ਸੋਭਦਾ ਹੈ)।

ਰਵੰਨੇ

ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ ॥
ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ ॥ *(ਪੰਨਾ ੧੧੦੭)*

ਆਪਣੇ ਪ੍ਰੀਤਮ ਦੇ ਨਾਮ ਰਸ ਭਿੰਨੇ ਹੋਏ (ਹੇ ਪਿਆਰੇ) ਤੂੰ ਸੁਣਿ ! ਕੀ ? (ਇਹ ਕਿ) ਮਨ ਕਰਕੇ ਅਤੇ ਤਨ ਕਰਕੇ ਏਸੇ ਨਾਮ ਰਸ ਵਿਚਿ ਸਦਾ ਰਵਿਆ ਹੀ ਰਹੁ (ਐਸੀ ਰਵਨੀ ਰਵਿਆ ਹੀ ਰਹੁ) ਕਿ ਪਿਆਰਾ ਪ੍ਰੀਤਮ ਘੜੀ ਨਾ ਵਿਸਰੈ (ਇਕ ਛਿਨ ਨਾ ਵਿਸਰੈ)।

ਦ੍ਰਿਸਟਿ ਦੀਰਘ

ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ ॥ *(ਪੰਨਾ ੧੧੦੭)*

(ਅਭਿਆਸੀ ਜਨ) ਵਾਹਿਗੁਰੂ ਦੀ ਦੀਰਘ ਦ੍ਰਿਸ਼ਟੀ (ਨਦਰ) ਦੁਆਰਾ ਹੀ (ਸੱਚਾ ਆਤਮ ਪਰਮਾਤਮੀ ਸੱਚਾ ਪਰਮਾਰਥੀ) ਸੁਖੁ ਪਾਉਂਦਾ ਹੈ। ਅਤੇ ਗੁਰ ਸ਼ਬਦ ਦੀ ਪਾਰਸ ਕਲਾ ਦੁਆਰਾ ਹੀ ਸੱਚੀ ਧੀਰਜ ਫੜਦਾ ਹੈ। 'ਦ੍ਰਿਸਟਿ'—ਦ੍ਰਿਸ਼ਟੀ ਦੁਆਰਾ। ਇਹ ਪਦ 'ਦ੍ਰਿਸਟਿ' ਏਥੇ ਨਾਂਵ ਕਰਮ (ਮਫਊਲ) ਨਹੀਂ ਅਤੇ ਦ੍ਰਿਸ਼ਟੀ ਦਾ ਅਰਥ ਨਹੀਂ

bsrstrust.org

ਰਖਦਾ ਬਲਕਿ ਇਸ ਪਦ ਦੇ ਅਖ਼ੀਰੀ ਅੱਖਰ ਦੱਦੇ ਦੀ ਸਿਹਾਰੀ 'ਦੁਆਰਾ' ਦਾ ਅਰਥ ਦਿੰਦੀ ਹੈ। 'ਪਾਵੈ' ਕਿਰਿਆ ਦਾ ਕਰਮ ਇਕੱਲਾ 'ਸੁਖੁ' ਹੀ ਹੈ। 'ਦ੍ਰਿਸਟਿ ਦੀਰਘ' ਕਰਮ ਨਹੀਂ ਜੈਸਾ ਕਿ ਸ਼ਬਦਾਰਥੀਏ ਬਣਾਉਂਦੇ ਹਨ।

ਬਰਸੁ

ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ ॥ *(ਪੰਨਾ ੧੧੦੭)*

ਇਸ ਪੰਗਤੀ ਵਿਚਿ 'ਬਰਸੁ' ਪਦੁ ਕਿਰਿਆ ਹੈ ਨਾ ਕਿ ਨਾਂਵ ? ਸ਼ਬਦਾਰਥੀਏ 'ਬਰਸੁ' ਦੇ ਅਰਥ ਬਰਖਾ ਕਰਦੇ ਹਨ। ਗੁਰਬਾਣੀ ਅੰਦਰਿ ਸੱਸੇ ਔਂਕੜ ਨੂੰ 'ਬਰਸੁ' ਪਦ ਹਰ ਥਾਂ 'ਵਰ੍ਹ ਪਉ' ਦਾ ਅਰਥ ਦਿੰਦਾ ਹੈ ਯਥਾ :

ਬਰਸੁ ਘਨਾ ਮੇਰਾ ਪਿਰੁ ਘਰਿ ਆਇਆ ॥ *(ਪੰਨਾ ੧੨੫੫)*

ਬਰਸੁ ਘਨਾ ਮੇਰਾ ਮਨੁ ਭੀਨਾ ॥ *(ਪੰਨਾ ੧੨੫੪)*

ਤਥਾ— **ਬਰਸਨਾਤ ਬਰਸੁ ਘਨਾ ਬਹੁੜਿ ਬਰਸਹਿ ਕਾਹਿ ॥** *(ਪੰਨਾ ੫੧੭)*

ਪੁਨਾ— **ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ ॥**
ਬਰਸੁ ਪਿਆਰੇ ਮਨਹਿ ਸਧਾਰੇ ਹੋਇ ਅਨਦੁ ਸਦਾ ਮਨਿ ਚਾਉ ॥ *(ਪੰਨਾ ੧੨੬੮)*

ਮਰੁ

"ਕਿਉ ਜੀਵਾ ਮਰੁ ਮਾਏ"[1] ਇਸ ਪੰਗਤੀ ਵਿਚਿ 'ਮਰੁ' ਪਦ ਦੇ ਅਰਥ ਕਈ ਗਿਆਨੀ 'ਮੌਤ' ਦੇ ਕਰਦੇ ਹਨ। ਪ੍ਰੰਤੂ ਗੁਰਬਾਣੀ ਅੰਦਰਿ ਰਾਰੇ ਨੂੰ ਔਂਕੜ ਨਾਲਿ 'ਮਰੁ' ਪਦ ਕਿਤੇ ਭੀ 'ਮੌਤ' ਦੇ ਅਰਥਾਂ ਵਿਚਿ ਨਹੀਂ ਆਇਆ। ਏਥੇ ਕੀ ਅਰਥ ਕੀਤੇ ਜਾਣ ਇਸ ਪਦ ਦੇ ਸਾਨੂੰ ਕੁਝ ਸੁਫਰਨ ਨਹੀਂ ਹੋਇਆ ? ਇਹ ਦਿਸਦਾ ਹੈ ਕਿ ਮੌਤ ਦੇ ਅਰਥ ਨਹੀਂ ਠੀਕ ਢੁਕਦੇ।

ਦੁਤਰ

ਘਰਿ ਆਉ ਪਿਆਰੇ ਦੁਤਰ ਤਾਰੇ... ॥ *(ਪੰਨਾ ੧੧੦੮)*

ਇਸ ਪੰਗਤੀ ਅੰਦਰਿ 'ਦੁਤਰ' ਪਦ ਦੇ ਅਰਥ ਸ਼ਬਦਾਰਥੀਏ—ਮੁਸ਼ਕਲ ਨਾਲ ਤਰਨ ਵਾਲਿਆਂ ਦੇ ਕਰਦੇ ਹਨ ਜੋ ਠੀਕ ਨਹੀਂ। 'ਦੁਤਰ' ਨਾਂਵ ਹੈ (ਭਵਸਾਗਰ, ਜਿਸ ਦਾ ਤਰਨਾ ਦੁਸ਼ਵਾਰ ਮੁਸ਼ਕਲ ਹੈ), ਨਾ ਕਿ ਇਹ ਵਿਸ਼ੇਸ਼ਣ ਹੈ।

---

੧. ਪੰਨਾ ੧੧੦੮.

bsrstrust.org

ਬਰਸ ਰੁਤੇ

"ਬਰਸ ਰੁਤੇ ਰੰਗੁ ਮਾਣੀ"[1] ਏਥੇ 'ਬਰਸ ਰੁਤੇ' ਤੋਂ ਭਾਵ ਬਰਸਣ ਵਾਲੀ ਰੁਤ, ਬਰਖਾ ਰੁਤ ਤੋਂ ਹੈ। 'ਬਰਸ' ਦੇ ਸੱਸੇ ਅੱਖਰ ਨੂੰ ਔਂਕੜ ਹੁੰਦਾ ਤਾਂ ਅਰਥ ਬਣਦੇ—ਵਰ੍ਹ ਹੇ ਰੁਤੇ (ਬਰਖਾ ਰੁਤੇ)।

ਰਸੀਆ

ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥[2]

ਰਸੀਆ (ਰੀਸਾਲੂ) ਪਿਰ ਆਤਮ ਰੰਗ ਰਵਾਸੀ ਰੰਗ ਸੇਤੀ ਜਿਸ ਧਨ (ਇਸਤ੍ਰੀ) ਨੂੰ ਰਾਵੰਦਾ ਹੈ ਤਿਸੇ ਦਾ ਵਾਹਿਗੁਰੂ ਸੇਤੀ ਸੱਚਾ ਪਰੇਮ ਪਿਆਰ ਗਿਣਿਆ ਜਾਂਦਾ ਹੈ (ਉਸ ਦਾ ਹੋਰ ਗੂੜ੍ਹਾ ਪਿਆਰ ਪਿਰੀ ਨਾਲ ਹੋ ਜਾਂਦਾ ਹੈ)। 'ਰਵੈ' ਕਿਰਿਆ ਦਾ (ਕਰਤਾ) ਫਾਇਲ 'ਰਸੀਆ' ਹੈ। ਜੇ ਰਸੀਆ ਮਫਊਲ (ਕਰਮ) ਹੁੰਦਾ ਤਾਂ 'ਰਸੀਆ' ਦੇ ਥਾਉਂ ਏਥੇ 'ਰਸੀਏ' ਇਉਂ ਲਿਖਿਆ ਆਉਂਦਾ।

ਰਹਸੁ, ਰਹਸੀ

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥ *(ਪੰਨਾ ੧੧੦੯)*

ਫੱਗਣ ਦੇ ਮਹੀਨੇ ਅੰਦਰਿ ਭਾਇ ਸੁਭਾਇਆ ਪਰੇਮ ਮਨ ਵਿਚਿ ਖਿੜਦਾ ਹੈ। ਏਹ ਪਦ ਏਥੇ ਕਿਰਿਆ ਵਾਚਕ ਹੈ, ਨਾਂਵ ਨਹੀਂ। ਰਹਸੀ—ਖਿੜ ਸੀ। ਖਿੜਾਉ ਦੇ ਅਰਥਾਂ ਵਿਚਿ ਤਾਂ 'ਰਹਸੁ' ਪਦ ਹੈ ਜੈਸਾ ਕਿ ਅਗਲੀ ਨਾਲ ਲਗਦੀ ਪੰਗਤੀ ਵਿਚਿ ਆਉਂਦਾ ਹੈ। 'ਆਪੁ ਗਵਾਇਆ' ਵਾਲੀ ਬਵਸਥਾ ਪ੍ਰਾਪਤਿ ਹੋਣ ਪਰ ਫੇਰ 'ਅਨ ਦਿਨੁ ਰਹਸੁ ਭਇਆ' ਵਾਲਾ ਆਤਮ ਔਜ ਪ੍ਰਾਪਤਿ ਹੁੰਦਾ ਹੈ। ਜਿਸ ਵਿਚਿ ਦਿਨ ਰਾਤ ਆਤਮ ਵਿਗਾਸ (ਰਹਸੁ) ਬਣਿਆ ਹੀ ਰਹਿੰਦਾ ਹੈ।

ਪ੍ਰੀਤਮੁ

"ਅਹਿਨਿਸਿ ਰਾਵੈ ਪ੍ਰੀਤਮੁ"[3]—ਦਿਨੇ ਰਾਤ ਰਾਵੰਦਾ ਹੈ ਪ੍ਰੀਤਮੁ (ਇਸਤ੍ਰੀ) ਨੂੰ। ਏਥੇ ਫੇਰ 'ਪ੍ਰੀਤਮੁ' ਕਰਤਾ 'ਫਾਇਲ' ਰੂਪ ਹੈ ਜਿਸ ਨੂੰ ਸ਼ਬਦਾਰਥੀਆਂ ਨੇ ਆਪਣੇ ਅਰਥਾਂ ਵਿਚਿ ਮਫਊਲ (ਕਰਮ) ਰੂਪ ਦਸਿਆ ਹੈ। ਜੇ ਇਹ ਪਦ ਮਫਊਲ ਹੁੰਦਾ ਤਾਂ 'ਪ੍ਰੀਤਮੁ' ਦੇ ਮੰਮੇ ਅੱਖਰ ਨੂੰ ਔਂਕੜ ਨ ਲਗਿਆ ਹੁੰਦਾ। ਮੰਮਾ ਮੁਕਤਾ ਹੀ

---

੧. ਪੰਨਾ ੧੧੦੮.
੨. ਪੰਨਾ ੧੧੦੯.
੩. ਪੰਨਾ ੧੧੧੦.

bsrstrust.org

ਹੁੰਦਾ। 'ਪ੍ਰੀਤਮ' ਐਉਂ ਕਰਕੇ ਲਿਖਿਆ ਹੁੰਦਾ। 'ਪ੍ਰੀਤਮ ਨੂੰ' ਦੇ ਅਰਥ ਕਰਨ ਵਿਚਿ ਔਂਕੜ ਉਡ ਜਾਂਦਾ ਹੈ।

ਪੂਰ ਕਰੰਮਾ

ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ ॥[1]

ਕਿਸੇ ਪੂਰੇ ਕਰਮਾਂ ਵਾਲੇ (ਪੂਰਕਰੰਮੇ) ਸੇਵਕ ਨੂੰ ਸਤਿਗੁਰੂ ਨੇ ਸ਼ਬਦ ਗੁਰ ਦੀਖਿਆ ਦੇ ਕੇ ਦਿਖਾਇਆ ਅਤੁੱਟ ਨਾਮ ਅਭਿਆਸ ਕਮਾਈਆਂ ਕਰਵਾ ਕੇ। 'ਸੇਵਕ ਪੂਰ ਕਰੰਮਾ'' ਦੇ ਅਰਥ 'ਸੇਵਕ ਦੇ ਤਾਕ ਖੁਲ੍ਹ ਗਏ' ਕਰਨੇ ਅਨੁਥਾ ਹਨ ਜੈਸੇ ਕਿ ਸ਼ਬਦਾਰਥੀਏ ਗਿਆਨੀਆਂ ਨੇ ਕੀਤੇ ਹਨ। 'ਕਰਮਾ' ਦੇ ਅਰਥ ਤਾਂ ਭਲਾ 'ਤਾਕ' ਦੇ ਕਰ ਲਏ। 'ਪੂਰ' ਦੇ ਅਰਥ 'ਖੁਲ੍ਹ ਗਏ' ਦੇ ਕਿਵੇਂ ਬਣਨਗੇ ?

'ਪੂਰ' ਪਦ ਏਥੇ ਵਿਸ਼ੇਸ਼ਣ ਹੈ। 'ਕਰੰਮਾ' ਜਿਸ ਵਿਚ ਕਿ ਕੰਨਾ ਜੋ ਲਗਾ ਹੈ, ਉਹ ਭੀ 'ਵਾਲੇ' ਦਾ ਅਰਥ ਦਿੰਦਾ ਹੈ—ਪੂਰੇ ਕਰਮਾਂ ਵਾਲੇ ਸੇਵਕ ਨੂੰ। 'ਸੇਵਕ' ਪਦ ਦੇ ਕੱਕੇ ਅੱਖਰ ਨੂੰ ਔਂਕੜ ਤਾਹੀਓਂ ਉਡਾਇਆ ਹੈ ਕਿ 'ਨੂੰ' ਦੇ ਅਰਥ ਸਬੰਧਕੀ ਪਦ ਦੇ ਮਫ਼ਹੂਮ ਹਨ।

ਰਾਮ

"ਚੀਨੇ ਰਾਮ ਕਰੰਮਾ"[1]—ਵਾਹਿਗੁਰੂ ਪਰਮਾਤਮ ਦੇਵ ਜੀ (ਰਮਤ ਰਾਮ ਜੀ) ਚੀਨ ਲਏ (ਲਖ ਲਏ) 'ਕਰੰਮਾ ਕਰਕੇ'—ਭਾਗਾਂ ਸੇਤੀ—ਪੂਰਬਲੇ ਲਿਖੇ ਕਰਮਾਂ ਕਰਕੇ। 'ਰਾਮ ਦੇ ਕਰਮ ਨਿਆਰੇ ਵੇਖੇ', ਇਹ ਅਰਥ ਸ਼ਬਦਾਰਥੀਆਂ ਨੇ ਤਦ ਕੀਤੇ ਹਨ ਕਿ ਓਹਨਾਂ ਦੇ ਭਾਣੇ 'ਰਾਮ' ਦੇ ਮੰਮੇ ਅੱਖਰ ਨੂੰ ਜੋ ਔਂਕੜ ਨਹੀਂ ਲਗਾ, ਉਸ ਇਸ ਕਰਕੇ ਉੜਿਆ ਹੋਇਆ ਹੈ ਕਿ ਮੰਮੇ ਦੇ ਅਗੇ 'ਦੇ' ਪ੍ਰੈਪੋਜ਼ੀਸ਼ਨੀ ਸਬੰਧਕ ਪਦ ਮਫ਼ਹੂਮ ਹੈ। ਇਉਂ ਓਹਨਾਂ ਨੂੰ ਪਤਾ ਨਹੀਂ ਕਿ ਸਤਿਕਾਰ ਪੂਰਬਕ ਹੋਣ ਕਰਕੇ ਭੀ ਇਕ-ਵਚਨ ਬਹੁ-ਵਚਨ ਕਰ ਲਿਆ ਜਾਂਦਾ ਹੈ। ਏਥੇ 'ਰਾਮ' ਨੂੰ 'ਰਾਮ ਜੀ' ਕਰਕੇ ਸਨਮਾਨਿਆ ਗਿਆ ਹੈ।

ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ ॥

(ਪੰਨਾ ੧੧੧੧)

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਗਿਆਸਨੀ ਪ੍ਰਿੰਮਨੀ ਦਾ ਸਮੁੱਚਾ ਸਰੀਰ ਰੂਪੀ ਅੰਮ੍ਰਿਤ ਬਿਰਖੁ ਨਾਮੁ ਰੂਪੀ ਮਹਾਂ ਰਸ ਦਾ ਫਲਿਆ ਹੋਇਆ ਹੈ। ਪ੍ਰੀਤਮ (ਪਰਮਾਤਮਾ) ਨੂੰ ਮਿਲ ਕੇ ਇਹ ਮਹਾਂ ਰਸ (ਹੋਰ ਭੀ ਗਟਾਕ ਚਖਨੀ) ਚੱਖੀਦਾ ਹੈ। 'ਅੰਮ੍ਰਿਤ ਬਿਰਖੁ'—ਅੰਮ੍ਰਿਤ ਦਾ ਬਿਰਖੁ—ਮੁਜੱਸਮ ਅੰਮ੍ਰਿਤ ਹੀ ਬਣਿਆ ਸਰੀਰ ਰੂਪੀ

---

੧. ਪੰਨਾ ੧੧੧੦.

bsrstrust.org

ਬਿਰਖ। 'ਮਹਾ ਰਸ ਫਲਿਆ'—ਮਹਾਂ ਰਸ ਦਾ ਫਲਿਆ ਹੋਇਆ। 'ਅੰਮ੍ਰਿਤ' ਦਾ ਤੱਤਾ ਅੱਖਰ ਅਤੇ 'ਰਸ' ਦਾ ਸੱਸਾ ਅੱਖਰ ਇਸ ਕਰਕੇ ਮੁਕਤੇ ਹਨ ਕਿ 'ਦਾ' ਸਬੰਧਕੀ ਪਦ ਅਰਥਾਂ ਵਿਚਿ ਮਫ਼ਹੂਮ ਹੈ। ਇਸੇ ਤਰ੍ਹਾਂ 'ਮਿਲਿ ਪ੍ਰੀਤਮ' ਵਿਚਿ ਭੀ 'ਪ੍ਰੀਤਮ' ਪਦ ਦਾ ਮੰਮਾ ਅੱਖਰ ਮੁਕਤਾ ਹੈ ਜਿਸ ਦੇ ਪਿਛੇ 'ਨੂੰ' ਸਬੰਧਕੀ ਪਦ ਮਾਅਨਿਆਂ ਵਿਚਿ ਲਿਆ ਗਿਆ ਹੈ। ਪਿਛਲੇ 'ਰਸੁ' ਪਦ ਦੇ ਸੱਸੇ ਨੂੰ ਔਂਕੜ ਇਸ ਕਰਕੇ ਲਗਿਆ ਹੈ ਕਿਉਂਕਿ ਇਥੇ ਖ਼ਾਸ ਰਸੁ ਵਲ ਇਸ਼ਾਰਾ ਹੈ।

ਗੁਰ ਸਤਿਗੁਰ ਗੋਬਿੰਦੁ, ਸਿੰਮ੍ਰਿਤ ਸਾਸਤ੍ਰ, ਬੇਦ ਪੁਰਾਣ

ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ॥ *(ਪੰਨਾ ੧੧੧੭)*

ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ॥ *(ਪੰਨਾ ੧੧੧੭)*

ਨਗਰ ਦੇ ਮਹਾਂ ਜਨ (ਵੱਡੇ ਪੈਂਚ ਲੋਕ) ਮਿਲ ਕੇ ਆਏ। ਤਿਨ੍ਹਾਂ ਨੇ ਗੁਰ ਸਤਿਗੁਰ ਦੀ ਓਟ ਲਈ। ਓਹਨਾਂ ਜਦੋਂ ਸਤਿਗੁਰੂ ਤੋਂ ਪੁਛਿਆ ਤਾਂ ਏਹੋ ਸਹੀ (ਸਾਬਤ) ਹੋਇਆ ਕਿ 'ਗੁਰੁ ਸਤਿਗੁਰੁ ਗੁਰੁ ਗੋਵਿਦੁ' ਰੂਪ ਚੁਅਖਰਾ ਨਾਮੁ (ਵਾਹਿਗੁਰੂ) ਹੀ ਅਸਲ ਸਿਮ੍ਰਿਤਿ ਵੇਦ ਹੈ। ਏਦੂੰ ਬਾਹਰਾ ਬੇਦ ਸਿਮ੍ਰਿਤਿ ਹੋਰ ਕੋਈ ਨਹੀਂ। ਬਸ, ਇਹ ਗੱਲ ਸਹੀ ਕਰ ਲਈ ਸਤਿਗੁਰੂ ਤੋਂ ਪੁਛ ਕੇ ਨਗਰ ਮਹਾਂ ਜਨਾਂ ਨੇ। 'ਗੁਰੁ ਸਤਿਗੁਰੁ ਗੁਰੁ ਗੋਵਿਦੁ' ਏਹਨਾਂ ਚੌਹਾਂ ਪਦਾਂ ਦੇ ਪਿਛਲੇ ਅੱਖਰਾਂ ਨੂੰ ਜੋ ਔਂਕੜ ਹਨ ਏਹ ਸਿਧ ਕਰਦੇ ਹਨ ਕਿ ਇਨ੍ਹਾਂ ਦਾ ਮਿਲੰਤਰੀ ਇਕੱਠਾ ਅਰਥ ਗੁਰਮੰਤ੍ਰ ਹੀ ਨਾਮ ਹੈ।

ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ,
ਸ੍ਰੀ ਰਾਮਿ ਕਰਿ ਗੁਰ ਗੋਵਿਦੁ ਧਿਆਇਆ॥ *(ਪੰਨਾ ੧੧੧੭)*

ਸਭਨਾਂ ਨੂੰ ਸਹੀ ਹੋਇ ਗਇਆ ਕਿ ਸੱਚਾ ਸਿਮ੍ਰਿਤਿ ਸ਼ਾਸਤ੍ਰ ਕੇਹੜਾ ਹੈ, ਅਤੇ ਸਭਨਾਂ ਨੇ ਇਹ ਭੀ ਸਹੀ ਕਰ ਲਿਆ, ਸੁਕ ਨੇ, ਪ੍ਰਹਿਲਾਦ ਨੇ, ਸ੍ਰੀ ਰਾਮਚੰਦ੍ਰ ਨੇ ਓੜਕ ਗੁਰੂ ਧਾਰਨ ਕਰਕੇ ਗੋਵਿੰਦ ਵਾਹਿਗੁਰੂ ਹਰਿ ਧਿਆਇਆ। ਇਹ ਅਰਥ ਬਿਲਕੁਲ ਗ਼ਲਤ ਹਨ ਜੈਸੇ ਕਿ ਸ਼ਬਦਾਰਥੀਏ ਕਰਦੇ ਹਨ ਕਿ—ਪੰਚਾਂ ਨੇ ਗੁਰੂ ਪਾਸੋਂ ਪੁਛ ਕੀਤੀ ਤੇ ਓਹਨਾਂ ਸਿਮ੍ਰਿਤੀ ਵਿਚੋਂ ਹੀ ਸਭ ਕੁਝ ਸਹੀ ਕਰ ਦਸਿਆ ਆਦਿ ਕਿਵੇਂ ਸੁਕ ਦੇਵ, ਪ੍ਰਹਿਲਾਦ, ਸ੍ਰੀ ਰਾਮਚੰਦ੍ਰ ਜੀ ਨੇ ਗੁਰ ਗੋਵਿੰਦ ਕਰਕੇ ਧਿਆਇਆ।

ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ॥
ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ॥[1]

ਬਸ, ਫੇਰ ਉਥੇ ਨਿਤਾਪ੍ਰਤਿ (ਉਸ ਤੀਰਥ ਯਾਤ੍ਰਾ ਸਮੇਂ) ਕੀਰਤਨ ਰੂਪੀ ਪੁਰਾਣਾਂ ਦੀ ਕਥਾ ਅਤੇ ਕੀਰਤਨ ਰੂਪੀ ਪੁੰਨ ਹੋਣ ਲਗ ਪਏ। ਇਸ ਬਿਧਿ ਗੁਰ ਨਾਨਕ ਦੇ ਬਚਨ ਦੁਆਰਾ ਮਹਾਂ ਜਨਾਂ ਨੇ ਵਾਹਿਗੁਰੂ ਦੀ ਭਗਤੀ ਗ੍ਰਹਿਣ ਕੀਤੀ। ਇਹ ਨਗਰ

---

੧. ਪੰਨਾ ੧੧੧੭.

bsrstrust.org

ਮਹਾਂ ਜਨਾਂ ਨੂੰ ਗੁਰ ਸਤਿਗੁਰ ਦੀ ਓਟ ਲੈਣ ਦਾ ਫਲ ਮਿਲਿਆ। ਇਹ ਅਰਥ ਸ਼ਬਦਾਰਥੀਆਂ ਦੇ ਉੱਕੇ ਹੀ ਠੀਕ ਨਹੀਂ ਕਿ ਅਗੇ ਓਥੇ ਕੀਰਤਨ ਪੁਰਾਣਾਂ ਦੀ ਕਥਾ ਹੋ ਰਹੀ ਸੀ ਆਦਿ। ਭਲਾ ਕੀਰਤਨ ਗੁਰੂ ਘਰ ਬਿਨਾਂ ਹੋਰ ਕਿਥੇ ਹੋਣਾ ਸੀ।

ਗੁਰਿ

ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ॥ *(ਪੰਨਾ ੧੧੧੭)*

ਮੈਂ ਤੈਥੋਂ ਘੋਲੀ ਹਾਂ (ਘੁਮਿ ਘੁਮਿ ਗਈ ਹਾਂ) ਹੇ ਲਾਲਨ ਵਾਹਿਗੁਰੂ। ਗੁਰੂ ਦੇ ਜ਼ਰੀਏ ਮੈਂ (ਆਪਣਾ) ਮਨੁ (ਸਮੁੱਚਾ ਹੀ ਤੈਨੂੰ) ਅਰਪਨ ਕਰਿ ਦਿਤਾ ਹੈ। 'ਗੁਰਿ' ਦੇ ਰਾਰੇ ਦੀ ਸਿਹਾਰੀ ਏਥੇ 'ਨੇ' ਦਾ ਅਰਥ ਨਹੀਂ ਰਖਦੀ, ਸਗੋਂ 'ਜ਼ਰੀਏ', 'ਦੁਆਰਾ' ਦਾ ਅਰਥ ਦਿੰਦੀ ਹੈ।

ਦਰਸਨ

"ਖੰਨੀਐ ਵੰਞਾ ਦਰਸਨ ਤੇਰੇ"[1]—ਤੇਰੇ ਦਰਸ਼ਨ ਤੋਂ (ਵਿਟਹੁੰ) ਟੋਟੇ ਟੋਟੇ ਹੋ ਜਾਵਾਂ। ਦਰਸ਼ਨ ਪਰਸਨ ਕਾਰਨ ਐਸੀ ਕਮਾਈ ਕਰਾਂ ਕਿ ਟੋਟਕੇ ਹੋ ਕੇ ਮਰਿ ਲਥਾਂ। 'ਦਰਸਨ ਤੇਰੇ'—ਤੇਰੇ ਦਰਸ਼ਨ ਤੋਂ। 'ਦਰਸਨ' ਦਾ ਨੰਨਾ ਮੁਕਤਾ ਅਗੇ ਵਿਟਹੁੰ ਦੇ ਅਰਥਾਂ ਦੀ ਸੰਭਾਵਨਾ ਦਿੰਦਾ ਹੈ।

ਦਰਸਨ ਤੇਰੇ ਸੁਣਿ ਪ੍ਰਭ ਮੇਰੇ ਨਿਮਖ ਦ੍ਰਿਸਟਿ ਪੇਖਿ ਜੀਵਾ॥[1]

ਹੇ ਪ੍ਰਭੂ ਮੇਰੇ ਤੂੰ ਸੁਣਿ ਕਿ ਮੈਂ ਤੇਰੇ ਦਰਸ਼ਨ ਨੂੰ ਨਿਮਖ ਨਿਮਖ ਪੇਖ ਪੇਖ ਕੇ ਜੀਵਾਂ! ਪੇਖੀ ਹੀ ਜਾਵਾਂ ਨਿਮਖ ਨਿਮਖ ਪਲਿ ਪਲਿ। 'ਦਰਸਨ ਤੇਰੇ'—ਤੇਰੇ ਦਰਸ਼ਨ ਨੂੰ। ਏਥੇ 'ਦਰਸਨ' ਪਦ ਦਾ ਨੰਨਾ ਮੁਕਤਾ ਅੱਖਰ 'ਨੂੰ' ਦਾ ਅਰਥ ਦਿੰਦਾ ਹੈ। ਸੰਬੋਧਨ ਹਿਤ ਪ੍ਰਭ ਦਾ ਭੱਭਾ ਅੱਖਰ ਮੁਕਤਾ ਹੈ।

ਬੂੰਦੇਰੇ

"ਜਿਉ ਚਾਤ੍ਰਿਕੁ ਬੂੰਦੇਰੇ"[1]—ਜਿਉਂ ਪਪੀਹਾ ਬੂੰਦ ਦੀ ਖ਼ਾਤਰ। ਏਥੇ 'ਬੂੰਦੇਰੇ' ਪਦ ਦੇ ਰਾਰੇ ਅੱਖਰ ਦੀ ਲਾਂਵ 'ਲਈ' ਦਾ ਅਰਥ ਦਿੰਦੀ ਹੈ।

ਹਿਤ ਚਿਤਾ

ਤੂ ਪ੍ਰੀਤਮੁ ਪਿਆਰਾ ਪ੍ਰਾਨ ਹਿਤ ਚਿਤਾ॥ *(ਪੰਨਾ ੧੧੧੭)*

---

੧. ਪੰਨਾ ੧੧੧੭.

bsrstrust.org

ਤੂੰ ਮੇਰਾ ਪ੍ਰੀਤਮ ਹੈਂ ਅਤੇ ਪ੍ਰਾਨ ਤੋਂ ਹਿਤੋਂ ਪਿਆਰਾ ਹੈਂ। ਏਥੇ 'ਪ੍ਰਾਨ' ਤੇ 'ਹਿਤ' ਪਦਾਂ ਦੇ ਨੰਨਾ ਤੇ ਤੱਤਾ ਅੱਖਰ ਜੋ ਮੁਕਤੇ ਹਨ ਅਤੇ 'ਚਿਤਾ' ਪਦ ਦਾ ਕੰਨਾ 'ਤੋਂ' ਦੇ ਅਰਥ ਦਿੰਦੇ ਹਨ।

ਸੁਖ

ਏਦੂੰ ਅਗਲੀ ਪੰਗਤੀ ਵਿਖੇ "ਪ੍ਰਾਨ ਸੁਖ ਦਾਤਾ"—ਪ੍ਰਾਨਾਂ ਦਾ ਸੁਖ ਦਾਤਾ। 'ਸੁਖ' ਪਦ ਦਾ ਖੱਖਾ ਅੱਖਰ ਜੋ ਮੁਕਤਾ ਹੈ ਇਸ ਵਿਚਿ 'ਦਾ' ਅਰਥਾਂ ਦੀ ਸੰਭਾਵਨਾ ਹੈ।

ਨਿਰਗੁਣੁ

ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ॥ *(੧੧੧੭)*

ਸੰਤਨ ਕਾ ਸਦਕਾ ਮੈਂ ਨਿਰਗੁਣ ਜੰਤੂ ਰਖ ਲਿਆ ਗਿਆ ਹਾਂ। 'ਨਿਰਗੁਣੁ' ਪਦ ਦੇ ਣਾਣੇ ਅੱਖਰ ਨੂੰ ਜੋ ਔਂਕੜ ਲਗਿਆ ਹੋਇਆ ਹੈ ਇਸ ਕਰਕੇ ਇਸ ਪਦ ਦੇ ਅਰਥ 'ਨਿਰਗੁਣ ਨੂੰ' ਨਹੀਂ ਹੋ ਸਕਦੇ, ਜੈਸੇ ਕਿ ਸ਼ਬਦਾਰਥੀਆਂ ਨੇ ਕੀਤੇ ਹਨ।

ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ॥ *(ਪੰਨਾ ੧੧੧੭)*

ਸਤਿਗੁਰੂ ਨੇ ਮੈਂ ਪਾਪੀ ਦਾ ਪੜਦਾ ਢਕ ਲਿਆ ਹੈ: 'ਪਾਪੀ ਪੜਦਾ'—ਪਾਪੀ ਦਾ ਪੜਦਾ। ਪੜਦਾ ਪਾਪੀ ਨਹੀਂ।

ਪ੍ਰੀਤਮੁ[1] ਬਸਤ ਰਿਦ ਮਹਿ ਖੋਰ॥ *(ਕੇਦਾਰਾ ਮਹਲਾ ੫, ਪੰਨਾ ੧੧੨੧)*

ਪ੍ਰੀਤਮੁ ਵਸਦਾ ਹੈ ਹਿਰਦੇ ਅੰਦਰਿ ਨਿਰਾ ਪ੍ਰੇਮ ਰੂਪ ਹੋ ਕੇ। ਮੁਜੱਸਮ ਪਰੇਮ ਦਾ ਰੂਪ ਹੋ ਕੇ। ਅਕਸਰ ਗਿਆਨੀ ਲੋਗ ਇਉਂ ਅਰਥ ਕਰਦੇ ਹਨ ਇਸ ਪੰਗਤੀ ਦਾ—ਹੇ ਪ੍ਰੀਤਮ! ਮੇਰੇ ਹਿਰਦੇ ਅੰਦਰਿ ਸਿਆਣਪ ਵਸਦੀ ਹੈ। ਪਰ ਇਹ ਅਰਥ ਤਦ ਠੀਕ ਹਨ ਜੇ 'ਪ੍ਰੀਤਮ' ਪਦ ਦੇ ਮੰਮੇ ਅੱਖਰ ਨੂੰ ਔਂਕੜ ਨਾ ਹੋਵੇ। ਪਰ ਏਥੇ ਔਂਕੜ ਲਗਾ ਹੋਇਆ ਹੈ।

ਦਹ ਬਾਰੁ

ਅੰਤਰਿ ਤਿਸਾ ਭੂਖ ਅਤਿ ਬਹੁਤੀ ਭਉਕਤ ਫਿਰੈ ਦਰ ਬਾਰੁ॥
(ਭੈਰਉ ਮਹਲਾ ੩, ਪੰਨਾ ੧੧੩੨)

(ਮਨਮੁਖ ਦੇ) ਅੰਤਰਿ ਤ੍ਰਿਸਨਾ ਅਤਿ ਬਾਹਲੀ ਭੁਖ ਵਿਆਪੀ ਹੋਈ ਹੁੰਦੀ ਹੈ, (ਇਸ ਕਰਕੇ) ਭਉਂਕਦਾ ਫਿਰਦਾ ਹੈ (ਕੁੱਤੇ ਵਾਂਗੂੰ) ਦਰ ਦਰ ਤੇ ਅਤੇ ਦੁਆਰੇ ਦੁਆਰੇ

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਪ੍ਰੀਤਮ' ਹੈ।
—ਪ੍ਰਕਾਸ਼ਕ

bsrstrust.org

(ਬੂਹੇ ਬੂਹੇ ਤੇ)। 'ਦਰ ਬਾਰੁ' ਏਥੇ ਪਦ ਛੇਦ ਪਾਠ ਹੈ। ਇਕੱਠਾ ਪਾਠ 'ਦਰਬਾਰੁ' ਨਹੀਂ। 'ਬਾਰੁ' ਪਦ ਦੇ ਰਾਰੇ ਅੱਖਰ ਨੂੰ ਔਂਕੜ ਨਹੀਂ ਚਾਹੀਦਾ। ਸ਼ਾਇਦ ਪਹਿਲੀ ਪੰਗਤੀ ਦੇ ਅਖ਼ੀਰਲੇ ਪਦ (ਲਫ਼ਜ਼) 'ਅਹੰਕਾਰ' ਨਾਲਿ ਪੂਰਾ ਕਾਫੀਆ ਜੋੜਨ ਹਿਤ ਹੀ ਔਂਕੜ ਲਾਇਆ ਗਿਆ ਹੋਵੇ ਕਿਉਂਕਿ 'ਅਹੰਕਾਰੁ' ਪਦ ਦੇ ਰਾਰੇ ਅੱਖਰ ਨੂੰ ਜੁ ਔਂਕੜ ਲਗਾ ਹੋਇਆ ਹੈ। ਹੋ ਸਕਦਾ ਹੈ 'ਬਾਰੁ' ਪਦ ਦੇ ਔਂਕੜ ਲਾਉਣ ਵਿਚਿ ਲਿਖਾਰੀ ਦੀ ਯਾ ਛਾਪੇ ਦੀ ਗ਼ਲਤੀ ਹੋਵੇ।

ਸੁਕ੍ਰਿਤੁ ਕਰਨੀ

ਸੁਕ੍ਰਿਤੁ ਕਰਣੀ ਸਾਰੁ ਜਪ ਮਾਲੀ॥
ਹਿਰਦੈ ਫੇਰਿ ਚਲੈ ਤੁਧੁ ਨਾਲੀ॥ *(ਭੈਰਉ ਮਹਲਾ ੪, ੧੧੩੪)*

ਜਪ ਮਾਲੀ ਹੀ ਸਾਰੁ ਅਤੇ ਸੁਕ੍ਰਿਤ ਕਰਨੀ ਹੈ। ਇਸ ਜਪ ਮਾਲਾ ਨੂੰ ਹਿਰਦੇ ਅੰਦਰਿ ਫੇਰਿ (ਸੁਆਸਿ ਅਭਿਆਸੀ ਨਾਮ ਦਾ ਖੰਡਾ ਖੜਕਾ ਕੇ), ਏਸ ਜਪ ਮਾਲੀ ਰੂਪੀ ਸ੍ਰੇਸ਼ਟ ਕਰਨੀ ਨੇ ਤੇਰੇ ਨਾਲ ਓੜਕ ਨਿਭਣਾ ਹੈ। ਜੇਹੜੇ ਪਹਿਲੀ ਪੰਗਤੀ ਦਾ ਇਉਂ ਅਰਥ ਕਰਦੇ ਹਨ ਕਿ—'ਚੰਗੀ ਕਰਨੀ ਹੀ ਸ੍ਰੇਸ਼ਟ ਘਾਲ ਹੈ', ਓਹ ਆਪਣੇ ਜਾਣੇ ਚੰਗੇ ਕਰਮਾਂ ਨੂੰ ਨਾਮ ਜਾਪ ਤੋਂ ਭਿੰਨ ਸਮਝਦੇ ਹਨ ਗੁਰਮਤਿ ਅਨੁਸਾਰ ਨਾਮ ਅਭਿਆਸ ਤੇ ਉਪਰਿ ਹੋਰ ਕੋਈ ਕਰਮ ਨਹੀਂ। ਸ੍ਰੇਸ਼ਟ ਕਰਨੀ ਵਾਲਾ ਕਰਮ ਹੈ ਹੀ ਨਾਮ ਜਾਪ। ਓਹਨਾਂ ਦੇ ਉਕਤ ਅਰਥਾਂ ਨੂੰ ਦੂਜੀ ਪੰਗਤੀ ਖੰਡਤ ਕਰਦੀ ਹੈ। ਸੁਕ੍ਰਿਤ ਕਰਮਾਂ ਨੂੰ ਹਿਰਦੇ ਅੰਦਰਿ ਕਿਵੇਂ ਫੇਰੋਗੇ ? ਇਹ ਤਾਂ ਨਾਮ ਦਾ ਖੰਡਾ ਹੀ ਹੈ ਜਿਸ ਨੂੰ ਖੜਕਮੀ ਰੜਕਾਇਕੈ ਹਿਰਦੇ ਅੰਦਰਲੇ 'ਸੁਆਸਾਂ' ਸੇਤੀ ਫੇਰਿਆ ਜਾ ਸਕਦਾ ਹੈ। ਦੇਖੋ ਪੁਸਤਕ *ਗੁਰਮਤਿ ਨਾਮ ਅਭਿਆਸ ਕਮਾਈ*।

ਸਬਦੁ ਟਕਸਾਲੀ

ਗੁਰਮੁਖਿ ਸੇਵਾ ਘਾਲ ਜਿਨਿ ਘਾਲੀ॥
ਤਿਸੁ ਘੜੀਐ ਸਬਦੁ ਸਚੀ ਟਕਸਾਲੀ॥ *(ਪੰਨਾ ੧੧੩੪)*

ਗੁਰਮਤਿ ਨਾਮ (ਵਾਹਿਗੁਰੂ) ਦੇ ਸਿਮਰਨ ਰੂਪੀ ਸੇਵਾ ਮਈ ਘਾਲ ਜਿਸ ਨੇ ਘਾਲੀ ਹੈ ਉਸ ਨੂੰ ਸਮਝੋ ਕਿ ਗੁਰਮਤਿ ਰੂਪੀ ਸੱਚੀ ਟਕਸਾਲ ਤੋਂ ਗੁਰਦੀਖਿਆ ਰੂਪੀ ਸ਼ਬਦੁ (ਸੱਚੀ ਗੁਰਮਤਿ ਜੁਗਤੀ ਦੁਆਰਾ ਪੰਜਾਂ ਪਿਆਰਿਆਂ ਤੋਂ) ਘੜਿਆ ਹੀ ਮਿਲਿਆ ਹੈ। ਸ਼ਬਦਾਰਥੀਆਂ ਦੇ ਇਹ ਅਰਥ ਕਰਨੇ (ਪਿਛਲੀ ਪੰਗਤੀ ਦੇ) ਓਹਨਾਂ ਦੀ ਗੁਰਮਤਿ ਦੀ ਤੱਤ ਗਿਆਤ ਤੋਂ ਅਗਿਆਤ ਹੋਣ ਦਾ ਸਬੂਤ ਹਨ—ਸੱਚੀ ਟਕਸਾਲ ਵਿਚਿ ਉਸ ਦਾ ਸ਼ਬਦ (ਆਚਰਣ) ਘੜਿਆ ਜਾਂਦਾ ਹੈ। ਗੁਰਬਾਣੀ ਅੰਦਰਿ ਕਿਤੇ ਭੀ 'ਸਬਦ' ਦੇ ਅਰਥ 'ਆਚਰਨ' ਦੇ ਨਹੀਂ ਆਉਂਦੇ। ਕੈਸੇ ਮਨ ਘੜਤ ਅਰਥ ਹਨ।

bsrstrust.org

ਬਹੁ ਤਰੰਗ

ਅਨਿਕ ਰੰਗ ਬਹੁ ਤਰੰਗ ਸਰਬ ਕੋ ਧਨੀ॥ *(ਪੰਨਾ ੧੧੫੩)*

ਇਸ ਪੰਗਤੀ ਵਿਖੇ ਨਿਖੜਵਾਂ ਪਾਠ 'ਬਹੁ ਤਰੰਗ' ਹੈ 'ਬਹੁਤ ਰੰਗ' ਨਹੀਂ ਕਿਉਂਕਿ ਔਂਕੜ ਜੋ 'ਬਹੁ' ਪਦ ਦੇ ਹਾਹੇ ਅੱਖਰ ਨੂੰ ਹੈ, ਇਹ ਪਾਠ ਨੂੰ ਨਿਖੇੜਦਾ ਹੈ। 'ਬਹੁਤ' ਜੇ ਨਿਖੜਵਾਂ ਪਾਠ ਹੁੰਦਾ ਤਾਂ ਤੱਤੇ ਅੱਖਰ ਨੂੰ ਔਂਕੜ ਹੁੰਦਾ, ਹਾਹੇ ਨੂੰ ਨਾ ਹੁੰਦਾ। 'ਸਰਬ ਕੋ'—ਸਾਰਿਆਂ ਦਾ। 'ਕੋ'—ਦਾ।

ਇਕੈ ਈਸ

ਮੈਲੇ ਬ੍ਰਹਿਮੰਡਾ ਇਕੈ ਈਸ॥ *(ਪੰਨਾ ੧੧੫੮)*

ਇਸ ਤੁਕ ਦਾ ਕਈ ਗਿਆਨੀ ਤੇ ਪਾਠੀ ਇਉਂ ਪਾਠ ਕਰਦੇ ਹਨ, "ਮੈਲੇ ਬ੍ਰਹਿਮੰਡਾਇ ਕੈ ਈਸ" ਅਤੇ ਅਰਥ ਕਰਦੇ ਹਨ—ਬ੍ਰਹਿਮੰਡਾਂ ਦੇ ਰਾਜੇ ਮੈਲੇ ਹਨ। ਪਰੰਤੂ ਕੱਕੇ ਨੂੰ ਦੁਲਾਈਆਂ ਵਾਲੇ 'ਕੈ' ਪਦ ਦੇ ਕਿਸੇ ਭੀ ਕੋਸ਼ ਵਿਚਿ 'ਦੇ' ਅਰਥ ਨਹੀਂ। ਨਾਹੀ ਗੁਰਬਾਣੀ ਅੰਦਰਿ 'ਕੈ' ਪਦ ਕੱਕੇ ਦੁਲਾਈਆਂ ਵਾਲਾ ਕਿਤੇ ਭੀ 'ਦੇ' ਦੇ ਅਰਥਾਂ ਵਿਚਿ ਆਉਂਦਾ ਹੈ। 'ਕੈ' ਅਕਸਰ ਗੁਰਬਾਣੀ ਅੰਦਰਿ 'ਯਾ' 'ਅਥਵਾ' ਦੇ ਅਰਥਾਂ ਵਿਚ ਆਉਂਦਾ ਹੈ। ਕਿਤੇ ਕਿਤੇ 'ਕਿਸ' ਦੇ ਅਰਥਾਂ ਵਿਚਿ ਭੀ ਆਉਂਦਾ ਹੈ। 'ਦੇ' ਦੇ ਅਰਥਾਂ ਵਿਚਿ ਤਾਂ 'ਕੇ' ਪਦ ਕੱਕੇ ਨੂੰ ਲਾਂਵ ਸਹਿਤ ਹੀ ਗੁਰਬਾਣੀ ਅੰਦਰਿ ਆਉਂਦਾ ਹੈ। ਨਾਲ ਇਕ ਬ੍ਰਹਿਮੰਡ ਯਾ ਅਨਿਕ ਬ੍ਰਹਿਮੰਡਾਂ ਦਾ ਅਰਥਾਇਕ ਪਦ ਗੁਰਬਾਣੀ ਅੰਦਰਿ 'ਬ੍ਰਹਿਮੰਡਾ' ਯਾ 'ਬਹਿਮੰਡਾ' ਤਾਂ ਆਉਂਦਾ ਹੈ 'ਬ੍ਰਹਿਮੰਡਾਇ' ਕਿਤੇ ਨਹੀਂ ਆਇਆ ਦੇਖਿਆ। ਇਸ ਕਰਕੇ 'ਬ੍ਰਹਿਮੰਡਾਇ ਕੈ ਈਸ' ਪਾਠ ਗੁਰਬਾਣੀ ਦੇ ਲਗਮਾਤ੍ਰੀ ਨਿਯਮਾਂ ਅਨੁਸਾਰ ਠੀਕ ਨਹੀਂ। ਉੱਕਾ ਹੀ ਬੇ-ਠੀਕ (ਗ਼ਲਤ) ਜਾਪਦਾ ਹੈ। 'ਬ੍ਰਹਿਮੰਡਾ ਇਕੈ ਈਸ' ਪਾਠ ਤਾਂ ਸਹੀ ਹੈ ਪਰੰਤੂ ਨਿਖੜਵੇਂ ਪਾਠ 'ਇਕੈ ਈਸ' ਦੇ ਅਰਥ ਕੀ ਬਣਨਗੇ ਇਸ ਦਾ ਗਹਿ ਕਰਕੇ ਨਿਰਣਾ ਨਹੀਂ ਹੁੰਦਾ, ਹਾਂ 'ਈਸ' ਪਦ ਦਾ ਸੱਸਾ ਮੁਕਤਾ ਹੈ ਇਸ ਕਰਕੇ ਇਸ ਦੇ ਪਿਛੇ 'ਦੇ' ਸਬੰਧਕੀ ਪਦ (preposition) ਮਫ਼ਹੂਮ ਮੰਨਿਆ ਜਾ ਸਕਦਾ ਹੈ। ਇਸ ਬਿਧਿ ਇਉਂ ਅਰਥ ਸਾਰੀ ਪੰਗਤੀ ਦੇ ਬਣ ਸਕਦੇ ਹਨ। ਇਕੈ ਈਸ਼ਰ ਦੇ (ਬਣਾਏ) ਬ੍ਰਹਿਮੰਡ ਮੈਲੇ ਹਨ। ਈਸ ਰਹਿਤ (ਈਸ਼ਰ ਤੋਂ ਛੁਟ) (ਉਸਦੇ ਰਚੇ) ਬ੍ਰਹਿਮੰਡ ਸਭ ਮੈਲੇ ਹੀ ਹਨ। ਜਾਂ ਕੋਈ ਹੋਰ ਗੋਝ ਅਰਥ ਹੋਣਾ ਹੈ ਜੋ ਸਾਡੀ ਸਮਝ ਵਿਚ ਨਹੀਂ ਆਇਆ। 'ਕੈ' ਪਦ ਦੇ ਅਰਥ 'ਦੇ ਪਾਸ', 'ਕੇ ਪਾਸ' ਤਾਂ ਹੋ ਸਕਦੇ ਹਨ ਪਰ 'ਦੇ' ਦੇ ਨਹੀਂ ਹੋ ਸਕਦੇ।

ਕਮਾਈ

ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ॥ *(ਪੰਨਾ ੧੧੫੯)*

bsrstrust.org

ਇਹ ਮਨੁੱਖਾ ਦੇਹੀ ਪਾਈ ਤਦੇ ਲੇਖੇ (ਸਫਲ) ਹੈ (ਜੇ) ਗੁਰ ਸੇਵਾ ਅਤੇ ਭਗਤੀ ਕਮਾਈ ਜਾਵੇ। 'ਤੇ'—ਅਤੇ। 'ਕਮਾਈ' ਏਥੇ ਕਿਰਿਆ ਹੈ, ਨਾਂਵ (noun) ਨਹੀਂ (verb) ਹੈ। ਦੂਜੀ ਪੰਗਤੀ ਵਿਚਿ 'ਤਬ' ਪਦ ਤੇ ਫੋਰਸ ਹੈ। ਤਦੇ 'ਪਾਈ'—ਪਾਈ ਪਰਵਾਣ ਸਮਝੋ।

ਗੋਬਿੰਦ

'ਭਜਹੁ ਗੋਬਿੰਦ'—ਏਥੇ 'ਗੋਬਿੰਦ' ਪਦ ਦਾ ਦੱਦਾ ਅੱਖਰ ਇਸ ਕਰਕੇ ਮੁਕਤਾ ਹੈ ਕਿਉਂਕਿ ਇਸ ਪਦ ਦੇ ਅਗੇ 'ਨੂੰ' ਦੇ ਅਰਥ ਮਫ਼ਹੂਮ ਹਨ। 'ਗੋਬਿੰਦ ਨੂੰ ਭਜਹੁ'।

ਕਹਤ ਕਬੀਰੁ ਜੀਤਿ ਕੈ ਹਾਰਿ॥ *(ਪੰਨਾ ੧੧੫੯)*

ਏਥੇ 'ਕੈ' ਦੇ ਅਰਥ 'ਭਾਵੇਂ' ਯਾ 'ਅਥਵਾ' ਦੇ ਹਨ। ਭਾਵੇਂ ਜਿਤਿ ਲੈ (ਨਾਮ ਜਪ ਕੇ ਮਨੁੱਖਾ ਜਨਮ ਨੂੰ) ਭਾਵੇਂ ਹਾਰ ਦੇਹ (ਵਿਸਾਰ ਕੇ ਨਾਮ ਨੂੰ)।

ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ॥ *(ਪੰਨਾ ੧੧੬੦)*

ਏਥੇ ਪਾਠ 'ਪਰਜਾਰੈ' ਇਕੱਠਾ ਉਠਾਉਣਾ ਹੈ। 'ਪਰ' ਅਤੇ 'ਜਾਰੈ' ਵੱਖ ਵੱਖ ਕਰਕੇ ਨਹੀਂ ਵਾਚਣਾ। 'ਪਰਜਾਰੈ'—ਪ੍ਰਕਾਸ਼ਤ ਕਰੇ। ਕਾਇਆ ਅੰਦਰਿ ਜੋ ਮਾਇਆ ਮਈ ਤ੍ਰਿਸ਼ਨਾ ਅਗਨੀ ਹੈ, ਇਸ ਵਿਖੇ ਹੀ ਬ੍ਰਹਮ ਨੂੰ ਪ੍ਰਕਾਸ਼ਤ ਕਰੇ। ਨਾਮ ਜਪ ਜਪ ਕੇ। ਪਹਿਲਾਂ ਇਹ ਅਗਨੀ ਬੁਝ ਜਾਂਦੀ ਹੈ ਪਿਛੋਂ ਪਾਰਬ੍ਰਹਮ ਪਰਮਾਤਮ ਦੇਵ ਜੀ ਆਣਿ ਪਰਤੱਖ ਹੁੰਦੇ ਹਨ।

ਬਿੰਦੁ

ਸੁਪਨੈ ਬਿੰਦੁ ਨ ਦੇਈ ਝਰਨਾ॥
ਤਿਸੁ ਕਾਜੀ ਕਉ ਜਰਾ ਨ ਮਰਨਾ॥ *(ਪੰਨਾ ੧੧੬੦)*

ਸੁਪਨੇ ਅੰਦਰਿ ਭੀ ਜੋ ਆਪਣਾ ਬੀਰਜ ਪਾਤ ਨ ਹੋਣ ਦੇਵੇ ਤਿਸੁ ਕਾਜੀ ਨੂੰ ਬੁਢੇਪੇ ਦੀ ਮੌਤ ਨਹੀਂ ਆਉਂਦੀ। ਬੁਢੇਪੇ ਦੀ ਮੌਤ ਨਹੀਂ ਮਰਦਾ ਰਿਝ ਕਰਿਝ ਕੇ। 'ਸੁਪਨੈ'—ਸੁਪਨੇ ਅੰਦਰਿ। ਨੰਨੇ ਨੂੰ ਦੁਲਾਈਆਂ ਹੋਣ ਕਰਕੇ 'ਅੰਦਰਿ' ਦੇ ਅਰਥ ਸਿੱਧ ਹਨ। 'ਬਿੰਦੁ—ਦੱਦੇ ਨੂੰ ਔਂਕੜ ਲਗਣ ਕਰਿ 'ਬਿੰਦੁ' ਪਦ ਦਾ ਅਰਥ 'ਬੀਰਜ' ਹੋ ਜਾਂਦਾ ਹੈ। ਦੱਦਾ ਮੁਕਤਾ ਹੋਣ ਕਰਕੇ ਇਸ ਪਦ ਦਾ ਅਰਥ 'ਛਿਨ ਮਾਤਰ' ਦਾ ਹੈ। 'ਜਰਾ ਨ ਮਰਨਾ'—ਬੁੱਢੇ ਹੋ ਕੇ ਮਰਨਾ ਨਹੀਂ ਹੁੰਦਾ—ਰਿਝ ਕਰਿਝ ਕੇ ਮਰਨਾ ਨਹੀਂ ਹੁੰਦਾ। ਇਹ ਅਰਥ ਠੀਕ ਨਹੀਂ—ਨਾ ਉਸ ਨੂੰ ਬੁਢੇਪਾ ਆਉਂਦਾ ਹੈ ਨਾ ਉਸ ਨੂੰ ਮੌਤ ਆਉਂਦੀ ਹੈ।

bsrstrust.org

ਪਰਫੜੁ

ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥ *(ਪੰਨਾ ੧੧੬੮)*

ਹੇ ਚਿਤ! ਪਰਫੁੱਲਤ ਹੋ ਜਾ, ਖਿੜ ਜਾ ਅਤੇ ਖਿੜਿਆ ਹੀ ਰਹੁ ਸਦਾ। ਸਦਾ ਸਦਾ ਸੋਇ ਗੋਬਿੰਦ ਹੀ ਸੰਮਾਲੀ ਰਖੁ ਸਿਮਰਨ ਵਿਚਿ। 'ਪਰਫੜੁ'—ਝਾੜੇ ਔਂਕੜ ਨਾਲਿ ਏਥੇ ਸੰਬੋਧਨ ਕਾਰਕ (vocative case) ਕਿਰਿਆ ਹੈ, ਏਸੇ ਕਰਕੇ 'ਚਿਤ' ਪਦ ਦਾ ਤੱਤਾ ਅੱਖਰ ਮੁਕਤਾ ਹੈ, ਚਿਤ ਨੂੰ ਸੰਬੋਧਨ ਜੋ ਕੀਤਾ ਹੈ। ਸੰਬੋਧਨ ਕਿਰਿਆ ਵਾਲਾ ਪਦ ਪਿਛਲੇ ਅੱਖਰ ਨੂੰ ਏਥੇ ਔਂਕੜ ਨਾਲਿ ਹੈ। ਔਂਕੜ ਵਾਲੇ ਕਿਰਿਆ ਪਦਾਂ ਦੀ ਸ਼੍ਰੇਣੀ ਵਿਚਿ ਗੁਰਬਾਣੀ ਅੰਦਰਿ ਐਨ ਏਸੇ ਨਿਯਮ ਨਾਲਿ ਅੰਕਤਿ ਹੋਇਆ ਆਉਂਦਾ ਹੈ।

ਸਾਰਿ

...ਗੁਣ ਵਿਚਿ ਗੁਣੁ ਲੈ ਸਾਰਿ ॥ *(ਪੰਨਾ ੧੧੬੮)*

ਗੁਣਾਂ ਵਿਚੋਂ ਸਾਰ ਤੱਤ ਗੁਣ ਜੋ ਨਾਮ ਹੈ ਤਿਸ ਨਾਮ ਰੂਪੀ ਸਾਰ ਗੁਣ ਨੂੰ ਲੈ ਕੇ ਸਾਂਭ ਛਡਿ। 'ਗੁਣ' ਣਾਣੇ ਮੁਕਤੇ ਨਾਲਿ ਬਹੁ-ਵਚਨ ਹੈ। 'ਗੁਣੁ' ਣਾਣੇ ਔਂਕੜ ਨਾਲਿ ਖ਼ਾਸ ਗੁਣ ਇਕ-ਵਚਨ ਹੈ। 'ਸਾਰਿ' ਪਦ ਏਥੇ ਕਿਰਿਆ ਵਾਚਕ ਸੰਬੋਧਨ ਕਾਰਕ (vocative case) ਵਿਚਿ ਹੈ, ਛੇਕੜਲੇ ਅੱਖਰ ਰਾਰੇ ਸਿਹਾਰੀ ਨਾਲਿ।

ਕਰਮ

ਕਰਮ ਪੇਡੁ ਸਾਖਾਹਰੀ ਧਰਮੁ ਫੁਲੁ ਫਲੁ ਗਿਆਨੁ ॥ *(ਪੰਨਾ ੧੧੬੮)*

ਨਾਮ ਰੂਪੀ ਪਰਮਾਰਥੀ ਬਿਰਛੁ ਦਾ ਐਸਾ ਪੇਡੁ ਉਪਜਿਆ ਹੈ (ਸਦ ਸਦੀਵ ਲਈ ਪਰਫੁਲਤ ਹੋਇਆ ਹੈ) ਕਿ ਜਿਸ ਦੀਆਂ ਅਭਿਆਸ ਕਰਮ ਰੂਪੀ ਸ਼ਾਖਾਂ (ਟਹਿਣੀਆਂ) ਸਦਾ ਹਰੀਆਂ ਰਹਿੰਦੀਆਂ ਹਨ। ਜਿਸ ਪੇਡ ਨੂੰ ਸੱਚ ਧਰਮ ਰੂਪੀ ਫਲ ਲਗ ਕੇ ਸਦਾ ਲਈ ਟਹਿਕਦਾ ਹੈ ਅਤੇ (ਗੁਰਮਤਿ) ਗਿਆਨ ਰੂਪੀ ਫਲ ਲਗ ਕੇ ਸਦਾ ਹੀ ਰਸ ਭਰਿਆ (ਬਿਸ਼ਗੁਫਤ) ਰਹਿੰਦਾ ਹੈ। 'ਕਰਮ' ਪਦ ਦਾ ਮੰਮਾ ਅੱਖਰ ਬਹੁ-ਵਚਨ ਹੋਣ ਕਰ ਕੇ ਮੁਕਤਾ ਹੈ। 'ਹਰੀ'—ਏਥੇ ਨਾਂਵ (noun) ਨਹੀਂ, ਵਿਸ਼ੇਸ਼ਣ (adjective) ਹੈ ਕਰਮ ਸਾਖਾ ਦਾ।

ਪਤ, ਮਨ

ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥ *(ਪੰਨਾ ੧੧੬੮)*

ਨਾਮ ਦੀ ਕਰਮ ਕਮਾਈ ਦੁਆਰਾ ਮਨ ਤੋਂ ਅਭਿਮਾਨੁ ਜਦੋਂ ਦੂਰ ਹੋ ਜਾਂਦਾ

bsrstrust.org

ਹੈ ਤਦ ਆਤਮ ਸਦ ਨਵ ਬਹਾਰ ਰੂਪੀ ਬਿਰਛ ਦੇ ਪਤਿਆਂ ਦੀ ਸੰਘਣੀ ਠੰਡੀ ਅਤੇ ਹਰੀ ਭਰੀ ਛਾਉਂ ਸਦਾ ਹੀ ਹਰੀ ਭਰੀ ਰਹਿੰਦੀ ਹੈ। 'ਪਤ' ਪਦ ਦਾ ਤੱਤਾ ਅੱਖਰ ਮੁਕਤਾ ਹੈ ਇਸ ਕਰਕੇ ਕਿ ਪਤਰਾਂ ਦੇ ਅਰਥ ਵਿਚ ਬਹੁ-ਵਚਨ ਹੈ। 'ਮਨ' ਦਾ ਮੰਮਾ ਅੱਖਰ ਤਾਂ ਮੁਕਤਾ ਹੈ ਕਿ ਇਸ ਦੇ ਅਗੇ 'ਤੋਂ' ਦੇ ਅਰਥਾਂ ਵਾਲਾ ਸਬੰਧਕ ਪਦ (preposition) ਅਨੁਮਾਨਕ ਹੈ।

ਪਤਿ

ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥
ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ ॥ *(ਪੰਨਾ ੧੧੬੮)*

ਨਾਮ ਲਿਵਤਾਰੀ ਬਸੰਤ ਬਹਾਰੀ ਮੌਸਮ ਐਸਾ ਖਿੜਦਾ ਹੈ ਕਿ ਅੱਖੀਆਂ ਦੁਆਰਾ ਕੁਦਰਤਿ ਦਾ ਨਜ਼ਾਰਾ ਕਾਦਰ ਵਾਹਿਗੁਰੂ ਦੀ ਜੋਤਿ ਨਾਲਿ ਸ਼ਗੁਫਤਾ ਦਿੱਬ ਦ੍ਰਿਸ਼ਟਾ ਨਦਰੀਂ ਆਉਂਦਾ ਹੈ ਅਤੇ ਕੰਨਾਂ ਦੁਆਰਾ ਬਾਣੀ ਦੀ ਧੁਨੀ ਹੀ ਹਰਦੰਮ ਸੁਣਾਈ ਦਿੰਦੀ ਹੈ ਅਤੇ ਮੁਖਾਰ ਬਿੰਦ ਤੋਂ ਸਹਜ ਸੁਭਾ ਹੀ ਸੱਚਾ ਨਾਮ ਸੁਤੇ ਅਭਿਆਸਤ ਹੁੰਦਾ ਰਹਿੰਦਾ ਹੈ। ਇਸ ਬਿਧਿ ਦਰਗਹਿ ਅੰਦਰਿ ਸੁਰਖ਼ੁਰੂਅਤ ਵਾਲੀ ਪਤਿ ਪਰਤਿਸ਼ਟਾ ਦਾ ਅਮੁੱਲ ਧਨੀ ਲੇਖਾ ਪੂਰਾ ਹੁੰਦਾ ਹੈ ਅਤੇ ਸਹਜ ਅਵਸਥਾ ਵਿਖੇ ਜੋਤਿ ਆਤਮੀ ਧਿਆਨ ਲਗਦਾ ਹੈ। 'ਪਤਿ' ਪਦ ਦੂਜੀ ਤੁਕ ਅੰਦਰਿ ਤੱਤੇ ਅੱਖਰ ਨੂੰ ਸਿਹਾਰੀ ਨਾਲਿ ਇਸ ਕਰਕੇ ਆਇਆ ਹੈ ਕਿ ਇਸ ਦਾ ਅਰਥ ਪਰਤਿਸ਼ਟਾ ਹੈ। ਇਸਤ੍ਰੀ-ਲਿੰਗ ਹੋਣ ਕਰਕੇ ਤੱਤੇ ਨੂੰ ਸਿਹਾਰੀ ਲਗੀ ਹੈ, ਹੋਰ ਅਰਥ ਬਣ ਹੀ ਨਹੀਂ ਸਕਦੇ।

ਸਾਰ

ਕਰਣੀ ਉਪਰਿ ਹੋਵਗਿ ਸਾਰ ॥ *(ਪੰਨਾ ੧੧੬੯)*

(ਨਾਮ ਅਭਿਆਸ ਰੂਪੀ) ਸੱਚੀ ਕਰਣੀ ਹੀ ਸਰਬ ਕਰਣੀ ਉਪਰ ਦੀ ਤੱਤ ਸਾਰ ਕਰਣੀ ਹੈ। 'ਸਾਰ' ਪਦ ਦਾ ਰਾਰਾ ਅੱਖਰ ਇਸ ਕਰਕੇ ਮੁਕਤਾ ਹੈ ਕਿਉਂਕਿ ਇਹ ਪਦ 'ਕਰਣੀ' ਨਾਂਵ (noun) ਦਾ ਵਿਸ਼ੇਸ਼ਣ ਰੂਪ ਹੈ। 'ਕਰਣੀ' ਪਦ ਇਸਤ੍ਰੀ-ਲਿੰਗ ਹੈ ਇਸ ਕਰਕੇ ਇਸ ਦਾ ਵਿਸ਼ੇਸ਼ਣ ਭੀ ਇਸਤ੍ਰੀ-ਲਿੰਗ ਹੈ। ਏਸੇ ਕਰ ਕੇ ਰਾਰਾ ਅੱਖਰ ਮੁਕਤਾ ਹੈ। 'ਸਾਰ' ਪਦ ਦੇ ਅਰਥ 'ਸਿੱਟੇ' ਯਾ 'ਫ਼ੈਸਲੇ' ਦੇ ਇਥੇ ਢੁਕਦੇ ਨਹੀਂ। ਜੇਕਰ 'ਸਿੱਟਾ' ਯਾ 'ਫ਼ੈਸਲਾ' ਅਰਥ ਹੀ ਮਖ਼ਸੂਸ ਹੁੰਦਾ ਤਾਂ 'ਸਾਰ' ਪਦ ਦੇ ਰਾਰੇ ਅੱਖਰ ਨੂੰ ਔਂਕੜ ਹੁੰਦਾ। ਮੁਕਤਾ ਕਦੇ ਨਾ ਹੁੰਦਾ।

ਸਭਿ ਦੂਖ ਬਿਨਾਸੇ ਰਾਮ ਰਾਇ ॥ *(ਪੰਨਾ ੧੧੬੯)*

ਰਾਮ ਰਾਇ ਨੇ ਸਾਰੇ ਦੁਖ ਦੂਰ ਕੀਤੇ (ਬਿਨਾਸ ਦਿਤੇ)। ਜੇ 'ਰਾਮਰਾਇ' ਦੇ ਅਰਥ 'ਹੇ ਰਾਮਰਾਇ' ਕੀਤੇ ਜਾਣ ਤਾਂ 'ਦੂਖ ਬਿਨਾਸੇ' ਕਿਰਿਆ ਦਾ ਕਰਤਾ (ਫਾਇਲ)

bsrstrust.org

ਕੋਈ ਨਹੀਂ ਰਹਿੰਦਾ। ਜੇ 'ਦੂਖ ਬਿਨਸੇ' ਪੰਗਤੀ ਹੁੰਦੀ ਤਾਂ ਇਹ 'ਹੇ ਰਾਮਰਾਇ' ਵਾਲੇ ਅਰਥ ਫਬ ਜਾਂਦੇ। ਸ਼ਬਦਾਰਥੀਏ ਅਰਥੱਈਆਂ ਨੇ ਸ਼ਾਇਦ ਇਸ ਕਰਕੇ ਇਹ ਅਰਥ ਕਰਨੇ ਠੀਕ ਸਮਝੇ ਹਨ ਕਿ 'ਰਾਮ' ਪਦ ਦਾ ਮੰਮਾ ਅੱਖਰ ਮੁਕਤਾ ਹੈ। ਪ੍ਰੰਤੂ ਇਹ ਖ਼ਿਆਲ ਨਹੀਂ ਕੀਤਾ ਕਿ ਏਥੇ 'ਰਾਮ ਰਾਇ' ਜੁੜਤ ਪਦ (compound word) ਹੈ। 'ਦੂਖ' ਬਹੁ-ਵਚਨ ਹੈ ਇਸ ਕਰਕੇ ਖੱਖਾ ਅੱਖਰ ਮੁਕਤਾ ਹੈ। ਤਾਂਹੀਓਂ 'ਦੂਖ' ਪਦ ਨਾਂਵ (noun) ਦਾ ਗਿਣਤੀ ਵਿਸ਼ੇਸ਼ਣ 'ਸਭਿ' ਪਦ ਭੀ ਬਹੁ-ਵਚਨਕ ਹੈ। ਭੱਭੇ ਨੂੰ ਸਿਹਾਰੀ ਇਸ ਗੱਲ ਦੀ ਸੂਚਕ ਹੈ।

ਊਤਮ

ਊਤਮ ਗਤਿ ਮਿਤਿ ਹਰਿ ਗੁਨ ਸਰੀਰ॥ *(ਪੰਨਾ ੧੧੬੯)*

ਸਰੀਰ ਦੀ ਗਤਿ ਮਿਤਿ ਹਰਿ ਗੁਨ ਕਰਕੇ ਊਤਮ ਹੋ ਜਾਂਦੀ ਹੈ। 'ਗਤਿ ਮਿਤਿ' ਪਦ ਇਸਤ੍ਰੀ-ਲਿੰਗ ਨਾਂਵ ਹੋਣ ਕਰਕੇ ਇਸ ਦਾ ਵਿਸ਼ੇਸ਼ਣ (adjective) 'ਊਤਮ' ਪਦ ਭੀ ਇਸਤ੍ਰੀ-ਲਿੰਗ ਵਾਚਕ ਹੈ। ਤਾਂਹੀ ਇਸ ਦਾ ਮੰਮਾ ਅੱਖਰ ਮੁਕਤਾ ਹੈ। 'ਹਰਿ ਗੁਨ' ਅੰਦਰ ਨੰਨਾ ਅੱਖਰ ਮੁਕਤਾ ਹੋਣ ਕਾਰਨ ਇਸ ਦੇ ਪਿਛੋਂ 'ਕਰਕੇ' ਅਰਥਾਂ ਦੀ ਸੰਭਾਵਨਾ ਹੈ। 'ਸਰੀਰ' ਪਦ ਦਾ ਰਾਰਾ ਮੁਕਤਾ ਹੋਣ ਕਰਕੇ ਇਸ ਦੇ ਅਰਥ 'ਸਰੀਰ ਵਿਚਿ' ਨਹੀਂ ਹੋ ਸਕਦੇ ਐਸਾ ਕਿ ਸ਼ਬਦਾਰਥੀਆਂ ਨੇ ਕੀਤੇ ਹਨ 'ਹਰੀ ਦੇ ਗੁਣ ਸਰੀਰ ਵਿਚਿ ਧਾਰਨ ਕਰਨ ਨਾਲਿ'। ਮੁਕਤੇ ਅੱਖਰ ਦੀ ਸੰਭਾਵਨਾ 'ਦੀ' 'ਕਰਕੇ' ਦੇ ਸੰਬੋਧਨੀ ਅਰਥ ਸੰਭਾਵਨਾ ਰਖਦੀ ਹੈ।

ਭਾਇ, ਹਰਿ ਗੁਰੁ, ਗੁਰ, ਗੁਰਿ

ਮੇਰੀ ਸਖੀ ਸਹੇਲੀ ਸੁਨਹੁ ਭਾਇ॥ *(ਪੰਨਾ ੧੧੭੦)*

ਹੇ ਮੇਰੀ ਸਖੀ ਸਹੇਲੀ ਭਾਇ ਕਰਕੇ (ਸਰਧਾ ਲਾਇਕੇ) ਸੁਣਹੁ (ਅਗਲੀ ਗੱਲ)। 'ਭਾਇ'—ਭਾਇ ਕਰਕੇ। 'ਹੇ ਭਾਈ' ਦਾ ਭਾਵ ਨਹੀਂ। ਇਹ ਗੁਪਤ ਗੱਲ ਭੇਦ ਅਭੇਦ ਵਾਲੀ ਸਰਧਾ ਲਾਇਕੇ ਭਾਇ ਸੇਤੀ ਸੁਣਹੁ ਕਿ—"ਮੇਰਾ ਪਿਰੁ ਰੀਸਾਲੂ ਸੰਗਿ ਸਾਇ"[1] ਹੈ। "ਓਹੁ ਅਲਖੁ ਨ ਲਖੀਐ ਕਹਹੁ ਕਾਇ॥[1]

ਉਹ ਹੈ ਤਾਂ ਸੰਗਿ ਸਾਥ ਹੀ ਪਰ ਅਲੱਖ ਹੈ, ਲਖਿਆ ਨਹੀਂ ਜਾਂਦਾ। ਕੀਹਨੂੰ ਕਹੀਐ ਜੋ ਲਖਾ ਦੇਵੇ। ਇਸ ਤੋਂ ਅਗਲੀ ਤੁਕ ਇਸ ਦਾ ਸਪਸ਼ਟ ਉੱਤਰ ਹੈ। "ਗੁਰਿ ਸੰਗਿ ਦਿਖਾਇਓ ਰਾਮ ਰਾਇ"—ਸਤਿਗੁਰੂ ਨੇ ਉਸ ਅਲਖ ਪਾਰਬ੍ਰਹਮ ਰਾਮ ਰਾਇ ਨੂੰ ਪਰਤੱਖ ਨਾਲਿ ਹੀ ਦਿਖਾ ਦਿਤਾ ਹੈ। ਸਤਿਗੁਰੂ ਹੀ ਸਮਰਥ ਹੈ, ਅਲਖ ਲਖਾਉਣ ਨੂੰ। ਤਾਂ ਤੇ 'ਕਹਹੁ ਕਾਇ' ਦੇ ਅਰਥ 'ਦਸੋ ਕਿਵੇਂ ਮਿਲੇ' ਦੇ ਠੀਕ ਨਹੀਂ। ਨਾਮੁ ਗੁਰੂ

---

੧. ਪੰਨਾ ੧੧੭੦.

bsrstrust.org

ਦੁਆਰਾ ਸੱਚੇ ਗੁਰੂ ਦੁਆਰਾ ਮਿਲਦਾ ਹੈ ਅਤੇ ਗੁਰੂ ਨੂੰ, ਸੱਚੇ ਸਤਿਗੁਰੂ ਨਾਮ ਦੇ ਦਾਤੇ ਨੂੰ ਹਰਿ ਗੁਰੂ, ਗੁਰੂ ਪਰਮੇਸ਼ਰ ਆਪਿ ਮਿਲਾਉਂਦਾ ਹੈ—"ਜਨ ਨਾਨਕ ਹਰਿ ਗੁਰੁ ਗੁਰ ਮਿਲਾਉ ॥"[1] ਗੁਰੂ ਸੱਚੇ ਸਤਿਗੁਰੂ ਨਾਮ ਦੇ ਰਾਹੀਂ ਗੁਰੂ ਨੂੰ ਮਿਲਾਉਂਦਾ ਹੈ ਹਰਿ ਗੁਰੂ ਰੂਪੀ ਗੁਰੁ ਪਰਮੇਸ਼ਰ। ਇਸ ਪੰਗਤੀ ਅੰਦਰਿ ਦੂਜੇ ਪਦ 'ਗੁਰ' ਦਾ ਰਾਰਾ ਏਸ ਕਰਕੇ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਨੂੰ' ਸਬੰਧਕ ਪਦ (preposition) ਮਫ਼ਹੂਮ ਹੈ। ਪਹਿਲਾ ਪਦ 'ਗੁਰ' 'ਹਰਿ ਗੁਰੁ' ਦਾ ਰਾਰਾ ਅੱਖਰ ਇਸ ਕਰਕੇ ਔਂਕੜ ਸਹਿਤ ਹੈ ਕਿਉਂਕਿ ਇਥੇ 'ਹਰਿ ਗੁਰੁ' ਕਰਤਾ ਨਾਂਵ ਹੈ। "ਗੁਰਿ ਸੰਗਿ ਦਿਖਾਇਓ ਰਾਮ ਰਾਇ" ਵਾਲੀ ਪੰਗਤੀ ਵਿਚਿ 'ਗੁਰੂ' ਕਰਤਾ ਹੈ। ਅਤੇ 'ਰਾਮ ਰਾਇ' ਕਰਮ ਹੈ। ਇਸ ਕਰਕੇ 'ਗੁਰਿ' ਪਦ ਦੇ ਰਾਰੇ ਅੱਖਰ ਨੂੰ ਸਿਹਾਰੀ ਹੈ—ਗੁਰੂ ਨੇ ਦਿਖਾ ਦਿਤਾ ਰਾਮ ਰਾਇ ਨੂੰ ਸੰਗਿ ਸਾਥ।

ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ... ॥ *(ਪੰਨਾ ੧੧੭੦)*

ਹਰੀ ਰੂਪੀ ਵਰ ਦੀਆਂ ਜਗਿਆਸਣਾਂ ਪਿਆਰੀਆਂ ਹਰਿ ਪ੍ਰਭੂ ਦੇ ਸੰਗਿ ਰੰਗ-ਰਲੀਆਂ ਮਾਣਨ ਲਗ ਜਾਂਦੀਆਂ ਹਨ ਜੋ 'ਗੁਰਮੁਖਿ ਖੋਜਤ ਮਨ ਮਨੇ'।

ਸੇਵਤ ਰੇ

ਗੁਰ ਸੇਵਤ ਰੇ ਤਜਿ ਮੇਰ ਤੋਰ ॥ *(ਪੰਨਾ ੧੧੭੦)*

ਲਗਮਾਤ੍ਰੀ ਨਿਯਮਾਂ ਅਨੁਸਾਰ ਇਹੀ ਪਾਠ ਠੀਕ ਹੈ 'ਗੁਰ ਸੇਵਤ ਰੇ'। ਸ਼ਬਦਾਰਥੀਆਂ ਦਾ ਪਦ ਛੇਦ ਪਾਠ 'ਗੁਰ ਸੇਵ ਤਰੇ ਤਜਿ ਮੇਰ ਤੋਰ' ਠੀਕ ਨਹੀਂ। ਇਹ ਠੀਕ ਤਦ ਹੁੰਦਾ ਜੇ 'ਸੇਵ' ਦੇ ਥਾਉਂ 'ਸੇਵਿ' ਪਾਠ ਹੁੰਦਾ। 'ਸੇਵ' ਪਦ ਦੇ ਵਾਵੇ ਅੱਖਰ ਨੂੰ ਸਿਹਾਰੀ ਲਗੀ ਹੋਈ ਹੁੰਦੀ। ਤਾਂ ਤੇ 'ਸੇਵਤ' ਪਾਠ ਹੀ ਠੀਕ ਹੈ। 'ਰੇ' ਨਿਖੜਮਾਂ ਉਠਾਉਣਾ ਹੈ। 'ਸੇਵ ਤਰੇ' ਇਉਂ ਨਹੀਂ ਪਾਠ ਨਿਖੇੜਨਾ। ਗੁਰਬਾਣੀ ਨੂੰ ਪਦ ਛੇਦ ਕਰਕੇ ਲਿਖਣਾ ਮਹਾਂ ਮਨਮਤਿ ਹੈ।

ਭਗਤਿ ਸੁਹਾਵੀ

ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥ *(ਪੰਨਾ ੧੧੭੦)*

ਜੇ ਕਰਮਾਂ ਵਿਚ ਸ਼ੁਭ ਭਾਗੁ ਹੋਵੇ (ਲਿਖਿਆ) ਤਾਂ ਹਰੀ ਭਗਤੀ ਕੀਤੀ ਸੁਹਾਵੀ ਹੁੰਦੀ ਹੈ। 'ਸੁਹਾਵੀ' ਪਦ ਏਥੇ ਕਿਰਿਆ ਵਾਚਕ ਹੈ, ਨਾ ਕਿ 'ਭਗਤਿ' ਪਦ ਦਾ ਵਿਸ਼ੇਸ਼ਣ (ਜੈਸਾ ਕਿ ਸ਼ਬਦਾਰਥੀਆਂ ਨੇ ਅਰਥਾਇਆ ਹੈ)।

"ਗੁਰੁ ਮੇਲਿ ਮਿਲਾਵੈ ਕਰੇ ਦਾਤਿ" ॥[1] "ਗੁਰ ਸਿਖ ਪਿਆਰੇ"[1] (ਪਿਛਲੀ ਦੂਜੀ

---

੧. ਪੰਨਾ ੧੧੭੦.

bsrstrust.org

ਤੁਕ ਤੋਂ ਅਰਥ ਲੈਣਾ ਹੈ) ਗੁਰੂ ਨੂੰ ਸਿਖ (ਆਪਣੇ) ਦਿਨੇ ਰਾਤਿ ਪਿਆਰੇ ਹਨ। (ਗੁਰ ਸਿਖਾਂ ਤੇ ਹੀ ਤੁਠ ਕੇ ਇਹ) ਦਾਤਿ ਗੁਰੂ ਕਰੇ ਤਾਂ ਕਰੇ (ਗੁਰ ਸਿਖਾਂ ਨੂੰ) ਗੁਰੂ ਮੇਲ ਮਿਲਾਉਂਦਾ ਹੈ (ਗੁਰੂ ਕਰਤਾਰ ਨਾਲਿ)। ਪਹਿਲੀ ਪੰਗਤੀ ਵਿਚਿ 'ਗੁਰੁ' ਪਦ ਰਾਰੇ ਔਂਕੜ ਨਾਲਿ ਹੈ ਕਰਤਾ ਰੂਪ ਹੋਣ ਕਰਕੇ। ਦੂਜੀ ਪੰਗਤੀ ਵਿਚਿ 'ਗੁਰ' ਪਦ ਦਾ ਰਾਰਾ ਅੱਖਰ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਨੂੰ' ਸਬੰਧਕੀ ਪਦ (preposition) ਮਹਿਜ਼ੂਫ ਅਤੇ ਮਫ਼ਹੂਮ ਹੈ। ਤਾਂ ਤੇ ਦੂਜੀ ਪੰਗਤੀ ਵਿਚਿ 'ਗੁਰ ਸਿਖ' ਪਦ ਇਕੱਠਾ ਜੁੜਤ (compound) ਪਦ ਕਰਕੇ ਨਹੀਂ ਉਠਾਉਣਾ ਜੈਸਾ ਕਿ ਪਦ ਛੇਦੀਆਂ ਨੇ ਕੀਤਾ ਹੈ। ਇਹ ਗ਼ਲਤ ਹੈ।

ਧਨ

ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ॥ *(ਪੰਨਾ ੧੧੭੧)*

ਇਸ ਤੁਕ ਅੰਦਰਿ 'ਧਨ' ਪਦ ਦਾ ਅਰਥ 'ਇਸਤ੍ਰੀ' ਹੈ ਨਾ ਕਿ ਧਨੁ (ਮਾਇਆ) ਜੈਸਾ ਕਿ ਸ਼ਬਦਾਰਥੀਆਂ ਕੀਤਾ ਹੈ। ਗੁਰਬਾਣੀ ਅੰਦਰਿ ਮਾਇਆ ਦੇ ਅਰਥਾਂ ਵਾਲਾ 'ਧਨੁ' ਪਦ ਹਮੇਸ਼ਾ ਨੰਨੇ ਨੂੰ ਔਂਕੜ ਨਾਲ ਆਉਂਦਾ ਹੈ। ਨੰਨਾ ਮੁਕਤਾ ਹਮੇਸ਼ ਧਨ' ਪਦ ਦਾ ਅਰਥ 'ਇਸਤ੍ਰੀ' ਕਰਨਾ ਉਚਿਤ ਹੈ।

ਅਖਰ ਲਿਖੇ

ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ॥
ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ॥ *(ਪੰਨਾ ੧੧੭੧)*

ਹੇ ਮੇਰੇ ਸਾਹਿਬਾ ! ਮੈਂ ਕੁਚੱਜੀ ਆਪਣੇ ਆਪਿ ਹੀ ਭਰਮਾਂ ਵਿਚਿ ਭੁਲਾਣੀ ਫਿਰਦੀ ਹਾਂ ਕਿ ਸੱਚੀ ਵਥ ਨੂੰ ਛਡਕੇ ਕੱਚੀਆਂ ਵਥਾਂ ਵਿਹਾਝਦੀ ਫਿਰਦੀ ਹਾਂ। ਚਾਹੀਦਾ ਤਾਂ ਇਹ ਹੈ ਕਿ ਧੁਰੋਂ ਆਈ ਬਾਣੀ ਨੂੰ ਇੰਨ ਬਿੰਨ ਅੱਖਰ ਅੱਖਰ ਦਾ ਸੁੱਧ ਅਖੰਡ ਨਿਰਬਾਣ ਕੀਰਤਨ ਕਰ ਗਾਵਾਂ। ਹੋਰ ਕਚ ਪਿਚੀ ਬਾਣੀ ਨੂੰ ਸਿਆਣਾਂ ਹੀ ਨਾ। ਸਿਆਣੇ ਅਕਲੱਈਏ ਅਪਣੀਆਂ ਕੁਚੱਜੀਆਂ ਸਿਆਣਾਂ ਕਰਿ ਕਰਿ ਮਨੋਉਕਤ ਘੜਿ ਘੜਿ ਕੱਚੀਆਂ ਬਾਣੀਆਂ ਗਾਉਂਦੇ ਹਨ। ਕੰਚਨੀ ਵਥ ਨੂੰ ਛਡ ਕੇ ਕੱਚ ਨੂੰ ਵਿਹਾਝਦੇ ਹਨ। ਸ਼ਬਦਾਰਥੀਏ ਇਸ ਤੁਕ ਦੇ ਬੜੇ ਹੀ ਖਿਚਵੇਂ ਅਰਥ ਕਰਦੇ ਹਨ ਜੋ ਉੱਕੇ ਹੀ ਨਹੀਂ ਢੁਕਦੇ। "ਅਖਰ ਲਿਖੇ ਸੇਈ ਗਾਵਾ" ਦੇ ਅਰਥ ਇਹ ਕਿਵੇਂ ਬਣ ਜਾਣਗੇ ਕਿ—'ਜੋ ਮੇਰੇ ਸਿਰ ਤੇ ਤੇਰੇ ਵਲੋਂ ਹੁਕਮ ਦੀ ਲਿਖਤ ਲਿਖੀ ਹੈ ਉਸੇ ਅਨੁਸਾਰ ਕਰਦੀ ਹਾਂ।' ਜੇ ਇਹ ਅਰਥ ਠੀਕ ਹਨ ਤਾਂ "ਆਪੇ ਭਰਮਿ ਭੁਲਾਣੀ" ਕਿਵੇਂ ਹੋਈ ? 'ਬਾਣੀ' ਦੇ ਪਦ ਅਰਥ ਓਹ 'ਨਟਵਟ' ਕਰਦੇ ਹਨ। ਕੈਸੀ ਗ਼ਲਤ ਅਰਥਾ ਬੰਦੀ ਹੈ, ਭਰਨ ਭੁਲਾਉਣ ਵਾਲੀ। ਪਾਠ ਭੀ ਸਪਸ਼ਟ ਹੈ ਅਤੇ ਸਪਸ਼ਟ ਹੀ ਅਰਥ ਹਨ। ਖਿਚਾ ਖਿਚੀ ਦੀ ਕੀ ਲੋੜ ਹੈ ਏਥੇ।

bsrstrust.org

ਦੁਇ ਅਖਰ ਦੁਇ ਨਾਵਾ

ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ ॥ *(ਪੰਨਾ ੧੧੭੧)*

ਭਾਵ ਅਰਥ—ਹੇ ਪੰਡਿਤ ਜੇ ਤੂੰ ਸੱਚਮੁਚ ਪੜ੍ਹਿਆ ਹੋਇਆ, ਸੱਚੀ ਪੜ੍ਹਾਈ ਪੜ੍ਹਿਆ ਹੋਇਆ ਪੰਡਿਤ ਬੀਨਾ (ਗੁਰਮਤਿ ਬੀਨਾਈ ਗੁਰਮਤਿ ਦਾਨਾਈ ਵਾਲਾ ਦਾਨਾ ਬੀਨਾ) ਬਣਨਾ ਹੈ ਅਤੇ ਸਾਚੀ ਗੁਰਮਤਿ ਪੜ੍ਹਾਈ ਵਾਲਾ ਪੰਡਿਤ ਬਣਨਾ ਹੈ; ਅਤੇ ਜੇਕਰ ਸੱਚ ਨਿਰੰਕਾਰ ਦੀ ਜੋਤਿ ਵਿਚਿ ਸਮਾਉਣਾ ਤੈਨੂੰ ਦਰਕਾਰ ਹੈ ਤਾਂ ਗੁਰਮਤਿ ਨਾਮ ਦੀ ਬਣਤਰ ਵਾਲਾ ਦੁਇ ਅੱਖਰੀ ਦੁਇ ਨਾਵਿਆਂ ਵਾਲਾ ਇਕੋ ਚੁਅੱਖਰੀ ਨਾਮੁ ਗੁਰਮਤਿ ਦੁਆਰਾ ਗ੍ਰਹਿਨ ਕਰ, ਜੋ ਕੇਵਲ ਗੁਰਬਾਣੀ ਵਿਚੋਂ ਹੀ ਗੁਰਮਤਿ ਦੁਆਰਾ ਲਭਦਾ ਹੈ। ਇਹੀ ਗੁਰਮਤਿ ਨਾਮ ਦਾ ਸੱਚਾ ਨਾਮ, ਸਤਿ ਨਾਮ ਹੈ। ਹੋਰ ਸਭ ਨਾਮ ਕਿਰਤਮ ਨਾਮ ਹਨ। ਕਿਰਤਮੀ ਬਣਤਰ ਦੁਆਰਾ ਆਪੋ ਧਾਪੀ ਥਾਪਨਾ ਦੇ ਨਾਮ ਬਣਾਏ ਹਨ। ਕੇਵਲ ਇਕ ਗੁਰਮਤਿ ਨਾਮ (ਵਾਹਿਗੁਰੂ) ਹੀ ਤਰਾਵਨ ਹਾਰਾ ਨਾਮ ਹੈ, ਜੋ ਸੱਚੇ ਸਤਿਗੁਰੂ ਦੀ ਸਰਣਾਗਤਿ ਪਇਆਂ ਹੀ ਮਿਲਦਾ ਹੈ। ਇਸੇ ਗੁਰਮਤਿ ਨਾਮ ਦੁਆਰਾ ਹੀ ਸੱਚੇ ਵਾਹਿਗੁਰੂ ਦੇ ਸਰੂਪ ਵਿਚਿ ਸਮਾ ਕੇ ਵਾਹਿਗੁਰੂ ਨਾਲਿ ਇਕ ਮਿਕ ਹੋਈਦਾ ਹੈ। "ਦੁਇ ਅਖਰ ਦੁਇ ਨਾਵਾ" ਪੰਗਤੀ ਵਿਚਿ 'ਨਾਵਾ' ਪਦ ਦੇ 'ਬੇੜੀ', 'ਕਿਸ਼ਤੀ' ਅਰਥ ਕਰਨੇ ਅਨਰਥ ਹਨ। ਫੇਰ ਤਾਂ ਕੈ ਬੇੜੀਆਂ ਹੋ ਜਾਣਗੀਆਂ ? ਪੰਡਿਤ ਪੜ੍ਹਿਆ ਬੀਨਾ ਉਹ ਕਾਹਦਾ ਹੋਇਆ ?

ਆਤਮ ਦੇਵ

ਤੈ ਸਾਹਿਬ ਕੀ ਕਰਹਿ ਸੇਵ ॥
ਪਰਮ ਸੁਖ ਪਾਵਹਿ ਆਤਮ ਦੇਵ ॥ *(ਪੰਨਾ ੧੧੭੨)*

ਜੋ ਜਨ, ਹੇ ਵਾਹਿਗੁਰੂ ਸਾਹਿਬ ਤੇਰੀ ਸੇਵਾ ਸਿਮਰਨ ਕਰਦੇ ਹਨ। ਸੋ ਪਰਮ ਸੁਖਾਂ ਨੂੰ ਪ੍ਰਾਪਤਿ ਹੁੰਦੇ ਹਨ ਅਤੇ ਸੱਚੇ ਆਤਮ ਦੇਵਤੇ ਬਣ ਜਾਂਦੇ ਹਨ। ਆਤਮ ਦੇਵਤੇ ਪਰਮ ਸੁਖਾਂ ਨੂੰ ਪ੍ਰਾਪਤਿ ਹੁੰਦੇ ਹਨ। 'ਆਤਮ ਦੇਵ' ਦੇ ਅਰਥ—'ਹੇ ਆਤਮ ਦੇਵ' ਕਰਨੇ ਠੀਕ ਨਹੀਂ ਜੋ ਪਹਿਲੇ 'ਤੇ ਸਾਹਿਬ' ਵਲ ਸੰਬੋਧਨ ਹੈ, ਫੇਰ ਦੂਜਾ ਸੰਬੋਧਨ ਆਤਮ ਦੇਵ ਕਰਨਾ ਅਨੁਥਾ ਹੈ। 'ਆਤਮ ਦੇਵ' ਤੋਂ ਭਾਵ 'ਪਰਮਾਤਮ ਦੇਵ' ਤਾਂ ਬਣ ਹੀ ਨਹੀਂ ਸਕਦਾ। 'ਪਰਮਾਤਮ ਦੇਵ' ਨੂੰ 'ਤੈ ਸਾਹਿਬ' ਕਹਿ ਕੇ ਪਹਿਲਾਂ ਹੀ ਮੁਖ਼ਾਤਬ ਕੀਤਾ ਹੋਇਆ ਹੈ। 'ਦੇਵ' ਪਦ ਬਹੁ-ਵਚਨ ਹੈ ਦੇਵਤਿਆਂ ਦੇ ਅਰਥ ਵਿਚਿ। ਏਸ ਕਰਕੇ ਵਾਵਾ ਅੱਖਰ 'ਦੇਵ' ਦਾ ਮੁਕਤਾ ਹੈ।

ਚਾਰਿ ਬੇਦ

ਦੁਤੀਆ ਮਉਲੇ ਚਾਰਿ ਬੇਦ ॥ *(ਬਸੰਤੁ ਬਾਣੀ ਕਬੀਰ ਜੀ, ਪੰਨਾ ੧੧੯੩)*

bsrstrust.org

ਜਿਸ ਗੁਰਵਾਕ ਅੰਦਰਿ ਇਹ ਤੁਕ ਆਈ ਹੈ, ਉਸ ਦੀਆਂ ਅਸਥਾਈ ਵਾਲੀਆਂ ਤੁਕਾਂ ਸਾਰੇ ਵਾਕ ਦਾ ਸਾਰ ਭਾਵ ਪ੍ਰਗਟਾਉਂਦੀਆਂ ਹਨ :

ਰਾਜਾ ਰਾਮੁ ਮਉਲਿਆ ਅਨਤ ਭਾਇ ॥
ਜਹ ਦੇਖਉ ਤਹ ਰਹਿਆ ਸਮਾਇ ॥ *(ਪੰਨਾ ੧੧੯੩)*

ਜਦੋਂ ਨਾਮ **ਅਭਿਆਸ** ਕਮਾਈ ਦੁਆਰਾ ਘਟ ਅੰਤਰਿ ਜੋਤਿ ਦਾ ਪਰਗਾਸ ਹੋਇਆ ਜਗਿਆਸੂ ਜਨ ਦੇ, ਤਾਂ ਜੋਤੀਸ਼ ਵਾਹਿਗੁਰੂ ਅੰਦਰਿ ਬਾਹਿਰ ਖੰਡਾਂ ਬ੍ਰਹਮੰਡਾਂ ਵਿਖੇ ਸਾਰੇ ਹੀ ਸਾਰੀ ਕਾਇਨਾਤ ਵਿਚਿ ਵਿਗਸ਼ੁਫਤ ਹੋਇਆ ਪਰਤੱਖ ਪੇਖਿਆ ਗਿਆ। ਰਮਤ ਰਾਮ ਵਾਹਿਗੁਰੂ ਦੀ ਜੋਤਿ ਅਨਿਕ ਭਾਂਤ ਕਰਿ ਸਾਰੇ ਹੀ ਆਭਾ ਮਾਰਨ ਲਗੀ। ਜਿਥੇ ਵੀ ਨਜ਼ਰ ਮਾਰੀ ਗਈ, ਜਿਥੇ ਭੀ ਦ੍ਰਿਸ਼ਟੀ ਪਾਈ ਤਿਥੇ ਹੀ ਵਿਗਾਸ ਰੂਪ ਵਾਹਿਗੁਰੂ ਹੀ ਸਮਾਇਆ ਹੋਇਆ ਪਰਤੱਖ ਲਖਿਆ ਗਿਆ। ਇਸ ਦਿਬ ਦ੍ਰਿਸ਼ਟਤ ਸੁਰਤੀ ਦੇ ਸਨਮੁਖ ਸਾਰੀ ਧਰਤੀ ਹੀ ਮਉਲੀ ਹੋਈ (ਵਿਗਾਸੀ ਹੋਈ) ਪ੍ਰਤੀਤ ਹੋਈ। ਸਾਰਾ ਆਕਾਸ਼ ਭੀ ਮਉਲਿਆ (ਵਿਗਾਸਿਆ) ਹੋਇਆ ਨਦਰੀ ਆਇਆ। ਹਰੇਕ ਪ੍ਰਾਣੀ ਦੇ ਘਟ ਅੰਦਰਿ, ਸਾਰੇ ਘਟਾਂ ਅੰਦਰਿ, ਹਰੇਕ ਹੀ ਘਟ ਅੰਦਰਿ ਪਰਮਾਤਮਾ ਦੀ ਆਤਮ ਅੰਸ ਦਾ ਮਉਲਣਾ ਵਿਗਸਣਾ ਹੀ ਦਿਸਿਆ "ਮਉਲੀ ਧਰਤੀ ਮਉਲਿਆ ਅਕਾਸੁ ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥" ਸੋ ਏਸੇ ਤਰ੍ਹਾਂ ਚਾਰੇ ਬੇਦ ਭੀ ਮਉਲੇ ਹੋਏ ਪਰਤੀਤ ਹੋਏ। ਸਾਰੀਆਂ ਸਿਮ੍ਰਿਤੀਆਂ ਭੀ ਮਉਲੀਆਂ ਹੋਈਆਂ ਪਰਤੀਤ ਹੋਈਆਂ। ਸਣੇ ਮੋਮਨੀ ਮਤ ਦੀਆਂ ਕਿਤਾਬਾਂ ਦੇ (ਅੰਜੀਲ, ਕੁਰਾਨ, ਤੋਰੇਤ, ਜੰਬੂਰ) ਹੋਰ ਭੀ ਸਭ ਮਉਲੇ ਹੋਏ "ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ"[1] ਗੁਰਵਾਕ ਦੇ ਭਾਵ ਵਾਲਾ ਵਰਤਾਰਾ ਹੀ ਵਰਤਿਆ। ਤਾਂ ਤੇ "ਦੁਤੀਆ ਮਉਲੇ ਚਾਰਿ ਬੇਦ" ਦੇ ਅਰਥ ਜੋ ਸ਼ਬਦਾਰਥੀ ਜਨ ਇਹ ਕਰਦੇ ਹਨ--ਚਾਰ ਬੇਦਾਂ ਤੋਂ ਉਹਦਾ ਗਿਆਨ ਪਰਕਾਸ਼ ਹੋ ਰਿਹਾ ਹੈ' ਬਿਲਕੁਲ ਗ਼ਲਤ ਅਤੇ ਗੁਰਮਤਿ ਪ੍ਰਤਿਕੂਲ ਹੈ। 'ਚਾਰਿ ਬੇਦ' ਏਥੇ ਕਰਮ (object) ਹੈ ਨਾ ਕਿ ਕਰਤਾ (subject) ਰੂਪ ਹੈ। ਤਾਂ ਤੇ 'ਚਾਰ ਬੇਦਾਂ ਤੋਂ ਉਸ ਦਾ ਗਿਆਨ ਪ੍ਰਕਾਸ਼ ਹੁੰਦਾ ਹੈ', ਅਰਥ ਕਰਨੇ ਮਨਘੜਤ ਹਨ। ਪੰਗਤੀ ਦੀ ਬਣਤਰ ਹੀ ਇਹ ਅਰਥ ਨਹੀਂ ਬਣਨ ਦਿੰਦੀ। ਜਿਸ ਤੋਂ ਮੁਗ਼ਾਲਤਾ ਇਹ ਲਗਦਾ ਹੈ ਕਿ ਬੇਦ ਤੱਤ ਗਿਆਨ ਪਰਕਾਸ਼ਨ ਹਾਰੇ ਹਨ। ਇਸ ਸਾਰੇ ਗੁਰਵਾਕ ਦਾ ਸਾਰ ਤੱਤ ਇਹੀ ਹੈ ਕਿ ਪਰਮਾਤਮਾ ਦੀ ਜੋਤਿ (ਜੋ ਉਤਮ ਜਗਿਆਸੂ ਜਨ, ਗੁਰਮੁਖਿ ਭਗਤ ਦੇ ਹਿਰਦੇ ਅੰਦਰਿ ਪ੍ਰਕਾਸ਼ਤ ਹੁੰਦੀ ਹੈ) ਦੇ ਪ੍ਰਭਾਵ ਕਰਕੇ ਜਿਥੇ ਦੇਖੋ ਸਾਰੇ ਹੀ ਪਰਮਾਤਮਾ ਦੀ ਡਲ੍ਹਕ ਪੈਂਦੀ ਹੈ। ਸਾਰੀ ਧਰਤੀ ਵਿਖੇ, ਸਾਰੇ ਆਕਾਸ਼ ਵਿਖੇ, ਸਾਰੇ ਖੰਡਾਂ ਬ੍ਰਹਿਮੰਡਾਂ ਵਿਖੇ, ਸਾਰੀ ਕਾਇਨਾਤ ਅੰਦਰਿ, ਇਸ ਕਾਇਨਾਤ ਦੀ ਕੁਦਰਤਿ ਅੰਦਰਿ ਬਣਤਰੀ ਹਰ ਸ਼ੈ ਵਸਤੂ ਅੰਦਰਿ ਓਹੀ ਪਰਮਾਤਮ ਜੋਤਿ ਆਭਾਂ ਮਾਰ ਰਹੀ ਹੈ। ਏਸੇ ਤਰ੍ਹਾਂ ਕਾਇਨਾਤੀ ਬਣਤਰੀਆਂ ਪੁਸਤਕਾਂ ਬੇਦਾਂ,

---

੧. ਪੰਨਾ ੧੩.

bsrstrust.org

ਕਤੇਬਾਂ, ਸਿਮ੍ਰਿਤੀਆਂ ਅੰਦਰਿ ਭੀ ਉਹੀ ਜੋਤਿ ਹੀ ਜਲਵੇ ਦੇ ਰਹੀ ਹੈ। ਇਹ ਅਨੁਮਾਨਕ ਅਰਥ ਗਿਆਨ ਮਹਾਂ ਅਗਿਆਨ ਜਨਕ ਹੈ ਕਿ ਬੇਦ ਆਦਿਕ ਪਰਮਾਤਮਾ ਦੀ ਜੋਤਿ ਨੂੰ ਪ੍ਰਕਾਸ਼ ਕਰਨ ਹਾਰੇ ਹਨ। ਇਸ ਗੁਰਵਾਕ ਦੀ ਸਭ ਤੋਂ ਪਿਛਲੇਰੀ ਤੁਕ 'ਕਬੀਰ ਕੋ ਸੁਆਮੀ ਸਭ ਸਮਾਨ' ਨੇ ਤਾਂ ਫ਼ੈਸਲਾ ਹੀ ਕਰਿ ਦਿਤਾ। 'ਸਭ ਸਮਾਨ'—ਸਾਰੇ ਹੀ ਸਮਾ ਰਿਹਾ ਹੈ। ਇਹ ਅਰਥ ਨਹੀਂ ਕਿ ਸਾਰਿਆਂ ਵਿਚਿ ਇਕੋ ਜਿਹਾ ਹੀ ਸਮਾ ਰਿਹਾ ਹੈ। 'ਸਭ' ਦੇ ਭੱਭੇ ਅੱਖਰ ਨੂੰ ਸਿਹਾਰੀ ਨਹੀਂ।

ਅਹੰਕਾਰੀ

...ਸਾਕਤ ਕਉ ਦੂਰਿ ਭਇਆ ਅਹੰਕਾਰੀ ॥ *(ਪੰਨਾ ੧੧੯੮)*

ਸਾਕਤ ਪੁਰਸ਼ ਨੂੰ (ਵਾਹਿਗੁਰੂ) ਦੂਰ ਭਾਸਦਾ ਹੈ ਅਹੰਕਾਰ ਦੇ ਕਾਰਨ। 'ਅਹੰਕਾਰੀ' ਪਦ ਦੇ ਰਾਰੇ ਅੱਖਰ ਦੀ ਬਿਹਾਰੀ 'ਕਾਰਨ', 'ਕਰਕੇ' ਦਾ ਅਰਥ ਰਖਦੀ ਹੈ।

ਗਿਆਨਿ ਤਤਿ

ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵਲਾਇ ॥੩॥੪॥
(ਸਾਰੰਗ ਮ: ੪, ਪੰਨਾ ੧੧੯੯)

ਭਾਵ, ਵਾਹਿਗੁਰੂ ਨਾਮ (ਗੁਰਮਤਿ ਨਾਮ) ਦੀ ਅਭਿਆਸ ਕਮਾਈ ਕਰਨ ਕਰਿ ਮਤਿ (ਬੁੱਧੀ) ਪ੍ਰਕਾਸ਼ਤ ਹੋ ਗਈ ਅਤੇ ਪ੍ਰਚੰਡ ਗਿਆਨ ਰੂਪੀ ਤੱਤ ਵਿਖੇ ਲਿਵ ਲਗ ਗਈ। 'ਪ੍ਰਕਾਸ਼' (ਪ੍ਰਕਾਸ਼ਤ) ਏਥੇ ਨਾਂਵ (noun) ਨਹੀਂ, ਵਿਸ਼ੇਸ਼ਣ (adjective) ਹੈ। 'ਗਿਆਨਿ', 'ਤਤਿ' ਦੋਈ ਨਾਂਵ ਹਨ। ਇਕ ਨੂੰ ਸਿਹਾਰੀ ਲਗਣ ਕਰਕੇ ਦੂਜੇ ਨੂੰ ਭੀ ਸਿਹਾਰੀ ਲੱਗੀ ਹੈ। 'ਗਿਆਨਿ' ਦੇ ਅਰਥ ਏਥੇ 'ਗਿਆਨ ਦੁਆਰਾ' ਨਹੀਂ। ਸਿਹਾਰੀ ਇਥੇ 'ਦੁਆਰਾ' ਦਾ ਅਰਥ ਨਹੀਂ ਦਿੰਦੀ, 'ਵਿਖੇ' ਦਾ ਅਰਥ ਦਿੰਦੀ ਹੈ। ਜੇ ਦੋਹਾਂ ਪਦਾਂ ਨੂੰ ਸਿਹਾਰੀਆਂ ਨਾ ਹੁੰਦੀਆਂ ਤਾਂ 'ਗਿਆਨੁ, ਤਤੁ' ਐਉਂ ਅੰਕਤ ਹੁੰਦਾ ਅਤੇ ਗਿਆਨ ਰੂਪੀ ਤਤ ਦੇ ਹੀ ਅਸਲ ਅਰਥ ਹੁੰਦੇ।

ਗੁਰ ਕਿਰਪਾਲ

ਗੁਰ ਕਿਰਪਾਲ ਭਏ ਤਬ ਪਾਇਆ ਹਰਿ ਚਰਣੀ ਚਿਤੁ ਲਾਇ ॥ *(ਪੰਨਾ ੧੧੯੯)*

ਏਥੇ 'ਗੁਰ' ਪਦ ਦੇ ਰਾਰੇ ਅੱਖਰ ਨੂੰ ਇਸ ਕਰਕੇ ਮੁਕਤਾ ਰਖਿਆ ਹੈ ਕਿ ਸਤਿਕਾਰ ਵਜੋਂ ਇਹ ਪਦ ਬਹੁ-ਵਚਨ ਕਰਕੇ ਉਚਰਣਤ ਹੈ। ਨਾਲ ਲਗੇ ਵਿਸ਼ੇਸ਼ਣ ਪਦ 'ਕਿਰਪਾਲ' ਦਾ ਲੱਲਾ ਅੱਖਰ ਭੀ ਏਸੇ ਕਰਕੇ ਮੁਕਤਾ ਹੈ।

bsrstrust.org

ਗੁਰਮੁਖਿ

ਜਬ ਸੁਪ੍ਰਸੰਨ ਭਏ ਪ੍ਰਭ ਮੇਰੇ ਗੁਰਮੁਖਿ ਪਰਚਾ ਲਾਇ॥ *(ਪੰਨਾ ੧੧੯੯)*

ਜਦੋਂ ਮੇਰੇ ਵਾਹਿਗੁਰੂ ਸਾਹਿਬ ਸੁਪ੍ਰਸੰਨ ਹੋਏ ਤਦੋਂ ਹੀ ਗੁਰਮੁਖਿ ਨਾਮ (ਵਾਹਿਗੁਰੂ ਨਾਮ) ਦੇ ਅਭਿਆਸ ਦਾ ਪਰਚਾ ਪੈਂਦਾ ਹੈ। ਨਾਮ ਅਭਿਆਸ ਵਿਖੇ ਮਨ ਪਰਚਦਾ ਸਰਚਦਾ ਹੈ। ਏਥੇ ਭੀ ਸਤਿਕਾਰ ਵਜੋਂ ਬਹੁ-ਵਚਨ ਹੋਣ ਕਰਕੇ 'ਪ੍ਰਭ' ਪਦ ਦਾ ਭੱਭਾ ਅੱਖਰ ਮੁਕਤਾ ਹੈ। ਗੁਰਮੁਖਿ ਪਦ ਦੇ ਅਰਥ ਗੁਰਬਾਣੀ ਅੰਦਰਿ ਬਹੁਤ ਥਾਈਂ 'ਗੁਰਮਤਿ ਨਾਮ' (ਵਾਹਿਗੁਰੂ ਨਾਮ) ਦੇ ਹੀ ਹੁੰਦੇ ਹਨ। ਕਿਤੇ ਕਿਤੇ ਇਸ ਪਦ ਦੇ ਅਰਥ 'ਗੁਰੂ ਦੁਆਰਾ' ਦੇ ਭੀ ਹਨ ਪਰੰਤੂ ਅਸਾਡੇ ਸ਼ਬਦਾਰਥੀਏ ਸਜਣ ਬਹੁਤ ਕਰਕੇ ਇਸ ਪਦ ਦੇ ਅਰਥ ਗੁਰੂ ਦੁਆਰਾ ਹੀ ਕਰਦੇ ਹਨ ਜੈਸਾ ਕਿ ਇਸ ਪੰਗਤੀ ਅੰਦਰਿ ਕੀਤੇ ਹਨ। 'ਗੁਰਮੁਖਿ ਪਰਚਾ ਪਾਇ' ਅੱਧ ਪੰਗਤੀ ਦਾ ਅਰਥ ਉਹ ਕਰਦੇ ਹਨ:

'ਗੁਰੂ ਦੁਆਰਾ ਤਸੱਲੀ ਕਰਾਈ'। 'ਪਰਚਾ ਲਾਇ' ਦੇ ਅਰਥ ਤਸੱਲੀ ਕਰਾਈ ਐਵੇਂ ਧੀਂਗੋਜ਼ੋਰੀ ਦੇ ਹਨ। ਅਗਲੀ ਤੁਕ ਸਾਫ਼ ਦਸਦੀ ਹੈ। ਕਿਉਂਕਿ ਇਸ ਦੇ ਨਾਲ ਲਗਵਾਂ ਸਬੰਧ ਹੈ ਪਿਛਲੇ ਭਾਵ ਨਾਲਿ। "ਨਾਨਕ ਨਾਮ ਨਿਰੰਜਨੁ ਪਾਇਆ ਨਾਮੁ ਜਪਤ ਸੁਖੁ ਪਾਇ" ਇਸ ਕਰਕੇ "ਗੁਰਮੁਖਿ ਪਰਚਾ ਪਾਇ" ਤੋਂ ਭਾਵ ਗੁਰਮੁਖਿ ਨਾਮ ਵਿਚਿ ਅਭਿਆਸ ਦਾ ਪਰਚਾ ਪਾਉਣਾ ਹੈ।

ਨਿਤ ਨਿਤ ਜਾਗਰਣੁ ਕਰਹੁ ਸਦਾ ਸਦਾ ਆਨੰਦੁ ਜਪਿ ਜਗਦੀਸੁਰਾ॥
(ਪੰਨਾ ੧੨੦੧)

ਇਸ ਪੰਗਤੀ ਵਿਖੇ 'ਜਗਦੀਸੋਰਾ' ਪਦ ਦੇ ਸੱਸੇ ਅੱਖਰ ਨੂੰ ਨਾਲੇ ਹੋੜਾ ਲਗਾ ਹੋਇਆ ਹੈ ਨਾਲੇ ਔਂਕੜ। ਏਹਨਾਂ ਦੋਹਾਂ ਵਿਚੋਂ ਇਕ ਹੋਣਾ ਚਾਹੀਦਾ ਸੀ। ਇਹ ਲਿਖਾਰੀ ਦਾ ਜਾਂ ਛਾਪੇ ਦੀ ਗ਼ਲਤੀ ਹੈ। ਔਂਕੜ ਹੀ ਹੋਣਾ ਚਾਹੀਦਾ ਹੈ। ਹੋੜਾ ਫ਼ਾਲਤੂ ਹੈ।

...ਜਨ ਨਾਨਕ ਹਰਿ ਸਿਉ ਮਿਲੇ ਹਰਿ ਭਗਤ ਤੋਰਾ॥ *(ਪੰਨਾ ੧੨੦੧)*

ਇਸ ਤੁਕ ਵਿਖੇ 'ਭਗਤ' ਪਦ ਦਾ ਤੱਤਾ ਮੁਕਤਾ ਗ਼ਲਤ ਛਪਿਆ ਹੈ। ਔਂਕੜ ਚਾਹੀਦਾ ਹੈ ਮੁਕਤੇ ਦੇ ਥਾਉਂ। ਲਿਖਾਰੀ ਦੀ ਗ਼ਲਤੀ ਨਾਲ ਔਂਕੜ ਨ ਲਾਇਆ ਗਿਆ। 'ਤੋਰਾ' ਪਦ ਸਪਸ਼ਟ ਕਰਦਾ ਹੈ ਕਿ 'ਭਗਤੁ' ਇਕ-ਵਚਨ ਚਾਹੀਦਾ ਹੈ। 'ਤੋਰਾ ਭਗਤੁ'। ਜੇ 'ਭਗਤ' ਪਦ ਤੱਤੇ ਅੱਖਰ ਮੁਕਤੇ ਸਹਿਤ ਹੁੰਦਾ ਤਾਂ 'ਤੋਰਾ' ਦੇ ਥਾਉਂ 'ਤਰੇ' ਹੁੰਦਾ। ਤੇਰੇ ਭਗਤ।

ਬੋਲਾਨ

...ਪ੍ਰਭ ਭਾਵੈ ਤਿਵੈ ਬੋਲਾਨ॥ *(ਪੰਨਾ ੧੨੦੩)*

ਏਥੇ ਭੀ 'ਬੋਲਾਨ' ਪਦ ਦੇ ਬੱਬੇ ਅੱਖਰ ਨੂੰ ਹੋੜਾ ਨਾਲੇ ਔਂਕੜ ਦੋਈ ਲਗੇ ਹੋਏ ਹਨ। ਗੁਰਬਾਣੀ ਅੰਦਰਿ ਕਈ ਥਾਈਂ ਏਸੇ ਪਰਕਾਰ ਕਈ ਪਦਾਂ ਦੇ ਕਈ ਅੱਖਰਾਂ ਨੂੰ

bsrstrust.org

ਦੋਈ ਲਗਾ ਔਂਕੜ ਤੇ ਹੋੜਾ ਲਗੇ ਹੋਏ ਦੇਖੇ ਗਏ ਹਨ ਜੋ ਲਿਖਾਰੀਆਂ ਜਾਂ ਛਾਪਿਆਂ ਦੀਆਂ ਗ਼ਲਤੀਆਂ ਕਰਕੇ ਹਨ।

ਸੀ ਖੇਪਾਵਤ

ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀ ਖੇਪਾਵਤ ॥ *(ਪੰਨਾ ੧੨੦੫)*

ਹੋਰ ਜਿਤਨੇ ਉਪਾਵ ਕਹਿਣ ਕਰਨ ਵਿਚਿ ਆਉਂਦੇ ਹਨ ਤੇਤੇ ਹੀ ਖਪ ਗਏ ਸੀ, ਨਾਸ ਹੋ ਗਏ ਸੀ, (ਕਿਸੇ ਕੰਮ ਨ ਆਏ ਸਨ)। ਇਸ ਤੁਕ ਅੰਦਰਿ ਪਦ ਛਦੀਏ ਸ਼ਬਦਾਰਥੀਏ ਪਾਠ 'ਸੀਖੇ ਪਾਵਤ' ਪਦ ਛੇਦ ਲਿਖਤ ਕਰਕੇ ਛਾਪਦੇ ਹਨ ਜੋ ਠੀਕ ਨਹੀਂ ਅਤੇ ਇਉਂ ਅਰਥਾਉਂਦੇ ਹਨ 'ਸਿਖ ਪਾਏ ਸੀ' ਅਰਥ ਇਉਂ 'ਸੀਖੇ ਪਾਵਤ' ਦਾ ਕਰਦੇ ਹਨ ਪਰ ਇਹ ਅਰਥ ਬੜੇ ਹੀ ਬੇ-ਮੁਹਾਵਰਾ ਹਨ। ਉਪਾਵ ਤਾਂ ਸਿੱਖਾਂ ਨੂੰ ਸਤਿਗੁਰੂ ਨੇ ਇਕੋ ਹੀ ਨਾਮ ਦਾ ਸਿਖਾਇਆ ਹੈ। ਆਨ ਉਪਾਵ ਆਨ ਮਤਾ ਦੇ ਖੰਡਨ ਕਰਦੇ ਹੋਏ ਸਤਿਗੁਰੂ ਇਸ ਤੁਕ ਅੰਦਰਿ ਭੀ ਨਾਸਵੰਤ ਹੋਏ (ਖਪ ਗਏ) ਸਾਬਤ ਕਰਦੇ ਹਨ। ਸਗਲ ਕਹਿਵਤੀ ਆਨਮਤ ਉਪਾਵਾਂ ਦੀ ਕਰਨੀ ਨਾਸਵੰਤ (ਨਸ਼ਟ) ਹੋਈ ਸਿਧ ਕਰਦੇ ਹਨ। ਬਥੇਰੇ ਕਰਿ ਕਰਿ ਖਪ ਗਏ ਆਨਮਤੀਏ ਲੋਗ, ਪਰੰਤੂ ਅਗਲੀ ਤੁਕ ਅੰਦਰ ਸਾਰ ਸਿੱਟਾ ਇਹ ਨਿਕਲਦਾ ਹੈ ਕਿ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ "ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ ਅਗਮ ਜੈਸੇ ਪਰਖਾਵਤ ॥" ਤਾਂ ਤੇ ਸਹੀ ਪਾਠ 'ਲਗਮਾਤ੍ਰੀ' ਬਣਤਰ ਅਨੁਸਾਰ 'ਸੀਖੇ ਪਾਵਤ' ਦੇ ਥਾਉਂ 'ਸੀ ਖੇਪਾਵਤ' ਹੀ ਸੁਧ ਹੈ।

ਬੇਦਹਿ

ਅਵਰਿ ਸਭਿ ਭੂਲੇ ਭ੍ਰਮਤ ਨ ਜਾਨਿਆ ॥
ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ ਤਿਨਿ ਬੇਦਹਿ ਤਤੁ ਪਛਾਨਿਆ ॥
(ਪੰਨਾ ੧੨੦੫)

ਏਥੇ 'ਬੇਦਹਿ' ਪਦ ਦੇ ਹਾਹੇ ਅੱਖਰ ਨੂੰ ਸਿਹਾਰੀ ਬਿੰਦਾ ਬਹੁ-ਵਚਨਕ ਸਬੰਧਕੀ ਪਦ ਹੈ ਭਾਵ ਬੇਦਾਂ ਦਾ। ਸਿਹਾਰੀ ਇਥੇ 'ਦੁਆਰਾ' ਜਾਂ 'ਵਿਖੇ' ਦਾ ਅਰਥ ਨਹੀਂ ਰਖਦੀ। ਆਨਮਤ ਬੁਧੀ ਵਾਲੇ ਗਿਆਨੀ ਇਸ ਸਾਰੀ ਤੁਕ "ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ ਤਿਨਿ ਬੇਦਹਿ ਤਤੁ ਪਛਾਨਿਆ ॥" ਨੂੰ ਅਰਥਾਉਂਦੇ ਹਨ :

'ਜਿਸ ਦੇ ਹਿਰਦੇ ਅੰਦਰਿ ਇਕ ਸੁਧਾਖਰ ਵਸ ਗਿਆ ਤਿਸਨੇ ਵੇਦਾਂ ਦੁਆਰਾ ਹੀ ਇਹ ਤੱਤ ਪਛਾਣਿਆ ਹੈ।' ਪਰੰਤੂ ਸੁਧ ਅਰਥ ਭਾਵ 'ਬੇਦਹਿ' ਦਾ ਬਣਾਉਣ ਵਿਚਿ ਇਉਂ ਸਾਰ ਤੱਤ ਬੇਦ ਗੁਰਮਤਿ ਨਾਮ ਹੀ ਹੈ। ਜਿਸ ਨੇ ਇਸ ਤਤ ਨਾਮ ਦੀ ਕਮਾਈ ਕਰ ਲਈ ਤਿਸ ਨੇ ਸਾਰੇ ਬੇਦਾਂ ਦਾ ਤਤ ਪਛਾਣ ਲਿਆ। ਭਾਵ ਉਸਨੂੰ ਬੇਦਾਂ ਪ੍ਰਥਾਇ ਤਾਂ ਇਸ ਅਸਥਾਈ ਦੀ ਅਰੰਭਕ ਤੁਕ ਹੀ ਸਪਸ਼ਟ ਕਰਾਉਂਦੀ ਹੈ—'ਅਵਰਿ

bsrstrust.org

ਸਭਿ ਭੂਲੇ ਭ੍ਰਮਤ ਨ ਜਾਨਿਆ...॥ਰਹਾਉ॥—ਆਨਮਤ ਬੇਦੀਏ, ਸਿਮ੍ਰਿਤ ਬੇਦ ਸ਼ਾਸਤ੍ਰੀਏ ਆਦਿ ਸਾਰੇ ਭੁਲਦੇ ਹੀ ਰਹੇ, ਭ੍ਰਮਦੇ ਹੀ ਰਹੇ ਜਿਨ੍ਹਾਂ ਨੇ ਨਾ ਪਛਾਣਿਆ ਤੇ ਨਾ ਜਾਣਿਆ (ਤੱਤ ਪਰਮਾਰਥ ਵਥ ਨੂੰ)।

ਸਤਿਗੁਰ

ਮਨੋਰਥ ਪੂਰੇ ਸਤਿਗੁਰ ਆਪਿ ॥ *(ਪੰਨਾ ੧੨੦੮)*

ਛਪਾਈ ਦੀ ਗ਼ਲਤੀ ਨਾਲਿ ਇਸ ਪੰਗਤੀ ਵਿਖੇ 'ਸਤਿਗੁਰ' ਪਦ ਦਾ ਰਾਰਾ ਅੱਖਰ ਮੁਕਤਾ ਛਪਿਆ ਹੈ। ਰਾਰੇ ਨੂੰ ਸਿਹਾਰੀ ਚਾਹੀਦੀ ਹੈ। ਸਤਿਗੁਰ ਨੇ ਮਨੋਰਥ ਪੂਰੇ ਕਰ ਦਿਤੇ ਹਨ।

ਪਾਗੀ

ਦਰਸ ਪਿਆਸ ਆਸ ਏਕਹਿ ਕੀ ਟੇਕ ਹੀਐਂ ਪ੍ਰਿਅ ਪਾਗੀ ॥ *(ਪੰਨਾ ੧੨੧੭)*

ਏਥੇ ਇਸ ਦੁਤੁਕੀ ਦੀ ਪਿਛਲੀ ਤੁਕ ਦਾ ਪਿਛਲਾ ਪਦ 'ਪਾਗੀ' ਕਿਰਿਆ ਹੈ, ਨਾ ਕਿ ਨਾਂਵ ? ਸਾਰੀ ਦੁਤੁਕੀ ਅੰਦਰਿ ਕਿਰਿਆ ਕਿਤੇ ਹੈ ਨਹੀਂ ? 'ਪਾਗੀ'—ਪ੍ਰੇਮ ਰੰਗਾਂ ਵਿਚਿ ਪੁੰਗਰ ਕੇ ਪੱਕੀ ਹੋਈ, ਨਿਮਗਨ ਹੋਈ ਵੀ, ਘੁਲ ਮਿਲ ਮਿੱਚ ਹੋਈ ਵੀ। "ਟੇਕ ਹੀਐਂ ਪ੍ਰਿਅ ਪਾਗੀ ॥"—ਹੀਅਰੇ ਅੰਦਰਿ ਪ੍ਰਿਆ ਦੀ ਟੇਕ ਪ੍ਰੇਮ ਰੰਗਾਂ ਵਿਚਿ ਪੁੰਗਰ ਕੇ ਪੱਕੀ ਹੋਈ ਹੈ। ਨਿਮਗਨਤਾ ਸਹਿਤ ਹੈ। ਜੇਕਰ 'ਪਾਗੀ' ਦੇ ਅਰਥ ਪੈਰਾਂ ਦੇ ਕਰੋ ਜੈਸਾ ਕਿ ਸ਼ਬਦਾਰਥੀਏ ਗਿਆਨੀ ਕਰਦੇ ਹਨ—ਪਿਆਰੇ ਦੇ ਚਰਨਾਂ (ਪਗਾਂ) ਦੀ ਟੇਕ ਹੀਅਰੇ ਅੰਦਰਿ ਹੈ ਤਦ ਸਾਰੇ ਵਾਕ (sentence) ਦਾ ਕਿਰਿਆ ਪਦ ਕੋਈ ਭੀ ਨਹੀਂ ਰਹਿੰਦਾ। ਤਾਂ ਤੇ ਪਹਿਲੇ ਅਰਥ ਹੀ ਠੀਕ ਹਨ। ਸਾਰੀ ਦੁਤੁਕੀ ਦਾ ਅਰਥ ਸਾਫ਼ ਹੋ ਜਾਂਦਾ ਹੈ—ਏਕੈ ਵਾਹਿਗੁਰੂ ਦੇ ਦਰਸ਼ਨ ਦੀ ਪਿਆਸ ਅਤੇ ਇਕੋ ਦੀ ਆਸ ਅਤੇ ਇਕ ਪਿਆਰੇ ਦੀ ਟੇਕ ਹੀਅਰੇ ਅੰਦਰਿ ਪਾਗੀ ਹੋਈ ਹੈ—ਪਰਫੁੱਲਤ ਹੋਇ ਆਉਂਦੀ ਹੈ।

ਠਾਗੀ

ਕਹੁ ਨਾਨਕ ਜਿਨਿ ਜਗਤੁ ਠਗਾਨਾ ਸੁ ਮਾਇਆ ਹਰਿ ਜਨ ਠਾਗੀ ॥
(ਪੰਨਾ ੧੨੧੭)

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਸ ਮਾਇਆ ਨੇ ਜਗਤੁ (ਸਾਰਾ) ਠਗ ਲਿਆ ਹੈ (ਠਗਿਆ ਹੋਇਆ ਹੈ) ਸੋ ਮਾਇਆ ਹਰਿ ਜਨ ਦੀ ਠਗੀ ਹੋਈ ਹੈ। 'ਜਿਨਿ' ? ਮਾਇਆ ਪ੍ਰਥਾਇ ਹੈ, 'ਜਗਤੁ ਠਗਾਨਾ'—ਜਗਤ ਠਗ ਲਿਆ ਹੈ। 'ਜਗਤੁ ਠਗਾਨਾ' ਦੇ ਥਾਉਂ ਜੇਕਰ 'ਜਗਤ ਠਗਾਨਾ' ਜਗਤ ਦਾ ਤੱਤਾ ਅੱਖਰ ਮੁਕਤਾ ਹੁੰਦਾ ਤਾਂ 'ਜਗਤ ਨੂੰ ਠਗ ਲਿਆ' ਦੇ ਅਰਥ ਬਣਦੇ। 'ਹਰਿ ਜਨ ਠਾਗੀ'—ਹਰਿ ਜਨ ਦੀ

bsrstrust.org

ਠਗੀ ਹੋਈ ਹੈ। ਕਿਉਂਕਿ 'ਜਨ' ਦਾ ਨੰਨਾ ਮੁਕਤਾ ਹੈ, ਤਾਂ ਤੇ ਸਬੰਧਕ ਪਦ (preposition) ਲਗ ਜਾਣਾ ਜ਼ਰੂਰੀ ਹੈ। ਹਰਿ ਜਨ ਨੇ ਠਗ ਲਈ ਹੈ (ਮਾਇਆ) ਅਰਥ ਤਦ ਬਣਦੇ ਜੇਕਰ 'ਹਰਿ ਜਨ' ਪਦ ਦੇ ਥਾਉਂ 'ਹਰਿ ਜਨਿ' ਹੁੰਦਾ। ਅਰਥਾਤ 'ਜਨਿ' ਦਾ ਨੰਨਾ ਅੱਖਰ ਸਿਹਾਰੀ ਸਹਿਤ ਹੁੰਦਾ।

ਗੁਰਿ, ਗੁਰ

ਮੇਰੈ ਗੁਰਿ ਮੋਰੋ ਸਹਸਾ ਉਤਾਰਿਆ ॥
ਤਿਸੁ ਗੁਰ ਕੈ ਜਾਈਐ ਬਲਿਹਾਰੀ ਸਦਾ ਸਦਾ ਹਉ ਵਾਰਿਆ ॥੧॥ਰਹਾਉ॥
ਗੁਰ ਕਾ ਨਾਮੁ ਜਪਿਓ ਦਿਨੁ ਰਾਤੀ ਗੁਰ ਕੇ ਚਰਨ ਮਨਿ ਧਾਰਿਆ ॥
ਗੁਰ ਕੀ ਧੂਰਿ ਕਰਉ ਨਿਤ ਮਜਨੁ ਕਿਲਵਿਖ ਮੈਲੁ ਉਤਾਰਿਆ ॥੧॥
ਗੁਰ ਪੂਰੇ ਕੀ ਕਰਉ ਨਿਤ ਸੇਵਾ ਗੁਰੁ ਅਪਨਾ ਨਮਸਕਾਰਿਆ ॥
ਸਰਬ ਫਲਾ ਦੀਨੇ ਗੁਰਿ ਪੂਰੈ ਨਾਨਕ ਗੁਰਿ ਨਿਸਤਾਰਿਆ ॥੨॥੪੭॥੭੦॥

(ਸਾਰੰਗ ਮ: ੫, ਪੰਨਾ ੧੨੧੮)

ਇਸ ਗੁਰ ਵਾਕ ਦੀ ਪਹਿਲੀ ਪੰਗਤੀ ਅੰਦਰਿ 'ਮੇਰੈ ਗੁਰਿ' ਦੇ 'ਗੁਰਿ' ਪਦ ਦੇ ਰਾਰੇ ਨੂੰ ਸਿਹਾਰੀ ਹੈ ਜੋ 'ਨੇ' ਦੇ ਅਰਥ ਰਖਦੀ ਹੈ। 'ਮੇਰੈ' ਦੇ ਰਾਰੇ ਨੂੰ ਦੁਲਾਈਆਂ ਹਨ। ਦੂਜੀ ਲਾਂਵ 'ਨੇ' ਦੇ ਅਰਥਾਂ ਦੀ ਸੰਬੋਧਕ ਹੈ। 'ਮੇਰੈ ਗੁਰਿ'—ਮੇਰੇ ਗੁਰੂ ਨੇ। 'ਮੋਰੋ—ਮੇਰਾ'।

ਮੰਮੇ ਅੱਖਰ ਦਾ ਹੋੜਾ ਲਾਂਵ ਦਾ ਕੰਮ ਦਿੰਦਾ ਹੈ। ਰਾਰੇ ਦਾ ਹੋੜਾ ਰਾਰੇ ਨੂੰ ਕੰਨੇ ਦਾ ਕੰਮ ਦਿੰਦਾ ਹੈ। ਦੂਜੀ ਪੰਗਤੀ ਵਿਚਿ 'ਗੁਰ' ਦਾ ਰਾਰਾ ਮੁਕਤਾ ਹੈ, ਕਿਉਂਕਿ ਅਗੇ ਸਬੰਧਕੀ ਪਦ (preposition) 'ਕੈ' ਪਿਆ ਹੈ। ਤੀਜੀ ਪੰਗਤੀ ਅੰਦਰਿ ਭੀ ਦੋ ਵਾਰ 'ਗੁਰੂ' ਪਦ ਅੱਖਰ ਰਾਰੇ ਮੁਕਤੇ ਸਹਿਤ ਆਇਆ ਹੈ ਕਿਉਂਕਿ ਪਹਿਲੇ 'ਗੁਰ' ਦੇ ਅਗੇ ਸੰਬੰਧਕ ਪਦ (preposition) 'ਕਾ' ਆਇਆ ਹੈ। ਚੌਥੀ ਪੰਗਤੀ ਅੰਦਰਿ ਪਹਿਲਾ ਗੁਰ ਰਾਰੇ ਅੱਖਰ ਮੁਕਤੇ ਨਾਲਿ ਹੈ, ਕਿਉਂਕਿ ਇਸ ਦੇ ਅਗੇ 'ਕੀ' 'ਗੁਰ ਪੂਰੇ ਕੀ' ਪੂਰੇ ਗੁਰ ਕੀ ਦੇ ਅਰਥਾਂ ਵਿਚਿ ਸਬੰਧਕ ਪਦ (preposition) 'ਕੀ' ਦੀ ਸ਼ਕਲ ਵਿਚਿ ਸਾਫ਼ ਅੰਕਤ ਹੋਇਆ ਪਿਆ ਹੈ। ਸਭ ਤੋਂ ਛੇਕੜਲੀ ਪੰਗਤੀ ਅੰਦਰਿ ਦੋ ਵਾਰ 'ਗੁਰਿ' ਪਦ ਰਾਰੇ ਸਿਹਾਰੀ ਨਾਲਿ ਆਇਆ ਹੈ ਅਤੇ 'ਨੇ' ਦੇ ਅਰਥ ਪੂਰਾਉਂਦਾ ਹੈ।

ਬਾਸਦੇਵ

ਤਜਿ ਅਭਿਮਾਨੁ ਕਾਮ ਕ੍ਰੋਧੁ ਨਿੰਦਾ ਬਾਸਦੇਵ[1] ਰੰਗੁ ਲਾਵੈ ॥ *(ਪੰਨਾ ੧੨੧੮)*

ਇਸ ਪੰਗਤੀ ਵਿਚਿ 'ਬਾਸਦੇਵ' ਦਾ ਵਾਵਾ ਅੱਖਰ ਇਸ ਕਰਕੇ ਮੁਕਤਾ ਹੈ

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਬਾਸੁਦੇਵ' ਹੈ। *—ਪ੍ਰਕਾਸ਼ਕ*

bsrstrust.org

ਕਿ ਇਸ ਦੇ ਉਤੇ 'ਦਾ' ਸਬੰਧਕ ਪਦ ਗੁਪਤ ਹੈ। 'ਬਾਸਦੇਵ (ਵਾਹਿਗੁਰੂ) ਦਾ ਰੰਗੁ ਤਦ ਲਗਦਾ ਹੈ ਜੇਕਰ ਕਾਮ, ਕ੍ਰੋਧ, ਲੋਭ, ਨਿੰਦਾ ਆਦਿ ਦਾ ਤਿਆਗ ਕਰੇ'। ਜੇਕਰ 'ਬਾਸਦੇਵ ਰੰਗੁ ਲਾਉਂਦਾ ਹੈ' ਦਾ ਅਰਥ ਹੁੰਦਾ ਤਾਂ 'ਬਾਸਦੇਵ' ਦੇ ਵਾਵੇ ਅੱਖਰ ਨੂੰ ਔਂਕੜ ਜ਼ਰੂਰ ਹੁੰਦਾ।

ਦਾਮੋਦਰ, ਦਇਆਲ, ਗੋਬਿੰਦ

ਦਾਮੋਦਰ ਦਇਆਲ ਆਰਾਧਹੁ ਗੋਬਿੰਦ ਕਰਤ ਸੋਹਾਵੈ ॥ *(ਪੰਨਾ ੧੨੧੮)*

ਇਸ ਪੰਗਤੀ ਵਿਚ 'ਦਾਮੋਦਰ ਦਇਆਲ' ਦੋਹਾਂ ਪਦਾਂ ਦੇ ਪਿਛਲੇ ਅੱਖਰ ਇਸ ਕਰਕੇ ਮੁਕਤੇ ਹਨ ਕਿਉਂਕਿ ਏਹਨਾਂ ਦੇ ਪਿਛੇ 'ਨੂੰ' ਅਰਥਾਂ ਵਾਲਾ ਸਬੰਧਕ ਪਦ (preposition) ਗੁਪਤ ਹੈ। 'ਗੋਬਿੰਦ' ਦਾ ਦੱਦਾ ਅੱਖਰ ਇਸ ਕਰਕੇ ਮੁਕਤਾ ਹੈ ਕਿਉਂਕਿ ਇਸ ਦਾ ਭਾਵ 'ਹੇ ਗੋਬਿੰਦ ਹੇ ਗੋਬਿੰਦ' ਕਰਨ ਦਾ ਹੈ। 'ਸੋਹਾਵੇ' ਦੇ ਸੱਸੇ ਨੂੰ ਔਂਕੜ ਤੇ ਹੋੜਾ ਦੋਈ ਗ਼ਲਤੀ ਨਾਲ ਲਗੇ ਹਨ।

ਠਾਂਢੀ, ਕਾਢੀ

ਹਰਿ ਕੇ ਨਾਮ ਕੀ ਗਤਿ ਠਾਂਢੀ ॥
ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਖੋਜਤ ਖੋਜਤ ਕਾਢੀ ॥ *(ਪੰਨਾ ੧੨੧੯)*

ਗੁਰਮਤਿ ਨਾਮ ਪ੍ਰਾਪਤੀ ਦੀ ਖ਼ਾਸੀਅਤ ਸੀਤਲਾਣੀ ਠੰਢ ਵਰਤਾਣੀ ਹੈ (ਹੋਰ ਥੈ ਠੰਢ ਕਿਤੇ ਅਤੇ ਕਿਵੇਂ ਨਹੀਂ ਉਪਜਦੀ)। ਇਹ ਤੱਤ ਰਮਜ਼ਾਣੀ ਸਾਰ ਗੱਲ ਦਾ ਸਿੱਟਾ (ਗੁਰਮਤਿ ਦੁਆਰਾ) ਖੋਜ ਖੋਜ ਕੇ ਕਢਿਆ ਗਿਆ ਹੈ ਕਿ ਸਾਧੂ ਜਨਾਂ ਗੁਰਮੁਖਿ ਜਨਾਂ ਦੇ (ਨਿਕਟ) ਬੇਦ ਪੁਰਾਨ ਸਿਮ੍ਰਿਤ ਸਭ ਕੁਛ ਨਾਮੁ ਹੀ ਨਾਮੁ ਹੈ। ਨਾਮ ਤੋਂ ਛੁਟ ਗੁਰਮੁਖਿ ਸਾਧੂ ਜਨਾਂ ਦਾ ਨਾ ਕੋਈ ਬੇਦ ਹੈ ਨਾ ਪੁਰਾਨ ਨਾ ਸਿਮ੍ਰਿਤ ਸ਼ਾਸਤ੍ਰ ਹੈ। ਬੇਦ ਆਦਿਕ ਆਨਮਤ ਪੁਸਤਕਾਂ ਦਾ ਹੀ ਗਿਆਨੀਆਂ ਨੇ ਜੋ ਪਿਛਲੀ ਤੁਕ ਦੇ ਇਹ ਅਰਥ ਲਾਏ ਹਨ ਕਿ—'ਬੇਦ ਆਦਿਕ ਨੂੰ ਖੋਜ ਕੇ ਸਾਧੂ ਜਨਾਂ ਨੇ ਇਹ ਗੱਲ ਕੱਢੀ ਹੈ', ਬਿਲਕੁਲ ਗ਼ਲਤ ਹਨ। 'ਜਨ' ਦਾ ਨੰਨਾ ਅੱਪਰ ਮੁਕਤਾ ਹੈ। 'ਨੇ' ਦੇ ਅਰਥ ਤਾਂ ਤਦ ਬਣਦੇ ਜੇ ਨੰਨੇ ਨੂੰ ਸਿਹਾਰੀ ਹੁੰਦੀ। ਅਰਥਾਂ ਦੀ ਲੱਖਤਾ ਇਉਂ ਸਿੱਧ ਹੁੰਦੀ ਹੈ ਕਿ ਅਗਲੇਰੀ ਨਾਲ ਲਗਦੀ ਤੁਕ ਵਿਚਿ ਬੇਦ ਬਕਤਿਆਂ, ਸਿਮ੍ਰਿਤ ਆਦਿ ਰਟਤਿਆਂ, ਸ਼ਿਵਜੀ, ਬ੍ਰਹਮਾ, ਇੰਦ੍ਰ ਆਦਿਕ ਲੋਕਾਂ ਨੂੰ ਜਲਦੇ ਬਲਦੇ ਵਰਣਨ ਕੀਤਾ ਹੈ। ਯਥਾ :

ਸਿਵ ਬਿਰੰਚ ਅਰੁ ਇੰਦ੍ਰ ਲੋਕ ਤਾ ਮਹਿ ਜਲਤੌ ਫਿਰਿਆ ॥ *(ਪੰਨਾ ੧੨੧੯)*

ਤਾਂ ਤੇ ਬੇਦ ਆਦਿਕ ਦੇ ਪੁਜਾਰੀਆਂ ਨੂੰ ਠੰਢ ਕਿਥੈ ? ਸਾਰੇ ਬੇਦ, ਸਿਮ੍ਰਤੀਆਂ, ਪੁਰਾਨ, ਸ਼ਾਸਤ੍ਰਾਂ ਦੇ ਪਠਨ ਕਰਨ ਵਿਚਿ ਠੰਢ ਜਾਂਦੀ ਹੈ। ਜੇਕਰ ਠੰਢ ਹੈ ਤਾਂ ਕੇਵਲ

bsrstrust.org

ਨਾਮ ਗੁਰਮਤਿ ਨਾਮੁ ਦੇ ਅਭਿਆਸ ਵਿਚਿ ਹੀ ਹੈ। ਬਸ "ਸਿਮਰਿ ਸਿਮਰਿ ਸੁਆਮੀ ਭਏ ਸੀਤਲ" ਅਨੁਸਾਰ ਨਾਮ ਦੇ ਸਿਮਰਨ ਵਿਚਿ ਹੀ ਠੰਢ, ਸੀਤਲਤਾ ਹੈ। ਹੋਰ ਕਿਤੇ ਨਹੀਂ।

ਬਲੁ

ਆਸ ਅਪਾਰ ਦਿਨਸ ਗਣਿ ਰਾਖੇ ਗ੍ਰਸਤ ਜਾਤ ਬਲੁ ਜਰਣੀ॥ *(ਪੰਨਾ ੧੨੧੯)*

ਆਸਾਂ ਅਪਾਰ ਅਮਿਣਤ ਹਨ (ਬਹੁਤੀਆਂ ਹਨ) ਜ਼ਿੰਦਗੀ ਦੇ ਦਿਹਾੜੇ ਗਿਣਵੇਂ ਮਿਣਵੇਂ ਪਹਿਲਾਂ ਹੀ (ਧੁਰੋਂ ਹੀ) ਨੀਯਤ ਹੋ ਚੁੱਕੇ ਹਨ। ਗ੍ਰਸਿਆ ਜਾ ਰਿਹਾ ਹੈ (ਘਟਿਆ ਜਾ ਰਿਹਾ ਹੈ) ਬਲੁ ਸਰੀਰਕ ਜਰਾ (ਬੁਢੇਪੇ) ਦੇ ਕਾਰਨ। 'ਬਲ ਨੂੰ ਖਾ ਰਿਹਾ ਹੈ ਬੁਢੇਪਾ' ਠੀਕ ਅਰਥ ਨਹੀਂ ਫਬਦੇ ਕਿਉਂਕਿ 'ਬਲੁ' ਦੇ ਲੱਲੇ ਨੂੰ ਔਂਕੜ ਲਗਾ ਹੋਇਆ ਹੈ।

ਹਰਿ ਕਥਾ

ਜਿਹਵੇ ਅੰਮ੍ਰਿਤ ਗੁਣ ਹਰਿ ਗਾਉ॥
ਹਰਿ ਹਰਿ ਬੋਲਿ ਕਥਾ ਸੁਨਿ ਹਰਿ ਕੀ ਉਚਰਹੁ ਪ੍ਰਭ ਕੋ ਨਾਉ॥੧॥੫੩॥੭੬॥
(ਸਾਰੰਗ ਮ: ੫, ਪੰਨਾ ੧੨੧੯)

ਇਸ ਦੁਤੁਕੀ ਦੀ ਦੂਜੀ ਪੰਗਤੀ ਵਿਚਿ "ਉਚਰਹੁ ਪ੍ਰਭ ਕੋ ਨਾਉ" ਦੇ 'ਕੋ' ਨੂੰ ਜੋ ਹੋੜਾ ਲਗਿਆ ਹੋਇਆ ਹੈ 'ਕਾ' ਦਾ ਅਰਥ ਦਿੰਦਾ ਹੈ। ਪ੍ਰਭ ਕਾ ਨਾਮ ਹੀ ਉਚਰਹੁ। ਜਿਹਵਾ ਦੁਆਰਾ ਵਾਹਿਗੁਰੂ ਗੁਣ ਹੀ ਗਾਉਣੇ ਉਚਿਤ ਹਨ, ਭਾਵ ਗੁਰਬਾਣੀ ਤੋਂ ਛੁਟ ਹੋਰ ਕੱਚੀ ਬਾਣੀ ਨਹੀਂ ਗਾਵਣੀ ਚਾਹੀਦੀ, ਕਿਉਂਕਿ ਗੁਰਬਾਣੀ ਹੀ ਵਾਹਿਗੁਰੂ ਗੁਣਾਂ ਦਾ ਤੱਤ ਖਜ਼ਾਨਾ ਹੈ। ਅੰਮ੍ਰਿਤ ਬਾਣੀ ਹੀ ਅੰਮ੍ਰਿਤ ਗੁਣ ਹਨ। ਸਦਾ ਹਰਿ ਹਰਿ (ਵਾਹਿਗੁਰੂ ਵਾਹਿਗੁਰੂ) ਹੀ ਬੋਲੁ (ਮੁਖ ਤੋਂ ਉਚਾਰਨ ਕਰਹੁ) ਵਾਹਿਗੁਰੂ ਵਾਹਿਗੁਰੂ ਨਾਮ ਮਈ ਹੀ ਕਥਾ ਸੁਣ। ਵਾਹਿਗੁਰੂ ਨਾਮ ਦਾ ਉਚਰਨਾ ਹੀ ਕਥਾ ਸੁਣਨਾ ਹੈ। ਇਸ ਤੋਂ ਛੁਟ ਹੋਰ ਕੋਈ ਕਥਾ ਕਰਨੀ ਸੁਣਨੀ ਗੁਰਮਤਿ ਅੰਦਰ ਪਰਵਾਨ ਨਹੀਂ। (ਕਥਾ ਸਬੰਧੀ ਵਖਰੀ ਪੁਸਤਕ ਤਿਆਰ ਹੈ)।

ਸੇਈ, ਭਗਤ

ਉਦਮੁ ਸਕਤਿ ਸਿਆਣਪ ਤੁਮ੍ਰੀ ਦੇਹਿ ਤ ਨਾਮੁ ਵਖਾਣੀ॥
ਸੇਈ ਭਗਤ ਭਗਤਿ ਸੇ ਲਾਗੇ ਨਾਨਕ ਜੋ ਪ੍ਰਭ ਭਾਣੀ॥੨॥੫੬॥੭੯॥
(ਸਾਰੰਗ ਮ: ੫, ਪੰਨਾ ੧੨੧੯)

ਉਦਮ (ਪੁਰਸ਼ਾਰਥ) ਸ਼ਕਤੀ (ਬਲ) ਜੁਗਤੀ ਸਭ ਤੇਰੀ ਹੀ ਦਾਤਿ ਹੈ। ਤੂੰ ਇਹ

bsrstrust.org

ਦਾਤਿ ਬਖਸ਼ੋਂ ਤਾਂ ਮੈਂ ਨਾਮ ਵਖਾਣਾ। ਭਾਵ ਤੇਰੇ ਪ੍ਰੇਰੇ ਪੁਰਸ਼ਾਰਥ ਦੁਆਰਾ, ਤੇਰੇ ਬਖ਼ਸ਼ੇ ਬਲ ਦੁਆਰਾ, ਤੇਰੀ ਜਣਾਈ ਜੁਗਤੀ ਦੇ ਤੁਫ਼ੈਲ ਹੀ ਨਾਮ ਵਖਾਣ ਸਕਦਾ ਹਾਂ, ਆਪੋਂ ਨਹੀਂ। "ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ॥"[1] ਸੋਈ ਜਨ ਤੇਰੇ ਸੱਚੇ ਭਗਤ ਬਣ ਸਕਦੇ ਹਨ, ਸੋਈ ਜਨ ਸੱਚੀ ਭਗਤੀ ਨੂੰ ਲਗ ਸਕਦੇ ਹਨ ਜੋ ਗੁਰੂ ਨਾਨਕ ਦੇ 'ਗੁਰਮਤਿ' ਮਤਿ ਅਨੁਸਾਰ ਵਾਹਿਗੁਰੂ ਨੂੰ ਭਾਉਂਦੇ ਹਨ। 'ਸੋਈ' ਸੇ ਲਾਂਵ ਨਾਲਿ ਬਹੁ-ਵਚਨਕ ਹੈ ਕਿਉਂਕਿ ਭਗਤ ਪਦ ਭੀ ਤੱਤੇ ਮੁਕਤੇ ਕਰਕੇ ਬਹੁ-ਵਚਨਕ ਹੀ ਅਰਥਾਉਂਦਾ ਹੈ। ਜੇਕਰ ਸੱਸੇ ਨੂੰ ਸੋ ਹੋੜਾ ਹੋਵੇ ਭਾਵ 'ਸੋਈ' ਕਰਕੇ ਇਹ ਪਦ ਲਿਖਿਆ ਮਿਲੇ ਗੁਰਬਾਣੀ ਅੰਦਰਿ, ਤਾਂ ਇਕ-ਵਚਨਕ (singular) ਹੁੰਦਾ ਹੈ ਅਤੇ ਇਹਦਾ ਨਾਂਵ ਭੀ ਇਕ-ਵਚਨਕ ਹੀ ਹੋਊ। ਜੇ 'ਭਗਤ' ਦੇ ਥਾਉਂ 'ਭਗਤੁ' ਹੋਊ ਤੱਤੇ ਔਂਕੜ ਸਹਿਤ। ਤੱਤਾ ਮੁਕਤਾ ਨਹੀਂ ਹੋਊ। 'ਭਗਤਿ' ਪਦ ਤੱਤੇ ਨੂੰ ਸਿਹਾਰੀ ਨਾਲਿ ਭਗਤੀ ਦਾ ਅਰਥ ਬੋਧਾਊ। ਜੈਸਾ ਕਿ ਪਹਿਲਾਂ ਭੀ ਨਿਰਣਤ ਕੀਤਾ ਹੈ।

ਇਹ ਬਾਣੀ

ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਇਹ ਬਾਣੀ ਰਸਨਾ ਭਾਖੀ॥

(ਪੰਨਾ ੧੨੨੭)

ਬਾਣੀ (ਗੁਰਬਾਣੀ) ਰਸਨਾ ਕਰਕੇ ਜੋ ਗੁਰਮੁਖ ਸਾਧੂ ਜਨ ਉਚਾਰਦੇ ਹਨ, ਇਹੀ ਗੁਰਮਤਿ ਗੁਰਮੁਖਾਂ ਦੇ ਨਿਕਟ ਬੇਦ ਪੁਰਾਨ ਸਿਮ੍ਰਿਤਿ ਸ਼ਾਸਤ੍ਰ ਹਨ। ਭਾਵ ਗੁਰਬਾਣੀ ਹੀ ਬੇਦ, ਗੁਰਬਾਣੀ ਹੀ ਸਿਮ੍ਰਿਤਿ ਤੇ ਗੁਰਬਾਣੀ ਹੀ ਸ਼ਾਸਤਰ ਹਨ। ਇਹ ਅਰਥ ਬਿਲਕੁਲ ਬਿਪਰਜੇ ਹਨ ਜੋ ਸ਼ਬਦਾਰਥੀ ਗਿਆਨੀਆਂ ਨੇ ਕੀਤੇ ਹਨ ਕਿ:—ਬੇਦ ਆਦਿਕ ਵਿਚਿ ਸਾਧੂ ਜਨਾਂ ਨੇ ਇਹ ਗੱਲ ਆਪਣੀ ਜ਼ਬਾਨੀ ਆਖੀ ਹੈ ਕਿ ਨਾਮ ਜਪ ਕੇ ਤਰੀਦਾ ਹੈ। ਹੋਰ ਦੂਜੀ ਗੱਲ ਬੇਅਰਥ ਸਮਝੋ। ਕੈਸੇ ਉਖੜੇ ਹੋਏ ਅਰਥ ਹਨ, ਜੋ ਗੁਰਮਤਿ ਭਾਵ ਤੋਂ ਐਨ ਪ੍ਰਤਿਕੂਲ ਹਨ। ਲਗਾਂਮਾਤ੍ਰਾਂ ਦੀ ਵੀਚਾਰ ਤੋਂ ਉਲਟ ਮਨਘੜਤ ਘਾੜਤੀਏ ਅਰਥ ਕੀਤੇ ਹਨ ਖਿਚ ਪਾੜ ਕੇ। ਜਦੋਂ 'ਸਾਧੂ ਜਨ' ਪਦ ਦਾ ਨੰਨਾ ਅੱਖਰ ਮੁਕਤਾ ਹੈ ਤਾਂ 'ਨੇ' ਦੇ ਅਰਥ ਕਿਥੋਂ ਲਿਆਉਣਗੇ। ਨੰਨੇ ਨੂੰ ਸਿਹਾਰੀ ਹੈ ਹੀ ਨਹੀਂ। 'ਬੇਦਾਂ ਵਿਖੇ' ਦਾ ਅਰਥ ਕਿਵੇਂ ਕਰਨਗੇ ਜਦੋਂ 'ਬੇਦ' ਪਦ ਦੇ ਦੱਦੇ ਅੱਖਰ ਨੂੰ ਸਿਹਾਰੀ ਨਹੀਂ ਅਤੇ ਪੁਰਾਨ ਦੇ ਨੰਨੇ ਨੂੰ ਭੀ ਸਿਹਾਰੀ ਨਹੀਂ। ਸਿਮ੍ਰਿਤਿ ਦੇ ਤੱਤੇ ਦੀ ਸਿਹਾਰੀ ਸਿਮ੍ਰਿਤਿ ਭਾਵ ਕਰਕੇ ਸਿਹਾਰੀ ਸਹੀ ਹੈ। ਗੁਰਬਾਣੀ ਅੰਦਰਿ ਵਖਾਣਿਆਂ ਨਾਮ ਜਪ ਕੇ ਹੀ ਨਿਸਤਰੀਦਾ ਹੈ। ਹੋਰ ਬਾਣੀ ਨਾਮ ਤੋਂ ਬਾਝ, ਬੇਦ ਆਦਿਕ ਦੀ ਸਾਖੀ ਸਭ ਬਿਰਥੀ ਅਤੇ ਦੁਤੀਆ ਭਾਵ ਹੀ ਰਖਦੀ ਹੈ। "ਜਪਿ ਰਾਮ ਨਾਮੁ ਨਾਨਕ ਨਿਸਤਰੀਐ ਹੋਰੁ ਦੁਤੀਆ ਬਿਰਥੀ ਸਾਖੀ॥"

---

੧. ਪੰਨਾ ੫੧੮.

bsrstrust.org

ਗੁਰ ਦੇਖੇ

ਗੁਨ ਲਾਲ ਗਾਵਉ ਗੁਰ ਦੇਖੇ ॥ *(ਪੰਨਾ ੧੨੩੦)*

ਗੁਰੂ ਨੂੰ ਦੇਖਦਾ ਹੋਇਆ ਵਾਹਿਗੁਰੂ ਲਾਲ ਰੰਗੀਲੇ ਦੇ ਗੁਣ ਗਾਈ ਜਾਵਾਂ। ਇਹ ਅਰਥ ਠੀਕ ਨਹੀਂ—ਗੁਰੂ ਦੇ ਦਰਸ਼ਨ ਦੇਖਣ ਨਾਲਿ ਹੀ ਵਾਹਿਗੁਰੂ ਦੇ ਗੁਣ ਗਾਵਣ ਲਗਾਂ। ਸ਼ਰਤ ਕੋਈ ਨਹੀਂ (ਗੁਣ ਗਾਉਣ ਦਾ ਤਾਂ ਹੁਕਮ ਹੀ ਹੈ)। ਹਾਂ ਗੁਰੂ ਦੇ ਪਰਤੱਖ ਦੇਖਦਿਆਂ ਹੋਇਆਂ ਗੁਣ ਗਾਵਣ ਦਾ ਆਨੰਦ ਅਤੀ ਅਧਿਕ ਹੈ। 'ਗੁਰ ਦੇਖੇ'—ਗੁਰੂ ਨੂੰ ਦੇਖਦਿਆਂ ਹੋਇਆਂ। 'ਦੇਖੇ' ਦਾ ਅਰਥ ਗੁਰੂ ਨੂੰ ਦੇਖਣ ਨਾਲ ਨਹੀਂ। ਖੱਖੇ ਅੱਖਰ ਨੂੰ ਦੇਖੇ ਲਾਂਵ 'ਨਾਲਿ' ਅਰਥ ਨਹੀਂ ਦਿੰਦੀ। ਗੁਣ ਗਾਂਵਦਿਆਂ ਗੁਰੂ ਦੇ ਪਰਤੱਖ ਜੋਤਿ ਸਰੂਪੀ ਦਰਸ਼ਨ ਹੋ ਜਾਂਦੇ ਹਨ। ਇਸ ਪਦ ਨੂੰ ਪਾ ਕੇ (ਦਰਸ਼ਨ ਪਰਤੱਖ ਹੋਣ ਪਰ ਗੁਣ ਗਾਵਣ ਦਾ ਅਤੀ ਅਧਿਭੁਤ ਆਨੰਦ ਆਉਂਦਾ ਹੈ। ਜਿਉਂ ਜਿਉਂ ਪਰਤੱਖ ਦਰਸ਼ਨ ਗੁਰੂ ਜੋਤੀਸ਼ ਦੇ ਕਰੀਦੇ ਹਨ, ਤਿਉਂ ਤਿਉਂ ਤੱਤ ਸੁਆਦ ਅਹਿਲਾਦ ਗੁਣ ਗਾਵਣ ਦਾ ਅਧਿਕ ਬਡੇਰਾ ਹੁੰਦਾ ਜਾਂਦਾ ਹੈ।

ਨਾਨਕ ਸੁਆਮੀ ਗਰਿ ਮਿਲੇ ਹਉ ਗੁਰ ਮਨਾਵਉਗੀ ॥ *(ਪੰਨਾ ੧੨੩੦)*

ਨਾਨਕ ਸੁਆਮੀ, ਵਾਹਿਗੁਰੂ ਗਲੇ ਨਾਲਿ ਮਿਲੇ ਮੈਂ ਗੁਰੂ ਦੀ ਲਖ ਲਖ ਵਾਰ ਸ਼ੁਕਰ ਗੁਜ਼ਾਰ ਹੋਵਾਂਗੀ। 'ਗਰਿ ਮਿਲੇ'—ਗਲ ਨਾਲਿ ਮਿਲੇ। 'ਗਰਿ' ਦਾ ਰਾਰਾ ਅੱਖਰ ਏਥੇ ਲੱਲੇ ਅੱਖਰ ਪ੍ਰਥਾਇ ਬੋਲਿਆ ਗਿਆ ਹੈ। ਰਾਰੇ ਦੀ ਸਿਹਾਰੀ 'ਵਿਖੇ' 'ਨਾਲਿ' ਦਾ ਅਰਥ ਦਿੰਦੀ ਹੈ। ਕਈ ਗਿਆਨੀ 'ਗਰਿ' ਦਾ ਅਰਥ 'ਅਗਰ' ਦਾ ਕਰਦੇ ਹਨ। 'ਗਰਿ' ਨੂੰ ਫ਼ਾਰਸੀ ਦਾ ਲਫ਼ਜ਼ ਸਮਝਦੇ ਹਨ, ਸੋ ਠੀਕ ਨਹੀਂ।

ਐਸੀ ਹੋਇ ਪਰੀ ॥
ਜਾਨਤੇ ਦਇਆਰ ॥ *(ਪੰਨਾ ੧੨੩੦)*

ਸਾਡੀ ਹੁਣ ਐਸੀ ਅਰੂੜ੍ਹ ਆਤਮ ਅਵਸਥਾ ਹੋ ਗਈ ਹੈ ਕਿ ਦਇਆਲ ਵਾਹਿਗੁਰੂ ਦਾ ਅਪ੍ਰੋਕਸ਼ ਪ੍ਰਚੰਡ ਦਿਦਾਰ ਗਿਆਨ ਹੋ ਗਿਆ ਹੈ ਸਾਨੂੰ। 'ਜਾਨਤੇ'—ਅਸੀਂ ਜਾਣਦੇ। ਉਤਮ ਪੁਰਖ ਬਹੁ-ਵਚਨ (ਜਮਾ ਮੁਤਕਲਮ) 'ਦਇਆਰ' ਦਾ ਰਾਰਾ ਅੱਖਰ ਮੁਕਤਾ ਹੋਣ ਕਰਕੇ 'ਨੂੰ' ਸਬੰਧਕ ਪਦ (preposition) ਅਗੇ ਮਹਿਜ਼ੂਫ ਅਤੇ ਮਫ਼ਹੂਮ ਹੈ। ਜੇਕਰ 'ਦਇਆਲ ਵਾਹਿਗੁਰੂ ਹੀ ਜਾਣਦਾ' ਦੇ ਅਰਥ ਹੁੰਦੇ ਤਾਂ ਇਕ ਤਾਂ ਇਹ ਜ਼ਰੂਰੀ ਸੀ ਕਿ 'ਦਇਆਰ' ਦੇ ਰਾਰੇ ਅੱਖਰ ਨੂੰ ਔਂਕੜ ਲਗਦਾ ਅਤੇ ਦੂਜੇ 'ਜਾਨਤਾ ਦਇਆਰੁ' ਪਦ ਅੰਕਤ ਹੋਇਆ ਹੁੰਦਾ। ਹਾਂ ਇਹ ਹੋ ਸਕਦਾ ਹੈ ਕਿ ਸਤਿਕਾਰ ਵਜੋਂ 'ਦਇਆਰ' ਬਹੁ-ਵਚਨ ਕਰ ਉਚਾਰਿਆ ਗਿਆ ਹੈ ਅਤੇ ਏਸੇ ਕਰਕੇ 'ਜਾਨਤੇ' ਭੀ ਬਹੁ-ਵਚਨ ਕਿਰਿਆ ਹੈ ਜਾਂ 'ਹੇ ਦਇਆਰ ਜੀ ਤੁਸੀਂ ਜਾਣਦੇ ਹੋ' ਇਸ ਭਾਵ ਵਿਚਿ ਤਾਂ ਸਹੀ ਮਾਅਨੇ ਹੋ ਸਕਦੇ ਹਨ।

bsrstrust.org

ਪਾਣੀ ਸਭੁ ਖਾਇ

ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥ *(ਪੰਨਾ ੧੨੪੦)*

ਇਸ ਤੁਕ ਅੰਦਰਿ 'ਪਾਣੀ ਸਭੁ ਖਾਇ' ਦੇ ਇਹ ਅਰਥ ਨਹੀਂ ਕਿ ਪਾਣੀ ਸਭ ਨੂੰ ਖਾ ਜਾਂਦਾ ਹੈ, ਬਲਕਿ ਇਹ ਹਨ ਕਿ ਪਾਣੀ ਨੂੰ ਸਭ ਕੋਈ ਖਾਂਦਾ ਹੈ। 'ਸਭੁ' ਦੇ ਭੱਭੇ ਅੱਖਰ ਨੂੰ ਔਂਕੜ ਹੋਣ ਕਰਕੇ 'ਸਭੁ' ਕਰਤਾ ਹੀ ਰਹੇਗਾ। ਕਰਮ (ਮਫਊਲ) ਕਦੇ ਨਹੀਂ। ਭੱਭੇ ਨੂੰ ਜੇ ਔਂਕੜ ਨਾ ਹੁੰਦਾ ਤਾਂ 'ਸਭ ਨੂੰ' ਦੇ ਅਰਥ ਬਣ ਸਕਦੇ ਸਨ।

ਦੁਖ, ਦੁਖਿ, ਦੁਖੁ

ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ॥
ਦੁਖੁ ਦੁਖੁ ਅਗੈ ਆਖੀਐ ਪੜਿ ਪੜਿ ਕਰਹਿ ਪੁਕਾਰ॥
ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ॥
ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ॥
ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ॥
ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ॥

(ਸਾਰੰਗ ਕੀ ਵਾਰ, ਸਲੋਕ ੧, ਪਉੜੀ ੮, ਪੰਨਾ ੧੨੪੦)

ਇਸ ਸਲੋਕ ਦੀ ਹਰ ਇਕ ਤੁਕ ਅੰਦਰਿ 'ਦੁਖ' ਪਦ ਭਾਂਤ ਭਾਂਤ ਅਤੇ ਵਖੋ ਵਖ ਅੰਕਤੀਆਂ ਵਿਚਿ ਅੰਕਤਿਆ ਗਿਆ ਹੈ ਅਤੇ ਭਾਂਤ ਭਾਂਤ ਦੇ ਹੀ ਭਾਵ ਅਰਥ ਦਿੰਦਾ ਹੈ। ਪਹਿਲੀ ਪੰਗਤੀ ਵਿਚਿ 'ਦੁਖ' ਪਦ ਦੇ ਅਗੇ 'ਵਿਚਿ' ਸਬੰਧਕੀ ਪਦ (preposition) ਪਿਆ ਹੋਣ ਕਰਕੇ 'ਦੁਖ' ਦਾ ਖੱਖਾ ਅੱਖਰ ਮੁਕਤਾ ਹੈ। 'ਦੁਖ ਵਿਚਿ ਜੰਮਣੁ'—ਜੰਮਣ ਦੁਖ ਵਿਚਿ ਹੀ ਹੁੰਦਾ ਹੈ। 'ਦੁਖਿ ਮਰਣੁ' ਏਸੇ ਪਹਿਲੀ ਪੰਗਤੀ ਵਿਚਿ 'ਦੁਖ' ਪਦ ਦਾ ਖੱਖਾ ਅੱਖਰ ਸਿਹਾਰੀ ਨਾਲਿ ਹੈ, ਜੋ 'ਵਿਚਿ' ਦਾ ਅਰਥ ਦਿੰਦੀ ਹੈ। ਮਰਣ ਭੀ ਦੁਖ ਵਿਚਿ ਹੀ ਹੈ। ਫੇਰ ਏਸੇ ਪਹਿਲੀ ਤੁਕ ਅੰਦਰਿ ਦੂਜੀ ਵਾਰ 'ਦੁਖਿ ਵਰਤਣੁ ਸੰਸਾਰਿ'—ਸੰਸਾਰ ਅੰਦਰਿ ਵਰਤਣੁ ਭੀ ਦੁਖ ਵਿਚਿ ਹੀ ਹੁੰਦਾ ਹੈ। 'ਦੁਖਿ' ਪਦ ਦਾ ਖੱਖਾ ਅੱਖਰ ਏਥੇ ਭੀ ਸਿਹਾਰੀ ਨਾਲਿ ਹੈ ਅਤੇ 'ਵਿਚਿ' ਦੇ ਹੀ ਅਰਥ ਦਿੰਦਾ ਹੈ। 'ਸੰਸਾਰਿ' ਦੇ ਰਾਰੇ ਅੱਖਰ ਨੂੰ ਭੀ ਸਿਹਾਰੀ ਹੈ। ਏਥੇ ਭੀ ਸਿਹਾਰੀ 'ਵਿਚਿ', 'ਅੰਦਰਿ' ਦੇ ਅਰਥ ਦਿੰਦੀ ਹੈ। ਦੂਜੀ ਪੰਗਤੀ ਅੰਦਰਿ, 'ਦੁਖ' ਪਦ ਦੇ ਖੱਖੇ ਅੱਖਰ ਨੂੰ ਔਂਕੜ ਹੈ, ਜੋ ਵਿਸ਼ੇਸ਼ ਨਾਂਵ (proper noun) ਹੈ। ਤੀਜੀ ਪੰਗਤੀ ਵਿਚਿ 'ਦੁਖੁ' ਪਦ ਦਾ ਖੱਖਾ ਅੱਖਰ ਫੇਰ ਮੁਕਤਾ ਹੈ, ਕਿਉਂਕਿ ਸਬੰਧਕ ਪਦ (preposition) 'ਕੀਆਂ' ਇਸ ਦੇ ਅਗੇ ਆਉਂਦਾ ਹੈ, ਇਸ ਕਰਕੇ ਔਂਕੜ ਉਡ ਜਾਂਦਾ ਹੈ। "ਦੁਖ ਕੀਆ ਪੰਡਾ ਖੁਲ੍ਹੀਆ॥" ਚੌਥੀ ਪੰਗਤੀ ਵਿਚਿ ਫੇਰ 'ਦੁਖ' ਦੇ ਅਗੇ 'ਵਿਚਿ' ਪਦ ਸਬੰਧਕ ਆਉਣ ਕਰਿ 'ਦੁਖ' ਦਾ ਖੱਖਾ ਅੱਖਰ ਮੁਕਤਾ ਹੈ। ਛੇਕੜਲੀ ਤੁਕ ਵਿਚਿ ਪਹਿਲਾਂ "ਦੁਖ ਕੀਆ ਅਗੀ ਮਾਰੀਅਹਿ" ਦੀ ਅੱਧ ਪੰਗਤੀ ਅੰਦਰਿ 'ਦੁਖ' ਪਦ ਫੇਰ ਖੱਖੇ ਅੱਖਰ

bsrstrust.org

ਮੁਕਤੇ ਨਾਲ ਹੈ, ਕਿਉਂਕਿ ਸਬੰਧਕ ਪਦ (preposition) 'ਕੀਆ' ਇਸ ਦੇ ਅਗੇ ਪਿਆ ਹੈ। ਏਸੇ ਤੁਕ ਵਿਚਿ ਦੂਜੀ ਅੱਧ ਪੰਗਤੀ ਫੇਰ 'ਦੁਖੁ' ਪਦ ਖੱਖੇ ਨੂੰ ਔਂਕੜ ਸਹਿਤ ਅੰਕਤਾਉਂਦੀ ਹੈ ਕਿਉਂਕਿ ਏਥੇ 'ਦੁਖੁ' ਵਿਸ਼ੇਸ਼ ਨਾਂਵ (proper noun) ਹੈ। ਇਹ ਭੇਦ ਹੈ ਲਗਮਾਤ੍ਰੀ ਲਿਖਤ ਦਾ। ਬੇਮਾਅਨੇ ਨਹੀਂ।

ਗੁਰਮੁਖਿ

"ਨਾਉ ਗੁਰਮੁਖਿ ਧਿਆਵੈ"[1] ਪੰਗਤੀ ਦੀ ਪਿਛਲੀ ਅੱਧ ਪੰਗਤੀ ਵਿਖੇ ਏਥੇ 'ਗੁਰਮਖਿ' ਪਦ ਦੇ ਅਰਥ 'ਗੁਰੂ ਦੁਆਰਾ' ਨਹੀਂ ਹੋ ਸਕਦੇ। ਕਿਉਂਕਿ 'ਧਿਆਵੈ' ਕਿਰਿਆ ਪਦ ਦਾ ਕਰਤਾ ਫੇਰ ਕੋਈ ਨਹੀਂ ਰਹਿੰਦਾ। ਤਾਂ ਤੇ ਏਥੇ 'ਗੁਰਮੁਖਿ' ਪਦ ਦੇ ਅਰਥ 'ਗੁਰਮੁਖਿ ਸਿਖ' ਦੇ ਹਨ—ਕੋਈ ਗੁਰਮੁਖਿ ਸਿਖ ਹੀ ਨਾਮ ਧਿਆਉਂਦਾ ਹੈ।

ਜਿਨ

"ਜਿਨ ਰਸਨ ਰਸਾਇਆ"[2]—ਰਸਨਾ ਕਰਕੇ ਨਾਮ ਰਸਾਇਆ, ਨਾ ਕਿ ਨਾਮ ਨਾਲਿ ਜੀਭ ਨੂੰ ਰਸਾਇਆ। ਇਸ ਸਾਰੀ ਪਉੜੀ ਵਿਚਿ 'ਜਿਨ' ਪਦ ਜਿਥੇ ਜਿਥੇ ਭੀ ਆਉਂਦਾ ਹੈ ਨੰਨੇ ਮੁਕਤੇ ਨਾਲਿ ਆਉਂਦਾ ਹੈ ਨੰਨੇ ਨੂੰ ਸਿਹਾਰੀ ਚਾਹੀਦੀ ਹੈ ਜੋ ਛਾਪੇ ਜਾਂ ਲਿਖਤ ਦੀ ਗ਼ਲਤੀ ਹੈ।

ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥ *(ਪੰਨਾ ੧੨੪੨)*

ਸਭ ਤੋਂ ਛੇਕੜਲੀ ਸਤਰ। ਏਥੇ ਭੀ 'ਗੁਰਮੁਖਿ' ਤੋਂ ਭਾਵ 'ਗੁਰਮੁਖਿ ਜਨ' ਦਾ ਹੈ। ਗੁਰੂ ਦੁਆਰੇ ਦਾ ਅਰਥ ਨਹੀਂ। ਸ਼ਬਦਾਰਥੀਏ 'ਗੁਰਮੁਖਿ' ਪਦ ਦੇ ਅਰਥ 'ਗੁਰੂ ਦੁਆਰਾ' ਹੀ ਕਰੀ ਜਾਂਦੇ ਹਨ। ਕਿਤੇ ਕਿਤੇ ਸਮਝ ਪਈ ਹੈ ਠੀਕ ਕਰਦੇ ਹਨ।

ਸਾ ਹੀ

ਜੇਤਾ ਆਖਣੁ ਸਾ ਹੀ ਸਬਦੀ..... ॥ *(ਪੰਨਾ ੧੨੪੨)*

ਏਥੇ ਆਮ ਪਾਠੀ ਤੇ ਆਮ ਗਿਆਨੀ 'ਸਾਹੀ' ਪਦ ਇਕੱਠਾ ਲਿਖਦੇ ਹਨ, ਪਦ ਛੇਦ 'ਸਾ ਹੀ' ਦਾ। ਅਤੇ 'ਸਾਹੀ' ਦਾ ਅਰਥ 'ਸਿਆਹੀ' ਕਰਦੇ ਹਨ। ਪਰ ਏਥੇ ਤਾਂ ਏਦੂੰ ਪਹਿਲਾਂ 'ਜੇਤਾ ਆਖਣੁ' ਹੈ। ਜੇ ਤਾਂ 'ਜੇਤਾ ਲਿਖਣਾ' ਭੀ ਹੁੰਦਾ ਤਾਂ 'ਸਿਆਹੀ' ਦਾ ਅਰਥ ਬਣ ਜਾਣਾ ਸੀ। ਸ਼ਬਦਾਰਥੀਆਂ ਨੇ ਸੋਹਣੇ ਅਰਥ ਕੀਤੇ ਹਨ ਅਤੇ 'ਸਾ ਹੀ' ਪਦ ਨਿਖੇੜਵਾਂ ਹੀ ਰਹਿਣ ਦਿਤਾ ਹੈ। ਸੋ ਪੂਰਨ ਗੁਰਮਤਿ ਆਸ਼ੇ ਅਨੁਸਾਰੀ ਗੱਲ ਹੈ।

---

੧. ਪੰਨਾ ੧੨੪੦.
੨. ਪੰਨਾ ੧੨੪੧.

bsrstrust.org

ਜਾਂ ਨਸਿਆ ਕਿਆ ਚਾਕਰੀ ਜਾਂ ਜੰਮੇ ਕਿਆ ਕਾਰ॥ *(ਪੰਨਾ ੧੨੪੨)*

ਜੋ ਚਾਕਰ ਸੱਚਾ ਚਾਕਰ ਸਦਾ ਕੇ ਸੱਚੀ ਚਾਕਰੀ ਤੋਂ ਨਸ ਖੜੋਤਾ ਭੱਜ ਨਿਕਲਿਆ ਉਹ ਕਾਹਦਾ ਚਾਕਰ ਹੈ ? ਤੇ ਕਿਸ ਕੰਮ ਹੈ ਚਾਕਰੀ (ਉਸਦੀ) ? ਸੱਚੀ ਚਾਕਰੀ ਤੋਂ ਨਸ ਕੇ ਫੇਰ ਚੁਰਾਸੀ ਦਾ ਗੇੜ ਹੀ ਹੈ। ਮੁੜ ਜੰਮ ਕੇ ਫੇਰ ਭੀ ਸੱਚੀ ਕਾਰ ਨਾ ਕੀਤੀ ਤਾਂ ਕਾਹਦੀ ਕਾਰ ਹੈ। ਅਕਸਰ ਗਿਆਨੀ ਪਾਠੀ ਇਹ ਪਾਠ 'ਨ ਸਿਆ' ਨਿਖੇੜ ਕੇ ਕਰਦੇ ਹਨ। ਅਤੇ 'ਨਾ ਸੀ,' 'ਨਾ ਹੈ ਸੀ' ਦਾ ਅਰਥ ਕਰਦੇ ਹਨ। ਪਰ ਗੁਰਬਾਣੀ ਅੰਦਰਿ ਕਿਤੇ ਭੀ 'ਸਿਆ' ਪਦ ਨਹੀਂ ਆਇਆ ਏਹਨਾਂ ਅਰਥਾਂ ਵਿਚਿ। 'ਸਿਆ' ਦੇ ਥਾਉਂ 'ਸੀਆ' ਤਾਂ ਹੋ ਸਕਦਾ ਹੈ। 'ਸਿਆ' ਗੁਰਬਾਣੀ ਸ਼ਬਦਾਵਲੀ (vocabulary) ਤੋਂ ਬਾਹਰਿ ਹੈ। ਪਤਾ ਨਹੀਂ ਸ਼ਬਦਾਰਥੀਆਂ ਨੇ ਏਥੇ ਕੇਹੜਾ ਪਾਠ ਮਕਬੂਲ ਰਖਿਆ ਹੈ। ਯਾਦ ਨਹੀਂ ਰਿਹਾ ਕੁਛ ਗਹੁ ਭੀ ਨਹੀਂ ਕੀਤਾ। ਸਿਮਤੀ ਨਾ ਰਹੀ।

ਸੁਖਿ ਸੋਈ

ਨਾਇ ਮੰਨਿਐ ਗੁਣ ਉਚਰੈ ਨਾਮੈ ਸੁਖਿ ਸੋਈ॥ *(ਪੰਨਾ ੧੨੪੨)*

ਨਾਮੁ ਮੰਨਣ ਕਰਕੇ ਨਾਮੁ ਮੰਨਣ ਹਾਰਾ ਗੁਣ ਗਾਵੰਦਾ ਹੈ (ਰਸਕ ਰਸੀਆ ਹੋ ਕੇ ਕੇਵਲ ਨਾਮ ਅਭਿਆਸੀ ਹੀ ਗੁਣ ਗਾ ਸਕਦਾ ਹੈ), ਏਸ ਲਈ (ਗੁਣ ਗਾਵਣ ਹਾਰਾ ਨਾਮ ਅਭਿਆਸੀ ਹੀ) ਸੱਚੇ ਤੱਤ ਸਾਰ ਅਰਥਾਂ ਵਿਚਿ ਸੁਖੀ ਹੈ। 'ਸੁਖਿ' ਪਦ ਦੇ ਖੱਖੇ ਨੂੰ ਸਿਹਾਰੀ ਇਸਤ੍ਰੀ-ਲਿੰਗ ਕਰਕੇ ਹੈ। 'ਸੁਖੀ' ਦੇ ਥਾਉਂ 'ਸੁਖਿ' ਆਇਆ ਹੈ, ਬਿਹਾਰੀ ਦਾ ਕੰਮ ਏਥੇ ਸਿਹਾਰੀ ਦਿੰਦੀ ਹੈ। 'ਸੁਖਿ ਸੋਈ' ਦਾ ਅਰਥ ਗਿਆਨੀ ਲੋਗ 'ਸੁਖੀ ਸੌਂਦਾ' ਭੀ ਕਰਦੇ ਹਨ। ਕਈ 'ਸੁਖ ਵਿਚਿ ਸਉਂਦਾ ਹੈ' ਭੀ ਅਰਥ ਕਰਦੇ ਹਨ। 'ਸੋਈ' ਦੇ ਅਰਥ ਫਬਦੇ ਨਹੀਂ। ਜਿਨ੍ਹਾਂ ਨੇ ਸੱਚਾ ਬੁਝਣਾ ਬੁਝਿਆ ਹੈ ਨਾਮ ਦੇ ਧਿਆਵਣ ਦਾ ਅਤੇ ਜਿਨ੍ਹਾਂ ਨੂੰ ਸੱਚੀ ਲਗਨ ਲਗੀ ਹੈ ਨਾਮ ਜਪਣ ਦੀ, ਓਹ "ਅਨਦਿਨੁ ਜਾਗਹਿ ਨਾ ਸਵਹਿ ਜਾਗਤ ਰੈਣਿ ਵਿਹਾਣੀ॥"[1] ਵਾਲੀ ਸਾਵਧਾਨਤਾ ਵਿਚਿ ਹੀ ਦਿਵਸ ਰਾਤ ਬਿਤਾਉਂਦੇ ਹਨ।

ਸੁਰਤਿ, ਮਤਿ

ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ॥ *(ਪੰਨਾ ੧੨੪੨)*

ਨਾਮ ਦੇ ਮੰਨਣ ਕਰਕੇ ਨਾਮ ਮੰਨਣ ਹਾਰੇ ਅਭਿਆਸੀ ਜਨ ਨੂੰ ਹੀ ਸ਼ਬਦ ਸੁਰਤਿ ਦੀ ਸੱਚੀ ਸੋਝੀ ਆਉਂਦੀ ਹੈ ਅਤੇ ਨਾਮ ਅਭਿਆਸੀ ਜਨ ਨੂੰ ਸੱਚੀ ਗੁਰਮੰਤਿ ਤੱਤ ਸੁਮੱਤੜੀ ਆਉਂਦੀ ਹੈ। ਨਹੀਂ ਤਾਂ ਨਾਮ ਹੀਣੇ ਮੱਤਾਂ ਕੁਮੱਤਾਂ ਵਿਚਿ ਪਏ ਭਰਮਦੇ ਫਿਰਦੇ

---

੧. ਪੰਨਾ ੫੧੫.

bsrstrust.org

ਰਹਿੰਦੇ ਹਨ। 'ਮਤਿ'—ਗੁਰਮਤਿ ਸੁਮਾਰਗੀ ਮਤਿ। 'ਮਤਿ' ਤੋਂ ਭਾਵ ਏਥੇ ਸਹਸ ਸਿਆਣਪੀ ਸੰਸਾਰੀ ਅਕਲਮੰਦੀ ਦਾ ਨਹੀਂ। ਨਾ ਹੀ 'ਸੁਰਤਿ' ਤੋਂ ਭਾਵ ਏਥੇ ਸੁਰਤੀਆਂ ਵੇਦਾਂ ਵਾਲੀ ਸੁਰਤੀ ਦਾ ਹੈ। ਜੈਸੇ ਕਿ ਕਈ ਬੇਦਾਚਾਰੀ ਗਿਆਨੀ ਅਰਥ ਕਰਿਆ ਕਰਦੇ ਹਨ। ਏਥੇ ਕੇਵਲ 'ਸ਼ਬਦ-ਸੁਰਤਿ' ਦਾ ਭਾਵ ਹੈ।

ਮੰਨੀਐ

ਨਾਨਕ ਪੂਰੇ ਗੁਰ ਤੇ ਨਾਉ ਮੰਨੀਐ ਜਿਨ ਦੇਵੈ ਸੋਈ॥ *(ਪੰਨਾ ੧੨੪੨)*

ਭਾਵ ਅਰਥ—ਪੂਰਾ ਗੁਰੂ ਗੁਰੂ ਨਾਨਕ ਹੈ। ਦੇਹਧਾਰੀ ਆਪੋ ਬਣ ਬੈਠੇ ਕਲਜੁਗੀ ਪੋਪ ਗੁਰੂ ਹਨ। ਸੱਚੇ ਅਤੇ ਪੂਰੇ ਗੁਰੂ ਨਹੀਂ ਹਨ। ਬਸ ਗੁਰੂ ਘਰ ਦੇ ਮੰਨੇ ਪਰਮੰਨੇ ਗੁਰੂ ਨਾਨਕ ਦਰਸੀਏ ਗੁਰੂ ਹੀ ਪੂਰੇ ਹਨ। ਅਜੇਹੇ ਪੂਰੇ ਗੁਰ ਤੋਂ ਨਾਮ ਪਾਇਆ ਜਾ ਸਕਦਾ ਹੈ ਤੇ ਨਾਮ ਮੰਨਿਆ ਜਾ ਸਕਦਾ ਹੈ। ਭਾਵ ਜਗਿਆਸੂ ਨੂੰ ਪੂਰੇ ਗੁਰੂ ਤੋਂ ਪੰਜ ਪਿਆਰਿਆਂ ਸੰਮਾਨੇ ਗੁਰੂ ਤੋਂ ਹੀ ਨਾਮ ਦ੍ਰਿੜ੍ਹ ਹੋ ਸਕਦਾ ਹੈ। ਐਰੇ ਗੈਰੇ ਨਥੂ ਖੈਰੇ ਦੇਹਧਾਰੀ ਆਪੋ ਥਪਨ ਥਪੀਏ ਮਿੱਟੀ ਦੇ ਮਟੁੰਨ ਗੁਰੂ ਪਾਸੋਂ ਨਾਮ ਕਦਾਚਿਤ ਨਹੀਂ ਦ੍ਰਿੜ੍ਹ ਹੋ ਸਕਦਾ, ਨਾ ਹੀ ਮੰਨਿਆ ਜਾ ਸਕਦਾ ਹੈ। ਫੇਰ ਭੀ ਓਹੀ ਅਧਿਕਾਰੀ ਜਗਿਆਸੂ ਨਾਮ ਦ੍ਰਿੜ੍ਹੰਮਤ ਪ੍ਰਾਪਤੀ ਕਰਦਾ ਹੈ, ਜਿਸ ਨੂੰ ਪੂਰਾ ਗੁਰੂ ਤੁਠ ਕੇ ਆਪ ਦਿੰਦਾ ਹੈ (ਅਧਿਕਾਰੀ ਜਾਣ ਕੇ ਨਾਮ ਦਾ)। 'ਜਿਨ'—ਜਿਨ੍ਹਾਂ ਨੂੰ। ਨੰਨਾ ਮੁਕਤਾ ਹੋਣ ਕਰਕੇ ਅਗੇ ਸਬੰਧਕੀ ਪਦ (preposition) 'ਨੂੰ' ਅਨੁਮਾਨਕ ਹੈ। 'ਮੰਨੀਐ' ਏਥੇ ਨੰਨੇ ਅੱਖਰ ਨੂੰ ਬਿਹਾਰੀ ਨਾਲਿ ਅੰਕਤ ਕੀਤਾ ਹੋਇਆ ਹੈ ਜਿਸ ਦੇ ਅਰਥ 'ਮੰਨਿਆ ਜਾਂਦਾ ਹੈ' ਦੇ ਹਨ। 'ਮੰਨਿਐ' ਪਦ ਅੰਦਰਿ ਜਦੋਂ ਨੰਨਾ ਅੱਖਰ ਸਿਹਾਰੀ ਨਾਲ ਆਉਂਦਾ ਹੈ ਤਾਂ ਅਰਥ ਬਣਦੇ ਹਨ—ਨਾਉਂ ਮੰਨਣ ਕਰਕੇ। ਇਹ ਪੱਕਾ ਨਿਯਮ ਹੈ। ਇਸ ਤੋਂ ਕਦੇ ਉਖੇੜਾ ਨਹੀਂ। 'ਸੋਈ' ਪਦ ਪੜਨਾਉਂ 'ਪੂਰੇ ਗੁਰ' ਤੇ ਘਟਦਾ ਹੈ। 'ਤੇ' ਸਬੰਧਕ (preposition) ਅਗੇ ਆਉਣ ਕਰਕੇ 'ਗੁਰ' ਪਦ ਦਾ ਰਾਰਾ ਮੁਕਤਾ ਹੈ, ਲਗਮਾਤ੍ਰੀ ਨਿਯਮਾਵਲੀ ਅਨੁਸਾਰ।

ਬੇਦੁ ਵਪਾਰੀ

ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ॥ *(ਪੰਨਾ ੧੨੪੩)*

ਸੱਚੇ ਨਾਮ ਰੂਪੀ ਵੇਦੁ ਵਪਾਰੀ ਲਈ ਨਾਮੁ ਰੂਪੀ ਸਚੜਾ ਗਿਆਨੁ ਹੀ ਸਚੜੀ ਰਾਸੀ (ਰਾਸਿ) ਹੈ। ਨਦਰ ਕਰਮਾਂ ਕਰਕੇ ਪੱਲੇ ਪੈਂਦੀ ਹੈ। 'ਬੇਦੁ' ਤੋਂ ਭਾਵ ਏਥੇ ਨਾਮੁ ਰੂਪੀ ਬੇਦੁ ਹੈ। ਸੱਚਾ ਬੇਦੁ ਨਾਮ ਹੀ ਹੈ। ਜਿਸ ਪ੍ਰਕਾਰ 'ਨਾਮੁ ਵਾਪਾਰੀ', 'ਨਾਮੁ ਨਿਧਾਨੁ', 'ਨਾਮੁ ਪਦਾਰਥੁ' ਆਦਿਕ ਪਦ ਗੁਰਬਾਣੀ ਅੰਦਰਿ ਆਉਂਦੇ ਹਨ ਤਾਂ ਓਥੇ ਜ਼ਰੂਰੀ ਨਹੀਂ ਕਿ ਨਾਮ ਦਾ ਯਾ ਨਾਮ ਦੇ ਵਾਪਾਰੀ, ਨਾਮ ਦਾ ਨਿਧਾਨ, ਨਾਮ ਦਾ ਪਦਾਰਥ ਅਰਥ

bsrstrust.org

ਕੀਤੇ ਜਾਣ ਅਤੇ 'ਦਾ' 'ਦੇ' ਸਬੰਧਕ ਪਦ ਮੱਲੋ ਮੱਲੀ ਘੁਸੋੜੇ ਜਾਣ ਅਤੇ 'ਨਾਮੁ' ਪਦ ਦੇ ਮੰਮੇ ਅੱਖਰ ਦਾ ਔਂਕੜ ਉਡਾਇਆ ਜਾਵੇ। ਔਂਕੜ ਹੁੰਦਿਆਂ ਭੀ ਅਰਥ ਸਮਾਨ ਰਹਿੰਦਾ ਹੈ। ਇਸ ਮਰੋੜੀ ਘੁੰਡੀ ਨੂੰ ਮੁਖ ਨ ਰੱਖ ਕੇ ਜੋ ਬੇਦ ਦਾ ਹੀ ਅਰਥ ਹੈ ਏਥੇ ਹਿੰਦੂਆਂ ਦੇ ਧਰਮ ਪੁਸਤਕ ਬੇਦ ਦਾ ਕਰਦੇ ਹਨ ਇਹ ਓਹਨਾਂ ਦੀ ਮਹਿਜ਼ ਖਿੱਚ ਹੈ। ਓਹ ਕਹਿੰਦੇ ਹਨ—ਬੇਦ ਤਾਂ ਵਾਪਾਰੀ ਅਤੇ ਉਸ ਵਿਚਿ ਜੋ ਗਿਆਨ ਹੈ, ਉਸ ਦੀ ਰਾਸੀ ਹੈ। ਉਸ ਰਾਸਿ ਦਾ ਵਾਪਾਰੀ ਵੇਦ ਹੈ, ਜੋ ਗ਼ਲਤ ਅਰਥ ਹਨ। ਬੇਦ ਕੋਈ ਬੰਦਾ ਹੈ ਜਾਂ ਕੋਈ ਹਰਿ ਜਨ ਹੈ ਜੋ ਵਾਪਾਰ ਕਰਦਾ ਹੈ। ਬੇਦੁ ਤਾਂ ਹਿੰਦੂਆਂ ਦੀ ਇਕ ਪੁਸਤਕ ਹੈ, ਯਾ ਬੇਦ ਬਹੁਤੇ ਪੁਸਤਕਾਂ ਦੇ ਭਾਰ ਹਨ ਜੋ ਅਬੇ ਤਬੇ ਕਰਮਾਂ ਰੂਪੀ ਪਦਾਰਥਾਂ ਨਾਲਿ ਲੱਦੇ ਪਏ ਹਨ। ਪਦਾਰਥਾਂ ਦੇ ਲੱਦ ਵਾਪਾਰੀ ਨਹੀਂ ਕਹਾ ਸਕਦੇ ਕਦਾਚਿਤ। ਫੇਰ ਓਹਨਾਂ ਵਿਚਿ ਜੋ ਈਸ਼ਰੀ ਗਿਆਨੁ ਹੀ ਗਿਆਨੁ ਭਰਿਆ ਪਿਆ ਦਸਦੇ ਹਨ, ਇਹ ਨਿਰੀ ਬੇਦ ਅਵਲੰਬੀਆਂ ਦੀ ਕਲਪਨਾ ਹੀ ਕਲਪਨਾ ਹੈ। ਬੇਦਾਂ ਦੇ ਜਾਣੂ ਪਛਾਣੂ ਗੁਰਮਤਿ ਦੇ ਸੱਚੇ ਪੰਡਤਾਂ ਤੋਂ ਪੁਛੋ ਤਾਂ ਸਹੀ ਓਹ ਬੇਦ ਪਦਾਰਥਾਂ ਦਾ ਪੋਲ ਖੋਲ੍ਹ ਕੇ ਦੱਸਣਗੇ, ਓਹਨਾਂ ਵਿਚਿ ਕੇਹੜਾ ਈਸ਼ਰੀ ਗਿਆਨ ਹੈ, ਅਰਥਾਤ ਈਸ਼ਰੀ ਗਿਆਨ ਤਿਥੈ ਹੈ ਹੀ ਨਹੀਂ। ਤਾਂ ਤੇ ਸ਼ਬਦਾਰਥੀਆਂ ਦੇ ਅਰਥ ਕੇਵਲ ਮਨ ਕਲਪਤ ਹਨ ਅਤੇ ਨਿਰੀ ਖਿਚਾ ਖਿਚੀ ਦੇ ਹਨ। ਗੁਰਮਤਿ ਗਿਆਨੀ ਅਤੇ ਗੁਰਮਤਿ ਗਿਆਤਾ ਪੰਡਤ ਕਰਤਾਰ ਸਿੰਘ ਜੀ 'ਦਾਖਾ' ਜੈਸੇ ਸੱਚੇ ਗੁਰਮੁਖਿ ਪੰਡਤਾਂ ਆਦਿ ਦੇ ਨਿਕਟ ਤਾਂ 'ਨਾਮੁ' ਹੀ ਸੱਚਾ ਬੇਦੁ ਹੈ, ਨਾਮ ਹੀ ਸੱਚੀ ਗਿਆਨ ਰਾਸਿ ਹੈ। ਹੋਰ ਐਵੇਂ ਅਰਥ ਖਿਚਾਵਲੀ ਬਿਅਰਥ ਮਗਜ਼ ਮਾਰਨੀ ਮਗਜੌਲੀ ਹੀ ਹੈ। ਜੈਸੇ ਕਿ ਐਨ ਅਗਲੇਰੀ ਨਾਲ ਲਗਵੀਂ ਪਉੜੀ ਵਿਚਿ ਹੀ ਕਰਤਾ ਕਾਰਕ ਦੇ ਇਸ ਸੰਕੇਤ ਨੂੰ ਰਫਾ ਕਰ ਦਿਤਾ ਗਿਆ ਹੈ ਅਤੇ ਇਹ ਭੁਲੇਖਾ ਦੂਰ ਹੋ ਗਿਆ ਹੈ ਕਿ ਔਂਕੜ ਵਾਲੇ ਨਾਂਵ (noun) ਪਦ 'ਦੇ' 'ਦਾ' ਦੇ ਸਬੰਧਕ ਪਦ ਅਗੇ ਲਾ ਹੀ ਨਹੀਂ ਸਕਦੇ। ਯਥਾ :

ਨਿੰਮੁ ਬਿਰਖੁ

ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ॥...
ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ॥ *(ਪੰਨਾ ੧੨੪੪)*

ਦੇਖੋ ਏਥੇ 'ਨਿੰਮੁ' ਪਦ ਦੇ ਮੰਮੇ ਅੱਖਰ ਨੂੰ ਭੀ ਔਂਕੜ ਹੈ ਅਤੇ 'ਬਿਰਖੁ' ਪਦ ਦੇ ਖੱਖੇ ਅੱਖਰ ਨੂੰ ਭੀ ਔਂਕੜ ਹੈ। ਪਦ ਏਥੇ ਲੋੜ ਨਹੀਂ ਕਿ ਮੱਲੋ ਮੱਲੀ ਨਿੰਮ ਦੇ ਬਿਰਖ ਨੂੰ ਅਰਥ ਕਰਦੇ ਹੋਏ 'ਦੇ' ਅਤੇ 'ਨੂੰ' ਸਬੰਧਕ ਪਦ ਫ਼ਾਲਤੂ ਲਾਉਂਦੇ ਫਿਰੀਏ। ਅਗਲੀਆਂ ਸਤਰਾਂ ਦੇ ਔਂਕੜਾਂ ਦੇ ਲਗਾਉ ਨੂੰ ਭੀ ਵਿਚਾਰ ਲਵੋ ਤਾਂ ਸਭ ਸੰਕੇਤ ਆਪੋਂ ਸਪਸ਼ਟ ਹੋ ਜਾਣਗੇ ਅਤੇ ਬੇਦ ਭਗਤਾਂ ਦਾ ਭਰਮ ਦੂਰ ਹੋ ਜਾਊ। ਪਰੰਤੂ ਅਗਲੀਆਂ ਦੋ ਸਤਰਾਂ ਵਿਚਿ 'ਬਿਖੁ ਮਹਿ' ਅਤੇ 'ਬਿਖੁ ਕਾ' ਦੁਇ ਪਦਾਂ ਅੰਦਰਿ ਜੋ

bsrstrust.org

'ਬਿਖੁ' ਦੇ ਖੱਖੇ ਨੂੰ ਔਂਕੜ ਲੱਗਾ ਹੈ ਇਹ ਛਾਪੇ ਦੀ ਗ਼ਲਤੀ ਹੈ ਕਿਉਂਕਿ ਲਗਮਾਤ੍ਰੀ ਨਿਯਮਾਂ ਅਨੁਸਾਰ ਦੋਹੀਂ ਥਾਵੀਂ 'ਬਿਖੁ' ਪਦ ਦੇ ਅਗੇ 'ਮਹਿ' ਅਤੇ 'ਦਾ' ਸੰਬੰਧਕ ਪਦ (preposition) ਸਪਸ਼ਟ ਲਗੇ ਹੋਏ ਹਨ। ਤਾਂ ਤੇ 'ਬਿਖ' ਪਦ ਦਾ ਔਂਕੜ ਉਡ ਜਾਣਾ ਚਾਹੀਦਾ ਹੈ।

ਨਾਨਕ ਢੇਰੀ ਛਾਰੁ ਕੀ ਭੀ ਫਿਰਿ ਹੋਈ ਛਾਰ॥ *(ਪੰਨਾ ੧੨੪੪)*

ਏਥੇ 'ਛਾਰੁ ਕੀ' ਦੁਪਦੇ ਅੰਦਰਿ 'ਛਾਰੁ' ਦੇ ਰਾਰੇ ਅੱਖਰ ਨੂੰ ਔਂਕੜ ਫ਼ਾਲਤੂ ਹੈ। ਉਹ ਉਡ ਜਾਣਾ ਚਾਹੀਦਾ ਹੈ। ਛਾਪੇ ਦੀ ਗ਼ਲਤੀ ਹੈ।

ਕੋਟਿ, ਕੋਟੁ, ਕੋਟ

ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ॥ *(ਪੰਨਾ ੧੨੪੪)*

ਏਥੇ 'ਕੋਟੁ' ਪਦ ਦੇ ਅਰਥ 'ਕਿਲ੍ਹਾ' ਹਨ। ਟੈਂਕੇ ਨੂੰ ਔਂਕੜ ਵਾਲਾ 'ਕੋਟੁ' ਪਦ ਗੁਰਬਾਣੀ ਅੰਦਰਿ ਨਾਂਵ (noun) ਕਰਕੇ ਅਰਥ ਦਿੰਦਾ ਹੈ। ਜਿਥੇ ਟੈਂਕੇ ਅੱਖਰ ਨੂੰ ਸਿਹਾਰੀ ਹੈ ਉਥੇ 'ਕੋਟਿ' ਪਦ ਵਿਸ਼ੇਸ਼ਣ ਹੈ। ਗਿਣਤੀ ਵਿਸ਼ੇਸ਼ਣ—ਕਰੋੜਾਂ। ਜਿਥੇ ਟੈਂਕਾ ਅੱਖਰ ਮੁਕਤਾ ਹੈ ਉਥੇ 'ਕੋਟੁ' ਦਾ ਬਹੁ-ਵਚਨ ਹੈ—ਬਾਹਲੇ ਕਿਲ੍ਹੇ।

ਦੁਸਟੁ

ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ॥ *(ਪੰਨਾ ੧੨੪੪)*

ਏਥੇ 'ਦੁਸ਼ਟ' ਪਦ ਵਿਸ਼ੇਸ਼ਣ (adjective) ਹੈ। 'ਨਿੰਦਾ' ਨਾਂਵ (noun) ਹੈ।—ਜਿਨ੍ਹਾਂ ਦੇ ਅੰਦਰਿ ਨੀਚ (ਨੀਚਤਾ ਲੱਛਣੀ) ਨਿੰਦਿਆ ਹੈ ਓਹ ਨਕ ਵਢੇ ਹਨ। ਤਿਨ੍ਹਾਂ ਨੇ ਨਿੰਦਾ ਕਰਿ ਕਰਿ ਨਕ (ਆਪਣੇ) ਹੀ ਵਢਾਇ ਲਏ ਹਨ। ਪਦ 'ਨਿੰਦਾ' ਇਸਤ੍ਰੀ-ਲਿੰਗ (feminine gender) ਵਾਲਾ ਨਾਂਵ (noun) ਹੈ। ਇਸਦਾ ਵਿਸ਼ੇਸ਼ਣ (adjective) ਭੀ ਇਸਤ੍ਰੀ-ਲਿੰਗ ਰੂਪ ਹੀ ਹੋਣਾ ਚਾਹੀਦਾ ਹੈ। ਪਤਾ ਨਹੀਂ 'ਦੁਸਟ' ਪਦ ਦੇ ਟੈਂਕੇ ਅੱਖਰ ਨੂੰ ਕਿਉਂ ਔਂਕੜ ਲਗਾ ਹੈ। ਔਂਕੜ ਵਾਲਾ 'ਦੁਸਟੁ' ਪਦ ਤਾਂ 'ਦੁਸ਼ਟ ਪੁਰਖ' ਦੇ ਅਰਥ ਅਰਥਾਉਂਦਾ ਹੈ ਅਤੇ ਇਕ-ਵਚਨ (singular noun) ਨਾਂਵ ਹੀ ਹੋਵੇਗਾ। ਮੁਢ ਵਿਚਿ 'ਜਿਨ' ਪਦ ਬਹੁ-ਵਚਨ ਦਾ ਲਖਾਇਕ ਹੈ ਜੋ ਇਹ ਅਰਥ ਇਸ ਤੁਕ ਦੇ ਨਹੀਂ ਬਣਨ ਦਿੰਦਾ—ਜਿਸਦੇ ਅੰਦਰਿ ਨਿੰਦਾ ਹੈ ਉਹ ਦੁਸ਼ਟ ਪੁਰਸ਼ ਹੈ। ਇਸ ਕਰਕੇ ਟੈਂਕੇ ਦਾ ਔਂਕੜ ਭੁਲ ਕੇ ਹੀ ਲਗਾ ਪਰਤੀਤ ਦਿੰਦਾ ਹੈ। ਤਾਂ ਤੇ 'ਦੁਸਟੁ' ਪਦ 'ਨਿੰਦਾ' ਨਾਂਵ (noun) ਦਾ ਵਿਸ਼ੇਸ਼ਣ (adjective) ਹੀ ਹੈ। ਔਂਕੜ ਦੀ ਹੇਰਾ ਫੇਰੀ ਜ਼ਰੂਰ ਹੈ।

bsrstrust.org

ਗੁਰਮੁਖਿ

ਸਾਰੰਗ ਕੀ ਵਾਰ ਦੀ ਅਠਾਰਵੀਂ ਪਉੜੀ ਵਿਚਿ ਜਿੰਨੀ ਵਾਰ ਭੀ 'ਗੁਰਮੁਖਿ' ਪਦ ਆਇਆ ਹੈ ਸੋ 'ਗੁਰਮੁਖਿ ਸਿਖ' ਦੇ ਅਰਥ ਦਿੰਦਾ ਹੈ। 'ਗੁਰੂ ਦੁਆਰਾ' ਦਾ ਨਹੀਂ ਦਿੰਦਾ। ਪਰ ਏਹਨਾਂ 'ਗੁਰਮੁਖਿ' ਪਦਾਂ ਉਤੇ ਸ਼ਬਦਾਰਥੀਏ ਟੀਕਾ ਟਿਪਣੀ ਕਰਨੋਂ ਹੀ ਚੁਪ ਹਨ, ਸ਼ਾਇਦ ਇਸ ਕਰਕੇ ਕਿ 'ਗੁਰੂ ਦੁਆਰਾ' ਦੇ ਅਰਥ ਬਣਦੇ ਨਹੀਂ। ਜਾਣ ਕੇ ਮਸਟ ਧਾਰੀ ਹੈ।

ਗੁਰਮੁਖਿ, ਸਭ

ਗੁਰਮੁਖਿ ਅੰਮ੍ਰਿਤੁ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ॥ *(ਪੰਨਾ ੧੨੫੦)*

ਮੁਖੀ ਗੁਰੂ, ਵਾਹਿਗੁਰੂ ਹੀ ਅੰਮ੍ਰਿਤ ਹੈ, ਵਾਹਿਗੁਰੂ ਹੀ ਨਾਮੁ; ਵਾਹਿਗੁਰੂ ਨਾਮ ਅੰਮ੍ਰਿਤ ਰੂਪ ਹੈ। ਜਿਸ ਦੇ ਛਕਣ ਕਰਕੇ ਸਾਰੀ ਭੁਖ ਦੂਰ ਹੋ ਜਾਂਦੀ ਹੈ। 'ਭੁਖ' ਪਦ ਇਸਤ੍ਰੀ-ਲਿੰਗ ਹੈ। ਇਸ ਕਰਕੇ ਖੱਖਾ ਅੱਖਰ ਮੁਕਤਾ ਹੈ ਅਤੇ ਏਸੇ ਕਰਕੇ ਹੀ ਇਸ ਦੇ ਗਿਣਤੀ ਵਿਸ਼ੇਸ਼ਣ (numeral adjective) 'ਸਭ' ਪਦ ਦਾ ਭੱਭਾ ਅੱਖਰ ਭੀ ਮੁਕਤਾ ਹੀ ਹੈ।

ਸਬਦੁ ਸਲਾਹਣਾ

"ਨਾਨਕ ਰਸ ਕਸ ਸਬਦੁ ਸਲਾਹਣਾ"[1] ਸਬਦੁ ਸਾਲਾਹਣਾ ਨਾਮੁ ਅਭਿਆਸ ਹੀ ਗੁਰਮੁਖਿ ਸਿੱਖਾਂ ਦੇ ਛਕਣ ਲਈ ਰਸ ਕਸ ਹਨ। ਇਸ ਸ਼ਬਦ ਸਾਲਾਹਣੀ ਰਸ ਕਸ ਅੰਦਰਿ ਗੁਰਮੁਖਿ ਜਨ ਤ੍ਰਿਪਤਾਸੇ ਰਹਿੰਦੇ ਹਨ। ਦੰਮ ਬਦੰਮ ਇਹੀ ਛਕਣਾ ਹੀ ਛਕਦੇ ਹਨ, ਇਹੀ ਭੁੰਚਣਾ ਹੀ ਭੁੰਚਦੇ ਹਨ। ਇਹ ਅਮਿਓ ਪੀਣਾ ਪੀਂਦੇ ਰਹਿੰਦੇ ਹਨ।

ਸੰਤ ਜਨਾ ਕੀ ਜੀਵਨਿ

ਹਰਿ ਹਰਿ ਸੰਤ ਜਨਾ ਕੀ ਜੀਵਨਿ॥
ਬਿਖੈ ਰਸ ਭੋਗ ਅੰਮ੍ਰਿਤ ਸੁਖ ਸਾਗਰ ਰਾਮ ਨਾਮ ਰਸੁ ਪੀਵਨਿ॥ *(ਪੰਨਾ ੧੨੨੨)*

ਹਰਿ ਹਰਿ ਨਾਮੁ, ਹਰਿ ਹਰਿ ਹਰਿ ਹਰਿ ਕਰੀ ਜਾਣਾ, ਗੁਰ ਗੁਰ ਗੁਰ ਗੁਰ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜਪੀ ਜਾਣਾ ਸੰਤਾਂ ਸਿੱਖਾਂ ਗੁਰਮੁਖ ਜਨਾਂ ਦੀ ਜੀਵਨ ਬੂਟੀ ਹੈ। ਏਸੇ ਨਾਮ ਦੇ ਆਸਰੇ ਹੀ ਓਹ ਜੀਂਵਦੇ ਹਨ। ਓਨ੍ਹਾਂ ਲਈ ਛਤੀਹ ਪ੍ਰਕਾਰ ਦੇ ਭੋਗ ਰਸ ਭੁੰਚਣੇ ਭੀ ਰਾਮ ਨਾਮ (ਰਮਤ ਰਾਮ, ਵਾਹਿਗੁਰੂ) ਦੇ ਅੰਮ੍ਰਿਤ

---

੧. ਪੰਨਾ ੧੨੫੦.

bsrstrust.org

ਰਸ ਸਾਗਰੀ ਗਟਾਕ ਪੀਵਣਾ ਹੈ। ਖਿਨ ਖਿਨ ਇਹੋ ਭੋਜਨ ਓਹ ਛਕਦੇ ਭੁੰਚਦੇ ਹਨ। ਨਾਮ ਮਹਾ ਰਸ ਪੀਵਨਾ ਹੀ ਓਹਨਾਂ ਦੇ ਬਿਖੈ ਰਸ ਦੇ ਥਾਂ ਭੋਗ ਭੁੰਚਣਾ ਹੈ। ਇਹੀ ਓਹਨਾਂ ਦਾ ਅਹਾਰੁ ਹੈ ਜਿਸ ਦੇ ਆਧਾਰ ਆਸਰੇ ਹੀ ਓਹ ਜੀਂਵਦੇ ਹਨ ਜਿਸ ਨੂੰ ਭੁੰਚਦੇ ਭੁੰਚਦੇ ਓਹ ਅੰਮ੍ਰਿਤ ਸੁਖ ਸਾਗਰ ਵਿਚਿ ਲੀਨ ਹੋ ਜਾਂਦੇ ਹਨ। 'ਬਿਖੈ ਰਸ ਭੋਗ' ਵਖਰੀ ਪੰਗਤੀ ਹੈ ਜੋ ਜਾਣਾਉਂਦੀ ਹੈ ਕਿ ਬਿਖੇ ਰਸ ਦੇ ਥਾਂ ਓਹ ਭੋਗ ਕੇਹੜੇ ਹਨ ਜੋ ਸੰਤ ਜਨ ਭੁੰਚਦੇ ਹਨ। ਇਹ ਗੱਲ ਅਗਲੀਆਂ ਪੰਗਤੀਆਂ ਵਿਚਿ ਦਿਤੀ ਹੈ। "ਅੰਮ੍ਰਿਤ ਸੁਖ ਸਾਗਰ ਰਾਮ ਨਾਮ ਰਸੁ ਪੀਵਨਿ" ਰਾਮ ਨਾਮ ਰਸ ਪੀਵਣਾ ਹੀ ਬਿਖੈ ਰਸ ਦੇ ਥਾਂ ਸੱਚਾ ਰਸ ਭੁੰਚਨ ਹੈ। ਇਸ ਭੁੰਚਨ ਦੇ ਕਾਰਨ ਓਹ ਅੰਮ੍ਰਿਤ ਸੁਖ ਸਾਗਰ ਵਿਚਿ ਸਦਾ ਲੀਨ ਰਹਿੰਦੇ ਹਨ।

ਅਨੰਦੁ

ਹਰਿ ਕੀਰਤਿ ਭਗਤਿ ਅਨੰਦੁ ਹੈ ਸਦਾ ਸੁਖੁ ਵਸੈ ਮਨਿ ਆਇ ॥ *(ਪੰਨਾ ੧੨੫੦)*

ਹਰੀ ਕੀਰਤਨ, ਸਿਫ਼ਤਿ-ਸਾਲਾਹ, ਵਾਹਿਗੁਰੂ ਦੀ ਭਗਤੀ ਆਨੰਦੁ ਮਈ ਹੈ। ਐਸੀ ਆਨੰਦੁ ਮਈ ਕਿ ਮਨ ਅੰਦਰਿ ਸਦਾ ਸਦਾ ਲਈ ਸੱਚਾ ਪਰਮਾਰਥੀ ਆਤਮ ਸੁਖ ਆਇ ਵਸਦਾ ਹੈ। 'ਭਗਤਿ' ਪਦ ਦੇ ਤੱਤੇ ਅੱਖਰ ਨੂੰ ਸਿਹਾਰੀ ਇਸਤ੍ਰੀ-ਲਿੰਗ ਵਾਚਕ ਹੈ। 'ਭਗਤੀ' ਦੇ ਥਾਉਂ 'ਭਗਤਿ' ਪਦ ਏਥੇ ਆਇਆ ਹੈ। ਤੱਤੇ ਦੀ ਸਿਹਾਰੀ 'ਵਿਚਿ' ਦਾ ਅਰਥ ਨਹੀਂ ਇਥੇ ਦਿੰਦੀ। 'ਅਨੰਦੁ' ਪਦ ਦੇ ਦੱਦੇ ਅੱਖਰ ਨੂੰ ਔਂਕੜ 'ਮਈ' ਅਰਥ ਦਾ ਬੋਧਕ ਹੈ।

ਜੈਕਾਰੁ

ਨਾਨਕ ਸਿਫਤਿ ਸਲਾਹ ਕਰਿ ਪ੍ਰਭ ਕਾ ਜੈਕਾਰੁ ॥ *(ਪੰਨਾ ੧੨੫੧)*

ਸਿਫ਼ਤਿ-ਸਾਲਾਹ ਕਰੀ ਜਾਣਾ ਇਹੀ ਪ੍ਰਭ ਕਾ ਜੈਕਾਰੁ ਹੈ। 'ਕਰਿ' ਕਿਰਿਆ ਪਦ ਏਥੇ 'ਸਿਫਤਿ ਸਲਾਹ' ਨਾਲਿ ਸਬੰਧਤ ਹੈ। 'ਪ੍ਰਭ ਕਾ ਜੈਕਾਰੁ ਕਰਿ' ਇਉਂ ਨਹੀਂ।

ਭਾਈ

ਸਭੁ ਆਪੇ ਆਪਿ ਵਰਤਦਾ ਆਪੇ ਹੈ ਭਾਈ ॥ *(ਪੰਨਾ ੧੨੫੧)*

ਸਾਰੇ ਆਪੇ ਆਪ ਵਰਤ ਰਿਹਾ ਹੈ ਅਤੇ (ਜਿਸ ਨੂੰ) ਚਾਹੇ (ਉਸ ਨੂੰ) ਆਪੇ ਹੀ ਭਾਉਂਦਾ ਹੈ। (ਇਹ ਸਿਦਕ ਭਰੋਸਾ ਸਾਰਾ ਆਪੇ ਵਰਤਾਣ ਵਾਲਾ ਹੈ) 'ਭਾਈ' ਤੋਂ ਭਾਵ 'ਹੇ ਭਾਈ' ਨਹੀਂ।

bsrstrust.org

ਨਰ

ਕਹਾ ਨਰ ਗਰਬਸਿ ਥੋਰੀ ਬਾਤ ॥ *(ਪੰਨਾ ੧੨੫੧)*

ਏਥੇ 'ਨਰ' ਦਾ ਰਾਰਾ ਅੱਖਰ ਇਸ ਕਰਕੇ ਮੁਕਤਾ ਹੈ ਕਿ ਇਹ ਸੰਬੋਧਕ ਹੈ—ਹੇ ਨਰ। 'ਗਰਬਸਿ' ਵਿਚਿ ਸੱਸੇ ਨੂੰ ਸਿਹਾਰੀ ਕਿਰਿਆ ਵਾਚਕ ਹੈ—ਗਰਬਦਾ ਹੈਂ। 'ਬਾਤ' ਦਾ ਤੱਤਾ ਅੱਖਰ ਮੁਕਤਾ ਅਗੇ 'ਤੇ' ਸਬੰਧਕ ਪਦ ਦਾ ਲਖਾਇਕ ਹੈ—ਬਾਤ ਤੇ, ਥੋੜੀ ਬਾਤ ਤੇ ਗਰਬਦਾ ਹੈਂ।

ਰਾਜਾ ਸ੍ਮ

ਰਾਜਾ ਸ੍ਮ ਮਿਤਿ ਨਹੀ ਜਾਨੀ ਤੇਰੀ ॥ *(ਪੰਨਾ ੧੨੫੨)*

ਹੇ ਰਾਜਨ ਕੇ ਰਾਜਾ ਵਾਹਿਗੁਰੂ ਅਕਾਲ ਪੁਰਖ ਤੇਰੀ ਘਾਲਨਾ (ਰਚਨਾ) ਦੀ ਗਤਿ ਮਿਤਿ ਨਹੀਂ ਜਾਨੀ ਜਾਂਦੀ। 'ਰਾਜਾਸ੍ਮ' ਪਦ ਇਕੱਠਾ ਨਹੀਂ ਉਠਾਉਣਾ। ਇਉਂ 'ਤੇਰੀ' ਪੜਨਾਉਂ (pronoun) ਦੀ ਜ਼ਮੀਰ ਕੇਹੜੇ ਨਾਂਵ (noun) ਵਲ ਫਿਰੇਗੀ। ਨਾਂਵ ਤਾਂ ਰਿਹਾ ਹੀ ਨਾ। ਰਾਜਾ ਸ੍ਮ ਕੀਹਦਾ ਦਸਿਆ ਜਾਵੇਗਾ। ਨਾਲੇ 'ਸ੍ਮ' ਦੇ ਅਰਥ (ਆਸ੍ਮ) ਕਿਤੇ ਭੀ ਨਹੀਂ ਆਉਂਦਾ ਗੁਰਬਾਣੀ ਅੰਦਰਿ। ਇਹ ਖਿੱਚ ਹੈ ਰਾਜਾ ਸ੍ਮ ਇਕੱਠੇ ਕਰਕੇ ਅਰਥ ਬਣਾਉਣੇ।

ਨਾਰੀ ਤੋਂ ਪੁਰਖ, ਪੁਰਖ ਤੋਂ ਨਾਰੀ

ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਹੀ ॥ *(ਪੰਨਾ ੧੨੫੨)*

ਵਾਹਿਗੁਰੂ ਐਸਾ ਸਮਰਥ ਹੈ ਕਿ ਜ਼ਨਾਨੀ ਤੋਂ ਮਰਦ ਬਣਾ ਦਿੰਦਾ ਹੈ ਅਤੇ ਮਰਦ ਤੋਂ ਨਾਰੀ ਜਾਮੇ ਦਾ ਪਰਿਵਰਤਨ ਕਰਾ ਦਿੰਦਾ ਹੈ। ਅਜੇਹੇ ਪਰਿਵਰਤਨ ਹੋਣ ਦੀਆਂ ਅਨੇਕਾਂ ਨਜ਼ੀਰਾਂ ਫੀ ਜ਼ਮਾਨਾ ਮਿਲੀਆਂ ਹਨ ਅਤੇ ਅਖ਼ਬਾਰਾਂ ਵਿਚਿ ਛਪ ਚੁਕੀਆਂ ਹਨ। ਕਈ ਸੋਲ੍ਹਾਂ ਸੋਲ੍ਹਾਂ ਸਾਲ ਦੇ ਲੜਕੇ ਪਲਟ ਕੇ ਇਸਤ੍ਰੀ ਜਾਮੇ ਵਿਚਿ ਪਰਵਿਰਤ ਹੋ ਗਏ। ਕਈ ਮੁਟਿਆਰਾਂ ਕੁੜੀਆਂ ਦੇ ਇਸਤ੍ਰੀ ਜਾਮੇ ਕੁਦਰਤੀ ਪਰਿਵਰਤਨ ਦੇ ਅਧੀਨ ਗਭਰੂਆਂ ਦੇ ਜਿਸਮ ਵਿਚ ਬਦਲ ਗਏ। ਕਰਤੇ ਪੁਰਖ ਦੀ ਕੁਦਰਤਿ ਦੇ ਖੇਡ ਅਜੇਹੇ ਹਾਲੀਆ ਪਰਤੱਖ ਹੋ ਚੁੱਕੇ ਹਨ। ਸਿਖ ਸਦਾਵਨ ਵਾਲੇ, ਖ਼ੁਸ਼ਕ ਫ਼ਿਲਾਸਫ਼ਰਾਂ ਨੂੰ ਅਜੇ ਭੀ ਯਕੀਨ ਨਹੀਂ ਆਉਂਦਾ। ਸਿਖ ਹੁੰਦੇ ਹੋਏ ਓਹਨਾਂ ਦੀ ਸਰਧਾ ਸੁਤੇ ਸੁਭਾਵ ਹੀ ਗੁਰ ਬਚਨਾਂ ਦੀ ਸਮਰਥਾ ਉਤੇ ਹੋਣੀ ਚਾਹੀਦੀ ਸੀ। ਓਹ ਸਗੋਂ ਚਤੁਰਾਈਆਂ ਨਾਲਿ ਉਲਟੇ ਅਰਥ ਇਉਂ ਅਰਥਾਉਂਦੇ ਹਨ—ਨਾਰੀਆਂ ਤੋਂ ਹੀ ਪੁਰਖ ਪੈਦਾ ਹੁੰਦੇ ਹਨ ਅਤੇ ਪੁਰਸ਼ਾਂ ਦੇ ਕਾਰਨ ਨਾਰੀਆਂ ਉਤਪੰਨ ਹੁੰਦੀਆਂ ਹਨ। ਦੇਖੋ ਕਿਤਨੀ ਖਿਚ ਪਾੜ ਦੇ ਅਰਥ ਹਨ। ਗੁਰ ਬਚਨਾਂ ਤੋਂ ਸਰਧਾ ਹੀਣਿਆਂ ਦੇ ਇਹ ਲੱਛਣ ਹਨ। ਸਪਸ਼ਟ

bsrstrust.org

ਇਹ ਤੁਕ ਹੈ (ਗੁਰਵਾਕ ਦੀ) 'ਨਾਰੀ ਤੇ ਜੋ ਪੁਰਖੁ ਕਰਾਵੈ', ਇਸ ਤੁਕ ਦੇ ਇਹ ਅਰਥ ਕਿਵੇਂ ਤੇ ਕਿਸ ਤਰ੍ਹਾਂ ਹੋ ਜਾਣਗੇ—ਨਾਰੀਆਂ ਤੋਂ ਹੀ ਪੁਰਸ਼ ਪੈਦਾ ਹੁੰਦੇ ਹਨ। 'ਕਰਾਵੈ' ਅਰਥ 'ਪੈਦਾ ਹੁੰਦੇ ਹਨ' ਕਿਵੇਂ ਬਣਨਗੇ ? ਭਲਾ ਖਿਚ ਖਿਚਾ ਕੇ ਜੇ 'ਕਰਾਵੈ' ਦੇ ਅਰਥ ਉਹ 'ਪੈਦਾ ਕਰਾਵੇ' ਦੇ ਕਰ ਭੀ ਲੈਣ ਤਾਂ ਇਸ ਵਿਚਿ ਵਿਲੱਖਣਤਾ ਕੀ ਹੋਈ ? ਅਤੇ ਕਰਤੇ ਪੁਰਖ ਦੀ ਸਮਰਥਾ ਦੀ ਗਤਿ ਮਿਤਿ ਕੀ ਹੋਈ ? ਹਸਬ ਮਾਮੂਲ ਦੁਨੀਆ ਵਿਚਿ ਜਣੇਪੇ ਹੁੰਦੇ ਹੀ ਚਲੇ ਆਉਂਦੇ ਹਨ। ਇਹ ਅਰਥ ਅਕਲਈਏ ਏਸੇ ਨੂੰ ਭਾਰੀ ਕਰਾਮਾਤ ਸਮਝਦੇ ਹਨ ਕਿ ਨਾਰੀ ਜਾਮੇ 'ਚੋਂ ਨਰ ਸੰਤਾਨ ਭੀ ਉਤਪੰਨ ਹੋ ਜਾਂਦੀ ਹੈ। ਓਹਨਾਂ ਦੇ ਭਾ ਦਾ ਨਾਰੀ ਦੇ ਗਰਭ 'ਚੋਂ ਮਦੀਨ ਔਲਾਦ ਹੀ ਪੈਦਾ ਹੋਣੀ ਚਾਹੀਦੀ ਸੀ। ਕੈਸੀ ਗ਼ਲਤ ਲਾਜਿਕ ਹੈ। 'ਨਾਰੀ' ਇਕ-ਵਚਨ ਨਾਂਵ (singular noun) ਹੈ। ਇਸ ਦੇ ਅਰਥ 'ਨਾਰੀਆਂ' ਬਹੁ-ਵਚਨ (plural) ਕਿਵੇਂ ਹੋ ਜਾਣਗੇ ? ਹਾਂ ਅਰਥਈਏ ਦੀ ਜ਼ਾਹਰਾ ਕਲਾ ਜਣਾਉਣੀ ਫ਼ਿਤਰਤ ਦੁਆਰਾ ਭਾਵੇਂ ਹੋ ਜਾਣ। 'ਪੁਰਖੁ ਕਰਾਵੈ' ਦੁਪਦੇ ਮਈ ਇਬਾਰਤ ਵਿਚਿ 'ਪੁਰਖੁ' ਪਦ ਸਾਫ਼ ਪਿਆ ਹੈ। ਖੱਖੇ ਅੱਖਰ ਨੂੰ ਔਂਕੜ ਹੈ ਜੋ ਇਕ-ਵਚਨ ਦਾ ਅਰਥ ਜਣਾਉਂਦਾ ਹੈ। 'ਇਕ ਪੁਰਖ' ਦੇ ਅਰਥ 'ਅਨਿਕ ਪੁਰਖੁ' ਕਿਵੇਂ ਹੋ ਜਾਣਗੇ ? 'ਤੇ' ਦੇ ਅਰਥ ਏਥੇ 'ਗਰਭ ਵਿਚੋਂ' ਨਹੀਂ, 'ਤੋਂ' ਦੇ ਹਨ। ਨਾਰੀ ਜਾਮੇ ਤੋਂ ਪਲਟਾ ਕੇ 'ਪੁਰਖਨ ਤੇ ਜੋ ਨਾਰੀ' ਵਾਲੀ ਅੱਧ ਪੰਗਤੀ ਵਿਚਿ 'ਤੇ' ਦੇ ਅਰਥ 'ਮਰਦਾਂ ਦੇ ਬੀਰਜ ਵਿਚੋਂ' ਕਿਵੇਂ ਬਣਾ ਲਏ। ਸਭ ਫ਼ਜ਼ੂਲ ਖਿਚਾ ਖਿਚੀ ਹੈ। ਏਹਨਾਂ ਦੀ ਅਲਪੱਗ ਅਕਲ ਅਨੁਸਾਰ ਸਰਬੱਗ ਪਰਮਾਤਮਾ ਕੇਵਲ ਓਹੀ ਕੁਝ ਕਰ ਸਕਦਾ ਹੈ ਜੋ ਏਹਨਾਂ ਦੀ ਅਲਪੱਗਤਾ ਵਾਲੀ ਮਤਿ ਨੂੰ ਸਹੀ ਦਿਸੇ। ਸਰਬੱਗ ਪੁਰਖ ਅਕਾਲ ਦੀ ਹੋਂਦ ਤੋਂ ਓਹ ਉੱਕੇ ਹੀ ਮੁਨਕਰ ਹਨ। ਪਹਿਲੀਆਂ ਤੁਕਾਂ ਵਿਚਿ ਆਈ ਪਰਿਵਰਤਨ ਵਾਲੇ ਭਾਵ ਤਾਂ ਓਹਨਾਂ ਨੂੰ ਅਨੁਕੂਲ ਭਾਸਦੇ ਹਨ ਅਪਣੀ ਬੁੱਧੀ ਦੇ। ਵੱਸਦੇ ਉਜੜ ਜਾਣੇ ਤੇ ਉਜੜਦੇ ਵੱਸ ਜਾਣੇ ਆਦਿ ਤਾਂ ਏਹਨਾਂ ਭਾਣੇ ਮੁਮਕਿਨ ਗੱਲਾਂ ਹਨ। ਪਰ ਇਹ ਗੱਲ ਇਹਨਾਂ ਦੀ ਅਲਪੱਗ ਬੁਧੀ ਅਨੁਸਾਰ ਏਹਨਾਂ ਨੂੰ ਨਾ-ਮੁਮਕਿਨ ਭਾਸਦੀ ਸੀ ਜਿਸ ਕਰਕੇ ਇਸ ਤੋਂ ਮੁਨਕਰ ਹੋ ਗਏ, ਤੇ ਹੇਰਾ ਫੇਰੀ ਦੇ ਅਰਥ ਘੜਨ ਤੇ ਆ ਉਤਰੇ। ਹਾਲਾਂਕਿ ਗੁਰਮਤਿ ਇਤਿਹਾਸ ਵਿਚ ਇਹ ਲੋਗ ਅਜੇਹੇ ਪਰਿਵਰਤਨ ਬਿਰਤਾਂਤ ਭੀ ਪੜ੍ਹ ਚੁਕੇ ਹੋਏ ਹਨ। ਗੁਰੂ ਨਾਨਕ ਸਾਹਿਬ ਦੇ ਇਕ ਸ਼ਰਧਾਲੂ ਰਾਜਾ ਨੂੰ ਗੁਰ ਬਚਨਾਂ ਤੇ ਸਰਧਾ ਸੀ ਕਿ ਗੁਰੂ ਨਾਨਕ ਸਾਹਿਬ ਦੇ ਫ਼ੁਰਮਾਨ ਅਨੁਸਾਰ ਉਸ ਦੇ ਘਰ ਲੜਕਾ ਪੈਦਾ ਹੋਵੇਗਾ, ਹੋਈ ਲੜਕੀ। ਪਰ ਉਸਦੀ ਸਰਧਾ ਉਸ ਨੂੰ ਲੜਕਾ ਹੀ ਲਖਾਉਂਦੀ ਰਹੀ। ਓੜਕ ਉਸਦੀ ਸਰਧਾ ਨੂੰ ਪਰਤੱਖ ਫਲ ਲਗਾ ਕਿ ਐਨ ਵਿਆਹ ਦੇ ਸਮੇਂ ਉਹ ਲੜਕੀ ਜਾਮਾ ਕਾਦਰੀ ਪਰਿਵਰਤਨ ਵਿਚਿ ਆ ਕੇ ਨਰ ਜਾਮੇ ਵਿਚਿ ਤਬਦੀਲ ਹੋ ਗਿਆ ਅਤੇ ਉਹ ਲੜਕਾ ਬਣ ਗਿਆ। ਪਰ ਅਜਿਹੇ ਇਤਿਹਾਸਾਂ ਨੂੰ ਇਹ ਅਲਪੱਗ ਬੁਧੀਏ ਮੰਨਦੇ ਨਹੀਂ; ਓਨ੍ਹਾਂ ਹੀ ਇਤਿਹਾਸਾਂ ਨੂੰ ਮੰਨਣਗੇ ਜੋ ਓਹਨਾਂ ਦੀ ਬੁੱਧੀ ਦੇ ਅਨੁਕੂਲ ਹੋਣ। ਸਪਸ਼ਟ ਅਰਥਾਂ ਦੀ ਭੰਨ ਘੜਤ ਕਰਨਾ ਮਹਾਂ ਮਨਮਤਿ ਹੈ। ਖ਼ਬਰੇ ਏਹਨਾਂ ਦੇ ਹੱਥ ਕੀ ਆਵੇਗਾ ਏਹਨਾਂ ਚਤਰਾਈਆਂ ਨੂੰ ਦਿਖਾ

bsrstrust.org

ਕੇ। ਲਗਮਾਤ੍ਰੀ ਬਣਤਰ ਅਨੁਸਾਰ ਇਕੋ ਹੀ ਅਸਲ ਅਰਥ ਹੋ ਸਕਣਗੇ। ਦੂਜੇ ਮਨ ਘੜਤ ਖਿਚਵੇਂ ਅਰਥ ਹੋ ਹੀ ਨਹੀਂ ਸਕਦੇ।

ਕਨਿਕ ਕਾਮਨੀ

ਐਸੇ ਕਨਿਕ ਕਾਮਨੀ ਬਾਧਿਓ ਮੋਹ ॥ *(ਪੰਨਾ ੧੨੫੨)*

ਐਸੇ ਹੀ ਕਾਮਨੀ (ਇਸਤਰੀ) ਸੋਨੇ (ਸਿੰਗਾਰ) ਦੇ ਮੋਹ ਵਿਚਿ ਬੰਨ੍ਹੀ ਹੋਈ ਹੁੰਦੀ ਹੈ। ਇਹ ਅਰਥ ਠੀਕ ਨਹੀਂ—ਇਸ ਤਰ੍ਹਾਂ ਮਨੁੱਖ ਸੋਨੇ ਤੇ ਇਸਤ੍ਰੀ ਦੇ ਮੋਹ ਵਿਚਿ ਬੱਝਾ ਰਹਿੰਦਾ ਹੈ। 'ਬਾਧਿਓ ਮੋਹ' ਦਾ ਕਰਤਾ 'ਕਾਮਨੀ' ਹੈ। ਮਨੁੱਖ ਕਰਤਾ ਕਿਥੋਂ ਆਇਆ ? ਐਵੇਂ ਲਿਆਉਣਾ ਹੈ ਜਦ ਤੁਕ ਅੰਦਰ ਮਉਜੂਦ ਹੈ।

'ਮਧੁ ਲੀਨੋ ਮੁਖਿ ਦੀਨੀ ਛਾਰੁ" ਇਸ ਤੁਕ ਅੰਦਰਿ ਮਧ ਲੈਣ ਵਾਲਾ, ਮਾਖਿਓ ਚੋਣ ਵਾਲਾ ਕਰਤਾ ਗੁਪਤ ਹੈ।

ਮਿਲਾਵੈ

ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥ *(ਪੰਨਾ ੧੨੫੪)*

ਅਪਨੇ ਗੁਰੂ ਪ੍ਰੀਤਮ ਨੂੰ ਬੇਨਤੀ ਕਰਦੀ ਹਾਂ ਜੋ ਵਾਹਿਗੁਰੂ ਪਤੀ ਨੂੰ ਆਣਿ ਮਿਲਾਵੈ, ਮਿਲਾਇ ਦਿੰਦਾ ਹੈ, ਮਿਲਾਉਣ ਨੂੰ ਸਮਰਥ ਹੈ। 'ਗੁਰ' ਦੇ ਰਾਰੇ ਨੂੰ ਅਤੇ 'ਪ੍ਰੀਤਮ' ਦੇ ਮੰਮੇ ਨੂੰ ਔਂਕੜ ਨਹੀਂ ਕਿਉਂਕਿ ਏਹਨਾਂ ਦੇ ਅਗੇ 'ਨੂੰ' ਸਬੰਧਕ ਪਦ ਮਹਿਜ਼ੂਫ ਅਤੇ ਮਫ਼ਹੂਮ ਹੈ। 'ਮਿਲਾਵੈ'—ਮਿਲਾਇ ਦਿੰਦਾ ਹੈ। ਦੁਲਾਈਆਂ ਵਾਵੇ ਨੂੰ ਹੋਣ ਕਰਕੇ ਏਹੋ ਅਰਥ ਬਣਦਾ ਹੈ। ਜੇਕਰ ਵਾਵੇ ਨੂੰ ਇਕ ਲਾਂਵ ਹੁੰਦੀ ਤਾਂ 'ਮਿਲਾ ਦੇਵੇ' ਅਰਥ ਹੁੰਦਾ ਬੇਨਤੀ ਕਰਨਾ ਕਿ ਮਿਲਾ ਦੇਵੇ।

ਲਾਲ ਰਤੀ

ਸੁਣਿ ਘਨਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ ॥ *(ਪੰਨਾ ੧੨੫੪)*

"ਲਾਲ ਰਤੀ"—ਜਿਹਬਾ ਲਾਲ ਰਤੀ ਨਹੀਂ ਬਲਕਿ ਗੁਣ ਗਾਵਣਹਾਰੀ ਗੁਰਮੁਖ ਸੁਹਾਗਵਤੀ ਲਾਲ ਰਤੀ ਹੈ। ਜੋ ਹਰ ਵਰ ਨੂੰ ਪਾ ਚੁਕੀ ਹੈ। ਸੋ 'ਲਾਲ ਰਤੀ' ਦਾ 'ਗੁਣ' ਹੈ। ਜੀਭ ਤੇ ਘਟਾਉਣਾ ਫਬਦਾ ਨਹੀਂ। 'ਨਾਮ ਨਾਲਿ ਰੱਤੀ ਹੋਈ' ਤੇ ਖ਼ੂਬ ਫਬਦਾ ਹੈ। ਕਿਉਂਕਿ ਅਗਲੇਰੀ ਤੁਕ ਵਿਚ 'ਗੁਰਿ ਮੋਹੀ' ਪਦ ਸਾਫ਼ ਦਸਦਾ ਹੈ ਕਿ ਵਰ ਕਾਮਣ ਇਸਤਰੀ ਹੀ ਮੋਹੀ ਹੋਈ ਹੈ, ਨਾ ਕਿ ਜੀਭ। ਫੇਰ ਅਗੇ ਚਲ ਕੇ 'ਵਰ ਕਾਮਣਿ ਪਿਆਰੀ' ਜੋ ਆਉਂਦਾ ਹੈ ਸੋ ਇਹੀ ਸਪਸ਼ਟ ਕਰਾਉਂਦਾ ਹੈ ਕਿ ਵਰ ਨੂੰ ਪਿਆਰੀ ਜੋ ਕਾਮਣੀ ਹੈ, ਉਹੀ ਲਾਲ ਰਤੀ ਹੈ, ਲਾਲ ਹੋਈ ਵੀ ਨਾਮ ਰੰਗਾਂ ਵਿਚਿ।

bsrstrust.org

ਵੇਦ, ਬ੍ਰਹਮਾ, ਬਿਸ਼ਨ, ਮਹੇਸ

ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ॥
ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ॥

(ਪੰਨਾ ੧੨੫੭)

ਵੇਦਾਂ ਨੂੰ ਪੜਿ ਪੜਿ ਕੇ ਵਾਦ ਵਖਾਣਦਾ ਹੈ, ਬ੍ਰਹਮਾ ਭੀ, ਬਿਸ਼ਨੂੰ ਭੀ ਤੇ ਮਹੇਸ਼ (ਸ਼ਿਵਜੀ) ਭੀ। ਏਹਨਾਂ ਵੇਦਾਂ ਵਿਚਿ ਹੋਰ ਧਰਿਆ ਭੀ ਕੀ ਪਿਆ ਹੈ। ਵਾਦ ਹੀ ਵਾਦ ਹੈ ਏਹਨਾਂ ਵਿਚਿ! ਤ੍ਰੈ-ਗੁਣੀ ਮਾਇਆ ਦਾ ਝਮੇਲਾ ਹੀ ਭਰਿਆ ਪਿਆ ਹੈ। ਜਿਸ ਤ੍ਰੈ-ਗੁਣੀ ਮਾਇਆ ਨੇ ਸਾਰੇ ਜਗਤ ਨੂੰ ਭੁਲਾ ਛਡਿਆ ਹੈ ਅਤੇ ਸਾਰੇ ਜਗਤ ਨੂੰ ਧੰਧੇ ਵਿਚਿ ਜਨਮ ਮਰਨ ਚੁਰਾਸੀ ਦੇ ਗੇੜ ਵਾਲੇ ਧੰਧੇ ਵਿਚਿ ਪਾ ਛਡਿਆ ਹੈ। ਇਹ ਸਪਸ਼ਟ ਅਰਥ ਹਨ। ਪਰੰਤੂ ਸ਼ਬਦਾਰਥੀ ਗਿਆਨੀ ਅਰਥ ਕਰਦੇ ਹਨ ਕਿ—'ਬ੍ਰਹਮਾ, ਬਿਸ਼ਨੂੰ ਅਤੇ ਸ਼ਿਵਜੀ ਦੀਆਂ ਫ਼ਜ਼ੂਲ ਗੱਲਾਂ ਕਰਦਾ ਰਹਿੰਦਾ ਹੈ'। ਪੁੱਛੋ ਕਉਣ ਕਰਦਾ ਰਹਿੰਦਾ ਹੈ ? 'ਦੀਆਂ ਗੱਲਾਂ' ਵਾਲੇ ਅਰਥ ਖ਼ਬਰ ਨਹੀਂ ਕੇਹੜੇ ਲਫ਼ਜ਼ ਦੇ ਓਹ ਬਣਾਉਂਦੇ ਹਨ। 'ਵਾਦੁ ਵਖਾਣੈ' ਦਾ ਫਾਇਲ (ਕਰਤਾ) ਓਹ ਹੋਰ ਹੀ 'ਅੰਨਯ ਪੁਰਖ' (ਵਾਹਦ ਗ਼ਾਇਬ ਸ਼ਖ਼ਸ) ਨੂੰ ਬਣਾਉਂਦੇ ਹਨ। ਬ੍ਰਹਮਾ ਬਿਸ਼ਨੁ ਮਹੇਸ਼ ਨੂੰ ਪੰਗ ਨਹੀਂ ਲਗਣ ਦਿੰਦੇ। ਇਹ ਤਿੰਨੇ ਦੇਵਤੇ ਬ੍ਰਹਮਾ, ਬਿਸ਼ਨ, ਮਹੇਸ਼ ਹੀ ਤ੍ਰੈਗੁਣੀ ਮੰਨੇ ਗਏ ਹਨ। ਮਾਇਆ ਦੇ ਗ੍ਰਸੇ ਹੋਏ ਇਸੇ ਵਿਚਿ ਗ਼ਲਤਾਨ ਹਨ। ਇਹ ਕਿਵੇਂ ਬਚ ਸਕਦੇ ਹਨ ? ਤਾਂ ਜੇ ਜਨਮ ਧਾਰ ਕੇ ਗੁਰੂ ਦੀ ਸਰਨੀ ਆ ਗਏ ਹੋਣ ਤਾਂ ਏਹਨਾਂ ਦਾ ਬਚਾਉ ਹੋ ਸਕਦਾ ਹੈ। ਐਵੇਂ ਨਹੀਂ।

ਤ੍ਰੈਗੁਣ, ਤੁਰੀਆ ਗੁਣੁ

ਤ੍ਰੈਗੁਣ ਬਾਣੀ ਬੇਦ ਬੀਚਾਰੁ॥
ਬਿਖਿਆ ਮੈਲੁ ਬਿਖਿਆ ਵਾਪਾਰੁ॥
ਮਰਿ ਜਨਮਹਿ ਫਿਰਿ ਹੋਹਿ ਖੁਆਰੁ॥
ਗੁਰਮੁਖਿ ਤੁਰੀਆ ਗੁਣੁ ਉਰਿਧਾਰੁ॥ *(ਮਲਾਰ ਮ: ੩, ਪੰਨਾ ੧੨੬੨)*

ਬੇਦ ਬੀਚਾਰ ਹੈ ਕੀ ? ਤ੍ਰੈਗੁਣ ਬਾਣੀ ਦਾ ਬੀਚਾਰ ਹੀ ਹੈ। ਭਾਵ ਬੇਦਾਂ ਦਾ ਬੀਚਾਰ ਕਰਨਾ ਤਿਹਾਂ ਗੁਣਾਂ ਵਾਲੀ ਮਾਇਕ ਬਾਣੀ ਦਾ ਵੀਚਾਰ ਕਰਨਾ ਹੀ ਹੈ। ਬੇਦ ਬਾਣੀ ਹੈ ਕੀ ? ਤ੍ਰੈਗੁਣੀ ਮਾਇਕ ਕੱਚੀ ਬਾਣੀ ਦਾ ਲੱਦ ਲਦਿਆ ਹੋਇਆ। ਇਹਨਾਂ ਵਿਚਿ ਬਿਖਿਆ ਮੈਲ ਹੀ ਭਰੀ ਪਈ ਹੈ। ਏਹਨਾਂ ਬੇਦਾਂ ਨੂੰ ਪੜ੍ਹਨ ਗੁੜ੍ਹਨ ਹਾਰੇ ਬਿਖਿਆ ਦਾਂ ਵਪਾਰ ਹੀ ਕਰਦੇ ਹਨ। ਹੋਰ ਬੇਦਾਂ ਦੇ ਪੜ੍ਹਨ ਤੇ ਹਾਸਲ ਕੁਛ ਨਹੀਂ ਹੁੰਦਾ। ਬਸ ਬੇਦਾਂ ਦੇ ਅਨੁਸਾਰੀ ਚੁਰਾਸੀ ਦੇ ਗੇੜ ਵਿਚਿ ਪਏ ਫਿਰਦੇ ਹਨ। ਮਰਿ ਮਰਿ ਜਨਮ ਲੈਂਦੇ ਹਨ ਅਤੇ ਮੁੜਿ ਮੁੜਿ ਖ਼ੁਆਰ ਹੁੰਦੇ ਹਨ। ਗੁਰਮੁਖ ਤੁਰੀਆ ਗੁਣ (ਨਾਮ) ਨੂੰ ਦਿਲ ਵਿਚ ਧਾਰਨ ਕਰਦੇ ਹਨ। ਇਹ ਸਪਸ਼ਟ ਅਰਥ ਹਨ ਉਪਰਲੀਆਂ

bsrstrust.org

ਚਾਰ ਤੁਕਾਂ ਦੇ। ਪਰੰਤੂ ਸ਼ਬਦਾਰਥੀ ਗਿਆਨੀ ਇਹਨਾਂ ਤੁਕਾਂ ਦਾ ਕੈਸਾ ਕੋਝਾ ਅਰਥ ਕਰਦੇ ਹਨ—'ਤਿੰਨਾਂ ਗੁਣਾਂ ਵਾਲੀ ਬੇਦ ਬਾਣੀ ਦਾ ਵੀਚਾਰ ਕਰਦਾ ਹੈ ਤਾਂ ਉਸ ਨੂੰ ਪਤਾ ਲਗਦਾ ਹੈ ਕਿ ਤਿੰਨਾਂ ਗੁਣਾਂ ਵਾਲੀ ਮਾਇਆ ਨਿਰੀ ਮੈਲ ਹੈ, ਨਿਰਾ ਲੈਣ ਦੇਣ ਹੈ ਆਦਿ'। ਦੇਖੋ ਕੈਸਾ ਕੋਝ-ਪੁਣਾ ਹੈ ਇਹਨਾਂ ਅਰਥਾਂ ਵਿਚਿ। ਓਹਨਾਂ ਦੇ ਭਾਣੇ ਬੇਦ ਦੇ ਵੀਚਾਰ ਕਰਨੇ ਵਾਲੇ ਨੂੰ ਹੀ ਇਸ ਗੱਲ ਦਾ ਪਤਾ ਲਗਦਾ ਹੈ ਕਿ ਤ੍ਰੈਗੁਣੀ ਮਾਇਆ ਨਿਰੀ ਮੈਲ ਹੈ। 'ਬੀਚਾਰੁ' ਨਾਂਵ (noun) ਹੈ ਨਾ ਕਿ ਕਿਰਿਆ (verb)। 'ਬੀਚਾਰ ਕਰਦਾ ਹੈ', ਕਾਹਦੇ ਹਨ ਅਰਥ ? ਸਭ ਖਿਚ ਹੈ ਇਹਨਾਂ ਅਰਥਾਂ ਵਿਚਿ।

ਜੁਰਿ

ਸਗਲ ਬਿਧੀ ਜੁਰਿ ਆਹਰੁ ਕਰਿਆ... ॥ *(ਪੰਨਾ ੧੨੬੬)*

ਪਾਠ 'ਜੁਰਿ' (ਜੁੜ ਕੇ) ਵਖ ਹੈ। 'ਆਹਰੁ' ਪਾਠ ਵਖਰਾ ਹੈ। ਕਈ ਪਾਠੀ 'ਆਹਰੁ' ਪਦ ਦਾ ਐੜਾ ਅੱਖਰ 'ਜੁਰਿ' ਦੇ ਨਾਲਿ ਲਾ ਕੇ 'ਜੁਰਿਆ' ਪਾਠ ਕਰਦੇ ਹਨ ਜੋ ਸ਼ੁਧ ਨਹੀਂ। 'ਹਰੁ ਕਰਿਆ' ਫੇਰ ਕੁਛ ਭੀ ਨਹੀਂ ਰਹਿ ਜਾਂਦਾ। ਜੋ 'ਹਰੁ'—'ਹਰਿ' ਪਾਠ ਕੋਲੋਂ ਕਰਦੇ ਹਨ ਉਹ ਮਨਮਤਿ ਹੈ। 'ਹਰੁ' ਦੇ ਰਾਰੇ ਨੂੰ ਸਾਫ਼ ਔਂਕੜ ਪਿਆ ਹੈ। ਜੇ ਸਿਹਾਰੀ ਹੋਵੇ ਤਾਂ ਇਹ ਪਾਠ ਬਣਦਾ ਹੈ। ਪਰ ਸਿਹਾਰੀ ਹੈ ਨਹੀਂ। ਤਾਂ ਤੇ 'ਜੁਰਿ ਆਹਰੁ ਕਰਿਆ' ਹੀ ਪਾਠ ਸੁੱਧ ਹੈ ਅਤੇ ਸੁੱਧ ਅਰਥ ਦਿੰਦਾ ਹੈ।

ਸਰਨਿ ਤਾਕੀ

ਭਈ ਨਿਮਾਣੀ ਸਰਨਿ ਇਕ ਤਾਕੀ ਗੁਰ ਸਤਿਗੁਰ ਪੁਰਖ ਸੁਖਦਾਈ ॥
(ਪੰਨਾ ੧੨੬੭)

ਨਿਮਾਣੀ ਹੋ ਕੇ ਇਕ ਸੁਖਦਾਈ ਸਤਿਗੁਰ ਪੁਰਖ ਦੀ ਸਰਨ ਤਕੀ ਹੈ। 'ਸਰਨਿ' ਮਈ ਨਾਂਵ (noun) ਇਸਤ੍ਰੀ-ਲਿੰਗ ਹੋਣ ਕਰਕੇ 'ਇਕ' ਇਸ ਦੇ ਗਣਤ ਵਿਸ਼ੇਸ਼ਣ (numeral adjective) ਦਾ ਕੱਕਾ ਅੱਖਰ ਮੁਕਤਾ ਹੈ। 'ਤਾਕੀ' ਤੋਂ ਭਾਵ 'ਤੱਕੀ', 'ਤੱਕ ਲਈ' ਦਾ ਹੈ। 'ਗੁਰ ਸਤਿਗੁਰ ਪੁਰਖ' ਏਹਨਾਂ ਤੇਹਾਂ ਪਦਾਂ ਦੇ ਪਿਛਲੇ ਅੱਖਰ ਮੁਕਤੇ ਹਨ ਕਿਉਂਕਿ ਏਹਨਾਂ ਨੂੰ ਸਾਂਝਾ ਹੀ ਸਬੰਧਕ ਪਦ (preposition) 'ਦੀ' ਲਗਦਾ ਹੈ ਜੋ ਮਹਿਜ਼ੂਫ ਅਤੇ ਮਫ਼ਹੂਮ ਹੈ। ਭਾਵ 'ਗੁਰ' ਦਾ ਰਾਰਾ, 'ਸਤਿਗੁਰ' ਦਾ ਰਾਰਾ ਅਤੇ 'ਪੁਰਖ' ਦਾ ਖੱਖਾ ਅੱਖਰ ਇਹ ਤਿੰਨੇ ਹੀ ਮੁਕਤੇ ਹਨ।

ਬਿਸਾਰੇ

ਹਮ ਤੇਰੀ ਧਰ ਸੁਆਮੀਆ ਮੇਰੇ ਤੂ ਕਿਉ ਮਨਹੁ ਬਿਸਾਰੇ ॥ *(ਪੰਨਾ ੧੨੬੮)*

ਇਸ ਪੰਗਤੀ ਵਿਚਿ ਲਗਮਾਤ੍ਰੀ ਨਿਯਮਾਂ ਅਨੁਸਾਰ 'ਬਿਸਾਰੇ' ਪਦ ਤੇ ਰਾਰੇ ਅੱਖਰ

bsrstrust.org

ਨੂੰ ਲਾਂਵ ਨਹੀਂ ਚਾਹੀਦੀ। ਰਾਰੇ ਤੋਂ ਅਗੇ 'ਹਿ' ਹਾਹੇ ਨੂੰ ਸਿਹਾਰੀ ਲਗਣੀ ਚਾਹੀਦੀ ਹੈ। ਇਉਂ 'ਬਿਸਾਰਹਿ' ਪਦ ਹੋਣਾ ਚਾਹੀਦਾ ਹੈ, ਕਿਉਂਕਿ ਸਨਮੁਖ ਸੰਬੋਧਨ ਹੈ। ਪਰ ਪਤਾ ਨਹੀਂ ਕਿਉਂ, ਐਸਾ ਨਹੀਂ ਹੋਇਆ। ਸ਼ਾਇਦ ਅਗਲੀ ਤੁਕ ਦੇ ਅਖ਼ੀਰਲੇ ਪਦ 'ਭਰਤਾਰੇ' ਨਾਲ ਕਾਫੀਆ ਜੋੜਨਿ ਕਰਿ ਐਸਾ ਕੀਤਾ ਗਿਆ ਹੈ। 'ਤੈਂ ਸਾਨੂੰ ਦਿਲੋਂ ਕਿਉਂ ਵਿਸਾਰ ਦਿਤਾ ਹੈ' ਤਾਂ ਅਰਥ ਤਦ ਬਣਨਗੇ ਜੇਕਰ 'ਬਿਸਾਰਹਿ' ਪਦ ਹੋਵੇ। ਹਾਂ ਸੱਚ ਹੁਣ ਠੀਕ ਸਮਝ ਪਈ। 'ਹਮ' ਜੋ ਬਹੁ-ਵਚਨ ਪਦ ਪਿਆ ਹੈ ਇਸ ਕਰਕੇ ਅਰਥ ਇਉਂ ਹੋਣਗੇ। 'ਅਸੀਂ ਕਿਉਂ ਮਨ ਤੋਂ ਬਿਸਾਰ ਦਿਤੇ ਤੈਂ'। ਇਉਂ 'ਬਿਸਾਰੇ' ਪਦ ਠੀਕ ਫਬ ਸਕਦਾ ਹੈ ਅਪਣੀ ਸਹੀ ਅੰਕਤ ਮਉਜੂਦਤਾ ਵਿਚਿ। 'ਹਮ' ਆਪਣੇ ਆਪ ਨੂੰ ਨਿਹੋਰੇ ਵਿਚਿ ਕਹਿਆ ਗਿਆ ਹੈ। ਇਕ-ਵਚਨ ਉਤਮ ਪੁਰਖ (ਵਾਹਦ ਮੁਤਕੱਲਮ) ਦੇ ਥਾਉਂ ਬਹੁ-ਵਚਨ ਉਤਮ ਪੁਰਖ (ਜਮਾ ਮੁਤਕਲਮ) ਵਰਤਿਆ ਗਇਆ ਹੈ।

ਪ੍ਰੀਤਮ, ਗੁਰ ਕੀ ਮੂਰਤਿ

ਪ੍ਰੀਤਮ ਸਾਚਾ ਨਾਮੁ ਧਿਆਇ॥
ਦੂਖ ਦਰਦ ਬਿਨਸੈ ਭਵ ਸਾਗਰੁ ਗੁਰ ਕੀ ਮੂਰਤਿ ਰਿਦੈ ਬਸਾਇ॥ *(ਪੰਨਾ ੧੨੬੮)*

ਪ੍ਰੀਤਮ (ਪਰਮਾਤਮਾ) ਦਾ ਸੱਚਾ ਨਾਮੁ (ਵਾਹਿਗੁਰੂ) ਧਿਆਇ, (ਜਿਸ ਦੇ ਧਿਆਵਨ ਕਰਕੇ) ਦੁਖਾਂ ਦਰਦਾਂ ਦਾ ਭਰਿਆ ਭਵ ਸਾਗਰ ਬਿਨਸ ਜਾਂਦਾ ਹੈ ਅਤੇ ਸਤਿਗੁਰੂ ਦੀ ਤੇਜਸੀ ਜੋਤਿ ਸਰੂਪਾ ਮੂਰਤੀ ਦਾ ਸਾਂਗੋ ਪਾਂਗ ਅਰਸ਼ੀ ਦਿਦਾਰਾ ਹਿਰਦੇ ਅੰਦਰਿ ਉਕਰਿ ਆਉਂਦਾ ਹੈ।

ਦੇ

ਰਾਖਨ ਹਾਰੈ ਹਾਥ ਦੇ ਰਾਖਿਓ...॥ *(ਪੰਨਾ ੧੨੬੮)*

ਰਾਖਨਹਾਰੇ (ਰਖਵਾਲੇ ਵਾਹਿਗੁਰੂ) ਨੇ ਹੱਥ ਦੇ ਕੇ ਰਖ ਲਇਓ ਸੂ। 'ਰਾਖਨਹਾਰੈ' ਪਦ ਦੇ ਪਿਛਲੇ ਰਾਰੇ ਨੂੰ ਦੁਲਾਈਆਂ ਹੋਣ ਕਰਕੇ 'ਨੇ' ਦੇ ਅਰਥ ਉਠਦੇ ਹਨ— ਰਖਣਹਾਰੇ ਨੇ। 'ਦੇ'—ਦੇ ਕੇ।

ਦੂਖ

ਗੁਣ ਨਿਧਾਨੁ ਨਾਨਕ ਮਨਿ ਵਸਿਆ ਬਾਹੁੜਿ ਦੂਖ ਨ ਥੀਆ॥ *(ਪੰਨਾ ੧੨੬੮)*

ਇਸ ਪੰਗਤੀ ਅੰਦਰਿ 'ਦੂਖ' ਪਦ ਦੇ ਖੱਖੇ ਨੂੰ ਔਂਕੜ ਚਾਹੀਦਾ ਹੈ। 'ਦੂਖੁ ਨ ਥੀਆ'। ਕਿਉਂਕਿ 'ਥੀਆ' ਕਿਰਿਆ ਵਾਚਕ ਪਦ ਬਹੁ-ਵਚਨ ਨਹੀਂ ਹੈ। ਖੱਖੇ ਮੁਕਤੇ ਨਾਲਿ 'ਦੂਖ' ਪਦ ਬਹੁ-ਵਚਨ ਹੈ। 'ਥੀਆ' ਕਿਰਿਆ ਇਕ-ਵਚਨ ਨਾਲਿ ਫਬਦਾ ਨਹੀਂ। ਤਾਂ ਤੇ ਛਾਪੇ ਦੀ ਗ਼ਲਤੀ ਭਾਸਦੀ ਹੈ।

bsrstrust.org

ਨਾਮੁ

ਨਾਮ ਅਧਾਰੁ ਜੀਵਨ ਧਨੁ ਨਾਨਕ ਪ੍ਰਭ ਮੇਰੇ ਕਿਰਪਾ ਕੀਜੈ ॥ *(ਪੰਨਾ ੧੨੬੮)*

ਏਥੇ ਭੀ 'ਨਾਮ' ਦੇ ਮੰਮੇ ਦਾ ਔਂਕੜ ਉਡਿਆ ਹੋਇਆ ਭਾਸਦਾ ਹੈ ਭਾਵ ਰਹਿ ਗਇਆ ਹੋਇਆ ਹੈ। 'ਨਾਮੁ' ਚਾਹੀਦਾ ਹੈ।

ਮੈ ਬੈਸਿਓ

ਆਜੁ ਮੈ ਬੈਸਿਓ ਹਰਿ ਹਾਟ ॥ *(ਪੰਨਾ ੧੨੬੯)*

ਅੱਜ ਮੇਰੀ ਸੇਜ ਰੂਪੀ ਹਟੀ ਤੇ ਪਿਆਰਾ ਪ੍ਰੀਤਮ ਵਾਹਿਗੁਰੂ ਆਇ ਕੈ ਸਜ ਗਇਓ; ਆਣਿ ਪਰਗਟ ਹੋਇਓ। 'ਮੈ ਹਾਟ'—ਮੇਰੀ ਹੱਟੀ ਤੇ (ਮੇਰੇ ਘਟ ਰੂਪੀ ਹਟ ਅਸਥਾਨ ਤੇ)। 'ਮੈ' ਦੇ ਅਰਥ ਏਥੇ 'ਮੇਰੀ' ਦੇ ਹਨ। 'ਹਰਿ ਹਾਟ' ਦੇ ਅਰਥ ਸ਼ਬਦਾਰਥੀਏ 'ਸਾਧ ਸੰਗਤਿ' ਦੇ ਕਰਦੇ ਹਨ। ਫੇਰ 'ਮੈ' ਦੇ ਅਰਥ ਕੀ ਬਣਨਗੇ ?

ਨਾਦ ਬੇਦ ਬੀਚਾਰੁ

ਗੁਰਮੁਖਿ ਦੀਸੈ ਬ੍ਰਹਮ ਪਸਾਰੁ ॥
ਗੁਰਮੁਖਿ ਤ੍ਰੈ ਗੁਣੀਆਂ ਬਿਸਥਾਰੁ ॥
ਗੁਰਮੁਖਿ ਨਾਦ ਬੇਦ ਬੀਚਾਰੁ ॥ *(ਪੰਨਾ ੧੨੭੦)*

ਵਾਹਿਗੁਰੂ ਦਾ ਹੀ ਸਾਰੇ ਬ੍ਰਹਮ ਪਸਾਰਾ ਦਿਸਦਾ ਹੈ। ਵਾਹਿਗੁਰੂ ਹੀ ਨਾਦ ਬੇਦ ਬੀਚਾਰੁ ਹੈ। ਨਾਦ ਬੇਦ ਦਾ ਬੀਚਾਰੁ ਵਾਹਿਗੁਰੂ ਨਾਮ ਅਭਿਆਸ ਦਾ ਹੀ ਬੀਚਾਰ ਹੈ। ਜਿਹਾ ਕਿ ਗੁਰਵਾਕ ਹੈ—"ਸਭਿ ਨਾਦ ਬੇਦ ਗੁਰਬਾਣੀ ॥"[1] ਸ਼ਬਦਾਰਥੀ ਸਜਣ "ਗੁਰਮੁਖਿ ਨਾਦ ਬੇਦ ਬੀਚਾਰੁ" ਦੇ ਅਰਥ ਕਰਦੇ ਹਨ—'ਗੁਰੂ ਦੁਆਰੇ ਹੀ ਨਾਦ ਬੇਦ ਦੀ ਬੀਚਾਰ ਹੁੰਦੀ ਹੈ। ਭਾਵ ਗੁਰੂ ਦੇ ਉਪਦੇਸ਼ ਰਾਹੀਂ ਸਮਝ ਪੈਂਦੀ ਹੈ ਕਿ ਨਾਦ ਕੀ ਹੈ, ਵੇਦ ਕੀ ਹੈ ?' ਕੈਸੀ ਫੋਕਟ ਅਰਥਾਬੰਦੀ ਹੈ। ਗੁਰੂ ਸਾਹਿਬ ਤਾਂ ਨਾਦ ਬੇਦ ਦੀ ਬੀਚਾਰ ਕਰਨ ਹੀ ਆਏ ਹਨ। ਓਹਨਾਂ ਨੇ ਤਾਂ ਤੱਤ ਬੇਦ ਸਾਰ ਨਾਮ ਨੂੰ ਹੀ ਨਿਰੂਪਨ ਕੀਤਾ ਹੈ। ਗੁਰੂ ਗੁਰੂ ਕਰੀ ਜਾਣਾ, ਵਾਹਿਗੁਰੂ ਵਾਹਿਗੁਰੂ ਜਪੀ ਜਾਣਾ ਤਤ ਗੁਰਮਤਿ ਬੀਚਾਰ ਹੈ। ਏਦੂੰ ਉਪਰ ਹੋਰ ਬੀਚਾਰ ਕੋਈ ਨਹੀਂ, ਜੈਸਾ ਕਿ ਏਸੇ ਗੁਰਵਾਕ ਦੀ ਰਹਾਉ ਵਾਲੀ ਅਗਲੇਰੀ ਸਤਰ ਵਿਚਿ ਆਉਂਦਾ ਹੈ :

ਮੇਰੇ ਮਨ ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ ॥
ਗੁਰ ਉਪਦੇਸਿ ਹਰਿ ਹਿਰਦੈ ਵਸਿਓ ਸਾਸਿ ਗਿਰਾਸਿ ਅਪਣਾ ਖਸਮੁ ਧਿਆਈਐ ॥
(ਪੰਨਾ ੧੨੭੦)

---

੧. ਪੰਨਾ ੮੭੯.

bsrstrust.org

ਏਥੇ 'ਗੁਰ ਉਪਦੇਸਿ' ਹੈ 'ਗੁਰਦੀਖਿਆ', 'ਵਾਹਿਗੁਰੂ ਗੁਰਮੰਤ੍ਰ'। 'ਹਰਿ ਹਿਰਦੈ ਵਸਿਓ'—ਵਾਹਿਗੁਰੂ ਨਾਮ ਦੀ ਕਮਾਈ ਕੀਤਿਆਂ ਹਿਰਦੇ ਅੰਦਰਿ ਵਸਦਾ ਹੈ। ਤਾਂ ਤੇ ਸਾਸਿ ਗਿਰਾਸਿ ਆਪਣਾ ਖਸਮ ਵਾਹਿਗੁਰੂ ਹੀ ਧਿਆਉਣਾ ਚਾਹੀਦਾ ਹੈ।

ਗੁਰੁ

ਗੁਰੁ ਮੇਰੀ ਜੀਵਨਿ ਗੁਰੁ ਆਧਾਰੁ ॥ *(ਪੰਨਾ ੧੨੭੦)*

ਗੁਰੂ ਗੁਰੂ ਕਰਨਾ (ਵਾਹਿਗੁਰੂ ਵਾਹਿਗੁਰੂ ਕਰਨਾ) ਹੀ ਮੇਰੀ ਜੀਵਨ ਬੂਟੀ ਹੈ। ਗੁਰੂ ਗੁਰੂ ਕਰਨਾ ਹੀ ਮੇਰਾ ਆਧਾਰ ਹੈ। ਇਉਂ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ।

ਗੁਰੁ ਪਾਰਬ੍ਰਹਮੁ

ਨਾਨਕ ਗੁਰੁ ਪਾਰਬ੍ਰਹਮੁ ਜਾਕੀ ਕੀਮ ਨ ਪਾਈ ॥ *(ਪੰਨਾ ੧੨੭੦)*

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਗੁਰੂ ਪਾਰਬ੍ਰਹਮ ਸਰੂਪ ਹੀ ਹੈ। ਭਾਵ ਗੁਰੂ ਵਾਹਿਗੁਰੂ ਵਿਚਿ ਕੋਈ ਭੇਦ ਨਹੀਂ ਹੈ।

ਛਾਵਨੀ

...ਘਟਿ ਘਟਿ ਲਾਲਨ ਛਾਵਨੀ ਨੀਕੀ ॥ *(ਪੰਨਾ ੧੨੭੨)*

ਘਟ ਘਟ ਅੰਦਰਿ ਲਾਲਨ (ਵਾਹਿਗੁਰੂ ਪ੍ਰੀਤਮ) ਦੀ ਅਜਬ ਸੁੰਦਰ ਛਾਉਣੀ (ਪਾਈ ਹੋਈ) ਹੈ। 'ਲਾਲਨ' ਪਦ ਦਾ ਨੰਨਾ ਅੱਖਰ ਮੁਕਤਾ ਹੋਣ ਕਰਕੇ ਇਸ ਦੇ ਅਗੇ 'ਦੀ' ਸੰਬੰਧਕ ਪਦ ਸੰਬੋਧਕ ਹੈ। 'ਛਾਵਨੀ'—ਛਾਉਣੀ। 'ਘਟਿ ਘਟਿ'—ਦੋਹਾਂ ਟੈਂਕਿਆਂ ਦੀ ਸਿਹਾਰੀ 'ਅੰਦਰਿ' ਵਿਖੇ ਅਰਥਾਂ ਦੀ ਸੰਬੋਧਕ ਹੈ। ਜੋ ਗਿਆਨੀ ਇਸ ਪੰਗਤੀ ਦਾ ਇਹ ਅਰਥ ਕਰਦੇ ਹਨ ਕਿ—'ਲਾਲ ਪਿਆਰੇ ਦੀ ਸੋਭਾ ਸਭ ਥਾਂ ਛਾਈ ਹੋਈ ਹੈ', ਏਹਨਾਂ ਅਰਥਾਂ ਵਿਚਿ 'ਸੋਭਾ' ਵਾਧੂ ਬਾਹਰੋਂ ਹੀ ਅਰਥ ਹੈ। ਵਿਚਲੇ ਕਿਸੇ ਪਦ ਅਰਥ ਦਾ ਨਹੀਂ। 'ਛਾਵਨੀ' ਦੇ ਅਰਥ 'ਛਾਈ ਹੋਈ' ਕਰਨੇ ਕਸੂਤੇ ਹਨ। 'ਛਾਈ ਹੋਈ ਹੈ' ਜੇ ਕਿਰਿਆ ਹੈ ਤਾਂ ਇਸ ਦਾ ਕਰਤਾ 'ਲਾਲਨ' ਪਦ ਕਿਵੇਂ ਫਬਦਾ ਹੈ। 'ਲਾਲਨ ਛਾਈ ਹੋਈ ਹੈ'। ਏਸੇ ਕਰਕੇ ਓਹ 'ਸੋਭਾ' ਪਦ ਦੇ ਅਰਥ ਵਧਾਉਂਦੇ ਹਨ। ਸਿਧੇ ਤੇ ਸਪਸ਼ਟ ਅਰਥ ਪਹਿਲੇ ਹੀ ਹਨ (ਛਾਉਣੀ) ਵਾਲੇ। ਜੇ ਕਹੋ ਛਾਉਣੀ ਵਾਲੇ ਅਰਥਾਂ ਵਿਚ ਭੀ 'ਹੈ' ਜਾਂ 'ਪਾਈ ਹੋਈ ਹੈ' ਦੇ ਕਿਰਿਆ ਪਦ ਭੀ ਅਨੁਮਾਨਕ ਹੈਨ ਵਿਚੋਂ ਨਹੀਂ ਬਾਹਰੋਂ ਹਨ। ਐਸੀ ਤਾਂ ਬਹੁਤ ਸਾਰੇ ਪਦਾਂ ਦੀ ਕਿਰਿਆ ਅਨਭਵਨੀ ਹੈ। ਇਸ ਤੋਂ ਅਗਲੇਰੇ ਵਾਕ ਅੰਦਰਿ ਦੇਖੋ—"ਸਾਧ ਸੰਗਿ ਰਾਮਈਆ ਰਸੁ ਪਇਓ ਨਾਨਕ ਜਾਕੈ ਭਾਵਨੀ ਨੀਕੀ" ਪਿਛਲੀ ਅੱਧ ਪੰਗਤੀ—'ਜਿਸ ਦੇ ਅੰਦਰਿ ਚੰਗੀ ਭਾਵਨੀ (ਸਰਧਾ) ਹੈ'। ਏਥੇ ਭੀ 'ਹੈ' ਕਿਰਿਆ

bsrstrust.org

ਪਦ ਅਨੁਮਾਨਕ ਸੁਤੇ ਸਿਧ ਅਰਥਾਂ ਵਿਚਿ ਹੈ। ਜੇ ਕਹੋ 'ਲਾਲ ਪਿਆਰਾ ਛਾਇਆ ਹੋਇਆ ਹੈ', ਇਹ ਅਰਥ ਕੀਤੇ ਜਾਣ 'ਛਾਵਨੀ' ਪਦ ਦੇ ਕਿਰਿਆ ਵਾਚਕ ਸਮਝ ਕੇ ਤਾਂ 'ਲਾਲਨ' ਇਸ ਕਿਰਿਆ ਦਾ ਕਰਤਾ (subject) ਹੋਣ ਕਰਿ, ਨੰਨੇ ਨੂੰ ਔਂਕੜ ਸਹਿਤ ਚਾਹੀਦਾ ਹੈ। 'ਲਾਲਨੁ' ਇਉਂ ਅੰਕਤ ਹੋਇਆ ਚਾਹੀਦਾ ਹੈ। ਪਰ ਔਂਕੜ ਨੰਨੇ ਅੱਖਰ ਨੂੰ ਹੈ ਨਹੀਂ। ਇਸ ਕਰਕੇ 'ਲਾਲਨੁ ਛਾਇਆ ਹੋਇਆ ਹੈ' ਅਰਥ ਬਣ ਹੀ ਨਹੀਂ ਸਕਦੇ। ਨੰਨੇ ਅੱਖਰ ਦਾ ਔਂਕੜ ਉਡਿਆ ਹੀ ਇਸ ਕਰਕੇ ਹੈ ਕਿ ਇਸ ਦੇ ਅਗੇ 'ਦੀ' ਸਬੰਧਕ ਪਦ (preposition) ਸੰਬੋਧਕ ਹੈ।

ਪ੍ਰੀਤਿ

ਗੁਰ ਪ੍ਰੀਤਿ ਪਿਆਰੇ ਚਰਨ ਕਮਲ ਰਿਦ ਅੰਤਰਿ ਧਾਰੇ॥

(ਮਲਾਰ ਮਹਲਾ ੫, ਪੰਨਾ ੧੨੭੨)

ਪ੍ਰੀਤਿ ਪਿਆਰੇ (ਪਰਮਾਰਥੀ ਪ੍ਰੀਤਿ, ਪਰਮਾਤਮੀ ਪ੍ਰੀਤ ਦੇ ਪੁਤਲੇ) ਗੁਰੂ ਦੇ ਚਰਨ ਕਮਲ ਹਿਰਦੇ ਅੰਦਰਿ ਧਾਰ ਲਏ। ਇਹ ਸਪਸ਼ਟ ਅਤੇ ਸਿਧੇ ਲਗਮਾਤ੍ਰੀ ਨਿਯਮਾਂ ਅਨੁਸਾਰ ਅਰਥ ਹਨ। ਖਿਚਵੇਂ ਅਰਥ ਇਹ ਭੀ ਕੀਤੇ ਜਾਂਦੇ ਹਨ—ਪਿਆਰੇ ਗੁਰੂ ਦੀ ਪ੍ਰੀਤਿ ਦੁਆਰਾ ਹਰੀ ਦੇ ਪਵਿਤਰ ਚਰਨ ਦਿਲ ਵਿਚਿ ਸਮਾ ਲਏ। 'ਪ੍ਰੀਤਿ' ਪਦ ਦੇ ਤੱਤੇ ਅੱਖਰ ਦੀ ਸਿਹਾਰੀ ਬਿਹਾਰੀ ਦਾ ਕੰਮ ਦਿੰਦੀ ਹੈ। ਪ੍ਰੀਤੀ ਅਰਥ ਦਿੰਦੀ ਹੈ। ਸਿਹਾਰੀ 'ਦੁਆਰਾ' ਦੇ ਅਰਥ ਵਿਚਿ ਨਹੀਂ ਵਰਤੀ ਗਈ ਏਥੇ। ਹਰੀ ਦੇ ਚਰਨ ਕੰਵਲ ਅਰਥ ਕਰਨ ਵਿਚਿ 'ਹਰੀ ਦੇ' ਪਦ ਬਾਹਰੋਂ ਵਰਤੇ ਗਏ ਹਨ, ਤੁਕ ਅੰਦਰਿ ਪਰਤੱਖ ਕੋਈ ਨਹੀਂ। 'ਗੁਰ' ਪਦ ਦਾ ਅੱਖਰ ਰਾਰਾ ਮੁਕਤਾ ਇਸ ਕਰਕੇ ਹੈ ਕਿ ਇਸ ਅਗੇ 'ਦੇ' ਸਬੰਧਕ ਪਦ ਅਰਥ ਵਰਤੋਂ ਵਿਚਿ ਆਉਣਾ ਹੈ।

ਦਰਸ, ਦਰਸੁ

ਦਰਸ[1] ਸਫਲਿਓ ਦਰਸੁ ਪੇਖਿਓ...॥ *(ਪੰਨਾ ੧੨੭੨)*

ਦਰਸਨ ਸਿਰ ਦਰਸ, ਸਫਲ ਦਰਸ ਪੇਖਿਓ। ਦਰਸਨ ਨੂੰ ਸਫਲਉਣ ਹਾਰਾ ਦਰਸ ਪੇਖਿਓ। 'ਦਰਸ ਸਫਲਿਓ' ਵਿਸ਼ੇਸ਼ਣ ਰੂਪ ਹੋਣ ਕਰਕੇ ਇਸ 'ਦਰਸ' ਪਦ ਦਾ ਸੱਸਾ ਅੱਖਰ ਮੁਕਤਾ ਹੈ ਇਹ ਅਰਥ ਖਿਚਵੇਂ ਹਨ ਕਿ—ਗੁਰ ਦਰਸਨ ਸਫਲ ਹੋਇਆ ਕਿਉਂਕਿ ਇਸ ਦਰਸਨ ਦੁਆਰਾ ਹਰੀ ਦਾ ਦਰਸਨ ਦੇਖਿਆ। ਇਸ ਅਰਥ ਦੁਆਰਾ ਪਹਿਲੇ 'ਦਰਸ' ਅਤੇ ਦੂਜੇ 'ਦਰਸੁ' ਪਦ ਦੇ ਔਂਕੜ ਹੀਣ ਅਤੇ ਔਂਕੜ ਸਹਿਤ ਹੋਣ ਵਿਚਿ ਕੋਈ ਤਮੀਜ਼ ਨਾ ਹੋਈ। ਨਾਲੇ ਹਰੀ ਦਾ ਦਰਸਨ ਮਨ ਕਲਪਤ ਪਦਬੰਦੀ ਵਾਧੂ ਹਰੀ ਪਦ ਦੀ ਕਰਾਉਂਦੀ ਹੈ। ਤਾਂ ਤੇ ਪਹਿਲੇ ਅਰਥ ਹੀ ਲਗਮਾਤ੍ਰੀ ਅਸੂਲ ਦੇ ਅਨੁਕੂਲ ਹਨ।

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਦਰਸੁ' ਹੈ।
—ਪ੍ਰਕਾਸ਼ਕ

bsrstrust.org

ਮੋਹ, ਧੋਹ

ਘਨਘੋਰ ਪ੍ਰੀਤਿ ਮੋਰ॥ ਚਿਤੁ ਚਾਤ੍ਰਿਕ ਬੂੰਦ ਓਰ॥ *(ਪੰਨਾ ੧੨੭੨)*

ਮੋਰ ਦੀ ਪ੍ਰੀਤਿ ਘਨਘੋਰ (ਬੱਦਲੀ) ਵਲ ਹੈ। ਚਾਤ੍ਰਿਕ ਦਾ ਚਿਤ ਬੂੰਦ ਓਰ (ਵਲ) ਹੈ। ਲਗਮਾਤ੍ਰੀ ਅਰਥ ਇਹੋ ਸੂਤ ਹਨ। "ਐਸੋ ਹਰਿ ਸੰਗੇ ਮਨ ਮੋਹ"—ਤਿਵੇਂ ਵਾਹਿਗੁਰੂ (ਸਿਮਰਨ) ਸੰਗਿ ਮਨ ਦੇ ਮੋਹ ਨੂੰ ਲਾ। ਮਨ ਨੂੰ ਹਰਿ ਸੰਗਿ ਮੋਹਿਤ ਕਰ ਮਾਇਆ ਦੇ ਮੋਹ ਤਿਆਗ ਕੇ ("ਤਿਆਗਿ ਮਾਇਆ ਧੋਹ") ਵਾਹਿਗੁਰੂ ਵਿਚਿ ਮਨ ਦਾ ਪ੍ਰੇਮ ਜੋੜ।

ਐਸੋ ਹਰਿ ਸੰਗੇ ਮਨ ਮੋਹ॥
ਤਿਆਗਿ ਮਾਇਆ ਧੋਹ॥
ਮਿਲਿ ਸੰਤ ਨਾਨਕ ਜਾਗਿਆ॥ *(ਪੰਨਾ ੧੨੭੨)*

ਇਸ ਦਾ ਸਧਾਰਨ ਫ਼ਿਕਰਾ ਬੰਦੀ ਵਾਲਾ ਵਾਕ—'ਐਸੋ ਨਾਨਕ ਸੰਤ ਸੰਗਿ ਮਿਲਿ, ਮਾਇਆ ਧੋਹ ਤਿਆਗਿ ਮਨ ਮੋਹ ਜਾਗਿਆ'। ਭਾਵ ਕਿ ਸੰਤ ਸੰਗ ਵਿਚ ਮਿਲ ਕੇ ਮਾਇਆ ਦਾ ਧ੍ਰੋਹ ਤਿਆਗ ਕੇ ਮੇਰਾ ਮਨ ਜਾਗਿਆ।

ਗਰਜਤ ਗੋਬਿੰਦ

ਘਨੁ ਗਰਜਤ ਗੋਬਿੰਦ ਰੂਪ॥ ਗੁਨ ਗਾਵਤ ਸੁਖ ਚੈਨ॥ *(ਪੰਨਾ ੧੨੭੩)*

ਗੁਨ ਗਾਉਣ ਕਰਕੇ ਸੁਖ ਚੈਨ ਹੀ ਚੈਨ ਹਨ। (ਸੁਖ ਪ੍ਰਾਪਤਿ ਹੁੰਦੇ ਹਨ, ਗੁਨ ਗਾਵਨ ਦੀ ਬਰਕਤ ਨਾਲਿ) ਗੋਬਿੰਦ ਰੂਪ ਘਨ (ਬੱਦਲ) ਗਰਜ ਉਠਦਾ ਹੈ (ਅਨਹਦ ਧੁਨੀ ਵਿਚਿ)। ਭਾਵ ਪਾਰਸ ਰੂਪੀ ਗੁਰਬਾਣੀ ਮਈ ਗੁਣ ਗਾਵਣ ਦੇ ਪਰਤਾਪ ਕਰਕੇ ਦਸਮ ਦੁਆਰੜੇ ਗਗਨ ਮੰਡਲ ਵਿਖੇ ਅਨਹਦ ਧੁਨੀਆਂ ਦੀਆਂ ਛਹਿਬਰਾਂ ਲਾ ਕੇ ਵਾਹਿਗੁਰੂ ਰੂਪੀ ਬੱਦਲ ਗਰਜਣ ਲਗ ਪੈਂਦਾ ਹੈ। "ਗੁਰ ਸਬਦੀ ਗੋਬਿਦੁ ਗਜਿਆ"[1]। ਇਸ ਤੱਤ ਭਾਵ ਨੂੰ ਅਭਿਆਸੀ ਜਨ ਹੀ ਜਾਣਦੇ ਹਨ ਤੱਤ ਲੱਖਤਾ ਕਰਕੇ।

ਰਸ ਬੈਨ

ਹਰਿ ਚਰਨ ਸਰਨ ਤਰਨ ਸਾਗਰ ਧੁਨਿ ਅਨਹਤਾ ਰਸ ਬੈਨ॥ *(ਪੰਨਾ ੧੨੭੩)*

ਭਾਵ, ਹਰਿ ਚਰਨ ਸਰਨ ਦੀ ਪ੍ਰਾਪਤੀ ਲਈ ਅਤੇ ਭਵ ਸਾਗਰ ਦੇ ਤਰਨ ਲਈ ਰਸ ਬੈਨ ਦੀ ਅਨਹਤ ਧੁੰਨੀ ਹੀ ਸਮਰਥ ਹੈ (ਲਗਮਾਤ੍ਰਾਂ ਅਨੁਸਾਰ ਅਰਥ ਇਹੀ ਹਨ)।

---

੧. ਪੰਨਾ ੧੩੧੫.

bsrstrust.org

ਚਿਤ ਸਰੋਵਰ

ਪਥਿਕ ਪਿਆਸ ਚਿਤ ਸਰੋਵਰ ਆਤਮ ਜਲੁ ਲੈਨ ॥ *(ਪੰਨਾ ੧੨੭੩)*

ਭਾਵ, ਪਰਮਾਰਥੀ ਪਾਂਧੀ (ਪਥਕ) ਦੇ ਚਿਤ ਸਰੋਵਰ ਦੀ ਪਿਆਸ ਆਤਮ ਜਲ ਲੈਣ ਨਾਲਿ ਹੀ ਪੂਰੀ ਹੁੰਦੀ ਹੈ। ਚਿਤ ਦੇ ਸਰੋਵਰ ਦਾ ਇਤਨਾ ਵਸੀਅ (ਵੱਡਾ) ਵਿਕਾਸ ਹੈ ਕਿ ਉਹ ਇਤਨਾ ਪਿਆਸਾ ਹੈ ਕਿ ਉਹ ਆਤਮ ਜਲ ਦੇ ਅੰਮ੍ਰਿਤ ਰਸ ਨਾਲਿ ਡਕਾ ਡਕ ਪੂਰਾ ਹੋ ਕੇ ਸੰਤੁਸ਼ਟ ਹੁੰਦਾ ਹੈ। ਆਤਮ ਰਹੱਸੀ ਮੰਡਲ ਵਿਚਿ ਜੋ ਇਸ ਤੁਕ ਦੇ ਇੰਨ ਬਿੰਨ ਭਰਾਤਰੀ ਅਰਥ ਪਰਮਾਰਥੀ ਰਸ ਮਾਣ ਹੁੰਦੇ ਹਨ ਓਹ ਲਿਖਤ ਅੰਦਰਿ ਲਿਆਂਦੇ ਹੀ ਨਹੀਂ ਜਾਂਦੇ, ਨਾ ਰਸਨਾ ਕਰਕੇ ਵਖਾਣੇ ਜਾਂਦੇ ਹਨ।

ਬੀਜਉ

ਜਿਤੁ ਘਰਿ ਵਸਹਿ ਤੂਹੈ ਬਿਧਿ ਜਾਣਹਿ ਬੀਜਉ ਮਹਲੁ ਨ ਜਾਪੈ ॥
ਸਤਿਗੁਰ ਬਾਝਹੁ ਸਮਝ ਨ ਹੋਵੀ ਸਭੁ ਜਗੁ ਦਇਆ ਛਾਪੈ ॥

(ਮਲਾਰ ਮ: ੧, ਪੰਨਾ ੧੨੭੫)

ਜਿਸ ਘਰ ਮਹਲ ਅੰਦਰਿ ਤੂੰ ਵਸਦਾ ਹੈਂ ਉਸਦੀ ਬਿਧਿ ਵਿਉਂਤ ਤੂੰ ਹੀ ਜਾਣਦਾ ਹੈਂ ਕਿ ਕਿਸ ਪਰਕਾਰ ਦਾ ਹੈ। ਸਾਨੂੰ ਤਾਂ ਏਤਨਾ ਹੀ ਪਤਾ ਹੈ ਕਿ ਤੇਰਾ ਮਹਲ ਇਕੋ ਹੀ ਹੈ। ਇਸ ਦੇ ਸਮਸਰ ਦੂਜਾ ਹੋਰ ਕੋਈ ਮਹਲ ਨਹੀਂ। ਤੇਰੇ ਇਸ ਦਰ ਦੀ ਅਤੇ ਤੇਰੀ ਸਮਝ ਸਤਿਗੁਰੂ ਬਾਝਹੁੰ ਹੋਰ ਕਿਸੇ ਨੂੰ ਨਹੀਂ ਹੋਇ ਆਵੰਦੀ। ਸਾਰਾ ਜਗ ਮਾਇਆ ਦੇ ਛਾਪੇ ਹੇਠਾਂ ਦਬਿਆ ਪਿਆ ਹੈ। ਸੋ ਹੋਰ ਕਿਸੇ ਨੂੰ ਸੂਝ ਬੂਝ ਹੀ ਨਹੀਂ ਹੋ ਸਕਦੀ। 'ਬੀਜਉ'—ਦੂਜਾ, ਤੇ ਦੂਜੇ ਨੂੰ ਅਰਥ ਨਹੀਂ ਬਣ ਸਕਦੇ।

ਸਦੁ

ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥ *(ਪੰਨਾ ੧੨੮੪)*

ਏਥੇ 'ਸਦੁ ਨ ਦੇਵਹੀ' ਵਿਖੇ 'ਸਦੁ' ਨਾਂਵ ਹੈ, ਕਿਰਿਆ ਨਹੀਂ। ਵਣ ਖੰਡ ਵਿਚਿ ਬੈਠੇ ਤਪੀਸਰ ਮੋਨਧਾਰੀ ਮੂੰਹੋਂ ਅਪਣਿਓਂ ਸੱਦ (ਸਦਾ, ਅਵਾਜ਼) ਨਹੀਂ ਦਿੰਦੇ। ਜੋ ਅਰਥ ਕਰਦੇ ਹਨ—'ਸਦਕੇ ਨਹੀਂ ਦਿੰਦਾ ਦੇਵਣਹਾਰੁ', ਇਹ ਠੀਕ ਨਹੀਂ। 'ਸਦਿ' ਦਾ ਦੱਦਾ ਸਿਹਾਰੀ ਨਾਲਿ ਹੁੰਦਾ ਤਾਂ ਇਹ ਅਰਥ ਭੀ ਠੀਕ ਹੋ ਸਕਦੇ ਸਨ।

ਓਅੰਕਾਰਿ ਸਚਿ

ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥ *(ਪੰਨਾ ੧੨੮੫)*

ਗੁਰਮੁਖਿ ਜਨ ਵਾਹਿਗੁਰੂ ਰੂਪੀ ਸੱਚ ਵਿਖੇ ਸਮਾ ਜਾਂਦੇ ਹਨ। 'ਗੁਰਮੁਖਿ' ਪਦ

bsrstrust.org

ਏਥੇ 'ਗੁਰਮੁਖਿ ਸਿਖ ਜਨ' ਦਾ ਸੂਚਕ ਹੈ। 'ਓਅੰਕਾਰਿ' ਅਤੇ 'ਸਚਿ' ਦੋਹਾਂ ਦੇ ਅਖ਼ੀਰਲੇ ਅੱਖਰਾਂ ਨੂੰ ਸਿਹਾਰੀਆਂ 'ਵਿਖੇ' ਦੇ ਅਰਥ ਦੀਆਂ ਬੋਧਕ ਹਨ। 'ਸਚੁ' ਵਖਰ ਨਾਮ ਨਾਮੀ ਤੋਂ ਬਿਨਾਂ ਕੋਈ ਸ਼ੈ ਨਹੀਂ। (ਦੇਖੋ ਪੁਸਤਕ *ਸੰਤ ਪਦ ਨਿਰਣੇ*)

ਕੁਲਹਾਂ

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥
ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ॥
ਦੇਨਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ॥ *(ਪੰਨਾ ੧੨੮੬)*

ਕੁਲਾਂ ਦੀਆਂ ਪੀੜ੍ਹੀਆਂ ਕਲਾਣ ਦਿਆਂ ਹੋਇਆਂ ਜੋ ਖ਼ੁਸ਼ਾਮਦੀ ਪੁਰਸ਼ ਡੂਮ ਮੀਰਾਸੀ ਆਦਿਕ ਲੋਕਾਂ ਦੀਆਂ ਵਡਿਆਈਆਂ ਦੇ ਪੁਲ ਬੰਨ੍ਹਦੇ ਹਨ, ਓਹ ਪਾਗਲ ਹਨ ਮਤਲਬੀ ਭੰਡ। ਅਤੇ ਵਡਿਆਈਆਂ, ਦੁਆਵਾਂ, ਕਲਾਣਾਂ ਲੈਣ ਵਾਲੇ ਬੜੇ ਨਿਲੱਜ ਹਨ ਜੋ ਅਣਹੋਈਆਂ ਵਡਿਆਈਆਂ ਦੇ ਲੈਣ ਦੇ ਕੁਚਸਕੇ ਵਿਚਿ ਪਏ ਹੋਏ ਹਨ। ਵਡਿਆਈ ਦਾ ਫੁਲਿਆ (ਆਫਰਿਆ) ਹੋਇਆ ਚੂਹਾ ਅੱਗੇ ਹੀ ਖੱਡ ਦੇ ਮੇਚ ਨਹੀਂ ਆਉਂਦਾ, ਮੇਉਂਦਾ ਨਹੀਂ। ਖੱਡ ਉਸ ਦੇ ਵੜਨ ਜੋਗੀ ਮਸਾਂ ਹੋਵੇ, ਫੇਰ ਉਸ (ਚੂਹੇ) ਦੇ ਲੱਕ ਨਾਲਿ ਛੱਜ ਬੰਨ੍ਹਿਆ ਜਾਵੇ ਤਾਂ ਉਸ ਨੇ ਫਸਣਾ ਹੀ ਹੈ। ਏਸੇ ਤਰ੍ਹਾਂ ਵਡਿਆਈ ਕੁਪਾਤਰਾਂ ਦਾ ਹਾਲ ਹੁੰਦਾ ਹੈ। ਜੇਹੜੇ ਦੁਆਵਾਂ (ਕਲਾਣਾਂ) ਦੇਣ ਦਾ ਕੁਪਤਪੁਣਾ ਕਰਦੇ ਹਨ, ਓਹ ਭੀ ਮਰ ਜਾਂਦੇ ਹਨ ਅਤੇ ਜਿਨ੍ਹਾਂ ਨੂੰ ਦੁਆਵਾਂ ਦੇਂਦੇ ਹਨ ਸੋ ਭੀ ਚਲਾਣਾ ਕਰ ਜਾਂਦੇ ਹਨ। ਕਲਾਣਾਂ ਕੀਤੀਆਂ ਓੜਕ ਵਿਅਰਥ ਹੀ ਜਾਂਦੀਆਂ ਹਨ। 'ਦੇਨਿ'—ਜੇਹੜੀਆਂ ਦਿੰਦੇ ਹਨ। 'ਕੁਲਹਾਂ' ਦਾ ਭਾਵ ਏਥੇ ਟੋਪੀ ਨਹੀਂ। ਬਹੁ-ਵਚਨ ਹੈ ਕੁਲਰੀਤਾਂ ਦੀਆਂ ਕਲਾਣਾਂ ਵਡਿਆਈਆਂ ਦਾ ਅਰਥ ਰਖਦਾ ਹੈ।

ਡਕੈ

"ਡਕੈ ਫੂਕੈ ਖੇਹ ਉਡਾਵੈ"[1]—ਡਕਾਰਦਾ ਹੈ (ਡਕਾਰ ਮਾਰਦਾ ਹੈ) ਅਤੇ ਫੂਕਾਂ ਮਾਰਦਾ ਹੈ (ਫੁਕਾਰੇ ਮਾਰ ਮਾਰ ਸੂੰਕਦਾ ਹੈ) ਤੇ ਖੇਹ ਉਡਾਉਂਦਾ ਹੈ।

ਸੰਤ ਬੇਦ

ਤਾਂਤੇ ਜਾਪਿ ਮਨਾ ਹਰਿ ਜਾਪਿ॥
ਜੋ ਸੰਤ ਬੇਦ ਕਹਤ ਪੰਥੁ ਗਾਖਰੋ ਮੋਹ ਮਗਨ ਅਹੰਤਾਪ॥
(ਕਾਨੜਾ ਮ: ੫, ਪੰਨਾ ੧੩੦੭)

ਗੁਰੂ ਘਰ ਦੇ ਗੁਰ ਬਚਨ ਰੂਪੀ ਬੇਦ ਕਹਿੰਦੇ ਹਨ, ਇਹੀ ਗੱਲ ਕਿ ਹੇ ਮਨਾਂ

---

੧. ਪੰਨਾ ੧੨੮੬.

bsrstrust.org

ਹਰਿ ਜਾਪਿ! ਹਰਿ ਜਾਪਿ (ਵਾਹਿਗੁਰੂ ਜਪੁ ਜਾਪਹੁ, ਵਾਹਿਗੁਰੂ ਜਪ ਜਾਪਹੁ)। ਐਵੇਂ ਤਾਂ ਪੈਂਡਾ ਮੁਕਣਾ ਬੜਾ ਔਖਾ ਹੈ ਮੋਹ ਮਗਨ·ਅਹੰਤਾਪ ਵਾਲਾ। 'ਇਹ ਗੱਲ ਸੰਤ ਤੇ ਬੇਦ ਕਹਿੰਦੇ ਹਨ' ਵਾਲਾ ਅਰਥ ਜੋ ਕਰਦੇ ਹਨ ਇਹ ਬਿਲਕੁਲ ਗ਼ਲਤ ਅਤੇ ਗੁਰਮਤਿ ਪ੍ਰਤਿਕੂਲ ਹੈ। 'ਸੰਤ ਬੇਦ' ਦੇ ਅਰਥ 'ਸੰਤ ਅਤੇ ਬੇਦ' ਨਹੀਂ ਹੋ ਸਕਦੇ ਕਿਉਂਕਿ 'ਤੇ' ਪਦ ਵਿਚੋਂ ਨਹੀਂ। ਬਾਹਰੋਂ ਹੈ। ਤਾਂ ਤੇ 'ਸੰਤ ਬੇਦ' ਤੋਂ ਭਾਵ ਗੁਰਬਾਣੀ ਰੂਪੀ ਸੰਤ ਬਚਨ। 'ਬੇਦ'—ਸੁਤੇ ਆਈ ਬਾਣੀ ਮਈ ਬਚਨ। ਗੁਰਮਤਿ ਦੇ ਇਹ ਨਵਲ (ਨਵੇਂ) ਬੇਦ ਹੈਨ। ਸੋਈ ਉਚਾਰਦੇ ਹਨ।

ਜੋਰੁ

ਲਾਇ ਪ੍ਰੀਤਿ ਕੀਨ ਆਪਨ ਤੂਟਤ ਨਹੀ ਜੋਰੁ॥ *(ਪੰਨਾ ੧੩੦੭)*

ਆਪਣੀ ਕਿਰਪਾ ਕਰਿ ਲਾਈ ਪ੍ਰੀਤਿ ਦਾ ਜੋੜ ਫੇਰ ਟੁਟਦਾ ਨਹੀਂ। 'ਜੋਰੁ' ਦੇ ਰਾਰੇ ਅੱਖਰ ਨੂੰ ਔਂਕੜ ਹੈ ਇਸ ਕਰਕੇ ਇਸ ਦਾ ਅਰਥ 'ਜੋਰ ਨਾਲਿ' ਨਹੀਂ ਹੋ ਸਕਦਾ। ਜੈਸਾ ਕਿ ਕਈ ਅਰਥਈਏ ਕਰਦੇ ਹਨ—ਲਾਈ ਪ੍ਰੀਤਿ ਆਪਣੇ ਜੋਰ ਨਾਲਿ ਨਹੀਂ ਟੁਟਦੀ। ਇਹ ਤਾਂ ਅਰਥ ਤਦ ਹੋ ਸਕਦੇ ਸਨ ਜੇਕਰ 'ਜੋਰੁ' ਦੇ ਰਾਰੇ ਅੱਖਰ ਨੂੰ ਸਿਹਾਰੀ ਹੁੰਦੀ।

ਜਨ ਕੋ ਪ੍ਰਭੁ ਸੰਗੇ ਅਸਨੇਹੁ॥ *(ਪੰਨਾ ੧੩੦੮)*

(ਆਪਣੇ) ਜਨ (ਭਗਤ) ਦੇ ਵਾਹਿਗੁਰੂ ਅੰਗ ਸੰਗ ਰਹਿੰਦਾ ਹੈ, ਪਿਆਰ ਮੁਜੱਸਮ ਹੋ ਕੇ। ਲਗਮਾਤ੍ਰੀ ਨਿਯਮਾਂ ਅਨੁਸਾਰ ਇਹੀ ਅਰਥ ਠੀਕ ਉਤਰਦੇ ਹਨ। ਜੇਕਰ 'ਪ੍ਰਭੁ' ਪਦ ਦੇ ਭੱਭੇ ਅੱਖਰ ਨੂੰ ਔਂਕੜ ਹੋਵੇ ਤਾਂ ਇਹ ਅਰਥ ਠੀਕ ਹਨ—ਜਨ (ਭਗਤ) ਦਾ ਵਾਹਿਗੁਰੂ ਨਾਲਿ ਅਸਨੇਹ (ਪਿਆਰ) ਹੈ। ਔਂਕੜ 'ਪ੍ਰਭੁ' ਪਦ ਨੂੰ ਭੁਲ ਕੇ ਲਗਿਆ ਹੋਵੇ ਤਦ ਇਹ ਅਰਥ ਠੀਕ ਹਨ।

ਜਤਿ, ਜਤੁ, ਜਤ

ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ॥

(ਕਾਨੜਾ ਮ: ੫, ਪੰਨਾ ੧੩੦੮)

ਪਹਿਲਾ ਪਦ ਜਤਿ ਤੱਤੇ ਸਿਹਾਰੀ ਨਾਲਿ—ਜਿਥੇ ਕਿਥੇ ਦੇ ਅਰਥ ਦਿੰਦਾ ਹੈ। 'ਜਤੁ' ਔਂਕੜ ਨਾਲ ਇੰਦ੍ਰੀ ਜਿਤਣੂ ਵਾਲੇ ਜਤੁ ਦਾ ਸੂਚਕ ਹੈ। 'ਜਤ' ਤੱਤੇ ਮੁਕਤੇ ਨਾਲ ਜਤੁ ਦਾ ਬਹੁ-ਵਚਨ ਹੈ। ਭਾਵ ਇਸ ਤੁਕ ਦਾ ਹੈ ਪਹਿਲੀਆਂ ਤੁਕਾਂ ਅੰਦਰਿ ਵਰਨਣ ਕੀਤੇ ਹੋਏ ਭੇਖੀ ਲੋਗ ਜਿਥੇ ਕਿਥੇ ਭੀ ਬਿਚਰਦੇ ਹਨ ਤਿਥੇ ਹੀ ਸਦਾ ਕਾਲ ਤਿਨ੍ਹਾਂ ਦੇ ਸਿਰ ਤੇ ਕੂਕਦਾ ਹੈ। ਕਾਲ ਤੋਂ ਬਚ ਨਹੀਂ ਸਕਦੇ ਭੇਖ ਕੀਤਿਆਂ।

bsrstrust.org

ਜਪਿ, ਜਪੁ

ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ ॥ *(ਪੰਨਾ ੧੩੦੮)*

ਹੇ ਮਨਾ ਰਾਮ ਨਾਮੁ ਜਪਿ, ਸੁਖੁ ਪਾਵੇਂਗਾ। 'ਜਪਿ' ਪਦ ਪੱਪੇ ਸਿਹਾਰੀ ਨਾਲਿ ਅਕਸਰ ਕਿਰਿਆ ਵਾਚਕ ਹੈ। ਜਪ ਕਰੋ। ਔਂਕੜ ਜਿਥੇ ਪੱਪੇ ਨੂੰ ਹੋਵੇ, ਉਥੇ ਨਾਂਵ (noun) ਹੀ ਹੁੰਦਾ ਹੈ।

ਸਭ, ਸਭਿ

ਅਨਰਸ ਸਾਦ ਗਏ ਸਭ ਨੀਕਰਿ... ॥ *(ਪੰਨਾ ੧੩੦੮)*

ਏਥੇ 'ਸਭ' ਪਦ 'ਸਾਦ' ਬਹੁ-ਵਚਨ ਨਾਂਵ (noun) ਦਾ ਵਿਸ਼ੇਸ਼ਣ ਹੋਣ ਕਰਿ 'ਸਭਿ' ਭੱਭੇ ਸਿਹਾਰੀ ਨਾਲਿ ਹੋਣਾ ਚਾਹੀਦਾ ਹੈ। ਬਹੁ-ਵਚਨ ਵਿਸ਼ੇਸ਼ਣ ਏਵੇਂ ਹੁੰਦਾ ਹੈ। ਇਹ ਪੱਕਾ ਨਿਯਮ ਹੈ। ਗ਼ਲਤੀ ਨਾਲਿ ਸਿਹਾਰੀ ਨਹੀਂ ਲਗੀ।

ਬਚਨੁ

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥

(ਕਾਨੜਾ ਮ: ੪, ਪੰਨਾ ੧੩੧੦)

ਇਸ ਪੰਗਤੀ ਅੰਦਰਿ 'ਸਤਿਗੁਰ', ਬਚਨ, ਬਚਨ ਸਤਿਗੁਰ, ਚੌਹਾਂ ਪਦਾਂ ਦੇ ਛੇਕੜਲੇ ਅੱਖਰਾਂ ਨੂੰ ਔਂਕੜ ਲਾਉਣੋਂ ਰਹੇ ਹੋਏ ਹਨ ਛਾਪੇ ਵਿਚ। ਲਗਮਾਤ੍ਰੀ ਨਿਯਮਾਵਲੀ ਅਨੁਸਾਰ ਅਰਥ ਠੀਕ ਨਹੀਂ ਬਣਦੇ। ਛਾਪੇ ਦੀ ਗ਼ਲਤੀ ਹੈ।

ਸਤਿਗੁਰੁ

ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ ॥

(ਕਾਨੜਾ ਮ: ੪, ਪੰਨਾ ੧੩੧੦)

ਇਸ ਪੰਗਤੀ ਵਿਚਿ 'ਸਤਿਗੁਰੁ ਸਰਨਿ' ਦੇ ਦੁਪਦੇ 'ਸਤਿਗੁਰੁ' ਪਦ ਦੇ ਰਾਰੇ ਅੱਖਰ ਨੂੰ ਔਂਕੜ ਨਹੀਂ ਚਾਹੀਦਾ। ਭੁਲ ਕੇ ਲਗਾ ਹੋਇਆ ਹੈ। ਇਉਂ 'ਸਤਿਗੁਰ' ਪਦ ਲਿਖਿਆ ਹੋਣਾ ਚਾਹੀਦਾ ਹੈ ਕਿਉਂਕਿ ਇਸਦੇ ਅਗੇ ਸਬੰਧਕ ਪਦ (preposition) 'ਦੀ' ਮਹਿਜ਼ੂਫ ਹੈ।

ਪੰਕਜ, ਨਿਘਰਤ

ਪੰਕਜ ਮੋਹ ਨਿਘਰਤ ਹੈ ਪ੍ਰਾਨੀ ਗੁਰੁ ਨਿਘਰਤ ਕਾਢਿ ਕਢਾਵੈਗੋ ॥

(ਕਾਨੜਾ ਮ: ੪, ਪੰਨਾ ੧੩੧੧)

bsrstrust.org

ਏਥੇ 'ਪੰਕਜ' ਦੇ ਜੱਜੇ ਅੱਖਰ ਨੂੰ ਸਿਹਾਰੀ ਚਾਹੀਦੀ ਹੈ ਜੋ ਲਗੀ ਨਹੀਂ। 'ਪੰਕਜ ਮੋਹ' ਮੋਹ ਦੇ ਪੰਕਜ ਵਿਚ। 'ਨਿਘਰਤ' ਪਦ ਦਾ ਤੱਤਾ ਅੱਖਰ ਠੀਕ ਮੁਕਤਾ ਹੀ ਹੋਣਾ ਚਾਹੀਦਾ ਹੈ ਕਿਉਂਕਿ ਇਸ ਦੇ ਅਗੇ 'ਦੇ' ਸਬੰਧਕ ਪਦ ਮਾਅਨੇ ਦਿੰਦਾ ਹੈ। ਦੂਜੇ 'ਨਿਘਰਤ' ਪਦ ਦੇ ਤੱਤੇ ਅੱਖਰ ਨੂੰ ਇਸ ਕਰਕੇ ਔਂਕੜ ਨਹੀਂ ਕਿਉਂਕਿ ਇਸ ਦੇ ਅਗੇ 'ਨੂੰ' ਸਬੰਧਕ ਪਦ (preposition) ਮਹਿਜ਼ੂਫ ਮਾਅਨੀ ਹੈ।

ਸੇਵਕ ਪੈਜ

...ਗੁਰੁ ਸੇਵਕ ਪੈਜ ਰਖਾਵੈਗੋ ॥ *(ਪੰਨਾ ੧੩੧੧)*

ਇਸ ਵਿਚਿ 'ਸੇਵਕ' ਪਦ ਦਾ ਕੱਕਾ ਅੱਖਰ ਇਸ ਕਰਕੇ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਦੀ' ਸਬੰਧਕ ਪਦ (preposition) ਮਹਿਜ਼ੂਫ ਮਾਅਨੇ ਦਿੰਦਾ ਹੋਇਆ ਉਠਦਾ ਹੈ। 'ਪੈਜ' ਦਾ ਜੱਜਾ ਅੱਖਰ ਇਸ ਕਰਕੇ ਮੁਕਤਾ ਹੈ ਕਿਉਂਕਿ ਪੈਜ ਪਦ ਇਸਤ੍ਰੀ-ਲਿੰਗ ਨਾਂਵ ਹੈ।

ਸਤਿਗੁਰ

"ਸਤਿਗੁਰ ਬਚਨੁ ਬਚਨੁ ਹੈ ਨੀਕੋ"[1] ਇਸ ਵਿਚਿ 'ਸਤਿਗੁਰ' ਪਦ ਦਾ ਰਾਰਾ ਅੱਖਰ ਮੁਕਤਾ ਹੈ ਕਿਉਂਕਿ ਇਹ 'ਸਤਿਗੁਰ ਦਾ' ਅਰਥ ਦਿੰਦਾ ਹੈ। 'ਦਾ' ਸਬੰਧਕ ਪਦ (preposition) ਇਥੇ ਮਹਿਜ਼ੂਫ ਮਾਅਨੀ ਹੈ।

ਸਰੁ

"ਸਤਿਗੁਰ ਬਚਨੁ"[1]—ਸਤਿਗੁਰ ਦੇ ਮੁਖ ਦੇ ਬਚਨ।

ਜੇ ਕੋ ਸਰੁ ਸੰਧੈ ਜਨ ਊਪਰਿ ਫਿਰਿ ਉਲਟੋ ਤਿਸੈ ਲਗਾਵੈਗੋ ॥[1]

ਜੇ ਕੋਈ ਭਗਤ ਜਨ ਉਪਰ ਬੁਰਿਆਈ ਦਾ ਤੀਰ ਸਿੰਨ੍ਹਦਾ ਹੈ ਤਾਂ ਭਗਤ ਵਛਲ ਵਾਹਿਗੁਰੂ ਉਹਨੂੰ (ਤੀਰ ਸਿੰਨ੍ਹਣ ਵਾਲੇ ਨੂੰ) ਹੀ ਉਹ ਤੀਰ ਲਾਉਂਦਾ ਹੈ। ਜਨ ਭਗਤ ਦਾ ਕੁਛ ਨਹੀਂ ਵਿਗੜਦਾ। ਉਹ ਓੜਕ ਉਸ ਦਾ ਕੁਛ ਨਹੀਂ ਵਿਗਾੜ ਸਕਦਾ।

ਸਤਿਗੁਰ

"ਦਇਆਲ ਦੀਨ ਭਏ ਹੈ ਸਤਿਗੁਰ"[1]—ਸਤਿਗੁਰ ਦੀਨ ਦਇਆਲਿ ਭਏ ਹੈਂ। 'ਸਤਿਗੁਰ' ਦਾ ਰਾਰਾ ਅੱਖਰ ਇਸ ਕਰਕੇ ਮੁਕਤਾ ਹੈ ਕਿ ਇਹ ਪਦ ਏਥੇ ਸਤਿਕਾਰ

---

੧. ਪੰਨਾ ੧੩੧੧.

bsrstrust.org

ਵਜੋਂ ਬਹੁ-ਵਚਨ (plural) ਕਰਕੇ ਭਾਖਿਆ ਗਿਆ ਹੈ। ਇਸ ਦੀ ਕਿਰਿਆ 'ਭਏ ਹੈ' ਜੋ ਬਹੁ-ਵਚਨ ਨਾਂਵ ਦੀ ਕਿਰਿਆ ਹੈ। ਏਸੇ ਕਰਕੇ ਹੀ 'ਦਇਆਲ' ਪਦ ਦਾ ਲੱਲਾ ਅੱਖਰ ਭੀ ਮੁਕਤਾ ਹੈ। ਲਗਮਾਤ੍ਰਕ ਨਿਯਮਾਂ ਅਨੁਸਾਰ 'ਹੈ' ਕਿਰਿਆ ਭੀ 'ਹਹਿਂ' ਹੋਣੀ ਚਾਹੀਦੀ ਹੈ, ਪ੍ਰੰਤੂ ਗੁਰਬਾਣੀ ਅੰਦਰਿ ਲਿਖਾਰੀਆਂ ਜਾਂ ਛਾਪੇ ਦੀ ਅਨਗਹਿਲੀ ਕਰਕੇ ਅਕਸਰ 'ਹਹਿਂ' ਦੇ ਥਾਉਂ 'ਹੈ' ਹੀ ਲਿਖਿਆ ਮਿਲਦਾ ਹੈ। ਕਿਤੇ ਕਿਤੇ 'ਹੈਂ' ਦੁਲਾਈਆਂ ਨਾਲ ਭੀ ਆਉਂਦਾ ਹੈ। ਬਹੁਤੀ ਵਾਰੀ ਨਹੀਂ ਭੀ। ਅਤੇ ਵਿਰਲੀ ਵਿਰਲੀ ਥਾਵੀਂ ਸਪਸ਼ਟ ਹੀ 'ਹਹਿਂ' ਪਦ ਪਹਿਲੇ ਹਾਹੇ ਮੁਕਤੇ ਅਤੇ ਪਿਛਲੇ ਹਾਹੇ ਨੂੰ ਸਿਹਾਰੀ ਸਹਿਤ ਵਰਤਿਆ ਗਿਆ ਹੈ। ਬਿੰਦਾ ਸਿਹਾਰੀ ਵਾਲੇ ਹਾਹੇ ਨੂੰ ਕਿਤੇ ਕਿਤੇ ਆਉਂਦਾ ਹੈ, ਕਿਤੇ ਨਹੀਂ ਭੀ। ਜਾਪਦਾ ਹੈ ਕਿ ਪੂਰਨ ਨਿਯਮਾਵਲੀ ਗੁਰ ਭਗਤ ਵਿਰਲੇ ਹੀ ਇਸ ਨਿਯਮ ਦਾ ਧਿਆਨ ਰਖਦੇ ਹਨ।

ਗੁਰਮਤਿ

ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ ਹਰਿ ਗਲਿ ਮਿਲਿ ਮੇਲਿ ਮਿਲਾਵੈ ਗੋ ॥

(ਪੰਨਾ ੧੩੧੧)

ਤਿੰਨ ਵਾਰ 'ਗੁਰਮਤਿ' ਪਦ ਲਿਖੇ ਜਾਣ ਕਰਿ ਇਸ ਗੱਲ ਦੀ ਪੱਕੀ ਪ੍ਰੋੜ੍ਹਤਾ ਹੋ ਗਈ ਕਿ ਕੇਵਲ ਗੁਰਮਤਿ ਦੁਆਰਾ ਹੀ ਨਾਮ ਧਿਆਇਆ ਜਾ ਸਕਦਾ ਹੈ ਅਤੇ ਗੁਰਮਤਿ ਦੁਆਰਾ ਧਿਆਇਆ ਗੁਰਮਤਿ ਨਾਮੁ (ਵਾਹਿਗੁਰੂ) ਹੀ ਫਲੀ ਭੂਤ ਹੋ ਸਕਦਾ ਹੈ। ਫਲੀ ਭੂਤ ਭੀ ਐਸਾ ਕਿ ਸਿਖਰਲੇ ਦਰਜੇ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਉਹ ਇਹ ਕਿ ਗੁਰਮਤਿ ਦੁਆਰਾ ਗੁਰਮਤਿ ਨਾਮ ਵਾਹਿਗੁਰੂ ਦਾ ਧਿਆਉਣ ਕਰਕੇ ਵਾਹਿਗੁਰੂ ਪਰਮਾਤਮਾ ਆਪਣੇ ਧਿਆਉਣ ਹਾਰੇ ਭਗਤ ਜਨ ਨੂੰ ਨਿਕਟ ਤੋਂ ਨਿਕਟ ਹੋ ਕੇ ਆਣਿ ਮਿਲਦਾ ਹੈ। ਕੰਠ ਗੱਲ ਅਤੇ ਘਟਿ (ਅੰਤਰ ਗਤਿ) ਵਾਹਿਗੁਰੂ ਜੋਤਿ ਆਇ ਪ੍ਰਕਾਸ਼ਤ ਹੁੰਦੀ ਹੈ। ਜੋਤੀਸ਼ ਵਾਹਿਗੁਰੂ ਘਟ ਅੰਤਰਿ ਘੁਲਿ ਮਿਲਿ ਘਿੱਚੀਆਂ ਪਰਵੇਸ਼ ਕਰਕੇ ਭਗਤ ਜਨ ਨੂੰ ਨਿਕਟ ਮਿਲੌਨੀ ਆਇ ਮਿਲਦਾ ਹੈ। 'ਮੇਲਿ ਮਿਲਾਵੈ ਗੋ' ਦਾ ਕਰਤਾ (ਫਾਇਲ) 'ਹਰਿ' ਹੈ। ਇਹ ਅਰਥ—'ਭਗਤ ਜਨ ਵਾਹਿਗੁਰੂ ਨੂੰ ਗਲੇ ਮਿਲੌਨੀ ਮਿਲੇਗਾ', ਠੀਕ ਨਹੀਂ ਕਿਉਂਕਿ 'ਹਰਿ' ਕਰਮ (ਮਫਊਲ) ਨਹੀਂ। ਆਪਿ ਵਾਹਿਗੁਰੂ ਆਇ ਮਿਲਦਾ ਹੈ। ਯਥਾ—"ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ ॥"[1]

ਸਾਕਤ ਨਰ, ਸਤਿਗੁਰੁ

ਸਾਕਤ ਨਰ ਸਤਿਗੁਰੁ ਨਹੀ ਕੀਆ ਤੇ ਬੇਮੁਖ ਹਰਿ ਭਰਮਾਵੈਗੋ ॥[2]

ਜਿਨ੍ਹਾਂ ਨੇ ਸਤਿਗੁਰੁ ਧਾਰਨ ਨਹੀਂ ਕੀਤਾ ਸੋ ਸਾਕਤ ਨਰ ਹਨ; ਤੇ ਬੇਮੁਖ ਹੀ

---

੧. ਪੰਨਾ ੮੩੭.

੨. ਪੰਨਾ ੧੩੧੧.

ਰਹਿਣਗੇ। ਵਾਹਿਗੁਰੂ ਤਿਨ੍ਹਾਂ ਨੂੰ (ਜੋਨੀਆਂ ਵਿਖੇ) ਭਰਮਾਵੇਗਾ। ਨਿਗੁਰਿਆਂ ਦੀ ਇਹ ਗਤੀ ਹੈ। 'ਸਾਕਤ ਨਰ' ਦੋਈ ਪਦ ਬਹੁ-ਵਚਨ ਹਨ ਏਸੇ ਕਰਕੇ ਇਹਨਾਂ ਦੇ ਛੇਕੜਲੇ ਅੱਖਰ ਮੁਕਤੇ ਹਨ। 'ਸਾਕਤ' ਦਾ ਤੱਤਾ ਭੀ ਅਤੇ 'ਨਰ' ਦਾ ਰਾਰਾ ਭੀ। 'ਸਤਿਗੁਰੁ ਨਹੀ ਕੀਆ'—ਸਤਿਗੁਰੂ ਧਾਰਿਆ ਨਹੀਂ। ਏਥੇ 'ਨੂੰ' ਸਬੰਧਕ ਪਦ ਦੀ ਗੁੰਜਾਇਸ਼ ਨਹੀਂ। ਮਫ਼ਊਲੀਅਤ ਵਿਚਿ ਹੀ ਸਤਿਗੁਰੁ ਦੇ ਰਾਰੇ ਨੂੰ ਔਂਕੜ ਹੈ। ਅਰਥਾਤ ਰਾਰੇ ਦਾ ਔਂਕੜ ਹੀ 'ਨੂੰ' ਦਾ ਅਰਥ ਦਿੰਦਾ ਹੈ।

ਰਾਖੁ, ਰਾਖਿ

ਨਾਨਕ ਰਾਖੁ ਰਾਖੁ ਪ੍ਰਭ ਮੇਰੇ ਸਤਸੰਗਤਿ ਰਾਖਿ ਸਮਾਵੈ ਗੋ॥[1]

ਹੇ ਮੇਰੇ ਪ੍ਰਭੂ ਮੈਨੂੰ ਰਖ ਲੌ, ਰਖ ਲੌ। ਆਪਣੀ ਸਤਿ ਸੰਗਤਿ ਵਿਚਿ ਰਖ ਕੇ ਸਮਾ ਲਵੋ ਆਪਣੇ ਸਰੂਪ ਵਿਚ ਹੀ। 'ਰਾਖੁ' ਖੱਖੇ ਔਂਕੜ ਨਾਲ ਕਿਰਿਆ ਸਨਮੁਖ ਬਿਨੈ ਹੈ। 'ਰਾਖਿ'—ਸਿਹਾਰੀ ਵਾਲੇ ਖੱਖੇ ਨਾਲਿ 'ਰਖ ਕੇ' ਦਾ ਅਰਥ ਹੈ।

ਜਿਨ, ਰਾਮ

ਸੇ ਉਧਰੇ ਜਿਨ ਰਾਮ ਧਿਆਏ॥
ਜਤਨ ਮਾਇਆ ਕੇ ਕਾਮਿ ਨ ਆਏ॥ *(ਪੰਨਾ ੧੩੧੨)*

ਏਥੇ 'ਜਿਨ' ਪਦ ਦੇ ਨੰਨੇ ਅੱਖਰ ਨੂੰ ਸਿਹਾਰੀ ਚਾਹੀਦੀ ਹੈ। 'ਜਿਨ੍ਹਾਂ ਨੇ ਰਾਮ ਧਿਆਏ।' 'ਜਿਨ' ਦਾ ਨੰਨਾ ਛਾਪੇ ਦੀ ਗ਼ਲਤੀ ਨਾਲ ਮੁਕਤਾ ਰਹਿ ਗਿਆ ਹੋਇਆ ਹੈ। 'ਰਾਮ' ਦਾ ਮੰਮਾ ਇਸ ਕਰਕੇ ਮੁਕਤਾ ਹੈ ਕਿ ਸਤਿਕਾਰ ਵਜੋਂ 'ਰਾਮ' ਪਦ ਬਹੁ-ਵਚਨ ਉਚਾਰਨ ਹੋਇਆ ਹੈ, ਇਸੇ ਕਰਕੇ 'ਧਿਆਏ' ਇਸ ਦੀ ਕਿਰਿਆ ਭੀ ਬਹੁ-ਵਚਨ ਹੈ। ਜਤਨ—ਬਹੁ-ਵਚਨ (plural) ਨਾਂਵ ਹੈ ਇਸ ਕਰ ਕੇ ਇਸ ਦਾ ਨੰਨਾ ਅੱਖਰ ਮੁਕਤਾ ਹੈ। 'ਕਾਮਿ'—ਕੰਮ ਵਿਚਿ, ਨਹੀਂ ਆਏ। ਅਕਾਰਥ ਹੀ ਗਏ।

ਤਿਨ ਕੈ

...ਲਗਿ ਤਰਉ ਤਿਨ ਕੈ ਪਾਏ॥ *(ਪੰਨਾ ੧੩੧੨)*

ਅਨ੍ਹੈ—ਤਿਨ੍ਹ ਕੈ ਪਾਏ ਲਗਿ ਤਰਉ। 'ਲਗਿ' ਦੀ ਸਿਹਾਰੀ ਹੋਣ ਕਰਕੇ 'ਕੈ' ਨੂੰ ਦੁਲਾਈਆਂ ਆਈਆਂ ਪਾਏ ਲਗਣ ਕਰਕੇ।

...ਬਡਭਾਗਿ ਦਰਸਨੁ ਪਾਏ॥ *(ਪੰਨਾ ੧੩੧੨)*

ਇਥੇ ਇਸ ਪੰਗਤੀ ਵਿਖੇ 'ਦਰਸਨੁ' ਪਦ ਦੇ ਨੰਨੇ ਅੱਖਰ ਨੂੰ ਔਂਕੜ ਪਤਾ ਨਹੀਂ

---

੧. ਪੰਨਾ ੧੩੧੨.

ਕਿਉਂ ਲਗਿਆ ਹੈ ਜਦੋਂ 'ਪਾਏ' ਬਹੁ-ਵਚਨ ਕਿਰਿਆ ਹੈ। ਤਾਂ ਤੇ 'ਦਰਸਨੁ' ਭੀ ਸਤਿਕਾਰ ਵਜੋਂ ਬਹੁ-ਵਚਨ ਹੀ ਹੋਣਾ ਲੋੜੀਦਾ ਸੀ। 'ਦਰਸਨ' ਲਿਖਿਆ ਛਪਿਆ ਹੋਣਾ ਚਾਹੀਦਾ ਸੀ, ਬਿਨਾਂ ਨੰਨੇ ਨੂੰ ਔਂਕੜ ਦੇ।

ਭਜਹ

...ਮਿਲਿ ਸਾਧੂ ਨਿਤ ਭਜਹ ਨਾਰਾਇਣ॥ *(ਪੰਨਾ ੧੩੧੨)*

ਏਥੇ 'ਭਜਹ'—ਅਸੀਂ ਭਜੀਏ। ਉਤਮ ਪੁਰਖ ਬਹੁ-ਵਚਨ (ਜਮਾ ਮੁਤਕੱਲਮ) ਦੀ ਕਿਰਿਆ ਵਾਲੇ ਪਦ ਪਿਛੇ ਹਾਹਾ ਅੱਖਰ ਮੁਕਤਾ ਹੁੰਦਾ ਹੈ।

ਜਿਨ

ਜਿਨ ਗੁਰਮੁਖਿ ਸੁਣਿ ਹਰਿ ਮੰਨਿਆ ਜਨ ਨਾਨਕ ਤਿਨ ਜੈਕਾਰੁ॥
(ਕਾਨੜੇ ਕੀ ਵਾਰ ਮ: ੪, ਪੰਨਾ ੧੩੧੪)

ਏਸ ਤੁਕ ਅੰਦਰਿ ਆਰੰਭਕ ਪਦ 'ਜਿਨ' ਦੀ ਥਾਉਂ 'ਜਿਨਿ' ਚਾਹੀਦਾ ਹੈ, ਨੰਨੇ ਸਿਹਾਰੀ ਨਾਲ। ਨੰਨਾ ਮੁਕਤਾ ਗ਼ਲਤੀ ਨਾਲ ਛਪਿਆ ਹੈ। ਲਗਮਾਤ੍ਰੀ ਨਿਯਮਾਵਲੀ ਆਗਿਆ ਨਹੀਂ ਦਿੰਦੀ ਕਿ ਨੰਨਾ ਮੁਕਤਾ ਛਪੇ। 'ਨੇ' ਦੇ ਅਰਥ ਦਰਕਾਰ ਹਨ, ਜ਼ਰੂਰੀ ਤੌਰ ਤੇ। ਸਿਰਫ਼ ਸਿਹਾਰੀ ਲਗਦੀ ਹੈ।

ਜਨ ਨਾਨਕ ਤੇ ਮੁਖ ਉਜਲੇ ਜਿਨ ਹਰਿ ਸੁਣਿਆ ਮਨਿ ਭਾਇ॥ *(ਪੰਨਾ ੧੩੧੬)*

ਏਥੇ 'ਜਿਨ' ਪਦ ਦਾ ਨੰਨਾ ਅੱਖਰ ਮੁਕਤਾ ਹੈ ਸਿਹਾਰੀ ਹੋਣੀ ਚਾਹੀਦੀ ਹੈ। 'ਜਿਨ' ਦੇ ਥਾਉਂ 'ਜਿਨਿ' ਹੋਣਾ ਚਾਹੀਦਾ ਹੈ। ਜਿਨਿ—ਜਿਨ੍ਹਾਂ ਨੇ।

ਜਪੁ, ਜਪਿ

ਮੇਰੇ ਮਨ ਜਪੁ ਜਪਿ ਜਗੰਨਾਥੇ॥ *(ਕਲਿਆਨ ਮ: ੪, ਪੰਨਾ ੧੩੨੦)*

ਇਸ ਪੰਗਤੀ ਵਿਖੇ ਪਹਿਲਾ 'ਜਪੁ' ਪਦ ਜਿਸਦੇ ਪੱਪੇ ਅੱਖਰ ਨੂੰ ਔਂਕੜ ਹੈ, ਇਹ ਨਾਂਵ (noun) ਹੈ। ਦੂਜਾ 'ਜਪਿ' ਪਦ ਪੱਪੇ ਨੂੰ ਸਿਹਾਰੀ ਵਾਲਾ ਕਿਰਿਆ ਵਾਚਕ ਹੈ—ਜਪਨ ਕਰਿ। ਸਾਰੀ ਤੁਕ ਦਾ ਭਾਵ ਹੈ—ਹੇ ਮੇਰੇ ਮਨ ਜਗਤ ਦੇ ਨਾਥ ਦਾ ਜਾਪੁ ਕਰਿਆ ਕਰ।

ਗੁਰ ਉਪਦੇਸਿ

ਗੁਰ ਉਪਦੇਸਿ ਹਰਿ ਨਾਮੁ ਧਿਆਇਓ ਸਭਿ ਕਿਲ ਬਿਖ ਦੁਖ ਲਾਥੇ॥ *(ਪੰਨਾ ੧੩੨੦)*

ਗੁਰ ਦੇ ਦਿਤੇ ਉਪਦੇਸ਼ ਦੀਖਿਆ ਵਾਲਾ ਨਾਮ ਧਿਆਇਆਂ ਸਾਰੇ ਹੀ

bsrstrust.org

ਕਿਲਵਿਖ ਦੁਖ ਲਹਿ ਗਏ। 'ਗੁਰ' ਦਾ ਰਾਰਾ ਮੁਕਤਾ ਹੈ ਕਿਉਂਕਿ ਅਗੇ ਸਬੰਧਕ ਪਦ 'ਦੇ' ਦਾ ਅਰਥ ਬੋਧਕ ਹੈ। 'ਉਪਦੇਸਿ' ਦੇ ਸੱਸੇ ਨੂੰ ਸਿਹਾਰੀ ਹੈ ਜੋ 'ਦੁਆਰਾ' ਦਾ ਅਰਥ ਦਿੰਦੀ ਹੈ। ਗੁਰ ਉਪਦੇਸ ਦੀਖਿਆ ਦੁਆਰਾ ਮਿਲਿਆ ਹੋਇਆ ਨਾਮ। 'ਕਿਲ ਬਿਖ', 'ਦੁਖ' ਦੋਹਾਂ ਦੇ ਖੱਖੇ ਅੱਖਰ ਮੁਕਤੇ ਹਨ ਬਹੁ-ਵਚਨ ਹੋਣ ਕਰਕੇ। ਇਸੇ ਕਰਕੇ ਏਹਨਾਂ ਦਾ ਸਬੰਧਕ ਵਿਸ਼ੇਸ਼ਣ (adjective) 'ਸਭਿ' ਭੀ ਬਹੁ-ਵਚਨ ਹੈ, ਭੱਭੇ ਨੂੰ ਸਿਹਾਰੀ ਦਸਦੀ ਹੈ।

ਹਮਾਰੈ

ਹਮਾਰੈ ਏਹ ਕਿਰਪਾ ਕੀਜੈ ॥ *(ਪੰਨਾ ੧੩੨੧)*

ਇਸ ਤੁਕ ਵਿਚ 'ਹਮਾਰੈ' ਪਦ ਦੇ ਰਾਰੇ ਅੱਖਰ ਨੂੰ ਜੋ ਦੂਜੀ ਲਾਂਵ ਹੈ, ਉਹ 'ਉਤੇ' ਦਾ ਅਰਥ ਦਿੰਦੀ ਹੈ—ਹਮਾਰੇ ਉਤੇ, ਸਾਡੇ ਤੇ। 'ਕਿਰਪਾ' ਇਸਤ੍ਰੀ-ਲਿੰਗ ਨਾਂਵ ਨਾਲ ਸਬੰਧ ਹੋਣ ਕਰਿ 'ਏਹ' ਪਦ ਭੀ ਇਸਤ੍ਰੀ-ਲਿੰਗ ਵਾਚਕ ਹੋਣ ਕਰਕੇ ਇਸਦਾ ਹਾਹਾ ਅੱਖਰ ਮੁਕਤਾ ਹੈ।

ਬੇਦੁ

ਗੁਨ ਨਾਦ ਧੁਨਿ ਅਨੰਦ ਬੇਦੁ ॥
ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ ॥ *(ਪੰਨਾ ੧੩੨੨)*

ਹਰਿ ਗੁਣ (ਬਾਣੀ) ਤਾਂ ਨਾਦ ਹੈ ਅਤੇ (ਤਿਨ੍ਹਾਂ ਦੇ ਗੁਣ) ਅਨੰਦ ਦੀ ਧੁਨੀ ਬੇਦ ਹਨ। ਗੁਰੂ ਘਰ ਦੇ ਮੁਨੀ ਜਨ ਸੰਤ ਮੰਡਲੀ ਵਿਚਿ ਇਕੱਤ੍ਰ ਹੋ ਕੇ ਏਹੀ (ਗੁਣ ਰੂਪੀ) ਨਾਦ ਗਾਉਂਦੇ ਅਤੇ ਕਥਨ ਕਰਦੇ ਹਨ। ਇਹੀ ਧੁਨੀਆ ਰੂਪੀ ਸਚੜੇ ਬੇਦਾਂ ਦੀਆਂ ਧੁਨੀਆਂ ਸੁਣਦੇ ਹਨ। ਹੋਰ ਨਾਦ ਬੇਦ ਦੇ ਨੇੜੇ ਨਹੀਂ ਜਾਂਦੇ ਗੁਰਮੁਖ ਜਨ। 'ਧੁਨਿ ਅਨੰਦ'—ਅਨੰਦ ਦੀ ਧੁੰਨੀ। 'ਅਨੰਦ' ਦਾ ਸਨਬੰਧ 'ਧੁਨਿ' ਨਾਲ ਹੈ, 'ਬੇਦੁ' ਨਾਲਿ ਨਹੀਂ ਜੈਸਾ ਕਿ ਬੇਦਾਚਾਰੀ ਗਿਆਨੀ ਅਰਥਾਉਂਦੇ ਹਨ—ਅਨੰਦ ਦੇ ਗੁਣਾਂ ਵਾਲਾ ਬੇਦ। 'ਬੇਦੁ' ਪਦ ਦੇ ਦੱਦੇ ਅੱਖਰ ਨੂੰ ਔਂਕੜ ਹੈ।

ਰਸਕਿ

ਗਿਆਨ ਧਿਆਨ ਮਾਨ ਦਾਨ ਮਨ ਰਸਕਿ,
ਰਸਨ ਨਾਮੁ ਜਪਤ ਤਹ ਪਾਪ ਖੰਡਲੀ ॥ *(ਪੰਨਾ ੧੩੨੨)*

'ਮਨ ਰਸਨਾ ਕਰਕੇ ਰਸਕਿ ਰਸਕਿ ਨਾਮ ਜਪਣਾ' ਗੁਰਮੁਖਾਂ ਦੇ ਨਿਕਟਿ ਇਹੀ ਗਿਆਨ ਧਿਆਨ ਕਮਾਉਣ ਜੋਗ ਹਨ। ਰਸਕਿ ਰਸਕਿ ਨਾਮ ਜਪਣ ਵਾਲੀ ਅਵਸਥਾ

bsrstrust.org

ਕਰਿ ਹੀ ਪਾਪ ਸਭਿ ਖੰਡਤ ਹੁੰਦੇ ਹਨ। ਹੋਰ ਗਿਆਨ ਧਿਆਨ ਆਦਿਕ ਇਸ ਰਸਕਿ ਰਸਕਿ ਨਾਮ ਜਪਣ ਵਾਲੇ ਗਿਆਨ ਧਿਆਨ ਤੋਂ ਛੁਟ ਹੋਰ ਕੁਝ ਭੀ ਗੁਰਮਤਿ ਅੰਦਰਿ ਪਰਵਾਨ ਨਹੀਂ ਹੈ।

ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ,
ਤਤ ਬੇਤੇ ਜਪੁ ਤਪੁ ਅਖੰਡਲੀ॥ *(ਪੰਨਾ ੧੩੨੨)*

ਗੁਰਮਤਿ ਸੁਰਤਿ ਸ਼ਬਦ ਦੇ ਤੱਤ ਬੇਤਿਆਂ ਲਈ ਗੁਰ ਸ਼ਬਦ ਦਾ ਅਖੰਡ ਜਾਪ ਅਤੇ ਅਭਿਆਸ ਦੀ ਅਖੰਡ ਕਮਾਈ ਰੂਪੀ ਤਪ ਹੀ ਜੋਗ ਜੁਗਤਿ ਗਿਆਨ ਭੁਗਤਿ ਹਨ। ਤਿਨ੍ਹਾਂ ਨੂੰ ਹੋਰ ਕਿਸੇ ਜੋਗ ਅਤੇ ਹੋਰਸ ਜੁਗਤੀਆਂ ਗਿਆਨ ਭੁਗਤੀਆਂ ਦੀ ਲੋੜ ਨਹੀਂ। ਸ਼ਬਦਾਰਥੀ ਗਿਆਨੀ ਇਸ ਤੁਕ ਦੇ ਕਿਆ ਗੁਰਮਤਿ ਹੀਣੇ ਅਰਥ ਕਰਦੇ ਹਨ—'ਲਗਾਤਾਰ ਜਪ ਤਪ ਕਰਿ ਰਹੇ ਹਨ, ਜੋਗ ਦੀ ਜੁਗਤੀ ਨਾਲਿ ਗਿਆਨ ਦੇ ਭੋਜਨ ਨਾਲਿ, ਸ਼ਬਦ ਦੀ ਸੁਰਤਿ ਨਾਲਿ।' ਤਿਨ੍ਹਾਂ ਨੂੰ ਭੁਲੇਖਾ ਲਗਾ ਹੈ ਕਿ 'ਜੁਗਤਿ', 'ਭੁਗਤਿ', 'ਸੁਰਤਿ', ਪਦਾਂ ਨੂੰ ਜੋ ਸਿਹਾਰੀਆਂ ਲਗੀਆਂ ਹਨ ਇਹ 'ਨਾਲਿ' ਦਾ ਅਰਥ ਦਿੰਦੀਆਂ ਹਨ। ਹਾਲਾਂਕਿ ਇਹ ਤਿੰਨੇ ਪਦ ਇਸਤ੍ਰੀ-ਲਿੰਗ ਹੋਣ ਕਰਕੇ ਪਿਛਲੇ ਅੱਖਰਾਂ ਨੂੰ ਸਿਹਾਰੀਆਂ ਸਹਿਤ ਵਰਤੇ ਗਏ ਹਨ। 'ਜੁਗਤੀ' ਦੇ ਥਾਉਂ 'ਜੁਗਤਿ' ਤੇ 'ਸੁਰਤੀ' ਦੇ ਥਾਉਂ 'ਸੁਰਤਿ' ਅਤੇ 'ਭੁਗਤਿ' ਤੱਤੇ ਸਿਹਾਰੀ ਸਹਿਤ ਉਂਵ ਹੀ ਇਸਤ੍ਰੀ ਲਿੰਗ ਨਾਂਵ ਹੈ (feminine gender) ਵਾਲਾ ਨਾਮ (noun) ਹੈ।

ਅਜਰ ਪਦੁ

ਧਰਤ ਧਿਆਨੁ ਗਿਆਨੁ ਸਸਤ੍ਰਗਿਆ ਅਜਰ ਪਦੁ ਕੈਸੇ ਜਰਉ॥
(ਪੰਨਾ ੧੩੨੨)

ਆਨਮਤ ਬਿਧੀਆਂ ਸ਼ਾਸਤ੍ਰ ਆਦਿਕ ਮਤ ਦੇ ਗਿਆਨ ਧਿਆਨ ਧਰਿਆਂ ਅਜਰ ਪਦ ਜਰਿਆ ਨਹੀਂ ਜਾ ਸਕਦਾ, ਨਾ ਹੀ ਅਲਖ ਲਖਿਆ ਜਾ ਸਕਦਾ ਹੈ।

ਸੇਵਾ, ਸੁਰਤਿ, ਸਬਦਿ

ਸੇਵਾ ਸੁਰਤਿ ਸਬਦਿ ਵੀਚਾਰਿ॥
ਜਪੁ ਤਪੁ ਸੰਜਮੁ ਹਉਮੈ ਮਾਰਿ॥ *(ਪੰਨਾ ੧੩੪੩)*

ਸਬਦਿ ਸੁਰਤਿ ਦੇ ਅਭਿਆਸ ਵਿਚਿ ਹੀ (ਤੱਤ) ਸੇਵਾ ਹੈ (ਸੱਚੀ ਸੇਵਾ ਹੀ ਸ਼ਬਦ ਸੁਰਤਿ ਵਾਲੀ ਨਾਮ ਅਭਿਆਸ ਕਮਾਈ ਹੈ)। ਇਸ ਬਿਧਿ ਹੀ ਹਉਮੈ ਮਰਦੀ ਹੈ। ਤਾਂ ਤੇ ਹਉਮੈ ਮਾਰਨ ਵਿਚਿ ਹੀ ਜਪ ਤਪ ਸੰਜਮ ਦਾ ਤੱਤ ਸਾਰ ਹੈ। ਇਹ ਅਰਥ ਗੁਰਮਤਿ ਲਗਮਾਤ੍ਰੀ ਨਿਯਮਾਂ ਤੋਂ ਉਲਟ ਹਨ ਅਤੇ ਬਿਪਰਜੇ ਹਨ ਕਿ ਜਦ ਸ਼ਬਦ ਵਿਚਿ ਵੀਚਾਰ ਕਰਨ ਨਾਲਿ ਮਨੁੱਖ ਦੀ ਸੁਰਤੀ ਸੇਵਾ ਵਿਚਿ ਲਗ ਜਾਂਦੀ ਹੈ ਤਾਂ

bsrstrust.org

ਉਹਦੀ ਹਉਮੈ ਮਰ ਜਾਂਦੀ ਹੈ ਅਤੇ ਜਪ ਤਪ ਸੰਜਮ ਆਪੋ ਹੋ ਜਾਂਦੇ ਹਨ। ਪਿਛਲੇ ਅਰਥ ਤਾਂ ਠੀਕ ਸਨ ਪਰ ਪਹਿਲੇ ਪਰਵਾਨ ਨਹੀਂ ਹਨ। ਸ਼ਬਦ ਸੁਰਤਿ ਦੀ ਕਮਾਈ ਤੋਂ ਹੀਣ ਹੋਣ ਕਰਿ ਇਹ ਅਰਥ ਸੁੱਝੇ ਹਨ। ਪਹਿਲਾਂ ਤਾਂ ਸ਼ਬਦ ਵਿਚਿ ਵੀਚਾਰ ਕਰਨੀ ਕੋਈ ਗੱਲ ਨਾ ਹੋਈ, ਨਾ ਹੀ ਗੁਰਮਤਿ ਨਾਮ ਕਮਾਈ ਬਿਨਾਂ ਸੁਰਤਿ ਜੁੜਦੀ ਹੈ। ਫੇਰ ਮਨੁੱਖ ਦੀ ਸੁਰਤੀ ਸੇਵਾ ਵਿਚ ਜੁੜਦੀ ਦੇ ਅਰਥ ਤਾਂ ਤਦ ਬਣਨਗੇ ਜੇਕਰ 'ਸੇਵਾ' ਦੇ ਥਾਉਂ 'ਸੇਵਿ' ਹੋਵੇ, ਵਾਵੇ ਸਿਹਾਰੀ ਨਾਲਿ।

ਹਰਿ ਜਨ

ਹਰਿ ਜਨ ਸੰਗਤਿ ਪਾਵੈ ਪਾਰੁ ॥
ਸਚੁ ਬੋਲੈ ਬੋਲਾਵੈ ਪਿਆਰੁ ॥
ਗੁਰ ਕਾ ਸਬਦੁ ਕਰਣੀ ਹੈ ਸਾਰੁ ॥ *(ਪ੍ਰਭਾਤੀ ਅਸਟਪਦੀਆ ਮ: ੧, ਪੰਨਾ ੧੩੪੪)*

ਹਰਿ ਜਨੁ (ਭਗਤ ਜਨ) ਗੁਰ ਸੰਗਤ ਦੇ ਤੁਫੈਲ ਹੀ ਪਾਰ ਪੈਂਦਾ ਹੈ (ਭਵਜਲ ਤੋਂ)। (ਗੁਰਮੁਖ ਜਨ) ਨਾਮ ਰੂਪੀ ਸੱਚ ਹੀ ਬੋਲਦਾ ਹੈ। ਸੱਚਾ ਪ੍ਰਮਾਰਥੀ ਪਰੇਮ ਪਿਆਰ ਹੀ ਓਹਨਾਂ ਨੂੰ ਇਹ ਸੱਚ ਬੁਲਾਉਂਦਾ ਹੈ (ਨਾਮ ਜਪਾਉਂਦਾ ਹੈ)। ਗੁਰੂ ਦਾ ਸ਼ਬਦ ਹੀ ਗੁਰਮੁਖ ਜਨ ਦੀ ਸੱਚੀ ਸਾਰ ਕਮਾਈ ਹੈ, ਅਭਿਆਸ ਕਮਾਈ ਹੈ। 'ਹਰਿ ਜਨ' ਵਿਚਿ 'ਜਨ' ਦੇ ਨੰਨੇ ਅੱਖਰ ਨੂੰ ਔਂਕੜ ਚਾਹੀਦਾ ਹੈ। ਗੁਰਮਤਿ ਦੇ ਤਤ ਭਾਵ ਅਨੁਸਾਰ ਨਾਮ ਹੀ ਸਚੁ (ਸਤਿ ਮਈ ਸੱਚ) ਹੈ, ਨਾਮ ਤੋਂ ਛੁਟ ਹੋਰ ਸਚੁ ਕੋਈ ਨਹੀਂ। (ਦੇਖੋ ਪੁਸਤਕ *ਗੁਰਮਤਿ ਸੱਚ ਨਿਰਣੇ*)

ਭੂੰਜਾ

ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥
ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥ *(ਪੰਨਾ ੧੩੪੫)*

ਗੁਰਮੁਖਿ ਜਨਾਂ ਦਾ ਹਰਿ ਜਸੁ ਹੀ ਸੱਚਾ ਗੁਰਮਤਿ ਕਰਮ ਹੈ। ਹਰ ਜਸੁ ਹੀ ਸੱਚਾ ਗੁਰਮਤਿ ਧਰਮੁ ਹੈ। ਹਰਿ ਜਸੁ ਹੀ ਪਤਿ ਹੈ ਤੇ ਹਰਿ ਜਸੁ ਹੀ ਪੂਜਾ ਹੈ। ਇਸ ਹਰਿ ਜਸੁ ਦੀ ਬਦੌਲਤ ਗੁਰਮੁਖਿ ਜਨਾਂ ਨੇ ਕਾਮ ਕ੍ਰੋਧ ਆਦਿਕ ਨੂੰ ਅਗਨੀ ਵਿਚਿ ਭੁੰਨ (ਸਾੜ) ਦਿਤਾ ਹੈ।

ਮਨ ਮਾਨਕੁ

ਮਨੁ ਮਾਨਕੁ ਲਿਵ ਤਤੁ ਲੁਕਾਨਾ ॥ *(ਪ੍ਰਭਾਤੀ ਕਬੀਰ ਜੀ, ਪੰਨਾ ੧੩੪੯)*

ਭਾਵ, ਨਾਮ ਅਭਿਆਸ ਕਮਾਈ ਦੁਆਰਾ ਲਾਲ ਹੀਰਾ (ਮਾਣਕ) ਹੋ ਗਿਆ

bsrstrust.org

ਹੋਇਆ ਮਨ ਤਤ ਲਿਵ ਵਿਚਿ ਲੀਨ ਹੋ ਗਿਆ ਹੈ। 'ਲਿਵ' ਪਦ ਦੇ ਵਾਵੇ ਅੱਖਰ ਨੂੰ ਸਿਹਾਰੀ ਲਗਣੀ ਰਹੀ ਹੋਈ ਹੈ। ਜੈਸੇ ਕਿ ਅਗਲੇਰੀ ਤੁਕ ਵਿਚਿ 'ਜਗਜੀਵਨ' ਦੇ ਨੰਨੇ ਅੱਖਰ ਨੂੰ ਸਿਹਾਰੀ ਨਹੀਂ ਲਗੀ। "ਮਨੁ ਭਇਆ ਜਗ ਜੀਵਨ ਲੀਣਾ" ਐਨ ਏਹੋ ਭਾਵ ਹੈ। "ਮਨੁ ਭਇਆ ਜਗ ਜੀਵਨਿ ਲੀਣਾ" ਸ਼ੁਧ ਪਾਠ ਹੈ। ਇਸੇ ਪਰਕਾਰ "ਮਨੁ ਮਾਨਕੁ ਲਿਵਿ ਤਤੁ ਲੁਕਾਨਾ" ਸ਼ੁਧ ਪਾਠ ਹੈ। ਦੇਖੋ ਅਗਲੀ ਤੁਕ ਅੰਦਰਿ 'ਸਹਜਿ' ਪਦ ਦੇ ਜੱਜੇ ਅੱਖਰ ਨੂੰ ਸਪਸ਼ਟ ਸਿਹਾਰੀ ਲਗੀ ਹੋਈ ਹੈ। "ਜੋ ਇਵ ਬੁਝੈ ਸੁ ਸਹਜਿ ਸਮਾਣਾ"—ਸਹਜ ਪਦ ਵਿਚਿ ਸਮਾਇਆ ਹੈ ਜੋ ਅਗੇਰੀ ਬੂਝ ਬੁਝਦਾ ਹੈ।

...ਕਿਆ ਮਸੀਤਿ ਸਿਰੁ ਨਾਂਏਂ ॥ *(ਪੰਨਾ ੧੩੪੯)*

ਮਸੀਤ ਵਿਚ ਜਾ ਕੇ ਸਿਰ ਕਿਆ ਨਿਵਾਏਂ। "ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ॥" ਇਹ ਪਹਿਲੀ ਤੇ ਦੂਜੀ ਤੁਕ ਦੇ ਅਖ਼ੀਰਲੇ ਪਦ ਕਿਰਿਆ ਕਰਕੇ ਸਨਮੁਖ ਉਚਾਰੇ ਹੋਏ ਸੰਬੋਧਕ ਉਪਦੇਸ਼ ਹਨ। ਲਗਮਾਤ੍ਰੀ ਨਿਯਮਾਂ ਅਨੁਸਾਰ ਤਾਂ ਇਹ ਇਉਂ ਲਿਖੇ ਹੋਣੇ ਚਾਹੀਦੇ ਸਨ—'ਨਾਇਹਂ' ਨਾਂਏਂ ਦੇ ਥਾਉਂ ਅਤੇ 'ਜਾਇਹਂ' ਜਾਂਏਂ ਦੇ ਥਾਉਂ ਚਾਹੀਦਾ ਸੀ। ਬਿੰਦੇ ਲਾ ਕੇ ਹੀ ਲਿਖਾਰੀ ਨੇ ਕੰਮ ਸਾਰ ਲਿਆ ਹੈ। 'ਨਾਂਏਂ' ਨੂੰ ਨਾਵਣ ਦੇ ਅਰਥ ਵਾਚਕ ਗਰਦਾਨਣਾ ਠੀਕ ਨਹੀਂ ਕਿਉਂਕਿ ਨੰਨੇ ਦੇ ਹੇਠਾਂ ਪੈਰਾਂ ਵਿਚਿ ਹਾਹਾ ਚਿੰਨ੍ਹ ਮਾਤਰ ਹੈ ਨਹੀਂ।

ਸਭ ਗੁਰ ਪੀਰ

ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ ॥ *(ਪੰਨਾ ੧੩੪੯)*

ਕਬੀਰ ਤਾਂ ਰਚਨਹਾਰ ਕਰਤਾਰ ਦਾ ਇਕ ਨਿੱਕਾ ਜਿਹਾ ਜਨਿ (ਛੋਟੇ ਤੋਂ ਛੋਟਾ) ਹੀ ਹੈ। ਹੋਰ ਸਾਰੇ ਪੀਰ ਹੁੰਦੇ ਹੋਏ ਜੰਤ ਮੈਥੋਂ ਵਡੇ ਵਡੇਰੇ ਹੀ ਹਨ। ਇਹ ਅਰਥ ਗ਼ਲਤ ਹੈ ਕਿ—ਸਭ ਗੁਰ ਪੀਰ ਮੈਨੂੰ ਆਪਣੇ ਹੀ ਦਿਸਦੇ ਹਨ। ਗੁਰੂ ਨਾਨਕ ਅਤੇ ਕਬੀਰ ਆਦਿਕ ਦਾ ਇਕੋ ਗੁਰੂ ਅਕਾਲ ਪੁਰਖ ਗੁਰੂ ਕਰਤਾਰ ਹੀ ਹੈ। ਏਥੇ ਭਾਵ ਨਿਮਰਤਾ ਦਾ ਹੈ। ਦੇਖੋ ਅਗਲੀ ਤੁਕ ਵਿਚਿ ਕਬੀਰ ਸਾਹਿਬ ਸਪਸ਼ਟ ਕਰਦੇ ਹਨ ਕਿ—"ਕਹਤੁ ਕਬੀਰੁ ਸੁਣਹੁ ਨਰ ਨਰਵੇ ਪਰਹੁ ਏਕ ਕੀ ਸਰਨਾ॥" ਦੱਸੋ 'ਏਕ ਕੀ ਸਰਨਾ' ਦੱਸਣ ਵਾਲੇ ਕਦੇ ਸਾਰੇ ਗੁਰੂ ਪੀਰਾਂ ਨੂੰ ਅਪਨਾ ਸਕਦੇ ਹਨ? ਕਦਾਚਿਤ ਨਹੀਂ।

ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥ *(ਪੰਨਾ ੧੩੫੦)*

ਇਕ ਦੋਹਿ ਲਿਖਤੀ ਬੀੜਾਂ ਵਿਚਿ ਪਹਿਲੇ 'ਖਾਲਿਕੁ' ਪਦ ਦਾ ਪਾਠ 'ਖਾਲਿਕਿ' ਹੈ ਕੱਕੇ ਸਿਹਾਰੀ ਨਾਲਿ। ਹੋਰ ਸਾਰੀਆਂ ਬੀੜਾਂ ਵਿਚਿ ਇਹ ਕੱਕਾ ਔਂਕੜ ਨਾਲ ਹੀ ਪਾਇਆ ਜਾਂਦਾ ਹੈ। ਕੱਕੇ ਸਿਹਾਰੀ ਵਾਲਾ ਪਾਠ (ਇਕ ਦੋਹਿ ਬੀੜਾਂ ਦਾ) ਲਗਮਾਤ੍ਰੀ ਨਿਯਮਾਂ ਅਨੁਸਾਰ ਠੀਕ ਹੈ—ਖਾਲਿਕ ਵਿਖੇ ਖਲਕਤ ਹੈ ਅਤੇ ਖਲਕਤ ਅੰਦਰਿ ਖਾਲਿਕ ਬ੍ਰਾਜਮਾਨ ਹੈ, ਸਾਰੇ ਹੀ ਪੂਰ ਰਿਹਾ ਹੈ। ਸਿਰਜਨਹਾਰ ਕਰਤਾਰ ਦੇ ਸਰਗੁਨ ਸਰੂਪ ਵਿਚਿ ਅਨੇਕਾਂ ਹੀ ਸ੍ਰਿਸ਼ਟੀਆਂ ਹਨ, ਇਕ ਹੀ ਨਹੀਂ। ਪਹਿਲੇ 'ਖਾਲਿਕੁ' ਪਦ

bsrstrust.org

ਦੇ ਕੱਕੇ ਨੂੰ ਔਂਕੜ ਜੋ ਹੈ ਉਸ ਨੂੰ (ਉਸ ਪਾਠ ਨੂੰ) ਠੀਕ ਮੰਨ ਕੇ ਸ਼ਬਦਾਰਥੀਆਂ ਨੇ ਜੋ ਅਰਥ ਕੀਤੇ ਹਨ ਸੋ ਲਗਮਾਤ੍ਰੀ ਨਿਯਮਾਂ ਅਨੁਸਾਰ ਠੀਕ ਹਨ—ਸਿਰਜਨਹਾਰ ਸ੍ਰਿਸ਼ਟੀ ਦਾ ਹੈ। ਪਰ ਹੈ ਹੀ ਸ੍ਰਿਸ਼ਟੀ ਦਾ। ਤੇ ਜੇ ਮਤਲਬ ਇਕ ਸ੍ਰਿਸ਼ਟੀ ਦਾ ਹੈ ਤਦ ਇਹ ਅਰਥ ਠੀਕ ਨਹੀਂ। ਓਹ ਸਿਰਜਨਹਾਰ ਤਾਂ ਸਾਰੀਆਂ ਸ੍ਰਿਸ਼ਟੀਆਂ ਦਾ ਹੀ ਹੈ, ਇਕ ਦਾ ਮਖਸੂਸ ਨਹੀਂ। ਇਹ ਹੋ ਸਕਦਾ ਹੈ ਕਿ ਬਾਕੀ ਦੀਆਂ ਸਾਰੀਆਂ ਲਿਖਤੀ ਅਤੇ ਛਪੀਆਂ ਹੋਈਆਂ ਬੀੜਾਂ ਵਿਚਿ ਪਹਿਲੇ 'ਖਾਲਿਕੁ' ਪਦ ਦੇ ਕੱਕੇ ਨੂੰ ਦੂਜੇ 'ਖਾਲਿਕੁ' ਪਦ ਦੀ ਰੀਸੇ ਐਵੇਂ ਹੀ ਔਂਕੜ ਲਗ ਗਿਆ ਹੋਵੇ। ਹਰਿਕ ਲਿਖਾਰੀ ਲਗਮਾਤ੍ਰੀ ਨਿਯਮਾਂ ਦਾ ਕਾਇਲ ਨਹੀਂ ਹੁੰਦਾ। ਛਾਪੇਖ਼ਾਨੇ ਦੇ ਕੰਪਾਜ਼ੀਟਰ ਤਾਂ ਲਕੀਰ ਦੇ ਫ਼ਕੀਰ ਹੀ ਹੁੰਦੇ ਹਨ। ਜੇ ਇਕ ਬੀੜ ਵਿਚ ਛਪ ਗਿਆ ਤਾਂ ਛਪਾਈ ਹੀ ਜਾਂਦੇ ਹਨ। ਤਾਂ ਤੇ ਵਿਰਲੀਆਂ ਇਕ ਦੋ ਬੀੜਾਂ ਵਿਚਿ ਆਇਆ ਪਾਠ "ਖਾਲਿਕਿ ਖਲਕ ਖਲਕ ਮਹਿ ਖਾਲਿਕੁ" ਬਹੁਤ ਠੀਕ ਹੈ ਅਤੇ ਇਸ ਦੇ ਅਰਥ ਭੀ ਠੀਕ ਅਤੇ ਢੁਕਦੇ ਹਨ। 'ਖਲਕ' ਪਦ ਇਸਤ੍ਰੀ-ਲਿੰਗ ਹੈ ਤਾਂ ਤੇ ਦੋਹੀਂ ਥਾਈਂ ਕੱਕੇ ਮੁਕਤੇ ਨਾਲਿ ਆਇਆ ਹੈ। ਦੇਖੋ ਇਸ ਸ਼ਬਦ (ਗੁਰਵਾਕ) ਦੇ ਅਰੰਭ ਵਿਚਿ 'ਅਲਹ' ਪਦ ਦਾ ਹਾਹਾ ਅੱਖਰ ਮੁਕਤਾ ਹੈ—"ਅਵਲਿ ਅਲਹ ਨੂਰੁ ਉਪਾਇਆ"। ਪ੍ਰੰਤੂ ਪਿਛਲੀ ਅੰਤਲੀ ਪੰਗਤੀ ਇਹੋ 'ਅਲਹੁ' ਪਦ ਹਾਹੇ ਨੂੰ ਔਂਕੜ ਸਹਿਤ ਹੈ—"ਅਲਹੁ ਅਲਖੁ ਨ ਜਾਈ ਲਖਿਆ"। ਲਗਮਾਤ੍ਰੀ ਨਿਯਮਾਂ ਅਨੁਸਾਰ ਪਹਿਲੇ ਮੁਢਲੇ 'ਅਲਹ' ਵਾਲਾ ਪਾਠ 'ਅਲਹਿ' (ਅਲਹ ਨੇ) ਚਾਹੀਦਾ ਸੀ। ਹਾਹਾ ਮੁਕਤਾ ਕਦੇ 'ਨੇ' ਦੇ ਅਰਥਾਂ ਦੀ ਸੰਭਾਵਨਾ ਨਹੀਂ ਰਖਦਾ। ਤਾਂ ਤੇ 'ਸਿਹਾਰੀ' ਛਪਣੋਂ ਰਹਿ ਗਈ ਹੈ। ਹੋ ਸਕਦਾ ਹੈ ਕਿ ਇਹ ਪਦ 'ਅਲਹਿ' ਭੀ ਕਿਸੇ ਨ ਕਿਸੇ ਲਿਖਤੀ ਬੀੜ ਵਿਚ ਠੀਕ ਹਾਹੇ ਸਿਹਾਰੀ ਨਾਲਿ ਹੀ ਲਿਖਿਆ ਹੋਇਆ ਹੋਵੇ ਜਾਂ ਕਿਸੇ ਨ ਕਿਸੇ ਛਪੀ ਹੋਈ ਬੀੜ ਵਿਚਿ ਛਪਿਆ ਹੋਇਆ ਹੋਵੇ ਪਰ ਅਸੀਂ ਪੜ੍ਹਿਆ ਨਹੀਂ ਕਿਤੇ। ਖ਼ਿਆਲ ਨਹੀਂ ਰਹਿਆ ਪੜਤਾਲ ਕਰਨ ਦਾ।

ਰਾਮੁ ਸਿਮਰ ਰਾਮੁ ਸਿਮਰ

ਰਾਮੁ ਸਿਮਰ[1] ਰਾਮੁ ਸਿਮਰ[1] ਇਹੈ ਤੇਰੈ ਕਾਜਿ ਹੈ॥ *(ਪੰਨਾ ੧੩੫੨)*

ਏਥੇ 'ਸਿਮਰ' ਪਦ ਦੋ ਵਾਰ ਆਇਆ ਹੈ ਪਰ ਕਿਰਿਆ ਵਾਚਕ ਹੁੰਦਾ ਹੋਇਆ ਰਾਰੇ ਅੱਖਰ ਮੁਕਤੇ ਨਾਲਿ ਹੈ ਜੋ ਸਾਫ਼ ਛਾਪੇ ਜਾਂ ਲਿਖਤ ਦੀ ਗ਼ਲਤੀ ਹੈ। ਰਾਰੇ ਮੁਕਤੇ ਨਾਲ ਇਹ ਪਦ ਇਸ ਪਰਕਾਰ ਕਿਰਿਆ ਵਾਚਕ ਹੁੰਦਾ ਹੋਇਆ ਕਿਤੇ ਭੀ ਰਾਰੇ ਮੁਕਤੇ ਨਾਲ ਨਹੀਂ ਆਇਆ। ਰਾਰੇ ਨੂੰ ਸਿਹਾਰੀ ਲੋੜੀਏ ਜੈਸੇ ਕਿ "ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ॥"[2] ਪੰਗਤੀ ਅੰਦਰਿ ਤਿੰਨੇ ਵਾਰ 'ਸਿਮਰਿ' ਪਦ ਰਾਰੇ ਸਿਹਾਰੀ ਨਾਲਿ ਹੈ।

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਸਿਮਰਿ' ਹੈ। *—ਪ੍ਰਕਾਸ਼ਕ*

੨. ਪੰਨਾ ੬੯੨.

bsrstrust.org

ਸਲੋਕ ਸਹਿਸਕ੍ਰਿਤੀ

ਸੇਵਾ ਕਿੰਨ

...ਨਾਨਕ ਗੁਰ ਸੇਵਾ ਕਿੰਨ[1] ਲਭ੍ਭਤੇ ॥੨੦॥ *(ਪੰਨਾ ੧੩੫੫)*

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਗੁਰੂ ਦੀ ਸੇਵਾ ਤੋਂ ਕੀ ਕੁਛ ਨਹੀਂ ਲਭਦਾ, ਭਾਵ ਸਭ ਕੁਛ ਲਭਦਾ (ਪ੍ਰਾਪਤਿ ਹੁੰਦਾ) ਹੈ। 'ਸੇਵਾ' ਪਦ ਦੇ ਅਗੇ ਸਬੰਧਕ ਪਦ (preposition) 'ਤੋਂ' ਮਫ਼ਹੂਮ ਹੈ।

ਮਾਰਤ ਲੋਕਹ

ਬਿਪਰੀਤ ਬੁਧ੍ਧਿ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ ॥੨੪॥
(ਪੰਨਾ ੧੩੫੬)

ਪੁੱਠੀ ਮਤਿ (ਬੁੱਧੀ) ਵਾਲੇ ਪੁਰਸ਼ ਜੋ ਲੋਕਾਂ ਨੂੰ ਮਾਰਦੇ ਹਨ ਓਹ ਚਿਰ ਕਾਲ ਤਾਂਈ ਦੁਖ ਭੋਗਦੇ ਹਨ (ਗੁਰੂ ਨਾਨਕ ਸਾਹਿਬ ਦਾ ਫ਼ੁਰਮਾਨ ਹੈ)। 'ਮਾਰਤ' ਕਿਰਿਆ ਵਾਚਕ ਹੈ—ਮਾਰਦੇ ਹਨ। 'ਮਾਰਤ ਲੋਕਹ' ਦਾ ਭਾਵ 'ਮਾਤ ਲੋਕ' ਨਹੀਂ। 'ਲੋਕਹ'—ਲੋਕਾਂ ਨੂੰ।

ਸਰਪਨਹ

ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥ *(ਪੰਨਾ ੧੩੫੬)*

ਗੁਰਮੰਤ੍ਰ ਤੋਂ ਜੋ ਪ੍ਰਾਣੀ ਹੀਣੇ ਹਨ (ਭਾਵ ਜੋ ਨਿਗੁਰੇ ਹਨ) ਓਹਨਾਂ ਦੇ ਜਨਮ ਧ੍ਰਿਗਾਕਾਰ ਜੋਗ ਭ੍ਰਿਸ਼ਟ ਹਨ। ਓਹ ਕੂਕਰ (ਕੁੱਤੇ) ਹਨ; ਸੂਕਰ (ਸੂਅਰ, ਸੂਰ) ਹਨ; ਗਧੇ ਹਨ; ਕਾਉਂ ਹਨ; ਸੱਪ ਹਨ ਅਤੇ ਡੰਗਰ (ਖਲ) ਸਮਾਨ ਹਨ। 'ਤੁਲਿ' ਪਦ ਦਾ ਸਬੰਧ ਏਥੇ ਕੇਵਲ 'ਖਲਹ' ਨਾਲ ਹੈ। 'ਸਰਪਨਹ' ਸਰਪਨ ਬਹੁ-ਵਚਨ ਹੈ ਸਰਪ ਦਾ, ਸਰਪ ਹਨਗੇ। ਜੋ ਅਰਥੀਏ ਗਿਆਨੀ 'ਸਰਪ' ਪਦ ਤੋਂ ਨਿਖੇੜ ਕੇ 'ਨਹ' ਨੂੰ 'ਤੁਲਿ' ਨਾਲਿ ਲਾ ਕੇ 'ਨਹਤੁਲਿ' ਪਾਠ ਇਕੱਠਾ ਬਣਾਉਂਦੇ ਹਨ ਅਤੇ ਸਾਰੇ ਉਪਰਲੇ ਪਦਾਂ ਨਾਲ ਸਬੰਧਤ ਕਰਕੇ ਇਉਂ ਅਰ੍ਥ ਕਰਦੇ ਹਨ—ਓਹ ਮੂਰਖ ਕੁੱਤੇ, ਸੂਰ, ਖੋਤੇ, ਕਾਂ, ਸੱਪ ਜੇਹਾ ਭੀ ਨਹੀਂ ਹੈ, ਓਹ ਅਨਰਥ ਕਰਦੇ ਹਨ। ਕਿਉਂਕਿ ਪ੍ਰਿਥਮ ਤਾਂ ਪ੍ਰਾਣੀ ਤੋਂ ਲੈ ਕੇ ਇਹ ਸਾਰੇ ਪਦ ਕੂਕਰ, ਸੂਕਰ ਆਦਿ ਬਹੁ-ਵਚਨ ਹਨ। ਏਹਨਾਂ ਨੂੰ ਇਕ-ਵਚਨ (singular noun) ਬਣਾਉਣਾ ਇਹ ਨਿਰੀ ਬਿਪਰਜਤਾ ਹੈ। ਦੂਜੇ ਹਰ ਇਕ

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਕਿੰ ਨ' ਹੈ।
—ਪ੍ਰਕਾਸ਼ਕ

bsrstrust.org

ਪਦ ਦੇ ਪਿਛੇ ਹਾਹਾ ਅੱਖਰ ਲਗਾ ਹੋਇਆ ਹੈ, ਉਸ ਹਾਹੇ ਨੂੰ 'ਸਰਪਨ' ਨਾਲੋਂ ਤੋੜਨਾ ਅਤੇ ਹੋਰ ਸਾਰਿਆਂ ਪਦਾਂ ਨਾਲਿ ਜੁੜੇ ਰਹਿਣ ਦੇਣਾ ਮਹਿਜ਼ ਢਕੌਂਸਲਾ ਹੀ ਹੈ। ਇਹ ਹਾਹਾ ਤਾਂ 'ਭ੍ਰਸਟਣਹ' ਪਦ ਨਾਲਿ ਭੀ ਪਿਆ ਹੈ। ਜੈਸੇ ਕਿ ਅਗਲੀ ਤੁਕ "ਚਰਣਾਰ ਬਿੰਦ ਭਜਨੰ ਰਿਦਯੰ ਨਾਮ ਧਾਰਣਹ" ਅੰਦਰਿ 'ਧਾਰਣਹ' ਨਾਲਿ ਭੀ ਪਿਆ ਹੈ। 'ਸਰਪਨਹ' ਏਸੇ ਤਰਹ ਦਰੁਸਤ ਹੈ ਜੈਸੇ ਕਿ ਅਗਲੇਰੀ ਤੁਕ ਅੰਦਰਿ 'ਦੂਤਨਹ' ਪਦ ਹੈ—"ਕੀਰਤਨੰ ਸਾਧ ਸੰਗੇਣ ਨਾਨਕ ਨਹ ਦ੍ਰਿਸਟੰਤਿ ਜਮਦੂਤਨਹ।" ਜਿਵੇਂ 'ਜਮਦੂਤਨਹ' ਬਹੁ-ਵਚਨ ਹੈ, ਇਸੇ ਤਰ੍ਹਾਂ 'ਸਰਪਨਹ' ਭੀ ਬਹੁ-ਵਚਨ ਹੈ, ਤਥਾ ਇਸ ਤੋਂ ਪਹਿਲੇ ਸਾਰੇ ਪਦ। ਤਿਵੇਂ ਹੀ ਚੌਥੀ ਤੁਕ ਵਿਚ 'ਸ੍ਵਰਗ ਰਾਜਨਹ' ਭੀ ਬਹੁ-ਵਚਨ ਹੈ। ੩੭ਵੇਂ ਸਲੋਕ ਵਿਚ "ਦੂਸਟਾਂ ਸਖਾ ਸ੍ਵਜਨਹ" ਇਸ ਦੁਪੰਗਤੀ ਵਿਚ 'ਦੁਸਟਾਂ' ਪਦ ਦੇ ਦੱਦੇ ਨੂੰ ਪੈਰ ਵਿਚ ਰਾਰਾ ਵਾਧੂ ਲਗਾ ਹੋਇਆ ਹੈ। ਚਾਹੀਦਾ ਹੈ 'ਦੁਸਟਾਂ'।

ਸੀਲ ਮਮੰ

ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ ॥ *(ਪੰਨਾ ੧੩੫੭)*

ਜੇ ਆਪਣਾ ਆਪ (ਮਮੰ) ਠੰਢਾ (ਸੀਤਲ) ਹੈ ਤਾਂ ਸਾਰੇ ਹੀ ਠੰਡੇ (ਸੀਤਲ) ਹਨ। ਜੇ ਮੈਂ ਆਪ ਪਵਿਤਰ ਹਾਂ ਤਾਂ ਸਾਰੇ ਹੀ ਪਵਿਤਰ ਭਾਸਦੇ ਹਨ। ਪ੍ਰੋੜ੍ਹਤਾ :

ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ ॥ *(ਪੰਨਾ ੬੧੦)*

ਇਹ ਅਰਥ ਪਿਛਲੀ ਤੁਕ ਦੇ ਫਬਦੇ ਨਹੀਂ—ਜੇ ਸਰਬ ਸੀਲ ਵਾਹਿਗੁਰੂ ਮੈਨੂੰ ਠੰਡ ਦਿੰਦਾ ਹੈ। ਲਗਮਾਤ੍ਰੀ ਨਿਯਮਾਂ ਅਨੁਸਾਰ 'ਸਰਬ ਸੀਲ' ਦਾ ਐਪੀਥੈਟ (epithet) ਗੁਣ ਵਾਹਿਗੁਰੂ ਪ੍ਰਥਾਇ ਘਟਦਾ ਹੀ ਨਹੀਂ ਅਤੇ ਨਾ ਹੀ 'ਮਮੰ' ਦੇ ਅਰਥ 'ਮੈਨੂੰ' ਠੀਕ ਹਨ। ਇਹ ਸਭ ਖਿਚ ਪਾੜ ਹੀ ਭਾਸਦੀ ਹੈ। ਸਹਿਸਕ੍ਰਿਤੀ ਸਲੋਕਾਂ ਅੰਦਰਿ ਹਰ ਇਕ ਪਦ ਦੇ ਪਿਛੇ ਹਾਹਾ ਅੱਖਰ ਜਿਥੇ ਲਗਿਆ ਹੈ ਉਹ ਅਕਸਰ ਕ੍ਰਿਆ ਵਾਚਕ ਹੈ, ਜੋ 'ਹੈ' ਜਾਂ 'ਹਨ' ਦੇ ਅਰਥ ਦਿੰਦਾ ਹੈ। ਜੈਸੇ ਕਿ ਇਸ ਤੁਕ ਅੰਦਰਿ ਭੀ।

ਬਿਸਾਹਨ

...ਉਹ ਪਾਪ ਬਿਸਾਹਨ ਜਾਇ ॥੫੨॥ *(ਪੰਨਾ ੧੩੬੭)*

ਏਥੇ 'ਬਿਸਾਹ ਨ ਜਾਇ' ਇਉਂ ਨਿਖੇੜਨਾ ਪਾਠ ਠੀਕ ਨਹੀਂ। 'ਬਿਸਾਹਨ' ਪਦ ਇਕੱਠਾ ਹੈ—ਬਿਸਾਹਨ ਹੇਤ, ਖ਼ਰੀਦਣ ਲਈ। ਵਿਸ਼ਵਾਸ, ਭਰੋਸੇ ਦੇ ਅਰਥਾਂ ਵਿਚਿ ਗੁਰਬਾਣੀ ਅੰਦਰਿ ਵਾਵੇ ਨਾਲ 'ਵਿਸ਼ਾਹ' ਪਦ ਆਉਂਦਾ ਹੈ, ਬੱਬੇ ਮੁਢ ਅੱਖਰ ਨਾਲਿ ਨਹੀਂ।

"ਪੰਚ ਦੋਖ ਬਿਵਰਜਿਤਹ"[1]—ਪੰਚ ਦੋਖ ਬਿਵਰਜਤ ਹਨ।

---

੧. ਸਲੋਕ ੪੦, ਪੰਨਾ ੧੩੫੭.

bsrstrust.org

ਮਰਦਨਹ

...ਅਤਿ ਬਲਨਾ ਬਹੁ ਮਰਦਨਹ ॥੪੫॥ *(ਪੰਨਾ ੧੩੫੮)*

ਬੜੇ ਬੜੇ ਬਲ ਵਾਲੇ (ਬਲਵਾਨ) ਮਲ ਦਲ ਦਿਤੇ ਹਨ। (ਮੋਹ ਨੇ, ਹੇ ਮੋਹ ਤੈਂ ਮਲ ਦਿਤੇ ਹਨ)। 'ਮਰਦਨਹ'—ਮਲ ਦਿਤੇ ਹਨ, ਏਥੇ ਕਿਰਿਆ ਹੈ। ਵਿਸ਼ੇਸ਼ਣ ਨਹੀਂ, ਮਲ ਦੇਣ ਵਾਲੇ ਅਰਥ ਨਹੀਂ।

ਬਿਮੋਹਨਹ

ਗਣ ਗੰਧਰਬ ਦੇਵ ਮਾਨੁਖੰ ਪਸੁ ਪੰਖੀ ਬਿਮੋਹਨਹ ॥...੪੫॥ *(ਪੰਨਾ ੧੩੫੮)*

ਇਸ ਵਿਚ ਭੀ 'ਬਿਮੋਹਨਹ' ਪਦ ਕਿਰਿਆ ਵਾਚਕ ਹੈ—'ਮੋਹ ਲਏ ਹਨ'। ਮੋਹਨ ਵਾਲੇ ਦਾ ਅਰਥ ਨਹੀਂ ਰਖਦਾ।

ਗਾਥਾ

ਪਰਸ, ਪਰਸਿ

ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ ਦੇਹੰ ਮਲੀਣੰ ॥ *(ਪੰਨਾ ੧੩੬੦)*

ਮੁਸ਼ਕ ਕਾਫ਼ੂਰ, ਗੁਲਾਬ ਦੇ ਫੁਲ ਆਦਿ ਸੁਗੰਧੀ ਵਾਲੀਆਂ ਪਵਿਤਰ ਵਸਤੂਆਂ ਮਨੁੱਖ ਦੀ ਦੇਹ ਨੂੰ ਲਗ ਕੇ (ਪਰਸ ਕੇ) ਮਲੀਨ ਹੋ ਜਾਂਦੀਆਂ ਹਨ। 'ਪਰਸ' ਦੇ ਸੱਸੇ ਨੂੰ ਸਿਹਾਰੀ ਚਾਹੀਦੀ ਹੈ, ਨਹੀਂ ਤਾਂ 'ਪਰਸ ਕੇ' ਅਰਥ ਨਹੀਂ ਬਣ ਸਕਦੇ ਜੋ ਬਣਨੇ ਜ਼ਰੂਰੀ ਹਨ। ਮੂਲ ਪਾਠ 'ਪਰਸ' ਹੀ ਹੈ ਬਿਨਾਂ ਸਿਹਾਰੀ ਦੇ, ਚਾਹੀਦਾ ਹੈ 'ਪਰਸਿ'।

ਉਰਧਾਰੰ

ਬੇਦ ਪੁਰਾਣ ਸਾਸਤ੍ਰ ਬੀਚਾਰੰ ॥
ਏਕੰਕਾਰ ਨਾਮ ਉਰਧਾਰੰ ॥...੨੦॥ *(ਪੰਨਾ ੧੩੬੧)*

ਵਾਹਿਗੁਰੂ ਨਿਰੰਕਾਰ ਦੇ ਨਾਉਂ ਨੂੰ ਰਿਦੇ ਅੰਦਰਿ ਧਾਰਨਾ ਹੀ (ਗੁਰਮਤਿ ਅੰਦਰਿ) ਬੇਦ, ਪੁਰਾਨ, ਸ਼ਾਸਤ੍ਰ ਦਾ ਉਚਾਰਨਾ ਹੈ। ਭਾਵ—ਜਿਸ ਗੁਰਮੁਖਿ ਨੇ ਵਾਹਿਗੁਰੂ ਨਾਮ ਹਿਰਦੇ ਅੰਦਰਿ ਧਾਰ ਲਿਆ ਹੈ ਉਸ ਨੇ ਮਾਨੋ ਬੇਦ ਪੁਰਾਣ ਆਦਿਕ ਸਭ ਉਚਾਰਨ ਕਰ ਲਏ। ਬਸ ਨਾਮ ਉਰਿਧਾਰਨਾ ਹੀ ਬੇਦ ਪੁਰਾਨ ਉਚਾਰਨਾ ਹੈ। 'ਉਰਧਾਰੰ' ਦੇ ਪਹਿਲੇ ਰਾਰੇ ਅੱਖਰ ਨੂੰ ਸਿਹਾਰੀ ਰਹੀ ਹੋਈ ਹੈ। ਸੋ ਲੱਗਣੀ ਚਾਹੀਦੀ ਹੈ (ਉਰਿਧਾਰੰ)।

bsrstrust.org

ਫੁਨਹੇ

ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾਲਾਜੀਅਹਿ ॥ *(ਪੰਨਾ ੧੩੬੨)*

ਪਰ ਤਿਰਿਆ ਗਾਮੀ ਪੁਰਸ਼ (ਪਤਿਤ ਗਰਦਾਨੇ) ਤਲਾਂਜਲੀ ਦਿਤੇ ਜਾਂਦੇ ਹਨ (ਬਾਈਕਾਟ ਕੀਤੇ ਜਾਂਦੇ ਹਨ), ਗੁਰਮਤਿ ਦਾ ਅਹਿਮ ਅਸੂਲ ਹੈ। ਪਰਤਿਰਿਆ ਗਾਮੀ ਪੁਰਸ਼ ਪੰਥ ਵਿਚੋਂ ਛੇਕੇ ਜਾਂਦੇ ਹਨ। 'ਤਾਲਾਜੀਅਹਿ'—ਤਲਾਂਜਲੀ ਦਿਤੇ ਜਾਂਦੇ ਹਨ, ਛੇਕੇ ਜਾਂਦੇ ਹਨ। ਕਈ ਗਿਆਨੀ ਇਸ ਜੁੜਤ ਪਦ (compound word) 'ਤਾਲਾਜੀਅਹਿ' ਨੂੰ ਨਿਖੇੜ ਕੇ 'ਤਾ ਲਾਜੀਅਹਿ' ਪਾਠ ਨਿਖੇੜਵਾਂ ਕਰਦੇ ਹਨ ਅਤੇ ਅਰਥ ਕਰਦੇ ਹਨ ਕਿ ਪਰ ਤਿਰਿਆ ਰਾਵਣ ਜਾਹਿ ਤਾਂ ਓਹ ਲਜਿਆ ਵਾਨ ਹੁੰਦੇ ਹਨ। ਇਹ ਢਕੌਂਸਲਾ ਪਾਠ ਹੈ। 'ਤਾਲਾਜੀਅਹਿ' (passive voice) 'ਕਰਮਨੀ ਵਾਚ' ਕਿਰਿਆ ਵਾਚਕ ਪਦ ਹੈ, ਤਲਾਂਜਲੀ ਦਿਤੇ ਜਾਂਦੇ ਹਨ। ਪੰਥ ਵਲੋਂ ਛੇਕੇ ਜਾਂਦੇ ਹਨ। ਐਸੇ ਅਰਥ ਕਰਨ ਵਾਲੇ ਛੇਕੇ ਜਾਣ ਦੀ ਥਾਂ ਏਤਨੀ ਤਨਖ਼ਾਹ ਹੀ ਕਾਫੀ ਸਮਝਦੇ ਹਨ ਕਿ ਲਜਿਆਵੰਤ ਅੰਤਰਿ ਆਤਮੇ ਹੋਣ। ਸਾਫ਼ ਅਰਥ ਹੈ ਕਿ ਤਲਾਕੇ ਜਾਂਦੇ ਹਨ ਪਰਤਿਰਿਆ ਗਾਮੀ।

ਬੀਜੁਲਿ

ਊਪਰਿ ਬਨੈ ਅਕਾਸੁ ਤਲੈ ਧਰ ਸੋਹਤੀ ॥
ਦਹਦਿਸ ਚਮਕੈ ਬੀਜੁਲਿ ਮੁਖ ਕਉ ਜੋਹਤੀ ॥ *(ਪੰਨਾ ੧੩੬੨)*

ਭਾਵ, ਇਹ ਪਾਰਬ੍ਰਹਮੀ ਪਰਮਾਰਥਕ ਲਿਵਲੀਨਤਾ ਦਾ ਨਜ਼ਾਰਾ ਪਰਤੱਖ ਦਿਦਾਰਿਆਂ ਦਾ ਬੰਨ੍ਹ ਦਿਖਾਇਆ ਹੈ। ਉਪਰ ਵਾਰ ਤਾਂ ਸਾਰਾ ਆਕਾਸ ਪੁਲਾੜ ਜਗ ਮਗ ਜੋਤਿ ਨਾਲਿ ਫਬਿਆ (ਬਨਿਆ) ਹੋਇਆ ਹੈ। ਅਤੇ ਹੇਠ ਨੂੰ ਹਿਰਦੇ ਰੂਪੀ ਧਰਤੀ ਭੀ ਜੋਤਿ ਵਿਗਾਸ ਨਾਲਿ ਸੁਭਾਇਮਾਨ ਹੋਈ ਪਈ ਹੈ। ਹੇਠਾਂ ਉਪਰਿ ਸਾਰੇ ਘਟ ਘਟ ਅੰਦਰਿ ਬਾਹਰਿ ਦਸੋਂ ਦਿਸਾ ਵਿਖੇ ਜੋਤਿ ਤੇਜ ਪਰਕਾਸ਼ਕ ਬਿਜਲੀ ਜਗਮਗਾ ਰਹੀ ਹੈ। ਇਹ ਜੋਤਿ ਵਿਗਸਾਇਕ ਬਿਜਲੀ ਮਾਨੋ ਪ੍ਰੀਤਮ ਪਾਰਬ੍ਰਹਮ ਜੋਤੀਸ਼ ਦਾ ਮੁਖੜਾ ਜੋਹਾਰਦੀ ਹੈ। ਪ੍ਰੀਤਮ ਦਾ ਅਨੂਪਮ ਮੁਖੜਾ ਦਰਸਾਉਣ ਲਈ ਇਹ ਤੇਜ ਮਈ ਜੋਤਿ ਪ੍ਰਕਾਸ਼ੀਆ ਬਿਜਲੀ ਪਰਤੱਖ ਨੂਰ ਮੁਨਾਰਾ ਬਣ ਰਹੀ ਹੈ। 'ਮੁਖ ਕਉ ਜੋਹਤੀ' ਦਾ ਫਾਇਲ ਕਰਤਾ 'ਬੀਜੁਲਿ' ਹੈ ਨਾ ਕਿ ਮੁਤਲਾਸ਼ਣ ਜੈਸੇ ਕਿ ਕਈ ਗਿਆਨੀ ਗਿਆਨਵਾਨ ਕਰਦੇ ਹਨ।

ਬਧੋਹੁ ਪੁਰਖਿ

ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥ *(ਪੰਨਾ ੧੩੬੨)*

ਪੁਰਖ ਬਿਧਾਤੇ ਨੇ ਤੈਨੂੰ ਬੱਧਾ ਹੈ (ਹੇ ਸ੍ਰੀ ਅੰਮ੍ਰਿਤਸਰ ਹਰਿਮੰਦਰ) ਸਾਜਿਆ, ਨਿਵਾਜਿਆ, ਬਸਾਇਆ ਤੇ ਸੰਵਾਰਿਆ ਹੈ। ਤਾਂ ਤੂੰ ਅਜੇਹਾ ਸੁਭਾਇਮਾਨ ਹੋਇਆ ਹੈਂ

bsrstrust.org

ਸੋਹਿਆ ਹੈਂ। ਸਪਸ਼ਟ ਅਰਥ ਹਨ। ਦੂਜਾ ਬਣ ਹੀ ਨਹੀਂ ਸਕਦਾ ਜੈਸਾ ਕਿ ਬਣਾਇਆ ਕਰਦੇ ਹਨ—'ਹੇ ਪੁਰਖ ਵਿਧਾਤੇ ਤੂੰ ਵਧ ਫੁਲ'। ਇਹ ਅਰਥ ਤਾਂ ਤਦ ਬਣਦੇ ਜੇਕਰ 'ਪੁਰਖਿ' ਪਦ ਦੇ ਖੱਖੇ ਅੱਖਰ ਨੂੰ ਸਿਹਾਰੀ ਨਾ ਲਗੀ ਹੋਵੇ ਅਤੇ 'ਬਿਧਾਤੈ' ਪਦ ਦੇ ਤੱਤੇ ਅੱਖਰ ਨੂੰ ਦੁਲਾਈਆਂ ਨਾ ਹੋਣ। ਨਿਰਸੰਦੇਹ ਖੱਖੇ ਦੀ ਸਿਹਾਰੀ ਅਤੇ ਤੱਤੇ ਦੀ ਦੂਜੀ ਲਾਂਵ 'ਨੇ' ਦੇ ਅਰਥਾਂ ਦੀਆਂ ਪ੍ਰਤਿਪਾਦਕ ਹੈਨ ਜੋ ਦੂਜਾ ਅਰਥ ਹੋਣ ਹੀ ਨਹੀਂ ਦਿੰਦੀਆਂ।

ਚਾਤ੍ਰਿਕ ਚਿਤ

ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ॥ *(ਪੰਨਾ ੧੩੬੨)*

ਭਾਵ, ਪ੍ਰਾਨ ਪਤੀ ਪ੍ਰੀਤਮ ਪਰਮਾਤਮਾ ਦੇ ਦਰਸ਼ਨ ਮਿਲਾਪ ਹੀ ਸਾਜਨ ਚਾਤ੍ਰਿਕੀ ਚਿਤ ਵਾਲਾ ਸੁਚੇਤ ਚਾਹੀਦਾ ਹੈ ਜੋ ਨਿਸ ਬਾਸਰ ਪ੍ਰਿਉ ਪ੍ਰਿਉ ਟੇਰਦਾ ਹੀ ਰਹੇ ਸਦਾ ਸਾਵਧਾਨ ਹੋ ਕੇ। ਨਾਮ ਦੀ ਰਟ ਲਾਉਣ ਵਾਲਾ ਹੋਵੇ ਜਿਸ ਨਾਲ ਮਰਨ ਜੀਵਨ ਦੀ ਬਾਜੀ ਪ੍ਰਾਣਾਂ ਪ੍ਰਯੰਤ ਲਾਈ ਹੋਈ ਹੈ। ਤਿਸ ਪ੍ਰੀਤਮ ਨੂੰ ਤਦੇ ਹੀ ਪਾ ਸਕੀਦਾ ਹੈ। ਜੋ ਦੇਹ ਅਧਿਆਸ ਪ੍ਰਾਣਾਂ ਦਾ ਪਿਆਰ ਛਡ ਕੇ ਕੇਵਲ ਪ੍ਰਿਉ ਪ੍ਰਿਉ ਟੇਰ ਵਾਹਿਗੁਰੂ ਅਭਿਆਸ ਰਸਨੇਰ ਕਰਿ ਹੀ ਨਿਸ ਬਾਸਰ (ਰਾਤ ਦਿਨੇ) ਜੁਟਿਆ ਰਹੇ, ਇਉਂ ਪ੍ਰਾਣ ਪ੍ਰੀਤਮ ਨੂੰ ਆਹੀਦਾ ਪਾਈਦਾ ਹੈ—"ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ॥" ਇਹ ਅਰਥ ਕਰਨੇ ਠੀਕ ਨਹੀਂ ਕਿ—ਚਾਤ੍ਰਿਕ ਵਾਂਗੂ ਸੁਚੇਤ ਹੋ ਕੇ ਸਜਣ ਨੂੰ ਚਾਹੀਏ। ਸਜਣ ਨੂੰ ਚਾਹੀਏ ਤਾਂ ਅਰਥ ਤਦ ਬਣ ਸਕਣ ਜੇਕਰ 'ਸਾਜਨੁ' ਪਦ ਦੇ ਨੰਨੇ ਅੱਖਰ ਨੂੰ ਔਂਕੜ ਨਾ ਲਗਿਆ ਹੋਵੇ। ਨੰਨੇ ਔਂਕੜ ਵਾਲਾ 'ਸਾਜਨੁ' ਪਦ 'ਨੂੰ' ਵਾਲੇ ਅਰਥ ਹੋਣ ਹੀ ਨਹੀਂ ਦਿੰਦਾ। ਪਿਛਲੇ ਔਂਕੜ ਆਖ਼ਰੀ ਪਦ ਦੇ ਅਗੇ ਸਬੰਧਕ ਪਦ (preposition) ਲਗ ਹੀ ਨਹੀਂ ਸਕਦਾ।

ਚਉਬੋਲੇ

ਹੁਤੇ

ਰਾਵਨ ਹੁਤੇ ਸੁ ਰੰਕ ਨਹਿ...॥ *(ਪੰਨਾ ੧੩੬੩)*

ਰਾਵਨ ਕੰਗਾਲ ਨਹੀਂ ਸਨ ਹੁੰਦੇ। 'ਹੁਤੇ'—ਹੋਂਦੇ। ਇਹ ਪਦ ਏਥੇ ਕਿਰਿਆ ਵਾਚਕ ਹੈ, ਇਸ ਦੇ 'ਵਰਗੇ' ਜਾਂ 'ਸਾਰਖੇ' ਅਰਥ ਕਰਨੇ ਠੀਕ ਨਹੀਂ।

ਕਮਲ ਨੈਨ ਅੰਜਨ ਸਿਆਮ ਚੰਦ੍ਰ ਬਦਨ ਚਿਤ ਚਾਰ॥
ਮੂਸਨ ਮਗਨ ਮਰੰਮ ਸਿਉ ਖੰਡ ਖੰਡ ਕਰਿ ਹਾਰ॥ *(ਪੰਨਾ ੧੩੬੪)*

ਭਾਵ, ਕਮਲ ਵਰਗੇ ਨੈਣ ਹੋਣ (ਜਿਨ੍ਹਾਂ ਵਿਚਿ ਕਾਲਾ ਸੁਰਮਾ ਪਾਇਆ ਹੋਵੇ), ਚੰਦਰਮਾਂ ਜੈਸਾ ਮੁਖਾਰਬਿੰਦ ਹੋਵੇ, ਬਚਿਤ੍ਰ ਨਕਸ਼ੋ ਨਿਗਾਰ ਵਾਲਾ (ਪਰ) ਮੂਸਨ ਸਾਰਖੇ

bsrstrust.org

ਜਗਿਆਸਾ ਵਾਲੇ ਪਰਮਾਰਥਕ ਜਗਿਆਸੂ ਨੂੰ ਪਰਵਾਹ ਨਹੀਂ ਏਹਨਾਂ ਸੀਗਾਰਾਂ ਦੀ। ਓਹ ਤਾਂ ਇਸ਼ਕ ਪਿਰੰਮੀ ਪ੍ਰੇਮ ਵਿਚਿ ਐਸੇ ਮਗਨ ਹੁੰਦੇ ਹਨ ਕਿ ਇਹਨਾਂ ਫੋਕੇ ਸੀਗਾਰਾਂ ਨੂੰ ਇਸ ਪ੍ਰੇਮ ਪਿਰੰਮਤਾ ਵਿਟਹੁੰ ਬਿੰਦ ਬਿੰਦ ਚੁਖ ਚੁਖ ਹੋ ਕੇ ਵਾਰ ਦਿੰਦੇ ਹਨ। ਪਰਹਾਰ ਦਿੰਦੇ ਹਨ। ਲਗਮਾਤ੍ਰੀ ਨਿਯਮਾਂ ਅਨੁਸਾਰ ਇਹੀ ਕੇਵਲ ਇਹੀ ਅਰਥ ਠੀਕ ਬੈਠਦੇ ਹਨ। ਸ਼ਬਦਾਰਥੀਆਂ ਦੇ ਇਹ ਅਰਥ ਕੈਸੇ ਬੇਢੁਕਵੇਂ ਹਨ ਕਿ—ਉਸ ਹਰੀ ਦੇ ਕਮਲ ਨੈਨ ਹਨ ਤੇ ਕਾਲੇ ਸੁਰਮੇ ਵਾਲੇ ਹਨ, ਸੋਹਣਾ ਬਦਨ, ਮੂੰਹ ਸੁੰਦਰ ਚਿਤ੍ਰਕਾਰੀ ਵਾਲਾ ਹੈ। ਉਸ ਦੇ ਮਿਲਣ ਦਾ ਭੇਦ ਲਭਣ ਵਿਚਿ ਮਸਤ ਹੋ ਕੇ ਮੈਂ ਹਾਰ ਦੇ ਟੋਟੇ ਟੋਟੇ ਕਰ ਦਿਆਂ (ਮੇਰੇ ਤੇ ਪਿਆਰੇ ਦੇ ਵਿਚਕਾਰ ਮੇਲ ਸਮੇਂ ਹਾਰ ਦੀ ਵਿਥ ਭੀ ਦੁਖਦਾਈ ਹੈ)। ਕਾਲੇ ਸੁਰਮੇ ਵਾਲੇ ਨੈਣ ਆਦਿਕ ਦੀਆਂ ਸਿਫ਼ਤਾਂ ਨਿਰੰਕਾਰ ਜੋਤੀਸ਼ ਤੇ ਘਟਾਉਣੀਆਂ ਅਗਿਆਨਤਾ ਭਰੀਆਂ ਨਿਜ ਘੜਤੀ ਦਲੀਲਾਂ ਹਨ। ਤੱਤ ਜਗਿਆਸਾ ਦੇ ਗੁਰਮਤਿ ਨੀਸਾਨੀ ਸੁਹਾਗ ਭਾਗ ਤੋਂ ਘੁਥਿਆਂ ਹੋਇਆਂ ਦੀਆਂ ਬੂਝ ਬੁਝੱਕੜੀ ਬੁਝਾਰਤਾਂ ਹਨ ਜੋ ਅਰਥਾਂ ਦੇ ਅਨਰਥ ਕਰ ਮਾਰਦੀਆਂ ਹਨ। ਲਗਮਾਤ੍ਰੀ ਅਰਥ ਤੋਂ ਨਿਰੀ ਅਗਿਆਨਤਾ ਸਿਧ ਕਰਦੀਆਂ ਹਨ।

ਸਲੋਕ ਕਬੀਰ ਜੀ

ਚੰਦਨ, ਚੰਦਨੁ

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥ *(ਪੰਨਾ ੧੩੬੫)*

ਪਹਿਲੇ ਪਦ 'ਚੰਦਨ' ਦਾ ਨੰਨਾ ਪਦ ਮੁਕਤਾ ਹੈ ਕਿਉਂਕਿ ਇਸ ਦੇ ਅਗੇ ਸਬੰਧਕ ਪਦ (preposition) 'ਕਾ' ਆਉਂਦਾ ਹੈ। ਦੂਜਾ ਪਦ 'ਚੰਦਨ' ਨੰਨੇ ਅੱਖਰ ਨੂੰ ਔਂਕੜ ਨਾਲਿ ਹੈ ਕਿਉਂਕਿ ਇਸ ਦੇ ਨਾਲ ਕੋਈ ਸਬੰਧਕ ਪਦ ਨਹੀਂ। ਨਿਰੋਲ ਕਰਮ ਮਫਊਲ ਨਾਂਵ (object noun) ਹੈ। ਤੀਜੇ ਪਦ 'ਚੰਦਨ' ਦਾ ਨੰਨਾ ਫੇਰ ਮੁਕਤਾ ਹੈ ਕਿਉਂਕਿ ਇਸ ਦੇ ਪਿਛੇ (ਅਗੇ) 'ਦੇ' ਸਬੰਧਕੀ ਪਦ (preposition) ਅਨੁਮਾਨਕ ਹੈ, ਮਫ਼ਹੂਮ (ਚੰਦਨ ਦੇ ਪਾਸਿ)। ਭਾਵ ਸਾਰੇ ਸਲੋਕ ਦਾ ਸਪਸ਼ਟ ਹੋਇਆ—ਚੰਦਨ ਬਿਰਛ ਛੋਟਾ ਜੇਹਾ ਹੈ (ਬਿਰਵਾ) ਭਲਾ ਹੈ, ਵਲਿਆ ਹੋਇਆ ਢੱਕ ਤੇ ਪਲਾਹ ਨਾਲਿ। ਚੰਦਨ ਬਿਰਵੇ ਦੇ ਨੇੜੇ ਉਦਾਲੇ ਛੁਪਾਲੇ ਉਗੇ ਹੋਏ ਢਕ ਪਲਾਹ ਆਦਿਕ ਭੀ ਚੰਦਨ ਰੂਪ ਹੀ ਹੋ ਜਾਂਦੇ ਹਨ (ਸੁਗੰਧਤ ਹੋ ਜਾਂਦੇ ਹਨ)।

ਰੰਕੁ

ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥ *(ਪੰਨਾ ੧੩੬੬)*

ਇਸ ਤੁਕ ਦੇ 'ਰੰਕੁ' ਪਦ ਦੇ ਕੱਕੇ ਅੱਖਰ ਨੂੰ ਪਤਾ ਨਹੀਂ ਔਂਕੜ ਕਿਉਂ ਲਗਿਆ ਹੈ।

bsrstrust.org

ਕੋ, ਕਉ

ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ॥ *(ਪੰਨਾ ੧੩੬੮)*

'ਕੋ' ਹੋੜੇ ਨਾਲਿ 'ਕੋ' ਦੇ ਅਰਥ 'ਦਾ' ਦੇ ਹਨ। 'ਕਉ' ਦੇ ਅਰਥ 'ਨੂੰ' ਦੇ ਹੁੰਦੇ ਹਨ।

ਚਹੁ, ਬੇਦ

ਆਪ ਡੂਬੇ ਚਹੁ ਬੇਦ ਮਹਿ...॥੧੦੪॥ *(ਪੰਨਾ ੧੩੭੦)*

ਆਪ ਚੌਹਾਂ ਬੇਦਾਂ ਵਿਚਿ ਡੁਬਿ ਗਏ ਸਪਸ਼ਟ ਹੈ। ਚਹੁੰ ਬੇਦਾਂ ਦਾ ਅਰਥ ਫੋਕਟ ਗਿਆਨ ਧਿਆਨ ਕਰਨਾ ਬੇਦਾਂ ਦੀ ਪੂਜਾ ਪਾਲਨਾ ਹੈ। ਹੋਰ ਕੁਛ ਨਹੀਂ। ਜਿਥੇ ਦੇਖੋ ਗੁਰਬਾਣੀ ਅੰਦਰਿ ਬੇਦਾਂ ਦਾ ਖੰਡਨ ਹੀ ਮਿਲੇਗਾ। ਵਿਧਾਨ ਕਿਤੇ ਭੀ ਨਹੀਂ। ਬੇਦ ਪੁਜਾਰੀ ਐਵੇਂ ਹੀ ਬੇਦਾਂ ਦਾ ਪੱਖ ਕਰੀ ਜਾਂਦੇ ਹਨ।

ਕਿਹ

ਕਬੀਰ ਦੇਖਿ ਕੈ ਕਿਹ ਕਰਉ ਕਹੇ ਨ ਕੋ ਪਤੀਆਇ॥...੧੨੨॥ *(ਪੰਨਾ ੧੩੭੦)*

ਏਥੇ 'ਕਿਹ ਕਹਉ' ਦਾ ਭਾਵ ਸਪਸ਼ਟ 'ਕਿਹਨੂੰ ਕਹਾਂ' ਹੈ। ਗੁਰਬਾਣੀ ਅੰਦਰਿ 'ਕਿਹ' ਦਾ ਅਰਥ 'ਕੀ' ਕਿਤੇ ਭੀ ਨਹੀਂ। 'ਕਿਹ'—ਕਿਹਨੂੰ, ਕਿਸ ਨੂੰ।

ਦਿਲ, ਸਾਬਿਤ

ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾਕਉ ਕਹਾਂ ਖੁਦਾਇ॥੧੮੫॥ *(ਪੰਨਾ ੧੩੭੪)*

ਜਿਸ ਦੇ ਦਿਲ ਦੀ ਸਾਬਤੀ ਨਹੀਂ, ਦਿਲ ਦੀ ਦ੍ਰਿੜ੍ਹਤਾ (ਮੁਹੱਕਮਤਾ) ਨਹੀਂ ਉਸ ਨੂੰ ਰੱਬ ਨਹੀਂ ਮਿਲਦਾ। 'ਜਾਕੀ' ਦੀ ਜ਼ਮੀਰ 'ਸਾਬਤਿ' ਵਲ ਫਿਰਦੀ ਹੈ। 'ਸਾਬਤਿ' ਤੱਤੇ ਸਿਹਾਰੀ ਨਾਲਿ ਇਸਤ੍ਰੀ-ਲਿੰਗ ਹੈ। 'ਸਾਬਤੀ' ਤੋਂ ਜੇਕਰ 'ਦਿਲ' ਦੀ ਜ਼ਮੀਰ ਇਤ ਵਲ (ਏਧਰ) ਹੁੰਦੀ ਤਾਂ 'ਸਾਬਤੀ' ਦੇ ਥਾਉਂ 'ਸਾਬਤੁ' ਪਦ ਹੁੰਦਾ ਤੱਤੇ ਔਂਕੜ ਨਾਲਿ ਅਤੇ 'ਦਿਲੁ' ਪਦ ਭੀ ਲੱਲੇ ਔਂਕੜ ਨਾਲਿ ਹੁੰਦਾ। ਕਿਉਂਕਿ 'ਦਿਲੁ' ਲੱਲੇ ਔਂਕੜ ਨਾਲਿ ਪੁਲਿੰਗ ਨਾਂਵ (masculine gender noun) ਹੈ, ਜੈਸੇ ਕਿ ਅਗਲੇ ਗੁਰ ਪਰਮਾਣ ਅੰਦਰਿ 'ਦਿਲੁ' ਪਦ ਪੁਲਿੰਗ ਨਾਂਵ ਦੇ ਅਰਥ ਵਿਚਿ ਸਾਫ਼ ਲੱਲੇ ਔਂਕੜ ਨਾਲਿ ਹੈ ਯਥਾ—"ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ॥"[1] ਇਸ ਪੰਗਤੀ ਅੰਦਰਿ ਪਹਿਲੇ 'ਦਿਲ' ਪਦ ਦਾ ਲੱਲਾ ਅੱਖਰ ਮੁਕਤਾ ਹੈ ਕਿਉਂਕਿ ਇਸ ਦੇ ਪਿਛੇ

---

੧. ਪੰਨਾ ੧੦੯੦.

bsrstrust.org

'ਦੀ' ਸਬੰਧਕੀ ਪਦ ਮਫ਼ਹੂਮ ਹੈ। ਦਿਲ ਦੀ ਦਰਵਾਨੀ ਭਾਵ ਹੈ। ਦੂਜੇ 'ਦਿਲੁ' ਪਦ ਦੇ ਲੱਲੇ ਨੂੰ ਸਾਫ਼ ਔਂਕੜ ਹੈ ਜੋ ਸਿਧ ਕਰਦਾ ਹੈ ਕਿ 'ਦਿਲੁ' ਪੁਲਿੰਗ ਹੈ। ਤਾਂ ਤੇ 'ਦਿਲ ਸਾਬਤਿ' ਦਾ ਅਰਥ ਸਪਸ਼ਟ ਤੌਰ ਤੇ ਦਿਲ ਦੀ ਸਾਬਤੀ ਹੈ ਅਤੇ ਏਸੇ ਵਲ ਹੀ 'ਜਾਕੀ' ਦੀ ਜ਼ਮੀਰ ਫਿਰਨੀ ਹੈ। ਜੇਕਰ 'ਦਿਲ' ਵਲ ਜ਼ਮੀਰ ਦਾ ਭਾਵ ਹੁੰਦਾ ਤਾਂ ਐਉਂ ਪਾਠ ਹੁੰਦਾ 'ਜਾ ਕਾ ਦਿਲੁ ਸਾਬਤੁ ਨਹੀ' ਅਰਥਾਤ 'ਕੀ' ਦੇ ਥਾਉਂ 'ਕਾ' ਹੁੰਦਾ (ਕੱਕੇ ਨੂੰ ਬਿਹਾਰੀ ਨ ਹੁੰਦੀ ਕੰਨਾ ਹੁੰਦਾ) ਅਤੇ 'ਦਿਲ' ਦੇ ਥਾਉਂ 'ਦਿਲੁ' ਪਦ ਹੁੰਦਾ (ਲੱਲਾ ਮੁਕਤਾ ਨ ਹੁੰਦਾ ਔਂਕੜ ਹੁੰਦਾ) ਅਤੇ 'ਸਾਬਤਿ' ਦੇ ਥਾਉਂ ਭੀ 'ਸਾਬਤੁ' ਪਦ ਹੁੰਦਾ (ਤੱਤੇ ਨੂੰ ਸਿਹਾਰੀ ਨ ਹੁੰਦੀ ਔਂਕੜ ਹੁੰਦਾ)।

ਦਿਲ ਸੂਚੀ

ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ ॥...੨੦੧॥ *(ਪੰਨਾ ੧੩੭੫)*

ਏਥੇ ਭੀ 'ਦਿਲ ਸੂਚੀ' ਦਾ ਭਾਵ ਦਿਲ ਦੀ ਸੁਚਤਾ ਹੈ। ਜੇ ਦਿਲ ਦੀ ਸੁਚਮਤਾ (ਪਵਿੱਤ੍ਰਤਾ) ਹੋਵੇ ਤਾਂ ਲੇਖਾ ਦੇਣਾ ਸੌਖਾ ਹੈ। 'ਦਿਲ' ਦਾ ਲੱਲਾ ਅੱਖਰ ਮੁਕਤਾ ਹੋਣ ਕਰਿ 'ਦੀ' ਸਬੰਧਕੀ ਪਦ (preposition) ਅਗੇ ਅਰਥ ਬੋਧਕ ਹੈ। 'ਦਿਲ' ਲੱਲੇ ਮੁਕਤੇ ਨਾਲਿ ਇਸਤ੍ਰੀ-ਲਿੰਗ ਨਾਂਵ ਦਾ ਅਰਥ ਨਹੀਂ ਰਖਦਾ। 'ਦਿਲੁ' ਪਦ ਲੱਲੇ ਅੱਖਰ ਔਂਕੜ ਨਾਲ ਪੁਲਿੰਗ ਨਾਂਵ ਦੇ ਅਰਥਾਂ ਵਿਚਿ ਗੁਰਬਾਣੀ ਅੰਦਰਿ ਆਉਂਦਾ ਹੈ ਜੋ ਮਫਊਲ (ਕਰਮ) ਤੇ ਫਾਇਲ (ਕਰਤਾ) ਦਾ ਕੰਮ ਦਿੰਦਾ ਹੈ। ਇਸ ਪੁਲਿੰਗ ਨਾਂਵ ਵਾਲੇ 'ਦਿਲੁ' ਪਦ ਨਾਲੋਂ ਔਂਕੜ ਤਦ ਵਿਸਰਦਾ ਹੈ ਜੇਕਰਿ ਇਸ ਦੇ ਅਗੇ ਸਬੰਧਕ ਜਾਂ ਤਾਂ ਗੁਪਤ ਹੋਵੇ ਜਾਂ ਪਰਗਟ ਸੁਭਾਇਮਾਨ ਹੋਵੇ, ਜੈਸੇ—"ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥"[1] ਇਸ ਤੁਕ ਅੰਦਰਿ 'ਸਾਹਿਬ' ਪਦ ਦੇ ਅਗੇ 'ਦੀ' ਹੋਣ ਕਰਿ 'ਸਾਹਿਬੁ' ਦੇ ਬੱਬੇ ਦਾ ਔਂਕੜ ਉਡ ਗਿਆ ਅਤੇ 'ਦਿਲ' ਦੇ ਅਗੇ ਭੀ 'ਦੀ' ਪਦ (preposition) ਹੋਣ ਕਰਿ 'ਦਿਲੁ' ਪਦ ਦੇ ਲੱਲੇ ਅੱਖਰ ਦਾ ਔਂਕੜ ਭੀ ਲੱਥ ਗਿਆ।

ਸਲੋਕ ਫਰੀਦ ਜੀ

ਪਵੰਦੀਈ

ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥੧॥ *(ਪੰਨਾ ੧੩੭੭)*

(ਮੌਤ ਆਈ ਦੀ) ਧੁਰੋਂ ਆਵਾਜ਼ ਪੈਂਦੀ ਹੈ, ਤੂੰ ਅੰਧਪਣੇ ਵਿਚ ਐਵੇਂ ਖੜਾ ਖੜਾ ਹੀ ਨਾ ਆਪ ਦਾ ਆਪੁ ਮੁਹਾਈ ਜਾ।

---

੧. ਸਲੋਕ ੬੦, ਪੰਨਾ ੧੩੮੧.

bsrstrust.org

ਕਈ ਪਾਠੀ 'ਪਵੰਦੀ ਈਖੜਾ' ਇਉਂ ਨਿਖੇੜ ਕੇ ਪਾਠ ਕਰਦੇ ਹਨ ਜੋ ਬੜਾ ਅਸੁੱਧ ਅਤੇ ਬੇਮਾਅਨੇ ਹੈ।

ਰਾਵੈ, ਰੰਗੁ ਨਵੇਲਾ

ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥੧੨॥ *(ਪੰਨਾ ੧੩੭੮)*

ਜਿਨ੍ਹਾਂ ਨੇ ਭਰ ਜਵਾਨੀ ਵਿਚਿ ਸਾਂਈ (ਵਾਹਿਗੁਰੂ ਨੂੰ) ਨਹੀਂ ਰਾਵਿਆ, ਬੁਢੇਪੇ ਵੇਲੇ ਕੋਈ ਵਿਰਲਾ ਹੀ ਰਾਵੰਦਾ ਹੈ। ਸਾਂਈ ਨਾਲਿ ਪਿਰਹੜੀ ਪ੍ਰੀਤਿ ਕਰ ਜਦੋਂ ਅਜੇ ਰੰਗੁ (ਜਵਾਨੀ) ਦਾ ਸਜਰਾ ਹੀ ਹੋਵੇ। 'ਧਉਲੀ ਰਾਵੈ ਕੋਇ' ਦਾ ਅਰਥ ਕਈ ਗਿਆਨੀ ਕਰਦੇ ਹਨ ਕਿ ਚਾਹੇ ਬੁਢੇਪੇ ਵਿਚ ਰਾਵ ਲਵੇ। ਪਰ ਇਹ ਅਰਥ ਤਦ ਸਹੀ ਸਨ ਜੇਕਰ 'ਰਾਵੈ' ਦੇ ਥਾਉਂ 'ਰਾਵੇ' ਪਾਠ ਹੁੰਦਾ, ਵਾਵੇ ਨੂੰ ਦੁਲਾਈਆਂ ਦੇ ਥਾਉਂ ਇਕ ਲਾਂਵ ਹੁੰਦੀ। 'ਰੰਗੁ ਨਵੇਲਾ' ਦੇ ਥਾਉਂ ਕਈ ਪਾਠੀ 'ਰੰਗੁਨਵਲਾ' ਕਰਦੇ ਹਨ। ਪਰ ਇਹ ਪਾਠ ਸੁਧ ਨਹੀਂ ਇਕੱਠਾ ਹੀ ਕਰਨਾ। ਕਿਉਂਕਿ ਗੱਰੇ ਨੂੰ ਔਂਕੜ ਲਗਿਆ ਹੋਇਆ ਹੈ ਇਸ ਕਰਕੇ ਨਿਖੜਵਾਂ ਪਾਠ 'ਰੰਗੁ ਨਵੇਲਾ' ਹੀ ਸ਼ੁਧ ਹੈ। ਦੂਜੀ ਤੁਕ ਦੇ ਇਹ ਭੀ ਅਰਥ ਕਰਦੇ ਹਨ ਕਿ ਸਾਂਈ ਸੇਤੀ ਪਿਰਹੜੀ ਕਰ, ਪਿਰਹੜੀ ਕੀਤਿਆਂ ਰੰਗੁ ਨਵੇਲਾ ਹੀ ਚੜ੍ਹਦਾ ਹੈ। ਪਰ ਏਹਨਾਂ ਅਰਥਾਂ ਦਾ ਭਾਵ ਤਾਂ ਸਹੀ ਹੈ ਜੇ ਕਰ ਕਾਲੀਂ ਧਉਲੀਂ ਸਾਹਿਬ ਸਦਾ ਹੀ ਰਾਵਿਆ ਜਾਣਿ ਵਾਲੇ ਅਰਥ ਪਹਿਲੀ ਤੁਕ ਦੇ ਸਿਧ ਹੋਣ। ਇਸ ਭਾਵ ਦੇ ਅਰਥਾਂ ਵਾਲਾ ਉੱਤਰ ਅਗਲੀ ਤੁਕ ਅੰਦਰਿ ਆਉਂਦਾ ਹੈ ਮਹਲਾ ੩ ਦੇ ਹੇਠਾਂ:

ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥
ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥੧੩॥

ਇਸ ਸਲੋਕ ਅੰਦਰਿ ਏਸ ਗੁਰਮਤਿ ਅਸੂਲ ਦੀ ਪਰੋੜ੍ਹਤਾ ਹੈ ਕਿ ਇਹ ਜ਼ਰੂਰੀ ਨਹੀਂ ਕਿ ਜਵਾਨੀ ਅੰਦਰਿ ਹੀ ਸਾਹਿਬ ਰਾਵਣ ਕਰਿ ਰੰਗੁ ਲਗਦਾ ਹੈ। ਇਕ ਮਨ ਇਕ ਚਿਤਿ ਹੋਇ ਕਰ ਸਾਹਿਬ ਨੂੰ ਜਵਾਨੀ ਬੁਢੇਪੇ ਵਿਚਿ ਕਦੇ ਭੀ ਰਾਵ ਲਵੋ ਇਕੋ ਜਿਹਾ ਫਲ ਹੈ। ਪਰੰਤੂ ਰਾਵਣ ਰੂਪੀ ਕਮਾਈਆਂ ਦਾ ਫਲ ਪਰਦਾਤਾ ਸਮਰਥ ਸਾਈਂ ਆਪਿ ਹੀ ਹੈ। ਇਹ ਪਿਰਮ ਪਿਆਲਾ ਪਰੇਮ ਰੰਗਾਂ ਵਾਲਾ ਤਾਂ ਉਸੇ ਨੂੰ ਮਿਲੇਗਾ ਜਿਸ ਉਪਰ ਸਾਈਂ ਦੀ ਨਦਰ ਮੇਹਰ ਹੋਵੇਗੀ। ਤਾਂ ਤੇ ਇਹ ਬਾਤ ਕਰਨੀ ਅਤੇ ਦਾਅਵਾ ਬੰਨ੍ਹਣਾ ਕਿ ਜਵਾਨੀ ਵਿਚਿ ਖਸਮ ਰਾਵਿਆ ਸਾਈਂ ਸਿਮਰਿਆ ਜ਼ਰੂਰ ਫਲਦਾਇਕ ਹੁੰਦਾ ਹੈ, ਠੀਕ ਨਹੀਂ, ਗੁਰਮਤਿ ਪ੍ਰਤਿਕੂਲ ਹੈ। ਇਹ ਕੋਈ ਸ਼ਰਤ ਨਹੀਂ ਕਿ ਬੁਢੇਪੇ ਵਿਚਿ ਸਾਈਂ ਰਾਵਿਆ ਰੰਗ ਨਹੀਂ ਲਿਆਉਂਦਾ। ਇਹ ਤਾਂ ਮੇਹਰਾਂ ਨਦਰਾਂ ਦੀ ਗੱਲ ਹੈ, ਅਤੇ ਮੇਹਰਾਂ ਨਦਰਾਂ ਦਾ ਹੋਣਾ ਇਕ ਮਨ ਚਿਤਿ ਕੀਤੀਆਂ ਅਭਿਆਸ ਕਮਾਈਆਂ ਦੇ ਉਪਰ ਮੁਨਹਸਰ ਹੈ। ਵੇਖੋ ਸਾਹਿਬ ਗੁਰੂ ਤੀਜੀ ਪਾਤਸ਼ਹੀ ਨੇ ਢਲਦੀ ਆਯੂ ਵਿਚਿ

bsrstrust.org

ਹੀ ਗੁਰੂ ਧਾਰਨ ਕੀਤਾ। ਗੁਰ ਦੀਖਿਆ ਲੈ ਕੇ ਅੱਤ ਬੁਢੇਪੇ ਵਿਚਿ ਹੀ ਅਤੁਟ ਕਮਾਈ ਕੀਤੀ। ਗੁਰੂ ਕਰਤਾਰ ਦੀਆਂ ਐਸੀਆਂ ਨਦਰਾਂ ਮੇਹਰਾਂ ਹੋਈਆਂ ਕਿ ਗੁਰੱਤਤਾ ਦੀ ਅਧਿਕਾਰਤਾ ਵਾਲੇ ਰੰਗ ਚਲੂਲੇ ਚੜ੍ਹ ਗਏ, ਜੋਤਿ ਜੋਤੰਨੇ ਰੰਗਾਂ ਦੇ।

ਲੋਇਣ

ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥੧੪॥ *(ਪੰਨਾ ੧੩੭੮)*

ਪਹਿਲੇ 'ਲੋਇਣ' ਪਦ ਦੇ ਣਾਣੇ ਅੱਖਰ ਨੂੰ ਲਗਮਾਤ੍ਰੀ ਨਿਯਮਾਂ ਅਨੁਸਾਰ ਸਿਹਾਰੀ ਚਾਹੀਦੀ ਹੈ। ਤਾਂ ਇਹ ਠੀਕ ਅਰਥ ਬਣਦੇ ਹਨ—ਜਿਨ੍ਹਾਂ ਦੇ ਲੋਇਣਾਂ (ਅੱਖੀਆਂ) ਨੇ ਜਗ ਮੋਹ ਲਿਆ ਤਿਨ੍ਹਾਂ ਅੱਖੀਆਂ (ਲੋਇਣਾਂ) ਨੂੰ ਅੱਖੀਂ ਡਿਠੇ ਦੀ ਮੇਰੀ ਸ਼ਾਹਦੀ ਹੈ ਕਿ ਜਿਨ੍ਹ ਲੋਇਣਾਂ ਵਾਲੇ ਕਜਲ ਦੀ ਰੜਕ ਨਹੀਂ ਸਹਿੰਦੇ ਸਨ ਓਹਨਾਂ ਦੀਆਂ ਅੱਖੀਆਂ ਵਿਚਿ ਪੰਛੀ ਸੂ ਕੇ ਅੰਡੇ ਦਿੰਦੇ ਹਨ। ਪਦ 'ਸਹਦਿਆ' ਹੈ ਦੱਦੇ ਸਿਹਾਰੀ ਨਾਲਿ, 'ਸਹਦੀਆ' ਨਹੀਂ ਦੱਦੇ ਬਿਹਾਰੀ ਨਾਲਿ। ਜੇਕਰ ਦੱਦੇ ਬਿਹਾਰੀ ਨਾਲਿ 'ਸਹਿਦੀਆ' ਪਦ ਹੁੰਦਾ ਤਾਂ ਲੋਇਣਾਂ (ਅੱਖੀਆਂ) ਪ੍ਰਥਾਇ ਘਟਦਾ। ਹੈ ਇਹ ਪਦ ਦੱਦੇ ਸਿਹਾਰੀ ਨਾਲਿ 'ਸਹਦਿਆ'। ਤਾਂ ਤੇ ਇਹ ਲੋਇਣਾਂ ਵਾਲਿਆਂ ਪ੍ਰਥਾਇ ਹੀ ਘਟਦਾ ਹੈ। ਤਾਂ ਤੇ 'ਜਿਨ੍' ਪਦ ਨੰਨੇ ਮੁਕਤੇ ਨਾਲ ਹੀ ਸੁਧ ਪਾਠ ਵਾਲਾ ਹੈ।

ਤਨੁ, ਤਨ, ਤਨਿ

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥੫੧॥ *(ਪੰਨਾ ੧੩੮੦)*

ਦੇਖੋ ਇਸ ਸਲੋਕ ਵਿਚਿ 'ਤਨ' ਪਦ ਤਿੰਨ ਵਾਰ ਆਉਂਦਾ ਹੈ। ਪਹਿਲੇ 'ਤਨੁ' ਪਦ ਦੇ ਨੰਨੇ ਅੱਖਰ ਨੂੰ ਔਂਕੜ ਹੈ ਇਕ-ਵਚਨ (singular noun) ਹੋਣ ਕਰਕੇ। ਦੂਜੇ 'ਤਨ' ਪਦ ਦਾ ਨੰਨਾ ਅੱਖਰ ਮੁਕਤਾ ਹੈ ਬਹੁ-ਵਚਨ (plural noun) ਹੋਣ ਕਰਕੇ। ਤੀਜੇ 'ਤਨਿ' ਪਦ ਨੰਨੇ ਨੂੰ ਸਿਹਾਰੀ ਹੈ ਜੋ 'ਵਿਖੇ' ਦੇ ਅਰਥ ਅਰਥਾਉਂਦਾ ਹੈ। ਇਹ ਹੈ ਭੇਦ ਲਗਮਾਤ੍ਰਾਂ ਦਾ। ਤਾਂ ਤੇ ਇਹ ਲਗਮਾਤ੍ਰਾਂ ਬੇਅਰਥ ਨਹੀਂ ਲਗੀਆਂ ਹੋਈਆਂ। ਏਹਨਾਂ ਵਿਚਿ ਅਰਥ ਹਨ ਜੋ ਪਕਿਆਈ ਵਾਲੇ ਅਰਥ ਇਕੋ ਹਨ।

ਕੇਰੈ

"ਕੰਧੀ ਕੇਰੈ ਹੇਤਿ"[1]—ਕੰਧੀ ਕੇਰਨ (ਗੇਰਨ) ਦੇ ਹੇਤਿ। 'ਕੇਰੈ' ਦੀਆਂ ਰਾਰੇ ਦੁਲਾਈਆਂ 'ਦੇ' ਦਾ ਅਰਥ ਦਿੰਦੀਆਂ ਹਨ।

---

੧. ਸਲੋਕ ੮੬, ਪੰਨਾ ੧੩੮੨.

bsrstrust.org

ਮੈ

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥...੯੫॥ *(ਪੰਨਾ ੧੩੮੨)*

ਇਥੇ 'ਮੈ' ਦਾ ਅਰਥ ਦੋਹੀਂ ਥਾਵੀਂ 'ਮੈਨੂੰ' ਹੈ।

ਕਚੈ, ਭਾਂਡੈ

ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੯੬॥

ਇਥੇ 'ਕਚੈ ਭਾਂਡੈ' ਦੇ ਚੱਚੇ ਅਤੇ ਡੱਡੇ ਅੱਖਰ ਨੂੰ ਜੋ ਦੁਲਾਈਆਂ ਲਗੀਆਂ ਹਨ ਤਿਥੇ ਦੂਜੀ ਲਾਂਵ 'ਵਿਖੇ' ਦਾ ਅਰਥ ਰਖਦੀ ਹੈ।

ਦਰੀਆਵੈ

"ਜਿਉ ਦਰੀਆਵੈ ਢਾਹਾ"[1] ਇਥੇ 'ਦਰੀਆਵੈ' ਪਦ ਦੇ ਵਾਵੇ ਅੱਖਰ ਦੀ ਦੂਜੀ ਲਾਂਵ 'ਨੂੰ' ਦਾ ਅਰਥ ਰਖਦੀ ਹੈ।

"ਹੂਲ ਪਵੈ ਕਾਹਾਹਾ"[1] ਏਥੇ 'ਕਾ, ਹਾਹਾ' ਇਉਂ ਨਿਖੇੜ ਕੇ ਨਹੀਂ ਉਠਾਉਣਾ। 'ਕਾਹਾਹਾ' ਪਾਠ ਇਕੱਠਾ ਉਠਾਉਣਾ ਹੈ—ਹਾਹਾਕਾਰ। 'ਹੂਲ' ਦਾ ਲੱਲਾ ਅੱਖਰ ਮੁਕਤਾ ਹੈ ਪਰ ਪੁਲਿੰਗ ਨਾਂਵ ਦਾ ਅਰਥ ਹੀ ਦਿੰਦਾ ਹੈ—ਹੁਲੜ, ਘਮਸਾਣ।

ਵਤ, ਵਤਿ, ਆਸੂਣੀ

ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ ॥...੧੦੦॥ *(ਪੰਨਾ ੧੩੮੩)*

ਏਥੇ 'ਵਤਿ' ਪਦ ਤੱਤੇ ਸਿਹਾਰੀ ਨਾਲਿ 'ਬਹੁੜਿ' 'ਫੇਰ' ਦੇ ਅਰਥ ਰਖਦਾ ਹੈ। ਤੱਤੇ ਮੁਕਤੇ ਨਾਲ 'ਵਤ' ਪਦ ਨਾਂਵ (noun) ਹੈ ਇਸਤ੍ਰੀ-ਲਿੰਗ। "ਵਤ ਲਗੀ ਸਚੇ ਨਾਮ ਕੀ"[2] ਅਤੇ 'ਆਸੂਣੀ' ਭੀ ਨਾਂਵ (noun) ਹੈ, ਆਸ ਦਾ ਭਾਵ ਰਖਦਾ ਹੈ ਇਹ ਪਦ। ਸਾਰੀ ਤੁਕ ਦਾ ਅਰਥ ਹੈ—ਬੰਦਾ ਦੁਨੀਆ ਵਿਚਿ ਮੁੜਿ ਮੁੜਿ ਆਉਂਦਾ ਹੈ ਆਸ ਦਾ ਬੰਨ੍ਹਿਆ ਹੋਇਆ। ਮੁੜਿ ਫਿਰਿ ਫਿਰਿ ਆਉਂਦਾ ਹੈ।

ਮੀਹਾਹੁ

"ਟਿਬੇ ਜਿਉ ਮੀਹਾਹੁ"[3]—ਜਿਵੇਂ ਟਿੱਥੇ ਮੀਂਹ ਤੋਂ। 'ਮੀਹਾਹੁ' ਦੇ ਕੰਨਾ ਤੇ ਹਾਹਾ

---

੧. ਸਲੋਕ ੯੮, ਪੰਨਾ ੧੩੮੩.
੨. ਪੰਨਾ ੩੨੧.
੩. ਸਲੋਕ ੧੦੫, ਪੰਨਾ ੧੩੮੩.

bsrstrust.org

ਔਂਕੜ ਜੋ ਹੈ ਉਹ 'ਤੋਂ' ਦੇ ਅਰਥ ਦ੍ਰਿੜ੍ਹਾਉਂਦਾ ਹੈ। "ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ"—ਖਸਮ (ਰੱਬ) ਤੋਂ ਐਉਂ ਖ਼ਾਲੀ ਚਲੇ ਜਿਵੇਂ ਟਿੱਬੇ ਮੀਂਹ ਤੋਂ।

ਰਬੁ, ਰਬਿ

ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥ *(ਪੰਨਾ ੧੩੮੩)*

ਪਹਿਲੇ 'ਰਬੁ' ਪਦ ਦੇ ਬੱਬੇ ਅੱਖਰ ਨੂੰ ਔਂਕੜ ਹੈ ਜੋ ਕਰਮ ਹੁੰਦਾ ਹੋਇਆ ਔਂਕੜ ਸਹਿਤ ਨਾਂਵ ਹੈ—ਜੇ ਤੈਂ ਰਬੁ ਵਿਸਾਰ ਦਿਤਾ ਹੈ। ਅਤੇ ਦੂਜੇ 'ਰਬਿ' ਪਦ ਦੇ ਬੱਬੇ ਨੂੰ ਸਿਹਾਰੀ ਹੈ, ਜੋ 'ਨੇ' ਦਾ ਅਰਥ ਸਾਰਦੀ ਹੈ—(ਭਾਵੇਂ ਤੈਂ ਵਿਸਾਰ ਦਿਤਾ ਹੈ ਰਬੁ) ਪਰ ਰੱਬ ਨੇ ਤਾਂ ਤੈਨੂੰ ਨਹੀਂ ਵਿਸਾਰਿਆ (ਬਿਸਰਨ ਦਿਤਾ)।

ਵਜਾਈ ਵਜਦੀ

ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥੧੧੦॥ *(ਪੰਨਾ ੧੩੮੩)*

ਦੁਨੀਆ ਤਾਂ ਅਗਿਆਨ ਮਾਇਆ ਦੀ ਵਜਾਈ ਵਜਦੀ ਹੈ। ਭਰਮਾਈ ਭਰਮੀ ਫਿਰਦੀ ਹੈ। (ਕਮਲੀ ਹੋਈ ਫਿਰਦੀ ਹੈ ਮੋਹ ਮਾਇਆ ਮਮਤਾ ਦੇ ਕਾਰਨ)। "ਤੂੰ ਭੀ ਵਜਹਿ ਨਾਲਿ"—ਭਾਵ ਤੂੰ ਭੀ ਕਿਉਂ ਨਾਲਿ ਵਜਦਾ ਹੈਂ ? ਦੁਨੀਆ ਨਾਲਿ ਵਜ ਕੇ ਤੂੰ ਕਿਉਂ ਕਮਲਾ ਹੋਣਾ ਹੈ। ਮਤ ਵੱਜੋ ਦੁਨੀਆ ਦੀ ਰੀਸੇ।

ਦਿਲੁ, ਕੰਮਿ

ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥...੧੧੧॥ *(ਪੰਨਾ ੧੩੮੩)*

ਏਥੇ 'ਦਿਲੁ' ਪਦ ਪੁਲਿੰਗ ਨਾਂਵ ਹੁੰਦਾ ਹੋਇਆ ਸਾਫ਼ ਲੱਲੇ ਔਂਕੜ ਨਾਲਿ ਹੈ। 'ਕੰਮਿ' ਪਦ ਦੇ ਮੰਮੇ ਅੱਖਰ ਦੀ ਸਿਹਾਰੀ ਇਉਂ ਅਰਥ ਕਰਾਉਂਦੀ ਹੈ—ਕਿਸੇ ਕੰਮ ਦੀ ਨਹੀਂ।

ਮਿਸਲ

ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥੧੧੧॥ *(ਪੰਨਾ ੧੩੮੪)*

(ਗੁਰੂ ਘਰ ਦੇ ਗੁਰਮੁਖਿ ਭਗਤਾਂ) ਫ਼ਕੀਰਾਂ ਦੀ (ਤੱਤ ਰਹਿਣੀ ਬਹਿਣੀ ਮਈ) ਮਰਯਾਦਾ ਔਖੀ ਹੈ, ਪੂਰੇ ਕਰਮਾਂ ਨਾਲਿ ਹੀ ਨਿਭਦੀ ਹੈ। 'ਮਿਸਲ' ਪਦ ਏਥੇ ਨਾਂਵ (noun) ਹੈ ਜਿਸ ਦੇ ਅਰਥ ਮਿਸਾਲ, ਮਰਯਾਦਾ (ਰਹਿਣੀ ਬਹਿਣੀ) ਵਾਲੀ ਦੇ ਹਨ। 'ਵਰਗੀ' ਦੇ ਅਰਥ ਠੀਕ ਨਹੀਂ। ਫੇਰ ਗਾਖੜੀ ਕੀ ਹੋਈ ? ਵਰਗੀ ਦਾ ਗਾਖੜੀ ਹੋਣਾ

bsrstrust.org

ਕੋਈ ਮਾਅਨੇ ਨਹੀਂ ਰਖਦਾ। ਇਹ ਗੁਰਮੁਖਿ ਫ਼ਕੀਰਾਂ ਦੀ ਫ਼ਕੀਰੀ 'ਗੁਰ ਪੀਰਾਂ ਕੀ ਚਾਕਰੀ' ਹੈ। ਜੋ ਹੈ 'ਮਹਾਂ ਕਰੜੀ' ਪਰ 'ਸੁਖਸਾਰ' ਹੈ। ਸੱਚੇ ਪਰਮਾਰਥੀ ਸੁਖ ਦਾ ਸਾਰ ਏਸੇ ਚਾਕਰੀ ਫ਼ਕੀਰੀ ਵਿਚਿ ਹੈ। 'ਵਰਗੀ' ਅਰਥ ਕੀਤਿਆਂ (ਜੈਸਾ ਕਿ ਕਈ ਗਿਆਨੀ ਕਰਿਆ ਕਰਦੇ ਹਨ) ਪੂਰਾ ਫ਼ਿਕਰਾ ਹੀ ਨਹੀਂ ਬਣਦਾ। ਜੇ ਤਾਂ 'ਫਕੀਰੀ' ਹੋਵੇ 'ਫਕੀਰਾਂ' ਦੇ ਥਾਉਂ ਤਾਂ ਭੀ ਕੁਛ ਗੱਲ ਬਣ ਜਾਵੇ ਫ਼ਿਕਰਾਬੰਦੀ ਦੀ। ਅਸਲ ਪਾਠ ਵਿਚ 'ਮਿਸਲ' ਪਦ ਨੂੰ ਨਾਂਵ (noun) ਅਰਥਾਇਆਂ ਹੀ ਪੂਰਾ ਫ਼ਿਕਰਾ ਬਣਦਾ ਹੈ। 'ਵਰਗੀ' ਦਾ ਅਰਥ ਕੀਤਿਆਂ ਕੁਛ ਨਹੀਂ ਸਰਦਾ।

ਸਬਰ, ਸਬਰੁ

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥੧੧੫॥ *(ਪੰਨਾ ੧੩੮੪)*

ਪਹਿਲੀ ਪੰਗਤੀ ਵਾਲੇ 'ਸਬਰ' ਪਦ ਦੇ ਪਿਛਲੇ ਰਾਰੇ ਅੱਖਰ ਨੂੰ ਔਂਕੜ ਚਾਹੀਦਾ ਹੈ। ਦੂਜੀ ਪੰਗਤੀ ਦੇ 'ਸਬਰ' ਪਦ ਦੇ ਰਾਰੇ ਨੂੰ ਮੁਕਤਾ ਰਹਿਣਾ ਹੀ ਠੀਕ ਹੈ। ਉਪਰਲੇ ਪਹਿਲੀ ਸਤਰ ਦੇ 'ਸਬਰ' ਪਦ ਦੇ ਰਾਰੇ ਵਾਲਾ ਔਂਕੜ ਛਾਪੇ ਵਾਲਿਆਂ ਜਾਂ ਲਿਖਤੀਸਰਾਂ ਦੀ ਗ਼ਲਤੀ ਨਾਲਿ ਉਲਟ ਕੇ ਇਸ ਪੰਗਤੀ ਦੇ ਦੂਜੇ 'ਸਬਰ' ਪਦ ਨੂੰ ਲਗ ਗਿਆ ਹੈ। ਤਾਂ ਤੇ ਸੁਧ ਪਾਠ ਇਉਂ ਹੈ—'ਸਬਰੁ ਮੰਝ ਕਮਾਣ ਏ ਸਬਰ ਕਾ ਨੀਹਣੋ'। ਏਹਨਾਂ ਦੋਹਾਂ ਪੰਗਤੀਆਂ ਵਿਚਿ ਸਬਰ ਹੀ ਪਰਧਾਨ ਜਾਣਿਆ ਗਿਆ ਹੈ। 'ਸਬਰੁ' ਰੂਪੀ ਹੀ ਕਮਾਣ 'ਸਬਰ' ਦਾ ਹੀ ਚਿੱਲਾ (ਨੀਹਣੋ) ਅਤੇ 'ਸਬਰ ਸੰਦਾ' ਹੀ ਤੀਰ (ਬਾਣੁ)। ਬਸ ਸਬਰ ਹੀ ਸਬਰ ਮੁਖਿ ਹੈ। 'ਮੰਝ'—ਹਿਰਦੇ ਮਾਹਿ 'ਸਬਰੁ' ਰੂਪੀ ਕਮਾਣ ਖਿਚੀ ਰਖੇ। ਏਸੇ ਸਬਰ ਦਾ ਚਿੱਲਾ ਚੜ੍ਹਾਈ ਰਖੇ। (ਬਸ ਇਉਂ) ਸਬਰ ਦਾ ਹੀ ਬਾਣੁ ਚਲਾਈ ਜਾਵੇ। (ਸਿੱਟਾ) ਖ਼ੁਦਾਵੰਦ ਵਾਹਿਗੁਰੂ (ਖਾਲਕੁ) (ਮਿਲਣ ਵਿਚ) ਖਤਾ ਨਹੀਂ ਕਰਦਾ। ਨਾ ਇਉਂ ਸਬਰ ਦਾ ਮਾਰਿਆ ਬਾਣ, ਸਬਰ ਹਿਰਦੇ ਧਾਰਿਆ ਬਾਣ, ਸਬਰ ਦਾ ਬੰਨ੍ਹਿਆ ਬਾਣ ਕਦੇ ਉਕਦਾ ਹੈ। ਨਾ ਰਬੁ ਮਿਲਣ ਲਗਿਆਂ ਉਕਾਈ ਕਰਦਾ ਹੈ। ਅਵੱਸ਼ ਆ ਮਿਲਦਾ ਹੈ। 'ਏ'—ਏਥੇ। 'ਸਬਰ ਕਾ'—ਸਬਰ ਦਾ। ਸ਼ਬਦਾਰਥੀ ਜਨ ਏਸ ਪਾਠ ਨੂੰ ਜਿਉਂ ਕਾ ਤਿਉਂ 'ਸਬਰੁ ਕਾ' ਰਖਦੇ ਹੋਏ ਸਬਰ ਵਾਲਾ ਅਰਥ ਕਰਦੇ ਹਨ। 'ਸਬਰੁ' ਦੇ ਰਾਰੇ ਨੂੰ ਔਂਕੜ ਹੀ ਲਾਈ ਰਖਣਾ ਮੰਨਦੇ ਹਨ। ਪ੍ਰੰਤੂ ਓਹਨਾਂ ਨੇ ਇਸ ਗੱਲ ਦਾ ਖ਼ਿਆਲ ਨਹੀਂ ਰਖਿਆ ਕਿ ਜੈਸਾ 'ਸਬਰ' ਦੇ ਅਗੇ 'ਕਾ' ਲਗਣ ਕਰਕੇ 'ਸਬਰ' ਦੇ ਰਾਰੇ ਦਾ ਔਂਕੜ ਉਡ ਜਾਣਾ ਚਾਹੀਦਾ ਹੈ ਤਿਵੇਂ ਹੀ ਸਬਰ ਦੇ ਅਗੇ 'ਵਾਲਾ' ਪਦ ਲਗਣ ਕਰਕੇ ਭੀ ਔਂਕੜ ਉਡ ਜਾਂਦਾ ਹੈ ਫ਼ਰਕ ਕੁਛ ਨਹੀਂ ਪੈਂਦਾ। ਕਿਉਂਕਿ 'ਵਾਲਾ' ਭੀ ਉਸੇ ਤਰਹ ਹੀ ਸਬੰਧਕੀ ਪਦ (preposition) ਹੈ, ਜਿਵੇਂ 'ਕਾ' ਸਬੰਧਕੀ ਪਦ ਪ੍ਰੈਪੋਜ਼ੀਸ਼ਨ ਹੈ। ਜੈਸੇ ਕਿ 'ਸਬਰ' ਅਗੇ 'ਸੰਦਾ' ਪਦ ਭੀ ਪ੍ਰੈਪੋਜ਼ੀਸ਼ਨ ਹੈ। ਏਸੇ ਕਰਕੇ 'ਸਬਰ ਸੰਦਾ ਬਾਣ' ਅੱਧ ਪੰਗਤੀ ਦੇ 'ਸਬਰ' ਪਦ ਦੇ ਰਾਰੇ ਅੱਖਰ ਨੂੰ ਔਂਕੜ ਨਹੀਂ ਲਗਿਆ ਹੋਇਆ। 'ਕਮਾਣ' ਪਦ ਦਾ ਣਾਣਾ ਅੱਖਰ ਮੁਕਤਾ ਹੈ

bsrstrust.org

ਕਿਉਂਕਿ ਇਹ ਇਸਤ੍ਰੀ-ਲਿੰਗ ਨਾਂਵ ਹੈ। 'ਬਾਣੂ' ਪਦ ਪੁਲਿੰਗ ਹੋਣ ਕਰਿ ਇਸ ਦਾ ਣਾਣਾ ਅੱਖਰ ਔਂਕੜ ਸਹਿਤ ਆਇਆ ਹੈ।

ਗਾਖੜੀ, ਚੋਪੜੀ

ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ ॥...੧੧੮॥ *(ਪੰਨਾ ੧੩੮੪)*

ਫ਼ਕੀਰੀ (ਦਰਵੇਸ਼ੀ) ਗਾਖੜੀ ਹੈ, ਉਪਰੋਂ ਹੀ ਚੋਪੜੀ ਪ੍ਰੀਤਿ ਦਿਸਦੀ ਹੈ। ਪ੍ਰੀਤਿ ਲਗੀ ਹੋਈ ਤਾਂ ਸੋਹਣੀ ਲਗਦੀ ਹੈ ਪਰ ਇਸ ਦਾ ਕਮਾਉਣਾ ਬੜਾ ਔਖਾ ਹੈ। ਏਸ ਕਰਕੇ ਦਰਵੇਸ਼ਾਂ ਫ਼ਕੀਰਾਂ ਦੀ ਅਉਖੀ ਘਾਟੀ ਹੈ। ਕੋਈ ਵਿਰਲਾ ਹੀ ਦਰਵੇਸ਼ਾਂ ਵਾਲੀ ਰੀਤਿ (ਭਗਤਾਂ ਕੀ ਚਾਲ ਨਿਰਾਲੀ) ਵਾਲੇ ਬਿਖਮ ਮਾਰਗ ਉਤੇ ਚਲਦਾ ਹੈ।

ਸਵਯੇ ਸ੍ਰੀ ਮੁਖਬਾਕ੍ਰ ਮਹਲਾ ੫

ਅਰਥ ਵਯਾਖਯਾ—

...ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ ॥੧॥ *(ਪੰਨਾ ੧੩੮੫)*

ਏਥੇ ਇਸ ਤੁਕ ਵਿਚ 'ਪਤਿ' ਦੇ ਅਰਥ ਪਤੀ ਦੇ ਹਨ। 'ਪਤਿ' ਦੇ ਤੱਤੇ ਦੀ ਸਿਹਾਰੀ ਬਿਹਾਰੀ ਦਾ ਕੰਮ ਦਿੰਦੀ ਹੈ। ਪਤਿ ਤੋਂ ਪਤੀ ਹੋ ਗਿਆ।

"ਆਪੇ ਆਪਿ ਉਤਪਤਿ"—ਸੈਭੰ, ਅਪਣੀ ਉਤਪੱਤੀ ਆਪਣੇ ਆਪਿ ਸਾਹਿਬ ਸਿਰਜਨਹਾਰ ਤੋਂ ਹੋਈ ਹੈ।

"ਅਨ ਨਾਹੀ ਤੁਮ ਭਤਿ ॥" ਅਤੇ 'ਅਨ'—ਆਨ। 'ਭਤਿ'—ਭਾਂਤ। ਤੇਰੀ ਭਾਂਤ ਦਾ ਤੁਮਾਰੇ ਸਦਰਸ ਹੋਰ ਕੋਈ ਨਹੀਂ ਹੋਇਆ ਹੈ, ਨਾ ਹੋਇਆ ਨਾ ਹੋਵੇਗਾ।

"ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ ॥"—ਜਗਤ ਦਾ ਪਿਤਾ ਵਾਹਿਗੁਰੂ ਸਿਰਜਨਹਾਰ ਸਾਰੇ ਪ੍ਰਾਣੀਆਂ ਦੇ ਪ੍ਰਾਣਾਂ ਦਾ ਆਧਾਰ ਰੂਪ ਹੈ ਆਸਰਾ। 'ਪ੍ਰਾਨ ਕੋ'—ਪ੍ਰਾਣਾਂ ਦਾ। ਹੋੜੇ ਨਾਲਿ 'ਕੋ' ਪਦ 'ਦਾ' ਦੇ ਅਰਥ ਦਿੰਦਾ ਹੈ।

"ਅੰਮ੍ਰਿਤ ਪ੍ਰਵਾਹ ਸਰਿ ਅਤੁਲ ਭੰਡਾਰ ਭਰਿ"—ਅੰਮ੍ਰਿਤ ਦੇ ਸਰੋਵਰ ਪਰਵਾਹ ਦੇ ਅਤੁੱਲ ਭੰਡਾਰ ਭਰੇ ਪਏ ਹਨ। 'ਅੰਮ੍ਰਿਤ' ਦੇ ਤੱਤੇ ਮੁਕਤੇ ਨਾਲਿ 'ਦੇ' ਪਦ ਸਬੰਧਕੀ ਪਿਛੇ ਅਰਥਾਉਂਦਾ ਹੈ। 'ਸਰਿ'—ਸਰੋਵਰੀ। 'ਭੰਡਾਰ'—ਬਹੁ-ਵਚਨ ਹੈ ਇਸ ਕਰਕੇ ਪਿਛਲਾ ਅੱਖਰ ਰਾਰਾ ਇਸ ਦਾ ਮੁਕਤਾ ਹੈ।

ਤੁਲਿ, ਸਮਸਰਿ

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥
(ਪੰਨਾ ੧੩੮੫)

bsrstrust.org

ਗੁਰੂ (ਜਨੁ) ਨਾਨਕੁ (ਐਸਾ ਅਨਿੰਨ) ਭਗਤੁ ਹੈ ਜੋ ਤੇਰੇ ਦਰ ਤੇ ਪੁੱਗ ਕੇ ਪਰਵਾਨ ਹੋ ਕੇ ਬ੍ਰਹਮੁ (ਵਾਹਿਗੁਰੂ) ਦੇ ਸਦਰਸ ਸਮਸਰ ਹੋਇਆ ਹੋਇਆ ਹੈ। ਇਕ ਜੀਭ (ਉਸਦੀ ਮਹਿਮਾ) ਕੀ ਵਖਾਣ ਸਕਦੀ ਹੈ। ਹਾਂ ਜੀ, ਬਸ ਬਲਿਹਾਰੇ ਸਦ ਬਲਿਹਾਰੇ ਹੀ ਜਾਈਏ। 'ਤੁਲਿ' ਅਤੇ 'ਸਮਸਰਿ' ਦੋਈ 'ਬ੍ਰਹਮ' ਪਦ ਨਾਲਿ ਸਬੰਧ ਰਖਦੇ ਹਨ, ਚਾਹੇ ਅਰਥ ਇਕੋ ਹੀ ਹੈ। ਪ੍ਰੰਤੂ ਪ੍ਰੌੜ੍ਹਤਾ ਪੂਰਬਕ ਦੋਈ ਪਦ ਇਕੋ ਅਰਥ ਦੇ ਵਰਤੇ ਗਏ ਹਨ। ਗੁਰਬਾਣੀ ਅੰਦਰਿ ਐਸਾ ਅਨੇਕ ਥਾਂ ਆਇਆ ਹੈ। ਇਕੋ ਪਦ ਦੇ ਦ੍ਰਿੜ੍ਹਾਉਣ ਲਈ ਪ੍ਰੌੜ੍ਹਤਾ ਪੂਰਬਕ ਇਕੋ ਅਰਥ ਦੇ ਸਮਅਰਥੀ ਭਾਵ ਵਰਤਿਆ ਜਾਂਦਾ ਰਿਹਾ ਹੈ। ਜੈਸੇ "ਮੰਨੈ ਮਗੁ ਨ ਚਲੈ ਪੰਥੁ॥" ਏਥੇ 'ਮਗੁ' ਅਤੇ 'ਪੰਥੁ' ਪਦ ਇਕੋ ਅਰਥਾਂ ਦੇ ਇਕੋ ਥਾਉਂ ਵਰਤੇ ਗਏ ਹਨ। ਤਥਾ—"ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰੁ ਭਾਵੈ॥" ਵਿਚਿ 'ਬਿਨਤਿ' ਅਤੇ 'ਅਰਦਾਸਿ' ਦੋਈ ਪਦ ਬੇਨਤੀ ਦੇ ਹੀ ਅਰਥ ਰਖਦੇ ਹਨ, ਪ੍ਰੌੜ੍ਹਤਾ ਪੂਰਬਕ ਦੋਹਰ ਪਾਈ ਗਈ ਹੈ। 'ਤੁਲਿ' ਅਤੇ 'ਸਮਸਰਿ' ਪਦ ਦੋਨੋਂ ਦੋ ਵਖੋ ਵਖ ਅਰਥਾਂ ਵਿਚ ਵਰਤੇ ਨਹੀਂ ਗਏ ਅਤੇ 'ਭਗਤੁ' ਪ੍ਰਥਾਇ ਨਹੀਂ ਘਟਾਏ ਗਏ। 'ਦੁਆਰੇ ਤੇ ਤੁਲੇ ਹੋਏ ਅਤੇ ਇਕ ਮਿਕ ਹੋਏਵੇ ਭਗਤ ਨੂੰ' ਇਹ ਅਰਥ ਬਣ ਹੀ ਨਹੀਂ ਸਕਦੇ ਕਿਉਂਕਿ 'ਭਗਤ' ਪਦ ਦੇ ਤੱਤੇ ਅੱਖਰ ਨੂੰ ਔਂਕੜ ਹੈ। ਇਸ ਕਰਕੇ ਇਸ ਦੇ ਅਗੇ ਸੰਬੰਧਕੀ ਪਦ 'ਨੂੰ' ਦੇ ਅਰਥ ਅਰਥਾਏ ਹੀ ਨਹੀਂ ਜਾ ਸਕਦੇ। 'ਤੁਲਿ' ਪਦ ਦੇ ਅਰਥ ਗੁਰਬਾਣੀ ਅੰਦਰਿ ਕਿਤੇ ਭੀ 'ਤੁਲੇ ਹੋਏ' ਦੇ ਭਾਵ ਵਿਚ ਨਹੀਂ ਵਰਤੇ ਗਏ। 'ਭਗਤੁ' ਪਦ ਦੇ ਤੱਤੇ ਨੂੰ ਔਂਕੜ ਲਗਿਆ ਦਸਦਾ ਹੈ ਕਿ ਉਹ 'ਭਗਤੁ' ਪਦ ਖ਼ਾਸ ਗੁਰੂ ਨਾਨਕ ਸਾਹਿਬ ਪ੍ਰਤੀ ਘਟਦਾ ਹੈ। 'ਨਾਨਕੁ' ਪਦ ਦੇ ਕੱਕੇ ਨੂੰ ਭੀ ਜੋ ਔਂਕੜ ਹੋਇਆ। ਤਾਂ ਤੇ ਪਹਿਲੇ ਕੀਤੇ ਅਰਥ ਠੀਕ ਹਨ।

ਮੁਖ, ਨ ਮਸਾਰੇ

...ਬਰਨੁ ਚਿਹਨੁ ਨਾਹੀ ਮੁਖ ਨ ਮਸਾਰੇ॥...੩॥ *(ਪੰਨਾ ੧੩੮੬)*

ਭਾਵ, ਨਿਰੰਕਾਰ ਵਾਹਿਗੁਰੂ ਦਾ ਰੂਪ ਰੰਗ ਚਿਹਨ ਚੱਕਰ ਨਹੀਂ ਅਤੇ ਨਾਹੀ ਮੁਖ ਤੇ ਦਾੜ੍ਹਾ ਮੁੱਛਾਂ ਹਨ (ਦਾੜ੍ਹੇ ਮੁੱਛਾਂ ਵਾਲਾ ਰੱਬ ਗੁਰਮਤਿ ਅੰਦਰਿ ਪਰਵਾਨੀਕ ਨਹੀਂ) 'ਬਰਨੁ ਚਿਹਨੁ ਨਾਹੀ' ਵਖ ਪਦ ਹਨ ਅਤੇ 'ਮੁਖ ਨ ਮਸਾਰੇ' ਵਖਰਾ ਹੈ। ਜਿਵੇਂ 'ਬਰਨੁ' ਪਦ ਦੇ ਅਤੇ 'ਚਿਹਨੁ' ਪਦ ਦੇ ਪਿਛਲੇ ਅੱਖਰਾਂ ਨੰਨਿਆਂ ਨੂੰ ਔਂਕੜ ਹਨ ਤਿਵੇਂ 'ਮੁਖ' ਪਦ ਦੇ ਖੱਖੇ ਅੱਖਰ ਨੂੰ ਔਂਕੜ ਨਹੀਂ, ਖੱਖਾ ਮੁਕਤਾ ਹੀ ਹੈ। ਤਾਂ ਤੇ 'ਨਾ ਮੁਖ ਹੈ ਨਾ ਦਾੜ੍ਹੀ ਹੈ', ਇਹ ਅਰਥ ਨਹੀਂ ਹੋ ਸਕਦੇ ਕਿਉਂਕਿ 'ਮੁਖ' ਪਦ ਖੱਖੇ ਮੁਕਤੇ ਨਾਲਿ ਬਹੁ-ਵਚਨ ਹੈ। 'ਮੁਖੁ' ਪਦ ਖੱਖੇ ਔਂਕੜ ਨਾਲਿ ਇਕ-ਵਚਨ (singular noun) ਹੈ। ਇਸ ਕਰਕੇ ਮੁਕਤੇ ਖੱਖੇ ਸਹਿਤ 'ਮੁਖ' ਪਦ ਦੇ ਅਗੇ 'ਤੇ' ਸਬੰਧਕ ਪਦ ਦੇ ਅਰਥ ਮਫ਼ਹੂਮ ਹਨ। 'ਮੁਖ ਨ ਮਸਾਰੇ'—ਮੁਖ ਤੇ ਦਾੜ੍ਹਾ ਮੁੱਛਾਂ ਨਹੀਂ। 'ਮੁਖ ਨਹੀਂ ਨਾ ਦਾੜ੍ਹੀ ਹੈ', ਇਹ ਅਰਥ ਸ਼ਬਦਾਰਥੀਆਂ ਨੇ ਟ੍ਰੈਕਟ ਸੁਸਾਇਟੀ ਦੇ ਕੋਸ਼

bsrstrust.org

ਤੋਂ ਦੇਖ ਕੇ ਕੀਤੇ ਜਾਪਦੇ ਹਨ। ਕੋਸ਼ ਵਾਲਿਆਂ ਨੂੰ ਲਗਮਾਤ੍ਰੀ ਨਿਯਮਾਂ ਦਾ ਸਾਹਸ ਹੀ ਨਹੀਂ ਸੀ, ਨਾ ਹੈ। ਸ਼ਬਦਾਰਥੀਆਂ ਨੂੰ ਤਾਂ ਹੈ। ਪਰ ਏਹਨਾਂ ਨੇ ਭੀ ਨਕਲ ਕਰਿ ਮਾਰੀ ਹੈ। ਸਾਰੀਆਂ ਸ਼ਬਦਾਰਥੀ ਪੋਥੀਆਂ ਵਿਚਿ ਲਗ ਭਗ ਉਸੇ ਕੋਸ਼ ਤੋਂ ਹੀ ਅਰਥਾਂ ਦੀ ਨਕਲ ਕੀਤੀ ਗਈ ਹੈ। ਸ਼ਬਦਾਰਥੀਆਂ ਨੂੰ ਆਪਣੇ ਅਰਥ ਸਫੁਰਨ ਹੀ ਨਹੀਂ ਹੋਏ। ਨਾਹੀ ਏਸ ਨਕਲ ਬਾਜ਼ੀ ਵਿਚ ਓਹਨਾਂ ਨੇ ਲਗਮਾਤ੍ਰੀ ਨਿਯਮਾਂ ਦਾ ਖ਼ਿਆਲ ਜਾਂ ਧਿਆਨ ਰਖਿਆ ਹੈ।

ਬਹੁਤ ਸਾਰੇ ਪਾਠੀ 'ਨਮਸਾਰੇ' ਪਾਠ ਇਕੱਠਾ ਹੀ ਕਰਦੇ ਹਨ। ਨੰਨੇ ਨੂੰ ਮਸਾਰੇ ਦੇ ਨਾਲਿ ਮਿਲਾ ਕੇ। ਸੋ ਠੀਕ ਨਹੀਂ ਅਤੇ ਨਾਹੀ ਕੁਛ ਅਰਥ ਦਿੰਦਾ ਹੈ ਅਤੇ ਜੇ ਸ਼ਬਦਾਰਥੀਆਂ ਵਾਂਗੂੰ 'ਨਾਹੀ ਮੁਖ ਨ ਦਾੜ੍ਹੀ' ਦੇ ਅਰਥ ਕੀਤੇ ਜਾਣ ਤਾਂ 'ਬਰਨੁ ਚਿਹਨੁ' ਇਕੱਲੇ ਦੁਪਦੇ ਦੇ ਅਰਥ ਬਣਦੇ ਹੀ ਨਹੀਂ। ਤਾਂ ਤੇ 'ਨਾਹੀ' ਪਦ 'ਬਰਨੁ ਚਿਹਨੁ' ਦੇ ਨਾਲਿ ਹੀ ਲਾਉਣਾ ਹੈ। 'ਬਰਨੁ ਚਿਹਨੁ ਨਾਹੀ' ਇਉਂ ਉਠਾਉਣਾ ਸ਼ੁਧ ਹੈ।

ਹਰੁ, ਗੁਰੁ, ਨਾਨਕੁ

ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ ॥੫॥

(ਪੰਨਾ ੧੩੮੬)

ਹਰੀ ਅਤੇ ਨਾਨਕ (ਇਕ ਮਿਕ ਸਰੂਪ ਵਿਚਿ) ਜਿਸ ਨੇ ਭੀ ਭੇਟੇ ਹਨ, ਓਹ ਜਨਮ ਤੇ ਮਰਣ ਦੋਹਾਂ ਤੇ ਰਹਿ ਗਏ। ਭਾਵ ਤਿਨ੍ਹਾਂ ਦਾ ਜਨਮ ਮਰਨ ਕਟਿਆ ਗਿਆ। 'ਗੁਰੁ' ਪਦ ਦੇ ਰਾਰੇ ਅੱਖਰ ਨੂੰ ਔਂਕੜ ਹੈ ਅਤੇ 'ਨਾਨਕੁ' ਪਦ ਦੇ ਕੱਕੇ ਅੱਖਰ ਨੂੰ ਭੀ ਔਂਕੜ ਹੈ ਇਸ ਕਰਕੇ 'ਹਰਿ, ਗੁਰੁ, ਨਾਨਕੁ' ਤਿੰਨੇ ਪਦ (ਕਰਮ) ਮਫਊਲੀਅਤ ਸਰੂਪ ਵਿਚਿ ਇਕੋ ਹੀ ਹਨ।

ਸਚੁ ਸਭਾ ਦੀਬਾਣੁ

ਸਚੁ ਸਭਾ ਦੀਬਾਣੁ ਸਚੁ ਸਚੇ ਪਹਿ ਧਰਿਓ ॥...੭॥ *(ਪੰਨਾ ੧੩੮੬)*

ਸਤਿਗੁਰੂ ਸੱਚੇ ਪਾਤਸ਼ਾਹ (ਗੁਰੂ ਨਾਨਕ ਸਾਹਿਬ) ਸਭਾ ਰੂਪੀ ਦੀਵਾਨੁ ਹੀ ਸਚੁ (ਸਚੁ ਸਰੂਪ ਹੈ) (ਹੋਰ ਸਭ ਦੀਵਾਨ ਕੂੜਾਵੇ ਅਤੇ ਸਭਾ ਸੁਸਾਇਟੀਆਂ ਸਭਿ ਕੂੜਾਵੀਆਂ ਹਨ)। ਸਚੁ ਰੂਪੀ ਪਦਾਰਥ (ਕੇਵਲ) ਸੱਚੇ ਸਾਹਿਬ ਪਾਸ ਹੀ ਮਖਸੂਸੀ ਅਮਾਨਤ ਧੁਰੋਂ ਧਰੀ ਹੋਈ ਹੈ। 'ਸਚੁ ਸਚੇ ਪਹਿ ਧਰਿਓ' ਪਾਠ ਇਕੱਠਾ ਹੈ। 'ਸਚੁ' ਪਦ ਨੂੰ ਨਿਖੇੜ ਕੇ ਪਹਿਲੇ ਅੱਧ ਪਦੇ ਨਾਲ ਨਹੀਂ ਲਾਉਣਾ ਜੈਸਾ ਕਿ ਅਕਸਰ ਪਾਠੀ ਇਉਂ ਪਾਠ ਕਰਿਆ ਕਰਦੇ ਹਨ—'ਸਚੁ ਸਭਾ ਦੀਬਾਣੁ ਸਚੁ'। ਜੇਕਰ ਸਭ ਤੋਂ ਪਹਿਲਾ 'ਸਚੁ' ਪਦ ਕੇਵਲ 'ਸਭਾ' ਲਾਉਣਾ ਹੀ ਮਖਸੂਸ ਹੁੰਦਾ ਤਾਂ 'ਸਚੁ' ਪਦ ਦੇ ਚੱਚੇ ਅੱਖਰ ਨੂੰ ਔਂਕੜ ਨਾ ਹੁੰਦਾ ਕਿਉਂਕਿ 'ਸਭਾ' ਇਸਤ੍ਰੀ ਲਿੰਗ ਨਾਂਵ (feminine gender noun) ਹੈ।

bsrstrust.org

ਸਚਿ

"ਸਚਿ ਸਿਰਜ੍ਿਓ ਸੰਸਾਰੁ" (ਨਾਮ ਨਾਮੀ ਅਭੇਦ) ਸੱਚੇ ਨੇ ਹੀ ਸੰਸਾਰੁ ਸਿਰਜਿਆ ਹੈ। ਚੱਚੇ ਅੱਪਰ ਦੀ ਸਿਹਾਰੀ 'ਨੇ' ਦੇ ਅਰਥ ਦਿੰਦੀ ਹੈ।

"ਕੀਮ ਨਹੁ ਪਵੈ ਅਮੁਲਉ"—ਇਸ ਤੁਕ ਵਿਚਿ 'ਨਹੁ' ਪਦ ਦੇ ਹਾਹੇ ਅੱਖਰ ਨੂੰ ਔਂਕੜ ਪਤਾ ਨਹੀਂ ਕਿਸ ਕਿਸਮ ਅਨੁਸਾਰ ਲਗਾ ਹੈ ਜਾਂ ਛਾਪੇ ਦੀ ਗ਼ਲਤੀ ਨਾਲ ਲਗ ਗਿਆ। 'ਨਹ' ਜਾਂ 'ਨਹਿ' ਪਦ ਤਾਂ ਬਥੇਰੀ ਵਾਰ ਗੁਰਬਾਣੀ ਅੰਦਰਿ ਅਗੇ ਆਏ ਹਨ, ਇਹ ਔਂਕੜ ਵਾਲਾ 'ਨਹੁ' ਪਦ ਤਾਂ ਹੁਣ ਹੀ ਆਇਆ ਦੇਖਿਆ ਹੈ।

"ਸੇਇ ਜਨ ਲਗੇ ਭਗਤੇ ॥...੮॥" ਏਥੇ 'ਭਗਤੇ' ਪਦ ਦੇ ਤੱਤੇ ਅੱਖਰ ਦੀ ਲਾਂਵ 'ਵਿਚ' ਦਾ ਅਰਥ ਦਿੰਦੀ ਹੈ (ਭਗਤੀ ਵਿਚਿ ਲਗੇ)।

ਪ੍ਰਭ, ਦਾਤਾਰ

ਪ੍ਰਭ ਦਾਤਉ ਦਾਤਾਰ ਪਰ੍ਿਉ ਜਾਚਕੁ ਇਕੁ ਸਰਨਾ ॥...੯॥ *(ਪੰਨਾ ੧੩੮੭)*

ਪ੍ਰਭ ਦਾਤਉ ਦਾਤਾਰ ਦੀ ਸਰਨਿ (ਇਹ) ਇਕ ਜਾਚਕੁ (ਮੰਗਤਾ) ਪਰਿਆ ਹੈ। 'ਪ੍ਰਭ' ਪਦ ਦਾ ਭੱਭਾ ਅੱਖਰ ਅਤੇ 'ਦਾਤਾਰ' ਪਦ ਦਾ ਰਾਰਾ ਅੱਖਰ ਇਸ ਕਰਕੇ ਮੁਕਤਾ ਹੈ ਕਿਉਂਕਿ ਇਹਨਾਂ ਦੇ ਪਿਛੇ 'ਦੀ' ਸਬੰਧਕ ਪਦ (preposition) ਅਰਥ ਬੋਧਕ ਹੈ।

ਸੰਤ ਰੇਨ

ਮਿਲੈ ਦਾਨੁ ਸੰਤ ਰੇਨ... ॥੯॥ *(ਪੰਨਾ ੧੩੮੭)*

ਸੰਤ (ਗੁਰੂ) ਦੀ ਰੇਨ (ਚਰਨ ਧੂੜੀ) ਦਾਨੁ ਮਿਲੇ। 'ਮਿਲੈ' ਪਦ ਦੇ ਲੱਲੇ ਅੱਖਰ ਨੂੰ ਲਗਮਾਤ੍ਰੀ ਨਿਯਮਾਂ ਅਨੁਸਾਰ ਇਕੋ ਲਾਂਵ ਚਾਹੀਦੀ ਹੈ। ਦੂਜੀ ਫ਼ਾਲਤੂ ਲਗੀ ਹੈ ਗ਼ਲਤੀ ਨਾਲਿ। 'ਮਿਲੇ' ਪਦ ਚਾਹੀਦਾ ਹੈ। 'ਸੰਤ ਰੇਨ' ਵਿਚਿ 'ਸੰਤ' ਪਦ ਦਾ ਤੱਤਾ ਮੁਕਤਾ 'ਦੀ' ਸਬੰਧਕ ਪਿਛੇ ਅਰਥ ਦਿੰਦਾ ਹੈ। 'ਰੇਨ' ਪਦ ਦਾ ਨੰਨਾ ਅੱਖਰ ਤਾਂ ਮੁਕਤਾ ਹੈ ਕਿਉਂਕਿ ਇਹ ਪਦ ਇਸਤ੍ਰੀ-ਲਿੰਗ ਨਾਂਵ ਹੈ।

ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ ॥

ਮੈਂ ਕਰਦਾ ਹਾਂ ਬੇਨਤੀ ਅਰਦਾਸਿ ਜੇ ਠਾਕੁਰ ਨੂੰ ਭਾਵੈ। ਬਿਨਤਿ—ਬੇਨਤੀ। 'ਕਰਉ' ਪਦ ਦਾ ਊੜਾ ਅੱਖਰ ਉਤਮ ਪੁਰਖ ਦਾ ਹੈ, ਤੇ ਜੋ ਬੇਨਤੀ ਦਾ ਭਾਵ ਭਾਵਾਉਂਦਾ ਹੈ—ਮੈਂ ਬੇਨਤੀ ਕਰਦਾ ਹਾਂ ਆਪਣੀ ਅਰਦਾਸ ਵਿਚਿ (ਅਰਦਾਸੇ ਵਿਚਿ)। 'ਅਰਦਾਸਿ' ਪਦ ਦੇ ਸੱਸੇ ਅੱਖਰ ਨੂੰ ਸਿਹਾਰੀ 'ਵਿਚਿ' ਦਾ ਅਰਥ ਦਿੰਦੀ ਹੈ। 'ਸੁਨਹੁ' ਦਾ ਔਂਕੜ ਵਾਲਾ ਹਾਹਾ ਇਥੇ ਬੇਨਤੀ ਦੀ ਮਨਜ਼ੂਰੀ ਦੀ ਯਾਚਨਾ ਪੂਰੀ ਕਰਨਾ ਅਤਿੱਸੈ ਕਰਕੇ

bsrstrust.org

ਲਖਾਇਕ ਹੈ। 'ਠਾਕੁਰ' ਪਦ ਦਾ ਰਾਰਾ ਅੱਖਰ ਮੁਕਤਾ ਹੈ ਇਸ ਦੇ ਅਗੇ 'ਨੂੰ' ਪਦ ਸਬੰਧਕ ਅਰਥ ਬੋਧਕ ਹੈ।

ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ ॥

ਮਨ (ਮੇਰੇ) ਵਿਚਿ ਚਾਉ ਹੈ (ਹੇ ਪ੍ਰਭੂ) ਦਰਸਨੁ ਦੇਵਹੁ ਜੀ। (ਏਸੇ ਮਨੋਰਥ ਲਈ) ਇਹੁ (ਮੇਰਾ) ਮਨ ਭਗਤੀ ਕਰਨ ਵਿਚਿ ਤੱਤਪਰ ਹੋਇ ਰਹਿਆ ਹੈ। ਪਹਿਲਾ 'ਮਨਿ' ਪਦ ਨੰਨੇ ਸਿਹਾਰੀ ਨਾਲਿ ਹੈ। ਸਿਹਾਰੀ ਏਥੇ 'ਵਿਖੇ' ਦਾ ਅਰਥ ਦਿੰਦੀ ਹੈ। ਦੂਜੇ 'ਮਨੁ' ਪਦ ਦੇ ਨੰਨੇ ਅੱਖਰ ਨੂੰ ਔਂਕੜ ਹੈ। ਕਿਉਂਕਿ ਇਹ ਮਖਸੂਸੀ ਨਾਂਵ (proper noun) ਹੈ। ਏਸੇ ਕਰਕੇ 'ਇਹੁ' ਪਦ ਦੇ ਹਾਹੇ ਨੂੰ ਭੀ ਔਂਕੜ ਹੈ। 'ਮਨੁ' ਮਖਸੂਸੀ ਨਾਂਵ ਦਾ ਮਖਸੂਸੀ ਵਿਸ਼ੇਸ਼ਣ ਜੋ ਹੋਇਆ। 'ਭਗਤਿ' ਪਦ ਦੇ ਤੱਤੇ ਅੱਖਰ ਨੂੰ ਸਿਹਾਰੀ ਇਸ ਪਦ ਦੇ ਇਸਤ੍ਰੀ ਲਿੰਗ ਹੋਣ ਦੀ ਅਰਥ ਬੋਧਕ ਹੈ। 'ਭਗਤੀ' ਦੇ ਥਾਉਂ 'ਭਗਤਿ' ਪਦ ਅਕਸਰ ਕਰਕੇ ਗੁਰਬਾਣੀ ਅੰਦਰਿ ਆਉਂਦਾ ਹੈ।

ਕਲਿ

...ਸਭ ਕਲਿ ਉਧਰੀ ਇਕ ਨਾਮ ਧਰਮ ॥ *(ਪੰਨਾ ੧੩੮੭)*

ਸਾਰੀ ਲੁਕਾਈ ਕਲਜੁਗ ਦੀ ਇਕ ਨਾਮ ਦੇ ਧਰਮ ਅਧਾਰ ਕਰਿ ਹੀ ਉਧਰਨ ਵਿਚਿ ਆਈ ਹੈ। ਉਧਰੀ ਹੈ, ਉਧਰੇਗੀ, ਅਤੇ ਉਧਰੀ ਸੀ। ਭੂਤ ਭਵਿਖ ਭਵਾਨ ਵਿਖੇ ਨਾਮ ਰੂਪੀ ਧਰਮ ਹੀ ਭਵ ਸਾਗਰੀ ਜੀਵਾਂ ਨੂੰ ਉਧਾਰਨ ਦੇ ਸਮਰਥ ਹੈ। ਸਾਰੇ ਜੁਗਾਂ ਦੇ ਜੀਵਾਂ ਦਾ ਕਲਜੁਗ ਵਿਚਿ ਆਉਣ ਕਰਿ ਹੀ ਉਧਾਰ ਹੋਵੇਗਾ। "ਕਲਿਜੁਗੁ ਉਧਾਰਿਆ ਗੁਰਦੇਵ"। 'ਸਭ' ਪਦ ਦਾ ਭੱਭਾ ਅੱਖਰ ਮੁਕਤਾ ਹੈ ਕਿਉਂਕਿ ਇਸ ਵਿਸ਼ੇਸ਼ਣ ਪਦ ਦਾ ਨਾਂਵ 'ਕਲਿ' ਇਸਤ੍ਰੀ-ਲਿੰਗ (feminine gender) ਵਾਚਕ ਹੈ। ਇਸਤ੍ਰੀ-ਲਿੰਗ ਨਾਂਵ (nouns) ਦੇ ਪ੍ਰਥਾਇ ਵਿਸ਼ੇਸ਼ਣ 'ਸਭ' ਪਦ ਦੇ ਭੱਭੇ ਮੁਕਤੇ ਹੁੰਦੇ ਹਨ। 'ਕਲਿ' ਪਦ ਕਲੀ ਪਦ ਦਾ ਵਾਚਕ ਹੈ। ਏਥੇ ਕਲੀ ਕਾਲ ਦੀ ਲੁਕਾਈ ਦਾ ਅਰਥ ਦਿੰਦਾ ਹੈ।

ਨਾਨਕੁ ਗੁਰੁ ਪਾਰਬ੍ਰਹਮੁ

ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥੯॥ *(ਪੰਨਾ ੧੩੮੭)*

(ਨਾਮ ਦਾ ਵਿਥਾਰਕ ਹੋਣ ਕਰਿ) ਵਾਹਿਗੁਰੁ ਸਿਰਜਨਹਾਰ ਕਰਤਾਰ ਦੇ ਰਚੇ ਹੋਏ ਸਗਲੇ (ਸਾਰੇ) ਭਵਨਾਂ (ਮੰਡਲਾਂ, ਖੰਡਾਂ ਬ੍ਰਹਿਮੰਡਾਂ) ਵਿਖੇ ਪਾਰਬ੍ਰਹਮ ਰੂਪ ਗੁਰੂ ਨਾਨਕ ਹੀ ਪਰਤੱਖ ਪਰਮਾਣਿਆਂ (ਧੁਰੋਂ ਪਠਾਇਆ ਧੁਰੋਂ ਪਰਮਾਣਿਆਂ) ਸਮਰਥ ਜਨੁ ਹੈ। ਗੁਰੂ ਨਾਨਕ ਬਾਝੋਂ ਹੋਰ ਕੋਈ ਜਨ ਅਉਲੀਆ, ਅੰਬੀਆ, ਅਵਤਾਰ ਨਾਮ ਵਿਥਾਰਨ ਨੂੰ ਸਮਰਥ ਨਹੀਂ। ਸਾਰੇ ਗੁਪਤ ਪਰਗਟ ਖੰਡਾਂ ਬ੍ਰਹਿਮੰਡਾਂ ਵਿਚਿ ਗੁਰੂ ਨਾਨਕ

bsrstrust.org

ਦਾ ਹੀ ਇਹ ਪਰਤਾਪ ਪਰਗਟ ਪਾਹਾਰੇ ਵਰਤ ਰਹਿਆ ਹੈ। "ਜਨੁ ਨਾਨਕੁ ਗੁਰੁ ਪਾਰਬ੍ਰਹਮੁ" ਤੁਕ ਵਿਚ ਜੋ ਔਂਕੜ ਲਗੇ ਹਨ, ਉਹ ਰੂਪੀ ਦਾ ਅਰਥ ਦਿੰਦੇ ਹਨ, ਇਕ ਰੂਪ ਹੋਣ ਕਰਕੇ।

ਦੇਹ, ਸਠ, ਕਠੋਰ, ਕੁਚੀਲ

ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ॥ *(ਪੰਨਾ ੧੩੮੭)*

ਸਭ ਕਠੋਰ ਕੁਚੀਲ ਕੁਗਿਆਨੀ (ਅਲਪੱਗ) ਪੁਰਖ ਦੀ ਦੇਹ (ਪਹਿਲਾਂ ਤਾਂ) ਹੈ ਹੀ ਕਚੀ। ਫੇਰ ਮੋਹ ਦੇ ਬੰਧਨਾਂ ਵਿਚਿ ਬੰਨ੍ਹੀ ਹੋਈ ਹੈ। 'ਦੇਹ' ਇਸਤ੍ਰੀ-ਲਿੰਗ ਨਾਂਵ (noun) ਹੋਣ ਕਰਿ ਇਸ ਦਾ ਹਾਹਾ ਅੱਖਰ ਮੁਕਤਾ ਹੈ। 'ਮੋਹ' ਪਦ ਦਾ ਹਾਹਾ ਤਾਂ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਦੀ' ਸਬੰਧਕ ਪਦ (preposition) ਅਰਥ ਜਾਣਾਇਕ ਹੈ। 'ਸਠ, ਕਠੋਰ, ਕੁਚੀਲ' ਏਹਨਾਂ ਤਿਹਾਂ ਪਦਾਂ ਦੇ ਪਿਛਲੇ ਅੱਖਰ ਭੀ ਤਾਂ ਹੀ ਮੁਕਤੇ ਹਨ ਕਿ ਏਹਨਾਂ ਤੋਂ ਪਿਛੋਂ ਭੀ 'ਦੀ' ਸਬੰਧਕ ਪਦ (preposition) ਅਰਥ ਬੋਧਕ ਹੈ।

ਪਾਰਬ੍ਰਹਮ, ਗਤਿ

ਧਾਵਤ ਭ੍ਰਮਤ ਰਹਨੁ ਨਹੀ ਪਾਵਤ ਪਾਰਬ੍ਰਹਮ ਕੀ ਗਤਿ ਨਹੀ ਜਾਨੀ॥
(ਪੰਨਾ ੧੩੮੭)

ਏਸੇ ਕਰਕੇ ਇਸ ਕਚੀ ਮੋਹ ਬਾਧੀ ਦੇਹੀ ਦਾ ਧਾਰਨੀ ਮੂਰਖ, ਕਠੋਰ ਅਤੇ ਕੁਚੀਲ ਅਗਿਆਨੀ ਜੀਵ (ਹੋਰ ਹੋਰ ਦੇਹੀਆਂ ਧਾਰ ਕੇ) ਭਰਮਦਾ ਫਿਰਦਾ ਹੈ, ਇਕ ਜੋਨੀ ਵਿਚਿ ਅਸਥਿਰ ਰਹਿਣਾ ਨਹੀਂ ਪਾਉਂਦਾ। ਪਾਰਬ੍ਰਹਮ ਦੀ ਗਤਿ ਤਾਂ ਇਸ ਨੇ ਕੀ ਜਾਨਣੀ ਸੀ, ਸੋ ਨਹੀਂ ਜਾਣੀ। "ਪਾਰਬ੍ਰਹਮ ਕੀ ਗਤਿ ਨਹੀ ਜਾਨੀ" ਇਸ ਪੰਗਤੀ ਵਿਚਿ 'ਪਾਰਬ੍ਰਹਮ' ਪਦਾ ਦਾ ਮੰਮਾ ਅੱਖਰ ਮੁਕਤਾ ਹੈ ਕਿਉਂਕਿ 'ਕੀ' ਸਬੰਧਕੀ ਪਦ (preposition) ਇਸ ਦੇ ਅਗੇ ਲਗਿਆ ਹੋਇਆ ਹੈ। 'ਗਤਿ'—ਗਤੀ, ਇਸਤ੍ਰੀ-ਲਿੰਗ ਨਾਂਵ (noun) ਹੈ।

"ਜੋਬਨ ਰੂਪ ਮਾਇਆ ਪਦ ਮਾਤਾ ਬਿਚਰਤ ਬਿਕਲ ਬਡੌ ਅਭਿਮਾਨੀ॥"—ਜੋਬਨ ਦਾ, ਰੂਪ ਦਾ, ਮਾਇਆ ਦੇ ਮਦ ਦਾ ਮੱਤਿਆ ਹੋਇਆ ਇਹ ਜੀਵ ਬੜਾ ਵਿਆਕਲ ਅਤੇ ਹੰਕਾਰੀ ਹੋਇਆ ਭੰਨਾ ਫਿਰਦਾ ਹੈ। ਇਹ ਪਦ 'ਬਿਚਰਤ, ਧਾਵਤ, ਭ੍ਰਮਤ' ਆਦਿ ਇਸ ਗੱਲ ਦੇ ਲਖਾਇਕ ਹਨ ਕਿ ਏਹਨਾਂ ਦਾ ਕਰਤਾ ਉਤਮ ਪੁਰਸ਼ (ਵਾਹਦ ਮੁਤਕੱਲਮ) ਨਹੀਂ (ਜੈਸਾ ਕਿ ਮੈਂ ਆਦਿਕ ਦਾ ਅਰਥ ਦੇ ਕੇ ਅਰਥੱਈਏ ਅਰਥਾਉਂਦੇ ਹਨ) ਬਲਕਿ ਵਾਹਦ ਗ਼ਾਇਬ (singular third person) ਅੰਨਯ ਪੁਰਖ ਇਕ-ਵਚਨ ਹੈ। ਬਸ, ਉਹ ਨਿਰਾ ਕਠੋਰ, ਕੁਚੀਲ ਅਤੇ ਅਗਿਆਨੀ ਜੀਵ ਹੀ ਹੈ (ਅਲਪੱਗ ਦੇਹੀ ਮਨੁੱਖਤਾ ਦੀ ਧਾਰਨਹਾਰਾ)। 'ਜੋਬਨ, ਰੂਪ, ਮਦ' ਏਹਨਾਂ ਪਦਾਂ

bsrstrust.org

ਦੇ ਪਿਛਲੇ ਅੱਖਰ ਮੁਕਤੇ ਹਨ, ਕਿਉਂਕਿ ਏਹਨਾਂ ਦੇ ਅਗੇ 'ਦਾ' ਸਬੰਧਕੀ ਪਦ (preposition) ਅਰਥ ਬੋਧਕ ਹੈ।

ਪਰ

ਪਰ ਧਨ ਪਰ ਅਪਵਾਦ ਨਾਹਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ ॥...੧॥

(ਪੰਨਾ ੧੩੮੭)

ਪਰਾਏ ਧਨ ਦੀ ਲਾਲਸਾ, ਪਰਾਇਆਂ (ਦੂਜਿਆਂ) ਨਾਲਿ ਝਗੜੇ ਪਾਉਣ ਦੀ ਵਾਦੀ, ਪਰਾਈ ਨਾਰੀ ਅਤੇ ਪਰਾਈ ਨਿੰਦਾ ਇਹੀ (ਕਜ ਖਿਆਲੀ) ਮਿੱਠੀ ਹੋ ਕੇ ਜੀਅ ਨੂੰ ਹਿਤਾਉਂਦੀ ਚੰਗੀ ਲਗਦੀ ਹੈ। 'ਪਰ' ਪਦ ਇਸ ਤੁਕ ਅੰਦਰਿ 'ਨਾਰਿ' ਅਤੇ 'ਨਿੰਦਾ' ਪਦਾਂ ਨਾਲਿ ਭੀ ਲਗਦਾ ਹੈ।

ਸਉ

ਕੀਰਤਿ ਕਰਨ ਸਰਨ ਮਨਮੋਹਨ ਜੋਹਨ ਪਾਪ ਬਿਦਾਰਨ ਕਉ ॥
ਹਰਿ ਤਾਰਨ ਤਰਨ ਸਮਰਥ ਸਭੈ ਬਿਧਿ ਕੁਲਹ ਸਮੂਹ ਉਧਾਰਨ ਸਉ ॥

(ਪੰਨਾ ੧੩੮੭)

(ਦੋਹਾਂ ਤੁਕਾਂ ਦੇ ਮਿਸਰਤ ਅਰਥ)—ਕੀਰਤਨ ਕਰਨਾ, ਮਨਮੋਹਨ ਦੀ ਸਰਨ ਤਕਨਾ, ਪਾਪਾਂ ਦੇ ਲਾਹੁਣ ਲਈ, ਸਾਰੀਆਂ ਕੁਲਾਂ ਦੇ ਉਧਾਰਨ ਤਰਨ ਤਾਰਨ ਲਈ, ਹਰਿ ਪ੍ਰਕਾਰ ਸਮਰਥ ਹੈ। 'ਸਰਨ ਮਨਮੋਹਨ ਜੋਹਨ'—ਮਨਮੋਹਨ ਦੀ ਸਰਨ ਜੋਹਨਾ। 'ਮਨਮੋਹਨ' ਪਦ ਦਾ ਨੰਨਾ ਅੱਖਰ ਮੁਕਤਾ ਹੈ ਇਸ ਕਰਕੇ ਕਿਉਂਕਿ ਇਸ ਦੇ ਅਗੇ 'ਦੀ' ਸੰਬੰਧਕ ਪਦ ਅਰਥ ਬੋਧਕ ਹੈ। 'ਸਉ' ਪਦ ਸਬੰਧਤ ਹੈ ਸਾਂਝਾ, 'ਤਰਨ ਤਾਰਨ' ਅਤੇ 'ਕੁਲਹ ਸਮੂਹ ਉਧਾਰਨ' ਨਮਿਤ।

ਚਿਤ, ਚੇਤਿ

"ਚਿਤ ਚੇਤਿ ਅਚੇਤ ਜਾਨਿ ਸਤਸੰਗਤਿ"—ਹੇ ਅਚੇਤ ਚਿਤ! ਸਤਿ ਸੰਗਤਿ (ਸੱਚੀ ਸੰਗਤਿ) ਦੀ ਜਾਣ ਪਛਾਣ ਕਰਕੇ (ਉਕਤ ਸੰਗਤ ਦੀ ਤੁਫ਼ੈਲ) ਚੇਤਨ ਕਰਿ ਸਿਮਰਨ ਕਰਿ (ਵਾਹਿਗੁਰੂ ਦਾ)। 'ਚਿਤ' ਪਦ ਦਾ ਤੱਤਾ ਮੁਕਤਾ ਇਸ ਕਰਕੇ ਹੈ ਕਿ ਇਹ ਚਿੱਤ ਨੂੰ ਸੰਬੋਧਨ ਕਰਦਾ ਹੈ (ਹੇ ਚਿੱਤ)। ਜਿਥੇ ਇਸ ਪਰਕਾਰ ਸੰਬੋਧਨ ਹੁੰਦਾ ਹੈ ਉਥੇ ਚਿਤੁ ਪਦ ਦੇ ਤੱਤੇ ਦਾ ਔਂਕੜ ਉਡ ਜਾਂਦਾ ਹੈ। 'ਚੇਤਿ'—ਚਿੰਤਨ ਕਰਿ (ਸਿਮਰ) ਇਥੇ ਕਿਰਿਆ ਵਾਚਕ (imperative mood verb) ਹੈ। 'ਅਚੇਤ' ਪਦ 'ਚਿਤ' ਨਾਲਿ ਸਬੰਧਤ ਵਿਸ਼ੇਸ਼ਣ ਹੈ। 'ਸਤਿਸੰਗਤਿ' ਨਾਂਵ ਹੈ ਕਰਮ ਰੂਪ ਵਿਚਿ। 'ਸਤਿ' ਪਦ ਦੇ ਤੱਤੇ ਅੱਖਰ ਨੂੰ ਸਿਹਾਰੀ ਲਗਣੀ ਰਹੀ ਹੋਈ ਹੈ। (ਬਹੁਤ ਥਾਵੀਂ ਏਵੇਂ ਗ਼ਲਤੀ ਹੋਈ ਹੈ, ਸਵਈਆਂ ਵਿਚਿ)।

bsrstrust.org

ਭਰਮ, ਅੰਧੇਰ

"ਭਰਮ ਅੰਧੇਰ ਮੋਹਿਓ"—ਭਰਮ ਦੇ ਹਨੇਰੇ ਦਾ ਮੋਹਿਆ ਹੋਇਆ। 'ਭਰਮ' ਦਾ ਮੰਮਾ ਅੱਖਰ ਅਤੇ 'ਅੰਧੇਰ' ਦਾ ਰਾਰਾ ਅੱਖਰ ਇਸ ਕਰਕੇ ਮੁਕਤੇ ਹਨ ਕਿ ਏਹਨਾਂ ਪਦਾਂ ਦੇ ਅਗੇ 'ਦੇ' ਅਤੇ 'ਦਾ' ਸਬੰਧਕੀ ਪਦ (preposition) ਗੁਪਤ ਅਰਥ ਰਖਦੇ ਹਨ। "ਕਤ ਧੰਉ"—ਕਿਥੇ ਧਾਂਵੰਦਾ ਫਿਰਦਾ ਹੈਂ। ਏਥੇ ਤਾਂਈ ਇਕੈ ਸਾਂਝੀ ਸਤਰ ਦਾ ਨਿਰਣਾ ਹੈ। "ਚਿਤ ਚੇਤਿ ਅਚੇਤ ਜਾਨਿ ਸਤਸੰਗਤਿ ਭਰਮ ਅੰਧੇਰ ਮੋਹਿਓ ਕਤ ਧੰਉ॥"

ਕਾਜੁ

"ਹੋਛਉ ਕਾਜੁ ਅਲਪ ਸੁਖ ਬੰਧਨ"—(ਮਾਇਆ ਮਈ) ਬੰਧਨ ਦੇ ਰੰਚਕ (ਥੋੜੇ ਜੇਹੇ) ਸੁਖ ਦਾ ਕਾਜ ਹੋਛਾ ਹੈ। 'ਕਾਜੁ' ਪਦ ਦੇ ਜੱਜੇ ਅੱਖਰ ਨੂੰ ਔਂਕੜ ਇਸ ਕਰਕੇ ਹੈ ਕਿ ਇਹ ਪਦ ਇਕ-ਵਚਨ ਨਾਂਵ (singular noun) ਹੈ। 'ਹੋਛਉ' ਪਦ ਦਾ ਊੜਾ ਏਥੇ (ਬੋਲੀ ਅਨੁਸਾਰ) ਕੰਨੇ ਦਾ ਕੰਮ ਦਿੰਦਾ ਹੈ। ਅਗਲੇ ਪਦਾਂ ਦੇ ਪਿਛਲੇ ਪਦਾਂ ਦੇ ਮੁਕਤੇ ਹੋਣ ਦਾ ਕਾਰਣ ਨਿਰਣਤ ਹੈ।

"ਕੋਟਿ ਜਨੰਮ ਕਹਾ ਦੁਖ ਭੰਉ॥" (ਇਸ ਬਿਧਿ ਉਪਰਿ ਦਰਸਾਏ ਹੇਤ ਕਰਿ) ਦੁੱਖਾਂ ਦਾ ਕੋਟਿ ਜਨਮਾਂ ਦਾ ਭਉਣਾ ਕਾਹੇ ਕਰਦਾ ਹੈਂ।

ਮੂਰਤ, ਮੂਰਤਿ

"ਮੂਰਤ ਘਰੀ ਚਸਾ ਪਲੁ ਸਿਮਰਨ ਰਾਮੁ ਨਾਮੁ ਰਸਨਾ ਸੰਗਿ ਲਉ॥"—ਮੂਰਤ (ਅੱਧੀ ਘੜੀ) ਘੜੀ ਦਸ ਪਲ (ਮਾਤਰ ਲਈ) ਰਾਮ ਨਾਮ ਦੇ ਸਿਮਰਨ ਨੂੰ ਰਸਨਾ ਨਾਲਿ ਲਿਆ ਕਰੁ। 'ਮੂਰਤ'—ਪਦ ਤੱਤੇ ਮੁਕਤੇ ਨਾਲ ਅੱਧੀ ਘੜੀ ਦਾ ਅਰਥ ਬੋਧਕ ਹੈ। ਤੱਤੇ ਸਿਹਾਰੀ ਨਾਲ 'ਮੂਰਤਿ' ਪਦ 'ਮੂਰਤੀ' ਦੇ ਅਰਥਾਂ ਦਾ ਬੋਧਕ ਹੈ। ਗੁਰਬਾਣੀ ਅੰਦਰਿ ਇਹ ਪੱਕਾ ਨਿਯਮ ਹੈ। 'ਪਲ' ਪਦ ਦਾ ਲੱਲਾ ਅੱਖਰ ਇਸ ਕਰਕੇ ਮੁਕਤਾ ਹੈ ਕਿ ਇਸ ਦੇ ਅਗੇ 'ਮਾਤਰ' ਪਦ ਸਬੰਧਕ ਮਈ ਮਫ਼ਹੂਮ ਹੈ। 'ਸਿਮਰਨ' ਦਾ ਨੰਨਾ ਅੱਖਰ ਇਸ ਕਰਕੇ ਔਂਕੜ ਹੀਨ (ਮੁਕਤਾ) ਹੈ ਕਿ ਇਸ ਦੇ ਅੱਗੇ 'ਨੂੰ' ਸਬੰਧਕ ਪਦ (preposition) ਅਰਥ ਬੋਧਕ ਹੈ। 'ਰਾਮਨਾਮ' ਇਕੱਠਾ ਹੋਣ ਕਰਿ 'ਰਾਮ' ਦਾ ਮੰਮਾ ਮੁਕਤਾ ਹੈ। 'ਨਾਮ' ਦਾ ਮੰਮਾ ਉਸ ਸਬੰਧਕ ਪਦੀ ਨਿਯਮ ਦੇ ਕਾਰਨ ਮੁਕਤਾ ਹੈ। ਅਗੇ 'ਦੇ' ਜੋ ਅਰਥਾਇਆ ਜਾਣਾ ਹੈ। 'ਸੰਗ' ਦੇ ਗੱਗੇ ਅੱਖਰ ਨੂੰ ਸਿਹਾਰੀ ਲਗਣੀ ਰਹੀ ਹੋਈ ਹੈ। ਸਾਰੀ ਗੁਰਬਾਣੀ ਅੰਦਰਿ 'ਨਾਲਿ' ਦੇ ਅਰਥਾਂ ਵਾਲਾ 'ਸੰਗਿ' ਪਦ ਹਮੇਸ਼ਾ ਗੱਗੇ ਸਿਹਾਰੀ ਨਾਲ ਹੀ ਆਉਂਦਾ ਹੈ। ਭੱਟਾਂ ਦੇ ਸਵਯਾਂ ਅੰਦਰਿ ਸਿਹਾਰੀਆਂ ਅਕਸਰ ਪਦਾਂ ਦੀਆਂ ਰਹੀਆਂ ਹੋਈਆਂ ਹਨ। ਲਿਖਾਰੀ ਹੀ ਐਥੇ ਕੋਈ ਅਨਗਹਿਲੀ ਵਾਲਾ

bsrstrust.org

ਆ ਗਿਆ ਭਾਸਦਾ ਹੈ, ਜਿਸ ਨੂੰ ਯੋਗ ਥਾਵੀਂ ਲਗਾਂ ਲਾਉਣ ਯਾ ਨਾ ਲਾਉਣ ਦਾ ਬੋਧ ਘਟ ਹੈ।

ਰੰਗਿ

ਸਿਖ੍ਹਾ ਸੰਤ ਨਾਮੁ ਭਜੁ ਨਾਨਕ ਰਾਮ ਰੰਗਿ ਆਤਮ ਸਿਉ ਹੰਉ ॥੨॥ *(ਪੰਨਾ ੧੩੮੭)*

ਸੰਤ ਦੀ ਸਿਖਿਆ (ਗੁਰ ਦੀਖਿਆ) ਗੁਰੂ ਨਾਨਕ ਦੇ ਘਰ ਦਾ ਨਾਮੁ ਗੁਰਮੰਤ੍ਰ (ਗੁਰਮਤਿ ਨਾਮੁ) ਭਜਿਆ ਕਰੁ। ਰਾਮ (ਵਾਹਿਗੁਰੂ) ਆਤਮ ਰੰਗਾਂ ਸੇਤੀ ਰਾਵ (ਰਉ)। 'ਸਿਖ੍ਹਾ ਸੰਤ'—ਸੰਤ ਸਿਖਿਆ—ਗੁਰ ਦੀਖਿਆ। 'ਰਾਮ' ਪਦ ਦਾ ਮੰਮਾ 'ਨੂੰ' ਸਬੰਧਕ ਪਦ ਅਗੇ ਸੰਬੋਧਨ ਹੋਣ ਕਰਿ ਮੁਕਤਾ ਹੈ। 'ਰੰਗਿ' ਪਦ ਦੇ ਗੱਗੇ ਅੱਖਰ ਦੀ ਸਿਹਾਰੀ 'ਸੇਤੀ' ਦਾ ਅਰਥ ਦਿੰਦੀ ਹੈ। 'ਆਤਮ' ਪਦ ਦੇ ਅਗੇ 'ਸਿਉ' ਸਬੰਧਕ ਪਦ (preposition) ਸਪਸ਼ਟ ਆਉਂਦਾ ਹੈ, ਇਸ ਕਰਕੇ ਮੰਮਾ ਅੱਖਰ ਇਸਦਾ ਮੁਕਤਾ ਹੈ। ਰੰਉ—ਰਾਵ।

ਦੇਹ

ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ ॥ *(ਪੰਨਾ ੧੩੮੭)*

ਰਿਤੂ ਬੀਰਜੀ ਬਿੰਦ ਅੰਸ ਰੰਚਕ ਮਾਤਰ ਮਾਤਾ ਦੇ ਪੇਟ ਸਰੀਰ (ਤਨ) ਰੂਪੀ ਖੇਤ ਵਿਖੇ ਨਿੰਮੀ (ਬੀਜੀ) ਜਾਣ ਕਰਿ ਦੁਰਲਭ (ਮਨੁੱਖਾ) ਦੇਹੀ ਸਿਰਜ ਸੰਵਾਰ ਕੇ ਰਖ ਦਿੱਤੀ (ਸੰਵਾਰਨਹਾਰ ਸਿਰਜਨਹਾਰ ਨੇ)। 'ਖੇਤ' ਪਦ ਦੇ ਤੱਤੇ ਅੱਖਰ ਨੂੰ ਸਿਹਾਰੀ ਲਗਣੀ ਚਾਹੀਦੀ ਹੈ (ਲਗਮਾਤ੍ਰੀ) ਨਿਯਮਾਂ ਅਨੁਸਾਰ ਜੋ ਏਥੇ ਗ਼ਲਤੀ ਨਾਲਿ ਰਹੀ ਹੋਈ ਹੈ। 'ਦੇਹ' ਇਸਤ੍ਰੀ-ਲਿੰਗ ਨਾਂਵ (noun) ਹੈ ਦੇਹੀ ਵਾਚਕ। ਇਸ ਕਰਕੇ ਇਸ ਦਾ ਹਾਹਾ ਅੱਖਰ ਮੁਕਤਾ ਹੈ। ਸਾਰੀ ਗੁਰਬਾਣੀ ਅੰਦਰਿ ਦੇਹੀ ਵਾਚਕ 'ਦੇਹ' ਪਦ ਹਾਹੇ ਮੁਕਤੇ ਨਾਲਿ ਹੀ ਆਉਂਦਾ ਹੈ (ਫਾਇਲ ਮਫਊਲੀਅਤ ਅੰਦਰਿ) ਕਰਤਾ ਕਰਮ ਨਾਂਵ ਹੋਣ ਕਰਿ। 'ਸਵਾਰਿ' ਪਦ ਅੰਦਰਿ ਰਾਰੇ ਅੱਖਰ ਦੀ ਸਿਹਾਰੀ 'ਕੇ', 'ਕਰਕੇ' ਦਾ ਅਰਥ ਦਿੰਦੀ ਹੈ। 'ਰੇਤ'—ਰਕਤ ਬੀਰਜੀ ਬਿੰਦ। 'ਤਨਿ' ਪਦ ਨੂੰ ਜਿਵੇਂ ਸਿਹਾਰੀ ਹੈ, ਤਿਵੇਂ 'ਖੇਤਿ' ਪਦ ਨੂੰ ਭੀ ਚਾਹੀਦੀ ਸੀ।

ਮਤ, ਗਾਰਹੁ

...ਮਾਇਆ ਮਤ ਕਹਾ ਲਉ ਗਾਰਹੁ ॥...੫॥ *(ਪੰਨਾ ੧੩੮੮)*

ਮਾਇਆ ਦਾ ਮਤਿਆ ਹੋਇਆ ਕਿਥੇ ਕੁ ਤਾਈਂ ਗਰਬ ਕਰੇਂਗਾ। 'ਮਤ'—ਮਤਾ ਹੋਇਆ (ਅਧਿਕ ਨਾਲਿ ਤੇ ਤੱਤੇ ਮੁਕਤੇ ਨਾਲਿ) ਕਿਰਿਆ ਦਾ ਅਰਥ ਰਖਦਾ ਹੈ।

bsrstrust.org

'ਮਤਿ' ਅਤੇ 'ਮਤੁ' ਅਤੇ ਬਿਨਾਂ ਅਧਿਕ 'ਮਤ' ਦੇ ਭਾਵਾਂ ਦੇ ਵਿਤਕਰੇ (ਤਫੱਰਕੇ) ਅਗੇ ਵਰਨਣ ਹੋ ਚੁੱਕੇ ਹਨ। 'ਗਾਰਹੁ'—'ਗਰਬ ਕਰਹੁ' ਦਾ ਮੁਖੱਫਫ ਕਿਰਿਆ ਵਾਚਕ ਪਦ ਹੈ।

"ਉਲਟਤ ਜਾਤ ਬਿਰਖ ਕੀ ਛਾਂਰਹੁ॥"—ਉਲਟਦੇ ਜਾਂਦੇ ਹਨ ਬਿਰਖ ਦੀ ਛਾਂ ਵਾਂਗੂੰ। 'ਛਾਂਰਹੁ' ਪਦ ਦੇ ਛੱਛੇ ਅੱਖਰ ਨੂੰ ਕੰਨਾ ਭੀ ਹੈ ਤੇ ਬਿੰਦਾ ਭੀ ਲਗਿਆ ਹੋਇਆ ਹੈ, ਜੋ ਬਿਰਛ ਦੀ ਛਾਂ ਦੇ ਅਰਥ ਦਿੰਦਾ ਹੈ।

ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ॥
ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ॥
ਸਿਧ ਮਨੁਖ੍ਹ ਦੇਵ ਅਰੁ ਦਾਨਵ ਇਕੁ ਤਿਲੁ ਤਾਕੋ ਮਰਮੁ ਨ ਪਾਵਤ॥
ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ ਹਰਿ ਜਨ ਤਾਕੈ ਦਰਸਿ ਸਮਾਵਤ॥
ਤਿਸਹਿ ਤਿਆਗਿ ਆਨ ਕਉ ਜਾਚਹਿ ਮੁਖ ਦੰਤ ਰਸਨ ਸਗਲ ਘਸਿ ਜਾਵਤ॥
ਰੇ ਮਨ ਮੂੜ ਸਿਮਰਿ ਸੁਖਦਾਤਾ ਨਾਨਕ ਦਾਸ ਤੁਝਹਿ ਸਮਝਾਵਤ॥੭॥

ਭਾਵ ਅਰਥ ਲਗਮਾਤ੍ਰੀ ਨਿਯਮਾਂ ਅਨੁਸਾਰ—ਸ਼ਿਵ ਬ੍ਰਹਮਾਦਿਕ ਮੁਨੀਸ਼ਰ ਠਾਕੁਰ ਦੇ ਛੰਦ ਤੇ ਗੁਨ ਰੀਝ ਲਾ ਲਾ ਕੇ ਬਥੇਰਾ ਗਾਵੰਦੇ ਰਹੇ। ਇੰਦ੍ਰ ਮੁਨਿੰਦ੍ਰ ਗੋਰਖ ਜੇਹੇ ਬਥੇਰੇ ਖੋਜਦੇ ਫਿਰੇ ਪਰ ਇਹ ਸਾਰੇ ਦੇਵਤੇ ਮੁੜਿ ਮੁੜਿ ਕਦੇ ਧਰਤੀ ਤੇ ਆਵੰਦੇ ਰਹੇ ਕਦੇ ਅਸਮਾਨ ਤੇ ਧਾਂਵਦੇ ਰਹੇ (ਕਦੇ ਜੋਨੀਆਂ ਵਿਚਿ ਹੋ ਕੇ ਸੁਰਗਾਂ ਬਹਿਸ਼ਤਾਂ ਵਿਚ ਤੇ ਸੁਰਗਾਂ ਬਹਿਸ਼ਤਾਂ ਤੋਂ ਧਰਤੀ ਤੇ ਪਰਤੀਂਦੇ ਰਹੇ)। ਜਿਤਨੇ ਭੀ ਖੋਜੀ ਮਨੁੱਖਾਂ ਤੋਂ ਲੈ ਕੇ ਸਿੱਧਾਂ ਦੇਵਾਂ ਦਾਨਵਾਂ ਤੀਕ ਹੋਏ, ਤਿਨ੍ਹਾਂ ਨੇ ਇਕ ਤਿਲ ਮਾਤ੍ਰ ਭੀ ਤਿਸ ਬੇਅੰਤ ਕਰਤਾਰ ਦਾ ਅੰਤ (ਭੇਦ) ਨ ਪਾਇਆ। ਇਹ ਗੁਰੂ ਘਰ ਦੇ ਹਰੀ ਜਨ ਹੀ ਹਨ, ਜੋ ਪ੍ਰੀਤਮ ਪ੍ਰਭੂ ਦੀ ਪ੍ਰੀਤੀ ਅਤੇ ਪ੍ਰੇਮ ਰਸ ਭਗਤੀ (ਅਨਿੰਨ ਭਗਤੀ) ਦੇ ਕਾਰਨ ਵਾਹਿਗੁਰੂ ਦੇ ਦਰਸ਼ਨ ਵਿਚਿ ਜੋਤੀ ਸਰੂਪ ਦਰਸ਼ਨ ਵਿਚਿ ਸਮਾ ਜਾਂਦੇ ਹਨ (ਇਕ ਮਿੱਕ ਹੋ ਕੇ)। ਐਸੇ ਪਰਤੱਖ ਵਾਹਿਗੁਰੂ ਨੂੰ ਤਿਆਗ ਕੇ ਜੋ ਆਨਦੇਵ ਸੇਵ ਟੇਵ ਮਈ ਜਾਚਨਾ ਕਰਦੇ ਹਨ (ਦੂਤੀਆ ਭਗਤੀ ਵਿਚ ਮਗਜੌਲੀ ਮਾਰਦੇ ਹਨ) ਤਿਨ੍ਹਾਂ ਦਾ ਇਹ ਆਨ ਦੇਵ ਸੇਵ ਸੇਤੀ ਇਬਾਦਤ ਕਰਦਿਆਂ ਦਾ ਮੁਖ ਭੀ ਘਸ ਜਾਂਦਾ ਹੈ, ਦੰਦ ਭੀ ਘਸ ਜਾਂਦੇ ਹਨ ਅਤੇ ਰਸਨਾ ਭੀ ਘਸ ਜਾਂਦੀ ਹੈ। ਇਸ ਛੰਤ ਵਿਚਿ ਗੁਰਮਤਿ ਨਾਮ ਜਪਣ ਵਾਲੇ ਗੁਰਮੁਖਾਂ ਦੀ ਆਤਮ ਗਤੀ ਦੀ ਸ਼ਿਵ ਬਿਰੰਚ ਆਦਿਕ ਦੇਵਤਿਆਂ ਤੋਂ ਬੜ੍ਹ ਚੜ੍ਹ ਕੇ ਵਿਲੱਖਣਤਾ ਦਰਸਾਈ ਹੈ ਨਾ ਕਿ ਸਮਸਰਤਾ ਜੈਸੇ ਕਿ ਕਈ ਅਣਜਾਣ ਪੁਰਸ਼ ਆਪਣਾ ਅਣਜਾਣਪੁਣਾ ਘੋਟਦੇ ਹੋਏ ਗ਼ਲਤ ਅਰਥ ਕਰਦੇ ਹਨ।

ਗੁਣ ਸਮੂਹ ਫਲ ਸਗਲ ਮਨੋਰਥ ਪੂਰਨ ਹੋਈ ਆਸ ਹਮਾਰੀ॥
ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣ ਕਾਰੀ॥
ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ ਹਰਿ ਨਾਮੁ ਉਚਾਰੀ॥...੯॥

(ਸਵਯੇ ਸ੍ਰੀ ਮੁਖਵਾਕ੍ਹ ਮ: ੫, ਪੰਨਾ ੧੩੮੮-੮੯)

(ਗੁਰਮਤਿ ਭਾਵ ਅਰਥ ਲਗਮਾਤ੍ਰੀ ਨਿਯਮਾਂ ਅਨੁਸਾਰ) (ਗੁਰਮਤਿ ਨਾਮ) ਹਰਿ

bsrstrust.org

ਨਾਮ ਉਚਾਰਦਿਆਂ ਕਾਮ ਕ੍ਰੋਧ ਮਦ ਮਤਸਰ ਤ੍ਰਿਸ਼ਨਾ ਆਦਿ ਸਭ ਬਿਨਸ ਜਾਂਦੇ ਹਨ। ਸਮੂਹ ਦੈਵੀ ਗੁਣ ਮਈ ਸਭ ਫਲ ਮਨੋਰਥ ਪ੍ਰਾਪਤਿ ਹੁੰਦੇ ਹਨ ਅਤੇ ਸਾਰੀਆਂ ਆਸਾਂ ਉਮੈਦਾਂ ਪੂਰੀਆਂ ਹੋ ਜਾਂਦੀਆਂ ਹਨ। ਸਾਰਿਆਂ ਰੋਗਾਂ ਦੇ ਖੰਡਣ ਵਾਲੇ ਅਤੇ ਪਰਾਏ ਦੁੱਖਾਂ ਦੇ ਹਰਨ ਹਾਰੇ ਗੁਣਕਾਰੀ ਅਉਖਧ ਮੰਤ੍ਰ ਤੰਤ੍ਰ ਕਰਨੇ ਸਭ ਵਿਚੇ ਹੀ ਆ ਜਾਂਦੇ ਹਨ (ਗੁਰਮਤਿ ਨਾਮ ਜਪਿਆਂ ਹੋਰ ਕਿਸੇ ਅਉਖਧ ਮੰਤ੍ਰ ਤੰਤ੍ਰ ਕਰਨ ਦੀ ਲੋੜ ਉੱਕੀ ਹੀ ਨਹੀਂ ਰਹਿੰਦੀ)।

ਇਸਨਾਨ ਦਾਨ ਤਾਪਨ ਸੁਚਿ ਕਿਰਿਆ ਚਰਣ ਕਮਲ ਹਿਰਦੈ ਪ੍ਰਭ ਧਾਰੀ॥

(ਪੰਨਾ ੧੩੮੯)

ਵਾਹਿਗੁਰੂ ਦੇ ਚਰਨ ਕੰਵਲ (ਭਗਤੀ ਕਰਕੇ) ਹਿਰਦੇ ਧਾਰਨ ਮਾਤਰ ਕਰਿ ਅਠਸਠੀ ਇਸ਼ਨਾਨ ਸਮਗਰ ਦਾਨ ਆਦਿ ਸੁੱਚਮਤਾ ਵਾਲੇ ਕਿਰਿਆ ਕਰਮ ਵਿਚੇ ਹੀ ਆ ਜਾਂਦੇ ਹਨ (ਭਾਵ ਗੁਰਮਤਿ ਨਾਮ ਜਪਿਆਂ ਵਾਹਿਗੁਰੂ ਦੇ ਚਰਨ ਕੰਵਲ ਹਿਰਦੇ ਅੰਦਰਿ ਆ ਉਤਰਦੇ ਹਨ, ਕਿਸੇ ਆਨ ਮਤੀ ਕਰਮ ਇਸ਼ਨਾਨ ਦਾਨ, ਸੁਚਿ ਕਿਰਿਆ ਆਦਿਕ ਕਰਨ ਦੀ ਲੋੜ ਨਹੀਂ ਰਹਿੰਦੀ)।

ਓਟ ਗਹੀ ਸੁਆਮੀ ਸਮਰਥਹ ਨਾਨਕ ਦਾਸ ਸਦਾ ਬਲਿਹਾਰੀ॥

ਜਿਨ੍ਹਾਂ ਨੇ ਸਮਰਥ ਸੁਆਮੀ ਕੇਵਲ ਵਾਹਿਗੁਰੂ ਦੀ ਹੀ ਓਟ ਲਈ ਹੈ ਗੁਰੂ ਨਾਨਕ ਸਾਹਿਬ ਪੰਚਮ ਰੂਪ ਵਿਚਿ ਹੋ ਕੇ ਫ਼ੁਰਮਾਉਂਦੇ ਹਨ ਕਿ ਤਿਨ੍ਹਾਂ ਵਿਟਹੁੰ ਅਸੀਂ ਸਦਾ ਬਲਿਹਾਰੇ ਜਾਂਦੇ ਹਾਂ ਅਤੇ ਤਿਨ੍ਹਾਂ ਦੇ ਅਸੀਂ ਦਾਸਰੇ ਹਾਂ। (ਧੰਨ ਗੁਰੂ ਨਾਨਕ ਨਿਰੰਕਾਰੀ)

ਆਵਧ, ਪ੍ਰੇਮ ਰਸ, ਚਰਨ ਕਮਲ

ਆਵਧ ਕਟਿਓ ਨ ਜਾਤ ਪ੍ਰੇਮ ਰਸ ਚਰਨ ਕਮਲ ਸੰਗਿ॥ *(ਪੰਨਾ ੧੩੮੯)*

ਜੋ ਜਨ (ਵਾਹਿਗੁਰੂ) ਚਰਨ ਕਮਲੀ ਪ੍ਰੇਮ ਰਸ ਨਾਲਿ ਜੁੜਿਆ ਹੈ, ਉਹ ਜਨ (ਕਿਸੇ ਭੀ) ਸ਼ਸਤਰ ਕਰਕੇ ਕਟਿਆ ਨਹੀਂ ਜਾ ਸਕਦਾ। 'ਆਵਧ' ਦਾ ਧੱਧਾ ਮੁਕਤਾ ਇਸ ਕਰਕੇ ਹੈ ਕਿਉਂਕਿ ਇਸ ਦੇ ਅਗੇ 'ਕਰਕੇ' ਸਬੰਧਕ ਪਦ ਮਖ਼ਫੀ ਹੈ। ਇਸੇ ਪਰਕਾਰ 'ਪ੍ਰੇਮ ਰਸ' ਦਾ ਸੱਸਾ ਅੱਖਰ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਨਾਲਿ' ਸਬੰਧਕ ਪਦ (preposition) ਸਬੰਧਤ ਹੈ। 'ਚਰਨ ਕਮਲ' ਦਾ ਲੱਲਾ ਅੱਖਰ ਭੀ ਤਾਂ ਹੀ ਮੁਕਤਾ ਹੈ ਕਿਉਂਕਿ ਇਸ ਪਦ ਦੇ ਅਗੇ 'ਦੇ' ਸਬੰਧਕ ਅਰਥ ਬੋਧਕ ਹੈ—'ਚਰਨ ਕਮਲ ਦੇ ਪ੍ਰੇਮ ਰਸ ਨਾਲਿ'।

ਦਾਵਨਿ ਬੰਧਿਓ ਨ ਜਾਤ ਬਿਧੇ ਮਨ ਦਰਸ ਮਗਿ॥

ਜਿਨ੍ਹਾਂ ਦੇ ਮਨ ਦਰਸ਼ਨ ਦੀ ਮਗਨਤਾ ਅੰਦਰਿ ਵਿਧੇ (ਲਿਪਟੇ, ਲਿਵਲੀਨ) ਹਨ, ਓਹ ਜਨ ਹੋਰਸ ਦਾਵਾਂ, ਭਾਵਾਂ, ਹਾਵਾਂ, ਮੰਤਰਾਵਾਂ ਨਾਲਿ ਨਹੀਂ ਬੰਨ੍ਹੇ (ਰੋਕੇ, ਹਟਾਏ) ਜਾ ਸਕਦੇ। 'ਦਾਵਨਿ' ਬਹੁ-ਵਚਨ ਹੈ 'ਦਾਵ' ਦਾ ਤਾਂ ਤੇ 'ਦਾਵਨਿ' ਤੋਂ ਭਾਵ

bsrstrust.org

ਹੈ ਦਾਵਾਂ ਕਰਕੇ, ਦਾਵਾਂ ਨਾਲਿ। 'ਬਿਧੇ'—ਬੇਧੇ ਹੋਏ। 'ਮਨ' ਪਦ ਦਾ ਨੰਨਾ ਮੁਕਤਾ ਹੋਣ ਕਰਿ ਇਹ ਭੀ ਬਹੁ-ਵਚਨ ਹੈ। (ਨੰਨੇ ਔਂਕੜ ਨਾਲ 'ਮਨੁ' ਇਕ-ਵਚਨ ਹੈ)। ਆਨ ਅਰਥ ਹੋ ਹੀ ਨਹੀਂ ਸਕਦੇ। 'ਮਗਿ'—ਮਗਨਤਾ। 'ਦਰਸ ਮਗਿ'—ਦਰਸ਼ਨ ਦੀ ਮਗਨਤਾ ਵਿਚਿ।

ਨੀਰੁ ਨ ਸਾਕਸਿ ਬੋਰਿ ਚਲਹਿ ਹਰਿ ਪੰਥਿ ਪਗਿ॥

ਜੋ ਜਨ ਪੈਰਾਂ (ਪਗਿ) ਵਾਹਿਗੁਰੂ ਦੇ (ਪਰਮਾਰਥੀ) ਪੈਂਡੇ ਤੇ ਚਲਦੇ ਹਨ ਓਹਨਾਂ ਨੂੰ ਪਾਣੀ ਡੋਬ ਨਹੀਂ ਸਕਦਾ (ਭਾਵੇਂ ਕਿਤਨਾ ਹੀ ਅਥਾਹ ਜਲ ਹੋਵੇ, ਸਮੁੰਦਰ ਸਾਗਰ ਵਾਂਗ ਖਾਰਾ ਹੀ ਭਾਵੇਂ ਹੋਵੇ)। 'ਨੀਰੁ' ਪਦ ਦੇ ਰਾਰੇ ਅੱਖਰ ਨੂੰ ਔਂਕੜ ਲਗਿਆ ਉਸ ਨੂੰ ਕਰਤਾ ਨਾਂਵ ਸਿਧ ਕਰਦਾ ਹੈ। 'ਸਾਕਸਿ' ਕਿਰਿਆ ਹੈ—'ਸਕਦਾ ਹੈ'। 'ਨ ਸਾਕਸਿ'—ਨਹੀਂ ਸਕਦਾ ਹੈ। 'ਬੋਰਿ'—ਡੋਬਿ। 'ਚਲਹਿ'—ਜੋ ਚਲਦੇ ਹਨ। ਬਹੁ-ਵਚਨ ਕਿਰਿਆ (plural present tense ਵਾਲਾ verb) ਹੈ। 'ਹਰਿ ਪੰਥ'—ਵਾਹਿਗੁਰੂ ਦੇ ਰਸਤੇ ਤੇ। 'ਪੰਥ' ਪਦ ਦਾ ਥੱਥਾ ਅੱਖਰ ਮੁਕਤਾ ਹੋਣ ਕਰਿ 'ਤੇ' ਸਬੰਧਕੀ ਪਦ ਅਰਥ ਭੀ ਨਾਲਿ ਹੀ ਉਠਾਉਣਾ ਹੈ। 'ਪਗਿ'—ਪਗਾਂ ਨਾਲਿ, ਪੈਰਾਂ ਕਰਕੇ।

ਨਾਨਕ ਰੋਗ ਦੋਖ ਅਘ ਮੋਹ ਛਿਦੇ ਹਰਿ ਨਾਮ ਖਗਿ॥੧੦॥

ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ—ਰੋਗ, ਸੋਗ, ਭਾਰੀ ਪਾਪ ਬੜੇ ਬੜੇ ਦੋਖ (ਮਹਾਂ ਦੋਖੀਆਂ ਦੇ) ਵਾਹਿਗੁਰੂ ਨਾਮ ਦੇ ਤੀਰ ਨਾਲਿ ਛੇਦੇ (ਵਿੰਨ੍ਹ ਕੇ ਬਿਨਾਸ ਕੀਤੇ) ਜਾਂਦੇ ਹਨ। ਸਭ ਬਹੁ-ਵਚਨਕ ਨਾਂਵ (nouns) ਹਨ ਜਿਸ ਕਰਕੇ 'ਰੋਗ, ਸੋਗ, ਅਘ, ਦੋਖ' ਏਹਨਾਂ ਪਦਾਂ ਦੇ ਪਿਛਲੇ ਅੱਖਰਾਂ ਨੂੰ ਔਂਕੜ ਨਹੀਂ ਸਭ ਮੁਕਤੇ ਹਨ। 'ਨਾਮ ਪਦ ਦਾ ਮੰਮਾ ਅੱਖਰ ਇਸ ਕਰਕੇ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਦੇ' ਪਦ ਸਬੰਧਕ ਅਰਥ ਬੋਧਕ ਹੈ। 'ਖਗਿ' ਪਦ ਦੇ ਗੱਗੇ ਅੱਖਰ ਨੂੰ ਸਿਹਾਰੀ 'ਨਾਲਿ' ਦਾ ਅਰਥ ਦਿੰਦੀ ਹੈ।

ਉਦਮੁ ਕਰਿ ਲਾਗੇ ਬਹੁ ਭਾਤੀ ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ॥
ਭਸਮ ਲਗਾਇ ਤੀਰਥ ਬਹੁ ਭ੍ਰਮਤੇ ਸੂਖਮ ਦੇਹ ਬੰਧਹਿ ਬਹੁ ਜਟੂਆ॥
ਬਿਨੁ ਹਰਿ ਭਜਨ ਸਗਲ ਦੁਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ॥
ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਂਤਿ ਥਾਟਹਿ ਕਰਿ ਥਟੂਆ॥੨॥੧੧॥੨੦॥

(ਪੰਨਾ ੧੩੮੯)

ਇਸ ਛੰਤ ਵਿਖੇ ਆਨਮਤ ਕਰਮ ਧਰਮ ਭਲੀ ਭਾਂਤ ਖੰਡਨ ਕੀਤੇ ਗਏ ਹਨ ਅਤੇ ਦੁਖ ਰੂਪ ਦਸੇ ਗਏ ਹਨ। ਗੁਰਮੁਖਿ ਨਾਮ ਦੇ ਭਜਨ ਬਿਨ ਸਭ ਦੁੱਖ ਰੂਪ ਹਨ—'ਬੜਾ ਬੜਾ ਉਦਮ ਕਰਕੇ ਬਹੁ ਬਹੁ ਭਾਂਤਿ ਕਰ ਅਨੇਕਾਂ ਖਟ ਕਰਮਾਂ ਸ਼ਾਸਤ੍ਰਾਂ ਦੇ ਸਮੂਹਾਂ ਦੇ ਸਮੂਹਾਂ ਨੂੰ ਬਿਚਾਰਨ ਵਿਚਿ ਭਾਵੇਂ ਸਾਰੀ ਉਮਰ ਜੁਟੇ ਰਹਿਣ (ਅਨਮਤੀ ਲੋਗ) ਪਰ ਕਿਸੇ ਲੇਖੇ ਨਹੀਂ। ਬਿਭੂਤ ਮਲ ਕੇ ਬਹੁ ਤੀਰਥਾਂ ਤੇ ਭਰਮਦੇ ਹਨ। ਦੇਹੀ ਨੂੰ ਗਾਲ ਕੇ ਖੀਨ ਪਤਲੀ ਕਰ ਲੈਂਦੇ ਹਨ। ਬਹੁਤ ਬਾਹਲੀਆਂ ਭਾਰੀਆਂ ਲੰਮੀਆਂ ਜਟਾਂ ਲਟਾਂ ਵਧਾ ਕੇ ਸਿਰ ਤੇ ਲਪੇਟਦੇ ਹਨ। ਬਹੁ ਬਿਧੀ ਪੂਜਾ ਤਨ ਦੇ ਪਾਖੰਡ ਚਕ੍ਰ

bsrstrust.org

ਬਣਾ ਕੇ ਕਰਦੇ ਹਨ। ਪਕਵਾਨ ਖਾਣ ਦਾ ਪਖੰਡ ਭੀ ਕਰਦੇ ਹਨ। ਹੋਰ ਅਨੇਕਾਂ ਭਾਂਤਾਂ ਦੀਆਂ ਬਣਾਉਟਾਂ ਬਣਾਉਂਦੇ ਹਨ (ਥਾਟਾਂ ਥਟਦੇ ਹਨ) ਪਰ ਕਿਸੇ ਲੇਖੇ ਨਹੀਂ। ਵਾਹਿਗੁਰੂ ਦੇ ਭਜਨ ਬਿਨਾਂ ਸਾਰੇ ਦੁੱਖ ਪਾਉਂਦੇ ਹਨ। ਜੈਸੇ ਰੇਸ਼ਮ ਦਾ ਕੀੜਾ ਆਪਣੇ ਦੁਆਲੇ ਤਾਣਾ ਤਣ ਕੇ ਆਪਣੀ ਮੌਤ ਦਾ ਹੀ ਕਾਰਨ ਬਣਦਾ ਹੈ, ਐਸਾ ਹੀ ਮੋਹ ਪ੍ਰੇਮ ਉਸ ਦਾ ਉਲਟਾ ਦੁੱਖ ਰੂਪ ਹੀ ਨਿਕਲਦਾ ਹੈ।' 'ਉਦਮੁ' ਪਦ ਦੇ ਮੰਮੇ ਨੂੰ ਔਂਕੜ ਹੈ, ਇਕ-ਵਚਨ ਜੋ ਹੋਇਆ। 'ਕਰਿ'—ਕਰਕੇ। 'ਲਾਗੇ'—ਭਾਵੇਂ ਕਿਤਨੇ ਹੀ ਤਰੀਕਿਆਂ ਵਿਚ ਲਗਣ। 'ਬਿਚਰਹਿ'—ਛੇਖੜਲੇ ਅੱਖਰ ਹਾਹੇ ਨੂੰ ਸਿਹਾਰੀ ਹੋਣ ਕਰਿ ਇਹ ਪਦ ਅੰਨਯ ਪੁਰਖ ਬਹੁ-ਵਚਨ (present tense) ਹੈ। 'ਭਸਮ' ਦਾ ਮੰਮਾ ਮੁਕਤਾ ਇਸ ਕਰਕੇ ਹੈ ਕਿ ਇਹ ਪਦ ਇਸਤ੍ਰੀ-ਲਿੰਗ ਹੈ, 'ਤੀਰਥ' ਦਾ ਥੱਥਾ ਅੱਖਰ ਤਾਂ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਤੇ' ਸਬੰਧਕੀ ਪਦ ਮਫ਼ਹੂਮ ਹੈ। 'ਭਜਨ' ਦਾ ਨੰਨਾ ਤਦ ਮੁਕਤਾ ਹੈ ਕਿ ਇਸ ਦੇ ਪਹਿਲਾਂ 'ਬਿਨੁ' ਸਬੰਧਕ ਹੈ। ਇਹ ਪੱਕਾ ਨਿਯਮ ਹੈ ਕਿ ਗੁਰਬਾਣੀ ਅੰਦਰਿ ਜਿਥੇ ਭੀ 'ਬਿਨੁ' ਪਦ ਆਉ ਉਸ ਦੇ ਅਗੇ ਜਾਂ ਪਿਛੇ ਲਗਵੇਂ ਨਾਂਵ ਦਾ ਔਂਕੜ ਜ਼ਰੂਰ ਉਡ ਜਾਉ ਜੈਸਾ ਕਿ ਇਹ ਨਿਰਣੈ ਕੀਤਾ ਜਾ ਚੁਕਿਆ ਹੈ। 'ਸਗਲ'—ਸਾਰੇ ਕਰਮ ਕਾਂਡੀ ਆਨਮਤ ਕਰਮਾਂ ਵਾਲੇ। 'ਸਗਲ' ਪਦ ਦਾ ਲੱਲਾ ਇਸ ਕਰਕੇ ਮੁਕਤਾ ਹੈ ਕਿ ਇਹ ਬਹੁ-ਵਚਨ ਦਾ ਭਾਵ ਦਿੰਦਾ ਹੈ। ਅਗਲਾ 'ਦੁਖ' ਪਦ ਭੀ ਬਹੁ-ਵਚਨ ਹੈ, ਬਹੁਤੇ ਦੁਖਾਂ ਦਾ ਅਰਥ ਬੋਧਕ ਹੈ। ਇਸ ਕਰਕੇ ਇਸ ਦਾ ਖੱਖਾ ਅੱਖਰ ਮੁਕਤਾ ਹੈ, ਔਂਕੜ ਉਡਿ ਗਇਆ ਹੈ।

ਭੱਟਾਂ ਦੇ ਸਵਯੇ

ਸਵਈਏ ਮਹਲੇ ਪਹਿਲੇ ਕੇ ੧

ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ ॥...੪॥

(ਪੰਨਾ ੧੩੮੯)

ਗਾਉਂਦੇ ਹਨ ਕਪਲ ਰਿਸ਼ੀ ਆਦਿ, ਮੁਖੀ ਜੋਗੀ, ਸਭ ਤੋਂ ਉਚੇ ਵਾਹਿਗੁਰੂ ਦੇ ਸ੍ਰੇਸ਼ਟ ਅਵਤਾਰ ਗੁਰੂ ਨਾਨਕ ਨੂੰ। 'ਅਪਰੰਪਰ' ਪਦ ਦਾ ਰਾਰਾ ਅੱਖਰ ਮੁਕਤਾ ਹੈ ਇਸ ਕਰਕੇ 'ਦੇ' ਸਬੰਧਕ ਪਦ (preposition) ਇਸ ਦੇ ਅਗੇ ਅਰਥ ਬੋਧਕ ਹੈ। ਪਰੇ ਤੋਂ ਪਰੇ ਨਿਰੰਕਾਰ ਵਾਹਿਗੁਰੂ ਹੈ ਉਸ ਦੇ ਸ੍ਰੇਸ਼ਟ ਅਵਤਾਰ ਗੁਰੂ ਨਾਨਕ ਨੂੰ 'ਅਵਤਾਰ ਵਰੋ' ਅਵਤਾਰ ਸ੍ਰੇਸ਼ਟ (ਸਰਬੋਤਮ) ਨੂੰ। 'ਵਰੋ' ਪਦ ਦੇ ਰਾਰੇ ਅੱਖਰ ਨੂੰ ਜੋ ਹੋੜਾ ਹੈ ਉਹ 'ਨੂੰ' ਦੇ ਅਰਥ ਦਿੰਦਾ ਹੈ ਇਥੇ।

ਹਰਿ ਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ ॥੬॥

ਹੇ ਵਾਹਿਗੁਰੂ ਨਾਮ ਦੇ ਰਸੀਆਂ ਦੇ ਕਲਾ ਕੌਸ਼ਲੀ ਪਾਰਸ ਰਸਾਇਣੀ ਸੋਮੇ (ਜਿਥੋਂ ਨਾਮ ਰਸ ਪਾਰਸ ਰੂਪ ਹੋ ਕੇ ਉਤਪੰਨ ਹੁੰਦਾ ਹੈ) ਗੁਰੁ ਨਾਨਕ! ਰਾਜੁ ਤੇ ਜੋਗੁ ਕੇਵਲ ਤੈਂ ਹੀ ਮਾਣਿਆ ਹੈ। ਸੰਬੋਧਕ ਨਾਂਵ ਹੋਣ ਕਰਕੇ 'ਨਾਨਕ' ਤੇ 'ਗੁਰ' ਦੋਹਾਂ ਪਦਾਂ

bsrstrust.org

ਦੇ ਪਿਛਲੇ ਅੱਖਰਾਂ ਨੂੰ ਔਂਕੜ ਨਹੀਂ। 'ਨਾਮ' ਦਾ ਮੰਮਾ ਮੁਕਤਾ ਹੈ ਅਗੇ 'ਦੇ' ਸਬੰਧਕੀ ਪਦ ਮਫ਼ਹੂਮ ਹੈ।

ਸਤਿਜੁਗਿ ਤੈ ਮਾਨਿਓ ਛਲਿਓ ਬਲਿ ਬਾਵਨ ਭਾਇਓ ॥...੭॥

ਸਤਿਜੁਗਿ ਵਿਖੇ ਤੈਂ ਮਾਨਿਆ ਰਾਜੁ ਜੋਗੁ (ਹੇ ਸਤਿਗੁਰੂ ਨਾਨਕ ਦੇਵ ਜੀ) ਬਲ ਰਾਜੇ ਨੂੰ ਛਲਿਆ, ਬਾਵਨ ਅਵਤਾਰ ਹੋ ਕੇ (ਬਾਵਨ ਸਰੂਪ ਧਾਰ ਕੇ) ਉਸ ਸਮੇਂ ਏਹੋ ਤੈਨੂੰ ਭਾਇਆ ਸੀ। 'ਮਾਨਿਓ' ਦਾ ਸਪਸ਼ਟ ਅਰਥ ਮਾਨਿਆ ਹੈ, ਮਾਨਿਆ ਕੀ ? ਰਾਜੁ ਜੋਗੁ ਮਾਨਿਆ ਜੈਸਾ ਕਿ ਪਹਿਲੀਆਂ ਪਉੜੀਆਂ ਵਿਚਿ ਸਪਸ਼ਟ ਸਿੱਧ ਹੋ ਚੁੱਕਾ ਹੈ। 'ਮਾਨਿਓ' ਪਦ ਕਿਰਿਆ ਦਾ ਕਰਤਾ (subject) ਗੁਰੂ ਨਾਨਕ ਹੈ, ਜਿਸ ਨੂੰ ਏਥੇ 'ਤੈ' ਕਰਕੇ ਸੰਬੋਧਨ ਕੀਤਾ ਹੈ। ਕਰਮ (object) ਹੈ ਰਾਜੁ ਜੋਗੁ, ਜੋ ਇਸ ਤੁਕ ਵਿਖੇ ਤਾਂ ਸਪਸ਼ਟ ਨਹੀਂ ਆਇਆ ਪਰ ਏਸੇ ਸਵਯੇ ਦੀ ਅੰਤਲੀ ਤੁਕ ਵਿਚਿ ਇਹ ਅਭਿਪਰਾ ਸਪਸ਼ਟ ਕੀਤਾ ਹੋਇਆ ਹੈ। "ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥" 'ਤੈ ਮਾਨਿਓ' ਦਾ ਕਰਮ 'ਸਤਿਜੁਗਿ' ਨਹੀਂ ਹੋ ਸਕਦਾ ਉੱਕਾ ਹੀ ਨਹੀਂ ਹੋ ਸਕਦਾ। ਜੈਸੇ ਕਿ ਕਈ ਇਕ ਪੰਥਕ ਪਰਸਿੱਧ ਸਜਣ ਆਪਣੀ ਕੀਤੀ ਭੱਟਾਂ ਦੇ ਸਵਯੀਆਂ ਦੀ ਅਰਥਾਵਲੀ ਵਿਖੇ ਵਖਾਣਦੇ ਹਨ। ਕਿਉਂਕਿ 'ਸਤਿਜੁਗਿ' ਪਦ ਦੇ ਗੱਗੇ ਅੱਖਰ ਨੂੰ ਸਿਹਾਰੀ ਲਗੀ ਹੋਈ ਹੈ ਜੋ 'ਵਿਖੇ' ਜਾਂ 'ਦੁਆਰਾ' ਦਾ ਅਰਥ ਦਿੰਦੀ ਹੈ। ਗੁਰਬਾਣੀ ਅੰਦਰਿ ਕਿਤੇ ਭੀ (ਕਰਤਾ, ਕਰਮ) ਫਾਇਲ ਮਫਊਲ਼ੀਅਤ ਦੇ ਸਰੂਪ ਵਿਚਿ 'ਸਤਿਜੁਗਿ' ਪਦ ਗੱਗੇ ਸਿਹਾਰੀ ਨਾਲਿ ਨਹੀਂ ਆਇਆ, ਨਾ ਹੀ ਲਗਮਾਤ੍ਰੀ ਨਿਯਮਾਂ ਅਨੁਸਾਰ ਐਸਾ ਆ ਸਕਦਾ ਹੈ। ਸਗੋਂ ਗੱਗੇ ਔਂਕੜ ਨਾਲਿ ਆਇਆ ਹੈ। 'ਜੁਗੁ' ਪਦ ਵਖਰਾ ਭੀ ਗੱਗੇ ਔਂਕੜ ਸਹਿਤ ਆਇਆ ਹੈ। ਹਾਂ ਜਿਥੇ ਬਹੁ-ਵਚਨ (plural) ਹੈ, ਉਥੇ ਗੱਗਾ ਅੱਖਰ ਮੁਕਤਾ ਹੋ ਗਿਆ ਹੈ। ਸਿਹਾਰੀ ਤਾਂ ਗੱਗੇ ਨੂੰ ਉਥੇ ਹੀ ਲਗੀ ਹੈ, ਜਿਥੇ ਇਹ 'ਵਿਖੇ' ਜਾਂ 'ਦੁਆਰਾ' ਆਦਿ ਅਰਥ ਦਿੰਦੀ ਹੈ। ਕਰਮ (ਫਾਇਲ ਮਫਊਲੀਅਤ) ਦੇ ਸਰੂਪ ਵਿਚਿ ਸਿਹਾਰੀ ਉੱਕੀ ਹੀ ਨਹੀਂ ਲਗਦੀ।

'ਮਾਨਿਓ' ਪਦ ਦਾ ਅਰਥ ਪਰਸਿੱਧ ਗੁਰਮਤਿ ਅਚਾਰਯੀ ਪੰਡਿਤ 'ਮਾਣ ਦਿਤਾ' ਭੀ ਕਰਦੇ ਸੁਣੇ ਪੇਖੇ ਗਏ ਹਨ। ਏਹਨਾਂ ਅਰਥਾਂ ਦੀ ਸ਼ਕਲ ਵਿਚਿ ਭੀ 'ਸਤਿਜੁਗਿ' ਗੱਗੇ ਸਿਹਾਰੀ ਨਾਲਿ ਨਹੀਂ ਆ ਸਕਦਾ। ਬਲਕਿ ਜਿਵੇਂ ਉਹ ਅਰਥ ਕਰਦੇ ਹਨ ਕਿ 'ਗੁਰੂ ਨਾਨਕ ਸਾਹਿਬ ਨੇ ਸਤਿਜੁਗ ਨੂੰ ਮਾਣ ਦਿਤਾ', ਤਦ ਤਾਂ ਸਗੋਂ ਗੱਗਾ ਅੱਖਰ 'ਸਤਿਜੁਗ' ਦਾ ਮੁਕਤਾ ਹੋਣਾ ਚਾਹੀਦਾ ਹੈ ਕਿਉਂਕਿ ਅਵਸ਼ਕ ਅਰਥ ਭਾਵ ਅੰਦਰਿ ਜੇ 'ਨੂੰ' ਸਬੰਧਕੀ ਪਦ ਅਨਮਾਨਿਆ ਜਾਊ, ਤਾਂ ਗੱਗੇ ਦਾ ਔਂਕੜ ਭੀ ਉਡ ਜਾਣਾ ਚਾਹੀਦਾ ਹੈ। ਜੇ ਕਹੋ 'ਰਾਜੁ ਜੋਗੁ' ਦੇ ਪਿਛਲੇ ਅੱਖਰਾਂ ਦੇ ਔਂਕੜ ਕਿਉਂ ਨਹੀਂ ਉਡੇ ਤਾਂ ਉੱਤਰ ਹੈ ਕਿ 'ਮਾਨਿਆ' ਅਤੇ 'ਮਾਣ ਦਿਤਾ' ਦਾ ਕਿਰਿਆ ਬੋਧਕੀ ਤਫੱਰਕਾ ਇਹ ਇਜਾਜ਼ਤ ਨਹੀਂ ਦਿੰਦਾ। ਮਾਨਿਆ ਕੀ ? ਉਤਰ ਰਾਜੁ ਜੋਗੁ। ਮਾਣ ਦਿਤਾ ਕੀਹਨੂੰ ? ਸਤਿਜੁਗ ਨੂੰ। ਮਾਣ ਦਿਤਾ ਕਿਰਿਆ ਦੇ ਕਰਮ ਵਿਚ ਅਵਸ਼ 'ਨੂੰ' ਸਬੰਧਕ ਆਵੇਗਾ। ਮਾਨਿਆਂ ਕਿਰਿਆ ਪਿਛੋਂ ਇਸ ਦਾ ਆਉਣਾ ਜ਼ਰੂਰੀ ਨਹੀਂ।

bsrstrust.org

ਜੇਕਰ ਇਹ ਤੀਜਾ ਅਰਥ ਅਨੁਮਾਨਿਆ ਜਾਵੇ ਕਿ ਸਤਿਜੁਗ ਵਿਖੇ ਤਾਂ ਗੁਰੂ ਨਾਨਕ ਸਾਹਿਬ ਨੇ ਬਾਵਨ ਅਵਤਾਰ ਨੂੰ ਮਾਣ ਦਿਤਾ। ਤ੍ਰੇਤੇ ਵਿਖੇ ਰਾਮਾ ਅਵਤਾਰ ਨੂੰ ਮਾਣ ਦਿਤਾ ਅਤੇ ਦੁਆਪਰ ਵਿਖੇ ਕ੍ਰਿਸ਼ਨ ਨੂੰ ਮਾਣ ਦਿਤਾ ਤਾਂ ਇਹ ਅਰਥ ਭੀ ਠੀਕ ਨਹੀਂ ਉਤਰਦੇ ਲਗਮਾਤ੍ਰਾਂ ਦੀ ਨਿਯਮਕ ਕਸੌਟੀ ਅਨੁਸਾਰ। ਕਿਉਂਕਿ 'ਰਾਮੁ' ਪਦ ਦੇ ਮੰਮੇ ਅੱਖਰ ਨੂੰ ਔਂਕੜ ਹੈ। ਜੋ 'ਨੂੰ' ਦੇ ਅਰਥ ਨੂੰ ਲਵੇ ਨਹੀਂ ਲਗਣ ਦਿੰਦਾ। ਖ਼ਾਸ ਕਰਿ ਸਭ ਤੋਂ ਪਿਛਲੀ ਤੁਕ ਅੰਦਰਿ "ਕਲਜੁਗਿ ਪਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥" ਦੇ ਪਦਾਂ 'ਨੂੰ ਮਾਣ ਦਿਤਾ' ਦਾ ਅਰਥ ਕਦੇ ਹੋਣ ਹੀ ਨਹੀਂ ਦਿੰਦਾ। 'ਨਾਨਕ ਗੁਰੁ, ਅੰਗਦੁ ਅਮਰੁ' ਆਦਿ ਕਹਾਇਆ ਹੈ। ਦਸੇ ਗੁਰੂ ਪਾਤਸ਼ਾਹੀਆਂ ਇਕੋ ਰੂਪ ਹੋਈਆਂ ਹਨ। ਗੁਰੂ ਨਾਨਕ ਨੇ ਅੰਗਦ ਆਦਿ ਕਿਸੇ ਗੁਰੂ ਨੂੰ ਮਾਣ ਨਹੀਂ ਦਿਤਾ। ਜੇ ਐਸਾ ਹੁੰਦਾ ਤਾਂ ਨਾ ਹੀ ਅੰਗਦੁ ਅਤੇ ਨਾ ਹੀ 'ਅਮਰੁ' ਪਦ ਦੇ ਰਾਰੇ ਅੱਖਰ ਨੂੰ ਔਕੁੜ ਹੁੰਦਾ। ਪਰ ਦੋਹਾਂ ਪਦਾਂ ਦੇ ਪਿਛਲੇ ਅੱਖਰਾਂ ਨੂੰ ਸਾਫ਼ ਔਂਕੜ ਲਗੇ ਹੋਏ ਹਨ।

ਏਹੋ ਗੁਰਮਤਿ ਭਾਵ ਸਪਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਨੇ ਚੌਹਾਂ ਜੁਗਾਂ ਵਿਚਿ ਹੀ ਰਾਜ ਜੋਗੁ ਮਾਣਿਆ। ਗੁਰੂ ਨਾਨਕ ਸਾਹਿਬ ਅਜ਼ਲ ਅਬਦੀ ਸਤਿਗੁਰੂ ਹਨ। ਆਦਿ ਜੁਗਾਦੀ ਸਤਿਗੁਰੂ ਹਨ। "ਓਹੁ ਅਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ" ਆਦਿ ਅਜ਼ਲ ਤੋਂ ਹੀ ਪਰਮੇਸ਼ਰ ਰੂਪ ਹਨ। ਨਿਰੰਕਾਰ ਪਰਮੇਸ਼ਰ ਨਾਲਿ ਮੁਢ ਤੋਂ ਹੀ ਅਭੇਦ ਹਨ। ਨਿਰੰਕਾਰ ਵਲੋਂ ਹਰ ਇਕ ਜੁਗ ਅੰਦਰਿ ਨਿਰੰਕਾਰ ਦਾ ਆਕਾਰੀ ਸਰੂਪ ਧਾਰ ਕੇ ਗੁਰੂ ਨਾਨਕ ਨਿਰੰਕਾਰੀ ਹੀ ਸਭ ਜੁਗੀਂ ਜੀਵਾਂ ਦੇ ਉਧਾਰ ਲਈ ਆਉਂਦੇ ਰਹੇ ਹਨ। ਏਤਨਾ ਫ਼ਰਕ ਜ਼ਰੂਰ ਹੈ ਕਿ ਕਲਜੁਗ ਅੰਦਰਿ ਪਰਤੱਖ ਪਰਗਟ ਪਰਮਾਣ ਗੁਰੂ ਦੇ ਸਰੂਪ ਵਿਚਿ ਦਸ ਗੁਰੂ ਜਾਮੇ ਧਾਰ ਕੇ ਆਏ ਕਲਜੁਗੀ ਜੀਵਾਂ ਦੇ ਉਧਾਰਨ ਲਈ। ਪਹਿਲੇ ਤੇਹਾਂ ਜੁਗਾਂ ਅੰਦਰਿ ਵਿਰਲੀ ਵਿਰਲੀ ਥਾਵੀਂ ਵਿਰਲੇ ਵਿਰਲੇ ਇਕ ਦੁਹਿ ਚੌਂਹ ਨੂੰ ਉਧਾਰਨ ਲਈ ਆਏ। ਪਰ ਨਿਰੇ ਹਰਿ ਅਵਤਾਰੀ ਆਕਾਰੀ ਜਾਮਾ ਧਾਰ ਕੇ ਆਏ ਨਿਰੰਕਾਰ ਵਲੋਂ। ਗੁਰੂ ਅਵਤਾਰੀ ਪਰਤੱਖ ਪਰਗਟ ਪਰਮਾਣ ਜਾਮਾ ਧਾਰ ਕੇ ਕੇਵਲ ਕਲਜੁਗ ਵਿਖੇ ਹੀ ਆਏ। ਪ੍ਰੰਤੂ ਜਿਸ ਜੁਗ ਵਿਖੇ ਭੀ ਆਏ ਰਾਜੁ ਜੋਗੁ ਹੀ ਮਾਣਦੇ ਰਹੇ। ਨਿਰੰਕਾਰ ਆਕਾਰ ਧਾਰ ਕੇ ਨਿਰੰਕਾਰ ਸਿਰਜਨਹਾਰ ਦੀ ਸਿਰਜੀ ਸ੍ਰਿਸ਼ਟੀ ਅੰਦਰਿ ਰਹਿ ਕੇ ਹੀ ਜੀਵਾਂ ਦਾ ਉਧਾਰ ਹੋ ਸਕਦਾ ਹੈ। ਇਥੇ ਰਹਿ ਕੇ ਰਾਜ ਜੋਗ ਮਾਣਿਆਂ ਅਤੇ ਦੀਖਿਆ ਪਾਤਰ ਅਧਿਕਾਰੀ ਜਨਾਂ ਨੂੰ ਹੀ ਸ੍ਰਿਸ਼ਟੀ ਅੰਦਰਿ ਰਹਿ ਕੇ ਹੀ ਰਾਜ ਜੋਗ ਮਾਨਣ ਦਾ ਸੱਚਾ ਉਪਦੇਸ਼ ਦਿਤਾ, ਦਸ ਗੁਰੂ ਜਾਮਿਆਂ ਦੇ ਸਰੂਪ ਵਿਚਿ ਸਦੀਆਂ ਬੱਧੀ ਰਹਿ ਕੇ ਰਾਜੁ ਜੋਗੁ ਮਾਨਣ ਦੇ ਪਰਤੱਖ ਪੂਰਨੇ ਪਾਏ ਅਤੇ ਗੁਰਮੁਖਿ ਸਿਖਾਂ ਪਾਸੋਂ ਪੁਆਏ। ਕਲਜੁਗ ਅੰਦਰਿ ਗੁਰਸਿਖੀ ਦਾ ਮਾਰਗ ਰਸਤਾ ਸਿਖਛਾ ਦੀ ਬਿਸੇਖਤਾ ਵਿਚ ਚਲਾਇਆ ਅਤੇ ਦਸਾਂ ਜਾਮਿਆਂ ਅੰਦਰਿ ਪੰਥ ਪਰਚਾਰ ਕਰਿ ਏਸੇ ਰਾਜੁ ਜੋਗੁ ਵਾਲੇ ਸੱਚੇ ਗੁਰਮਤਿ ਆਚਰਨ ਨੂੰ ਪਰਚਾਰਿਆ ਅਤੇ ਸਦਾ ਜੀਵਾਂ ਨੂੰ ਉਧਾਰਦੇ ਰਹੇ ਤੇ ਉਧਾਰਦੇ ਰਹਿਣਗੇ। "ਕਲਿਜੁਗੁ ਉਧਾਰਿਆ ਗੁਰਦੇਵ॥" ਇਸੇ ਕਰਕੇ ਕਲਜੁਗ ਸਾਰੇ ਜੁਗਾਂ ਨਾਲੋਂ ਉਤਮ ਜੁਗ ਸਰਬੋਤਮੋ ਜੁਗ ਹੈ। ਸਤਿਜੁਗ, ਤ੍ਰੇਤਾ, ਦੁਆਪਰ ਜੁਗ ਦੇ ਜੀਵਾਂ ਦਾ ਉਧਾਰ ਭੀ ਕਿਸੇ ਕਲਜੁਗ ਵਿਖੇ ਜਨਮ ਹੋਣ

bsrstrust.org

ਪਰ ਹੀ ਹੋਵੇਗਾ। ਹੋਰ ਤਾਂ ਹੋਰ ਬ੍ਰਹਮਾ ਆਦਿਕ ਦਾ ਉਧਾਰ ਭੀ ਬਹੁ ਜੁਗਾਂ ਜਨਮਾਂ ਅੰਦਰਿ ਭਰਮਾਇਆਂ ਹੋਇਆਂ ਓੜਕ ਕਲਜੁਗ ਵਿਚ ਗੁਰੂ ਘਰ, ਗੁਰੂ ਨਾਨਕ ਦੇ ਘਰਿ ਆ ਕੇ ਹੀ ਹੋਇਆ। ਪਹਿਲੇ ਜੁਗਾਂ ਵਿਚ ਤਾਂ ਅਵਤਾਰ ਆਕਾਰੀ ਮੁਅਜਜ਼ਿਆਂ ਦੁਆਰਾ ਹੀ ਚਮਤਕਾਰੀ ਕ੍ਰਿਸ਼ਮੇ ਦਿਖਾਏ ਗਏ। ਕਲਜੁਗ ਦੇ ਗੁਰੂ ਅਵਤਾਰੀ ਉਤਮੋ (ਸਰਬੋਤਮੋ) ਜੁਗ ਅੰਦਰਿ ਸਭ ਜੁਗਾਂ ਦੇ ਜੀਅ ਜੰਤ ਉਧਾਰਨ ਦਾ ਬੀੜਾ ਨਿਰੰਕਾਰੀ ਗੁਰੂ ਨਾਨਕ ਦੇਵ ਜੀ ਨੇ ਉਠਾਇਆ ਅਤੇ ਬਾਕਾਇਦਾ ਦੀਖਿਆ ਦਾਤਾਰਨੀ ਉਪਕਾਰ ਪਰਚੁਰ ਕਰਕੇ ਉਠਾਇਆ, ਨਾਮ ਦਾ ਡੰਕਾ ਬਜਾਇਆ। ਨਾਮ ਦਾ ਧੁਰਵਾ ਧੁਰਵਾਇਆ। ਨਾਮ ਦਾ ਰਾਜੁ ਜੋਗੁ ਹੀ ਚਲਾਇਆ। ਇਹੋ ਰਾਜੁ ਜੋਗੁ ਵਿਥਾਰਿਆ। ਏਸੇ ਰਾਜ ਜੋਗ ਮਾਨਣ ਕਰ ਹੀ ਸਦ ਗਤੀ ਦੀ ਸੱਚੀ ਸਿਖਾਈ ਕਲਜੁਗ ਅੰਦਰਿ ਅਵਤਰੇ ਜੀਵਾਂ ਨੂੰ ਸਿਖਾਈ। ਨਾਮ ਦੀ ਸੱਚੀ ਕਮਾਈ ਕਰਕੇ ਰਾਜ ਜੋਗ ਦੀ ਪ੍ਰਾਪਤੀ ਸਿਖਣ ਦੀ ਨੀਂਹ ਰਖੀ ਰਖਾਈ। ਜੀਵਾਂ ਦੇ ਉਧਾਰ ਦਾ ਸੱਚਾ ਉਪਕਾਰ ਹੀ ਏਸੇ ਆਦਰਸ਼ ਦਾ ਸਦਕਾ ਹੋਇਆ। ਛਿਨ ਭੰਗਰੀ ਚਮਤਕਾਰ ਮੁਅਜਜ਼ੇ ਦਿਖਾਵਨ ਵਿਚਿ ਛਿਨ ਭੰਗਰੀ ਹੀ ਉਪਕਾਰ ਦੇ ਟਾਂਵੇਂ ਝਲਕੇ ਤਾਂ ਪਹਿਲੇ ਜੁਗਾਂ ਵਿਚਿ ਭੀ ਨਮੂਦਾਰ ਹੋਏ, ਜੋ ਅਸਲੀ ਉਧਾਰ ਦੇ ਲਖਾਇਕ ਹਰਗਿਜ਼ ਨਹੀਂ। ਸਤਿਜੁਗ ਅੰਦਰਿ ਬਾਵਨ ਰੂਪੀ ਅਵਤਾਰ ਆਕਾਰ ਧਾਰ ਕੇ ਰਾਜਾ ਬਲ ਆਦਿਕ ਨੂੰ ਛਲਨ ਦੇ ਮੁਅਜਜ਼ੇ ਤਾਂ ਨਿਰੂਪਨ ਹੋਏ ਪਰ ਅਵਤਾਰ ਅਕਾਰੀ ਜਲਵਿਆਂ ਦੀ ਕਥਾ ਤੋਂ ਇਹ ਸਿੱਧ ਕਦੇ ਨਾ ਹੋਇਆ ਕਿ ਬਲਿ ਆਦਿਕ ਤੱਤ ਜੀਵਨੀ ਉਧਾਰ ਹੋਏ। ਏਸੇ ਪਰਕਾਰ ਤ੍ਰੇਤੇ ਜੁਗ ਅੰਦਰਿ ਰਾਮ ਰਘੁਬੰਸੀ ਅਵਤਾਰ ਤਾਂ ਹੋਇਆ ਪਰ ਏਸ ਅਵਤਾਰ ਅੰਸੀ ਜਾਮੇ ਵਿਚਿ ਭੀ ਨਿਰੰਕਾਰ ਸਰੂਪ ਨਾਨਕ ਦੀ ਹੀ ਗੁਰੂ ਅੰਸ ਨੇ ਕਉਤਕ ਵਰਤਾਏ। ਪਰ ਦੱਸੋ ਰਾਮ ਅਵਤਾਰੀ ਜਾਮੇ ਵਿਚਿ ਸਮੱਗਰ ਜੀਵ ਉਧਾਰੀ ਤੱਤ ਕ੍ਰਿਸ਼ਮੇ ਕੇਹੜੇ ਹੋਏ ? ਇਸੀ ਪਰਕਾਰ ਕ੍ਰਿਸ਼ਨ ਅਵਤਾਰੀ ਆਕਾਰੀ ਅਵਤਾਰ ਨੇ ਸ੍ਰਿਸ਼ਟੀ ਦੇ ਤੱਤ ਉਧਾਰੀ ਉਪਕਾਰ ਕੇਹੜੇ ਕੀਤੇ ? ਸ੍ਰੀ ਦਸਮੇਸ਼ ਜੀ ਦੇ ਸ੍ਰੀ ਮੁਖਵਾਕ 'ਦਸਕੁ ਅਸੁਰ ਹਰਿ ਘਾਏ" ਵਾਲੇ ਮੁਅਜਜ਼ੇ ਹੀ ਦਿਖਾਏ।

ਨਿਰੰਕਾਰੀ ਨਾਨਕ ਨੇ ਜਾ ਕੇ ਕਲਜੁਗ ਅੰਦਰਿ ਗੁਰੂ ਅਕਾਰੀ ਜਾਮਾ ਧਾਰਨ ਕੀਤਾ ਤਦੋਂ ਹੀ ਸੱਚੇ ਉਪਕਾਰਾਂ "ਜੀਅ ਦਾਨੁ ਦੇ ਭਗਤੀ ਲਾਇਨਿ" ਵਾਲੇ ਉਪਕਾਰਾਂ ਦੀ ਡੰਝ ਲੱਥੀ। ਡੰਝ ਭੀ ਐਸੀ ਲੱਥੀ ਕਿ ਦਸ ਗੁਰੂ ਜਾਮੇ ਧਾਰ ਕੇ ਫੇਰ ਜੁਗੋ ਜੁਗੀ ਗੁਰੂ ਅਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਥਾਪਨ ਕੀਤਾ। ਦੇਹਧਾਰੀ ਗੁਰੂਆਂ ਦਾ ਸਿਲਸਿਲਾ ਮੁੱਕਾ, ਪੰਚ ਪਰਵਾਨ ਪੰਚ ਪਰਧਾਨ ਗੁਰਮੁਖ ਜਨਾਂ ਦੇ ਸਰੂਪ ਵਿਚਿ ਪੰਜ ਪਿਆਰਿਆਂ ਦੀ ਨੀਂਹ ਜੋ ਗੁਰੂ ਨਾਨਕ ਦਸਮੇਸ਼ ਨੇ ਰੱਖੀ ਤਾਂ "ਜੀਅ ਦਾਨੁ ਦੇ ਭਗਤੀ ਲਾਇਨਿ" ਵਾਲੇ ਸੱਚੇ ਅਤੇ ਤੱਤ ਸਾਰੀ ਪਰਉਪਕਾਰ ਲਈ ਹੀ ਰੱਖੀ ਜੋ ਜੁਗੋ ਜੁਗਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅੰਮ੍ਰਿਤ ਦਾਨ ਅਤੇ ਗੁਰਮੰਤ੍ਰ ਦੀਖਿਆਦਾਨ ਦੇ ਕੇ ਅਮਰ ਕਲਾ ਜ਼ਾਹਰੀ ਜੋਤਿ ਚਮਤਕਾਰੀ ਕਲਾ ਵਰਤਾਉਂਦੇ ਰਹਿਣਗੇ, ਰਹਿੰਦੀ ਦੁਨੀਆ ਤਾਂਈਂ। ਹੁਣ ਲਓ ਫੇਰ ਲੜੀ ਓਸੇ ਸਵਯੇ ਦੀ ਲਗਮਾਤ੍ਰੀ ਵਿਆਖਿਆ ਵੀਚਾਰਨ ਦੀ।

bsrstrust.org

ਸਤਿਜੁਗਿ ਤੈ ਮਾਨਿਓ ਛਲਿਓ ਬਲਿ ਬਾਵਨ ਭਾਇਓ ॥

ਇਸ ਤੁਕ ਪੰਗਤੀ ਦਾ ਲਗਮਾਤ੍ਰੀ ਅਰਥ ਨਿਰਣਾ ਪਹਿਲਾਂ ਹੋ ਹੀ ਚੁੱਕਾ ਹੈ।

ਤ੍ਰੇਤੈ ਤੈ ਮਾਨਿਓ ਰਾਮੁ ਰਘੁਵੰਸੁ ਕਹਾਇਓ ॥

ਤ੍ਰੇਤੇ ਜੁਗ ਵਿਖੇ ਤੈ ਰਾਜ ਜੋਗ ਕੇਵਲ ਇਸ ਸ਼ਕਲ ਵਿਚਿ ਮਾਨਿਆ ਕਿ ਤੂੰ ਰਾਮੁ ਰਘਵੰਸ ਕਹਾਇਆ ਅਤੇ ਰਾਮ ਅਵਤਾਰੀ ਚਰਿਤਰ ਦਿਖਾਏ (ਕੀਤੇ); 'ਤ੍ਰੇਤੈ' ਪਦ ਦੇ ਪਿਛਲੇ ਤੱਤੇ ਨੂੰ ਜੋ ਦੁਲਾਈਆਂ ਲਗੀਆਂ ਹਨ ਸੋ ਉਸ ਵਿਚਿ ਦੂਜੀ ਦੁਲਾਈ 'ਵਿਖੇ' ਦਾ ਅਰਥ ਦਿੰਦੀ ਹੈ। ਤ੍ਰੇਤੇ ਜੁਗ ਵਿਖੇ ਤੈਂ ਰਾਜੁ ਜੋਗੁ ਇਉਂ ਮਾਨਿਓ ਕਿ "ਰਾਮੁ ਰਘੁਵੰਸੁ ਕਹਾਇਓ" ਜੇ ਰਾਮ ਰਘਵੰਸੁ ਨੂੰ ਮਾਣ ਦਿਤਾ ਹੋਣ ਦੇ ਅਰਥ ਕੀਤੇ ਜਾਣ ਤਾਂ 'ਰਾਮੁ' ਤੇ 'ਰਘਵੰਸੁ' ਪਦ ਦੇ ਪਿਛਲੇ ਅੱਖਰਾਂ ਪੱਪੇ ਅਤੇ ਸੱਸੇ ਨੂੰ ਔਂਕੜ ਨਹੀਂ ਹੋਣਾ ਚਾਹੀਦਾ। ਤਾਂ ਤੇ ਇਹ ਅਰਥ ਭੀ ਠੀਕ ਨਹੀਂ ਉਤਰਦੇ।

ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥

ਦੁਆਪਰ ਜੁਗ ਵਿਖੇ ਤੈਂ (ਤੇ ਗੁਰੂ ਨਾਨਕ) ਕ੍ਰਿਸ਼ਨ ਮੁਰਾਰੀ ਦਾ ਅਵਤਾਰ ਧਾਰਿਆ ਅਤੇ ਇਸ ਪਰਕਾਰ ਹੀ ਰਾਜੁ ਜੋਗੁ ਮਾਨਿਆ ਕਿ ਕੰਸੁ ਕਿਰਤਾਰਥ ਹੋਇਓ (ਤੈਂ ਕੀਤੇ ਕਿਰਤਾਰਥ ਕੰਸ ਵਰਗੇ) ਅਤੇ ਫੇਰ ਕੀ ਕੀਤਾ ਰਾਜ ਜੋਗ ਵਰਤਾ ਕੇ "ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥"—ਉਗ੍ਰਸੈਣ ਨੂੰ ਰਾਜੁ ਅਤੇ ਉਗ੍ਰਸੈਣ ਜੇਹੇ ਆਪਣੇ ਭਗਤ ਨੂੰ ਅਭੈ ਪਦ ਦਾਨ ਦਿਤਾ। ਅਜੇਹੇ ਭਗਤ ਜਨਾਂ ਨੂੰ ਅਭੈ ਰਾਜ ਕਰਨ ਦਾ ਦਾਨ ਦਿਤਾ। ਇਹ ਰਾਜ ਜੋਗ ਵਰਤਾਇਆ ਜ਼ਾਹਿਰਾ। 'ਉਗ੍ਰਸੈਣ' ਪਦ ਦਾ ਣਾਣਾ ਅੱਖਰ ਸਾਫ਼ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਕਉ' ਸਬੰਧਕੀ ਪਦ ਸਾਫ਼ ਪਿਆ ਹੈ ਜੋ ਔਂਕੜ ਲਗਣ ਹੀ ਨਹੀਂ ਦਿੰਦਾ। "ਭਗਤਹ ਜਨ ਦੀਓ"—ਭਗਤ ਜਨਾਂ ਨੂੰ ਦਿਤਾ। ਇਸੇ ਕਰਕੇ 'ਜਨ' ਪਦ ਦਾ ਨੰਨਾ ਅੱਖਰ ਮੁਕਤਾ ਹੈ ਕਿਉਂਕਿ 'ਨੂੰ' ਸਬੰਧਕ ਪਦ ਅਗੇ ਅਰਥ ਬੋਧਕ ਹੈ। ਦੂਜੇ ਅਰਥ ਹੋ ਹੀ ਨਹੀਂ ਸਕਦੇ।

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥

ਕਲਜੁਗ ਅੰਦਰਿ ਨਾਨਕ ਗੁਰੁ, ਗੁਰੂ ਨਾਨਕ ਪਰਗਟ ਪਰਮਾਣ ਗੁਰੂ ਸਦਾਇਓ ਅਤੇ ਅੰਗਦੁ ਅਮਰੁ ਆਦਿਕ ਗੁਰੂ ਸਾਹਿਬ ਗੁਰੂ ਕਹਾਇਓ।

ਸ੍ਰੀ ਗੁਰੂ ਰਾਜੁ ਅਬਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥

ਆਦਿ ਪੁਰਖ ਸ੍ਰੀ ਅਕਾਲ ਪੁਰਖ ਨਿਰੰਕਾਰਿ ਦੇ ਫ਼ੁਰਮਾਨ ਨੇ ਇਹ ਤਤ ਆਦਰਸ਼ਨੀ ਫ਼ੈਸਲਾ ਕਰ ਦਿਤਾ ਕਿ ਕਲਜੁਗ ਅੰਦਰਿ ਅਤੇ ਕਲਜੁਗ ਤੋਂ ਲਾ ਕੇ ਧੁਰਿ ਧਰੰਦਰੀ ਆਉਣ ਵਾਲੇ ਜੁਗਾਂ ਅੰਦਰ ਸ੍ਰੀ ਗੁਰੂ ਨਾਨਕ ਸਾਹਿਬ ਅਬਿਚਲ ਅਟੱਲ ਰਾਜ ਜੋਗ ਮਾਨਣਗੇ। ਨੋਟ ਕਰਨ ਵਾਲੀ ਖ਼ਾਸ ਗੱਲ ਇਹ ਹੈ ਕਿ 'ਰਾਜੁ' ਦੇ ਜੱਜੇ ਅੱਖਰ ਨੂੰ 'ਅਬਿਚਲੁ ਅਟਲੁ' ਪਦਾਂ ਦੇ ਪਿਛਲਿਆਂ ਲੱਲਿਆਂ ਨੂੰ ਸਪਸ਼ਟ ਔਂਕੜ ਲਗੇ ਹੋਏ ਹਨ ਅਤੇ 'ਆਦਿ' ਤੇ 'ਪੁਰਖਿ' ਪਦਾਂ ਦੇ ਦੱਦੇ ਖੱਖੇ ਅੱਖਰਾਂ ਪਿਛਲਿਆਂ ਨੂੰ ਸਾਫ਼ ਸਿਹਾਰੀਆਂ ਲਗੀਆਂ ਹੋਈਆਂ ਹਨ।

bsrstrust.org

ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮਲੋਚਨ ॥...੮॥

ਭਗਤ ਨਾਮਦੇਵ ਅਤੇ ਭਗਤ ਕਬੀਰ ਜੀਉ ਸਮ ਲੋਚਨਾਵਾਂ ਵਾਲੇ ਗਾਉਂਦੇ ਹਨ ਗੁਰੂ ਨਾਨਕ ਸਾਹਿਬ ਨੂੰ (ਦਰਸ਼ਨ ਦੀਆਂ ਲੋਚਨਾਵਾਂ ਲੈ ਕੇ)। ਨਾਮਦੇਵ ਭਗਤ ਦੀ ਭੀ ਲੋਚਾ ਦਰਸ਼ਨ ਦੀ ਹੈ। ਅਤੇ ਭਗਤ ਕਬੀਰ ਦੀ ਭੀ ਇਹੋ ਲੋਚਾ ਦਰਸ਼ਨ ਦੀ ਹੈ। ਦੋਹਾਂ ਦੀਆਂ ਲੋਚਨਾਵਾਂ ਦਰਸ਼ਨ ਦੀਆਂ ਹਨ। ਇਸ ਕਰਕੇ 'ਸਮ ਲੋਚਨ' ਪਦ ਆਇਆ ਹੈ। 'ਸਮ'—ਇਕੋ ਜੇਹੀਆਂ। 'ਲੋਚਨ'—ਲੋਚਨਾਵਾਂ; ਬਹੁ-ਵਚਨ ਹੈ ਲੋਚਾਂ ਦਾ। ਏਥੇ 'ਲੋਚਨ' ਪਦ ਦੇ ਅਰਥ 'ਅੱਖਾਂ' ਫਬਦੇ ਨਹੀਂ। ਕਿਉਂਕਿ ਗਾਵਣਾ ਸਮਦ੍ਰਿਸ਼ਟੀ ਨਾਲਿ ਬਣਦਾ ਨਹੀਂ। ਬਸ ਲੋਚਾ ਨਾਲਿ ਦੇ ਸ਼ਬਦ 'ਸਮਲੋਚਨ' ਪਦ ਦੇ ਅਰਥ ਸ਼ਬਦਾਰਥੀਏ ਸਮਦ੍ਰਿਸ਼ਟੀ ਵਾਲੇ ਗੁਰੂ ਨਾਨਕ ਦੇ ਕਰਦੇ ਹਨ। ਨੰਨਾ 'ਲੋਚਨ' ਦਾ ਮੁਕਤਾ ਹੋਣ ਕਰਕੇ ਓਹ ਅੱਗੇ 'ਨੂੰ' ਸਬੰਧਕ ਪਦ ਅਨੁਮਾਨ ਕਰਦੇ ਹਨ। ਇਸ ਕਰਕੇ ਓਹ ਸਮਦ੍ਰਿਸ਼ਟੀ ਵਾਲੇ ਨੂੰ ਗਾਵੰਦੇ ਅਰਥ ਕਰਦੇ ਹਨ। ਪਰ ਨੰਨਾ ਏਥੇ ਬਹੁ-ਵਚਨੀ ਚਿੰਨ੍ਹ ਹੈ। ਲੋਚਾ—ਇਕ-ਵਚਨ (singular), ਲੋਚਨ ਬਹੁਤੀਆਂ ਲੋਚਾਵਾਂ ਬਹੁ-ਵਚਨ (plural)। ਨੰਨਾ ਅੱਖਰ ਮੁਕਤਾ ਹੋਣ ਕਰ ਅਰਥ 'ਸਮਲੋਚਾਵਾਂ ਵਾਲੇ' ਯਾ 'ਸਮਲੋਚਾਵਾਂ ਕਰਕੇ' ਕੋਈ ਕਰ ਲਵੋ ਪਰ 'ਲੋਚਨ ਵਾਲੇ ਨੂੰ' ਦੇ ਅਰਥ ਨਹੀਂ ਬਣ ਸਕਦੇ। ਕਿਉਂਕਿ ਗੁਰੂ ਨਾਨਕ ਸਾਹਿਬ ਵਿਚਿ ਇਕੋ ਗੁਣ ਹੀ ਸਮਦ੍ਰਿਸ਼ਟਾ ਦਾ ਨਹੀਂ ਸਗੋਂ ਗੁਰੂ ਨਾਨਕ ਵਿਚਿ ਬਹੁਤੇ ਗੁਣ ਹਨ।

ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ ॥
ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ ॥

ਬੇਣੀ ਭਗਤ ਗੁਣ ਰਵਦਾ ਹੈ ਗੁਰ ਨਾਨਕ ਦੇ। (ਅਤੇ ਗੁਰੂ ਨਾਨਕ ਗੁਣ ਰਵਿ ਰਵਿ) 'ਸਹਜਿ ਆਤਮ ਰੰਗੁ' ਮਾਣਦਾ ਹੈ। (ਸਹਜ ਅਵਸਥਾ ਵਿਖੇ ਖੇਡਦਾ ਹੋਇਆ ਆਤਮ ਰੰਗੁ ਮਾਣਦਾ ਹੈ।) (ਇਹ ਆਤਮ ਰੰਗ ਮਾਣਿ ਮਾਣਿ ਹੀ ਵਾਹਿਗੁਰੂ ਰੂਪ ਗੁਰ ਨਾਨਕ ਦੇ ਗੁਣ ਰਵੀ ਜਾਂਦਾ ਹੈ ਹੁਣ ਤੀਕ)। ਇਹ ਅਰਥ ਕਰਨੇ ਠੀਕ ਨਹੀਂ ਕਿ ਬੇਣੀ ਭਗਤ ਗੁਰੂ ਨਾਨਕ ਦੇ ਇਹ ਗੁਣ ਯਾਦ ਕਰਦਾ ਹੈ ਕਿ ਹੇ ਨਾਨਕ ਤੂੰ ਅਡੋਲ ਅਵਸਥਾ ਵਿਚਿ ਆਤਮ ਦਾ ਉਹ ਰਸ ਮਾਣ ਲੈਂਦਾ ਹੈਂ। ਗੁਰ ਗਿਆਨ ਦੁਆਰਾ ਮੇਲ ਵਾਲੀ ਸੁਰਤੀ ਵਿਚਿ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਨੂੰ ਪਛਾਣਦਾ ਹੀ ਨਹੀਂ।

ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ ॥

ਗੁਰੂ ਨਾਨਕ ਦੇ ਗੁਣ ਗਾਵਣ ਕਰਿ ਗੁਰੂ ਨਾਨਕ ਦੇ ਬਖ਼ਸ਼ੇ ਗਿਆਨ ਅਤੇ ਸੱਚੇ ਗੁਰਮਤਿ ਜੋਗ ਧਿਆਨ ਦੇ ਤੁਫ਼ੈਲ ਵਾਹਿਗੁਰੂ ਬਿਨਾਂ ਹੋਰ ਕੁਛ ਜਾਣਦਾ ਹੀ ਨਹੀਂ। ਵਾਹਿਗੁਰੂ ਨੂੰ ਹੀ ਕੇਵਲ ਜਾਨਣ ਜੋਗ ਗਿਆਨ ਧਿਆਨ ਵਿਚਿ ਧਿਆਵਣ ਜੋਗ ਜੁਗਤਿ ਜੁਗਤਾਉਣ ਜੋਗ ਜਾਣਦਾ ਹੈ। ਇਹ ਅਨਿਕ ਗਿਆਨ ਧਿਆਨ ਗੁਰਮਤਿ ਜੋਗ ਜੁਗਤੀ ਉਸ ਨੂੰ ਗੁਰੂ ਨਾਨਕ ਦੇ ਗੁਣ ਗਾਵਣ ਕਰਿ ਹੀ ਪ੍ਰਾਪਤਿ ਹੋਈ ਹੈ। ਇਹ ਗੱਲ ਮੁਸੱਲਮਾ ਹੈ ਕਿ ਗੁਰੂ ਨਾਨਕ ਨੇ ਸਾਰੇ ਭਗਤਾਂ ਨੂੰ ਪਰਸ ਕੇ,

bsrstrust.org

ਦੀਖਿਆ ਦਾਤਾਰਨੀ ਕਲਾ ਨਾਲਿ ਪਰਸ ਕੇ ਸਮੱਗਰ ਭਗਤਾਂ ਨੂੰ ਸੱਚਾ ਗੁਰਮਤਿ ਸਹਜ ਜੋਗ ਅਤੇ ਗੁਰਮਤਿ ਗਿਆਨ ਧਿਆਨ ਬਖ਼ਸ਼ਿਆ ਹੈ। ਸਵਯਾਂ ਵਿਚ ਕਥਨ ਕੀਤੀ ਇਹ ਵਾਰਤਾ ਸਤਿ ਸਤਿ ਹੈ। ਨਿਰੀ ਕਥਨ ਮਾਤਰ ਹੀ ਨਹੀਂ। ਗੁਰੂ ਨਾਨਕ ਸਾਹਿਬ ਬ੍ਰਹਮ ਸਮਸਰ ਵਰਨੇ ਗਏ। ਇਹ ਗੱਲ ਸਰਾਸਰ ਮਾਅਕੂਲ ਅਤੇ ਗੁਰਮਤਿ ਅਨੁਕੂਲ ਹੈ ਕਿ ਸਾਰੇ ਜੁਗਾਂ ਵਿਚਿ ਗੁਰੂ ਨਾਨਕ ਸਾਹਿਬ ਦਾ ਜ਼ਹੂਰ ਪਜ਼ੀਰ ਹੋਣਾ ਜੋ ਸਵਈਆਂ ਅੰਦਰਿ ਨਿਰੂਪਨ ਹੋਇਆ ਹੈ, ਓਹ ਭੀ ਇੰਨ ਬਿੰਨ ਠੀਕ ਹੈ। ਫੇਰ ਇਸ ਗੱਲ ਵਿਚਿ ਕੀ ਸੰਦੇਹ ਹੋ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਜਗਤ ਗੁਰੂ ਹਨ। ਸਭ ਜੁਗਾਂ ਦੇ ਗੁਰੂ ਨਾਨਕ ਸਾਹਿਬ ਨੇ ਹੀ ਸਮੱਗਰ ਭਗਤਾਂ ਨੂੰ ਭਗਤੀ ਦਾਨ ਬਖ਼ਸ਼ਿਆ ਅਤੇ ਆਤਮ ਕਲਾ ਓਹਨਾਂ ਅੰਦਰਿ ਵਰਤਾਈ। ਨਿਰਸੰਦੇਹ ਗੁਰੂ ਨਾਨਕ ਸਾਹਿਬ ਦੇ ਪਰਤੱਖ ਦਰਸ ਪਰਸ ਕੇ ਤਿਨ੍ਹਾਂ ਭਗਤ ਜਨਾਂ ਦੀ ਇਹ ਆਤਮ ਅਵਸਥਾ ਵਾਪਰਿਤ ਹੋਈ ਹੈ। ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ ਦੇ ਸਮੂਹ ਭਗਤ ਜਨ ਗੁਰੂ ਨਾਨਕ ਸਾਹਿਬ ਪਾਸੋਂ ਹੀ ਵਰੋਸਾਏ। ਜੇ ਨਹੀਂ ਵਰੋਸਾਏ ਤਾਂ ਤੁਸੀਂ ਸਵਈਆਂ ਵਾਲੀ ਗੁਰਬਾਣੀ ਨੂੰ ਸਤਿ ਸਤਿ ਕਰਕੇ ਨਹੀਂ ਮੰਨਦੇ ਅਤੇ ਕਥਨ ਮਾਤਰ ਹੀ ਸਹੀ ਕਰਕੇ ਮੰਨਦੇ ਹੋ। ਸਵਈਆਂ ਦੀ ਬਾਣੀ ਤੱਤ ਸਤ ਬਾਣੀ ਹੈ। ਗੁਰੂ ਕਲਾ ਕ੍ਰਿਸ਼ਮੀ ਬਾਣੀ ਹੋਣ ਕਰਿ ਇਹ ਨਿਰੋਲ ਗੁਰਬਾਣੀ ਹੈ। ਭੱਟਾਂ ਉਪਰਿ ਸਤਿਗੁਰੂ ਨੇ ਕਲਾ ਕ੍ਰਿਸ਼ਮਤਾ ਵਰਤਾਈ। ਗੁਰ ਗਿਆਨ ਦ੍ਰਿਸ਼ਟੀ ਧਰ ਧਿਆਨ ਦਿਸ਼ਟੀ ਵਰਸਾਈ। ਤਾਂ ਹੀ ਓਹਨਾਂ ਦੇ (ਭੱਟਾਂ ਦੇ) ਮੁਖਾਰਬਿੰਦ ਤੋਂ ਇਹ ਬਾਣੀ (ਗੁਰਬਾਣੀ) ਉਚੱਰਣਤ ਹੋਈ। (ਦੇਖੋ ਪੁਸਤਕ *ਗੁਰਮਤਿ ਲੇਖ*)। ਤਾਂ ਤੇ ਭੱਟਾਂ ਦੀ ਬਾਣੀ ਦਾ ਗੁਰਬਾਣੀ ਨਾਲੋਂ ਭਿੰਨ ਭੇਤ ਅਨੁਮਾਨ ਕਰਨਾ ਹੀ ਮਹਾਂ ਮਨਮਤਿ ਹੈ। ਗੁਰਬਾਣੀ ਅਤੇ ਭੱਟਾਂ ਦੀ ਬਾਣੀ ਵਿਚਿ ਕੋਈ ਭਿੰਨ ਭੇਦ ਨਹੀਂ। ਭੱਟਾਂ ਦੇ ਮੁਖੋਂ ਗੁਰੂ ਨਦਰਾਵੀ ਕਲਾ ਕ੍ਰਿਸ਼ਮਤਾ ਦੁਆਰਾ ਇਹ ਬਾਣੀ ਉਚਾਰਣ ਹੋਈ ਤਾਂ ਇਸ ਦਾ ਸੰਕੇਤੀ ਨਾਮ 'ਭੱਟਾਂ ਦੀ ਬਾਣੀ' ਪੈ ਗਿਆ। ਇਸ ਪਰਕਾਰ ਮਹਲਾ ੧, ਦੂਜਾ, ਤੀਜਾ ਆਦਿਕ ਦੇ ਭੇਦ ਸੰਕੇਤੀ ਨਾਮ ਹੈਨ। ਪਰ ਹੈ ਸਮੱਗਰ ਬਾਣੀ ਇਕੋ ਹੀ ਗੁਰਬਾਣੀ। ਸਮੱਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ੧ੴ ਤੋਂ ਲਾ ਕੇ ਮੁੰਦਾਵਣੀ ਤਕ ਸਮੁੱਚੀ ਗੁਰਬਾਣੀ ਹੀ ਹੈ। ਅਤੇ "ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ"[1] ਅਨੁਸਾਰ ਭੱਟਾਂ ਦੀ ਬਾਣੀ ਅੰਦਰਿ ਹਰੇਕ ਵਾਕ ਨੂੰ ਹਰ ਇਕ ਤੁਕ ਦੇ ਭਾਵ ਨੂੰ ਸਤਿ ਸਤਿ ਕਰਕੇ ਮੰਨਣਾ ਗੁਰਸਿੱਖਾਂ ਦਾ ਪਰਮ ਧਰਮ ਹੈ। ਸੰਦੇਹ ਲਿਆਉਣਾ ਮਹਾਂ ਮਨਮਤਿ ਹੈ। ਤਾਂ ਤੇ "ਸਹਜਿ ਆਤਮ ਰੰਗੁ ਮਾਣੈ॥ ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨਾ ਜਾਣੈ॥" ਇਹ ਗੁਰੂ ਵਰੋਸਾਈਆਂ ਬਰਕਤਾਂ ਦਾ ਮਾਲਕ ਭਗਤ ਬੇਣੀ ਹੈ। ਇਹਨਾਂ ਸਿਫ਼ਤਾਂ ਗੁਰੂ ਨਾਨਕ ਦੀਆਂ ਸਿਫ਼ਤਾਂ ਦਾ ਕਰਤਾ ਭੁਗਤਾ ਬੇਣੀ ਭਗਤ ਹੈ ਨਾ ਕਿ ਇਹਨਾਂ ਭੁਗਤਾਂ ਮੁਕਤਾਂ ਜੁਗਤਾਂ ਦਾ ਬਖ਼ਸ਼ਿੰਦੁ ਗੁਰੂ ਨਾਨਕ। ਉਸਦੇ ਅੰਦਰਿ ਤਾਂ ਬੇਅੰਤੁ ਗੁਣ ਹਨ ਜੋ ਵਰਨੇ ਨਹੀਂ ਜਾ ਸਕਦੇ। ਜੋ ਜੋ ਗੁਣ 'ਭਟਾਂ ਦੀ ਗੁਰੂ ਵਰੋਸਾਈ ਬੁਧੀ ਅੰਦਰ

---

੧. ਪੰਨਾ ੩੦੮.

bsrstrust.org

ਗੁਰੂ ਸਾਹਿਬ ਨੇ ਗੁਰੂ ਕਰਤਾਰ ਦੇ ਪ੍ਰਕਾਸ਼ਤ ਕੀਤੇ ਹਨ' ਸੋਈ ਸੋਈ ਯਥਾ ਸ਼ਕਤਿ ਓਹ ਵਰਨਣ ਕਰਦੇ ਹਨ ਕਿ ਸਾਰੇ ਜੁਗਾਂ ਦੇ ਭਗਤ ਹੇ ਗੁਰੂ ਨਾਨਕ ਤੇਰੇ ਹੀ ਗੁਣ ਗਾਵੰਦੇ ਹਨ। ਭੱਟ ਜਨਾਂ ਦਾ ਇਹ ਵਰਨਣ ਕੋਈ ਫ਼ਰਜ਼ੀ ਹੀ ਨਹੀਂ ਹਕੀਕੀ ਹੈ। ਗੁਰ ਨਦਰਿ ਨਦਰਾਇਆ ਇਹ ਵਰਨਣ ਹੈ। ਗੁਰੂ ਮਿਹਰ ਅੰਦਰ ਵਰੋਸਾਇਆ ਦਰਸਾਇਆ ਇਹ ਵਰਨਣ ਹੈ।

ਸੁਖਦੇਉ ਪਰੀਖ੍ਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ ॥

ਸੁਖਦੇਉ ਭੀ ਗੁਣ ਰੰਵਦਾ ਹੈ (ਗੁਰ ਗੁਰ ਕਰਕੇ); ਪ੍ਰੀਛਤ ਭੀ ਗੁਣ ਰੰਵਦਾ ਹੈ (ਉਵੇਂ ਗੁਰੂ ਨਾਨਕ ਦੇ); ਗੋਤਮ ਰਿਖੀ ਨੇ ਭੀ (ਗੁਰੂ ਨਾਨਕ ਦਾ) ਜਸੁ ਗਾਇਆ ਹੈ। 'ਰਿਖਿ' ਪਦ ਦੇ ਖੱਖੇ ਦੀ ਸਿਹਾਰੀ 'ਨੇ' ਦੇ ਅਰਥ ਬੋਧਾਉਂਦੀ ਹੈ।

ਕਬਿ ਕਲ ਸੁਜਸੁ ਨਾਨਕ ਗੁਰ ਨਿਤ ਨਵਤਨੁ ਜਗਿ ਛਾਇਓ ॥੮॥

ਗੁਰੂ ਵਰੋਸਾਏ ਕਲ ਨਾਮੇ ਭਟ ਕਵੀ ਫ਼ੁਰਮਾਉਂਦੇ ਹਨ ਕਿ ਇਉਂ (ਪਿਛੇ ਦੱਸੇ ਅਨੁਸਾਰ) ਨਾਨਕ ਗੁਰੂ ਦਾ ਸੁਜਸ ਸਾਰੇ ਜਗ ਵਿਖੇ ਨਵਤਨ ਹੋ ਕੇ ਛਾ ਗਿਆ ਹੈ। 'ਨਾਨਕ' ਪਦ ਦਾ ਕੱਕਾ ਅਤੇ 'ਗੁਰ' ਪਦ ਦਾ ਰਾਰਾ ਅੱਖਰ ਦੋਈ ਏਸੇ ਕਰਕੇ ਮੁਕਤੇ ਹਨ ਕਿ ਏਹਨਾਂ ਦੇ ਅਗੇ 'ਦਾ' ਸਬੰਧਕ ਪਦ (preposition) ਅਰਥ ਬੋਧਕ ਹੈ। 'ਨਿਤ ਨਵਤਨੁ'—ਨਿਤ ਨਵੀਨ ਹੋ ਕੇ।

ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ ਭੁਯੰਗਮ ॥

ਪਾਤਾਲ ਪੁਰੀ ਵਿਚਿ ਸ਼ੇਸ਼ਨਾਗ ਨਾਮ ਦੇ ਭਗਤ ਭੁਯੰਗਮ ਆਦਿ ਤੇਰੇ ਗੁਣ ਗਾਵੰਦੇ ਹਨ (ਹੇ ਗੁਰੂ ਨਾਨਕ)। ਗਾਵਹਿ—ਬਹੁ-ਵਚਨ ਕਿਰਿਆ ਦਾ ਭਾਵ ਦਸਦਾ ਹੈ ਕਿ ਪਾਤਾਲ ਪੁਰੀ ਵਿਚਿ ਸ਼ੇਸ਼ ਨਾਗ ਸਾਰਖੇ ਅਨੇਕਾਂ ਭਗਤ ਹਨ ਜੋ ਗੁਰੂ ਨਾਨਕ ਦਾ ਜਸ ਗਾਵੰਦੇ ਹਨ।

ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ ॥

ਬਿਆਸ ਮੁਨੀ ਭੀ ਜਿਸ ਨੇ ਬੇਦ ਦਾ ਬਿਆਕਰਣ ਬੀਚਾਰਣ ਕੀਤਾ ਹੈ (ਬੀਚਾਰ ਕੇ ਲਿਖਿਆ ਹੈ) ਭੀ ਗੁਣ ਗਾਵੰਦਾ ਹੈ (ਗੁਰੂ ਨਾਨਕ ਦੇ)। "ਜਿਨਿ ਬੇਦ ਬ੍ਯਾਕਰਣ ਬੀਚਾਰਿਅ" ਇਹ ਸਿਫ਼ਤਿ ਗੁਣ ਗਾਵਣਹਾਰੇ ਦੀ ਹੈ। ਇਨ੍ਹਾਂ ਪਿਛਲੇ ਪਰਮਾਣਾਂ ਅੰਦਰਿ ਭੀ "ਸਹਜਿ ਆਤਮ ਰੰਗੁ ਮਾਣੈ" ਆਦਿ ਸਿਫ਼ਤਾਂ ਭੀ ਗੁਣ ਗਾਵਣਹਾਰਿਆਂ ਪ੍ਰਥਾਇ ਹੀ ਘਟਦੀਆਂ ਹਨ। 'ਜਿਨਿ' (ਜਿਸ ਨੇ) ਪਦ ਸਪਸ਼ਟ ਆਉਣ ਪਰ ਇਹ ਗੱਲ ਭੀ ਹੱਲ ਹੋ ਗਈ ਕਿ ਇਹ ਸਿਫ਼ਤਾਂ ਜੋ ਗੁਣ ਗਾਵਣਹਾਰਿਆਂ ਦੇ ਨਾਲਿ ਲਗਦੀਆਂ ਹੀ ਵਰਣਨ ਹੋਈਆਂ ਹਨ ਗੁਣ ਗਾਵਣਹਾਰਿਆਂ ਦੀਆਂ ਹੀ ਹਨ ਨਾ ਕਿ ਜਿਸ ਦੇ ਗੁਣ ਗਾਏ ਹਨ, ਉਸਦੀਆਂ ਹਨ। 'ਜਿਨਿ' ਪਦ ਨੇ ਇਹ ਰਮਜ਼ ਨਿਖੇੜ ਦਿਤੀ ਹੈ।

ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ ॥

bsrstrust.org

ਬ੍ਰਹਮਾ ਭੀ ਗੁਣ ਗਾਵੰਦਾ ਹੈ ਗੁਰੂ ਨਾਨਕ ਦੇ ਜਿਸ ਨੇ (ਨਿਰੰਕਾਰ ਸਿਰਜਨਹਾਰ ਵਾਹਿਗੁਰੂ ਦੇ) ਹੁਕਮ ਅਨੁਸਾਰ ਸਾਰੀ ਸ੍ਰਿਸ਼ਟੀ ਸੰਵਾਰੀ ਸਾਜੀ ਹੈ। 'ਗੁਣ' ਪਦ ਦਾ ਣਾਣਾ ਅੱਖਰ ਮੁਕਤਾ ਦਸਦਾ ਹੈ ਕਿ 'ਗੁਣ' ਬਹੁ-ਵਚਨ (plural) ਹੈ। 'ਉਚਰੈ ਉਚਰਦਾ ਹੈ, ਇਕ-ਵਚਨ ਕਿਰਿਆ ਹੈ। 'ਸਭ' ਦਾ ਭੱਭਾ ਅੱਖਰ ਮੁਕਤਾ ਹੈ ਕਿਉਂਕਿ ਇਹ 'ਸ੍ਰਿਸਟਿ' ਪਦ ਇਸਤ੍ਰੀ-ਲਿੰਗ ਨਾਂਵ (noun) ਦਾ ਵਿਸ਼ੇਸ਼ਣ ਹੈ। ਇਸਤ੍ਰੀ-ਲਿੰਗ ਨਾਂਵ ਦੇ ਵਿਸ਼ੇਸ਼ਣ ਭੀ ਇਸਤ੍ਰੀ-ਲਿੰਗ (feminine gender) ਵਾਲੇ ਹੀ ਹੋਇਆ ਕਰਦੇ ਹਨ। ਇਸ ਕਰਕੇ 'ਸਭ' ਦਾ ਭੱਭਾ ਅੱਖਰ ਮੁਕਤਾ ਹੈ। 'ਸ੍ਰਿਸਟਿ' ਪਦ ਦੇ ਟੈਂਕੇ ਅੱਖਰ ਨੂੰ ਸਿਹਾਰੀ ਜੋ ਲਗੀ ਹੈ ਸੰਬੋਧਦੀ ਹੈ ਕਿ ਇਹ ਪਦ ਇਸਤ੍ਰੀ-ਲਿੰਗ ਨਾਂਵ (feminine gender noun) ਹੈ ਸ੍ਰਿਸ਼ਟੀ ਦਾ ਬੋਧਕ। ਗੁਰਮਤਿ ਅਨੁਸਾਰ ਗੁਰਬਾਣੀ ਅੰਦਰਿ ਅਤੇ ਅਨੇਕ ਪਰਮਾਣਾਂ ਅਨੁਸਾਰ ਸਿਰਜਨਹਾਰ ਕਰਤਾਰ ਦੀ ਰਚਨਾ ਵਿਚਿ ਆਈਆਂ ਅਨੇਕਾਂ ਹੀ ਸ੍ਰਿਸ਼ਟੀਆਂ ਹਨ। ਹਰੇਕ ਸ੍ਰਿਸ਼ਟੀ ਦਾ ਸਾਜਨਹਾਰਾ ਵਖਰਾ ਵਖਰਾ ਬ੍ਰਹਮਾ ਹੈ। ਜਿਤਨੀਆਂ ਸ੍ਰਿਸ਼ਟੀਆਂ ਉਤਨੇ ਹੀ ਬ੍ਰਹਮੇ। "ਕੋਟਿ ਬ੍ਰਹਮੇ ਜਗੁ ਸਾਜਣ ਲਾਏ॥" ਜਿਤਨੇ ਬ੍ਰਹਮੇ, ਓਤਨੀਆਂ ਹੀ ਸ੍ਰਿਸ਼ਟੀਆਂ। "ਕਈ ਕੋਟਿ ਖਾਣੀ ਅਰੁ ਖੰਡ॥ ਕਈ ਕੋਟਿ ਅਕਾਸ ਬ੍ਰਹਮੰਡ॥" ਇਕ ਇਕ ਸ੍ਰਿਸ਼ਟੀ ਦਾ ਸਾਜਨ ਸੰਵਾਰਨਹਾਰਾ ਇਕ ਇਕ ਬ੍ਰਹਮਾ ਹੈ। ਇਕ ਸ੍ਰਿਸ਼ਟੀ ਸਾਰੀ ਨੂੰ ਇਕ ਬ੍ਰਹਮਾ ਸਾਜਦਾ ਸੰਵਾਰਦਾ ਹੈ। 'ਹੁਕਮਿ ਸਭ ਸ੍ਰਿਸਟਿ'—ਅਕਾਲ ਪੁਰਖ ਦੇ ਹੁਕਮ ਅੰਦਰਿ ਬ੍ਰਹਮਾ ਸ੍ਰਿਸ਼ਟੀ ਨੂੰ ਸਮੱਗਰ ਸ੍ਰਿਸ਼ਟੀ ਨੂੰ ਸੰਵਾਰਦਾ ਹੈ। 'ਸਭ'—ਸਮੁਚੀ। ਸਾਰੀਆਂ ਸ੍ਰਿਸ਼ਟੀਆਂ ਦਾ ਭਾਵ ਨਹੀਂ ਹੈ। ਸ੍ਰਿਸ਼ਟੀ ਏਥੇ ਇਕ-ਵਚਨ (singular noun) ਹੈ। 'ਸਵਾਰੀਅ'—ਪਦ ਵਿਚ ਰਾਰੇ ਅੱਖਰ ਨੂੰ ਬਿਹਾਰੀ ਇਸ ਗੱਲ ਦੀ ਬੋਧਕ ਹੈ ਕਿ ਇਹ ਪਦ ਇਸਤ੍ਰੀ-ਲਿੰਗ ਨਾਂਵ ਦੀ ਇਸਤ੍ਰੀ-ਲਿੰਗ ਕਿਰਿਆ ਹੈ। ਜੇ 'ਸ੍ਰਿਸਟਿ' ਦੇ ਥਾਉਂ 'ਜਗੁ' ਹੁੰਦਾ ਗੱਗੇ ਔਂਕੜ ਨਾਲਿ, ਤਾਂ 'ਸਵਾਰੀਅ' ਦੇ ਥਾਉਂ ਭੀ 'ਸਵਾਰਿਅ' ਕ੍ਰਿਆ ਪਦ ਹੁੰਦਾ ਰਾਰੇ ਸਿਹਾਰੀ ਨਾਲ। ਇਹ ਨਿਯਮ ਬੜਾ ਹੀ ਗੂੜ੍ਹਾ ਤੇ ਪੱਕਾ ਹੈ ਗੁਰਬਾਣੀ ਅੰਦਰਿ। ਇਸ ਤੋਂ ਪਹਿਲੀ ਤੁਕ ਅੰਦਰਿ ਭੀ ਇਹ ਨਿਰਣਾ ਖ਼ੂਬ ਹੈ— "ਜਿਨਿ ਬੇਦ ਬ੍ਰਾਕਰਣ ਬੀਚਾਰਿਅ॥" ਬੇਦ ਬਿਆਕਰਣ ਪੁਲਿੰਗ ਹੋਣ ਕਰਿ ਏਹਨਾਂ ਦੀ ਕਿਰਿਆ ਵਾਚਕ ਪਦ ਭੀ ਪੁਲਿੰਗੀ ਅਰਥ ਅਰਥਾਂਵਦੀ ਹੈ। 'ਬੀਚਾਰਿਅ'—ਪਦ ਦੇ ਰਾਰੇ ਅੱਖਰ ਨੂੰ ਸਿਹਾਰੀ ਹੈ ਬਿਹਾਰੀ ਨਹੀਂ। ਸਮੱਗਰ ਬਾਣੀ ਦੇ ਅੰਦਰ (through out) ਇਹੀ ਪੱਕਾ ਨਿਯਮ ਹੈ।

ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ॥

ਖੰਡਾਂ ਬ੍ਰਹਮੰਡਾਂ ਦਾ ਗਿਆਤਾ ਹੈ। ਬ੍ਰਹਮ ਦ੍ਰਿਸ਼ਟਾ ਹੈ। ਪੂਰਨ ਬ੍ਰਹਮ ਹੈ। ਗੁਰੁ ਨਾਨਕ ਨੇ ਪਾਰਬ੍ਰਹਮ ਦੇ ਨਿਰਗੁਣੀ ਗੁਣਾਂ ਨੂੰ ਸਮਾਨ ਕਰਕੇ ਜਾਣਿਆ ਹੈ। (ਗੁਰੂ ਨਾਨਕ ਸਾਹਿਬ ਪੂਰਨ ਬ੍ਰਹਮ ਨੇ)।

ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ॥੯॥

ਭਟ ਕਲ (ਨਾਮੇ) ਐਸੇ ਗੁਰੂ ਨਾਨਕ ਦੇ ਸੁਜਸੁ (ਸੋਹਣੇ ਸ੍ਰੇਸ਼ਟ ਜਨ) ਦਾ ਜਪਨ

bsrstrust.org

ਕਰਨ ਹਾਰਾ ਹੈ। ਜਿਨਿ ਸਹਜੁ ਜੋਗ ਮਾਣਿਆ ਹੈ। 'ਸਹਜੁ' ਜੱਜੇ ਔਂਕੜ ਨਾਲਿ ਸਹਜ ਆਤਮ ਅਵਸਥਾ ਵਾਲਾ ਪਦ। 'ਜੋਗੁ—ਗੱਗੇ ਔਂਕੜ ਨਾਲਿ ਗੁਰਮਤਿ ਜੋਗੁ ਦਾ ਸੱਚਾ ਜੋਗ ਪਦ। 'ਜਿਨਿ'—ਜਿਸ ਨੇ—ਗੁਰੂ ਨਾਨਕ ਨੇ।

ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ ॥
ਕਬਿ ਕਲੁ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ ॥੧੦॥

ਏਥੇ 'ਦੂਰਬਾ, ਪਰੂਰਉ, ਅੰਗਰੈ' ਪਦਾਂ ਦਾ ਪਾਠ ਵਖ ਵਖ ਨਿਖੇੜ ਕੇ ਕਰਨਾ ਹੈ। 'ਦੂਰਬਾ'—ਦੁਰਬਾਸਾ ਰਿਸ਼ੀ ਦਾ ਨਾਉਂ ਹੈ। 'ਪਰੂ'—ਇਕ ਰਾਉ, 'ਰਉ'—ਰਾਜਾ ਦਾ ਨਾਉਂ ਹੈ। ਅੰਗ੍ਰੈ—ਇਕ ਰਿਸ਼ੀ ਦਾ ਨਾਉਂ ਹੈ। 'ਅੰਗਰੈ' ਪਦ ਨੂੰ ਜੋ ਦੂਜੀ ਲਾਂਵ ਲਗੀ ਹੈ ਉਹ 'ਨੇ' ਦਾ ਅਰਥ ਦਿੰਦੀ ਹੈ। ਏਹਨਾਂ ਨੇ ਭੀ ਗੁਰੂ ਨਾਨਕ ਦਾ ਜਸ ਹੀ ਗਾਵਿਆ ਹੈ। 'ਦਾ' ਅਰਥਾਂ ਦਾ ਬੋਧਕ ਹੈ 'ਗੁਰ' ਦਾ ਰਾਰਾ ਅੱਖਰ ਅਤੇ 'ਨਾਨਕ' ਦਾ ਕੱਕਾ ਅੱਖਰ ਜੋ ਮੁਕਤਾ ਰਿਹਾ ਹੈ (ਬਗ਼ੈਰ ਔਂਕੜ ਤੋਂ)। ਭੱਟ ਕਵੀ ਕਲ ਜੀ ਫ਼ੁਰਮਾਉਂਦੇ ਹਨ ਕਿ ਗੁਰੂ ਨਾਨਕ ਦਾ ਜਸੁ ਉਪਰਲੇ ਤੇਹਾਂ ਜਨਾਂ ਦੇ ਘਟ ਘਟ ਅੰਦਰਿ ਸਹਜ ਹੀ ਸਮਾ ਰਿਹਾ ਹੈ। ਸੋ ਜਸੁ ਓਹਨਾਂ ਦੇ ਅੰਦਰੋਂ ਸਫੁਟ ਹੋ ਕੇ ਨਿਕਲਦਾ ਹੈ।

ਸਵਈਏ ਮਹਲੇ ਦੂਜੇ ਕੇ

ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ ॥ *(ਪੰਨਾ ੧੩੯੧)*

ਇਸ ਦਾ ਅਨ੍ਵੈ—ਕਰਣ ਕਾਰਣ ਸਮਰਥੋ ਕਰਤਾ ਪੁਰਖੁ ਸੋਈ ਕਰਤਾਰੁ (ਸਰੂਪ) ਧੰਨ (ਸਤਿਗੁਰੂ ਧੰਨੁ ਨਾਨਕੁ)।

"ਸਤਿਗੁਰੂ ਧੰਨੁ ਨਾਨਕੁ"—ਸਤਿਗੁਰੂ ਨਾਨਕ ਧੰਨੁ ਸੋਈ ਕਰਣ ਕਾਰਣ ਸਮਰਥ ਕਰਤਾ ਪੁਰਖ ਪਰਤੱਖ ਕਰਤਾਰ ਰੂਪ ਹੈ। "ਮਸਤਕਿ ਤੁਮ ਧਰਿਓ ਜਿਨਿ ਹਥੋ॥"—ਧੰਨ ਗੁਰੂ ਨਾਨਕ ਹੈ ਜਿਸਨੇ (ਹੇ ਗੁਰੂ ਅੰਗਦ ਸਾਹਿਬ) ਤੁਮਰੇ ਮਸਤਕ ਵਿਖੇ ਹੱਥ ਧਰਿਆ (ਅਪਣੀ ਮੇਹਰ ਗੁਰ ਕਰਤਾਰਨੀ ਨਦਰ ਦਾ)। 'ਤੁਮ' ਪਦ ਦੇ ਮੰਮੇ ਅੱਖਰ ਦਾ ਔਂਕੜ ਇਸ ਕਰਕੇ ਉਠੰਤਰ ਹੈ ਕਿ ਇਸ ਪਦ ਦੇ ਅਰਥ ਇਥੇ ਤੁਮਰੇ ਦੇ ਹਨ। 'ਮਸਤਕਿ' ਪਦ ਦੇ ਕੱਕੇ ਅੱਖਰ ਨੂੰ ਸਿਹਾਰੀ 'ਵਿਖੇ' ਦਾ ਭਾਵ ਅਰਥਾਉਂਦੀ ਹੈ। ਵਿਖੇ ਤੋਂ ਭਾਵ ਇਥੇ 'ਉਤੇ' ਦਾ ਹੈ—ਮਸਤਕ ਉਤੇ। 'ਧਰਿਓ ਜਿਨਿ ਹਥੋ'—ਧਰਿਆ ਹੈ ਜਿਸਨੇ ਆਪਣਾ ਹੱਥ। ਹਸਤ ਕੰਵਲ ਖ਼ਾਸ ਦੇ ਅਰਥ 'ਹਥੋ' ਦੇ ਥੱਥੇ ਦਾ ਹੋੜਾ ਦਿੰਦਾ ਹੈ।

ਜਾਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ,
ਤਿਮਰ ਅਗ੍ਯਾਨ ਜਾਹਿ ਦਰਸ ਦੁਆਰ ॥

ਜਿਸਦੀ ਅੰਮ੍ਰਿਤ ਧਾਰ ਦ੍ਰਿਸ਼ਟੀ (ਪਾਪਾਂ ਦੀ ਕਲੰਕ ਰੂਪੀ) ਕਾਲਕ ਨੂੰ ਜੜੋਂ ਉਖੇੜ ਕੇ ਉਤਾਰਨਹਾਰੀ ਹੈ। ਅਤੇ ਜਿਸ ਦੇ ਦੁਆਰੇ ਦੇ ਦਰਸ਼ਨ ਕੀਤਿਆਂ ਹੀ ਅਗਿਆਨ ਰੂਪੀ ਅੰਧੇਰਾ (ਤਿਮਰ) ਦੂਰ ਹੋ ਜਾਂਦਾ ਹੈ (ਜਾਂਦਾ ਰਹਿੰਦਾ ਹੈ)।

bsrstrust.org

'ਜਾਹਿ'—ਜਾਂਦਾ ਰਹਿੰਦਾ ਹੈ। ਦੂਰ ਹੋ ਜਾਂਦਾ ਹੈ। 'ਕਾਲੁਖ' ਪਦ ਦਾ ਖੱਖਾ ਅੱਖਰ ਮੁਕਤਾ ਹੈ, ਇਹ ਇਸਤ੍ਰੀ-ਲਿੰਗ ਪਦ ਹੈ। 'ਖਨਿ'—ਪੱਟ ਕੇ, ਨੰਨੇ ਦੀ ਸਿਹਾਰੀ 'ਕੇ' ਦਾ ਅਰਥ ਦਿੰਦੀ ਹੈ। 'ਉਤਾਰ'—ਉਤਾਰਨਹਾਰੀ। ਰਾਰਾ ਮੁਕਤਾ ਅਜਬ ਅਰਥ ਦਿੰਦਾ ਹੈ ਬਿਨ ਮੁਕਤੇ ਨਿਯਮਕ ਅਰਥ ਅਰਥਾਉਂਦਾ ਹੈ।

ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ,
ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ ॥

(ਗੁਰੂ ਦੁਆਰਿਓਂ ਵਰੋਸਾਇ ਕੈ ਹੀ) ਜਗੁ ਜੀਉਂਦਾ ਹੈ। (ਨਹੀਂ ਤਾਂ ਸਭ ਜਗ ਮਿਰਤਕ ਹੈ, ਮਰਿਆ ਹੋਇਆ ਹੈ) ਐਸੇ ਗੁਰੂ ਦੁਆਰਿਓਂ ਵਰੋਸਾਉਂਦੇ ਹੋਏ ਜਗਿਆਸੂ ਜਨ ਸੱਚੇ ਜਿਉਂਦੇ ਜਾਗਦੇ ਜੀ ਤਤ ਮੁਕਤ ਜਗਿਆਸੂ ਖੇਡਦੇ ਹਨ ਸਮਦ੍ਰਿਸ਼ਟੀ ਦੀ ਸੁਰਤੀ ਵਾਲੀ ਜਗ ਜੀਵਨੀ। ਜਿਹੜੀ ਸੱਚੀ ਜੀਵਨ ਬਾਜੀ ਦੀ ਖੇਡ ਨੂੰ ਉਨਮਨੀ ਲਿਵਤਾਰ ਬਿਰਤੀ ਦਾ ਪਰਵਾਹ ਰਖ ਕੇ (ਨਿਰੰਕਾਰ ਦੇ ਸਰੂਪ ਵਿਖੇ)। 'ਜਗੁ' ਪਦ ਦੇ ਗੱਗੇ ਅੱਖਰ ਦਾ ਔਂਕੜ ਅਤੇ 'ਗੁਰ' ਪਦ ਦੇ ਰਾਰੇ ਅੱਖਰ ਦਾ ਮੁਕਤਾ ਹੋਣਾ ਹੋਰ ਦੂਜੇ ਅਰਥ ਬਨਣ ਹੀ ਨਹੀਂ ਦਿੰਦਾ। ਨਾਲੇ 'ਦੁਆਰਿ' ਪਦ ਦੇ ਰਾਰੇ ਅੱਖਰ ਨੂੰ ਭੀ ਸਿਹਾਰੀ ਹੈ। ਇਹ 'ਦੁਆਰੇ' ਦਾ ਹੀ ਅਰਥ ਦਿੰਦੀ ਹੈ, 'ਨੇ' ਦਾ ਨਹੀਂ ਦਿੰਦੀ। ਇਉਂ ਇਹ ਗੁਰੂ ਨਾਨਕ ਗੁਰੂ ਅੰਗਦ ਦੇ ਦੁਆਰੇ ਵਰੋਸਾਉਣ ਵਾਲਿਆਂ ਜਗਿਆਸੂਆਂ ਦੀ ਮਹਿਮਾ ਵਰਣਨ ਹੋਈ ਹੈ।

ਮੁਰਾਰਿ

ਕਹੁ ਕੀਰਤਿ ਕਲਸਹਾਰ ਸਪਤ ਦੀਪ ਮਝਾਰ,
ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥੧॥ *(ਪੰਨਾ ੧੩੯੧)*

ਕਲ ਸਹਾਰ ਨਾਮੇ ਭਟ ਇਉਂ ਉਸਤਤੀ ਕਰਦਾ ਹੈ ਕਿ ਸਤ ਦੀਪਾਂ ਅੰਦਰ (ਭਾਵ ਸਾਰੀ ਸ੍ਰਿਸ਼ਟੀ ਅੰਦਰਿ) ਲਹਣਾ (ਪਰਸਿੱਧ ਹੋਇਆ ਹੈ) ਗੁਰੂ ਅੰਗਦ ਰੂਪ ਜਗਤ ਗੁਰੂ (ਹੋ ਕੇ) ਮੁਰਾਰੀ ਰੂਪ ਗੁਰੂ ਨਾਨਕ ਪਾਰਸ ਪਰਸ ਕੇ। ਜਗਤ ਗੁਰੂ ਨਾਨਕ ਨੂੰ ਪਰਸ ਕੇ ਲਹਣਾ ਮੁਰਾਰੀ ਰੂਪ ਹੋਇਆ ਹੈ, ਇਹ ਅਰਥ ਬਣ ਹੀ ਨਹੀਂ ਸਕਦੇ ਕਿਉਂਕਿ 'ਜਗਤ੍ਰ ਗੁਰੁ' ਪਦ ਦੇ ਰਾਰੇ ਅੱਖਰ ਨੂੰ ਔਂਕੜ ਜੋ ਲਗਾ ਹੋਇਆ ਹੈ।

ਓਇ ਜੁ ਸੇਵਹਿ ਸਬਦੁ ਸਾਰੁ ਗਾਖੜੀ ਬਿਖਮ ਕਾਰ,
ਤੇ ਨਰ ਭਵ ਉਤਾਰਿ ਕੀਏ ਨਿਰਭਾਰ ॥

ਜੇਹੜੇ ਜਗਿਆਸੂ ਜਨ ਸਾਰੁ ਸਬਦੁ ਰੂਪੀ (ਧਿਆਨ) ਗਾਖੜੀ ਬਿਖਮ ਕਾਰ (ਸੇਵਾ) ਨੂੰ ਸੇਂਵਦੇ ਹਨ (ਅਭਿਆਸ ਕਮਾਈ ਦੁਆਰਾ ਕਮਾਉਂਦੇ ਹਨ) ਐਸੇ ਜਨ (ਗੁਰੂ ਅੰਗਦ ਨੇ) ਭਵ ਸਾਗਰ ਤੋਂ ਪਾਰਿ ਉਤਾਰ ਕੇ ਨਿਰਭਾਰ ਕਰ ਦਿਤੇ ਹਨ ਭਾਵ ਤਿਨ੍ਹਾਂ ਦਾ ਜਨਮ ਮਰਨ ਚੁਰਾਸੀ ਦੇ ਗੇੜ ਵਾਲਾ ਬੋਝ ਸਭ ਉਤਾਰ ਦਿਤਾ ਹੈ। ਧੰਨ ਗੁਰੂ ਅੰਗਦ ਸਾਹਿਬ ਜੀ।

bsrstrust.org

ਸਤ ਸੰਗਤਿ ਸਹਜ ਸਾਰਿ ਜਾਗੀਲੇ ਗੁਰ ਬੀਚਾਰਿ,
ਨਿੰਮਰੀ ਭੂਤ ਸਦੀਵ ਪਰਮ ਪਿਆਰਿ॥

ਐਸੇ ਜਨ ਸਹਜ ਸਾਰ ਆਤਮ ਅਵਸਥਾ ਨੂੰ ਧਾਰ ਕੇ ਗੁਰੂ ਘਰ ਦੇ ਸਤਿ ਸੰਗਤਿ ਵਿਖੇ ਗੁਰੂ ਬਖ਼ਸ਼ੀ ਅਭਿਆਸ ਕਮਾਈ (ਰੂਪੀ ਵੀਚਾਰ) ਦੇ ਪਰਤਾਪ ਨਾਲ ਸਦਾ ਪਰਮ ਪਿਆਰ ਸਹਿਤ ਨਿਮਰਤਾ ਦਾ ਸਰੂਪ ਬਣ ਕੇ ਸਾਵਧਾਨਤਾ ਸਹਿਤ ਜਾਗਦੇ ਰਹਿੰਦੇ ਹਨ (ਸਦਾ ਸੁਚੇਤ ਅਤੇ ਸਾਵਧਾਨ ਰਹਿੰਦੇ ਹਨ ਕਦੇ ਭੀ ਸਿਮਰਨ ਨੂੰ ਨਹੀਂ ਵਿਸਾਰਦੇ)। ਉਪਰਲੇ ਦੋਹਾਂ ਗੁਰ ਪਰਮਾਣਾਂ ਦਾ ਭਾਵ ਲਗਮਾਤ੍ਰੀ ਨਿਯਮਾਂ ਅਨੁਸਾਰ ਹੋਰ ਦੂਜਾ ਬਣ ਹੀ ਨਹੀਂ ਸਕਦਾ। ਦੁਤੀਆ ਅਰਥ ਬਣ ਹੀ ਨਹੀਂ ਸਕਦੇ। ਉਪਰ ਦੱਸੇ ਅਰਥ ਲਗਮਾਤ੍ਰੀ ਨਿਯਮਾਂ ਅਨੁਸਾਰੀ ਅਰਥ ਹਨ।

ਜਾਸੁ

ਤੈ ਤਉ ਦ੍ਰਿੜਿਓ ਨਾਮੁ ਅਪਾਰੁ, ਬਿਮਲ ਜਾਸੁ ਬਿਥਾਰੁ,
ਸਾਧਿਕ ਸਿਧ ਸੁਜਨ ਜੀਆ ਕੋ ਅਧਾਰੁ॥ *(ਪੰਨਾ ੧੩੯੧)*

(ਹੇ ਗੁਰੂ ਅੰਗਦ ਸਾਹਿਬ) ਤੈਂ ਨਾਮੁ ਦ੍ਰਿੜ੍ਹ ਕੀਤਾ (ਦ੍ਰਿੜ੍ਹਤਾ ਸਹਿਤ ਅਭਿਆਸ ਕਰਕੇ ਕਮਾਇਆ) ਤਾਂ ਐਸਾ ਕੀਤਾ ਕਿ ਤੇਰਾ ਸਹਿਜ ਪਦ ਸੰਪੰਨ ਸਪੂਰਨ ਸੁਧਤਾ ਵਾਲਾ ਮਹਿਮਾ ਮਈ ਜਸੁ ਸਾਰੇ ਫੈਲ ਗਿਆ। (ਖੰਡਾਂ ਬ੍ਰਹਮੰਡਾਂ ਵਿਖੇ ਤੂੰ) ਸਿਧ ਸਾਧਿਕ ਸ੍ਰੇਸ਼ਟ ਜਨਾਂ ਦਾ ਆਤਮ ਆਧਾਰ ਬਣਿ ਗਇਓਂ। 'ਜਾਸੁ'—ਜਸੁ। 'ਜਾਸੁ' ਪਦ ਦੇ ਅਰਥ ਜਿਸਦਾ ਨਹੀਂ ਜੈਸਾ ਕਿ ਕਈ ਗਿਆਨੀ ਕਰਦੇ ਹਨ। 'ਬਿਮਲ ਜਾਸੁ ਬਿਥਾਰੁ' ਪੰਗਤੀ ਦੇ ਅਰਥ ਕਰਦੇ ਹਨ—ਜਿਸਦਾ ਵਿਸਥਾਰ ਪਵਿਤਰ ਹੈ। ਇਹ ਤਾਂ ਗੱਲ ਕੁਛ ਭੀ ਨਾ ਬਣੀ। ਗੁਰੂ ਸਾਹਿਬ ਦਾ ਬਿਸਥਾਰ ਕੋਈ ਪਸਾਰਾ ਹੈ ? ਤੇ ਪਸਾਰਾ ਪਵਿਤਰ ਹੋਣਾ ਕੋਈ ਮਾਅਨੇ ਹੀ ਨਹੀਂ ਰਖਦਾ। ਜਾਂ ਓਹਨਾਂ ਦਾ ਭਾਵ ਨਾਮ ਦੇ ਪਸਾਰੇ ਤੋਂ ਹੋਣਾ ਹੈ। ਜੇ ਇਵੇਂ ਹੈ ਤਦ ਤਾਂ ਇਹ ਨਾਮ ਦੀ ਸਿਫ਼ਤ ਮਾਤਰੀ ਅਤੇ ਢੁਕਵੀਂ ਮਹਿਮਾ ਹੀ ਹੈ। ਏਥੇ ਤਾਂ ਗੁਰੂ ਅੰਗਦ ਸਾਹਿਬ ਦੀ ਮਹਿਮਾ ਦਰਕਾਰ ਹੈ ਤਾਂ ਤੇ 'ਜਾਸੁ' ਤੋਂ ਭਾਵ ਜਸੁ ਦਾ ਹੈ 'ਜਿਸਦਾ' ਭੀ ਅਰਥ ਹੈ ਪਰ ਏਥੇ ਢੁਕਦਾ ਨਹੀਂ।

ਜਨਿਕ

ਤੂ ਤਾ ਜਨਿਕ ਰਾਜਾ ਅਉਤਾਰੁ...॥ *(ਪੰਨਾ ੧੩੯੧)*

(ਹੇ ਗੁਰੂ ਅੰਗਦ ਸਾਹਿਬ ਜੀਉ) ਤੂੰ ਤਾਂ ਰਾਜੁ ਜੋਗੁ (ਗੁਰਮਤਿ ਰਾਜੁ ਗੁਰਮਤਿ ਜੋਗੁ) ਦੀ ਪਰਮ ਪਰਮਾਰਥ ਪ੍ਰਮ ਆਤਮੀ (ਰੂਹਾਨੀ) ਬਿਸਮ ਪਰਬੀਨਤਾ ਵਾਲਾ ਰਾਜਾ (ਰਾਜਾਨ ਰਾਜ) ਸੱਚਾ ਗੁਰੂ ਪਾਤਸ਼ਾਹ ਹੈਂ। 'ਜਨਿਕ' ਪਦ ਦੇ ਪਿਛਲੇ ਅੱਖਰ ਕੱਕੇ ਨੂੰ ਔਂਕੜ ਨਹੀਂ ਹੈ। ਕੱਕਾ ਮੁਕਤਾ ਹੀ ਹੈ। ਇਸ ਕਰਕੇ ਇਸ ਪਦ ਦਾ ਅਰਥ 'ਜਨਕੁ'

bsrstrust.org

ਨਾਮ ਦੇ ਅਰਥਾਂ ਵਾਲਾ 'ਜਨਕੁ' ਨਾਮੀ ਰਾਜਾ ਨਹੀਂ ਹੋ ਸਕਦਾ। ਇਹ ਪਦ ਪਿਛਲਾ ਅੱਖਰ ਮੁਕਤਾ ਹੋਣ ਕਰਿ 'ਰਾਜਾ' ਪਦ ਨਾਂਵ ਦਾ ਸਿਫਤੀਆ ਵਿਸ਼ੇਸ਼ਣ ਹੀ ਹੈ। ਇਸਮ ਮੁਸੰਮੀ ਨਾਂਵ 'ਜਨਕੁ' ਹੈ ਔਂਕੜ ਵਾਲੇ ਪਿਛਲੇ ਅੱਖਰ ਕੱਕੇ ਨਾਲਿ' ਅਤੇ 'ਜਨਕੁ' ਦੀ ਗੁਰਮਤਿ ਤਾਰੀਫ, ਲੱਛਣ (adjective) ਗੁਰਬਾਣੀ ਅੰਦਰ ਇਹ ਹੈ। ਯਥਾ ਗੁਰਵਾਕ :

ਜਨਕੁ ਸੋਇ ਜਿਨਿ ਜਾਣਿਆ ਉਨਮਨਿ ਰਤੁ ਧਰਿਆ॥ *(ਪੰਨਾ ੧੩੯੮)*

ਅਰਥਾਤ ਗੁਰਮਤਿ ਅਨੁਸਾਰ 'ਜਨਕੁ' ਸੋ ਹੈ ਜਿਸਨੇ ਸੱਚੀ ਪਰਮਾਤਮ ਅਭੇਦਤਾ (ਇਕਮਿਕ) ਸਰੂਪਤਾ ਵਾਲੀ ਜਾਨਣੀ ਦੁਆਰਾ ਅਕਾਲ ਪੁਰਖ ਨੂੰ ਜਾਣਿਆ ਹੈ।

ਵਡਾ ਸਾਹਿਬੁ ਊਚਾ ਥਾਉ॥ ਊਚੇ ਊਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥

ਅਸਲ ਤੱਤ ਪਰਮਾਤਮ ਗਿਆਨ ਵਾਲੀ ਜਾਨਣੀ ਇਹੋ ਹੈ। ਐਸੀ ਜਾਨਣੀ ਬਿਨਾ ਗੁਰੂ ਨਾਨਕ ਸਮਦਰਸੀ ਅਤੇ ਉਸਦੇ ਦਸ ਜਾਮਿਆਂ ਤੋਂ ਹੋਰ ਕਿਸ ਨੇ ਜਾਣਿਆ ਹੈ, ਵਾਹਿਗੁਰੂ ਨੂੰ। ਤੱਤ ਸਮਦਰਸੀ ਜਾਨਣੀ ਜਾਨਣਹਾਰ ਗੁਰੂ ਨਾਨਕ ਦਾ ਅਵਤਾਰ, ਗੁਰੂ ਅਵਤਾਰ ਤੂੰ ਹੀ ਹੈਂ, ਗੁਰੂ ਅੰਗਦ ਦੇਵ ਜੀ! ਤਤ ਸਮਦਰਸਤਾ ਵਾਲੀ ਤੁਰੀਆ ਪਦ ਰਮਨੀ (ਸਦ ਰਮਨੀ) ਬਿਰਤੀ ਵਾਲੀ, ਤੁਰੀਆ ਪਦ ਬਿਰਤੀ ਦੇ ਪਰਵਾਹ ਵਿਚਿ ਸਦਾ ਖੇਲਣਹਾਰਾ, ਵਾਹਿਗੁਰੂ ਦੇ ਤੱਤ ਗਿਆਨ ਦਾ ਗਿਆਤਾ (ਜਾਨਣਹਾਰਾ) (ਜਨਿਕ) ਸੱਚਾ ਪਾਤਸ਼ਾਹ ਰਾਜਾਨ ਰਾਜ ਤੂੰ ਹੈਂ, ਹੇ ਗੁਰੂ ਅੰਗਦ ਸਾਹਿਬ ਜੀ, ਗੁਰੂ ਨਾਨਕ ਦੇ ਸੱਚੇ ਅਵਤਾਰ, ਗੁਰੂ ਪਾਤਸ਼ਾਹੀ ਅਵਤਾਰ, ਗੁਰਿਆਈ ਦੇ ਸਚੜੇ ਤਖ਼ਤ ਨਿਵਾਸੀ ਰਾਜਾ ਅਵਤਾਰ ਜੀ। ਐਸੀ ਅਮਰ ਪਾਤਸ਼ਾਹੀ ਦੇ ਪਾਤਸ਼ਾਹ ਗੁਰੂ ਅੰਗਦ ਸਾਹਿਬ ਨੂੰ ਰਾਜਾ ਜਨਕ ਦਾ ਅਵਤਾਰ ਬਣਾਉਣਾ ਗੁਰੂ ਸਾਹਿਬ ਦੀ ਵਡਿਆਈ ਨਹੀਂ ਸਗੋਂ ਛੁਟਿਆਈ ਹੈ। ਗੁਰਬਾਣੀ ਅੰਦਰਿ ਤਾਂ ਨਾਮ ਜਪਣ ਵਾਲੇ ਸੰਤ ਪਰਬੀਨ ਪਦਵੀ ਵਾਲੇ ਗੁਰਸਿਖਾਂ ਨੂੰ ਹੀ ਜਨਕ ਰਾਜਾ ਤੋਂ ਪਵਿਤਰ ਕਰਕੇ ਜਾਣਿਆ ਹੈ। ਯਥਾ ਗੁਰਵਾਕ :

ਸੰਤ ਜਨਾ ਕੀ ਬਹੁਤੁ ਬਹੁ ਸੋਭਾ ਜਿਨ ਉਰਿ ਧਾਰਿਓ ਹਰਿ ਰਸਿਕ ਰਸਾਕ॥...
ਹਰਿ ਕੇ ਸੰਤ ਜਨਾ ਮਹਿ ਹਰਿ ਹਰਿ ਤੇ ਜਨ ਊਤਮ ਜਨਕ ਜਨਾਕ॥
(ਕਾਨੜਾ ਮ: ੪, ਪੰਨਾ ੧੨੯੫)

ਗੁਰ ਪਰਮਾਣੇ ਵਾਹਿਗੁਰੂ ਦੇ ਸੰਤ ਜਨਾ ਨਾਮ ਸਿਮਰਨ ਹਾਰੇ ਸੰਤਾਂ ਸਿਖਾਂ ਦੀ ਬਹੁਤ ਬਾਹਲੀ ਸੋਭਾ ਹੈ, ਜਿਨ੍ਹਾਂ ਨੇ ਰਸਿਕ ਰੀਸਾਲੂ ਵਾਹਿਗੁਰੂ ਨੂੰ ਆਪਣੇ ਹਿਰਦੇ ਅੰਦਰਿ ਧਾਰਨ ਕਰਿ ਰਖਿਆ ਹੈ। ਐਸੇ ਗੁਰੂ ਵਾਹਿਗੁਰੂ ਦੇ ਦਰਿ ਪਰਵਾਣ ਹੋਏਵੇ ਗੁਰਮੁਖ ਸੰਤ ਜਨਾਂ ਦੇ ਘਟੰਤਰਿ ਵਾਹਿਗੁਰੂ ਹਰ ਦਮ ਵਸਦਾ ਹੈ। ਤੇ ਜਨ ਉਤਮ ਹੈਨ ਜਨਕ ਤੋਂ ਅਤੇ ਜਨਕ ਆਦਿਕਾਂ ਤੋਂ। ਇਸ ਗੁਰ ਪਰਮਾਣ ਵਿਖੇ 'ਜਨਕ' ਅਤੇ 'ਜਨਾਕ' ਦੋਹਾਂ ਪਦਾਂ ਦੇ ਪਿਛਲੇ ਕੱਕੇ ਅੱਖਰ ਮੁਕਤੇ ਹਨ ਜਿਨ੍ਹਾਂ ਦੇ ਅਗੇ 'ਤੋਂ' ਸਬੰਧਕੀ ਪਦ (preposition) ਦੇ ਅਰਥਾਂ ਦੀ ਸੰਭਾਵਨਾ ਹੈ।

bsrstrust.org

...ਸਬਦੁ ਸੰਸਾਰਿ ਸਾਰੁ ਰਹਹਿ ਜਗਤ੍ਰ ਜਲ ਪਦਮ ਬੀਚਾਰ॥

ਸੰਸਾਰਿ ਵਿਖੇ ਗੁਰ ਸਬਦ (ਗੁਰਮੰਤ੍ਰ) ਹੀ ਤੱਤ ਪਦਾਰਥ ਹੈ (ਜਿਸਦਾ ਤੂੰ ਮਾਲਿਕ ਹੈਂ)। (ਇਸ ਤੱਤਸਾਰ ਪਦਾਰਥ ਸ਼ਬਦ ਦਾ ਮਾਲਿਕ ਹੋਣ ਕਰਿ) ਤੂੰ ਜਗਤ ਤੋਂ ਅਪਰੰਪਰ ਜਲ ਕਮਲ ਵਤ ਅਲੇਪ ਹੀ ਰਹਿੰਦਾ ਹੈਂ। 'ਜਗਤ੍ਰ' ਦਾ ਪਿਛਲਾ ਅੱਖਰ ਮੁਕਤਾ ਹੋਣ ਕਰਿ ਇਸ ਪਦ ਦੇ ਅਗੇ 'ਉਤੇ' ਸਬੰਧਕ ਪਦ ਅਰਥਾਂ ਵਿਚ ਲਗਦਾ ਹੈ। 'ਉਤੇ' ਦਾ ਭਾਵ 'ਅਪਰੰਪਰ' ਹੈ (ਨਿਰਾਲਮ ਆਤਮ ਬਵਸਥਾ ਕਰਿ) 'ਜਲ ਪਦਮ ਬੀਚਾਰ'—ਜਲ ਕਮਲ ਦੇ ਬੀਚਾਰ ਸਮਸਰ ਕਰਿ—ਜਲ ਕਮਲ ਦੀ ਨਿਆਈਂ।

ਕਲਿਪ ਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ,
ਆਤਮਾ ਤ੍ਰਿਬਿਧਿ ਤੇਰੈ ਏਕ ਲਿਵ ਤਾਰ॥

ਤੂੰ ਰੋਗ ਬਿਦਾਰੂ ਕਲਪ ਬਿਰਛ ਹੈਂ ਤੇ ਐਸਾ ਕਲਪ ਬਿਰਛ ਹੈਂ ਕਿ ਮਾਨਸਕ (ਮਨ ਦੇ) ਰੋਗ ਬਿਦਾਰਨ ਨੂੰ ਸਮਰਥ ਹੈਂ। ਸੁਰਗ ਦਾ ਕਲਪ ਤਰਵਰ ਤਾਂ ਸਿਰਫ਼ ਤਨ ਦੇ ਰੋਗ ਹੀ ਬਿਦਾਰਦਾ ਹੈ ਪਰ ਗੁਰੂ ਅੰਗਦ ਮਈ ਕਲਪ ਬਿਰਛ ਵਿਚਿ ਇਹ ਵਿਲੱਖਣਤਾ ਹੈ ਕਿ ਸਰੀਰਕ ਮਾਨਸਕ ਦੋਈ ਰੋਗ ਹਰ ਪਰਕਾਰ ਦੇ ਰੋਗ ਬਿਦਾਰਨ ਨੂੰ ਸਮਰਥ ਹੈ। ਸਭ ਤੋਂ ਵੱਡਾ ਮਾਨਸਕ ਰੋਗ ਪਰਮਾਤਮਾ ਤੋਂ ਵਿਛੋੜੇ ਦਾ ਹੈ। ਇਹ ਖ਼ਾਸ ਰੋਗ ਬਿਦਾਰਨਹਾਰਾ ਖ਼ਾਸ ਗੁਰੂ ਅੰਗਦ ਦੇਵ ਹੈ। ਤਾਂ ਤੇ ਗੁਰੂ ਅੰਗਦ ਐਸਾ ਕਲਪ ਬਿਰਛ ਹੈ ਕਿ ਸੁਰਗ ਬਹਿਸ਼ਤੀ ਕਲਪ ਬਿਰਛ ਇਸਦੀ ਤੁੱਲਤਾ ਸਮਸਰਤਾ ਨਹੀਂ ਰਖਦਾ। ਫੇਰ ਗੁਰੂ ਅੰਗਦ ਸੰਸਾਰ ਦੇ ਤਾਪ (ਤੀਨੇ ਤਾਪ ਆਧਿ, ਬਿਆਧਿ, ਉਪਾਧਿ) ਮਈ ਤੀਨੇ ਤਾਪ ਨਿਵਾਰਨ ਨੂੰ ਸਮਰਥ ਹੈ। 'ਸੰਸਾਰ' ਪਦ ਦਾ ਰਾਰਾ ਅੱਖਰ ਮੁਕਤਾ ਹੈ ਕਿਉਂਕਿ ਇਸਦੇ ਅਗੇ 'ਦੇ' ਸਬੰਧਕ ਪਦ (preposition) ਮਹਿਜ਼ੂਫ ਹੈ। 'ਤਾਪ' ਪਦ ਦਾ ਪੱਪਾ ਅੱਖਰ ਇਸ ਪਦ ਦੇ ਬਹੁ-ਵਚਨ (plural) ਹੋਣ ਕਰਕੇ ਮੁਕਤਾ ਹੈ। 'ਬਿਦਾਰੁ' ਅਤੇ 'ਨਿਵਾਰੁ' ਪਦਾਂ ਦੇ ਪਿਛਲੇ ਰਾਰੇ ਔਂਕੜ ਸਹਿਤ ਹਨ। ਔਂਕੜ ਏਥੇ ਸਮਰਥਤਾ ਕਲਾ ਸੰਪੰਨ ਹੋਣ ਦੇ ਅਰਥ ਦਿੰਦਾ ਹੈ (ਸਮਰਥਤਾ ਕਲਾ ਸੰਪੰਨ ਹੈ ਗੁਰੂ ਅੰਗਦ)—ਇਕੋ ਲਿਵਤਾਰ ਕਰਿ ਸਾਰੀ ਤ੍ਰਿਲੋਕੀ ਤੇਰੇ ਆਤਮਾ ਵਿਚਿ ਪਰੋਤੀ ਹੋਈ ਹੈ। 'ਤੇਰੈ' ਪਦ ਦੇ ਰਾਰੇ ਅੱਖਰ ਦੀ ਦੂਜੀ ਲਾਂਵ 'ਵਿਖੇ' ਦਾ ਅਰਥ ਦਿੰਦੀ ਹੈ। 'ਆਤਮਾ' ਪੁਲਿੰਗ ਨਾਂਵ (masculine gender) ਹੈ। ਇਹ ਅਰਥ ਠੀਕ ਨਹੀਂ ਜੈਸੇ ਕਿ ਗਿਆਨੀ ਲੋਗ ਕਰਦੇ ਹਨ—ਸਾਰੇ ਸੰਸਾਰੀ ਜੀਵ ਤੇਰੀ ਲਿਵ ਵਿਚਿ ਮਗਨ ਹਨ। 'ਲਿਵ' ਪਦ ਦੇ ਵਾਵੇ ਅੱਖਰ ਨੂੰ ਜੇ ਸਿਹਾਰੀ ਹੁੰਦੀ ਤਦ ਤਾਂ 'ਵਿਚ' ਦੇ ਅਰਥ ਬਣਦੇ। ਅਤੇ ਸੰਸਾਰੀ ਜੀਵ ਕਦੇ ਲਿਵ ਮਗਨ ਹੋ ਹੀ ਨਹੀਂ ਸਕਦੇ। ਨਾਮ ਅਭਿਆਸੀ ਗੁਰੂ ਸਾਹਿਬ ਦੇ ਸਿਖ ਹੀ ਮਗਨ ਹੋ ਸਕਦੇ ਹਨ। ਤਾਂ ਤੇ ਇਹ ਅਰਥ ਗੁਰਮਤਿ ਪ੍ਰਤਿਕੂਲ ਹਨ।

ਤੈ ਤਾ ਹਦਰਥਿ ਪਾਇਓ ਮਾਨੁ ਸੇਵਿਆ ਗੁਰੁ ਪਰਵਾਨੁ,
ਸਾਧਿ ਅਜਗਰੁ ਜਿਨਿ ਕੀਆ ਉਨਮਾਨੁ॥

ਹੇ ਗੁਰੂ ਅੰਗਦ ਤੈ ਹਜ਼ਰਤ ਨੇ ਤਾਂ ਧੁਰਿ ਦਰ ਪਰਵਾਨੁ ਗੁਰੂ (ਨਾਨਕ) ਸੇਵਿਆ ਹੈ। ਏਸੇ ਕਰਕੇ ਤੇਰਾ ਗੁਰੂ ਘਰ ਵਿਚਿ ਹਜ਼ਰਤ ਦੇ ਮਰਤਬੇ ਵਾਲਾ ਮਾਨੁ ਸਤਿਕਾਰੁ

bsrstrust.org

ਹੈ। (ਤੈਂ ਤਾਂ ਐਸੇ ਗੁਰੂ ਨੂੰ ਸੇਵਿਆ ਹੈ) ਜਿਸ (ਗੁਰੂ ਨਾਨਕ) ਨੇ ਇਸ ਨਾ ਵਸਿ ਆਉਣ ਵਾਲੇ (ਅਜਗਰ, ਸਪੋਲੀਏ) ਮਨ ਨੂੰ ਐਸਾ ਸਾਧਿਆ ਹੈ ਕਿ ਇਸ ਨੂੰ ਉਨਮਨ ਅਵਸਥਾ ਵਾਲਾ (ਸਦਾ ਪਰਮਾਤਮ ਲੀਨ ਆਤਮਾ) ਬਣਾ ਦਿਤਾ ਹੈ।

ਹਰਿ ਹਰਿ ਦਰਸ ਸਮਾਨ ਆਤਮਾਵੰਤ ਗਿਆਨ... ॥

ਹਰਿ ਹਰਿ (ਪਰਮਾਤਮ) ਦਰਸ ਦੇ ਸਮਾਨ ਹੈ ਗਿਆਨਵੰਤ ਆਤਮ (ਸਰੂਪ ਗੁਰੂ ਜੀ)। ਲਗਮਾਤ੍ਰੀ ਨਿਯਮਾਂ ਦੀ ਰੌਸ਼ਨੀ ਨਾਲਿ ਇਹੀ ਅਰਥ ਬਣਨਗੇ। "ਜਾਣੀਅ ਅਕਲ ਗਤਿ ਗੁਰ ਪਰਵਾਨ॥"—ਜਿਸਨੇ ਪਰਵਾਨ ਗੁਰੂ ਨਾਨਕ ਦੀ ਅਕਲਗਤੀ ਜਾਣੀ ਹੈ, ਇੰਨ ਬਿੰਨ।

ਜਾਕੀ ਦ੍ਰਿਸਟਿ ਅਚਲ ਠਾਣ ਬਿਮਲ ਬੁਧਿ ਸੁਥਾਨ... ॥

ਜਿਸਦੀ ਦ੍ਰਿਸ਼ਟੀ ਠਣੀ ਹੋਈ ਹੋਈ ਹੈ (ਠਹਿਰੀ ਹੋਈ ਹੈ) ਟਿਕੀ ਹੋਈ ਹੈ, ਨਿਰਮਲ ਬੁੱਧੀ ਦੇ ਠਿਕਾਣੇ (ਅਸਥਾਨ) ਤੇ। 'ਠਾਣ' ਪਦ ਦਾ ਣਾਣਾ ਅੱਖਰ ਮੁਕਤਾ ਹੈ ਕਿਉਂਕਿ ਇਸ ਕਿਰਿਆ ਦਾ ਕਰਤਾ 'ਦ੍ਰਿਸਟਿ' ਇਸਤ੍ਰੀ-ਲਿੰਗ ਨਾਂਵ ਹੈ। 'ਸਥਾਨ' ਪਦ ਦੇ ਪਿਛੇ (ਭਾਵ ਅਗੇ) 'ਤੇ' ਸਬੰਧਕੀ ਪਦ (preposition) ਅਰਥ ਬੋਧਕ ਹੋਣ ਕਰਿ ਇਸ ਦਾ ਨੰਨਾ ਅੱਖਰ (ਪਿਛਲਾ) ਮੁਕਤਾ ਹੈ। ਔਂਕੜ ਉਡ ਗਿਆ ਹੈ। 'ਦ੍ਰਿਸਟਿ ਅਚਲ'—ਅਚਲ ਦ੍ਰਿਸ਼ਟੀ ਹੈ; ਇਕ ਰਸ ਮਗਨ ਦਿੱਬ ਦ੍ਰਿਸ਼ਟੀ। 'ਅਚਲ' ਪਦ ਦਾ ਲੱਲਾ ਅੱਖਰ ਮੁਕਤਾ ਹੈ। ਕਿਉਂਕਿ ਇਹ ਪਦ ਸਿਫ਼ਤ ਸਿਫ਼ਤਾ (adjective) ਹੈ ਇਸਤ੍ਰੀ-ਲਿੰਗ ਨਾਂਵ (feminine gender noun) ਪਦ 'ਦ੍ਰਿਸਟਿ' ਦਾ। 'ਬਿਮਲ ਬੁਧਿ ਸਥਾਨ'—ਦਸਮ ਦੁਆਰ ਤੋਂ ਭਾਵ ਹੈ। 'ਬਿਮਲ' ਪਦ ਦਾ ਲੱਲਾ ਅੱਖਰ ਮੁਕਤਾ ਹੈ ਕਿਉਂਕਿ ਇਹ ਪਦ ਸਿਫ਼ਤ ਕਰਦਾ ਹੈ (ਐਡਜੈਕਟਿਵ ਹੋਣ ਕਰਿ) ਇਸਤ੍ਰੀ-ਲਿੰਗ ਨਾਂਵ 'ਬੁਧਿ' ਪਦ ਦੀ। 'ਬੁਧਿ'—ਬੁਧੀ। ਇਸ 'ਬੁਧਿ' ਪਦ ਤੋਂ ਤ੍ਰੈਗੁਣੀ ਅਲਪੱਗ ਬੁਧੀ ਦਾ ਭਾਵ ਨਹੀਂ। ਏਸੇ ਕਰਕੇ ਇਸ ਨੂੰ 'ਬਿਮਲ ਬੁਧਿ' ਅੰਕਤਾਇਆ ਗਿਆ ਹੈ। ਤੁਰੀਆ ਪਦ ਵਾਲੀ ਸਰਬੱਗ ਬੁਧੀ ਤੋਂ ਭਾਵ ਹੈ—ਸਦਾ ਅਚਲ ਦ੍ਰਿਸ਼ਟੀ ਵਾਲੀ। 'ਅਚਲ'—ਕਦੇ ਨ ਚਲਾਇਮਾਨ ਹੋਣ ਵਾਲੀ।

...ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ॥

ਜਿਸ ਨੇ ਪਹਿਰੀ ਹੋਈ ਹੈ ਸਕਤਿ ਬਿਦਾਰਨੀ ਸੰਜੋਅ ਸੀਲ ਦੀ। 'ਸਨਾਹ' ਦਾ ਹਾਹਾ ਮੁਕਤਾ ਹੈ ਇਸਤ੍ਰੀ-ਲਿੰਗ ਪਦ (feminine gender noun) ਹੋਣ ਕਰਕੇ। 'ਪਹਿਰਿ'—ਪਹਿਰੀ ਹੋਈ ਹੈ। ਇਹ ਪਦ 'ਸਨਾਹ' ਪਦ ਨਾਂਵ ਇਸਤ੍ਰੀ-ਲਿੰਗ ਦੀ ਇਸਤ੍ਰੀ-ਲਿੰਗੀ ਕਿਰਿਆ ਹੋਣ ਕਰਿ ਅਤੇ ਵਰਤਮਾਨ ਕਾਲ (present tense) ਹੋਣ ਕਰਿ ਇਸ ਦੇ ਰਾਰੇ ਅੱਖਰ ਨੂੰ ਸਿਹਾਰੀ ਹੈ। 'ਸੀਲ' ਪਦ 'ਸਨਾਹ' ਇਸਤ੍ਰੀ-ਲਿੰਗ ਪਦ ਨਾਂਵ (noun) ਦਾ ਵਿਸ਼ੇਸ਼ਣ (adjective) ਹੋਣ ਕਰਿ ਇਸ ਦਾ ਲੱਲਾ ਅੱਖਰ ਮੁਕਤਾ ਹੈ। 'ਸੀਲ ਸਨਾਹ'—ਸਦ ਨਿਮਰਤੀ ਭੂਤ ਹੋਣ ਵਾਲੇ ਸੁਭਾਵ ਦੀ ਸੰਜੋਇ 'ਗਰੀਬੀ ਗਦਾ ਹਮਾਰੀ' ਵਾਲਾ ਭਾਵ ਹੈ। ਇਸ ਦੇ ਧਾਰਨ ਕੀਤਿਆਂ ਕੋਈ ਵਿਕਾਰ

ਠਹਿਰ ਨਹੀਂ ਸਕਦਾ। ਕੋਈ ਮਾਇਕ ਲੇਸ ਲਗ ਨਹੀਂ ਸਕਦਾ। ਐਸੇ ਸਦਾ ਨਿਮਰੀ ਸੀਲ ਸੁਭਾਵ ਵਾਲੇ ਹੋਏ ਹਨ ਗੁਰੂ ਨਾਨਕ ਰੂਪ ਗੁਰੂ ਅੰਗਦ ਸਾਹਿਬ। ਪਿਛਲੀ ਸਿਫ਼ਤਾਵਲੀ ਸਾਰੀ ਗੁਰੂ ਦੋਇਮ ਪਾਤਸ਼ਾਹ ਦੇ ਨਮਿਤ ਹੀ ਅੰਕਤ ਹੋਈ ਹੈ। 'ਸਕਤਿ ਬਿਦਾਰਿ'—ਸ਼ਕਤੀ (ਮਾਇਆ) ਦੇ ਬਿਦਾਰਨਹਾਰੀ। ਮਾਇਕ ਪਰਭਾਵ ਨੂੰ ਮਾਰਨਹਾਰੀ। 'ਸਕਿਤ'—ਸ਼ਕਤੀ, ਮਾਇਆ। ਇਸਤ੍ਰੀ-ਲਿੰਗ ਨਾਂਵ ਹੋਣ ਕਰਿ ਅਤੇ ਸ਼ਕਤੀ ਦਾ ਭਾਵ ਹੋਣ ਕਰਿ ਇਸ ਦੇ ਤੱਤੇ ਅੱਖਰ ਨੂੰ ਸਿਹਾਰੀ ਲਗੀ ਹੈ। 'ਬਿਦਾਰਿ' ਦੇ ਰਾਰੇ ਨੂੰ ਸਿਹਾਰੀ ਇਸ ਕਰਕੇ ਲਗੀ ਹੈ ਕਿ ਇਹ 'ਸਕਤਿ' ਇਸਤ੍ਰੀ-ਲਿੰਗ ਪਦ ਦੀ ਸਿਫ਼ਤਾਇਕ ਹੋਣ ਕਰਿ ਸ਼ਕਤਿ ਬਿਦਾਰਨੀ ਦਾ ਭਾਵ ਰਖਦੀ ਹੈ। 'ਬਿਦਾਰਿ'—ਬਿਦਾਰਨਹਾਰੀ।

ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ॥

ਦ੍ਰਿਸ਼ਟੀ (ਨਦਰ ਦ੍ਰਿਸ਼ਟੀ) ਧਾਰ ਕੇ ਤਮੋਗੁਣ ਨੂੰ ਹਰਨਹਾਰੇ ਹੋ। ਅਘਾਂ ਨੂੰ ਦਰਨਹਾਰੇ ਹੋ ਤੇ ਪਾਪਾਂ ਨੂੰ ਪਰੇ ਦੂਰ ਨਸਾ ਕੇ ਤਿਨ੍ਹਾਂ ਦਾ ਨਾਸ ਕਰਨਹਾਰੇ ਹੋ। 'ਦ੍ਰਿਸਟਿ ਧਰਤ'—(ਨਦਰ ਮੇਹਰ ਵਾਲੀ) ਦ੍ਰਿਸ਼ਟੀ ਧਰਨ ਸਾਰ ਹੀ। ਜਿਸ ਦੇ ਉਪਰਿ ਤੈਂ ਨਦਰੀ ਦ੍ਰਿਸ਼ਟੀ ਇਕ ਵਾਰ ਧਰੀ ਤਿਸਦੇ ਤਿਮਰ ਅਗਿਆਨ ਮਈ ਤਮੋ ਗੁਣ ਤੱਤ ਕਾਲ ਹੀ ਹਰੇ ਗਏ। ਤਿਸਦੇ ਬੜੇ ਬੜੇ ਬਜਰ ਗੁਨਾਹ ਇਕ ਫੋਰੇ ਵਿਚਿ ਹੀ ਦਹੇ ਗਏ, ਦਾਹ ਹੋ ਗਏ (ਜਲ ਬਲ ਗਲ ਗਏ)। ਅਤੇ ਸਾਰੇ ਪਿਛਲੇ ਅਗਲੇ ਕਮਾਤੇ ਪਾਪ ਪ੍ਰਨਾਸੇ ਗਏ, ਉੱਕੇ ਹੀ ਨਾਸ ਹੋ ਗਏ। 'ਧਰਤ' ਦਾ ਤੱਤਾ ਅੱਖਰ ਅਤੇ 'ਹਰਨ, ਦਹਨ, ਪ੍ਰਨਾਸਨ' ਏਹਨਾਂ ਕਿਰਿਆਵਾਂ ਪਦਾਂ ਦੇ ਪਿਛਲੇ ਅੱਖਰ ਇਸ ਕਰਕੇ ਮੁਕਤੇ ਹਨ ਕਿ ਸੰਬੋਧਨ ਕੀਤੇ ਗਏ ਹਨ, ਗੁਰੂ ਅੰਗਦ ਸਾਹਿਬ ਦੇ ਸਨਮੁਖ ਉਚਾਰੇ ਗਏ ਹਨ, ਮੁਖ਼ਾਤਬ ਕਰਕੇ। 'ਤਮ' ਪਦ ਦਾ ਮੰਮਾ, 'ਅਘ' ਪਦ ਦਾ ਘੱਘਾ ਅਤੇ 'ਪਾਪ' ਪਦ ਦਾ ਪੱਪਾ ਅੱਖਰ ਇਸ ਕਰਕੇ ਮੁਕਤਾ ਹੈ ਕਿ ਇਹ ਤਿੰਨੇ ਪਦ ਬਹੁ-ਵਚਨ ਨਾਂਵ (plural nouns) ਹਨ।

ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ॥

ਸ਼ਬਦ ਦੇ ਸੂਰਮੇ ਬਲਵਾਨ ਹੋ, ਕਾਮ ਕ੍ਰੋਧ ਦੇ ਬਿਨਾਸ ਕਰਨਹਾਰੇ ਹੋ। ਪਿਛਲੇਰੀ ਤੁਕ ਵਿਚ ਦਰਸਾਏ ਨਿਯਮ ਅਨੁਸਾਰ 'ਬਿਨਾਸਨ' ਪਦ ਸੰਬੋਧਕੀ (ਸਨਮੁਖੀ ਉਚਰਣਤ ਕਿਰਿਆ) ਹੋਣ ਕਰਿ ਇਸਦਾ ਪਿਛਲਾ ਅੱਖਰ ਨੰਨਾ ਮੁਕਤਾ ਹੈ। 'ਸਬਦ ਸੂਰ'—ਸ਼ਬਦ ਦਾ ਬਾਣ ਵਹਾ ਕੇ, ਸ਼ਬਦ ਦੀ ਚੋਟ ਲਾ ਕੇ ਫੱਟੜ ਕਰਨਹਾਰ, ਫੱਟੜ ਹੋਇਆਂ ਨੂੰ ਜੀਉਂਦੇ ਜੀ ਮਾਰਨਹਾਰ ਸੂਰਮੇ ਹੋ। ਜੈਸੇ ਕਿ ਇਸ ਗੁਰਵਾਕ ਦਾ ਭਾਵ ਹੈ:

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥੧੯੪॥

"ਸਬਦ ਸੂਰ"—ਸਬਦ ਦੇ ਸੂਰੇ। 'ਸਬਦ' ਪਦ ਦਾ ਦੱਦਾ ਅੱਖਰ ਇਸ ਵਾਸਤੇ

bsrstrust.org

ਮੁਕਤਾ ਹੈ ਕਿ ਇਸ ਪਦ ਦੇ ਅਗੇ 'ਦੇ' ਪਦ ਸਬੰਧਕੀ (preposition) ਅਰਥ ਬੋਧਕ ਹੈ। 'ਸੂਰ' ਪਦ ਦੇ ਰਾਰੇ ਅੱਖਰ ਦਾ ਔਂਕੜ ਇਸ ਕਰਕੇ ਨਾਸਤ ਹੈ ਕਿ ਇਥੇ ਸਨਮੁਖ ਉਸਤਤੀ ਹੈ। 'ਬਲਵੰਤ'—ਬਲ ਵਾਲੇ, ਬਚਨ ਦੇ ਬਲੀ। ਇਸ ਪਦ ਦੇ ਤੱਤੇ ਨੂੰ ਉਪਰ ਦੱਸੇ ਨਿਯਮ ਅਨੁਸਾਰ ਔਂਕੜ ਨਹੀਂ ਲਗਾ ਹੈ ਇਹ ਪਦ ਇਕ-ਵਚਨਕ ਨਾਂਵ ਦਾ ਇਕ-ਵਚਨਕ ਵਿਸ਼ੇਸ਼ਣ ਹੈ। 'ਕਾਮ ਅਰੁ ਕ੍ਰੋਧ ਬਿਨਾਸਨ'—ਕਾਮ ਅਤੇ ਕ੍ਰੋਧ ਨੂੰ ਬਿਨਾਸਨਹਾਰਾ। 'ਕਾਮ' ਦਾ ਮੰਮਾ ਅਤੇ 'ਕ੍ਰੋਧ' ਦਾ ਧੱਧਾ ਏਹ ਦੋਈ ਅੱਖਰ ਇਸ ਕਰਕੇ ਮੁਕਤੇ ਹਨ ਕਿ ਏਹਨਾਂ ਦੇ ਅਗੇ 'ਨੂੰ' ਪਦ ਸਬੰਧਕ (preposition) ਮਫ਼ਹੂਮ ਹੈ। 'ਅਰੁ' ਪਦ ਯੋਜਕ (conjunction) ਹੈ। ਯੋਜਕੀ ਪਦਾਂ ਦੇ ਪਿਛਲੇ ਅੱਖਰ ਗੁਰਬਾਣੀ ਅੰਦਰਿ ਔਂਕੜ ਸਹਿਤ ਹੁੰਦੇ ਹਨ। 'ਬਿਨਾਸਨ'—ਬਿਨਾਸਨਹਾਰੇ। ਇਸਦਾ ਪਿਛਲਾ ਅੱਖਰ ਨੰਨਾ ਇਸ ਕਰਕੇ ਮੁਕਤਾ ਹੈ ਕਿ ਸਨਮੁਖ ਸੰਬੋਧਕ ਪਦ ਹੈ।

ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ॥

(ਹੇ ਗੁਰੂ ਅੰਗਦ ਦੇਵ ਜੀ ਤੁਸੀਂ) ਲੋਭ ਨੂੰ ਮੋਹ ਨੂੰ ਵਸੀਕਾਰ (ਵਸਗਤਿ) ਕਰਣਹਾਰੇ ਹੋ, ਸਰਣਾਗਤੀ ਜਾਚਕਾਂ ਨੂੰ, ਪ੍ਰਤਿਪਾਲਣ ਹਾਰੇ ਹੋ। 'ਲੋਭ' ਤੇ 'ਮੋਹ' ਪਦਾਂ ਦੇ ਪਿਛਲੇ ਅੱਖਰ ਭੱਭਾ ਤੇ ਹਾਹਾ ਇਸ ਕਰਕੇ ਮੁਕਤੇ ਹਨ ਕਿ ਏਹਨਾਂ ਦੇ ਅਗੇ 'ਨੂੰ' ਸਬੰਧਕੀ ਪਦ (preposition) ਮਫ਼ਹੂਮ ਹੈ। 'ਵਸਿ ਕਰਣ'—ਵਸਿਗਤਿ ਕਰਣਹਾਰੇ ਹੋ। ਸਨਮੁਖੀ ਉਸਤਤਿ ਹੋਣ ਕਰਕੇ 'ਕਰਣ' ਦਾ ਣਾਣਾ ਅੱਖਰ ਮੁਕਤਾ ਹੈ। ਆਪਣਾ ਲੋਭ ਮੋਹ ਤਾਂ ਸਤਿਗੁਰੂ ਦਾ ਸੁਤੇ ਸੁਭਾਵ ਧੁਰੋਂ (ਧੁਰਿ ਦਰਗਾਹੋਂ ਦਾਤਿ ਇਲਾਹੀ ਗੁਰਿਆਈ ਦੀ ਮਿਲਣ ਕਰ) ਗੁਰੂ ਦੇ ਵਸਗਤਿ ਹੋਏ ਵੇ ਹਨ। ਜਿਨ੍ਹਾਂ ਨੇ ਗੁਰ ਸਤਿਗੁਰੂ (ਗੁਰੂ ਅੰਗਦ ਦੇਵ ਜੀ) ਤੁਧਨੋ ਪਰਸਿਆ (ਭੇਟਿਆ) ਹੈ, ਤਿਨ੍ਹਾਂ ਦੇ ਲੋਭ ਮੋਹ ਮਈ ਦੂਤ ਭੀ ਤਿਨ੍ਹਾਂ ਗੁਰਪਰਸਨਹਾਰੇ ਭਗਤ ਜਨਾਂ ਦੇ ਵਸਿਗਤਿ ਹੋ ਗਏ ਹਨ। 'ਸਰਣ ਜਾਚਿਕ ਪ੍ਰਤਿਪਾਲਣ'—ਸਰਣ ਆਏ ਜਾਚਿਕਾਂ ਨੂੰ ਪ੍ਰਤਿਪਾਲਣਹਾਰੇ ਹੋ। ਏਹਨਾਂ ਤੇਹਾਂ ਪਦਾਂ ਦੇ ਪਿਛਲੇ ਅੱਖਰ ਸਨਮੁਖ ਸੰਬੋਧਨੀ ਹੋਣ ਕਰਿ ਮੁਕਤੇ ਹਨ ਪਰ 'ਜਾਚਿਕ' ਪਦ ਦਾ ਕੱਕਾ ਅੱਖਰ ਤਾਂ ਇਸ ਕਰਕੇ ਭੀ ਮੁਕਤਾ ਹੈ ਕਿ ਇਹ ਪਦ ਬਹੁ-ਵਚਨਕ ਹੈ।

ਆਤਮਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ॥

ਆਤਮ ਪਰਮਾਰਥੀ ਪ੍ਰੇਮ ਰੰਗ ਰਤਨਾਗਰੀ ਸਮੁਦਾਇ ਹੋ, ਭਗਤ ਜਨਾਂ ਦੀ ਆਤਮਾਵਾਂ ਨੂੰ ਪ੍ਰੇਮ ਰੰਗੁ ਲਾਇ ਕੇ ਲਾਈ ਰਖਣਹਾਰ ਪਾਰਸ ਰਸਾਇਣੀ ਰਸ ਸੰਗ੍ਰਹਾਇਣੀ ਸੋਮੇ ਹੋ। ਅਤੇ ਅੰਮ੍ਰਿਤ ਕਲਾ ਢਾਲਣੀ ਟਕਸਾਲ ਰੂਪੀ ਕਹਿਣੀ ਦੇ ਮਾਲਕ ਹੋ। 'ਅੰਮ੍ਰਿਤ' ਪਦ ਦਾ ਤੱਤਾ ਅੱਖਰ ਮੁਕਤਾ ਹੈ ਕਿਉਂਕਿ ਇਸ ਪਿਛੇ 'ਦੀ' ਸਬੰਧਕੀ ਪਦ ਮਹਿਜ਼ੂਫ ਹੈ। 'ਸੰਗ੍ਰਹਣ, ਕਹਣ, ਢਾਲਣ, ਪਦਾਂ ਦੇ ਪਿਛਲੇ ਅੱਖਰ ਣਾਣੇ ਸਨਮੁਖ ਸੰਬੋਧਨ ਵਾਕ ਹੋਣ ਕਰਿ ਮੁਕਤੇ ਹਨ। 'ਕਲ' (ਕਲਾ) ਦਾ ਲੱਲਾ ਅੱਖਰ ਇਸ ਪਦ ਦੇ ਇਸਤ੍ਰੀ-ਲਿੰਗ ਨਾਂਵ ਹੋਣ ਕਰਿ ਮੁਕਤਾ ਹੈ।

ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ॥

bsrstrust.org

ਕਲ ਨਾਮ ਭੱਟ ਦਾ ਫ਼ੁਰਮਾਨ ਹੈ ਕਿ ਸਤਿਗੁਰੂ ਅੰਗਦ ਦੇਵ ਸਤਿਗੁਰੂ ਨਾਨਕ ਦੇ ਦਿਤੇ ਹੋਏ (ਬਖ਼ਸ਼ੇ ਹੋਏ) ਗੁਰਿਆਈ ਦੇ (ਧੁਰ ਦਰਗਾਹੀ ਗੁਰਿਆਈ ਦੀ ਦਾਤਿ ਇਲਾਹੀ) ਤਿਲਕ ਵਾਲਾ ਹੈ। ਇਸ ਗੁਰੂ ਨਾਨਕ ਦੇ ਕਰ ਕਮਲੀ ਮਸਤਕਿ ਤਿਲਕ ਵਾਲੇ ਗੁਰੂ ਅੰਗਦ ਦੇ ਚਰਨੀ ਸਰਨੀ ਜੋ ਸਿਖ ਸਤਿ ਸਤਿ ਕਰ ਕੇ (ਗੁਰੂ ਅੰਗਦ ਨੂੰ ਸਤਿ ਸਤਿ ਕਰਕੇ, ਸਤਿਗੁਰੂ ਨੂੰ ਮੰਨ ਕੇ) ਲਗਦਾ ਹੈ, ਉਹ ਨਿਰਸੰਦੇਹ ਭਵਜਲੋਂ ਤਰ ਜਾਂਦਾ ਹੈ। 'ਪੈ ਤਰੈ'—ਸਰਨੀ ਪੈ ਕੇ ਤਰ ਜਾਂਦਾ ਹੈ। 'ਤਰੈ'—ਤਰ ਜਾਂਦਾ ਹੈ। 'ਪੈ'—ਪੈਰੀ ਪੈ ਕੇ। "ਗੁਰੁ ਜਗਤ ਫਿਰਣ ਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ॥"—ਜਗਤ ਦਾ ਗੁਰੂ (ਅੰਗਦ ਸਾਹਿਬ) (ਅਤੇ) ਫੇਰੂ ਸੀਂਹ ਦਾ ਆਤਮਜ ਸਪੁਤਰ ਲਹਣਾ ਪਰਮਾਰਥੀ ਪਦ ਵਾਲਾ (ਸੱਚਾ) ਰਾਜੁ ਜੋਗੁ ਕਰਿ ਰਿਹਾ ਹੈ। 'ਜਗਤ' ਪਦ ਦਾ ਤੱਤਾ ਅੱਖਰ ਮੁਕਤਾ ਹੈ ਇਸ ਦੇ ਅਗੇ 'ਦਾ' ਸਬੰਧਕ ਪਦ (preposition) ਅਰਥ ਬੋਧਕ ਹੈ। 'ਕਰੈ' ਇਕ-ਵਚਨ ਕਿਰਿਆ ਹੋਣ ਕਰਿ ਇਸ ਦਾ ਰਾਰਾ ਅੱਖਰ ਦੁਲਾਈਆਂ ਵਾਲਾ ਹੈ।

ਸਦਾ ਅਕਲ ਲਿਵ ਰਹੈ ਕਰਨ ਸਿਉ ਇਛਾ ਚਾਰਹ॥

(ਹੇ ਗੁਰੂ ਅੰਗਦ ਸਾਹਿਬ) ਤੇਰੀ ਲਿਵ ਕਲ ਤੋਂ ਰਹਿਤ (ਕਲਾਧਾਰੀ ਅਮਰੀ ਅਮਰ ਕਲਾ ਵਾਲੀ ਲਿਵ ਹੈ) ਹੀ ਸਦਾ ਰਹਿੰਦੀ ਹੈ। (ਤੈਂ ਅਪਣੀ) ਇਛਾ ਸਿਉਂ (ਆਪਣੀ ਇੰਦ੍ਰੀਆਂ) ਆਪਣੇ ਵਸਿਗਤਿ ਕੀਤੀਆਂ ਹੋਈਆਂ ਹਨ। 'ਰਹੈ' ਦਾ ਕਰਤਾ 'ਲਿਵ' ਹੈ। 'ਲਿਵ ਰਹੈ'—ਲਿਵ ਰਹਿੰਦੀ ਹੈ। 'ਸਦਾ ਅਕਲ'—ਸਦਾ ਇਕ ਰਸ ਅਤੇ ਅਤੁੱਟ। ਕੁਦਰਤੀ ਲਿਵ ਜੋ ਹੋਈ ਆਦਿ ਜੁਗਾਦੋਂ। ਇਸ ਤੋਂ ਅਕਲ ਕਲਾ ਵਰਤੀ ਹੈ। 'ਕਰਨ'—ਇੰਦ੍ਰੀਆਂ ਪਦ ਇਸਤ੍ਰੀ-ਲਿੰਗ ਬਹੁ-ਵਚਨ। 'ਸਿਉ' ਦਾ ਸਬੰਧ 'ਇਛਾ' ਪਦ ਦੇ ਨਾਲਿ ਹੈ, 'ਕਰਨ' ਪਦ ਨਾਲਿ ਨਹੀਂ। (ਸਿਉ ਇਛਾ) ਇਛਾ ਸਿਉ। 'ਕਰਨ'—ਇੰਦ੍ਰੀਆਂ ਨੂੰ। 'ਚਾਰਹ'—ਤੂੰ ਚਾਰਦਾ ਹੈਂ। ਭਾਵ ਨਿਜ ਇੰਦ੍ਰੀਆਂ ਤੈਂ ਵਸਿ ਕੀਤੀਆਂ ਹੋਈਆਂ ਹਨ।

ਦ੍ਰੁਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ॥

ਬ੍ਰਿਛ ਫਲਾਂ ਦੀ ਸੰਪੂਰਨਤਾ ਸਹਿਤ ਜਿਵੇਂ ਨਿੰਵਦਾ ਹੈ ਇਉਂ ਸਦਾ ਨਿਮਰੀ ਭੂਤ ਹੋ ਕੇ ਤੇਰੀ ਲਿਵ ਨਿਵੀਂ ਹੀ ਰਹਿੰਦੀ ਹੈ, ਪੂਰਨ ਗੰਭੀਰਤਾ ਵਾਲੀ ਜੋ ਹੋਈ। ਅਤੇ ਤੇਰੀ ਲਿਵ ਸਦਾ ਖੀਵੀ ਹੀ ਰਹਿੰਦੀ ਹੈ ਸਹਿਜ ਸੀਲਤਾ ਸਹਿਤ। (ਤਾਂ ਤੇ) ਕੈਸੇ ਤੂੰ ਬਿਮਲ ਬੀਚਾਰ ਕਰ ਸਕਦਾ ਹੈਂ? ਭਾਵ ਨਿਰਮਲਤਾ ਤੋਂ ਰਹਿਤ ਬੀਚਾਰ ਤੂੰ ਬੀਚਾਰ ਹੀ ਨਹੀਂ ਸਕਦਾ। ਬੜੀ ਉੱਚਤਾ ਵਾਲੀ ਅਤੇ ਨਿਰਮਲ ਲਿਵ ਵਾਲਾ ਜੋ ਤੂੰ ਹੋਇਆ। 'ਨਿਵੈ' ਦਾ ਕਰਤਾ ਭੀ 'ਲਿਵ' ਹੀ ਹੈ। 'ਖਵੈ' ਕਿਰਿਆ ਦਾ ਕਰਤਾ ਭੀ 'ਲਿਵ' ਹੀ ਹੈ। 'ਕਸੁ'—ਕਿਸ ਤਰ੍ਹਾਂ, ਕਿਵੇਂ। ਏਥੇ ਇਹ ਪਦ ਨਾਂਵ ਨਹੀਂ। ਕਿਰਿਆ ਵਿਸ਼ੇਸ਼ਣ (adverb) ਹੈ। ਕੈਸੇ ਬੀਚਾਰਹਿ। 'ਬਿਮਲ' ਹੈ ਵਿਸ਼ੇਸ਼ਣ ਗੁਪਤ ਨਾਂਵ ਬੀਚਾਰ ਦਾ—ਬਿਮਲ ਬੀਚਾਰਨੀ ਤੂੰ ਕੈਸੇ ਬਚਾਰਹਿਂ। 'ਬੀਚਾਰਹ'—ਤੂੰ ਬੀਚਾਰਹਿਂ। ਇਸ ਸੰਬੋਧਨ ਕਿਰਿਆ (verb) ਦਾ ਕਰਤਾ ਤੂੰ ਹੈ ਪੜਨਾਂਵ।

bsrstrust.org

ਇਹੈ ਤਤੁ ਜਾਣਿਓ ਸਰਬ ਗਤਿ ਅਲਖੁ ਬਿਡਾਣੀ॥
ਸਹਜ ਭਾਇ ਸੰਚਿਓ ਕਿਰਣਿ ਅੰਮ੍ਰਿਤ ਕਲ ਬਾਣੀ॥

ਤੱਤਾਂ ਸਿਰ ਤੱਤ ਇਹੀ ਹੈ ਕਿ ਤੈਂ ਅਲਖ (ਪਾਰਬ੍ਰਹਮ ਵਾਹਿਗੁਰੂ) ਬਿਸਮਾਦ ਰੂਪ (ਚੋਜ ਵਿਡਾਣੀ) ਦੀ ਸਰਬ ਕਲਾ ਸਮਰਥ ਗਤੀ ਨੂੰ ਸਾਂਗੋ ਪਾਂਗ ਜਾਣਿਆ ਹੈ ਅਤੇ ਅੰਮ੍ਰਿਤ ਕਲਾ ਬਾਣੀ ਦੀ ਕਿਰਣ ਨੂੰ ਸਹਜ ਭਾਇ ਕਰਿ ਸੰਚਾਰਿਆ ਹੈ, ਪਾਰਸ ਰਸਾਇਣੀ ਕਲਾ ਹੋ ਕੇ (ਜਗਿਆਸੂ ਜਨਾਂ ਦੇ ਹਿਰਦਿਆਂ ਵਿਚ)। ਲਗ ਮਾਤ੍ਰਿਕ ਨਿਯਮਾਂ ਅਨੁਸਾਰ ਇਹੀ ਅਰਥ ਠੀਕ ਬਣਦੇ ਹਨ। 'ਅੰਮ੍ਰਿਤ ਕਲ'—ਅੰਮ੍ਰਿਤ ਕਲਾ ਸੰਪੰਨ। 'ਜਾਣਿਓ' ਕਿਰਿਆ ਦਾ ਕਰਮ ਹੈ 'ਸਰਬ ਗਤਿ'। ਕੀ ਜਾਣਿਆ ਹੈ ? ਸਰਬ ਗਤੀ ਨੂੰ। ਸਰਬ ਗਤੀ ਕਿਸ ਦੀ ਨੂੰ ? ਅਲਖ ਵਿਡਾਣੀ (ਵਾਹਿਗੁਰੂ) ਦੀ ਗਤੀ ਨੂੰ।

ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੋ॥

ਗੁਰੂ ਨਾਨਕ ਦੀ (ਪਰਮਾਰਥਕ) ਰਸਾਈ ਵਾਲਾ ਪਰਵਾਣ ਪਦੁ ਤੈਂ ਪਾਇਆ ਹੈ, ਹੇ ਗੁਰੂ ਅੰਗਦ ਸਾਹਿਬ ਜੀਉ! (ਸੱਚਾ) ਸਤੁ ਸੰਤੋਖੁ ਤੈਂ ਗਹਿ ਕਰਕੇ ਗ੍ਰਹਿਣ ਕਰ ਲਿਆ ਹੈ।

ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੋ॥੬॥

ਕਲ ਸਹਾਰ ਨਾਮੇ ਭਟੁ ਬੜੇ ਵਸੂਕ ਨਾਲਿ ਪੁਕਾਰਦਾ (ਲਉਂਦਾ) ਹੈ ਕਿ ਜਿਸ ਨੂੰ ਵਾਹਿਗੁਰੂ ਦੇ ਪਰਵਾਨ ਜਨ ਲਹਣੇ ਦਾ ਦਰਸ਼ਨ ਹੋ ਗਿਆ ਹੈ, ਉਸ ਨੇ ਖ਼ਾਸ ਵਾਹਿਗੁਰੂ ਨੂੰ ਹੀ ਪਰਸ ਲਿਆ ਹੈ।

ਮਨਿ ਬਿਸਾਸੁ ਪਾਇਓ ਗਹਰਿ ਗਹੁ ਹਦਰਥਿ ਦੀਓ॥

ਤਿਨ੍ਹਾਂ ਨੇ ਨਿਜ ਮਨ ਵਿਚਿ ਬਿਸ੍ਵਾਸ (ਦ੍ਰਿੜ੍ਹ ਭਰੋਸਾ) ਪਾਇਆ ਹੈ, ਜਿਨ੍ਹਾਂ ਨੂੰ ਗਹਿਰਾ ਗੌਹ (ਗ਼ੌਰ, ਦ੍ਰਿੜ੍ਹਤਾ ਵਾਲਾ ਖ਼ਾਸ ਧਿਆਨ) ਤੈਂ ਹਜ਼ਰਤ (ਆਂ ਜਨਾਬ) ਨੇ ਦਿਤਾ।

ਗਰਲ ਨਾਸੁ ਤਨਿ ਨਠਯੋ ਅਮਿਉ ਅੰਤਰ ਗਤਿ ਪੀਓ॥

ਨਾਸ ਕਰਨ ਵਾਲਾ ਜ਼ਹਿਰ ਤਿਨ੍ਹਾਂ ਦੇ ਤਨ ਵਿਚੋਂ ਨਸ ਗਿਆ (ਨਿਕਲ ਗਿਆ) ਜਿਨ੍ਹਾਂ ਨੇ ਤੈਥੋਂ (ਹੇ ਗੁਰੂ ਅੰਗਦ ਸਾਹਿਬ) ਅੰਤਰਗਤੀ ਅੰਮ੍ਰਿਤ ਪੀਤਾ (ਪਾਨ ਕੀਤਾ)।

ਰਿਦਿ ਬਿਗਾਸੁ ਜਾਗਿਓ ਅਲਖਿ ਕਲ ਧਰੀ ਜੁਗੰਤਰਿ॥

ਤਿਨ੍ਹਾਂ ਦੇ ਹਿਰਦੇ ਅੰਦਰ ਜੋਤਿ ਨਿਰੰਜਨੀ ਦਾ ਪਰਕਾਸ਼ ਜਗਮਗ ਹੋਇਆ, ਜਿਨ੍ਹਾਂ ਨਮਿਤ ਇਸ ਜੁਗ ਅੰਦਰਿ ਤੁਧ ਅਲਖ ਪੁਰਖ ਅਗੰਮ ਜ਼ਾਹਰੀ ਕਲਾ ਵਰਤਾਈ।

ਸਤਿਗੁਰੁ ਸਹਜ ਸਮਾਧਿ ਰਵਿਓ ਸਾਮਾਨਿ ਨਿਰੰਤਰਿ॥

ਤਿਨ੍ਹਾਂ ਨਿਰੰਤਰੀ ਸਹਜ ਸਮਾਧ ਵਿਚਿ ਸਤਿਗੁਰੂ ਰਵਿਆ। 'ਸਤਿਗੁਰੁ' ਪਦ ਦੇ ਰਾਰੇ ਅੱਖਰ ਨੂੰ ਔਂਕੜ ਹੋਣਿ ਕਰਿ 'ਸਤਿਗੁਰੂ ਨੇ' ਦੇ ਅਰਥ ਬਣ ਹੀ ਨਹੀਂ ਸਕਦੇ। ਉਪਰ ਵਿਆਖਤ ਕੀਤੇ ਅਰਥ ਸਭ ਲਗਾਂਮਾਤ੍ਰਾਂ ਦੇ ਨਿਯਮਾਂ ਅਨੁਸਾਰ ਹਨ।

bsrstrust.org

ਉਦਾਰਉ ਚਿਤ ਦਾਰਿਦ ਹਰਨ ਪਿਖੰਤਿਹ ਕਲਮਲ ਤ੍ਰਸਨ ॥
ਸਦ ਰੰਗਿ ਸਹਜਿ ਕਲੁ ਉਚਰੈ ਜਸੁ ਜੰਪਉ ਲਹਣੇ ਰਸਨ ॥੭॥

(ਗੁਰ ਬਖ਼ਸ਼ੇ) ਸਦ ਨਵਤਨੀ ਰੰਗਾਂ ਵਿਚਿ ਪ੍ਰਾਪਤਿ ਹੋਈ ਸਹਜ ਅਵਸਥਾ ਅੰਦਰਿ ਕਲ ਸਹਾਰ ਨਾਮੇ ਭੱਟ ਉਚਾਰਦਾ ਹੈ। ਲਹਣੇ ਦਾ ਜਸੁ ਰਸਨਾ ਕਰਕੇ ਮੈਂ ਇਸ ਪਰਕਾਰ ਜਪਦਾ (ਵਖਾਣਦਾ) ਹਾਂ ਕਿ ਹੇ ਲਹਿਣੇ ਤੂੰ ਉਦਾਰਤਾ ਭਰੇ ਚਿਤ ਵਾਲਾ ਹੈਂ। ਦੁਖ ਦਰਿਦਰਾਂ ਦੇ ਹਰਨਹਾਰਾ ਹੈਂ। ਤੈਨੂੰ ਦੇਖਣ ਸਾਰ ਦੇਖਣਹਾਰਿਆਂ ਦੇ ਕਲਮਲ ਪਾਪ ਤ੍ਰਾਹ ਤ੍ਰਾਹ ਕਰ ਉਠਦੇ ਹਨ ਅਤੇ ਡਰ ਦੇ ਮਾਰੇ ਨਸ ਜਾਂਦੇ ਹਨ। 'ਚਿਤ' ਅਤੇ 'ਹਰਨ' ਪਦਾਂ ਦੇ ਆਖ਼ਰੀ ਅੱਖਰ ਮੁਕਤੇ ਹਨ, ਸਨਮੁਖੀ ਉਸਤਤ ਹੋਣ ਕਰਕੇ। 'ਤ੍ਰਸਨ' ਪਦ ਦਾ ਨੰਨਾ ਅੱਖਰ ਮੁਕਤਾ ਨਹੀਂ ਚਾਹੀਦਾ ਨਿਯਮਕ ਲਗਮਾਤ੍ਰਾਂ ਦੇ ਅਰਥਾਂ ਅਨੁਸਾਰ। ਸਿਹਾਰੀ ਚਾਹੀਦੀ ਹੈ। ਯਾ ਕੋਈ ਹੋਰ ਭੇਦ ਹੋਣਾ ਹੈ (ਜੋ ਸਾਨੂੰ ਮਲੂਮ ਨਹੀਂ)।

...ਕਲ ਨਾਮੁ ਸੁਰਿਨਰਹ ਬੋਹੈ ॥

ਕਲਜੁਗ ਵਿਖੇ ਇਹੁ ਇਕੋ ਗੁਰਮਤਿ ਨਾਮ ਹੀ ਹੈ ਜੋ ਸੁਰਾਂ ਨਰਾਂ ਨੂੰ ਇਕ ਸਾਰ ਆਤਮ ਸੁਗੰਧੀ ਨਾਲਿ ਸਰਸ਼ਾਰ ਕਰਦਾ ਹੈ। ਪਹਿਲਾਂ ਤਿਹਾਂ ਜੁਗਾਂ ਦੇ ਸ੍ਰੇਸ਼ਟ ਪਾਤਰ ਜਨ ਕਲਜੁਗ ਵਿਖੇ ਜਨਮ ਧਾਰ ਕੇ ਹੀ ਗੁਰੂ ਘਰ ਦੇ ਪਾਰਸ ਰਸਾਇਣੀ ਗੁਰਮਤਿ ਨਾਮ ਦੁਆਰਾ ਦੀਖਤਿ ਹੋ ਕੇ ਉਧਰਦੇ ਹਨ। ਹੋਰ ਕੋਈ ਵਸੀਲਾ ਹੀ ਨਹੀਂ। ਸੁਰ ਨਰ ਮੁਨਿ ਜਨ ਇਸ ਨਾਮ ਅੰਮ੍ਰਿਤ ਨੂੰ ਲੋਚਦੇ ਹਨ ਸੋ ਗੁਰੂ ਨਾਨਕ ਦੇ ਘਰੋਂ ਹੀ ਵਰੋਸਾਇਕੈ ਜਨਮ ਸੁਧਾਰਦੇ ਹਨ। ਏਸ ਪੰਗਤੀ ਅੰਦਰਿ 'ਕਲ' ਪਦ ਦੇ ਲੱਲੇ ਅੱਖਰ ਨੂੰ ਸਿਹਾਰੀ ਲਗਣੀ ਰਹਿ ਗਈ ਹੈ, ਸੋ ਅਸੀਂ ਮੂਲ ਪਾਠ ਵਿਚਿ ਲਾ ਦਿਤੀ ਹੈ। ਲੱਲੇ ਮੁਕਤੇ ਸਹਿਤ ਅਰਥ ਠੀਕ ਨਹੀਂ ਜੁੜਦੇ। 'ਕਲਜੁਗ ਦਾ ਨਾਮ' ਤਾਂ ਅਰਥ ਹੋ ਸਕਦਾ ਹੈ ਪਰ 'ਕਲਜੁਗ ਦਾ ਨਾਮ' ਗੁਰਮਤਿ ਅਨੁਸਾਰ ਫਬਦੇ ਅਰਥ ਨਹੀਂ। ਹੋਰ ਸਭਿ ਲਗਮਾਤ੍ਰ ਮੁਕਤੇ ਅੱਖਰ ਠੀਕ ਹਨ।

ਨਾਮ ਪਰਸੁ ਜਿਨਿ ਪਾਇਓ ਸਤੁ ਪ੍ਰਗਟਿਓ ਰਵਿ ਲੋਇ ॥

ਨਾਮ ਦਾ ਪਾਰਸ ਪਰਸੁ ਜਿਸ ਜਨ ਨੇ ਪਾਇਆ ਹੈ ਉਸ ਦੇ ਅੰਤਰਿ ਆਤਮੇ ਸਚੁ ਰੂਪੀ ਜੋਤਿ ਪ੍ਰਕਾਸ਼ ਨਾਮ ਦਾ ਸੱਚੜਾ ਸੂਰਜ ਪਰਕਾਸ਼ਤ ਹੋ ਕੇ ਸਾਰੇ ਲੋਕਾਂ (ਖੰਡਾਂ ਬ੍ਰਹਮੰਡਾਂ) ਅੰਦਰ ਚਾਨਣਾ ਦੇਣਹਾਰਾ ਹੋ ਗਿਆ ਹੈ। 'ਨਾਮ ਪਰਸੁ'—ਨਾਮ ਦੀ ਪਾਰਸ ਰਸਾਇਣੀ ਛੋਹ।

ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ ॥੮॥

ਗੁਰੂ (ਅੰਗਦ ਸਾਹਿਬ) ਦਾ ਦਰਸ ਪਰਸਨ ਕਰਕੇ ਅਠਸਠ ਤੀਰਥਾਂ ਵਿਖੇ ਇਸ਼ਨਾਨ ਹੋ ਜਾਂਦਾ ਹੈ। ਅਠਸਠ ਤੀਰਥਾਂ ਦੇ ਇਸ਼ਨਾਨ ਦਾ ਮਹਾਤਮ ਗੁਰੂ ਦੇ ਦਰਸ਼ਨ ਵਿਚਿ ਹੈ। ਏਹਨਾਂ ਆਨਮਤ ਦੇ ਅਠਾਹਠ ਤੀਰਥਾਂ ਦੇ ਮੱਜਨ ਦੀ ਲੋੜ ਨਹੀਂ ਰਹਿੰਦੀ ਗੁਰੂ ਕਾ ਦਰਸ਼ਨ ਕੀਤਿਆਂ। 'ਪਰਸਿਐ' ਪਦ ਦੇ ਸੱਸੇ ਨੂੰ ਸਿਹਾਰੀ 'ਕਰਕੇ' ਦਾ ਅਰਥ

bsrstrust.org

ਦਿੰਦੀ ਹੈ ਪਰਸਨ ਕਰਕੇ। ਏਸ ਭਾਵ ਦੀ ਲਖਾਇਕ ਹੋਣ ਕਰਕੇ 'ਦਰਸਨਿ' ਪਦ ਨਾਂਵ ਦੇ ਨੰਨੇ ਅੱਖਰ ਨੂੰ ਸਿਹਾਰੀ ਅਤੇ 'ਗੁਰੂ' ਪਦ ਤੋਂ ਅਗਲੇ ਪਦ 'ਕੈ' ਪਦ ਨੂੰ ਦੁਲਾਈਆਂ ਲਗੀਆਂ ਹਨ।

ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੈ॥

ਤਤੁ ਸਚੁ ਜੋ ਹੈ ਸੋ ਪਾਇਆ ਜਾਂਦਾ ਹੈ ਗੁਰਦੀਖਿਆ ਗੁਰ ਸ਼ਬਦ ਦੁਆਰਾ। ਗੁਰਦੀਖਿਆ ਜੋ ਗੁਰੂ ਦੁਆਰਿਓਂ ਮਿਲਦੀ ਹੈ। ਗੁਰਮੰਤ੍ਰ ਰੂਪੀ ਸਚੁ ਹੀ ਕੇਵਲ ਤਤੁ ਸਚੁ ਹੈ। ਹੋਰ ਕੋਈ ਸਚੁ ਨਹੀਂ। ਜੋ ਹਨ ਸੋ ਕੂੜੇ ਸਚੁ ਹਨ। ਇਹ ਸਚੁ ਰੂਪੀ ਨਾਮੁ ਅਥਵਾ ਨਾਮ ਮਈ ਸਚੁ ਹੈ, ਸੋ ਗੁਰੂ ਕੀ ਸੰਗਤ ਵਿਚਿ ਮਹਿਕ ਉਠਦਾ ਹੈ। 'ਬੋਹੈ'—ਸੁਗੰਧੀ ਦਿੰਦਾ ਹੈ। 'ਸੁਗੰਧਤ ਕਰਦਾ ਹੈ' ਦੇ ਅਰਥ ਨਹੀਂ ਬਣਦੇ। 'ਸੰਗਤੀ ਬੋਹੈ' ਪਾਠ ਹੁੰਦਿਆਂ ਇਹ ਅਰਥ ਬਣ ਹੀ ਨਹੀਂ ਸਕਦੇ। 'ਸੰਗਤਾਂ ਨੂੰ ਸੁਗੰਧਤ ਕਰਦਾ ਹੈ', ਇਹ ਅਰਥ ਹੋਣਗੇ। 'ਸੰਗਤੀ' ਦੇ ਪਿਛਲੇ ਤੱਤੇ ਅੱਖਰ ਨੂੰ ਜੇ ਬਿਹਾਰੀ ਨ ਹੁੰਦੀ ਤਾਂ ਇਹ ਅਰਥ ਬਣ ਸਕਦੇ ਸਨ।

ਸਵਈਏ ਮਹਲੇ ਤੀਜੇ ਕੇ

ਜਿਨਿ ਭਗਤ ਭਵਜਲ ਤਾਰੇ ਸਿਮਰਹੁ ਸੋਈ ਨਾਮੁ ਪਰਧਾਨੁ॥ *(ਪੰਨਾ ੧੩੯੨)*

ਨਾਮਾਂ ਸਿਰ ਨਾਮੁ, ਸਾਰੇ ਨਾਮਾਂ ਦਾ ਸਿਰਮੌਰ ਪਰਧਾਨੁ ਨਾਮੁ ਵਾਹਿਗੁਰੂ ਨਾਮ ਹੀ ਸਿਮਰਨ ਯੋਗ ਹੈ। ਸੋਈ ਨਾਮ ਸਿਮਰਹੁ! ਹੇ ਸਿਮਰਨ ਪਾਤਰ ਗੁਰੂ ਘਰ ਦੇ ਉਤਮ ਜਗਿਆਸੂ ਜਨੋ! ਜਿਸ ਨਾਮ ਨੇ ਭਗਤ ਜਨ ਭਵਜਲੋਂ ਤਾਰ (ਨਿਸਤਾਰ) ਦਿਤੇ। 'ਭਗਤ' ਪਦ ਦਾ ਤੱਤਾ ਅੱਖਰ ਮੁਕਤਾ ਹੈ ਇਸ ਪਦ ਦੇ ਬਹੁ-ਵਚਨ ਹੋਣ ਕਰਕੇ। 'ਭਵਜਲ' ਪਦ ਦਾ ਲੱਲਾ ਇਸ ਕਰਕੇ ਮੁਕਤਾ ਹੈ ਕਿ ਇਸ ਦੇ ਅਗੇ 'ਤੋਂ' ਪਦ ਮਫ਼ਹੂਮ ਹੈ।

ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ॥
ਕਵਿ ਜਨ ਕਲ੍ਯ ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਵਰੀਯਾ॥

ਐਸੇ ਨਾਮ ਪਰਧਾਨ ਦੁਆਰਾ ਏਕੈ ਜੋਤਿ ਸਰੂਪ ਗੁਰੂ ਨਾਨਕ-ਅੰਗਦ ਰੂਪ ਕਲਾ ਕੌਸ਼ਲੀ ਵਿਸਮਾਦ ਰਸ ਦਾ ਮਾਲਕ ਹੋਇਆ ਜਿਸ ਨੂੰ ਅਸਥਾਪਨ ਹੋਈ, ਸਰਬਤਰ ਸਿੱਧੀ (ਗੁਰਤਤਾ ਪਦ ਦੀ)। 'ਜੇਨ'—ਜਿਸ ਨੂੰ। 'ਜੇਨ' ਪਦ ਦਾ ਅਰਥ 'ਜਿਸ ਨੇ' ਨਹੀਂ ਹੋ ਸਕਦਾ। ਐਸੀ ਸਿੱਧੀ ਪੂਰਤਿ ਸ੍ਰੇਸ਼ਟ ਕੀਰਤਿ ਵਾਲੀ ਗੁਰੱਤ ਕਲਾ ਸੰਪੰਨ ਬੁੱਧੀ, ਜਨ ਕਲ ਕਵੀ ਜੀ ਵਖਾਣਦੇ ਹਨ ਕਿ (ਗੁਰੂ ਨਾਨਕ, ਲਹਿਣੇ ਗੁਰੂ ਅੰਗਦ ਨੇ) ਗੁਰੂ ਅਮਰਦਾਸ ਨੂੰ ਬਿਸਥੀਰਨ ਕੀਤੀ (ਪਾਰਸ ਪ੍ਰਭਾਵ ਵਰਤਾ ਕੇ)। 'ਅਮਰਦਾਸ' ਪਦ ਦਾ ਸੱਸਾ ਅੱਖਰ ਮੁਕਤਾ ਹੈ ਕਿਉਂਕਿ ਇਸ ਪਦ ਦੇ ਅਗੇ 'ਨੂੰ' ਸੰਬੰਧਕ ਪਦ ਨੂੰ ਨਮੂਦਾਰ ਕਰਦਾ (ਵਿਦਤਾਉਂਦਾ) ਹੈ। 'ਕੀ' ਯਾ 'ਨੇ' ਦੇ ਅਰਥ ਨਹੀਂ ਅਰਥਾਉਂਦਾ। 'ਕੀਰਤਿ'—ਕੀਰਤਨ ਕਲਾ।

bsrstrust.org

ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ ਸਾਖ ਤਰੋਵਰ ਮਵਲਸਰਾ॥

(ਸ੍ਰੀ ਗੁਰੂ ਅਮਰਦਾਸ ਦੁਆਰਾ) ਕੀਰਤਨ ਕਲਾ ਦੇ ਸੂਰਜ ਦੀ ਕਿਰਣ ਸੰਸਾਰ ਵਿਖੇ ਐਸੀ ਫੈਲਰੀ ਜਿਵੇਂ ਮਉਲਸਰੀ ਬਿਰਛ ਦੀਆਂ ਸ਼ਾਖਾਂ ਖਿਲਰ ਕੇ ਮੁਸ਼ਕ ਸੁਗੰਧੀ ਚਾਰ ਚੁਫੇਰੇ ਖਿਲਾਰਦੀਆਂ ਹਨ। 'ਸੰਸਾਰਹ'—ਸੰਸਾਰ ਵਿਖੇ। ਹਾਹਾ ਅੱਖਰ ਇਥੇ 'ਵਿਖੇ' ਦੇ ਅਰਥ ਦਿੰਦਾ ਹੈ।

ਉਤਰਿ ਦਖਿਣਹਿ ਪੁਬਿ ਅਰੁ ਪਸ੍ਚਮਿ ਜੈ ਜੈਕਾਰੁ ਜਪੰਥਿ ਨਰਾ॥

(ਹੱਤਾ ਕਿ) ਉਤਰ (ਸ਼ਮਾਲ) ਵਿਖੇ, ਦੱਖਣ (ਜਨੂਬ) ਵਿਖੇ, ਪੂਰਬ (ਮਸ਼ਰਕ) ਅਤੇ ਪਛੋਂ (ਮਗ਼ਰਬ) ਵਿਖੇ ਚੌਹੀਂ ਕੁੰਟੀ ਸਾਰੇ ਪ੍ਰਾਣੀ (ਗੁਰੂ ਅਮਰਦਾਸ) ਦੀ ਜੈ ਜੈਕਾਰ ਉਚਾਰਨ ਕਰਨ ਲਗ ਪਏ। 'ਉਤਰਿ, ਦਖਿਣਹਿ, ਪੁਬਿ, ਪਸ੍ਚਮਿ' ਏਹਨਾਂ ਚੌਹਾਂ ਪਦਾਂ ਦੇ ਪਿਛਲੇ ਅੱਖਰਾਂ ਨੂੰ ਲਗੀ ਸਿਹਾਰੀ 'ਵਿਖੇ' ਦੇ ਅਰਥ ਦਿੰਦੀ ਹੈ। 'ਜੈ ਜੈਕਾਰੁ' ਪਦ ਦੇ ਰਾਰੇ ਅੱਖਰ ਨੂੰ ਲਗਾ ਔਂਕੜ ਇਹ ਸਿੱਧ ਕਰਦਾ ਹੈ ਕਿ ਇਹ ਪੁਲਿੰਗ ਨਾਂਵ (masculine gender noun) ਹੈ। 'ਜਪੰਥਿ' ਦੇ ਥੱਥੇ ਅੱਖਰ ਨੂੰ ਲਗੀ ਸਿਹਾਰੀ ਇਸ ਪਦ ਨੂੰ ਵਰਤਮਾਨ ਕਾਲ (present tense) ਕਿਰਿਆ ਸਿੱਧ ਕਰਦੀ ਹੈ। 'ਨਰਾ' ਪਦ ਦੇ ਰਾਰੇ ਅੱਖਰ ਨੂੰ ਲੱਗਾ ਕੰਨਾ ਪਦ ਨੂੰ ਬਹੁ-ਵਚਨ ਬਣਾ ਦਿੰਦਾ ਹੈ। (plural) ਸਿੱਧ ਕਰਦਾ ਹੈ।

ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ ਉਲਟਿ ਗੰਗ ਪਸ੍ਚਮਿ ਧਰੀਆ॥

ਸੋਈ ਨਾਮ (ਅਛਲ ਭਗਤਹ ਭਵਤਾਰਨ) ਗੁਰਮੁਖਾਂ ਦੀ ਰਸਨਾ ਵਿਖੇ (ਗੁਰੂ ਅਮਰਦਾਸ ਨੇ) ਬਰਦਾਇਣ (ਬਰਕਤਾਇਣ, ਪਰਗਟ ਪਰਤਾਪੀ ਵਰਤਾਇਣ) ਕੀਤਾ। ਭਾਵ, ਪਾਰਸ ਰਸਾਇਣੀ ਨਾਮ ਦੇ ਅਮਿਅ ਵਰਤਾਇਣੀ (ਪਰਭਾਵਣੀ) ਪਰਤਾਪ ਦੇ ਵਰ ਨੂੰ ਗੁਰਮੁਖਾਂ ਦੀ ਰਸਨਾ ਵਿਖੇ ਪਰਤੱਖ ਵਰਤਾਇਕੇ ਇਕ ਪਰਕਾਰ ਉਲਟੀ ਗੰਗਾ ਪਛੋਂ ਨੂੰ ਵਹਾ ਦਿਤੀ। ਗੁਰ ਸਿਖਾਂ ਅੰਦਰ ਭੀ ਗੁਰਮੁਖਤਾਈ ਦੀ ਜ਼ਾਹਿਰੀ ਵਾਹਿਗੁਰੂ ਕਲਾ ਵਰਤਾ ਦਿਤੀ। ਗੁਰੂ ਤੇ ਸਿਖ, ਸਿਖ ਤੋਂ ਗੁਰੂ ਪ੍ਰਗਟਾਉਣ ਵਾਲੀ ਰੀਤ ਚਲਾ ਦਿਤੀ। 'ਰਸਨਿ ਗੁਰਮੁਖਿ'—ਗੁਰਮੁਖਾਂ ਦੀ ਰਸਨਾਂ ਵਿਖੇ।

ਸਿਮਰਹਿ ਸੋਈ ਨਾਮੁ ਜਖ੍ਹ ਅਰੁ ਕਿੰਨਰ ਸਾਧਿਕ ਸਿਧ ਸਮਾਧਿ ਹਰਾ॥

ਜਖ੍ਹ ਕਿੰਨਰ—ਆਦ ਦੇਵ ਦਾਨੋ ਦੈਤ ਭੀ ਬਥੇਰੇ ਉਥੇ ਕਲਿਆਣ ਕਾਰਨ ਨਾਮ ਦੀ ਲੋਚਾ ਰਖਦੇ ਹੋਏ ਚਿੰਤਨ ਕਰਦੇ ਹਨ ਓਸੇ ਜਪ ਨੂੰ ਹਠ ਸਮਾਧੀਆਂ ਲਾ ਕੇ। ਪਰ ਹਠ ਅਗੇ ਹਾਰਨਾ ਹੀ ਸੀ। ਸਮਾਧੀ ਹਾਰ ਬਹਿੰਦੇ ਹਨ। ਪੂਰੀ ਨਹੀਂ ਉਤਰਦੀ। ਪੂਰੀ ਕਿਵੇਂ ਉਤਰੇ ਨਿਗੁਰਿਆਂ ਦੀ ਸਮਾਧੀ। ਗੁਰੂ ਧਾਰਨ ਕਰਨਗੇ, ਗੁਰੂ ਘਰ ਵਿਖੇ ਜਨਮ ਲੈ ਕੇ ਸਤਿਗੁਰੂ ਗੁਰੂ ਨਾਨਕ ਸੱਚੇ ਗੁਰੂ ਦੁਆਰਿਓਂ ਵਰੋਸਾਉਣਗੇ ਤਾਂ ਓਹਨਾਂ ਦੀ ਗਤਿ ਕਲਿਆਣ ਹੋਊ ਤੇ ਲੋਚਾ ਪੂਰੀ ਹੋਊ ਸੱਚੇ ਨਾਮ ਦੀ ਸੱਚੇ ਸਿਮਰਨ ਦੀ। ਸਤਿਨਾਮ (ਵਾਹਿਗੁਰੂ ਕੇਵਲ ਗੁਰੂ ਨਾਨਕ ਦੁਆਰਿਓਂ ਹੀ ਪ੍ਰਾਪਤਿ ਹੋ ਸਕਦਾ ਹੈ। 'ਜਖ੍ਹ, ਕਿੰਨਰ, ਸਿਧ, ਸਾਧਿਕ' ਪਦਾਂ ਦੇ ਪਿਛਲੇ ਅੱਖਰ ਮੁਕਤੇ ਹਨ ਕਿਉਂਕਿ ਏਹ

bsrstrust.org

ਪਦ ਬਹੁ-ਵਚਨ ਨਾਂਵ (plural noun) ਹਨ। 'ਸਮਾਧਿ'—ਸਮਾਧੀ, ਧੱਧੇ ਅੱਖਰ ਨੂੰ ਸਿਹਾਰੀ ਇਸ ਪਦ ਦੇ ਇਸਤ੍ਰੀ-ਲਿੰਗ ਨਾਂਵ ਹੋਣ ਦਾ ਲੱਛਣ ਹੈ। 'ਹਰਾ'—ਹਾਰ ਕੇ ਤੇ। (ਹਾਰ ਹਠ ਛਾਡਿਓ)।

ਸਿਮਰਹਿ ਨਖ੍ਯਤ੍ਰ ਅਵਰ ਧ੍ਰੂ ਮੰਡਲ ਨਾਰਦਾਦਿ ਪ੍ਰਹਲਾਦਿ ਵਰਾ॥

ਤਾਰਿਆਂ ਦੇ ਸਮੂਹਾਂ ਦੇ ਸਮੂਹ (ਚਲਦੇ ਰਹਿਣ ਵਾਲੇ) ਸਿਆਰੇ (planets) ਅਤੇ (ਨਾ ਚਲਣ ਵਾਲੇ) ਸਤਾਰਿਆਂ (stars) ਦੇ ਮੰਡਲ ਬਥੇਰੇ ਮਨ ਉਕਤਣੀ ਸਿਮਰਨੀ ਸਿਮਰਦੇ ਹਨ। ਨਾਰਦ ਆਦਿ ਭੀ ਪ੍ਰਹਿਲਾਦ ਨੂੰ ਵਰ ਦੇਣ ਵਾਲੇ ਬਥੇਰੇ ਸਿਮਰਦੇ ਹਨ, ਉਸੇ ਨਾਮ ਨੂੰ ਮੁਖ ਰਖ ਕੇ। 'ਨਖ੍ਯਤ੍ਰ'—ਤਾਰੇ, planets। 'ਧ੍ਰੂ ਮੰਡਲ'—ਨਾ ਚਲਣ ਵਾਲੇ ਸਤਾਰੇ (stars)। ਏਹਨਾਂ ਪਦਾਂ ਦੇ ਪਿਛਲੇ ਅੱਖਰ ਮੁਕਤੇ ਹੋਣ ਕਰਿ ਇਹ ਪਦ ਬਹੁ-ਵਚਨ ਨਾਂਵ (plural nouns) ਹਨ।

ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ ਸੈਲ ਲੋਅ ਜਿਨਿ ਉਧਰਿਆ॥

ਇਸ ਅਸਾਡੇ ਭਾਰਤ ਮੰਡਲੀ ਚੰਦਰਮਾਂ ਤੇ ਸੂਰਜ ਵਰਗੇ ਅਨੇਕਾਂ ਚੰਦ ਸੂਰਜਾਂ ਦੇ ਮੰਡਲ ਹਨ ਜੋ ਸੈਲ ਲੋਅ ਹੈ ਉਧਾਰਨਹਾਰਾ ਨਾਮੁ ਸਿਮਰਿਆ ਲੋਚਦੇ ਹਨ। 'ਉਲਾਸਹਿ'—ਲੋਚਦੇ ਹਨ। ਬਹੁ-ਵਚਨ ਕਿਰਿਆ ਹੈ। 'ਜਿਨਿ' ਨੰਨੇ ਸਿਹਾਰੀ ਦੀ ਜ਼ਮੀਰ 'ਨੇ' ਅਰਥਾਂ ਵਾਲੀ 'ਨਾਮੁ' ਵਲ ਫਿਰਦੀ ਹੈ ਜਿਸ ਨਾਮ ਨੇ ਸਾਰੇ ਲੋਕਾਂ ਦਾ ਉਧਾਰ ਕੀਤਾ। ਲੋਕ ਕੀ ਜਹਾਨਾਂ ਦੇ ਜਹਾਨ ਨਾਮ ਦੁਆਰਾ ਉਧਰੇ ਹਨ। ਯਥਾ ਗੁਰਵਾਕ :

ਨਾਨਕ ਪਾਇਆ ਨਾਮ ਨਿਧਾਨੁ॥
ਹਰਿ ਜਪਿ ਜਪਿ ਉਧਰਿਆ ਸਗਲ ਜਹਾਨੁ॥ *(ਪੰਨਾ ੧੧੩੮)*

ਇਸ ਵਿਚਿ ਰੰਚਕ ਸੰਦੇਹ ਨਹੀਂ ਕਿ ਗੁਰ ਨਾਨਕ ਨਾਮ, ਗੁਰਮਤਿ ਨਾਮ ਨੇ ਅੱਜ ਤਾਈਂ ਕੋਟਾਨ ਕੋਟ ਜੀਵਾਂ ਦਾ ਉਧਾਰ ਕੀਤਾ ਹੈ। ਅਗੇ ਨੂੰ ਹੋਵੇਗਾ ਤੇ ਹੁੰਦਾ ਰਹੇਗਾ। ਗੁਰੂ ਬਾਬੇ ਨਾਨਕ ਸਾਹਿਬ ਨੇ ਨਾਮ ਦਾ ਚਕਰ ਕੇਵਲ ਇਸ ਲੋਕ (ਮਾਤ ਲੋਕ) ਵਿਖੇ ਹੀ ਨਹੀਂ ਚਲਾਇਆ ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ, ਦੀਪਾਂ ਲੋਆਂ ਵਿਚਿ ਚਲਾਇਆ ਹੈ। ਇਸ ਬਿਧਿ ਕੋਟਾਨ ਕੋਟਿ ਅਧਿਕਾਰੀ ਜਨਾਂ ਦਾ, ਪਤਿਤਾਂ ਦਾ ਭੀ ਉਧਾਰ ਹੋਇਆ ਹੈ, ਜੈਸਾ ਕਿ ਗੁਰਵਾਕ ਹੈ :

ਕਈ ਕੋਟਿ ਭਏ ਬੈਰਾਗੀ॥ ਰਾਮ ਨਾਮ ਸੰਗਿ ਤਿਨਿ ਲਿਵ ਲਾਗੀ॥
ਕਈ ਕੋਟਿ ਪ੍ਰਭ ਕਉ ਖੋਜੰਤੇ॥ ਆਤਮ ਮਹਿ ਪਾਰਬ੍ਰਹਮੁ ਲਹੰਤੇ॥
ਕਈ ਕੋਟਿ ਦਰਸਨ ਪ੍ਰਭ ਪਿਆਸ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ॥
ਕਈ ਕੋਟਿ ਮਾਗਹਿ ਸਤਸੰਗੁ॥ ਪਾਰਬ੍ਰਹਮ ਤਿਨ ਲਾਗਾ ਰੰਗੁ॥
ਜਿਨ ਕਉ ਹੋਏ ਆਪਿ ਸੁਪ੍ਰਸੰਨ॥
ਨਾਨਕ ਤੇ ਜਨ ਸਦਾ ਧਨਿ ਧੰਨਿ॥੬॥੧੦॥

(ਗਉੜੀ ਸੁਖਮਨੀ ਮ: ੫, ਪੰਨਾ ੨੭੬)

bsrstrust.org

ਤਥਾ— **ਕਈ ਕੋਟਿ ਪਾਰਬ੍ਰਹਮ ਕੇ ਦਾਸ॥ ਤਿਨ ਹੋਵਤ ਆਤਮ ਪਰਗਾਸ॥**
ਕਈ ਕੋਟਿ ਤਤ ਕੇ ਬੇਤੇ॥ ਸਦਾ ਨਿਹਾਰਹਿ ਏਕੋ ਨੇਤ੍ਰੇ॥
ਕਈ ਕੋਟਿ ਨਾਮ ਰਸੁ ਪੀਵਹਿ॥ ਅਮਰ ਭਏ ਸਦ ਸਦ ਹੀ ਜੀਵਹਿ॥
ਕਈ ਕੋਟਿ ਨਾਮ ਗੁਨ ਗਾਵਹਿ॥ ਆਤਮ ਰਸਿ ਸੁਖਿ ਸਹਜਿ ਸਮਾਵਹਿ॥
ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ॥
ਨਾਨਕ ਓਇ ਪਰਮੇਸੁਰ ਕੇ ਪਿਆਰੇ॥੮॥੧੦॥

(ਗਉੜੀ ਸੁਖਮਨੀ ਮ: ੫, ਪੰਨਾ ੨੭੬)

ਇਨ੍ਹਾਂ ਗੁਰ ਪਰਮਾਣਾਂ ਤੋਂ ਸਪਸ਼ਟ ਸਿੱਧ ਹੋਇਆ ਕਿ ਗੁਰੂ ਨਾਨਕ ਦੇ ਅਪਨਾਏ ਹੋਏ ਤੇ ਅਪਨਾ ਕੇ ਤਾਰੇ ਹੋਏ ਕੋਟਾਨ ਕੋਟ ਪ੍ਰਾਣੀ ਹੋ ਗੁਜ਼ਰੇ ਹਨ। ਏਹਨਾਂ ਗੁਰਵਾਕਾਂ ਦਾ ਇਕ ਇਕ ਅੱਖਰ ਇਕ ਇਕ ਪਦ ਲਫ਼ਜ਼ ਸਮੂਹ ਸਚੁ ਹੈ। ਗੁਰੂ ਨਾਨਕ ਨੇ ਕੇਵਲ ਏਸੇ ਲੋਕ ਦੇ ਪ੍ਰਾਣੀ ਹੀ ਨਹੀਂ ਉਧਾਰੇ, ਅਨੇਕਾਂ ਹੋਰਾਂ ਅਜੇਹੇ ਲੋਕਾਂ ਦੇ ਭੀ ਉਧਰਨਯੋਗ ਪਾਤਰ ਜਨ ਭੀ ਉਧਾਰੇ ਹਨ ਸਮਰਥ ਗੁਰੂ ਨੇ। ਸਾਰਿਆਂ ਖੰਡਾਂ ਬ੍ਰਹਿਮੰਡਾਂ ਦੇ ਉਧਾਰ ਪਾਤਰ ਲੋਕਾਂ ਨੂੰ ਉਧਾਰਿਆ ਹੈ। ਰਚਨਹਾਰ ਕਰਤਾਰ ਦੀ ਰਚਨਾ ਕੋਟਾਨ ਕੋਟਿ ਖੰਡ ਬ੍ਰਹਿਮੰਡ ਹਨ। ਸਭਨਾਂ ਖੰਡਾਂ ਬ੍ਰਹਿਮੰਡਾਂ ਦਾ ਉਧਾਰ ਕੇਵਲ ਗੁਰੂ ਨਾਨਕ ਨਾਮ ਦੁਆਰਾ ਹੋਇਆ ਹੈ। ਨਿਰੰਕਾਰੀ ਨਾਨਕ ਨੇ ਨਿਰੰਕਾਰ ਦੀ ਰਚੀ ਕੋਟਾਨ ਕੋਟਿ ਕਾਇਨਾਤ ਦਾ ਉਧਾਰ ਕੀਤਾ ਹੈ, ਨਿਰੰਕਾਰ ਦੇ ਹੁਕਮ ਅਨੁਸਾਰ। ਦੇਖੋ ਨਿਰੰਕਾਰ ਦੀ ਰਚਨਾ ਅੰਦਰਿ ਕਿਤਨੀ ਬੇਅੰਤਤਾ ਤੇ ਅਥਾਹਤਾ ਹੈ:

ਕਈ ਕੋਟਿ ਖਾਣੀ ਅਰੁ ਖੰਡ॥ ਕਈ ਕੋਟਿ ਅਕਾਸ ਬ੍ਰਹਮੰਡ॥

ਆਕਾਸ ਦੇ ਪੁਲਾੜ ਅੰਦਰਿ ਉਪਰ ਦਿਸਦੇ ਜੋ ਬੇਅੰਤ ਤਾਰਾ ਗਣ ਹਨ ਉਹ ਸਭ 'ਆਕਾਸ ਬ੍ਰਹਿਮੰਡ' ਹਨ। ਆਕਾਸ ਦੇ ਉਪਰ ਨਿਰੰਕਾਰੀ ਰਚਨਾ ਦੇ ਜੜੇ ਹੋਏ ਬ੍ਰਹਿਮੰਡ ਹਨ। ਜਿਨ੍ਹਾਂ ਦਾ ਅੰਤ ਪਾਰਾ ਵਾਰ ਨਹੀਂ। ਬੇਅੰਤਤਾ ਨੂੰ 'ਕੋਟਿ' ਪਦ ਦੇ ਕੇ ਤੁੱਛ ਮਾਤਰ ਗਿਣਿਆ ਹੈ। ਹੈ ਸਭ ਬੇਅੰਤ ਰਚਨਾ। ਏਹ ਸਭ ਬੇਅੰਤ ਕੋਟਾਨ ਕੋਟਿ ਦਿਸਦੇ ਅਣ ਦਿਸਦੇ ਉਫ਼ਕੀ ਖੰਡ ਬ੍ਰਹਮੰਡ ਸਭ ਵਸਦੀਆਂ ਦੁਨੀਆ ਹਨ। ਜੈਸੇ ਕਿ ਇਹ ਅਸਾਡੀ ਦੁਨੀਆ ਵਸਦੀ ਹੈ ਤਿਵੇਂ ਹੀ ਨਿਰੰਕਾਰੀ ਬੇਅੰਤ ਰਚਨਾ ਦੇ ਕੋਟਾਨ ਕੋਟ ਖੰਡ ਬ੍ਰਹਿਮੰਡ ਸਭ ਵਸਦੇ ਰਸਦੇ ਲੋਕ ਹਨ। ਤਿਨ੍ਹਾਂ ਸਾਰਿਆਂ ਬੇਅੰਤ ਕੋਟੀਆਂ ਦੀ ਗਿਣਤੀ ਦੇ ਬੇਗਿਣਤ ਗਿਣਤੀ ਦੇ ਖੰਡਾਂ ਬ੍ਰਹਿਮੰਡਾਂ ਦੇ ਬੇਅੰਤ ਕੋਟੀਆਂ ਦੀ ਗਿਣਤੀ ਦੇ ਲੋਕਾਂ ਦਾ ਉਧਾਰ ਗੁਰੂ ਨਾਨਕ ਨਿਰੰਕਾਰੀ ਦੇ ਨਾਮ ਜੋਤਿ ਦੀ ਨਾਮ ਕਲਾ ਦੁਆਰਾ ਹੋਇਆ। ਤਾਂ ਤੇ ਇਸ ਗੁਰਵਾਕ ਦੀ ਸਚਿਆਈ ਸਰਾਸਰ ਅੱਖਰੋ ਅੱਖਰ ਸੱਚ ਹੈ ਜਿਸ ਵਿਚਿ ਇਹ ਨਿਰੂਪਨ ਹੋਇਆ ਹੈ ਕਿ ਨਾਮ ਦੁਆਰਾ ਕੋਟਾਨ ਕੋਟਿ ਅਧਿਕਾਰੀ ਜਨਾਂ ਦਾ ਉਧਾਰ ਹੋਇਆ ਹੈ। ਇਸ ਵਿਚਿ ਰੰਚਕ ਭੀ ਸੰਦੇਹ ਨਹੀਂ। "ਸੈਲ ਲੋਅ ਜਿਨਿ ਉਧਰਿਆ" ਵਾਲੇ ਗੁਰਵਾਕ ਦੀ ਸੱਚਾਈ ਇਕ ਨਮੂਨੇ ਮਾਤਰ ਵੀਚਾਰਨਾ ਹੀ ਪੇਸ਼ ਹੋਇਆ ਹੈ। ਸਮੁਚੇ ਲੋਅ ਲੋਅ ਆਕਾਰੀ ਖੰਡਾਂ ਬ੍ਰਹਮੰਡਾਂ ਦਾ ਉਧਾਰ ਹੋਇਆ ਤਾਂ ਕੇਵਲ ਗੁਰਮਤਿ ਨਾਮ ਦੁਆਰਾ, ਨਿਰੰਕਾਰੀ ਨਾਮ, ਨਾਨਕ ਨਾਮ ਦੁਆਰਾ ਹੀ

bsrstrust.org

ਹੋਇਆ ਹੈ। ਐਸੀ ਅਮਿਤ ਅਗਾਧ ਕਲਾ ਵਾਲਾ ਨਾਮ ਅਛੱਲ ਅਛੇਦ ਨਾਮ, ਭਗਤ ਭਵਤਾਰਨਹਾਰਾ ਨਾਮ, ਗੁਰੂ ਅਮਰਦਾਸ ਜੀ ਨੂੰ ਦਾਤਿ ਇਲਾਹੀ ਦੁਆਰਾ ਸਫੁਰਨ ਹੋਇਆ।

ਸੋਈ ਨਾਮੁ ਸਿਵਰਿ ਨਵਨਾਥ ਨਿਰੰਜਨੁ ਸਿਵ ਸਨਕਾਦਿ ਸਮੁਧਰਿਆ॥

(ਪੰਨਾ ੧੩੯੩)

ਸੋਈ ਨਾਮ ਨਿਰੰਜਨ ਸਿਮਰ ਕੇ ਹੀ ਨਵੇਂ ਨਾਥਾਂ ਦਾ ਅਤੇ ਸ਼ਿਵਜੀ ਦਾ ਅਤੇ ਸਨਕਾਦਿ ਦਾ ਉਧਾਰ ਹੋਇਆ। 'ਸਿਵਰਿ'—ਸਿਮਰਿ। ਰਾਰੇ ਨੂੰ ਸਿਹਾਰੀ 'ਕੇ' ਦਾ ਅਰਥ ਦਿੰਦੀ ਹੈ, ਸਿਮਰ ਕੇ। 'ਸਮੁਧਰਿਆ'—ਸਮ ਉਧਰਿਆ। ਇਕ ਸਮਾਨ ਹੀ ਉਧਰੇ ਸ਼ਿਵ, ਸਨਕਾਦਿ, ਨਵ ਨਾਥ ਆਦਿ। ਇਹ ਗੱਲ ਨਿਸਚੇ ਰਹੇ ਕਿ ਏਹਨਾਂ ਨਵਾਂ ਨਾਥਾਂ, ਸ਼ਿਵ, ਸਨਕਾਦਕਾਂ ਦਾਂ ਉਧਾਰ ਓਦੋਂ ਹੋਇਆ ਜਦੋਂ ਇਹ ਜਨਮ ਧਾਰ ਕੇ ਮੁੜ ਗੁਰ ਸਰਨਾਈ ਆਏ ਅਤੇ ਗੁਰੂ ਨਾਨਕ ਦੇ ਨਾਮ ਲੇਵਾ ਸਿਖ ਬਣੇ, ਗੁਰੂ ਨਾਨਕ ਦੇ ਘਰੋਂ ਨਾਮ ਦੀਖਿਆ ਦੀ ਦਾਤਿ ਲੈ ਕੇ। ਓਦੂੰ ਪਹਿਲਾਂ ਓਹਨਾਂ ਦਾ ਉਧਾਰ ਨਹੀਂ ਹੋਇਆ। ਓਦੋਂ ਤਾਂਈਂ ਇਹ ਚੁਰਾਸੀ ਦੇ ਗੇੜ ਵਿਚ ਹੀ ਗਿੜ ਗਿੜ ਕੇ ਅਵਤਰਦੇ ਰਹੇ। ਕਲਜੁਗ ਵਿਖੇ ਆ ਕੇ ਏਹਨਾਂ ਜਨਮ ਧਾਰਿਆ, ਗੁਰੂ ਘਰ ਵਿਚਿ ਆਏ, ਤਦ ਓਹਨਾਂ ਦਾ ਉਧਾਰ ਹੋਇਆ। ਯਾ ਮਹਿ ਰੰਚ ਨ ਸੰਸਾ ਮਾਨੋ।

ਚਵਰਾਸੀਹ ਸਿਧ ਬੁਧ ਜਿਤੁ ਰਾਤੇ ਅੰਬਰੀਕ ਭਵਜਲੁ ਤਰਿਆ॥

ਸਿਧ ਮੰਡਲੀ ਦੇ ਚੁਰਾਸੀ ਸਿੱਧ ਭੀ ਨਵੇਂ ਨਾਥਾਂ ਵਾਂਗ ਨਾਮ ਵਿਚਿ ਰੱਤ ਕੇ ਹੀ ਉਧਰੇ। ਤਿਵੇਂ ਹੀ ਅੰਬਰੀਕ ਭਗਤ ਉਧਰਿਆ ਹੈ, ਨਾਮ ਦੇ ਰੰਗਾਂ ਵਿਚਿ ਰੱਤ ਕੇ। ਇਹ ਸਿਧ ਬੁਧ ਨਾਥ ਜੋਗੀਆਂ ਵਿਚਿ ਭਰਮਦੇ ਭਰਮਦੇ ਜਦੋਂ ਗੁਰੂ ਨਾਨਕ ਦੀ ਸ਼ਰਨਾਗਤਿ ਆਏ ਤੇ ਤੱਤ ਗੁਰਮਤਿ ਨਾਮ ਦੀ ਦੀਖਿਆ ਤਿਨ੍ਹਾਂ ਨੂੰ ਮਿਲੀ ਤਾਂ ਜਾ ਕੇ ਏਹਨਾਂ ਦਾ ਉਧਾਰ ਹੋਇਆ ਅਤੇ ਹੁੰਦਾ ਰਹੇਗਾ ਅਗਾਹਾਂ ਨੂੰ। ਪਰ ਉਧਾਰ ਹੋਵੇਗਾ ਤਾਂ ਕੇਵਲ ਨਾਨਕ ਨਾਮ ਦੁਆਰਾ ਹੀ ਹੋਵੇਗਾ ਕਿਉਂਕਿ ਅਗੇ "ਕੇਤੇ ਸਿਧ ਬੁਧ ਨਾਥ" ਦੇ ਗੁਰ ਬਚਨ ਅਨੁਸਾਰ ਬੇਗਿਣਤ ਸਿਧਾਂ ਬੁਧਾਂ ਨਾਥਾਂ ਦੀ ਗਿਣਤੀ ਵਿਚੋਂ ਬਥੇਰੇ ਸਿਧ ਬੁਧ ਨਾਥ ਬਾਕੀ ਰਹਿੰਦੇ ਹੋਣਗੇ ਜਿਨ੍ਹਾਂ ਦਾ ਉਧਾਰ ਹੋਣਾ ਰਹਿੰਦਾ ਹੈ। 'ਜਿਤੁ' ਪਦ ਤੱਤੇ ਅੱਖਰ ਔਂਕੜ ਨਾਲਿ ਪੜਨਾਉਂ (pronoun) ਹੈ, ਨਾਮੁ (noun) ਦਾ ਲਖਾਇਕ। ਗੁਰਬਾਣੀ ਅੰਦਰ ਇਹ ਪਦ ਤੱਤੇ ਔਂਕੜ ਨਾਲ ਹਰ ਥਾਂ ਆਉਂਦਾ ਹੈ।

ਉਧਉ ਅਕ੍ਰੂਰੁ ਤਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ॥

ਉਧਉ ਅਕਰੂਰ ਦੋਈ ਸ੍ਰੀ ਕ੍ਰਿਸ਼ਨ ਜੀ ਦੇ ਦੁਆਪਰ ਜੁਗੀ ਭਗਤ ਹਨ। ਏਹਨਾਂ ਦਾ ਕਲਿਆਣ ਭੀ ਗੁਰੂ ਦਰਬਾਰੋਂ ਨਾਮ ਗੁਰਮਤਿ ਨਾਮ ਦੀ ਦੀਖਿਆ ਲੈ ਕੇ ਹੀ ਹੋਇਆ, ਜਦੋਂ ਇਹ ਮੁੜ ਕਲਜੁਗ ਵਿਖੇ ਜਨਮ ਧਾਰ ਕੇ ਗੁਰੂ ਘਰ ਵਿਖੇ ਆ ਕੇ ਜਨਮੇ। ਕਲਜੁਗ ਦੇ ਭਗਤਾਂ ਤ੍ਰਿਲੋਚਨ, ਨਾਮਾ, ਕਬੀਰ ਆਦਿਕ ਦੇ ਚੁਰਾਸੀ ਦੇ ਕਿਲਵਿਖ ਭੀ ਇਸੇ ਗੁਰਮਤਿ ਨਾਮ ਦੁਆਰਾ ਕਟੇ ਗਏ, ਜਦੋਂ ਗੁਰੂ ਨਾਨਕ, ਨਾਨਕ

bsrstrust.org

ਦੇ ਜਾਮੇ ਵਿਚਿ ਹੀ ਏਹਨਾਂ ਭਗਤਾਂ ਨੂੰ ਉਪਾਰ ਹਿਤ ਮਾਨੋ ਨਾਮ ਦੀਖਿਆ ਦਾਨ ਦੇਣ ਹਿਤ ਇਹਨਾਂ ਨੂੰ ਪਾਰਸ ਰਸਾਇਣੀ ਭੇਟ ਦਾਨ ਹਿਤ ਖ਼ੁਦ ਚਲ ਕੇ ਏਹਨਾਂ ਪਾਸ ਗਿਆ। ਜੈਸੇ ਕਿ ਅਨੇਕ ਹੋਰ ਅਧਿਕਾਰੀਆਂ ਖਾਸ ਖ਼ੁਦ ਚਲ ਕੇ ਹੀ ਗੁਰੂ ਨਾਨਕ ਨਿਰੰਕਾਰੀ ਓਹਨਾਂ ਦੇ ਪਾਸ ਹੀ ਜਾਂਦਾ ਰਿਹਾ ਹੈ। 'ਕਿਲਵਿਖ'—ਬਹੁ-ਵਚਨ (plural noun) ਹੋਣ ਕਰਿ ਇਸ ਦਾ ਪਿਛਲਾ ਅੱਖਰ ਮੁਕਤਾ ਹੈ।

ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ... ॥

ਇਹ ਪੰਗਤੀ ਬਾਰੰਬਾਰ ਇਸੇ ਗੱਲ ਨੂੰ ਦ੍ਰਿੜ੍ਹਾਵਣ ਹਿਤ ਇਸੇ ਗੁਰਮਤਿ ਅਸੂਲ ਨੂੰ ਅਸਥਾਵਨ ਹਿਤ ਆਉਂਦੀ ਹੈ ਕਿ ਗੁਰਮਤਿ ਨਾਮੁ (ਵਾਹਿਗੁਰੂ) ਤੋਂ ਬਿਨਾਂ ਹੋਰ ਕੋਈ ਨਾਮ ਨਹੀਂ। ਸੋਈ ਨਿਰਾ ਨਾਮ ਵਾਹਿਗੁਰੂ ਹੀ ਹੈ ਜੋ ਅਛਲੁ ਹੈ ਅਤੇ ਭਗਤਾਂ ਨੂੰ ਭਵਜਲ ਤੋਂ ਤਾਰਨ ਨੂੰ ਸਮਰਥ ਹੈ। ਓਹੀ ਨਾਮ ਸ੍ਰੀ ਗੁਰੂ ਅਮਰਦਾਸ ਨੂੰ ਗੁਰੂ ਨਾਨਕ ਦੁਆਰਿਓਂ ਦੀਖਛਤ ਰੂਪ ਵਿਚ ਸਫੁਰਨ ਹੋਇਆ, ਸੋਈ ਨਾਮ ਹੀ ਸਭ ਦਾ ਤਾਰਕ ਹੈ। ਇਸ ਤੋਂ ਬਿਨਾਂ ਹੋਰ ਕੋਈ ਨਹੀਂ।

ਸੋਈ ਨਾਮੁ ਅਛਲੁ ਭਗਤਹ ਭਵਤਾਰਣੁ ਅਮਰਦਾਸ ਗੁਰ ਕਉ ਫੁਰਿਆ ॥੩॥

ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ ਜਤੀ ਤਪੀਸੁਰ ਮਨਿ ਵਸਿਆ ॥

ਤਿਸੇ (ਗੁਰਮਤਿ) ਨਾਮ ਵਿਖੇ ਲਗ ਕੇ (ਤਿਸੇ ਗੁਰਮਤਿ ਨਾਮ ਦੇ ਸਿਮਰਨ ਵਿਖੇ ਤੱਤਪਰ ਹੋ ਕੇ) ਤੇਤੀਸ ਕ੍ਰੋੜ ਦੇਵਤਿਆਂ ਨੇ ਵਾਹਿਗੁਰੂ ਅਕਾਲ ਪੁਰਖ ਦਾ ਧਿਆਵਣਾ ਕੀਤਾ ਤਾਂ ਓਹਨਾਂ ਦੀ ਕਲਿਆਣ ਹੋਈ। ਧੰਨ ਗੁਰੂ ਨਾਨਕ ਦੇਵ ਜਿਸ ਨੇ ਤੇਤੀ ਕ੍ਰੋੜ ਦੇਵਤਿਆਂ ਦੀ ਅਰਾਧਨਾ ਪੂਰੀ ਕੀਤੀ। ਅਤੇ ਨਾਮ ਦੀ ਦਾਤਿ ਤਿਨ੍ਹਾਂ ਨੂੰ ਬਖ਼ਸ਼ੀ। ਜਤੀਆਂ ਤਪੀਸਰਾਂ ਦੇ ਮਨ ਵਿਚਿ ਨਾਮ ਗੁਰੂ ਨਾਨਕ ਦਾ ਵਸਾਇਆ ਹੀ ਵਸਿਆ। 'ਤਪੀਸੁਰ' ਪਦ ਦਾ ਰਾਰਾ ਅੱਖਰ ਦੋ ਕਾਰਨਾਂ ਕਰਕੇ ਏਥੇ ਮੁਕਤਾ ਹੈ (੧) ਇਥੇ ਇਹ ਬਹੁ-ਵਚਨ ਹੈ (plural ਹੈ)। (੨) ਇਸ ਦੇ ਅਗੇ 'ਦੇ' ਸਬੰਧਕ ਪਦ (preposition) ਮਫ਼ਹੂਮ ਹੈ। 'ਮਨਿ' ਪਦ ਦੇ ਨੰਨੇ ਅੱਖਰ ਦੀ ਸਿਹਾਰੀ 'ਵਿਖੇ' ਦਾ ਅਰਥ ਦਿੰਦੀ ਹੈ। 'ਲਾਗਿ'—ਲਗ ਕੇ। 'ਨਾਮਿ ਲਾਗਿ'—ਨਾਮ ਸਿਮਰਨ ਵਿਖੇ ਲਗ ਕੇ। 'ਤਿਤੁ, ਜਿਤੁ' ਆਦਿਕ ਪਦਾਂ ਦੇ ਪਿਛਲੇ ਤੱਤੇ ਹਮੇਸ਼ਾ ਔਂਕੜ ਸਹਿਤ ਹੋਣਗੇ। ਇਹ ਗੁਰਬਾਣੀ ਲਗਮਾਤ੍ਰੀ ਨਿਯਮਾਂ ਦਾ ਅਮਰੀ ਰੂਲ (rule) ਹੈ। ਜਤੀਆਂ ਦਾ ਜਤ, ਤਪੀਆਂ ਦਾ ਤਪ ਗੁਰੂ ਨਾਨਕ ਦੇ ਦਰਿ ਆਉਣ ਕਰਕੇ ਹੀ ਸਫਲ ਹੋਇਆ। ਇਸੇ ਪਰਕਾਰ ਤੇਤੀਸ ਕ੍ਰੋੜ ਦੇਵਤਿਆਂ ਦਾ ਉਧਾਰ ਭੀ ਗੁਰੂ ਨਾਨਕ ਦੇ ਦਰ ਤੋਂ ਹੀ ਹੋਇਆ, ਹੋਰ ਕਿਤੋਂ ਨਹੀਂ ਹੋਇਆ।

ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ ਚਰਣ ਚਿਤ ਅੰਮ੍ਰਿਤ ਰਸਿਆ ॥

ਸੋਈ ਨਾਮ (ਗੁਰਮਤਿ ਨਾਮ) ਸਿਮਰ ਕੇ ਗੰਗਾ ਜਾਇਆ ਭੀਸ਼ਮ ਪਿਤਾਮਾ ਦਾ ਚਿਤ ਭੀ ਗੁਰੂ ਨਾਨਕ ਅਮਰਦਾਸ ਦੇ ਚਰਨੀਂ ਲਗ ਕੇ ਅੰਮ੍ਰਿਤ ਰਸਿਆ ਹੋਇ ਗਇਆ। 'ਅੰਮ੍ਰਿਤ ਰਸਿਆ'—ਅੰਮ੍ਰਿਤ ਰਸ ਰਸਾਇਣਾ ਹੋ ਗਿਆ। 'ਚਰਨ' ਅਤੇ

bsrstrust.org

'ਚਿਤ' ਪਦਾਂ ਦੇ ਪਿਛਲੇ ਅੱਖਰ ਮੁਕਤੇ ਹਨ ਕਿਉਂਕਿ ਏਹਨਾਂ ਦੇ ਅਗੇ 'ਦੇ' ਅਤੇ 'ਦਾ' ਸਬੰਧਕ ਪਦ (preposition) ਅਰਥ ਬੋਧਕ ਹਨ। ਤਿਸ ਭੀਸ਼ਮ ਪਿਤਾਮਾ ਦੀ ਗਤੀ (ਕਲਿਆਣ) ਭੀ ਤਦ ਹੋਈ ਜਦੋਂ ਇਹ ਕਲਜੁਗ ਵਿਚਿ ਜਨਮ ਧਾਰ ਕੇ ਗੁਰੂ ਨਾਨਕ ਦੀ ਸਰਨੀ ਆਇਆ ਅਤੇ ਗੁਰੂ ਨਾਨਕ ਦੁਆਰਿਓਂ ਤਿਸ (ਭੀਸ਼ਮ ਪਿਤਾਮਾ) ਨੇ ਗੁਰਮਤਿ ਨਾਮ ਦੀ ਦੀਖਿਆ ਲਈ। ਹੁਣ ਭੀ ਜੇਹੜੇ ਗੁਰੂ ਨਾਨਕ ਦਸਮੇਸ਼ ਦੇ ਘਰ ਦੇ ਸਾਜੇ ਨਿਵਾਜੇ ਨਾਮ ਕਲਾਧਾਰੀ ਪੰਜਾਂ ਪਿਆਰਿਆਂ ਦੀ ਸਰਨੀ ਆਉਂਦੇ ਹਨ ਸੋ ਪਿਛਲੇ ਜਨਮਾਂ ਦੇ ਤਪੀਸਰ ਰਿਖੀਸਰ ਹੀ ਹਨ। ਜੋ ਪਰਬਲ ਸੰਜੋਗਾਂ ਕਰਿ ਅੰਮ੍ਰਿਤ ਦੇ ਅਧਿਕਾਰੀ ਬਣਦੇ ਹਨ ਅਤੇ ਨਾਮ ਦੀ ਪਾਤਰਤਾ ਦੇ ਭੀ ਭਾਗੀ ਹੁੰਦੇ ਹਨ।

ਤਿਤੁ ਨਾਮਿ ਗੁਰੂ ਗੰਭੀਰ ਗਰੂ ਅਮਤਿ ਸਤ ਕਰਿ ਸੰਗਤਿ ਉਧਰੀਆ॥

ਤਿਸ ਆਮ ਅਕਲੋਂ ਅਗੋਚਰ (ਅਮਿਤ) ਵਾਹਿਗੁਰੂ ਗੰਭੀਰ ਗੁਰੂ (ਵਾਹਿਗੁਰੂ) ਨਾਮ ਦੁਆਰਾ ਨਿਸਚੇ ਕਰਕੇ (ਸਤਿ ਕਰਿ) ਸੰਗਤਿ ਉਧਰੀ ਹੈ (ਅਤੇ ਉਧਰੇਗੀ)। 'ਸੰਗਤਿ' ਪਦ ਦਾ ਤੱਤਾ ਅੱਖਰ ਹਮੇਸ਼ਾ ਸਿਹਾਰੀ ਨਾਲਿ ਹੁੰਦਾ ਹੈ। ਇਸਤ੍ਰੀ-ਲਿੰਗ ਨਾਮ (noun) ਹੋਣ ਕਰਿ। 'ਤਿਤੁ' (ਤਿਸੁ) ਪਦ ਦਾ ਦੂਜਾ ਤੱਤਾ ਅੱਖਰ ਸਦਾ ਹੀ ਔਂਕੜ ਨਾਲਿ ਆਉਂਦਾ ਹੈ ਗੁਰਬਾਣੀ ਅੰਦਰਿ। 'ਨਾਮਿ'—ਨਾਮ ਦੁਆਰਾ। ਮੰਮੇ ਦੀ ਸਿਹਾਰੀ 'ਦੁਆਰਾ' ਦਾ ਅਰਥ ਦਿੰਦੀ ਹੈ। 'ਗੁਰੂ ਗੰਭੀਰ'—ਗੰਭੀਰਤਾ ਵਾਲੇ ਗੁਰੂ ਭਾਵ ਵਾਹਿਗੁਰੂ ਨਾਮ ਦੁਆਰਾ। 'ਗਰੂ ਅਮਿਤ'—ਆਮ ਅਕਲੋਂ (ਮਤ ਤੋਂ) ਅਗੋਚਰ—ਬੇਦ ਕਤੇਬੋਂ ਬਾਹਰ ਗੁਰੂ ਵਾਹਿਗੁਰੂ ਨਾਮ ਦੁਆਰਾ। 'ਅਮਤਿ' ਪਦ ਦੇ ਐੜੇ ਅੱਖਰ ਨੂੰ ਕਈ ਸੁਚੇਤ ਗਿਆਨੀ 'ਗਰੂ' ਪਦ ਦੇ ਨਾਲਿ ਲਾ ਕੇ 'ਗਰੂਅ' ਪਦ ਇਕੱਠਾ ਅਲਾਉਂਦੇ ਹਨ ਅਤੇ 'ਮਤਿ' ਪਦ ਨੂੰ ਵਖਰਾ ਉਠਾਉਂਦੇ ਹਨ। ਐਸਾ ਹੀ ਸ਼ਾਇਦ ਉੱਚੀ ਸਮਝ ਵਾਲੇ ਸ਼ਬਦਾਰਥੀਆਂ ਨੇ ਕੀਤਾ ਹੈ। ਪਰ ਇਹ 'ਮਤਿ' ਪਦ ਇਕੱਲੇ ਦਾ ਅਰਥ ਕੁਝ ਨਹੀਂ ਰਹਿ ਜਾਂਦਾ। ਤਾਂ ਤੇ ਉਪਰਲਾ ਪਾਠ ਹੀ ਸਹੀ ਅਰਥ ਦਿੰਦਾ ਹੈ।

ਨਾਮ ਕਿਤਿ ਸੰਸਾਰਿ ਕਿਰਣਿ ਰਵਿ ਸੁਰਤਰ ਸਾਖਹ॥

ਨਾਮ ਦੀ ਕੀਰਤੀ (ਕਿਤਿ) ਸੰਸਾਰ ਵਿਖੇ (ਐਉਂ ਫੈਲਰੀ ਹੈ ਜਿਵੇਂ) ਸੂਰਜ (ਰਵਿ) ਦੀਆਂ ਕਿਰਣਾਂ (ਫੈਲ ਕੇ ਰੌਸ਼ਨੀ ਚਾਰ ਚੁਫੇਰੇ ਫੈਲਾਉਂਦੀਆਂ ਹਨ) ਅਤੇ (ਜਿਵੇਂ) ਸੁਰਗ ਦਾ ਤਰੂ (ਬਿਰਛ ਪਾਰਜਾਤ) (ਆਪਣੀਆਂ) ਸ਼ਾਖਾਂ (ਫੈਲਾਉਂਦਾ ਹੈ ਜਿਸ ਨੂੰ ਰਤਨ ਭਾਂਤੀ ਫਲ ਫੁਲ ਲਗਦੇ ਹਨ) (ਫਲ ਲਾਗੇ ਫੁਲ ਰਤਨ ਭਾਂਤ)। 'ਨਾਮ ਕਿਤਿ'—ਨਾਮ ਦੀ ਕੀਰਤੀ (ਸੁਜਸੁ)। ਮੰਮਾ ਮੁਕਤਾ ਹੋਣ ਕਰਿ 'ਨਾਮ' ਪਦ ਦੇ ਪਿਛੋਂ 'ਦੀ' ਪਦ ਸਬੰਧਕੀ ਅਰਥ ਬੋਧਕ ਹੈ। 'ਸੰਸਾਰਿ' ਪਦ ਦੇ ਰਾਰੇ ਅੱਖਰ ਨੂੰ ਸਿਹਾਰੀ 'ਵਿਖੇ' ਦਾ ਅਰਥ ਦਿੰਦੀ ਹੈ। 'ਕਿਰਣਿ ਰਵਿ'—ਸੂਰਜ ਦੀਆਂ ਕਿਰਣਾਂ। 'ਰਵਿ' ਪਦ ਸੂਰਜ ਦੇ ਅਰਥਾਂ ਨਾਲਿ ਹਰ ਥਾਂ ਗੁਰਬਾਣੀ ਅੰਦਰਿ ਵਾਵੇ ਸਿਹਾਰੀ ਨਾਲਿ ਹੀ ਆਉਂਦਾ ਹੈ। 'ਕਿਰਣਿ' ਇਸਤ੍ਰੀ-ਲਿੰਗ ਪਦ ਨਾਂਵ (feminine gender noun) ਹੋਣ ਕਰਿ ਇਸ ਦੇ ਣਾਣੇ ਅੱਖਰ ਨੂੰ ਸਿਹਾਰੀ ਲਗੀ ਹੈ। 'ਸੁਰਤਰ'—ਸੁਰਗਾਪੁਰੀ ਦਾ ਤਰੋਵਰ (ਬਿਰਛ)। ਇਸ ਪਦ ਦੇ ਪਿਛਲੇ ਰਾਰੇ ਅੱਖਰ ਦਾ ਔਂਕੜ ਇਸ ਕਰਕੇ ਉਡ ਗਿਆ

bsrstrust.org

ਹੈ ਕਿ ਇਸ ਦੇ ਅਗੇ ਸਬੰਧਕ ਪਦ (preposition) 'ਦਾ' 'ਦੇ' 'ਦੀਆਂ' ਮਫ਼ਹੂਮ ਹੈ। ਸੁਰਗ ਦੇ ਤਰਵਰ ਦੀਆਂ ਸ਼ਾਖਾਂ—'ਸੁਰਤਰ ਸਾਖਹ'।

ਉਤਰਿ ਦਖਿਣਿ ਪੁਬਿ ਦੇਸਿ ਪਸ੍ਚਮਿ ਜਸੁ ਭਾਖਹ ॥

ਨਾਮ ਦਾ ਕੀਰਤੀ ਰੂਪੀ ਜਸੁ ਉਤਰ (ਸ਼ਮਾਲ) ਦਖਣ (ਜਨੂਬ) ਪੂਰਬ (ਮਸ਼ਰਕ) ਅਤੇ ਪਛੋਂ (ਮਗ਼ਰਬ) ਦੀਆਂ ਕੂੰਟਾਂ (ਦੇਸਿ—ਚਹੁੰ ਕੁੰਟਾਂ) ਅੰਦਰਿ ਭਾਖੀਦਾ ਹੈ (ਉਚਾਰੀਦਾ ਹੈ)। 'ਉਤਰਿ, ਦਖਿਣਿ, ਪੁਬਿ, ਪਸ੍ਚਮਿ' ਏਹਨਾਂ ਚੌਹਾਂ ਪਦਾਂ ਦੇ ਪਿਛਲੇ ਅੱਖਰਾਂ ਨੂੰ ਜੋ ਸਿਹਾਰੀਆਂ ਲਗੀਆਂ ਹਨ ਸੋ 'ਵਿਖੇ' ਦਾ ਅਰਥ ਦਿੰਦੀਆਂ ਹਨ। ਦੇਸਿ—ਦੇਸਾਂ ਵਿਖੇ, ਕੁੰਟਾਂ ਵਿਖੇ। 'ਜਸੁ ਭਾਖਹ'—ਜਸੁ ਭਾਖੀਦਾ ਹੈ, ਉਚਾਰੀਦਾ ਹੈ। 'ਜਸੁ' ਪਦ ਦੇ ਸੱਸੇ ਅੱਖਰ ਨੂੰ ਔਂਕੜ ਹੋਣ ਕਰਿ ਇਹ ਪਦ ਇਕ-ਵਚਨਕ ਭਾਵ ਵਾਚਕ ਨਾਂਵ ਹੈ। 'ਭਾਖਹ'—ਦਾ ਅਰਥ 'ਭਾਖਦੇ ਹਨ' ਨਹੀਂ ਹੋ ਸਕਦਾ ਕਿਉਂਕਿ ਹਾਹੇ ਅੱਖਰ ਨੂੰ ਸਿਹਾਰੀ ਨਹੀਂ ਹੈ। ਹਾਹਾ ਮੁਕਤਾ ਮਫਊਲਕ ਕਿਰਿਆ ਵਾਚਕ (ਕਰਮਵਾਚੀ) ਕਿਰਿਆ ਹੈ। ਭਾਖੀਦਾ ਹੈ। ਕੀ ਭਾਖੀਦਾ ਹੈ? ਜਸੁ।

ਜਨਮੁ ਤ ਇਹੁ ਸਕਯਥੁ ਜਿਤੁ ਨਾਮੁ ਹਰਿ ਰਿਦੈ ਨਿਵਾਸੈ ॥

ਮਨੁੱਖਾ ਜਨਮ ਤਾਂ ਸਕਾਰਥਾ ਹੈ (ਉਸ ਪੁਰਖ ਦਾ ਜਨਮੁ ਸਕਾਰਥਾ ਹੈ) ਜਿਸ ਮਨੁੱਖਾ ਜਨਮੀ ਪੁਰਖ ਦੇ ਹਿਰਦੇ ਅੰਦਰਿ ਨਾਮੁ ਨਿਵਾਸ ਰਖਦਾ ਹੈ। 'ਜਨਮੁ'—ਖ਼ਾਸ ਨਾਮ ਨਿਵਾਸੀ 'ਮਨੁੱਖਾ ਜਨਮੁ' ਹੋਣ ਕਰਿ ਇਸ ਪਦ ਨੂੰ ਇਕ-ਵਚਨਕ (singular) ਗਰਦਾਨਿਆ ਗਿਆ ਹੈ। ਇਸ ਕਰਕੇ ਇਸ ਦੇ ਮੰਮੇ ਅੱਖਰ ਨੂੰ ਔਂਕੜ ਲਗਿਆ ਹੋਇਆ ਹੈ। 'ਇਹ', 'ਜਨਮੁ' ਦਾ ਖ਼ਾਸ ਪੜਨਾਉਂ ਹੋਣ ਕਰਿ ਇਸ ਦੇ ਹਾਹੇ ਅੱਖਰ ਨੂੰ ਭੀ ਔਂਕੜ ਹੈ। 'ਰਿਦੈ'—ਰਿਦੇ ਅੰਦਰਿ। 'ਰਿਦੈ' ਪਦ ਦੇ ਦੱਦੇ ਅੱਖਰ ਦੀ ਦੂਜੀ ਲਾਂਵ ਏਥੇ 'ਵਿਖੇ' ਤੇ 'ਅੰਦਰਿ' ਦਾ ਅਰਥ ਦਿੰਦੀ ਹੈ। 'ਨਿਵਾਸੈ'—ਨਿਵਾਸ ਰਖਦਾ ਹੈ। ਇਸ ਪਦ ਦਾ ਕਰਤਾ 'ਨਾਮੁ' ਪਦ ਜੋ ਇਕ-ਵਚਨਕ ਖ਼ਾਸ ਨਾਂਵ (proper noun) ਹੈ ਅਤੇ ਮੰਮੇ ਔਂਕੜ ਸਹਿਤ ਹੈ ਜਿਸ ਕਰਕੇ ਇਹ ਭੀ ਇਕ-ਵਚਨ ਕਿਰਿਆ ਹੋਣ ਕਰਿ ਸੱਸੇ ਅੱਖਰ ਨੂੰ ਦੁਲਾਈਆਂ ਲਗੀਆਂ ਹਨ। ਜੇਕਰ ਬਹੁ-ਵਚਨਕ ਨਾਂਵ ਹੁੰਦਾ ਤਾਂ ਇਸ ਦਾ ਕਿਰਿਆ ਪਦ ਭੀ ਬਹੁ-ਵਚਨਕ ਹੁੰਦਾ। 'ਨਿਵਾਸੈ'—ਪਦ ਦੇ ਥਾਉਂ 'ਨਿਵਾਸਹਿ' ਪਦ ਹੁੰਦਾ, ਹਾਹਾ ਸਿਹਾਰੀ ਸਹਿਤ ਹੋਰ ਅਗੇ ਵਧਾਇਆ ਹੁੰਦਾ।

ਸੁਰਿ ਨਰ ਗਣ ਗੰਧਰਬ ਛਿਅ ਦਰਸਨ ਆਸਾਸੈ ॥

ਦੇਵਤੇ, ਮਨੁੱਖ, ਦੇਵਤਿਆਂ ਦੇ ਹਰਕਾਰੇ ਅਤੇ ਇੰਦਰ ਅਖਾੜੇ ਦੇ ਗੰਧਰਬ ਗਵੱਈਏ ਅਤੇ ਜੋਗੀ ਜੰਗਮ ਆਦਿ ਖਟ ਦਰਸ਼ਨੀ ਫ਼ਿਰਕਿਆਂ ਵਾਲੇ ਲੋਗ ਸਭ ਆਸਾ ਰਖਦੇ ਹਨ ਨਾਮ ਦੀ (ਲੋਚਦੇ ਹਨ ਨਾਮ ਨੂੰ)। 'ਆਸਾਸੈ'—ਪਦ ਕਿਰਿਆ ਵਰਤਮਾਨ ਕਾਲ (present tense) ਇਕ-ਵਚਨਕ ਅੰਨਯ ਪੁਰਖ ਕਿਰਿਆ (singular third person verb) ਹੈ। ਪਰ ਇਸ ਦੇ ਕਰਤਾ ਬਹੁ-ਵਚਨ ਨਾਂਵ ਵਾਲੇ ਉਪਰ ਗਿਣੇ ਨਾਮ ਦੀਆਂ ਲੋਚਾਂ ਵਾਲੇ ਅਣਗਿਣਤ ਲੋਕ ਹਨ। ਇਸ ਕਰਕੇ ਇਹ

bsrstrust.org

ਕਿਰਿਆਵੀ ਪਦ ਭੀ ਬਹੁ-ਵਚਨਕ ਚਾਹੀਦਾ ਸੀ। 'ਆਸਾਸਹਿ'—ਇਉਂ ਅੰਕਤ ਕੀਤਾ ਜਾਣਾ ਚਾਹੀਦਾ ਸੀ। ਜਾਂ ਤਾਂ ਗ਼ਲਤੀ ਹੈ ਛਾਪੇ ਲਿਖਾਰੀ ਦੀ ਯਾ ਭਾਈ ਹੋਰ ਕੋਈ ਨਿਯਮ ਹੋਣਾ ਹੈ ਜੋ ਸਾਨੂੰ ਪਤਾ ਨਹੀਂ। ਸਾਰੀ ਲੋਕਾਈ ਬਿਨਾਂ ਗੁਰ ਸਿਖਾਂ ਗੁਰ ਦੀਖਿਆ ਪ੍ਰਾਪਤਿ ਗੁਰਮੁਖਾਂ ਦੇ, ਆਸਾ ਬੰਧੂ ਹੀ ਹੈ ਨਾਮ ਦੀ। ਨਾਮ ਦੇ ਸਭ ਜਗਿਆਸੂ ਹਨ। ਜਦ ਸਰਨਿ ਆਉਣਗੇ ਤਾਂ ਏਹਨਾਂ ਦੀ ਪੂਰੀ ਪਊ।

ਭਲਉ, ਭਲੋ, ਕਰ, ਕਰੁ, ਕਰਿ

ਭਲਉ ਪ੍ਰਸਿਧੁ ਤੇਜੋ ਤਨੌ ਕਲ੍ਹ ਜੋੜਿ ਕਰ ਧ੍ਯਾਇਅਓ॥

ਭੱਲਿਆਂ ਦੀ ਕੁਲ ਵਿਚਿ ਤੇਜ ਭਾਨ ਭੱਲੇ ਦੇ ਪਰਸਿਧ ਪੁਤਰ (ਸ੍ਰੀ ਗੁਰੂ ਅਮਰਦਾਸ) ਨੂੰ ਕੱਲ ਭਟ ਹੱਥ ਜੋੜ ਕੇ ਧਿਆਉਂਦਾ ਹੈ। 'ਤੇਜੋ ਤਨੌ'—ਤੇਜ ਭਾਨ 'ਭੱਲੇ' ਦੇ ਸਪੁਤਰ (ਸ੍ਰੀ ਅਮਰਦਾਸ) ਨੂੰ। 'ਤੇਜੋ' ਪਦ ਦੇ ਜੱਜੇ ਅੱਖਰ ਨੂੰ ਹੋੜਾ 'ਦੇ' ਸਬੰਧਕੀ ਪਦ ਦਾ ਅਰਥ ਦਿੰਦਾ ਹੈ ਅਤੇ 'ਤਨੌ' ਦੇ ਨੰਨੇ ਅੱਖਰ ਨੂੰ ਲਗਿਆ ਕਨੌੜਾ 'ਨੂੰ' ਸਬੰਧਕੀ ਪਦ ਦਾ ਅਰਥ ਅਰਥਾਉਂਦਾ ਹੈ। 'ਭਲਉ'—ਭੱਲਿਆਂ ਦੀ ਕੁਲ ਦਾ ਅਰਥ ਦਿੰਦਾ ਹੈ। 'ਚੰਗੇ' ਦੇ ਅਰਥ ਵਿਚਿ 'ਭਲੋ' ਪਦ ਲੱਲੇ ਨੂੰ ਹੋੜੇ ਸਹਿਤ ਆਉਂਦਾ ਹੈ ਗੁਰਬਾਣੀ ਅੰਦਰ। ਯਥਾ :

ਭਲੋ ਭਲੋ ਰੇ ਕੀਰਤਨੀਆ॥ *(ਪੰਨਾ ੮੮੫)*

ਤਥਾ— **ਭਲੋ ਭਲੋ ਸਭੁ ਕੋ ਕਹੈ ਬੁਰੋ ਨ ਮਾਨੈ ਕੋਇ॥੯॥** *(ਪੰਨਾ ੧੩੬੪)*

ਪਦ 'ਜੋੜਿ' ਦੇ ੜਾੜੇ ਅੱਖਰ ਨੂੰ ਜੋ ਸਿਹਾਰੀ ਹੈ ਉਹ ਕਰਕੇ ਦਾ ਅਰਥ ਦਿੰਦੀ ਹੈ—ਜੋੜ ਕਰਕੇ। 'ਕਰ' ਪਦ ਦਾ ਰਾਰਾ ਅੱਖਰ ਜੋ ਮੁਕਤਾ ਹੈ ਉਹ ਇਸ ਪਦ ਨੂੰ ਬਹੁ-ਵਚਨ (plural) ਬਣਾਉਂਦਾ ਹੈ। 'ਕਰੁ' ਰਾਰੇ ਔਂਕੜ ਨਾਲਿ ਇਕ-ਵਚਨ (singular noun) ਪੁਲਿੰਗ ਹੈ। 'ਕਰੁ' ਪਦ ਰਾਰੇ ਔਂਕੜ ਨਾਲਿ 'ਹਥ' ਦੇ ਅਰਥ ਭੀ ਰਖਦਾ ਹੈ। 'ਕਰਿ' ਰਾਰੇ ਸਿਹਾਰੀ ਨਾਲਿ 'ਕਰਕੇ' ਅਤੇ 'ਕਰੋ' ਦਾ ਅਰਥ ਕਿਰਿਆਵੀ ਰਖਦਾ ਹੈ। ਏਥੇ ਰਾਰੇ ਮੁਕਤੇ ਨਾਲਿ 'ਕਰ' ਤੋਂ ਦੋਵੇਂ ਹੱਥਾਂ ਦਾ ਭਾਵ ਹੈ। ਦੁਇ ਹੱਥ ਜੋੜ ਕੇ।

ਨਾਮ ਧਿਆਵਹਿ ਦੇਵ ਤੇਤੀਸ ਅਰੁ ਸਾਧਿਕ,
ਸਿਧ ਨਰ ਨਾਮਿ ਖੰਡ ਬ੍ਰਹਮੰਡ ਧਾਰੇ॥

ਨਾਮ ਦੀ (ਉਸੇ ਨਾਮ ਦੀ) ਯਾਚਨਾ ਕਰਦੇ ਹਨ ਤੇਤੀਸ ਕ੍ਰੋੜ ਦੇਵਤੇ ਅਤੇ ਸਿਧ ਸਾਧਿਕ ਜਿਸ ਨਾਮ ਨੇ ਸਾਰੇ ਖੰਡ ਬ੍ਰਹਿਮੰਡ ਧਾਰੇ ਹਨ; ਉਤਪੰਨ ਕੀਤੇ ਹਨ, ਉਧਾਰੇ ਹਨ ਉਪਜਾਏ ਹਨ। ਇਹ ਪਰਾ ਪੂਰਬਲਾ ਸਤਿਨਾਮ (ਵਾਹਿਗੁਰੂ) ਹੀ ਹੈ ਜਿਸ ਦੀ ਇਹ ਸਾਰੀ ਰਚਨਾ ਰਚੀ ਹੋਈ ਹੈ। ਨਾਮੁ ਵਾਹਿਗੁਰੂ ਅਤੇ ਨਾਮੀ ਵਾਹਿਗੁਰੂ (ਨਾਮ ਤੇ ਨਾਮੀ ਦੋਈ) ਅਭੇਦ ਹੋਣ ਕਰਿ ਨਾਮੁ ਹੀ ਸਭ ਸ੍ਰਿਸ਼ਟੀ ਅਤੇ ਚਰਾਚਰ ਰਚਨਾ

bsrstrust.org

ਦਾ ਕਰਤਾ ਧਰਤਾ ਹੈ। ਕੇਵਲ ਪਰਾ ਪੂਰਬਲਾ ਸਤਿਨਾਮ (ਵਾਹਿਗੁਰੂ) ਹੀ ਤੱਤ ਕਲਾਧਾਰੀ ਹੈ। ਇਸ ਕਲਾਧਾਰੀ ਸਤਿਨਾਮੁ ਪਰਾ ਪੂਰਬਲੇ ਨਾਮ ਦੀ ਯਾਚਨਾ ਕੀਤੀ ਹੀ ਸਫਲ ਹੈ। ਏਸੇ ਨੂੰ ਧਿਆਇਕੈ ਹੀ ਸੱਚੀ ਕਲਿਆਣ ਪ੍ਰਾਪਤ ਹੁੰਦੀ ਹੈ। ਏਕੋ ਨਾਮੁ ਸਤਿ ਕਲਾ ਧਾਰੀ ਹੋਣ ਕਰਿ ਸਭ ਰਚਨਾ ਦਾ ਰਚਨਹਾਰਾ ਹੈ। ਏਸੇ ਨਾਮ ਦੇ ਧਾਰੇ ਹੀ ਸਾਰੇ ਜੰਤ ਹਨ, ਨਾਮ ਦੇ ਧਾਰੇ ਅਤੇ ਸਹਾਰੇ ਹੀ ਸਾਰੇ ਖੰਡ ਬ੍ਰਹਿਮੰਡ ਕਾਇਮ ਹਨ। ਨਾਮ ਦੇ ਧਾਰੇ ਹੋਏ ਸਾਰੀਆਂ ਪੁਰੀਆਂ ਤੇ ਭਵਨ ਅਸਥਿਰ ਹਨ। ਨਾਮ ਦੇ ਧਾਰੇ ਹੋਏ ਹੀ ਸਾਰੇ ਆਕਾਸ ਤੇ ਪਾਤਾਲ ਬਿਨਾਂ ਥੰਮਾਂ ਦੇ ਖੜੋਤੇ ਹਨ ਅਤੇ ਜੁਗਾਂ ਜੁਗਾਂਤਰਾਂ ਤੋਂ ਖੜੋਤੇ ਹਨ ਅਤੇ ਨਾਮ ਦੇ ਧਾਰੇ ਹੀ (ਰਚੇ ਹੋਏ ਹੀ) ਸਾਰੇ ਸਰਗੁਣੀ ਆਕਾਰ ਹਨ। ਯਥਾ ਗੁਰਵਾਕ :

ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥...
ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥...੫॥੧੬॥ *(ਪੰਨਾ ੨੮੪)*

ਏਥੇ 'ਭਵਨ' ਤੋਂ ਭਾਵ ਭੂਗੋਲੀ ਸੰਸਾਰੁ ਹੈ। ਇਹ ਬਹੁ-ਵਚਨ ਨਾਂਵ (plural noun) ਹੈ। ਵਰਤਮਾਨ ਕਾਲ (present tense) ਕਿਰਿਆ (verb) ਨਹੀਂ। ਉਹ ਨੰਨੇ ਸਿਹਾਰੀ ਨਾਲਿ ਹੁੰਦੀ ਹੈ। 'ਭਵਨਿ'—ਭਉਂਦੇ ਹਨ।

ਜਹ ਨਾਮੁ ਸਮਾਧਿਓ ਹਰਖੁ ਸੋਗੁ ਸਮ ਕਰਿ ਸਹਾਰੇ॥

ਜਿਥੇ (ਜਿਸ ਹਿਰਦੇ ਅੰਦਰਿ) ਨਾਮੁ ਸਮਾਧੀ ਵਾਲੀ ਉਨਮਨੀ ਲਿਵ ਵਿਚਿ ਸੰਮਾਲਿਆ ਗਿਆ ਹੈ ਓਥੇ (ਕੇਵਲ ਉਥੇ ਹੀ) ਸੰਸਾਰਕ ਖ਼ੁਸ਼ੀ ਤੇ ਸੋਗੁ ਇਕ ਸਾਰ ਹੀ ਸਹਾਰੇ ਗਏ ਹਨ। 'ਜਹ' ਪਦ ਤੋਂ ਭਾਵ ਏਥੇ 'ਜਿਸ ਨੇ' ਦਾ ਨਹੀਂ। ਜੇ ਇਹੋ ਭਾਵ ਹੁੰਦਾ ਤਾਂ ਇਹ ਪਦੁ 'ਜਿਹਿ' ਹੋਣਾ ਚਾਹੀਦਾ ਸੀ। 'ਸਮਾਧਿਓ' ਪਦ ਸਮਾਧ ਨਾਂਵ (noun) ਤੋਂ ਹੀ ਕਿਰਿਆ ਕਰੰਮਤ (verbalise) ਹੋਇਆ ਹੈ। ਅਰਥਾਤ ਕਿਰਿਆ ਬਣਿਆ ਹੈ।

ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵਧਾਰਿ॥

ਸਰਬ ਨਾਮਾਂ ਵਿਚੋਂ ਗੁਰਮਤਿ ਨਾਮੁ (ਵਾਹਿਗੁਰੂ) ਹੀ ਸ਼ਿਰੋਮਣੀ ਨਾਮੁ ਹੈ। ਗੁਰਮੁਖਿ ਭਗਤ ਜਨੁ ਕੇਵਲ ਗੁਰਮਤਿ ਨਾਮ ਲਿਵਧਾਰੀ ਹੀ ਹੋਏ (ਏਹੋ ਇਕੋ ਗੁਰਮਤਿ ਨਾਮੁ ਹੀ ਕਲਿਆਣ ਕਾਰੀ ਹੈ)। 'ਸਰਬਮੈ' ਪਾਠ ਦੇ ਥਾਉਂ 'ਸਰਬ ਮਹਿ' ਪਾਠ ਚਾਹੀਦਾ ਹੈ। ਏਥੇ ਛਾਪੇ ਜਾਂ ਲਿਖਾਰੀ ਦੀ ਗ਼ਲਤੀ ਨਾਲਿ 'ਸਰਬਮੈ' ਅੰਕਤ ਕੀਤਾ ਹੋਇਆ ਹੈ। 'ਮਹਿ' ਦੇ ਅਰਥਾਂ ਵਿਚਿ 'ਮੈ' ਗੁਰਬਾਣੀ ਵਿਚਿ ਵਿਰਲਾ ਵਾਂਝਾ ਹੀ ਆਇਆ ਹੈ। ਜਿਸ ਪਾਸੇ ਲਿਖਾਰੀ ਦੀ ਮਨ ਰੁਚੀ ਝੁਕੀ ਹੋਈ ਹੁੰਦੀ ਹੈ, ਉਸੇ ਪਾਸੇ ਹੀ ਲਿਖੀ ਜਾਂਦਾ ਹੈ ਅਤੇ ਛਾਪੇ ਵਾਲੇ ਭੀ ਉਸੇ ਦੀ ਨਕਲ ਹੀ ਕਰੀ ਜਾਂਦੇ ਹਨ। ਗੁਰਬਾਣੀ ਦੇ ਸਰਬ ਵਰਤਮਾਨ ਨਿਯਮਾਂ ਦਾ ਖ਼ਿਆਲ ਨਹੀਂ ਰਖਦੇ। 'ਨਾਮੁ ਸਿਰੋਮਣਿ ਸਰਬ ਮਹਿ' ਵਾਲਾ ਭਾਵ ਹੀ "ਬੇਦਾਂ ਮਹਿ ਨਾਮੁ ਉਤਮੁ" ਪੰਗਤੀ ਦਾ ਹੈ—ਸਾਰੇ ਬੇਦਾਂ ਵਿਚੋਂ

bsrstrust.org

ਨਾਮ ਰੂਪੀ ਬੇਦ ਹੀ ਸਭ ਤੋਂ ਸ਼ਿਰੋਮਣੀ ਹੈ ਜੈਸਾ ਕਿ ਅਗੇ ਭੀ ਨਿਰੂਪਣ ਹੋ ਜਾਂਦਾ ਹੈ। ਇਹ ਤੁਕ ਭੀ ਉਸਦੀ ਪ੍ਰੋੜ੍ਹਤਾ ਕਰਦੀ ਹੈ। ਇਹ ਗੁਰਵਾਕ ਸਪਸ਼ਟ ਸਿੱਧ ਕਰਦਾ ਹੈ ਕਿ ਭਗਤ ਜਨਾਂ ਦੇ ਲਿਵ ਧਾਰਨ ਜੋਗ ਕਲਿਆਣ ਕਾਰਕ ਨਾਮੁ ਇਕੋ ਗੁਰਮਤਿ ਨਾਮੁ ਹੈ। ਜੇਹੜੇ ਉਘੇ ਗਿਆਨਵੰਤ ਸੰਤ ਇਉਂ ਆਖਦੇ ਹਨ ਚਾਹੇ ਕੋਈ ਨਾਮੁ ਜਪੋ ਉਹੀ ਕਲਿਆਣ ਕਾਰੀ ਹੈ। ਓਹ ਸਭ ਤੱਤ ਗੁਰਮਤਿ ਤੋਂ ਘੁਥੇ ਹੋਏ ਗ਼ਲਤ ਬਿਆਨੀ ਕਰਦੇ ਹਨ।

ਸੋਈ ਨਾਮੁ ਪਦਾਰਥੁ ਅਮਰ ਗੁਰ ਤੁਸਿ ਦੀਓ ਕਰਤਾਰਿ॥

ਸੋਈ ਗੁਰਮਤਿ ਨਾਮੁ (ਵਾਹਿਗੁਰੂ) ਰੂਪੀ ਪਦਾਰਥ ਕਰਤਾਰ ਨੇ ਆਪਿ ਤੁੱਠ ਕੇ ਸ੍ਰੀ ਗੁਰੂ ਅਮਰਦਾਸ ਨੂੰ ਦਿਤਾ ਹੈ। 'ਅਮਰ ਗੁਰ' ਪਦ ਵਿਖੇ 'ਗੁਰ' ਦਾ ਰਾਰਾ ਅੱਖਰ ਮੁਕਤਾ ਹੋਣਾ ਸਿਧ ਕਰਦਾ ਹੈ ਕਿ ਇਸ ਪਦ ਦੇ ਅਗੇ 'ਨੂੰ' ਸਬੰਧਕੀ ਪਦ (preposition) ਅਤਿ ਲਾਜ਼ਮੀ ਮਫ਼ਹੂਮ ਹੈ। 'ਤੁਸਿ'—ਤੁੱਠ ਕੇ। ਸੱਸੇ ਦੀ ਸਿਹਾਰੀ 'ਕਰਕੇ' ਦਾ ਅਰਥ ਰਖਦੀ ਹੈ। 'ਕਰਤਾਰਿ'—ਕਰਤਾਰ ਨੇ। ਇਸ ਪਦ ਦੇ ਦੂਜੀ ਰਾਰੇ ਅੱਖਰ ਦੀ ਸਿਹਾਰੀ 'ਨੇ' ਸਬੰਧਕੀ ਪਦ (preposition) ਦੀ ਸੰਬੋਧਕ ਹੈ। ਇਸ ਗੁਰਵਾਕ ਪੰਗਤੀ ਨੇ ਇਹ ਅਸੂਲ ਸਪਸ਼ਟ ਨਿਰੂਪਨ ਕਰਿ ਦਿਤਾ ਕਿ ਗੁਰੂ ਸਾਹਿਬਾਨ (ਗੁਰੂ ਨਾਨਕ ਸਾਹਿਬ ਦੇ ਦਸੋਂ ਜਾਮਿਆਂ) ਨੂੰ ਜੋ ਨਾਮੁ ਮਿਲਿਆ ਸੋ ਧੁਰਿ ਦਰਗਾਹੋਂ ਅਕਾਲ ਪੁਰਖ ਦੇ ਦਰਬਾਰੋਂ ਨਾਜ਼ਲ ਹੋ ਕੇ ਮਿਲਿਆ ਅਤੇ ਉਹ ਨਾਮੁ ਇਕੋ ਗੁਰਮਤਿ ਨਾਮੁ ਵਾਹਿਗੁਰੂ ਹੀ ਹੈ। ਹੋਰ ਕੋਈ ਨਹੀਂ। ਬਾਰੰਬਾਰ 'ਸੋਈ' ਦਾ ਆਉਣਾ ਅਤੇ 'ਸੋਈ ਨਾਮੁ' ਦਾ ਅੰਕਤਾਏ ਜਾਣਾ ਇਹ ਗੁਰਮਤਿ ਅਸੂਲ ਦ੍ਰਿੜ੍ਹਾਉਂਦਾ ਹੈ ਕਿ ਗੁਰਮਤਿ ਦਾ ਇਕੋ ਨਾਮ ਵਾਹਿਗੁਰੂ ਹੀ ਕਲਿਆਣ ਕਾਰੀ ਹੈ। ਅਤੇ ਇਹ ਨਾਮ ਕਰਤਾਰ ਵਾਹਿਗੁਰੂ ਨੇ ਤੁੱਠ ਕੇ ਗੁਰੂ ਨਾਨਕ-ਅਮਰਦਾਸ ਨੂੰ ਦੇ ਦਿੱਤਾ। ਨਦਰ ਮੇਹਰ ਖ਼ਾਸ ਦਰਬਾਰ ਇਲਾਹੀ ਦਾ ਇਹ ਖ਼ਾਸ ਤਮਗ਼ਾ ਹੀ ਹੈ।

ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ,
ਸਘਨ ਗਰੂ ਅਸਤਿ ਨਿਰਵੈਰਿ ਲੀਣਾ॥

ਗੁਰਮਤਿ ਸਤਿਤਾ ਸੰਪੰਨ ਸੱਚਾ ਸੂਰਮਾ ("ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ") ਸਹਿਨ ਸੀਲਤਾ ਦੇ ਗੁਰਮਤਿ ਗੁਣਾਂ ਵਿਚਿ ਮਹਾਂ ਬਲਵਾਨ (ਕਿਸੇ ਨੇ ਐਸਾ ਹੋਣਾ ਹੈ ਦਾਤੂ ਦੀ ਪਰਹਾਰੀ ਤੱਤ ਸਹਿ ਕੇ ਭੀ ਭਲਾ ਮਨਾਵਨ ਵਾਲਾ) ਗੁਰਮਤਿ.ਤੱਤ ਸੱਤ ਦੀ ਸਰਧਾ ਭਾਵਨੀ ਵਾਲਾ ਸੰਘਣੀ (ਅਤਿਅੰਤ ਬਾਹਲੀ) ਸੰਗਤ ਦਾ ਪੂਜਯ ਗੁਰੂ ਅਪ੍ਰੰਪਰੀ ਸਰਬੱਗਤਾ ਵਾਲੀ ਪਤਿ ਦਾ ਪ੍ਰੇਮ ਅਕਲੀਸਰ ਗੁਰੂ, ਸਦਾ ਨਿਰਵੈਰ ਅਕਾਲ ਪੁਰਖ ਵਿਚਿ ਲੀਨ (ਐਸਾ ਅਮਿੱਤ ਗੁਣਾਂ ਵਾਲਾ ਹੈ ਗੁਰੂ ਅਮਰਦਾਸ)। 'ਨਿਰਵੈਰਿ'—ਨਿਰਵੈਰ ਅਕਾਲ ਪੁਰਖ ਵਿਚਿ ਲੀਨ (ਐਸਾ ਅਮਿੱਤ ਗੁਣਾਂ ਵਾਲਾ ਹੈ ਗੁਰੂ ਅਮਰਦਾਸ)। 'ਨਿਰਵੈਰਿ'—ਨਿਰਵੈਰ ਅਕਾਲ ਪੁਰਖ ਵਿਖੇ। ਪਿਛਲੇ ਰਾਰੇ ਅੱਖਰ ਦੀ ਸਿਹਾਰੀ 'ਵਿਖੇ' ਦਾ ਅਰਥ ਦਿੰਦੀ ਹੈ।

ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ॥

bsrstrust.org

ਜਿਸ ਦਾ ਧੁਰਿ ਨਦਰਾਵੀ ਧੀਰਜੁ ਰੂਪ ਪਾਕ ਚਿੱਟਾ ਨਿਸ਼ਾਨ (ਸਾਹਿਬ) ਝੰਡਾ, ਬੈਕੁੰਠ ਦੇ ਪੁਲ ਵਿਚਕਾਰ (ਜੋਤਿ ਚਾਨਣ ਮੁਨਾਰਾ ਹੋ ਕੇ) ਝੁਲਦਾ (ਲਹਿਰਾਉਂਦਾ) ਹੈ। 'ਬੈਕੁੰਠ' ਦਾ ਠੱਠਾ ਅੱਖਰ ਮੁਕਤਾ 'ਦੇ' ਸਬੰਧਕੀ ਪਦ ਇਸ ਦੇ ਅਗੇ ਲੱਗਣ ਦੀ ਅਗਵਾਈ ਕਰਦਾ ਹੈ। 'ਜਿਸੁ'—ਜਿਸ ਦਾ। 'ਬੀਣਾ'—ਬੀੜਿਆ ਹੋਇਆ, ਬਣਿਆ ਹੋਇਆ, ਜੜਿਆ ਹੋਇਆ ਹੈ। 'ਧਵਲੁ'—ਚਿੱਟਾ।

ਪਰਸਹਿ ਸੰਤ ਪਿਆਰੁ ਜਿਹ ਕਰਤਾਰਹ ਸੰਜੋਗੁ ॥

ਸੰਤ ਗੁਰੂ ਅਮਰਦਾਸ ਦਾ (ਪਾਰਸ ਰਸਾਇਣੀ) ਪਿਆਰੁ ਸੋਈ ਜਨ ਪਰਸਦੇ ਹਨ ਜਿਨ੍ਹਾਂ ਦਾ ਕਰਤਾਰ ਦੇ ਨਾਲਿ ਧੁਰੋਂ ਸੰਜੋਗੁ ਲਿਖਿਆ ਹੁੰਦਾ ਹੈ। ਕਿਉਂਕਿ ਓਹੀ ਗੁਰੂ ਪਿਆਰ ਨੂੰ ਪਰਸ ਕੇ ਖ਼ੁਦ ਪਾਰਸ ਰੂਪ ਹੋ ਜਾਂਦੇ ਹਨ ਅਤੇ ਕਰਤਾਰਿ ਨਾਲਿ ਜਾ ਜੁੜਦੇ ਹਨ। ਇਹ ਸੰਜੋਗ ਧੁਰੋਂ ਲਿਖਿਆ ਹੁੰਦਾ ਹੈ। 'ਪਰਸਹਿ'—ਪਰਸਦੇ ਹਨ। ਬਹੁ-ਵਚਨ (ਅੰਨਯ ਪੁਰਖ) ਦੀ ਵਰਤਮਾਨ ਕਾਲ (present tense) ਕਿਰਿਆ। 'ਸੰਤ ਪਿਆਰੁ'—ਗੁਰੂ ਸੰਤ ਦਾ ਪਿਆਰ। ਇਸ ਕਰਕੇ 'ਸੰਤ' ਪਦ ਦਾ ਤੱਤਾ ਅੱਖਰ ਮੁਕਤਾ ਹੈ। 'ਜਿਹ'—ਜਿਸ ਦਾ। 'ਕਰਤਾਰਹ ਸੰਜੋਗੁ'—ਕਰਤਾਰ ਨਾਲ ਸੰਜੋਗੁ (ਹੋਇਆ ਹੈ)। 'ਕਰਤਾਰਹ' ਪਦ ਦਾ ਹਾਹਾ ਅੱਖਰ 'ਨਾਲਿ' ਦਾ ਅਰਥ ਬੋਧਦਾ ਹੈ।

ਸਤਿਗੁਰੂ ਸੇਵਿ ਸੁਖੁ ਪਾਇਓ ਅਮਰਿ ਗੁਰਿ ਕੀਤਉ ਜੋਗੁ ॥੭॥

(ਤਿਨ੍ਹਾਂ ਗੁਰਮੁਖਿ ਜਨਾਂ ਨੇ) ਸਤਿਗੁਰੂ ਸੇਵ ਕੇ ਸੱਚਾ ਪਰਮਾਤਮ ਸੁਖੁ ਪਾਇਆ ਹੈ। ਗੁਰੂ ਅਮਰਦਾਸ ਸਾਹਿਬ ਨੇ ਐਸਾ ਰਾਜੁ ਜੋਗ ਕਮਾਇਆ ਹੈ ਕਿ ਜਿਸ ਦੇ ਪਰਸਨ ਸਾਰ ਹੀ ਪਰਸਨ ਹਾਰਿਆਂ ਅੰਦਰਿ ਪਾਰਸ ਰਸਾਇਣੀ ਕਲਾ ਵਰਤ ਜਾਂਦੀ ਹੈ, ਓਹ ਸੱਚੇ ਸੁਖ ਨੂੰ ਜਾਇ ਪ੍ਰਾਪਤ ਹੁੰਦੇ ਹਨ। 'ਜੋਗੁ'—ਰਾਜ ਜੋਗ, ਇਹ ਪਦ ਨਾਂਵ (noun) ਹੈ, ਵਿਸ਼ੇਸ਼ਣ (adjective) ਨਹੀਂ।

ਨਾਮੁ ਨਾਵਣੁ ਨਾਮੁ ਰਸ ਖਾਣੁ ਅਰੁ ਭੋਜਨੁ ਨਾਮ ਰਸੁ,
ਸਦਾ ਚਾਯ ਮੁਖਿ ਮਿਸ੍ਰ ਬਾਣੀ ॥

(ਤਿਨ੍ਹਾਂ ਸਤਿਗੁਰ ਪਰਸਨ ਹਾਰਿਆਂ ਦਾ) ਨਾਮੁ ਹੀ ਇਸ਼ਨਾਨ ਹੁੰਦਾ ਹੈ। ਨਾਮੁ ਹੀ ਰਸ ਖਾਣੁ ਹੈ ਅਤੇ ਨਾਮ ਰਸੁ ਰੂਪੀ ਭੁੰਚਣ ਮਈ ਚਾਉ ਸਦਾ ਤਿਨ੍ਹਾਂ ਨੂੰ ਚੜ੍ਹਿਆ ਰਹਿੰਦਾ ਹੈ। (ਏਸੇ ਕਰਕੇ) ਤਿਨ੍ਹਾਂ ਦੇ ਮੁਖ ਅੰਦਰਿ ਮਿਠੀ ਗੁਰਬਾਣੀ ਦਾ ਰਟਨ ਹੀ ਰਹਿੰਦਾ ਹੈ।

ਧਨਿ ਸਤਿਗੁਰੁ ਸੇਵਿਓ ਜਿਸੁ ਪਸਾਇ ਗਤਿ ਅਗਮ ਜਾਣੀ ॥

ਧੰਨ ਹਨ, ਓਹ ਸੇਵਕ ਜਨ ਜਿਨ੍ਹਾਂ ਨੇ ਸਤਿਗੁਰੂ (ਗੁਰ ਅਮਰਦਾਸ) ਸੇਵਿਆ ਹੈ ਜਿਸ ਸਤਿਗੁਰ ਪ੍ਰਸਾਦ ਕਰਿ ਓਹਨਾਂ ਨੇ ਅਗਮ ਅਗੋਚਰ ਵਾਹਿਗੁਰੂ ਦੀ ਗਤੀ ਨੂੰ ਜਾਣਿਆ ਹੈ। ਧੰਨਤਾ ਦਾ ਇਸ਼ਾਰਾ ਬਲਿਹਾਰਾ ਸਤਿਗੁਰੂ ਸੇਵਨ ਹਾਰਿਆਂ ਸੇਵਕਾਂ ਵਲ ਹੈ, ਸਤਿਗੁਰੂ ਵਲ ਨਹੀਂ। ਪਸਾਇ—ਪ੍ਰਸਾਦਿ, ਕ੍ਰਿਪਾ।

ਕੁਲ ਸੰਬੂਹ ਸਮੁਧਰੇ ਪਾਯਉ ਨਾਮ ਨਿਵਾਸੁ ॥

bsrstrust.org

ਤਿਨ੍ਹਾਂ ਦੇ ਸਾਰੇ ਕੁਲ ਸਮੁਚੇ ਹੀ ਸੋਹਣੀ ਉਧਰਨੀ ਉਧਰੇ ਜਿਨ੍ਹਾਂ ਨੇ ਨਾਮ ਦਾ ਨਿਵਾਸੁ ਪਾਇਆ ਹੈ (ਆਪਣੇ ਹਿਰਦੇ ਅੰਦਰਿ)।

ਸਕਯਥੁ ਜਨਮੁ ਕਲ੍ਯੂਚਰੈ ਗੁਰੁ ਪਰਸ੍ਯਿਉ ਅਮਰ ਪ੍ਰਗਾਸੁ ॥

ਤਿਨ੍ਹਾਂ ਦਾ ਹੀ ਜਨਮ ਸਕਾਰਥਾ ਹੈ ਜਿਨ੍ਹਾਂ ਨੇ ਮੁਜੱਸਮ ਪ੍ਰਕਾਸ਼ ਰੂਪ ਸ੍ਰੀ ਗੁਰੂ ਅਮਰਦਾਸ ਜੀ ਨੂੰ ਪਰਸਿਆ ਹੈ।

ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ ॥ *(ਪੰਨਾ ੧੦੯੪)*

(ਗੁਰੂ ਅਮਰਦਾਸ ਜੀ ਦੇ) ਦਹਿਣੇ (ਸੱਜੇ) ਹੱਥ ਵਿਚ ਕਮਲ ਹੈ (ਕਮਲ ਦਾ ਨਿਸ਼ਾਨ ਹੈ), ਸਿੱਧੀ ਸਾਹਮਣੇ ਹੀ ਮੁਖ ਤਕਦੀ ਹੈ (ਕਿ ਗੁਰੂ ਅਮਰਦਾਸ ਜੀ ਦੇ ਕਿਸ ਪਲ ਮੁਖ ਕੰਵਲ ਚੋਂ ਹੁਕਮ ਨਿਕਲੇ ਤੇ ਮੈਂ ਹਾਜ਼ਰ ਕਰਾਮਾਤ ਦਿਖਾਵਾਂ)। 'ਕਰਿ'—ਹੱਥ ਵਿਚਿ। 'ਦਾਹਿਣੈ' ਪਦ ਦੇ ਣਾਣੇ ਅੱਖਰ ਦੀ ਦੂਜੀ ਲਾਂਵ 'ਕਰਿ' ਪਦ ਦੇ ਰਾਰੇ ਅੱਖਰ ਦੀ ਸਿਹਾਰੀ ਨਾਲਿ ਸਬੰਧ ਰਖਦੀ ਹੈ। 'ਸਿਧਿ'—ਸਿਧੀ, ਇਸਤ੍ਰੀ-ਲਿੰਗ ਨਾਂਵ ਹੈ। 'ਜੋਵੈ'—ਜੋਹੰਦੀ ਹੈ, ਤਕਦੀ ਹੈ। ਇਕ-ਵਚਨ ਕਿਰਿਆ ਹੈ ਵਰਤਮਾਨ ਕਿਰਿਆ ਇਕ-ਵਚਨ ਨਾਂਵ 'ਸਿਧਿ' ਦਾ। ਏਥੇ ਭਾਵ ਬਹੁਤੀਆਂ ਸਿਧੀਆਂ ਨਹੀਂ। ਬਹੁ-ਵਚਨ ਨਾਂਵ ਨਹੀਂ, ਜੇ ਬਹੁ-ਵਚਨ ਹੁੰਦਾ ਤਾਂ ਕਿਰਿਆ ਭੀ ਬਹੁ-ਵਚਨ ਅਰਥ ਰਖਦੀ ਅਤੇ 'ਜੋਵੈ' ਦੇ ਥਾਉਂ 'ਜੋਵਹਿ' ਪਦ ਹੁੰਦਾ।

ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ ॥

ਰਿਧਿ ਤਾਂ ਗੁਰੂ ਅਮਰਦਾਸ ਦੇ ਖੱਬੇ ਅੰਗਿ ਬਸਦੀ ਹੈ (ਖੱਬੇ ਹੱਥ ਦੀ ਖੇਡ ਹੈ)। ਉਹ ਰਿਧੀ ਜੋ ਤਿੰਨਾਂ ਲੋਕਾਂ ਨੂੰ ਮੋਹ ਰਹੀ ਹੈ, ਜਿਸ ਦੇ ਪਿਛੇ ਲੋਕੀ ਗ਼ਲਤਾਨ ਹੋ ਕੇ ਧਾਈ ਫਿਰਦੀ ਹੈ। ਉਹ ਰਿਧੀ ਗੁਰੂ ਅਮਰਦਾਸ ਦੇ ਖੱਬੇ ਹੱਥ ਦੀ ਖੇਡ ਹੈ, ਪਿਛੇ ਲੱਗੀ ਫਿਰਦੀ ਹੈ। ਪਰ ਗੁਰੂ ਸਾਹਿਬ ਤਿਸ ਨੂੰ ਵਰਤਦੇ ਨਹੀਂ, ਕਿਉਂਕਿ "ਰਿਧਿ ਸਿਧਿ ਸਭੁ ਮੋਹੁ ਹੈ"। ਏਥੇ ਸਾਫ਼ 'ਬਸੈ' ਪਦ ਇਕ-ਵਚਨ ਵਰਤਮਾਨ ਕਾਲ ਕਿਰਿਆ ਹੈ। ਸੱਸੇ ਨੂੰ ਦੁਲਾਈਆਂ ਇਸ ਗੱਲ ਦੀਆਂ ਸੂਚਕ ਹਨ। ਜੇ ਬਹੁ-ਵਚਨਕ ਕਿਰਿਆ ਹੁੰਦੀ ਤਾਂ 'ਬਸੈ' ਦੇ ਥਾਉਂ 'ਬਸਹਿ' ਪਦ ਕਿਰਿਆ ਹੁੰਦਾ। 'ਬਾਂਵਾਂਗਿ'—ਬਾਵੇਂ, ਬਾਏਂ (ਖੱਬੇ) ਅੰਗ (ਹੱਥ) ਵਿਖੇ। ਗੱਗੇ ਦੀ ਸਿਹਾਰੀ 'ਵਿਖੇ' ਦਾ ਅਰਥ ਸਪਸ਼ਟ ਦਿੰਦੀ ਹੈ। 'ਤੀਨਿ ਲੋਕਾਂਤਰ'—ਤਿੰਨਾਂ ਲੋਕਾਂ ਨੂੰ। ਇਸ ਪਦ ਦਾ ਪਿਛਲਾ ਅੱਖਰ ਰਾਰਾ ਮੁਕਤਾ ਹੈ ਇਸ ਦੇ ਅਗੇ 'ਨੂੰ' ਸਬੰਧਕ ਪਦ (preposition) ਗੁਪਤ ਅਰਥ ਦਿੰਦਾ ਹੈ। ਇਹ ਐਸਾ ਹੀ ਪਦ ਹੈ ਜੈਸਾ 'ਦੇਸਾਂਤਰ' ਪਦ। 'ਮੋਹੈ' ਪਦ ਹਾਹੇ ਦੁਲਾਈਆਂ ਨਾਲਿ ਭੀ ਦਸਦਾ ਹੈ ਕਿ ਇਹ ਇਕ-ਵਚਨ ਕਿਰਿਆ ਇਕ-ਵਚਨ ਪਦ 'ਰਿਧਿ' ਦੀ ਹੈ।

ਰਿਦੈ ਬਸੈ ਅਕਹੀਉ ਸੋਇ ਰਸੁ ਤਿਨ ਹੀ ਜਾਤਉ ॥
ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ ॥

ਸੋ ਅਕਹਿ, ਅਕਥ (ਅਕਹੀਉ) ਵਾਹਿਗੁਰੂ ਸ੍ਰੀ ਗੁਰੂ ਅਮਰਦਾਸ ਦੇ ਸਦਾ ਹਿਰਦੇ ਅੰਦਰਿ ਵਸਦਾ ਰਸਦਾ ਹੈ। ਸੋ ਰਸੁ ਤਿਸ ਨੇ ਜਾਣਿਆ ਹੈ। ਭਾਵ ਗੁਰੂ ਅਮਰਦਾਸ

bsrstrust.org

ਜੀ ਨੇ ਉਹ ਰਸੁ ਜਾਣਿਆ ਹੈ, ਜਿਸ ਦੇ ਹਿਰਦੇ ਅੰਦਰਿ ਅਕਥ ਅਕਹਿ ਵਾਹਿਗੁਰੂ ਸਦਾ ਹੀ ਵਸਦਾ ਹੈ। ਇਸੀ ਸਦ ਰਵਤ ਰਸ ਦੇ ਕਾਰਨ ਗੁਰੂ ਅਮਰਦਾਸ ਪਰਮਾਤਮ ਰੰਗਾਂ ਵਿਚਿ ਰੱਤਿਆ ਹੀ ਰਹਿੰਦਾ ਹੈ ਅਤੇ ਖਿਨ ਖਿਨ ਮੁਖ ਤੋਂ ਵਾਹਿਗੁਰੂ ਭਜਨ ਰੂਪੀ ਭਗਤੀ ਹੀ ਉਚਰਦਾ ਰਹਿੰਦਾ ਹੈ। ਆਤਮ ਰਸ ਰੰਗਾਂ ਵਿਚਿ ਭਜਨ ਭਗਤੀ ਦੇ ਉਚਾਰਨ ਦਾ ਸਗੋਂ ਹੋਰ ਭੀ ਰਸ ਬਝਦਾ ਹੈ। ਭਗਤੀ ਭਾਉ ਤੇ ਭਜਨ ਦੇ ਉਚਾਰਨ ਕਦੇ ਨਹੀਂ ਮੁਕਤੇ। ਸਦਾ ਹੀ ਬਣੇ ਤਣੇ ਰਹਿੰਦੇ ਹਨ। ਖਿਨ ਖਿਨ ਹੋਰੋਂ ਹੋਰ ਵਧੇਰੇ ਆਤਮ ਰੰਗਾਂ ਵਿਚਿ ਹੁੰਦੇ ਹਨ, ਜਿਸ ਦਾ ਥਾਹ ਹੀ ਕੁਛ ਨਹੀਂ, ਮੂੰਹ ਮੀਟ ਮਟੁੰਨ ਦੇਹ ਧਾਰੀ ਗੁਰੂ ਐਵੇਂ ਆਪਣੇ ਮੂੰਹ ਮੀਟ ਲੱਖਣੀ ਅਹਿਮਕ ਪੁਣੇ ਵਿਚਿ ਹੀ ਅੜੇ ਰਹਿੰਦੇ ਹਨ। ਭਜਨ ਭਗਤਿ ਉਚਾਰਨ ਵਿਚਿ ਸਗੋਂ ਸਤਿਗੁਰੂ ਦੀ ਸਰਬੱਗਤਾ ਹੈ। ਜਿਸ ਦੇ ਮੁਖ ਅਤੇ ਹਿਰਦੇ ਅੰਦਰਿ ਨਾਮ ਨਹੀਂ ਉਸ ਨੂੰ ਸਮਝੋ ਕਿ ਉਹ ਗੁਰੂ ਪਦ ਦੀ ਗੁਰਤਤਾ ਤੋਂ ਖ਼ਾਲੀ ਹੈ। ਮਿੱਟੀ ਦਾ ਮਟੁੰਨ ਭੇਖੀ ਗੁਰੂ ਹੈ। ਸੱਚਾ ਸਤਿਗੁਰੂ ਨਹੀਂ। ਏਸ ਕਰਕੇ ਗੁਰਬਾਣੀ ਅੰਦਰਿ ਸਤਿਗੁਰੂ ਦੀ ਪਹਿਚਾਣ ਦੇ ਲੱਖਣਾਂ ਵਿਚੋਂ ਇਕ ਲੱਖਣ ਇਹ ਭੀ ਹੈ—"ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥" ਰਿਦੈ ਨਾਮ ਵਿਗਾਸ ਬਿਗਸਰਤ ਰਹਿਣ ਕਰਿ ਹੀ ਰੰਗ ਰੱਤੀ ਆਤਮ ਅਵਸਥਾ ਸਦਾ ਵਾਪਰੀ ਰਹਿੰਦੀ ਹੈ।

ਪਰਸਿਅਉ ਗੁਰੂ ਸਤਿਗੁਰ ਤਿਲਕੁ ਸਰਬ ਇਛ ਤਿਨਿ ਪਾਇਅਉ ॥੯॥

ਜਿਸ ਜਨ ਨੇ ਸਤਿਗੁਰੂ ਨੂੰ ਤਿਲ ਮਾਤਰ ਭੀ ਪਰਸਿਆ ਹੈ, ਉਸ ਨੇ ਸਾਰੀਆਂ ਇੱਛਾਂ ਪਾ ਲਈਆਂ ਹਨ। 'ਤਿਲਕੁ' ਪਦ ਏਥੇ ਨਾਂਵ ਨਹੀਂ, ਬਲਕਿ ਕਿਰਿਆ ਵਿਸ਼ੇਸ਼ਣ (adverb) ਹੈ, ਤਿਲ ਮਾਤਰ ਦਾ ਅਰਥ ਦਿੰਦਾ ਹੈ। 'ਇਛ' ਬਹੁ-ਵਚਨ ਨਾਂਵ ਹੈ।

ਤਿਨਰ ਦੁਖ ਨਹ ਭੁਖ ਤਿਨਰ ਨਿਧਨ ਨਹੁ ਕਹੀਅਹਿ ॥

—ਤਿਨ੍ਹਾਂ ਨਰਾਂ ਨੂੰ ਨਾ ਦੁਖ ਵਿਆਪਦੇ ਹਨ, ਨਾ ਭੁੱਖ ਸਤਾਉਂਦੀ ਹੈ। ਸੇ ਨਰ ਨਿਰਧਨ (ਕੰਗਾਲ) ਨਹੀਂ ਕਹਾਉਂਦੇ (ਰਹਿੰਦੇ ਹੀ ਨਹੀਂ)। ਪਦ 'ਤਿਨਰ' (ਪਹਿਲੇ) ਦਾ ਰਾਰਾ ਮੁਕਤਾ ਇਸ ਕਰਕੇ ਹੈ ਕਿ ਇਸ ਪਦ ਦੇ ਅੱਗੇ 'ਨੂੰ' ਸਬੰਧਕ ਪਦ (preposition) ਅਰਥ ਬੋਧਕ ਹੈ। ਦੂਜੇ ਪਦ 'ਤਿਨਰ' ਦਾ ਰਾਰਾ ਅੱਖਰ ਮੁਕਤਾ ਤਾਂ ਹੈ ਕਿ ਇਹ ਪਦ ਬਹੁ-ਵਚਨਕ ਨਾਂਵ ਕਰਤਾ (Subject noun) ਰੂਪ ਵਿਚਿ ਹੈ। 'ਦੁਖ' ਪਦ ਬਹੁ-ਵਚਨਕ ਹੋਣ ਕਰਿ ਇਸ ਦਾ ਖੱਖਾ ਅੱਖਰ ਮੁਕਤਾ ਹੈ। 'ਭੁਖ' ਪਦ ਦਾ ਖੱਖਾ ਅੱਖਰ ਤਾਂ ਮੁਕਤਾ ਹੈ ਕਿ ਇਸਤ੍ਰੀ-ਲਿੰਗ (faminine gender) ਨਾਂਵ (noun) ਹੈ। 'ਤਿਨਰ' ਪਦ ਨਾਂਵ ਬਹੁ-ਵਚਨਕ ਹੋਣ ਕਰਿ ਇਸ ਦਾ ਵਿਸ਼ੇਸ਼ਣ 'ਨਿਧਨ' ਭੀ ਬਹੁ-ਵਚਨ (plural) ਹੈ। ਇਸੇ ਕਰਕੇ ਇਸ ਦਾ ਅਖ਼ੀਰਲਾ ਨੰਨਾ ਅੱਖਰ ਮੁਕਤਾ ਹੈ। 'ਨਹੁ'—'ਨਹਿ' ਦੇ ਅਰਥਾਂ ਵਿਚਿ ਪਹਿਲੀ ਵਾਰ ਹਾਹੇ ਔਂਕੜ ਨਾਲਿ ਵੇਖਿਆ ਹੈ। ਅਗੇ ਹੁਣ ਤਾਈਂ ਗੁਰਬਾਣੀ ਵਿਚਿ ਐਸਾ ਨਹੀਂ ਆਇਆ। ਭਾਵ ਤਾਂ ਓਹੀ 'ਨਹੁ'—'ਨਹਿਂ' ਵਾਲਾ ਹੈ। ਪਰ ਪਤਾ ਨਹੀਂ ਇਸ ਸ਼ਕਲ ਵਿਚਿ ਕਿਉਂ ਆਇਆ ਹੈ। 'ਕਹੀਅਹਿ'—ਕਹੀਦੇ ਹਨ। ਬਹੁ-ਵਚਨਕ ਕਿਰਿਆ ਹੈ। ਇਸ ਦਾ ਕਰਤਾ ਜੋ ਬਹੁ-ਵਚਨ ਹੋਇਆ।

bsrstrust.org

ਤਿਨਰ ਸੋਕੁ ਨਹੁ ਹੂਐ ਤਿਨਰ ਸੇ ਅੰਤੁ ਨ ਲਹੀਅਹਿ ॥

ਤਿਨ੍ਹਾਂ ਨਰਾਂ ਨੂੰ ਸੋਗੁ ਕਦੇ ਨਹੀਂ ਹੁੰਦਾ, ਸੇ ਨਰ ਐਸੇ ਹਨ ਜਿਨ੍ਹਾਂ ਦਾ ਅੰਤ ਨਹੀਂ ਲਿਆ ਜਾ ਸਕਦਾ। 'ਸੋਕੁ'—ਸੋਗੁ, ਇਕ-ਵਚਨ (singular) 'ਨਹੁ ਹੂਐ'—ਨਹੀਂ ਹੁੰਦਾ ਹੈ (ਨਹੀਂ ਹੁਇ ਹੈ, ਨਹਿ ਹੋਵਤਾ ਹੈ)। 'ਤਿਨਰ ਸੇ'—ਸੇ ਐਸੈ ਨਰ ਹੈਂ। ਜਿਨ੍ਹਾਂ ਦਾ 'ਅੰਤੁ' ਨਹੀਂ ਲਿਆ ਜਾਂਦਾ ਇਕ-ਵਚਨ ਹੈ ਅੰਤੁ। 'ਨ ਲਹੀਅਹਿ'—ਨਹੀਂ ਲਿਆ ਜਾ ਸਕਦਾ, ਨਹੀਂ ਲਈਦਾ ਕਿਸੇ ਤੋਂ।

ਤਿਨਰ ਸੇਵ ਨਹੁ ਕਰਹਿ ਤਿਨਰ ਸਯ ਸਹਸ ਸਮਪਹਿ ॥

ਤੇ ਨਰ ਕਿਸੇ ਦੀ ਗ਼ੁਲਾਮੀ (ਵਿਡਾਣੀ ਚਾਕਰੀ) ਨਹੀਂ ਕਰਦੇ (ਬਲਕਿ) ਤੇ ਨਰ ਸੈਂਕੜੇ ਹਜ਼ਾਰਾਂ ਨੂੰ (ਖਾਣ ਪੀਣ ਲਈ) ਸਮਰਪਣ ਕਰਦੇ ਹਨ 'ਖਰਚਾ', ਭਾਵ ਸੈਂਕੜੇ ਹਜ਼ਾਰਾਂ ਦੇ ਦਾਤੇ ਹਨ।

...ਤਿਨਕੀ ਬਰਕਤੀ ਸਭੁ ਜਗਤੁ ਖਾਇ ਜੋ ਰਤੇ ਹਰਿ ਨਾਇ ॥ *(ਪੰਨਾ ੬੪੭)*

ਪਹਿਲਾ 'ਤਿਨਰ' ਪਦ ਕਰਤਾ ਹੋਣ ਦੀ ਹੈਸੀਅਤ ਵਿਚਿ ਬਹੁ-ਵਚਨ (plural noun subject) ਹੈ, ਇਸ ਕਰਕੇ ਇਸ ਦਾ ਰਾਰਾ ਅੱਖਰ ਮੁਕਤਾ ਹੈ। 'ਸੇਵ' ਪਦ ਕਰਮ ਰੂਪ ਵਿਚਿ ਇਸਤ੍ਰੀ-ਲਿੰਗ ਨਾਂਵ ਹੈ। ਇਸ ਕਰਕੇ ਇਸ ਦਾ ਵਾਵਾ ਅੱਖਰ ਮੁਕਤਾ ਹੈ। 'ਨਹੁ ਕਰਹਿ'—ਨਹੀਂ ਕਰਦੇ ਹਨ। ਇਸ ਦਾ ਕਰਤਾ ਬਹੁ-ਵਚਨ ਹੋਣ ਕਰਿ ਇਹ ਕਿਰਿਆਵੀ ਪਦ ਭੀ ਬਹੁ-ਵਚਨ ਵਰਤਮਾਨ ਕਾਲ ਹੈ, ਇਸ ਕਰਕੇ ਇਹ ਹਾਹੇ ਸਿਹਾਰੀਂ ਸਹਿਤ ਹੈ।

ਤਿਨਰ ਦੁਲੀਚੈ ਬਹਹਿ ਤਿਨਰ ਉਥਪਿ ਬਿਥਪਹਿ ॥

ਤੇ ਨਰ ਗਲੀਚਿਆਂ ਦੇ ਆਸਣ ਜਮਾ ਕੇ ਸਮਾਧੀਆਂ ਲਾਉਂਦੇ ਹਨ। ਅਤੇ ਹੋਰਨਾਂ ਨੂੰ ਦੁਨਿਆਵੀ ਦਰਜਿਆਂ ਦੀਆਂ ਮਸਨਦਾਂ ਤੋਂ ਉਤਾਰਨ ਤੇ ਫੇਰ ਉਭਾਰਨ ਬਿਠਾਉਣ ਦੀ ਸਮਰਥਾ ਰਖਦੇ ਹਨ।

ਸੁਖ ਲਹਹਿ ਤਿਨਰ ਸੰਸਾਰ ਮਹਿ ਅਭੈ ਪਟੁ ਰਿਪ ਮਧਿ ਤਿਹ ॥

ਸੰਸਾਰ ਵਿਖੇ (ਰਹਿੰਦੇ ਹੋਏ ਭੀ) ਤੇ ਨਰ ਸੁਖਾਂ ਦੇ ਲਹਿਣੇ ਹੀ ਲਹਿੰਦੇ ਹਨ (ਸੁੱਖਾਂ ਸਧਰਾਂ ਸੇਤੀ ਹੀ ਜਨਮ ਬਿਤੀਤਦੇ ਹਨ)। ਨਿਰਭੈਤਾ ਪਦ ਦਾ ਸੰਜੋਅ ਸਿਰੋਪਾ ਪਹਿਰਿਆ ਹੋਇਆ ਤਿਨ੍ਹਾਂ ਦੀ ਦੁਸ਼ਮਨਾਂ ਤੋਂ ਸਦਾ ਰਖਿਆ ਕਰਦਾ ਹੈ। 'ਅਭੈ ਪਟੁ'—ਨਿਰਭੈਤਾ ਦਾ ਸੰਜੋਅ ਰੂਪੀ ਪਟੋਲਾ (ਸਿਰੋਪਾਉ)। 'ਪਟੁ' ਪਦ ਦੇ ਟੈਂਕੇ ਅੱਖਰ ਦਾ ਔਂਕੜ ਇਸ ਪਦ ਦੀ ਖ਼ਸੂਸੀਅਤ ਦੇ ਕੇ ਇਸ ਪਦ ਦੇ ਖ਼ਾਸ ਸਿਰੋਪਾਉ ਰੂਪੀ ਪਟੋਲਾ ਅਰਥ ਦਿੰਦਾ ਹੈ:

...ਸਿਰਪਾਉ ਪਇਆ ਗਲਿ ਖਾਸਾ ਹੇ ॥ *(ਪੰਨਾ ੧੦੭੩)*

'ਰਿਪ'—ਬਹੁ-ਵਚਨ ਹੈ ਰਿਪੁ (ਦੁਸ਼ਮਨਾਂ) ਦਾ। ਇਸ ਕਰਕੇ ਇਸ ਦਾ ਪੱਪਾ ਅੱਖਰ ਮੁਕਤਾ ਹੈ। 'ਮਧਿ' ਅਤੇ 'ਤਿਹ' ਵਖੋ ਵਖ ਨਿਖੜਵੇਂ ਪਦ ਹਨ। 'ਸੁਖ' ਬਹੁ-ਵਚਨ

bsrstrust.org

ਹੋਣ ਕਰਕੇ ਖੱਖਾ ਅੱਖਰ ਮੁਕਤਾ ਹੈ। 'ਤਿਨਰ' ਬਹੁ-ਵਚਨਕ ਨਾਂਵ ਹੋਣ ਕਰਿ ਇਸਦੀ ਕਿਰਿਆ 'ਲਹਹਿ' ਭੀ ਬਹੁ-ਵਚਨਕ ਹੈ। ਇਸ ਕਰਕੇ ਇਸ ਦਾ ਪਿਛਲਾ ਹਾਹਾ ਸਿਹਾਰੀ ਸਹਿਤ ਆਇਆ ਹੈ। ਜੇ ਇਕ-ਵਚਨ ਹੁੰਦਾ ਤਾਂ 'ਲਹੈ' ਕਰਕੇ ਇਹ ਪਦ ਅੰਕਤਾਇਆ ਹੋਇਆ ਹੁੰਦਾ। 'ਸੰਸਾਰ' ਪਦ ਦੇ ਅਗੇ 'ਮਹਿ' ਸਬੰਧਕ ਪਦ (preposition) ਹੋਣ ਕਰਿ ਇਸ ਪਦ ਦਾ ਔਂਕੜ ਉਡ ਗਿਆ ਹੈ। ਇਹ ਇਕ-ਵਚਨਕ (singular) 'ਸੰਸਾਰ' ਨਾਂਵ (noun) ਹੈ।

ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ ॥

(ਹੇ ਗੁਰੂ ਅਮਰਦਾਸ) ਤੈਂ ਇਕੋ ਵਾਹਿਗੁਰੂ ਦਾ ਪਠਨ ਰੂਪੀ ਅਭਿਆਸ ਕੀਤਾ; ਮਨ ਅੰਦਰਿ ਇਕੈ ਵਾਹਿਗੁਰੂ ਨੂੰ ਹੀ ਵਸਾਇਆ (ਧਰਿਅਉ) ਅਤੇ ਵਾਹਿਗੁਰੂ ਨੂੰ ਇਕੋ ਇਕ ਕਰਕੇ ਲਖਿਆ (ਪਛਾਣਿਆ)। 'ਪਢਿਅਉ ਇਕੁ' ਵਖਰਾ ਦੁਪਦਾ ਹੈ। 'ਮਨਿ ਧਰਿਅਓ ਇਕੁ' ਵਖਰਾ ਅੱਧ ਪੰਗਤਾ ਹੈ। 'ਮਨਿ' ਪਦ ਦੂਜੇ ਪੰਗਤੇ ਨਾਲਿ ਲਗਦਾ ਹੈ, ਪਹਿਲੇ ਨਾਲਿ ਨਹੀਂ। ਬਹੁਤ ਸਾਰੇ ਪਾਠੀ ਇਸ ਪਾਠ ਨੂੰ ਗਡ ਮੱਡਿ ਕਰ ਦਿੰਦੇ ਹਨ ਅਤੇ 'ਪਢਿਅਉ ਇਕੁ ਮਨਿ' ਪਾਠ ਕਰ ਜਾਂਦੇ ਹਨ। 'ਇਕੁ' ਪਦ ਦੇ ਕੱਕੇ ਅੱਖਰ ਨੂੰ ਔਂਕੜ ਨ ਹੁੰਦਾ ਤਦ ਤਾਂ 'ਇਕ ਮਨਿ' ਪਾਠ ਫਬ ਸਕਦਾ ਸੀ। 'ਕਰਿ ਇਕੁ ਪਛਾਣਿਓ' ਭੀ ਵਖਰਾ ਪਾਠ ਹੈ।

ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ ॥

ਨੈਣਾਂ ਦੁਆਰਾ ਭੀ ਇਕੋ ਇਕ ਵਾਹਿਗੁਰੂ ਹੀ ਪੇਖਿਆ, ਬੈਣਾਂ ਦੁਆਰਾ ਰਸਨਾਗਰ ਭੀ ਇਕੋ ਇਕ ਵਾਹਿਗੁਰੂ ਹੀ ਭਾਖਿਆ ਉਚਾਰਨ ਕੀਤਾ। ਮੁਖ ਅੰਦਰਿ ਭੀ ਇਕੋ ਇਕ ਵਾਹਿਗੁਰੂ ਹੀ ਵਸਾਇਆ। ਇਹ ਨਹੀਂ ਕਿ ਰਸਨਾ ਕਰਕੇ ਹੋਰ ਤੇ ਬੈਣਾਂ ਕਰਕੇ ਹੋਰ ਦੂਜਾ। ਬਸ, ਇਕੋ ਇਕ ਹੀ ਦੋਹਾਂ ਠਾਵਾਂ (ਅੰਗਾਂ ਦੁਆਰਾ) ਵਖੋ ਵਖ ਨਹੀਂ ਜਾਣਿਆ। ਇਕੋ ਇਕ ਹੀ ਪਛਾਣਿਆ ਹੈ। ਇਕੋ ਹੀ ਨੈਣਾਂ ਕਰਕੇ ਪਰਤੱਖ ਪੇਖਿਆ। ਇਕੋ ਹੀ ਬੈਣਾਂ ਕਰਕੇ ਰਸਨਾ ਤੋਂ ਉਚਾਰਿਆ ਅਤੇ ਇਕੋ ਹੀ ਮਨ ਵਿਖੇ ਵਸਾਇਆ। ਦੁਹੀਂ ਥਾਵੀਂ ਵਖਰਾ ਹੋਣ ਦਾ ਭੇਦੁ ਭਾਸਿਆ ਹੀ ਨਹੀਂ।

ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ ॥

ਸੁਪਨੇ ਅੰਦਰਿ ਭੀ ਇਕੋ ਵਾਹਿਗੁਰੂ ਅਤੇ ਪਰਤੱਖ ਜਾਗ੍ਰਤ ਦਸ਼ਾ ਅੰਦਰਿ ਭੀ ਇਕੋ ਇਕ ਵਾਹਿਗੁਰੂ ਹੀ ਸਾਂਗੋ ਪਾਂਗ ਲਖਿਆ। ਅਤੇ ਇਕੋ ਵਾਹਿਗੁਰੂ ਦੇ ਸਰੂਪ ਅੰਦਰਿ ਲੀਨ ਹੋਇਓਂ ਹੇ ਗੁਰੂ ਅਮਰਦਾਸ ਜੀ! 'ਸੁਪਨਿ' ਤੇ 'ਪਰਤਖਿ' ਦੀਆਂ ਪਿਛਲੀਆਂ ਸਿਹਾਰੀਆਂ 'ਵਿਖੇ' ਦਾ ਅਰਥ ਰਖਦੀਆਂ ਹਨ। ਦੋਹੀਂ ਥਾਵੀਂ 'ਇਕੁ' ਪਦ ਦੇ ਕੱਕੇ ਅੱਖਰ ਨੂੰ ਇੱਕਤਾ (ਯਕਤਾਈ) ਦਾ ਖਸੂਸੀਅਤ ਨਮਾਈ ਔਂਕੜ ਹੈ। ਇੱਕ ਤੋਂ ਦੂਜਾ ਹੋ ਹੀ ਨਹੀਂ ਸਕਦਾ, ਇਸ ਔਂਕੜ ਦੇ ਲਗਣ ਕਰਿ। 'ਇਕਸ' ਪਦ ਦਾ ਸੱਸਾ ਅੱਖਰ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਮਹਿ' ਸਬੰਧਕ ਪਦ (preposition) ਲਗਾ ਹੋਇਆ ਹੈ, ਇਸ ਕਰਕੇ ਔਂਕੜ ਉਡ ਗਿਆ ਹੈ। 'ਲੀਣਉ'—ਲੀਨ ਹੋਇਓਂ ਤੂੰ (ਹੇ ਗੁਰੂ ਅਮਰਦਾਸ ਜੀ)।

bsrstrust.org

ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ ॥
ਇਕਹੁ ਜਿ ਲਾਖ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ ॥
ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ ॥੩॥੧੨॥[1]

ਜਿ ਮਤਿ ਗਹੀ ਜੈਦੇਵਿ ਜਿ ਮਤਿ ਨਾਮੈ ਸੰਮਾਣੀ ॥

ਜਿਹੜੀ ਗੁਰਮਤਿ ਮਤਿ ਜੈਦੇਵ ਭਗਤ ਨੇ ਗ੍ਰਹਿਨ ਕੀਤੀ (ਗੁਰਮਤਿ ਨਾਮ ਜਪਣ ਦੀ); ਜੇਹੜੀ ਗੁਰਮਤਿ ਮਤਿ ਨਾਮ ਜਪਣ ਦੀ ਨਾਮ ਦੇਵ ਭਗਤ ਦੇ ਰੋਮ ਰੋਮ ਅੰਦਰਿ ਸਮਾਈ। 'ਜਿ ਮਤਿ'—ਜੇਹੜੀ ਮਤਿ। 'ਜਿ'—ਜੇਹੜੀ। 'ਜੈਦੇਵਿ'—ਜੈਦੇਵ ਦੇ ਵਾਵੇ ਅੱਖਰ ਦੀ ਸਿਹਾਰੀ 'ਨੇ' ਦਾ ਭਾਵ ਦਿੰਦੀ ਹੈ। 'ਨਾਮੈ' ਪਦ ਦੀ ਦੂਜੀ ਲਾਂਵ 'ਅੰਦਰਿ' ਦਾ ਅਰਥ ਅਰਥਾਉਂਦੀ ਹੈ।

ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕੰਬੀਰਹਿ ਜਾਣੀ ॥

ਜੇਹੜੀ ਮਤਿ (ਭਗਤ) ਤ੍ਰਿਲੋਚਨ ਦੇ ਚਿਤਿ ਵਿਚ (ਗੁਰਮਤਿ ਨਾਮ ਅਭਿਆਸ ਦੀ) ਵਸੀ ਅਤੇ ਜਿਹੜੀ ਗੁਰਮਤਿ ਮਤਿ ਕਬੀਰ ਭਗਤ ਨੇ ਜਾਣੀ। 'ਤ੍ਰਿਲੋਚਨ' ਦਾ ਨੰਨਾ ਅੱਖਰ ਮੁਕਤਾ 'ਦੇ' ਸਬੰਧਕ ਪਦ (preposition) ਅਰਥਾਂ ਦੀ ਸੰਭਾਵਨਾ ਅਰਥਾਉਂਦਾ ਹੈ। 'ਚਿਤਿ' ਪਦ ਦੇ ਤੱਤੇ ਅੱਖਰ ਦੀ ਸਿਹਾਰੀ 'ਵਿਖੇ' ਦੇ ਅਰਥ ਦਿੰਦੀ ਹੈ। 'ਕੰਬੀਰਹਿ' ਪਦ ਦੇ ਹਾਹੇ ਨੂੰ ਸਿਹਾਰੀ 'ਨੇ' ਦੇ ਅਰਥ ਬੋਧਾਉਂਦੀ ਹੈ।

ਅੰਮਰੀਕਿ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ ॥

ਗੁਰਮਤਿ ਨਾਮ ਜਪਣ ਦੀ ਜੇਹੜੀ ਗੁਰਮਤਿ ਮਤਿ ਦੁਆਰਾ ਭਗਤ ਅੰਮਰੀਕ ਨੇ ਅਤੇ ਭਗਤ ਪ੍ਰਹਿਲਾਦ ਨੇ ਗੋਬਿੰਦ ਦੀ ਸਰਣੀ ਆ ਕੇ ਗਤਿ (ਕਲਿਆਣ) ਪ੍ਰਾਪਤਿ ਕੀਤੀ। 'ਅੰਮਰੀਕਿ' ਅਤੇ 'ਪ੍ਰਹਲਾਦਿ' ਪਦਾਂ ਦੇ ਪਿਛਲੇ ਅੱਖਰਾਂ ਨੂੰ ਲਗੀਆਂ ਸਿਹਾਰੀਆਂ 'ਨੇ' ਦੇ ਅਰਥ ਦਿੰਦੀਆਂ ਹਨ। 'ਸਰਣਿ' ਦੇ ਣਾਣੇ ਦੀ ਸਿਹਾਰੀ 'ਵਿਖੇ' ਦਾ ਅਰਥ ਦਿੰਦੀ ਹੈ। 'ਗੋਬਿੰਦ' ਪਦ ਦਾ ਦੱਦਾ ਅੱਖਰ ਮੁਕਤਾ 'ਦੇ' ਸਬੰਧਕ ਪਦ (preposition) ਦੇ ਅਰਥਾਂ ਨੂੰ ਬੋਧਾਉਂਦਾ ਹੈ। 'ਗਤਿ ਪਾਈ'—ਗਤੀ ਪਾਈ।

ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ ਸੁਮਤਿ ਜਲ੍ਹ ਜਾਣੀ ਜੁਗਤਿ ॥

ਜਾਲਪ ਨਾਮੇ ਭਟ ਦਾ ਉਚਾਰਨ ਹੈ ਕਿ ਹੇ ਗੁਰੂ ਅਮਰਦਾਸ! ਤਿਸੈ ਗੁਰਮਤਿ ਮਤਿ ਦੁਆਰਾ ਤੈਂ ਲੋਭ ਕ੍ਰੋਧ ਤ੍ਰਿਸ਼ਨਾ ਨੂੰ ਤਜਣ ਦੀ ਜੁਗਤੀ ਜਾਣੀ।

ਗੁਰੁ ਅਮਰਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ ॥

ਗੁਰੂ ਅਮਰਦਾਸ ਗੋਬਿੰਦ ਵਾਹਿਗੁਰੂ ਦਾ ਐਸਾ ਖਾਸਲੁ ਖਾਸ ਭਗਤ ਹੈ ਜਿਸ ਦੇ ਦਰਸ਼ਨ ਦੇਖਣ ਸਾਰ ਹੀ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ, ਜੈਸੇ ਕਿ ਮੈਨੂੰ ਹੋਈ।

ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ ॥

ਗੁਰੂ ਅਮਰਦਾਸ ਭੇਟਣਾ ਚਾਹੀਦਾ ਹੈ (ਕਿਉਂਕਿ ਭੇਟਣ ਸਾਰ ਹੀ) ਪੂਰਬ ਕਮਾਤੇ

---

੧. ਇਸ ਸਵਯੇ ਦਾ ਅਨ੍ਹੈ ਪਹਿਲੀ ਛਾਪ ਵਿਚ ਛਪਣੋਂ ਰਹਿ ਗਿਆ ਹੈ। —ਪ੍ਰਕਾਸ਼ਕ

bsrstrust.org

ਤੇ ਇਸ ਪ੍ਰਿਥਵੀ ਤੇ ਕਮਾਏ ਪਤਿਤ ਕਰਮਾਂ ਵਾਲੇ (ਸਾਰੇ) ਪਾਪਾਂ ਦਾ ਬਿਨਾਸ (ਦਾਹ) ਹੋ ਜਾਂਦਾ ਹੈ।

ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ ॥

ਸਾਰੇ ਸਿਧ ਸਾਧਿਕ ਆਸਾਵੰਤ ਹਨ (ਲੋਚਦੇ ਹਨ) ਕਿ ਅਸੀਂ ਭੀ ਸ੍ਰੀ ਗੁਰੂ ਅਮਰਦਾਸ ਭੇਟੀਏ (ਤਾਂ ਸਾਡੀ ਗਤਿ ਹੋਵੇ)।

ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ ॥

ਗੁਰੂ ਅਮਰਦਾਸ ਭੇਟਣਾ ਚਾਹੀਦਾ ਹੈ (ਭੇਟਣ ਜੋਗ ਹੈ) ਕਿਉਂਕਿ ਤਿਸ ਦੇ ਭੇਟਿਆਂ ਸੱਚੀ ਲਿਵ ਰੂਪੀ ਸੱਚਾ ਧਿਆਨ (ਵਾਹਿਗੁਰੂ ਨਾਲਿ ਲਗ ਜਾਂਦਾ ਹੈ) ਅਤੇ ਚੁਰਾਸੀ ਵਿਚਿ ਪੈਣਾ (ਲਖ ਚੁਰਾਸੀ ਜੂਨ ਦਾ ਗੇੜ) ਮੁਕ ਜਾਂਦਾ ਹੈ।

ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ ॥

ਗੁਰੂ ਅਮਰਦਾਸ ਭੇਟਣ ਯੋਗ ਹੈ (ਭੇਟਣਾ ਚਾਹੀਦਾ ਹੈ) ਕਿਉਂਕਿ ਉਸ ਦੀ ਭੇਟ ਕੀਤੇ ਨਿਰਭਉ ਅਕਾਲ ਪੁਰਖ ਲਭਦਾ ਹੈ ਅਤੇ ਆਵਾਗਵਣ ਸਿਲਸਿਲੇ ਦਾ ਗਉਣ ਚੁਕ ਜਾਂਦਾ ਹੈ।

ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵ ਹਿਲਹਿ ॥

ਦੁਤੀ (ਸਾਰੇ) ਗੁਣ (ਅਰਥਾਤ ਤ੍ਰੈਗੁਣੀ ਮਾਇਆ) ਨੂੰ ਵਿੰਨ੍ਹ ਕੇ (ਕਾਬੂ ਵਿਚਿ ਕਰਕੇ) ਇਕੁ ਜੋ ਅਕਾਲ ਪੁਰਖ ਹੈ ਤਦ ਅਸਥਿਰ ਰਹਿੰਦਾ ਹੈ (ਹਿਰਦਿਆਂ ਵਿਚਿ) ਜਦੋਂ ਉਤਮ ਪੁਰਸ਼ (ਮਨੁਸ਼, ਜਗਿਆਸੂ ਜਨ) ਸੁਮੰਤ੍ਰ (ਗੁਰਮੰਤ੍ਰ) ਦੇ ਲਗਾਤਾਰ ਅਭਿਆਸ ਵਿਚਿ ਹਿਲੇ (ਲਗੇ ਹੀ) ਰਹਿਣ। 'ਬਿੰਨਿ ਦੁਗਣ' ਦੁਤੀ ਗੁਣਾਂ ਨੂੰ ਬੇਧ ਕੇ (ਬਿੰਨ੍ਹ ਕੇ)। 'ਬਿੰਨਿ' ਪਦ ਨੂੰ 'ਇਕੁ' ਦੇ ਨਾਲਿ ਨਹੀਂ ਉਠਾਉਣਾ, ਬਲਕਿ ਇਸ ਪਦ ਦੇ ਪਾਠ ਨੂੰ 'ਦੁਗਣ' ਦੇ ਨਾਲਿ ਪੜ੍ਹਨਾ ਹੈ। 'ਦੁਗਣ' ਦਾ ਣਾਣਾ ਅੱਖਰ ਅਗੇ 'ਨੂੰ' ਸਬੰਧਕ ਪਦ (preposition) ਦੀ ਸੰਭਾਵਨਾ ਰਖਦਾ ਹੈ। ਇਕੁ' ਪਦ ਦੇ ਕੱਕੇ ਅੱਖਰ ਨੂੰ ਔਂਕੜ ਹੋਣ ਕਰਿ 'ਨੂੰ' ਪਦ ਦੀ ਸੰਭਾਵਨਾ ਰਹਿੰਦੀ ਹੀ ਨਹੀਂ। 'ਮਾਨਵ ਹਿਲਹਿ' ਪਾਠ ਸਹੀ ਹੈ "ਮਾਨਵਹਿ ਲਹਿ" ਪਾਠ ਠੀਕ ਨਹੀਂ। ਕਿਉਂਕਿ 'ਸੁਮੰਤ੍ਰਿ' ਪਦ ਦੇ ਰਾਰੇ ਪੈਰ ਵਾਲੇ ਤੱਤੇ ਅੱਖਰ ਨੂੰ ਸਿਹਾਰੀ ਸਾਫ਼ 'ਵਿਖੇ' ਦੇ ਅਰਥ ਦਿੰਦੀ ਹੈ। ਤਾਂ ਤੇ 'ਮਾਨਵਹਿ ਲਹਿ' ਦੇ ਅਰਥ ਤਾਂ ਬਨਣ ਜੋਕਰ ਇਹ ਸਿਹਾਰੀ ਨਾ ਹੁੰਦੀ। 'ਮਾਨਵ ਗੁਰਮੰਤ੍ਰ ਵਿਖੇ ਹਿਲਹਿ' ਵਾਲੇ ਅਰਥ ਸਹੀ ਹਨ—'ਹਿਲੇ ਰਹਿਣ'। ਜੋ ਗਿਆਨੀ ਇਹ ਅਰਥ ਕਰਦੇ ਹਨ ਕਿ ਇਕ ਨੂੰ ਬਿੰਦਕੇ (ਇਕ ਦਾ ਗਿਆਨ ਹਾਸਲ ਕਰਕੇ) ਦ੍ਵੈਤ ਭਾਵ ਜੋ ਹੈ ਸੁ ਤਦੋਂ ਰਹਿ ਖੜੋਂਦਾ ਹੈ (ਦੂਰ ਹੋ ਜਾਂਦਾ ਹੈ) ਜਦੋਂ ਮਾਨਵ ਗੁਰਮੰਤ੍ਰ ਵਿਖੇ ਹਿਲ ਜਾਂਦੇ ਹਨ। ਇਹ ਅਰਥ ਠੀਕ ਨਹੀਂ ਬੈਠਦੇ ਕਿਉਂਕਿ 'ਰਹੈ' ਪਦ ਵਰਤਮਾਨ ਕਾਲ ਕਿਰਿਆ (verb present tense) ਦਾ ਕਰਮ (ਮਫਊਲ) ਪਦ 'ਦੁਗਣ' ਜੋ ਉਹ (ਅਰਥਈਏ) ਬਣਾਉਂਦੇ ਹਨ ਇਹ ਬਣ ਨਹੀਂ ਸਕਦਾ। ਕਿਉਂਕਿ 'ਦੁਗਣ' ਪਦ ਦਾ ਣਾਣਾ ਅੱਖਰ ਮੁਕਤਾ ਹੋਣ ਕਰਿ ਇਹ ਪਦ ਬਹੁ-ਵਚਨ (plural)

bsrstrust.org

ਵਾਚਕ ਹੈ। ਅਤੇ ਜੇਕਰ ਇਸ ਪਦ ਦੇ ਅਗੇ 'ਨੂੰ' ਸਬੰਧਕ ਪਦ (preposition) ਅਰਥ ਬੋਧ ਕਰੀਏ ਤਾਂ 'ਰਹੈ' ਪਦ ਇਸ ਦੇ ਨਾਲ ਕੋਈ ਭੀ ਅਰਥ ਨਹੀਂ ਦਿੰਦਾ। ਤਾਂ ਤੇ ਆਨ ਗੁਣਾਂ ਨੂੰ ਬਿੰਨ੍ਹਕੇ (ਬਿੰਨਿ ਦੁਗਣ) ਵਾਲਾ ਅਰਥ ਹੀ ਠੀਕ ਹੈ। 'ਦੁਗਣ'—ਦੁਤੀ ਗੁਣ, ਆਨ ਗੁਣ, ਅਰਥਾਤ ਤ੍ਰੈ ਗੁਣ ਮਾਇਆ ਤੋਂ ਰਹਿਤ, ਤ੍ਰੈ ਗੁਣੀ ਗੁਣ।

ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ ॥

ਜਾਲਪ ਨਾਮੇ ਭਟ ਵਰਣਨ ਕਰਦਾ ਹੈ ਕਿ ਏਤਨੇ ਪਦਾਰਥ (ਜੋ ਪਿਛਲੀਆਂ ਪਉੜੀਆਂ ਵਿਚ ਵਰਣਨ ਕੀਤੇ ਹਨ) ਅਮਰਦਾਸ ਦੇ ਡਿਠਿਆਂ ਮਿਲਦੇ ਹਨ। 'ਅਮਰਦਾਸਿ' ਪਦ ਦੇ ਸੱਸੇ ਅੱਖਰ ਨੂੰ ਸਿਹਾਰੀ ਇਸ ਕਰਕੇ ਲਗੀ ਹੈ ਕਿ ਇਸ ਪਦ ਦੀ ਕਿਰਿਆ ਵਾਲੇ ਪਦ 'ਡਿਠੈ' ਦੇ ਠੱਠੇ ਅੱਖਰ ਨੂੰ ਦੁਲਾਈਆਂ ਲਗੀਆਂ ਹਨ। 'ਗੁਰੂ ਅਮਰਦਾਸ ਦੇ ਡਿਠਿਆਂ' ਤਾਂ ਹੀ ਅਰਥ ਬਣਦੇ ਹਨ। 'ਪਦਾਰਥ' ਬਹੁ-ਵਚਨ ਹੈ। ਇਸੇ ਕਰਕੇ ਥੱਥੇ ਅੱਖਰ ਨੂੰ ਔਂਕੜ ਉਡ ਗਿਆ ਹੈ। ਥੱਥਾ ਮੁਕਤਾ ਰਹਿ ਗਿਆ ਹੈ। 'ਮਿਲਹਿ'—ਮਿਲਦੇ ਹਨ। ਬਹੁ-ਵਚਨਕ ਨਾਂਵ ਦੀ ਕਿਰਿਆ ਭੀ ਬਹੁ-ਵਚਨਕ (plural) ਹੈ। ਜੇ ਇਕ-ਵਚਨ (singular) ਕਿਰਿਆ ਹੁੰਦੀ ਨਾਮ ਦੀ ਤਾਂ ਇਹ ਪਦ 'ਮਿਲਹਿ' ਦੇ ਥਾਉਂ 'ਮਿਲੈ' ਹੁੰਦਾ, ਲੱਲੇ ਅੱਖਰ ਨੂੰ ਦੁਲਾਈਆਂ ਹੁੰਦੀਆਂ, ਇਸ ਦੇ ਅਗੇ ਹਾਹਾ ਸਿਹਾਰੀ ਵਾਲਾ ਨਾ ਹੁੰਦਾ। ਹਾਹਾ ਸਿਹਾਰੀ ਵਾਲਾ ਵਰਤਮਾਨ ਕਾਲ ਕਿਰਿਆ ਬਹੁ-ਵਚਨ (present tense verb plural) ਹੈ।

ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ ॥

ਕਰਤਾਰੁ ਮਈ ਸਚੁ ਰੂਪੀ ਨਾਮੁ (ਵਾਹਿਗੁਰੂ), ਗੁਰੂ ਨਾਨਕ ਨੇ (ਹੀ ਸਭ ਤੋਂ ਪ੍ਰਿਥਮ) ਸੰਗ੍ਰਹਿਨ ਕੀਤਾ (ਕਰਤਾਰ ਦੀ ਦਰਗਾਹੋਂ) ਦ੍ਰਿੜ੍ਹ ਕਰਕੇ। ਭਾਵ ਕਰਤਾਰ ਦੀ ਖ਼ਾਸ ਦਰਗਾਹੋਂ ਗੁਰੂ ਨਾਨਕ ਸਾਹਿਬ ਨੂੰ ਹੀ ਸੱਚਾ ਨਾਮ ਵਾਹਿਗੁਰੂ ਮਿਲਿਆ, ਜਿਸ ਸੱਚ ਨਾਮੁ ਰੂਪੀ ਧੁਰਿ ਦਰਗਾਹੋਂ ਮਿਲੀ ਨਾਮ ਦੀ ਪੂੰਜੀ ਨੂੰ ਗੁਰੂ ਨਾਨਕ ਸਾਹਿਬ ਨੇ ਦ੍ਰਿੜ੍ਹ ਕਰਕੇ ਅਭਿਆਸ ਦੁਆਰਾ ਕਮਾਇਆ ਅਤੇ ਸੰਚਨ ਕਰਕੇ ਗੁਰੂ ਅਕਾਲ ਦੀ ਆਗਿਆ ਅਨੁਸਾਰ ਅਧਿਕਾਰੀ ਜਨਾਂ ਪ੍ਰਤੀ ਵਰਤਾਇਆ।

ਤਾਤੇ ਅੰਗਦੁ ਲਹਣਾ ਪ੍ਰਗਟਿ ਤਾਸੁ ਚਰਣਹ ਲਿਵ ਰਹਿਅਉ ॥

ਗੁਰੂ ਨਾਨਕ ਤੋਂ ਹੀ ਲਹਣਾ ਅੰਗਦ ਰੂਪ ਹੋ ਕੇ ਇਕ ਮਿਕ ਜੋਤਿ ਜੁਗਤੀਆ ਗੁਰੂ ਪਰਗਟ ਹੋਇਆ, ਜਿਸ (ਗੁਰੂ ਅੰਗਦ) ਤੇ ਤਿਸ (ਗੁਰੂ ਨਾਨਕ) ਦੇ ਚਰਨਾਰ ਬਿੰਦ ਦੀ ਬਰਕਤਿ ਨਾਲਿ ਗੁਰੂ ਲਿਵਲੀਨਤਾ ਵਾਲੀ ਸਹਜ ਪਦ ਦੀ ਸਮਾਈ ਪਾਈ (ਸਦਾ ਲਈ)।

ਤਿਤੁ ਕੁਲਿ ਗੁਰੁ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣ ਵਖਾਣਉ ॥

ਤਿਸ (ਗੁਰੂ ਅੰਗਦ) ਦੀ ਕੁਲ ਵਿਖੇ ਗੁਰੂ ਅਮਰਦਾਸ (ਗੁਰਿਆਈ ਪਦ ਦਾ) ਆਸ ਨਿਵਾਸੁ (ਅਧਿਕਾਰੀ) ਹੋਇਆ। ਤਿਸ ਗੁਰੂ ਅਮਰਦਾਸ ਦੇ ਕੇਹੜੇ ਕੇਹੜੇ (ਕਵਨ

bsrstrust.org

ਕਵਨ) ਗੁਣ ਵਰਣਨ ਕਰਾਂ (ਕੀਤੇ ਨਹੀਂ ਜਾਣੇ, ਬੇਅੰਤ ਗੁਣ ਜੋ ਹੋਏ)। 'ਤਿਤੁ' ਅਤੇ 'ਤਾਸੁ' ਪਦਾਂ ਦੇ ਆਖ਼ਰੀ ਅੱਖਰਾਂ ਨੂੰ ਹਰ ਥਾਂ ਗੁਰਬਾਣੀ ਅੰਦਰਿ ਔਂਕੜ ਹੀ ਲਗਿਆ ਹੁੰਦਾ ਹੈ। 'ਕੁਲਿ'—ਕੁਲ ਵਿਖੇ। ਲੱਲੇ ਅੱਖਰ ਦੀ ਸਿਹਾਰੀ 'ਵਿਖੇ' ਦੇ ਅਰਥ ਬੋਧਾਉਂਦੀ ਹੈ। 'ਗੁਣ' ਪਦ ਣਾਣੇ ਅੱਖਰ ਮੁਕਤੇ ਨਾਲਿ ਬਹੁ-ਵਚਨ ਦਾ ਬੋਧਕ ਹੈ। 'ਆਸਾ ਨਿਵਾਸੁ'—ਅਧਿਕਾਰਤਾ ਦੀ ਆਸਾ ਦਾ ਪਾਤਰ ਧਣੀ।

ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤੁ ਨ ਜਾਣਉ ॥

ਜੇਹੜੇ ਗੁਣ ਲਖੇ ਨ ਜਾਣ ਅਤੇ ਗਿਆਨ ਗੰਮਤਾ ਤੋਂ ਪਰੇ ਅਪਰੰਪਰ ਹੋਣ (ਜੈਸੇ ਕਿ ਗੁਰੂ ਅਮਰਦਾਸ ਦੇ ਗੁਣ ਹਨ) ਤਿਨ੍ਹਾਂ ਗੁਣਾਂ ਦਾ ਅੰਤੁ ਮੈਂ ਨਹੀਂ ਜਾਣਦਾ (ਨਾ ਜਾਣ ਸਕਦਾ ਹਾਂ)। 'ਗੁਣ' ਪਦ ਨਾਂਵ ਬਹੁ-ਵਚਨ (plural) ਹੈ। ਇਸ ਦੇ ਵਿਸ਼ੇਸ਼ਣ 'ਅਲਖ' ਤੇ 'ਅਗੰਮ' ਭੀ ਬਹੁ-ਵਚਨ (plural) ਹਨ। ਏਸੇ ਕਰਕੇ ਏਹਨਾਂ ਤੇਹਾਂ ਪਦਾਂ ਦੇ ਛੇਕੜਲੇ ਅੱਖਰ ਮੁਕਤੇ ਹਨ। ਭਾਵ 'ਗੁਣ' ਦਾ ਣਾਣਾ ਮੁਕਤਾ, 'ਅਲਖ' ਦਾ ਖੱਖਾ ਮੁਕਤਾ ਅਤੇ 'ਅਗੰਮ' ਦਾ ਮੰਮਾ ਮੁਕਤਾ ਹੈ। 'ਤਿਨਹ ਗੁਣ'—ਤਿਨ੍ਹਾਂ ਗੁਣਾਂ ਦਾ। 'ਤਿਨਹ' ਪਦ ਦਾ ਹਾਹਾ ਮੁਕਤਾ ਭੀ ਤਦੇ ਹੀ ਹੈ। ਇਸ 'ਗੁਣ' ਪਦ ਦਾ ਣਾਣਾ ਅੱਖਰ ਇਸ ਕਰਕੇ ਭੀ ਮੁਕਤਾ ਹੈ ਕਿ ਇਸ ਦੇ ਅਗੇ 'ਦਾ' ਸਬੰਧਕ ਪਦ (preposition) ਸੰਬੋਧਕ ਹੈ।

ਬੋਹਿਥਉ ਬਿਧਾਤੈ ਨਿਰਮਯੋ ਸਭ ਸੰਗਤਿ ਕੁਲ ਉਧਰਣ ॥

ਪੁਰਖ ਬਿਧਾਤੇ ਅਕਾਲ ਪੁਰਖ ਨੇ ਗੁਰੂ ਅਮਰਦਾਸ ਰੂਪੀ ਜਹਾਜ਼ ਤਿਆਰ (ਉਤਪੰਨ) ਕੀਤਾ। ਸਾਰੀ ਸੰਗਤ ਅਤੇ ਕੁਲ ਦੇ ਪਾਰ ਉਤਾਰਨ (ਉਧਾਰਨ) ਹੇਤ। 'ਬਿਧਾਤੈ' ਪਦ ਦੇ ਤੱਤੇ ਅੱਖਰ ਨੂੰ ਦੂਜੀ ਲਗੀ ਲਾਂਵ 'ਨੇ' ਸਬੰਧਕੀ ਪਦ (preposition) ਦਾ ਅਰਥ ਦਿੰਦੀ ਹੈ। 'ਸਭ' ਪਦ ਇਸਤ੍ਰੀ-ਲਿੰਗ ਵਿਸ਼ੇਸ਼ਣ ਹੈ ਇਸਤ੍ਰੀ-ਲਿੰਗ ਨਾਂਵ 'ਸੰਗਤਿ' ਅਤੇ 'ਕੁਲ' ਦਾ। ਇਸੇ ਕਰਕੇ ਹੀ ਭੱਭਾ ਅੱਖਰ ਮੁਕਤਾ ਹੈ ਅਤੇ 'ਕੁਲ' ਦਾ ਲੱਲਾ ਅੱਖਰ ਭੀ ਮੁਕਤਾ ਹੈ। 'ਸੰਗਤਿ' ਪਦ ਦਾ ਸਿਹਾਰੀ ਵਾਲਾ ਤੱਤਾ ਅੱਖਰ ਭੀ ਇਸਤ੍ਰੀ-ਲਿੰਗ ਪਦ ਨਾਂਵ ਇਸ ਨੂੰ ਨਿਰੂਪਨ ਕਰਦਾ ਹੈ। ਇਸਤ੍ਰੀ-ਲਿੰਗ ਹੋਣ ਦਾ ਅਰਥ ਬੋਧਕ ਹੋਣ ਕਰਿ 'ਉਧਰਣ' ਦਾ ਣਾਣਾ ਅੱਖਰ ਮੁਕਤਾ ਹੈ।

ਗੁਰ ਅਮਰਦਾਸ ਕੀਰਤੁ ਕਹੈ ਤ੍ਰਾਹਿ ਤ੍ਰਾਹਿ ਤੁਅ ਪਾ ਸਰਣ ॥੧॥੧੫॥

ਏਥੋਂ ਕੀਰਤੁ ਭਟ ਦੇ ਸਵਈਏ ਅਰੰਭ ਹੁੰਦੇ ਹਨ। ਏਕਾ ਅੰਕ ਤਾਂ ਹੀ ਅਰੰਭਿਆ ਗਿਆ ਹੈ। ਕੀਰਤ ਨਾਮੇ ਭੱਟ ਬਿਨੇ ਕਰਦਾ ਹੈ ਹੇ ਗੁਰੂ ਅਮਰਦਾਸ ਜੀ! ਮੈਂ ਰਖਿਆ ਲਈ ਤ੍ਰਾਸਵਾਨ ਹੋ ਹੋ ਤੇਰੀ ਚਰਨ ਸਰਨ ਡਿੱਗਾ ਹਾਂ। 'ਗੁਰ' ਅਤੇ 'ਅਮਰਦਾਸ' ਪਦਾਂ ਦੇ ਪਿਛਲੇ ਅੱਖਰ ਰਾਰਾ ਤੇ ਸੱਸਾ ਏਸ ਕਰਕੇ ਮੁਕਤੇ ਹਨ ਕਿ ਏਹਨਾਂ ਦੇ ਉਚਾਰਨ ਕਰਿ ਸਨਮੁਖ ਸੰਬੋਧਤਾ ਹੋਈ ਹੈ। 'ਤੁਅ'—ਤੇਰੀ। 'ਸਰਣ' ਪਦ ਦਾ ਣਾਣਾ ਅੱਖਰ ਏਸ ਕਰਕੇ ਮੁਕਤਾ ਹੈ ਕਿ ਇਹਨਾਂ ਦੇ ਪਿਛੇ ਅਗੇ ਤੇ ਉਤੇ ਸਬੰਧਕ ਪਦ (preposition) ਮਫ਼ਹੂਮ ਹਨ।

bsrstrust.org

ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥

ਨਿਰੰਕਾਰ ਨੇ (ਗੁਰੂ ਅਮਰਦਾਸ ਦੇ ਰੂਪ ਵਿਚਿ) ਜੋਤਿ ਮਈ ਆਕਾਰੁ ਜਗਤ ਦੇ ਮੰਡਲ ਵਿਖੇ ਧਾਰਨ ਕੀਤਾ ਹੈ। 'ਨਿਰੰਕਾਰਿ' ਪਦ ਦੇ ਪਿਛਲੇ ਰਾਰੇ ਅੱਖਰ ਦੀ ਸਿਹਾਰੀ 'ਨੇ' ਸਬੰਧਕ (preposition) ਨੂੰ ਅਰਥਾਉਂਦੀ ਹੈ। 'ਜਗ' ਦਾ ਗੱਗਾ ਅੱਖਰ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਦੇ' ਸਬੰਧਕ ਪਦ ਮਫ਼ਹੂਮ ਹੈ। 'ਮੰਡਲਿ' ਪਦ ਦੇ ਲੱਲੇ ਅੱਖਰ ਦੀ ਸਿਹਾਰੀ 'ਵਿਖੇ' ਸਬੰਧਕ ਪਦ (preposition) ਦੀ ਬੋਧਕ ਹੈ। 'ਜਗ ਮੰਡਲਿ'—ਜਗਤ ਦੇ ਮੰਡਲ ਵਿਖੇ।

ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥

ਜਿਥੇ ਕਿਥੇ ਤਿਥੇ ਵਾਹਿਗੁਰੂ ਭਰਪੂਰ ਹੋ ਰਿਹਾ ਹੈ। ਵਿਆਪਕ ਹੋਣ ਕਰਕੇ (ਗੁਰੂ ਅਮਰਦਾਸ ਜੀ ਨੇ ਕਿਰਪਾ ਕਰਕੇ) ਸ਼ਬਦ ਦੀਪਕ ਦੁਆਰਾ ਗੁਪਤ ਵਰਤ ਰਹੇ ਵਾਹਿਗੁਰੂ ਨੂੰ ਪਰਕਾਸ਼ਤ ਕੀਤਾ। ਗੁਰ ਸਿਖਾਂ ਦੇ ਹਿਰਦੇ ਅੰਦਰਿ ਸ਼ਬਦੁ ਰੂਪੀ ਦੀਵਾ ਜਗਾ ਕੇ ਗੁਪਤ ਵਾਹਿਗੁਰੂ ਨੂੰ ਪਰਗਟ ਪਾਹਾਰਿਓਂ ਦ੍ਰਿਸ਼ਟਾ ਦਿਤਾ, ਗੁਰਸਿਖਾਂ ਤਾਂਈਂ।

ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥

ਜਿਨ੍ਹਾਂ ਸਿਖਾਂ ਨੇ ਇਸ ਸ਼ਬਦ ਦੀਪਕ ਨੂੰ ਗ੍ਰਹਿਨ ਕੀਤਾ (ਅਰਥਾਤ ਜਿਨ੍ਹਾਂ ਸਿਖ ਜਗਿਆਸੂਆਂ ਨੇ ਗੁਰ ਦੀਖਿਅਤ ਨਾਮ ਦੀ ਅਭਿਆਸ ਕਮਾਈ ਕੀਤੀ ਅਤੇ ਅਭਿਆਸ ਕਮਾਈਆਂ ਕਰਿ ਕਰਿ ਜਿਨ੍ਹਾਂ ਦੇ ਘਟਿ ਅੰਦਰਿ ਜੋਤਿ ਪ੍ਰਕਾਸ਼ਤ ਹੋ ਗਈ) ਤਿਨ੍ਹਾਂ ਨੂੰ ਤੱਤ ਕਾਲ ਹੀ ਵਾਹਿਗੁਰੂ ਚਰਨਾਂ ਦਾ ਮਿਲਾਪ ਪ੍ਰਾਪਤਿ ਕਰਾ ਦਿਤਾ (ਗੁਰੂ ਅਮਰਦਾਸ ਨੇ)। (ਇਸ ਸਬੰਧ ਵਿਚ ਦੇਖੋ ਪੁਸਤਕ *ਚਰਨ ਕਮਲ ਕੀ ਮਉਜ*)

ਨਾਨਕ ਕੁਲਿ ਨਿੰਮਲੁ ਅਵਤਰ੍ਯਿਉ ਅੰਗਦ ਲਹਣੇ ਸੰਗਿ ਹੁਅ ॥

ਗੁਰੂ ਅੰਗਦ ਲਹਿਣੇ ਬਾਣੀ (ਵਿਚਦੀ ਹੋਇਕੈ ਗੁਰੂ ਅਮਰਦਾਸੁ) ਨਾਨਕ (ਗੁਰੂ) ਦੀ ਕੁਲਿ ਵਿਖੇ ਗੁਰੂ ਅਵਤਾਰ ਧਾਰੀ ਹੋਇਆ। 'ਨਾਨਕ ਕੁਲਿ'—ਨਾਨਕ ਦੀ ਕੁਲ ਵਿਖੇ। 'ਨਿੰਮਲੁ' ਪਦ 'ਕੁਲਿ' ਨਾਲਿ ਸਬੰਧ ਨਹੀਂ ਰਖਦਾ ਬਲਕਿ 'ਅਵਤਰ੍ਯਿਉ' ਨਾਲਿ ਰਖਦਾ ਹੈ ਕਿਉਂਕਿ 'ਨਿੰਮਲੁ' ਪਦ ਦੇ ਛੇਕੜਲੇ ਅੱਖਰ ਨਾਲਿ ਔਂਕੜ ਲਗਾ ਹੋਇਆ ਹੈ ਜੋ ਇਸਤ੍ਰੀ-ਲਿੰਗ ਨਾਂਵ ਦਾ ਵਿਸ਼ੇਸ਼ਣ ਨਹੀਂ ਹੋ ਸਕਦਾ। ਪੁਲਿੰਗ ਨਾਂਵ ਦਾ ਹੋ ਸਕਦਾ ਹੈ।

ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ॥੧੬॥

ਹੇ ਤਰਣ ਤਾਰਣ ਗੁਰੂ ਅਮਰਦਾਸ! ਮੈਂ ਜਨਮ ਜਨਮ ਪਾ ਕੇ ਭੀ ਤੇਰੀ ਸਰਣੀ ਹੀ ਪਿਆ ਰਹਾਂ।

ਜਪੁ ਤਪੁ ਸਤੁ ਸੰਤੋਖੁ ਪਿਖਿ ਦਰਸਨੁ ਗੁਰ ਸਿਖਹ ॥

ਗੁਰ ਸਿਖਾਂ ਦਾ ਦਰਸ਼ਨ ਪੇਖ ਕੇ ਜਪੁ, ਤਪੁ, ਸਤੁ ਸੰਤੋਖ ਆਦਿ (ਵੱਖ ਵੱਖ) ਸੁਤੇ-ਸਿਧ ਆਇ ਪ੍ਰਾਪਤਿ ਹੁੰਦੇ ਹਨ। 'ਗੁਰ ਸਿਖਹ'—ਗੁਰੂ ਦੇ ਸਿਖਾਂ ਦਾ।

bsrstrust.org

ਸਰਣਿ ਪਰਹਿ ਤੇ ਉਬਰਹਿ ਛੋਡਿ ਜਮਪੁਰ ਕੀ ਲਿਖਹ ॥

ਜੇਹੜੇ ਪੁਰਸ਼ ਸਰਣੀ ਪੈਂਦੇ ਹਨ (ਤੇਰੇ ਗੁਰਸਿਖਾਂ ਦੀ ਹੇ ਗੁਰੂ ਅਮਰਦਾਸ ਜੀ) ਓਹ ਧਰਮਰਾਇ ਦੇ ਜਮਪੁਰ ਲਿਖਤਕਾਰੀ ਲੇਖੇ ਤੋਂ ਛੁਟਕ ਕੇ ਉਤਾਹਾਂ (ਗੁਰ ਪੁਰੀ) ਵਲ ਉਭਰ ਆਉਂਦੇ ਹਨ।

ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ ॥

ਜੋ ਜਨ ਹਿਰਦੇ ਕਰਕੇ ਕਰਤਾਰ ਕਰਤਾਰ (ਵਾਹਿਗੁਰੂ ਵਾਹਿਗੁਰੂ) ਦਾ ਉਚਾਰਨ ਕਰਦਾ ਹੈ, ਉਹ ਜਨ ਭਗਤੀ ਭਾਵ ਨਾਲਿ ਨੱਕਾ ਨੱਕ ਪੂਰ ਹੋ ਜਾਂਦਾ ਹੈ। 'ਕਰਤਾਰੈ' ਪਦ ਦੇ ਪਿਛਲੇ ਰਾਰੇ ਅੱਖਰ ਦੀ ਦੂਜੀ ਦੁਲਾਈ 'ਨੂੰ' ਸਬੰਧਕ ਪਦ (preposition) ਦੀ ਅਰਥ ਬੋਧਕ ਹੈ—ਕਰਤਾਰ ਨੂੰ ਉਚਾਰਦਾ ਹੈ ਭਾਵ ਕਰਤਾਰ ਕਰਤਾਰ ਦਾ ਉਚਾਰਨ ਕਰਦਾ ਹੈ।

ਗੁਰੁ ਗਉਹਰੁ ਦਰੀਆਉ ਪਲਕ ਡੁਬੰਤ੍ਰਹ ਤਾਰੈ ॥

ਗੁਰੂ ਐਸਾ ਰਤਨੀ ਭਰਪੂਰ ਦਰੀਆਉ ਹੈ, ਜਿਸ ਵਿਚਿ ਤਾਰੀਆਂ ਲਾ ਕੇ ਭਵ ਸਾਗਰ ਵਿਚਿ ਡੁਬਣਹਾਰੇ ਇਕ ਪਲ ਮਾਤਰ (ਅੱਖ ਦੇ ਫੋਰੇ ਵਿਚ) ਤਰ ਜਾਂਦੇ ਹਨ। ਗੁਰੂ ਤਰਨਤਾਰਨ ਸਮਰਥ ਇਕ ਪਲ ਵਿਚਿ ਹੀ ਭਵਜਲ ਵਿਚਿ ਡੁਬਦਿਆਂ ਨੂੰ ਤਾਰ ਲੈਂਦਾ ਹੈ ਤੇ ਪਾਰ ਉਤਾਰ ਲੈਂਦਾ ਹੈ। ਐਸਾ ਹੈ ਗੁਰੂ ਗਉਹਰ ਦਰਿਆਉ ਗੁਰੂ ਅਮਰਦਾਸ। "ਡੁਬੰਤ੍ਰਹ ਤਾਰੈ"—ਡੁਬਦਿਆਂ ਨੂੰ ਤਾਰ ਲੈਂਦਾ ਹੈ। 'ਪਲਕ' ਪਦ 'ਤਾਰੈ' ਕਿਰਿਆ ਦਾ ਕਿਰਿਆ ਵਿਸ਼ੇਸ਼ਣ (adverb) ਹੈ, 'ਡੁਬੰਤ੍ਰਹ' ਨਾਂਵ ਦਾ ਵਿਸ਼ੇਸ਼ਣ ਨਹੀਂ। 'ਪਲਕ'—ਪਲ ਵਿਚਿ, ਫੋਰੇ ਵਿਚ।

...ਗੁਣ ਕਰਤਾਰੈ ਉਚਰੈ ॥

ਕਰਤਾਰ ਦੇ ਗੁਣ ਉਚਾਰਦਾ ਹੈ (ਗੁਰੂ ਅਮਰਦਾਸ)। 'ਗੁਣ'—ਗੁਰਬਾਣੀ ਰੂਪੀ ਗੁਣ। 'ਕਰਤਾਰੈ' ਪਦ ਦੇ ਪਿਛਲੇ ਰਾਰੇ ਅੱਖਰ ਨੂੰ ਲਗੀਆਂ ਦੁਲਾਈਆਂ 'ਦੇ' ਸਬੰਧਕ ਪਦ ਦੀਆਂ ਅਰਥ ਬੋਧਕ ਹਨ।

ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ ॥੧੭॥

ਜਿਨ੍ਹਾਂ (ਗੁਰਸਿਖਾਂ ਸੇਵਕਾਂ) ਨੇ ਗੁਰੂ ਅਮਰਦਾਸ ਸੇਵਿਆ ਹੈ ਤਿਨ੍ਹਾਂ ਨੇ ਦੁਖ ਤੇ ਦਲਿਦਰ ਨੂੰ ਪਰਾਹਾਂ (ਪਰੇ) ਵਗਾਹ ਸੁਟਿਆ ਹੈ।

ਤੇਰੈ ਹੁਕਮਿ ਖਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥

(ਹੇ ਗੁਰੂ ਅਮਰਦਾਸ) ਤੇਰੇ ਹੁਕਮੁ ਦੁਆਰਾ ਨਾਮ ਦੀਖਿਆ ਦਾ ਜਪੁ ਨੀਸਾਣੀ ਸਿਢੌਰਾ ਜਦੋਂ ਪਲੈ ਪਵੇ ਤਦੋਂ ਹੀ ਮੈਂ ਸਾਹਿਬ ਦੀ ਸਿਮਰਨ ਰੂਪੀ ਸੇਵਾ ਕਰਉਂ (ਤਦੋਂ ਹੀ ਸਿਮਰਨ ਰੂਪੀ ਸੇਵਾ ਨਾਮ ਅਭਿਆਸ ਕਮਾਈ ਥਾਇਂ ਪਵੇ)।

ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥...੧੮॥

ਜਦੋਂ ਗੁਰੂ (ਅਮਰਦਾਸ) ਸ਼ੁਭ ਦ੍ਰਿਸ਼ਟੀ ਦੁਆਰਾ ਦੇਖਦਾ ਹੈ (ਨਦਰੀ ਨਦਰ

bsrstrust.org

ਨਿਹਾਲ ਹੁੰਦਾ ਹੈ) ਤਦੋਂ ਹੀ (ਕਰਨ ਕਾਰਨ ਸਮਰਥ) ਕਰਤਾ ਨਾਮੁ ਮੇਵਾ ਰੂਪ ਹੋ ਕੇ ਮੁਖ ਵਿਚਿ ਪੈਂਦਾ ਹੈ। (ਮਿੱਠੇ ਨਾਮ ਮੇਵੇ ਦੀ ਗੁੜ੍ਹਤੀ ਤਦੋਂ ਹੀ ਮੁਖ ਵਿਚਿ ਪੈਂਦੀ ਹੈ ਜਦ ਗੁਰੂ ਦੀ ਸ਼ੁਭ ਦ੍ਰਿਸ਼ਟੀ ਹੋਵੇ)। 'ਗੁਰੁ ਦੇਖੈ'—ਗੁਰੂ ਦੇਖਦਾ ਹੈ। 'ਦੇਖੈ' ਪਦ ਖੱਖੇ ਦੁਲਾਈਆਂ ਨਾਲਿ ਵਰਤਮਾਨ ਕਿਰਿਆ (present verb) ਹੈ। 'ਸੁਭ ਦਿਸਟਿ'—ਸ਼ੁਭ ਦ੍ਰਿਸ਼ਟੀ ਦੁਆਰਾ। 'ਦਿਸਟਿ' ਪਦ ਦੇ ਟੈਂਕੇ ਅੱਖਰ ਨੂੰ ਲਗੀ ਹੋਈ ਸਿਹਾਰੀ 'ਦੁਆਰਾ' ਦੇ ਅਰਥ ਦਿੰਦੀ ਹੈ। ਉਂਞ ਭੀ 'ਦਿਸਟਿ' ਪਦ ਟੈਂਕੇ ਸਿਹਾਰੀ ਨਾਲਿ ਇਸਤ੍ਰੀ-ਲਿੰਗ ਨਾਂਵ (noun feminine gender) ਹੈ। 'ਦ੍ਰਿਸ਼ਟੀ' ਦਾ ਭਾਵ ਹੈ। 'ਦਿਸਟਿ' ਇਸਤ੍ਰੀ-ਲਿੰਗ ਨਾਂਵ ਹੋਣ ਕਰਿ ਇਸ ਦਾ ਵਿਸ਼ੇਸ਼ਣ (adjective) 'ਸੁਭ' ਪਦ ਭੀ ਇਸਤ੍ਰੀ-ਲਿੰਗ ਹੀ ਹੈ। ਏਸੇ ਕਰਕੇ ਇਸ ਦਾ ਭੱਭਾ ਅੱਖਰ ਮੁਕਤਾ ਹੈ।

ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥

ਵਾਹਿਗੁਰੂ ਰੂਪੀ ਗੁਰਮਤਿ ਪ੍ਰਚੰਡ ਗਿਆਨੁ ਅਤੇ ਵਾਹਿਗੁਰੂ ਸਰੂਪ ਲਿਵਤਾਰੀ ਧਿਆਨ ਹੀ (ਪਰਮਾਤਮ) ਤੱਤ ਵਿਖੇ (ਆਤਮ) ਤਤੁ ਮਿਲਾਉਂਦਾ ਹੈ (ਮਿਲਾਉਣ ਨੂੰ ਸਮਰਥ ਹੈ), ਹੋਰ ਕੋਈ ਉਪਾਉ ਨਹੀਂ।

ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥

ਸੱਚ (ਵਾਹਿਗੁਰੂ ਨਾਮ) ਦੁਆਰਾ ਹੀ ਸਚੁ ਨਾਮੀ ਵਾਹਿਗੁਰੂ ਨੂੰ ਜਾਣੀਦਾ ਹੈ (ਜਾਣ ਸਕੀਦਾ ਹੈ) ਅਤੇ ਇਸੇ ਸੱਚੇ ਨਾਮ ਵਾਹਿਗੁਰੂ ਵਿਖੇ ਇਕ ਮਨ ਇਕ ਚਿਤ ਹੋ ਕੇ ਅਭਿਆਸਾਕਾਰ ਬਿਰਤੀ ਲਾਇਆਂ ਹੀ ਸੱਚੀ ਲਿਵ ਲਗਦੀ ਹੈ। (ਦੇਖੋ ਪੁਸਤਕ *ਗੁਰਮਤਿ ਸੱਚ ਨਿਰਣੇ*)।

ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥੧੯॥

ਭਿਖਾ ਭੱਟ ਕਹਿੰਦਾ ਹੈ (ਕਹੈ) ਮੈਨੂੰ ਸੋਇ ਗੁਰੂ ਅਮਰਦਾਸ ਮਿਲਿਆ ਹੈ, ਸਹਜ ਜੋਤੀਸ਼ ਰੰਗਾਂ ਵਿਚਿ ਦਰਸ਼ਨ ਗੁਰੂ ਅਮਰਦਾਸ ਨੇ ਦਿਤਾ ਹੈ (ਐਸੀ ਮਿਲਣੀ ਮਿਲਿਆ ਹੈ ਗੁਰੂ ਅਮਰਦਾਸ)। 'ਸੋਇ' ਪਦ 'ਗੁਰੁ' ਪਦ ਨਾਲਿ ਤਅਲਕ ਰਖਦਾ ਹੈ।

ਗੁਰੁ ਦਯਿ ਮਿਲਾਯਉ ਭਿਖਿਆ...॥੨੦॥

ਭਿਖਾ ਭੱਟ (ਕਹਿੰਦਾ ਹੈ) ਦਇਆਲ ਵਾਹਿਗੁਰੂ ਨਿਰੰਕਾਰ ਨੇ ਗੁਰੂ ਮਿਲਾ ਦਿਤਾ ਹੈ। 'ਗੁਰੂ ਨੇ ਵਾਹਿਗੁਰੂ ਮਿਲਾ ਦਿਤਾ' ਇਹ ਅਰਥ ਠੀਕ ਨਹੀਂ, ਕਿਉਂਕਿ 'ਨੇ' ਦੀ ਅਰਥ ਬੋਧਕ ਸਿਹਾਰੀ 'ਦਯਿ' ਪਦ ਦੇ ਯੱਯੇ ਅੱਖਰ ਨੂੰ ਲਗੀ ਹੋਈ ਹੈ। 'ਗੁਰੁ' ਦੇ ਰਾਰੇ ਨੂੰ ਤਾਂ ਔਂਕੜ ਹੈ, ਕਿਉਂ ਜੋ ਇਹ (ਕਰਮ) ਮਫਊਲ ਹੈ 'ਮਿਲਾਯਉ' ਕਿਰਿਆ ਦਾ। ਵਾਹਿਗੁਰੂ ਨੇ ਕੀਹਨੂੰ ਮਿਲਾ ਦਿਤਾ ? ਸਤਿਗੁਰੂ ਨੂੰ।

ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥

ਸਹਜ ਸਮਾਧੀ ਦੀ ਸੰਜੋਅ ਪਹਿਨ ਕੇ (ਗੁਰੂ ਅਮਰਦਾਸ) ਵਾਹਿਗੁਰੂ ਦੇ ਅਪ੍ਰੋਕਸ਼ੁ ਗਿਆਨ (ਪ੍ਰਚੰਡੀ) ਆਸਣ ਤੇ ਸਦਾ ਸਵਾਰ (ਅਸਥਿਤ) ਰਹਿੰਦਾ ਹੈ।

bsrstrust.org

'ਸਮਾਧਿ'—ਸਮਾਧੀ। ਧੱਧੇ ਦੀ ਸਿਹਾਰੀ ਦੇਖੋ ਬਿਹਾਰੀ ਦਾ ਕੰਮ ਦਿੰਦੀ ਹੈ। 'ਪਹਿਰਿ'—ਪਹਿਨ ਕੇ। ਇਥੇ ਸਿਹਾਰੀ 'ਕਰਕੇ' ਦਾ ਅਰਥ ਦਿੰਦੀ ਹੈ। 'ਗਿਆਨਿ' ਪਦ ਦੇ ਨੰਨੇ ਅੱਖਰ ਨੂੰ ਅਤੇ 'ਆਸਣਿ' ਪਦ ਦੇ ਣਾਣੇ ਅੱਖਰ ਨੂੰ ਸਿਹਾਰੀ ਸਾਂਝੇ ਅਰਥ ਰਖਦੀ ਹੈ।

ਧ੍ਰੰਮ ਧਨਖੁ ਕਰ ਗਹਿਓ...॥

ਹੱਥਾਂ ਕਰ ਕੇ ਧਰਮ ਰੂਪੀ ਧਨਖੁ ਗ੍ਰਹਿਨ ਕੀਤੀ।

...ਭਗਤ ਸੀਲਹ ਸਰਿ ਲੜਿਅਓ ॥...੨੧॥

ਭਗਤਾਂ ਵਾਲੀ ਸਹਿਨਸ਼ੀਲਤਾ ਦੇ ਤੀਰ ਨਾਲਿ (ਬਾਣ ਹੱਥਾਂ ਵਿਚਿ ਤੀਰ ਕਮਾਣ ਲੈ ਕੇ) ਯੁਧ ਕੀਤਾ। ਕਈ ਗਿਆਨੀ ਭਗਤੀ ਰੂਪੀ ਸੀਲਤਾ ਅਰਥ ਕਰਦੇ ਹਨ। ਪਰ 'ਭਗਤ' ਪਦ ਦਾ ਤੱਤਾ ਅੱਖਰ ਮੁਕਤਾ ਹੈ। ਇਸ ਕਰਕੇ 'ਭਗਤੀ' ਦਾ ਅਰਥ ਬਣ ਹੀ ਨਹੀਂ ਸਕਦਾ। ਅਨਿੰਨ ਭਗਤਾਂ ਵਾਲਾ ਤੀਰ ਹੀ ਅਰਥ ਬਣਦਾ ਹੈ।

ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਹ ਉਨਹ ਜੋ ਗਾਵੈ ॥

ਭਲ੍ਹ ਨਾਮੇ ਭੱਟ ਕਵੀ (ਦਾ ਕਹਿਣਾ ਹੈ) ਕਿ ਸਤਿਗੁਰੂ ਦੇ (ਗੁਰੂ ਘਰ ਦੇ) ਗੁਰਮਤਿ ਗਿਆਨ ਧਿਆਨ ਕਥਨੇ ਬਿਖਮ ਹਨ। ਉਹ ਕਵੀ ਜਨ ਭਲਾ ਹੀ ਹੈ ਜੋ ਓਹਨਾਂ ਨੂੰ ਗਿਆਨ ਧਿਆਨ ਪੂਰਤ ਗੁਰਮਤਿ ਗੁਣਾਂ (ਗੁਰਬਾਣੀ) ਨੂੰ ਗਾਂਵਦਾ ਹੈ। 'ਭਲ੍ਹ' ਪਦ ਦੁਭਾਂਤੇ ਭਾਵ ਵਿਚਿ ਏਥੇ ਲਗਦਾ ਹੈ। ਇਕ ਤਾਂ 'ਭਲ੍ਹ' ਨਾਮ ਹੈ ਭੱਟ ਕਵੀ ਦਾ। ਦੂਜੇ 'ਭਲਾ' ਦਾ ਅਰਥ ਭਾਵ ਇਹ ਪਦ ਦਿੰਦਾ ਹੈ। ਇਸੇ ਤਰ੍ਹਾਂ ਅਗਲੀ ਪੰਗਤੀ ਵਿਚਿ ਭੀ 'ਭਲੇ' ਪਦ ਦੁਭਾਂਤਾ ਭਾਵ ਅਰਥ ਦਿੰਦਾ ਹੈ ਇਕ 'ਭੱਲਿਆਂ ਦੀ ਕੁਲ ਵਾਲੇ ਅਮਰਦਾਸ ਭੱਲੇ' ਦੇ। ਦੂਜੇ 'ਭਲੇ ਹਨ' ਹੇ ਅਮਰਦਾਸ ਗੁਣ ਤੇਰੇ, ਭਾਵ ਚੰਗੇ ਹਨ।

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੨੨॥

ਤੇਰੀ ਉਪਮਾ (ਤੇਰੀ ਗੁਣਾਂ ਵਾਲੀ ਉਪਮਾ) ਤੈਨੂੰ ਹੀ ਬਣਿ ਆਉਂਦੀ ਹੈ।

ਸਵਈਏ ਮਹਲੇ ਚਉਥੇ ਕੇ

ਕਵਿ ਕਲ੍ਹ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੩॥

(ਪੰਨਾ ੧੩੯੭)

ਕਲ੍ਹ (ਨਾਮੇ ਭੱਟ) ਕਵੀ (ਕਹਿੰਦਾ ਹੈ) ਹੇ! ਸੁਆਮੀ (ਠਾਕਰ) ਹਰਿਦਾਸ ਦੇ ਸਪੁਤ੍ਰ ਗੁਰ ਰਾਮਦਾਸ ਜੀ, ਤੁਸੀਂ ਜੋ ਊਣੇ ਸਰੋਵਰ ਨੂੰ ਨਕਾਨਕ ਭਰਨਹਾਰੇ ਹੋ।

ਅਨਭਉ ਉਨਮਾਨਿ ਅਕਲ ਲਿਵ ਲਾਗੀ ਪਾਰਸੁ ਭੇਟਿਆ ਸਹਜ ਘਰੇ ॥

ਗੁਰੂ ਰਾਮਦਾਸ ਦੀ ਕਦੇ ਨਾ ਟੁੱਟਣ ਵਾਲੀ ਲਿਵ ਉਨਮਨੀ ਅਨਭਉ ਪਦ ਵਿਚਿ ਲਗੀ ਹੋਈ ਹੈ। ਸਹਜ ਦੇ ਘਰ ਜਾ ਕੇ ਭੀ ਪਾਰਸ ਰਸਾਇਣੀ ਨਾਮੁ ਭੇਟੀ ਹੀ ਰਖਿਆ।

bsrstrust.org

ਸਤਗੁਰ ਪਰਸਾਦਿ ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ ॥...੪॥

ਸਤਿਗੁਰ (ਅਮਰਦਾਸ ਜੀ ਦੇ) ਪ੍ਰਸਾਦਿ (ਕਿਰਪਾ) ਦੁਆਰਾ (ਗੁਰੂ ਰਾਮਦਾਸ) ਜੀ ਨੇ ਪਰਮ ਪਦੁ ਪਾਇਆ। ਭਗਤੀ ਭਾਵ ਦੇ ਭੰਡਾਰਾਂ ਦੇ ਭੰਡਾਰ ਭਰ ਲਏ (ਸਤਿਗੁਰੂ ਰਾਮਦਾਸ ਨੇ)।

ਅਭਰ ਭਰੇ ਪਾਯਉ ਅਪਾਰੁ ਰਿਦ ਅੰਤਰਿ ਧਾਰਿਓ ॥

ਹਿਰਦੇ ਰੂਪੀ ਊਣੇ ਸਰੋਵਰ ਨੂੰ ਭਰ ਲਿਆ (ਗੁਰੂ ਰਾਮਦਾਸ ਨੇ) (ਜਦੋਂ) ਅਪਾਰ ਪਾਰਬ੍ਰਹਮ ਪਾ ਲਿਆ। ਹਿਰਦੇ ਅੰਦਰਿ (ਪਾ ਕੇ) ਧਾਰ ਲਿਆ (ਫੇਰ ਧਾਰੀ ਹੀ ਰਖਿਆ)।

ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ ॥
ਗੁਰ ਰਾਮਦਾਸ ਕਲ੍ਯ੍ਚਰੈ ਤੈਂ ਅਟਲ ਅਮਰ ਪਦੁ ਪਾਇਓ ॥੫॥

ਨਾਨਕ ਦੇ ਪ੍ਰਸਾਦ ਕਰਕੇ (ਗੁਰੂ) ਅੰਗਦ ਦੀ (ਬਖ਼ਸ਼ੀ) ਤੁਰੀਆ ਪਦੀ ਉਤਮ ਮਤਿ ਦੁਆਰਾ ਗੁਰੂ ਅਮਰਦਾਸ ਨੇ ਅਮਰ ਵਰਤਾ ਦਿਤਾ। ਕਲ੍ਯ ਭੱਟ ਉਚਰਦਾ ਹੈ ਕਿ ਹੇ ਗੁਰੂ ਰਾਮਦਾਸ ਜੀ ਤੈਂ ਅਟਲ ਅਮਰ ਪਦ ਪਾ ਲਿਆ ਹੈ। 'ਨਾਨਕ ਪ੍ਰਸਾਦਿ'—ਨਾਨਕ ਦੇ ਪ੍ਰਸਾਦਿ ਕਰਿ। 'ਅੰਗਦ ਸੁਮਤਿ'—ਗੁਰੂ ਅੰਗਦ ਬਖ਼ਸ਼ੀ ਸੁਮਤਿ ਦੇ ਤੁਫ਼ੈਲ। 'ਨਾਨਕ' ਤੇ 'ਅੰਗਦ' ਪਦਾਂ ਦੇ ਪਿਛਲੇ ਅੱਖਰ ਮੁਕਤੇ ਹੋਣ ਕਰਿ ਏਹਨਾਂ ਪਦਾਂ ਦੇ ਅਗੇ 'ਦੇ' 'ਦੀ' ਸਬੰਧਕ ਪਦ (preposition) ਦੇ ਅਰਥ ਬੋਧਕ ਹਨ। 'ਸੁਮਤਿ'—ਸੁਮੱਤੀ। 'ਗੁਰਿ ਅਮਰਿ ਅਮਰੁ ਵਰਤਾਇਓ' ਪਹਿਲੇ ਪਦ 'ਅਮਰਿ' ਦੇ ਰਾਰੇ ਅੱਖਰ ਨੂੰ ਸਿਹਾਰੀ ਹੈ ਅਤੇ 'ਗੁਰਿ' ਪਦ ਦੇ ਰਾਰੇ ਅੱਖਰ ਨੂੰ ਸਿਹਾਰੀ ਏਥੇ ਦੋਹੀਂ ਥਾਂਵੀਂ ਸਿਹਾਰੀ 'ਨੇ' ਸਬੰਧਕ ਪਦ (preposition) ਦੇ ਅਰਥ ਦਿੰਦੀ ਹੈ। ਦੂਜੇ ਪਦ 'ਅਮਰੁ' ਦੇ ਰਾਰੇ ਅੱਖਰ ਨੂੰ ਔਂਕੜ ਹੈ ਜੋ ਖ਼ਾਸ ਨਾਂਵ ਦਾ ਹੁਕਮਾਂ ਸਿਰ ਹੁਕਮ ਦੇ ਅਰਥਾਂ ਵਿਚਿ ਸੰਬੋਧਕ ਹੈ। ਦੂਜੀ ਪੰਗਤੀ ਵਿਚਿ 'ਅਮਰ' ਪਦ ਰਾਰੇ ਮੁਕਤੇ ਨਾਲਿ ਹੈ। ਏਥੇ ਇਹ ਪਦ 'ਅਮਰ' ਵਿਸ਼ੇਸ਼ਣ (adjective) ਹੈ। ਪਹਿਲੀ ਪੰਗਤੀ ਦਾ ਦੂਜਾ ਪਦ 'ਅਮਰੁ' ਰਾਰੇ ਔਂਕੜ ਨਾਲਿ ਖ਼ਾਸ ਨਾਂਵ (proper noun) ਹੈ ਅਤੇ ਪਹਿਲਾ ਪਦ 'ਅਮਰਿ' ਰਾਰੇ ਸਿਹਾਰੀ ਵਾਲਾ ਗੁਰੂ ਅਮਰਦਾਸ ਵਲ ਇਸ਼ਾਰਾ ਹੈ ਤੇ ਸਿਹਾਰੀ 'ਨੇ' ਦੇ ਅਰਥ ਅਰਥਾਉਂਦੀ ਹੈ। 'ਗੁਰ ਰਾਮਦਾਸ' ਏਹਨਾਂ ਦੋਹਾਂ ਪਦਾਂ ਦੇ ਪਿਛਲੇ ਅੱਖਰ ਮੁਕਤੇ ਹਨ। ਸਨਮੁਖ ਸੰਬੋਧਨ ਦੇ ਭਾਵ ਕਰਕੇ—ਹੇ ਗੁਰੂ ਰਾਮਦਾਸ ਜੀ!

ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥

ਗੁਰੂ ਰਾਮਦਾਸ ਜੀ ਦਾ ਨਿਵਾਸ (ਵਾਸ) ਸਦਾ ਵਾਹਿਗੁਰੂ ਰੂਪੀ ਸੰਤੋਖ ਸਰੋਵਰ ਵਿਚਿ ਹੈ। ਅਤੇ ਅੰਮ੍ਰਿਤ ਰਸੁ ਸਦਾ ਹੀ ਗੁਰੂ ਰਾਮਦਾਸ ਦੀ ਰਸਨਾ ਤੋਂ ਪਰਜੁਲਤ (ਪ੍ਰਕਾਸ਼ਤ) ਹੁੰਦਾ ਹੀ ਰਹਿੰਦਾ ਹੈ। 'ਸਰੋਵਰਿ' ਪਦ ਦੇ ਦੂਜੇ ਰਾਰੇ ਨੂੰ ਲਗੀ ਸਿਹਾਰੀ ਵਿਖੇ ਦਾ ਅਰਥ ਸਾਰਦੀ ਹੈ। 'ਬਸੈ'—ਵਸਦਾ ਹੈ (ਸਦਾ)। ਸੱਸੇ ਦੀਆਂ ਦੁਲਾਈਆਂ ਵਰਤਮਾਨ ਕਾਲ (present tense verb) ਦਾ ਭਾਵ ਭਾਵਾਉਂਦੀਆਂ ਹਨ। 'ਅਮਿਅ ਰਸੁ'—ਅੰਮ੍ਰਿਤ ਰਸੁ। 'ਅਮਿਅ ਪਦ ਦਾ ਦੂਜਾ (ਛੇਕੜਲਾ) ਐੜਾ ਅੱਖਰ

bsrstrust.org

ਮੁਕਤਾ 'ਦਾ' ਸਬੰਧਕ ਪਦ ਵਿਦਤਾਉਂਦਾ ਹੈ। 'ਰਸੁ' ਪਦ ਦਾ ਔਂਕੜ ਵਾਲਾ ਸੱਸਾ ਅੱਖਰ ਖ਼ਾਸ ਰਸ ਨੂੰ ਜਾਣਾਉਂਦਾ ਹੈ। 'ਰਸਨ ਪ੍ਰਕਾਸੈ'—ਰਸਨਾਂ ਤੋਂ ਪ੍ਰਕਾਸ਼ਦਾ ਹੈ। 'ਰਸਨ' ਪਦ ਦਾ ਸੱਸਾ ਅੱਖਰ ਮੁਕਤਾ 'ਤੋਂ' ਦਾ ਅਰਥ ਦਿੰਦਾ ਹੈ—ਰਸਨਾ ਤੋਂ। 'ਪ੍ਰਕਾਸੈ'—ਪਰਕਾਸ਼ਦਾ ਹੈ। ਸੱਸੇ ਅੱਖਰ ਦੀਆਂ ਦੁਲਾਈਆਂ ਵਰਤਮਾਨ ਕਿਰਿਆ ਦੀਆਂ ਹਨ।

ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ॥

ਗੁਰੂ ਰਾਮਦਾਸ ਨੂੰ ਮਿਲਨਸਾਰ ਸਾਂਤਿ ਪੈਦਾ ਹੁੰਦੀ ਹੈ ਅਤੇ ਪਾਪ ਦੂਰ ਤੋਂ ਹੀ ਨਸ ਜਾਂਦਾ ਹੈ। 'ਸਾਂਤਿ'—ਸਾਂਤੀ। 'ਉਪਜੈ'—ਉਪਜਦੀ ਹੈ। ਜੱਜੇ ਅੱਖਰ ਦੀਆਂ ਦੁਲਾਈਆਂ ਵਰਤਮਾਨ ਕਾਲ ਕਿਰਿਆ (present tense verb) ਦਾ ਅਰਥ ਬੋਧਾਉਂਦੀਆਂ ਹਨ। 'ਨਾਸੈ'—ਨਸ ਜਾਂਦਾ ਹੈ। 'ਦੁਰਤੁ'—ਪਾਪ।

ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗੁ ਨ ਹੁਟੈ॥

(ਗੁਰੂ ਰਾਮਦਾਸ) ਸੁਖਾਂ ਦਾ ਸਾਗਰੁ (ਵਾਹਿਗੁਰੂ) ਪਾਇਆ (ਇਹ ਗੁਰੂ ਰਾਮਦਾਸ ਦੀ) ਦਿਤੀ ਦਾਤਿ ਹੈ। ਇਸ ਸਾਗਰੀ ਗੁਰੂ ਦਿਤੀ ਦਾਤਿ ਦੇ ਪ੍ਰਬਲ ਪ੍ਰੇਮ ਦੇ ਕਾਰਨ ਵਾਹਿਗੁਰੂ ਦੇ ਮਾਗਰ ਤੋਂ ਗੁਰੂ ਰਾਮਦਾਸ ਪਾਸੋਂ ਰੁਕਿਆ (ਹਟਕਿਆ) ਨਹੀਂ ਜਾਂਦਾ। ਕਈ ਪਾਠੀ 'ਉਦਿੰਤੁ' ਪਾਠ ਕਰਦੇ ਹਨ, ਐੜਾ ਅੱਖਰ ਊੜੇ ਤੋਂ ਨਿਖੇੜ ਲੈਂਦੇ ਹਨ। 'ਪਾਇਅਓ' ਨੂੰ 'ਪਾਇਅ' ਹੀ ਰਹਿਣ ਦਿੰਦੇ ਹਨ। ਐਸਾ ਪਾਠ ਪਰਚਲਤ ਟਕਸਾਲ ਗੁਰਬਾਣੀ ਲਿਖਤ ਤੋਂ ਬਿਪਰਜੇ ਹੈ। 'ਪਾਇਅਉ' ਪਾਠ ਨਾਲਿ 'ਅਉਂਦਾ ਹੈ, ਸਵਈਆਂ ਵਿਖੇ ਖ਼ਾਸ ਕਰਿ।

"ਸੀਲ ਸੰਨਾਹੁ ਮਫੁਟੈ"—ਸਹਿਨਸ਼ੀਲਤਾ ਦੀ ਸੰਜੋਅ ਨਹੀਂ ਫੁਟਦੀ। 'ਸੀਲ ਸੰਨਾਹੁ'—'ਸੀਲ' ਦਾ ਲੱਲਾ ਅੱਖਰ ਮੁਕਤਾ 'ਦੀ' ਸਬੰਧਕੀ ਪਦ (preposition) ਅਗੇ ਵਿਦਤਾਉਂਦਾ ਹੈ। 'ਮਫੁਟੈ'—ਨਹੀਂ ਫੁਟਦੀ ਹੈ।

ਸਤਿਗੁਰੁ ਪ੍ਰਮਾਣੁ ਬਿਧਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ॥...੬॥

ਬਿਧਾਤੇ ਨੇ (ਰਾਮ ਦਾਸ ਨੂੰ) ਪਰਵਾਣ ਪਿਆ ਗੁਰੂ ਥਾਪਿਆ ਹੈ। (ਇਸ ਕਰਕੇ) ਜਗ ਨੇ (ਗੁਰੂ ਰਾਮਦਾਸ ਦੇ) ਜਸ ਦਾ ਨਗ਼ਮਾ ਗਾਇਆ, ਤੂਰ (ਵਾਜਾ) ਵਜਾਇਆ। 'ਨੈ' ਪਦ ਗੁਰਬਾਣੀ ਅੰਦਰ ਪਹਿਲੀ ਵਾਰ 'ਨੇ' ਦੇ ਥਾਉਂ ਵਰਤਿਆ ਦੇਖਿਆ ਹੈ, ਸਵਈਆਂ ਅੰਦਰਿ ਹੀ ਜਿਵੇਂ 'ਨਹ' ਯਾ 'ਨਹਿ' ਦੇ ਥਾਉਂ 'ਨਹੁ' ਦੇਖਿਆ ਹੈ। 'ਪ੍ਰਮਾਣੁ'—ਪਰਮਾਣ ਸ਼ੁਦਾ। "ਜਗਿ ਜਸ ਤੂਰੁ ਬਜਾਇਅਉ"—ਜਗ ਨੇ ਜਸ ਦਾ ਵਾਜਾ ਵਜਾਇਆ। 'ਜਸ' ਦਾ ਸੱਸਾ ਮੁਕਤਾ 'ਦਾ' ਸਬੰਧਕ ਪਦ ਅਗੇ ਲਿਆਉਂਦਾ ਹੈ।

ਜਗੁ ਜਿਤਉ ਸਤਿਗੁਰ ਪ੍ਰਮਾਣਿ ਮਨਿ ਏਕੁ ਧਿਆਯਉ॥

(ਗੁਰੂ ਰਾਮਦਾਸ ਨੇ) ਜਗੁ ਜਿਤੁ ਲਿਆ, ਸਤਿਗੁਰੂ (ਅਮਰਦਾਸ) ਨੇ ਪਰਮਾਣ ਕੇ ਗੁਰੂ ਥਾਪਿਆ ਹੈ। (ਐਸਾ ਗੁਰੂ ਪਰਮਾਣਿਆ ਕਿ ਗੁਰ ਦੀਖਿਆ ਗੁਰਮੰਤ੍ਰ

bsrstrust.org

ਅਭਿਆਸ ਐਸਾ ਦ੍ਰਿੜ੍ਹ ਕੀਤਾ ਕਿ) ਮਨ ਕਰਕੇ ਇਕੁ ਅਕਾਲ ਪੁਰਖ ਧਿਆਇਆ। ਅਗਲੀ ਤੁਕ ਸਾਫ਼ ਇਸ ਭਾਵ ਦੀ ਪ੍ਰੋੜ੍ਹਤਾ ਕਰਦੀ ਹੈ।

ਧਨਿ ਧਨਿ ਸਤਿਗੁਰ ਅਮਰਦਾਸੁ ਜਿਨਿ ਨਾਮੁ ਦ੍ਰਿੜਾਯਉ ॥...੭॥

ਤਾਂ ਤੇ ਸਤਿਗੁਰ ਪ੍ਰਮਾਣਿ ਦਾ ਇਸ਼ਾਰਾ ਗੁਰੂ ਅਮਰਦਾਸ ਵਲ ਹੈ। 'ਸਤਿਗੁਰ' ਦਾ ਰਾਰਾ ਮੁਕਤਾ ਹੋਣ ਕਰਿ 'ਨੇ' ਦੇ ਅਰਥ ਨਹੀਂ ਬਣਿ ਸਕਦੇ। ਗੁਰੂ ਰਾਮਦਾਸ ਵਲ ਇਸ਼ਾਰਾ ਨਹੀਂ।

ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ ॥

ਪੂਰਬਲੀ ਪ੍ਰੀਤਿ ਦੇ ਅੰਕੂਰ ਸਫੁਟ ਹੋਣ ਕਰਿ ਜੋ ਪ੍ਰੇਮਾ ਭਗਤੀ ਦਾ ਪਰਵਾਹ ਐਸਾ ਚਲਿਆ (ਗੁਰੂ ਰਾਮਦਾਸ ਦਾ ਚਲਾਇਆ ਹੋਇਆ) ਕਿ ਥੰਮਣਾ ਹੀ ਨਹੀਂ ਪਾਉਂਦਾ। ਸਦਾ ਜਾਰੀ ਹੀ ਰਹਿੰਦਾ ਹੈ ਇਹ ਪਰਵਾਹ।

ਸਤਿਗੁਰ ਸਬਦੁ ਅਥਾਹੁ ਅਮਿਅ ਧਾਰਾ ਰਸੁ ਗੁਟਇ ॥

"ਸਤਿਗੁਰ ਦਾ ਸ਼ਬਦ (ਐਸਾ ਪਾਰਸ ਰਸਾਇਣੀ ਸੰਪਟਾਵਾ ਗੁੱਟ ਹੈ ਜੋ) ਅਥਾਹ ਅੰਮ੍ਰਿਤ ਧਾਰਾ ਦਾ ਰਸੁ ਨਿਚੋੜ ਰਿਹਾ ਹੈ (ਗੁਟ ਵਿਚੋਂ) ਜੈਸੇ ਖੋਪੇ ਨਾਰੀਅਲ ਦੇ ਗੁੱਟ ਵਿਚੋਂ ਰਸ ਛਲਕਦਾ ਹੈ ਅਤੇ ਛਲਕ ਛਲਕ ਬਾਹਰਿ ਨਿਕਲਦਾ ਹੈ (ਜਦੋਂ ਨਿਕਾਸਕ ਰਾਹੀਂ ਨਿਕਸਦਾ ਹੈ)। 'ਅੰਮ੍ਰਿਤ ਧਾਰਾ ਦਾ ਰਸੁ ਪੀਂਦੇ ਹਨ'—ਇਹ ਅਰਥ ਨਹੀਂ ਬਣਦਾ। 'ਗੁਟਇ' ਬਹੁ-ਵਚਨ ਨਹੀਂ, ਕਿਰਿਆ ਦਾ।

'ਗੁਟਇ' ਕਿਰਿਆ ਦਾ ਕਰਤਾ ਹੈ 'ਸਤਿਗੁਰ ਸਬਦੁ', ਤੇ ਕਰਮ ਹੈ 'ਰਸੁ'। ਤਾਂ ਤੇ ਕਰਤਾ ਸ਼ਬਦ ਇਕ-ਵਚਨ (singular) ਹੈ, ਉਸ ਦੀ ਕਿਰਿਆ ਭੀ ਇਕ- ਵਚਨ ਹੀ ਹੋਣੀ ਚਾਹੀਦੀ ਹੈ।

ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ ॥

ਸੰਸਾਰਕ ਮਤਿ (ਮਾਤਾ ਰੂਪ ਸੰਸਾਰਕ ਮਤ) ਅਤੇ ਪਿਤਾ ਰੂਪੀ ਸੰਤੋਖੁ ਇਹ ਦੋਵੇਂ ਸਹਜ ਅਵਸਥਾ ਦੇ ਸਰੋਵਰ ਵਿਚਿ ਸਮਾ ਗਏ (ਗ਼ਰਕ ਹੋ ਗਏ), ਏਹਨਾਂ ਦਾ ਅਭਾਵ ਹੋ ਗਿਆ। ਸਤੁ ਤੇ ਸੰਤੋਖ ਸਤੋ ਗੁਣ ਜੋ ਹਨ ਤ੍ਰੈ ਗੁਣਾਂ ਵਿਚਿ ਹੀ ਹਨ। ਤੁਰੀ ਗੁਣੀ ਸਹਜ ਪਦ ਦਾ ਸਰੋਵਰੁ ਜਦੋਂ (ਗੁਰੂ ਰਾਮਦਾਸ ਦੀ ਕਿਰਪਾ ਦੁਆਰਾ) ਉਛਲਿਆ ਤਾਂ ਤ੍ਰੈਗੁਣੀ ਗੁਣ ਸਤਿ ਸੰਤੋਖ ਸਭ ਮਾਤ ਪੈ ਗਏ। ਵਿਚੇ ਹੀ ਸਮਾ ਗਏ। ਏਹਨਾਂ ਦਾ ਅਭਾਵ ਹੋ ਗਿਆ। ਸੰਸਾਰੀਆਂ ਦੇ ਇਹ ਤ੍ਰੈਗੁਣੀ ਗੁਣ ਸਤ ਸੰਤੋਖ ਆਦਿ ਨਾਲੋਂ ਨਿਰੰਕਾਰੀਆਂ ਨਾਮ ਅਧਾਰੀਆਂ ਦਾ ਸਹਜ ਗੁਣ ਬਹੁਤ ਉੱਚਾ ਹੈ।

ਆਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ ॥

ਸਾਰਾ ਜਗਤ (ਸੰਸਾਰੁ) ਗੁਰੂ ਦੇ ਬਚਨ ਨੇ ਤਾਰ ਦਿਤਾ ਹੈ। ਕਿਉਂਕਿ ਗੁਰਬਚਨ ਗੁਰਮੰਤ੍ਰ ਗੁਰਮਤਿ ਨਾਮ ਵਾਹਿਗੁਰੂ ਨਾਮੀ ਵਾਹਿਗੁਰੂ ਨਾਲਿ ਅਭੇਦ ਹੋਣ ਕਰਿ ਅਜੋਨੀ ਅਤੇ ਸੈਭੰ ਸਰੂਪ ਹੈ। ਜਿਵੇਂ ਅਕਾਲ ਪੁਰਖ ਵਾਹਿਗੁਰੂ ਅਜੋਨੀ ਹੈ (ਜੂਨਾਂ ਤੋਂ ਰਹਿਤ

bsrstrust.org

ਹੈ) ਇਸ ਪ੍ਰਕਾਰ ਨਾਮੁ ਵਾਹਿਗੁਰੂ ਭੀ ਅਜੋਨੀ ਹੈ (ਇਸ ਦਾ ਆਦਿ ਅੰਤ ਹੈ ਨਹੀਂ) ਅਤੇ ਜਿਵੇਂ ਵਾਹਿਗੁਰੂ ਨਿਰੰਕਾਰ ਸੈਭੰ (ਸੁਤੇ ਪ੍ਰਕਾਸ਼ ਹੈ) ਇਸੇ ਤਰ੍ਹਾਂ ਨਿਰੰਕਾਰੀ ਨਾਮ ਭੀ ਸ੍ਵੈਭੰ ਸਰੂਪਾ ਹੈ। ਆਪੇ ਹੀ ਆਪਣੇ ਸਰੂਪ ਤੋਂ ਹੀ ਪ੍ਰਕਾਸ਼ਤ ਹੈ। ਸਾਰੀ ਰਚੀ ਰਚਨਾ ਤੋਂ ਪ੍ਰਿਥਮ ਦਾ ਸੁਭ ਸੁਭਾਵ ਨਿਜ ਰਚਤ ਹੈ। ਏਸੇ ਕਰਕੇ ਹੀ ਇਹ ਪਰਾ ਪੂਰਬਲਾ ਹੈ। ਇਸੇ ਕਰਕੇ ਇਹ ਨਾਮੁ ਸਤਿ ਹੈ। ਬਿਨਾ ਨਾਮ ਨਾਮੀ ਦੇ ਹੋਰ ਕੋਈ ਵਸਤੂ ਸਤਿ ਨਹੀਂ ਅਤੇ ਨਾਮੁ ਨਾਮੀ ਪਰਸਪਰ ਅਭੇਦ ਹਨ। ਇਹ ਨਾਮੁ ਗੁਰੂ ਦੁਆਰਾ ਸੰਸਾਰ ਅੰਦਰਿ ਚਮਤਕਾਰਤ ਹੋਇਆ (ਗੁਰੂ ਨੇ ਰਚਿਆ ਨਹੀਂ), ਏਸੇ ਕਰਕੇ ਹੀ ਇਹ ਨਾਮੁ ਗੁਰ ਬਚਨ ਸਦਾਇਆ! ਧੁਰਿ ਦਰਗਾਹੋਂ ਗੁਰੂ ਦੁਆਰਾ ਹੀ ਇਹ ਆਇਆ। ਇਸ ਕਰਕੇ ਹੀ ਗੁਰ ਬਚਨ ਦੀ ਪਦਵੀ ਨਾਲਿ ਸਸ਼ੋਭਤ ਹੋਇਆ। (ਦੇਖੋ ਪੁਸਤਕ *ਜੋਤਿ ਵਿਗਾਸ*)

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥ *(ਪੰਨਾ ੪੬੩)*

ਨਾਮੁ ਦੀ ਰਚਨਾ ਨਾਮੀ ਵਾਹਿਗੁਰੂ ਦੇ ਨਾਲਿ ਹੀ ਹੋਈ ਅਤੇ ਸੁਤੇ ਪ੍ਰਕਾਸ਼ ਹੀ ਹੋਈ ਸ੍ਵੈਭੰ ਸਰੂਪ ਵਿਚਿ। ਸ੍ਵੈਭੰ ਸਰੂਪ ਵਿਚਿ ਜਿਵੇਂ ਨਾਮੀ ਦੀ ਰਚਨਾ ਸੰਭਵੀ ਜਾਂਦੀ ਹੈ, ਤਿਵੇਂ ਹੀ ਨਾਮੁ ਦੀ ਰਚਨਾ ਭੀ ਸੁਤੇ ਸੰਭਾਵਨਾ ਹੈ। ਅਗਲੀ ਪੰਗਤੀ ਭੀ ਉਪਰਲੇ ਭਾਵ ਦੀ ਪ੍ਰੋੜ੍ਹਤਾ ਕਰਦੀ ਹੈ।

ਅਬਿਗਤ ਅਗੋਚਰੁ ਅਪਰਪਰੁ ਮਨਿ ਗੁਰ ਸਬਦੁ ਵਸਾਇਅਉ ॥

ਮਨ ਵਿਖੇ (ਐਸਾ) ਗੁਰਸ਼ਬਦ ਵਸਾਇਆ ਹੈ ਜੋ 'ਅਬਿਗਤ' ਹੈ 'ਅਗੋਚਰੁ' ਹੈ ਤੇ 'ਅਪਰਪਰੁ' ਹੈ। ਜਿਵੇਂ ਨਾਮੀ ਵਾਹਿਗੁਰੂ ਨਿਰੰਕਾਰ (ਅਕਾਲ ਪੁਰਖ) ਅਬਿਗਤ, ਅਗੋਚਰ ਅਤੇ ਅਪ੍ਰੰਪਰ ਵਿਸ਼ੇਸ਼ਣੀ ਸਿਫ਼ਤਾਂ ਵਾਲਾ ਹੈ ਇਸੇ ਪਰਕਾਰ ਨਾਮ (ਗੁਰ ਸ਼ਬਦ) ਭੀ ਏਹਨਾਂ ਹੀ ਵਿਸ਼ੇਸ਼ਣਾਂ ਵਾਲਾ ਹੈ। 'ਅਬਿਗਤ, ਅਗੋਚਰੁ, ਅਪਰਪਰੁ' ਇਹ ਤਿੰਨੇ ਪਦ 'ਗੁਰ ਸਬਦੁ' (ਨਾਮੁ) ਨਾਂਵ (noun) ਦੇ ਵਿਸ਼ੇਸ਼ਣ (adjective) ਹਨ। ਗੁਰ ਸਬਦੁ, ਗੁਰਮੰਤ੍ਰ, ਗੁਰਬਚਨ ਇਹ ਤਿੰਨੇ ਪਦ ਇਕੋ ਹੀ ਅਰਥ ਰਖਦੇ ਹਨ। 'ਵਸਾਇਅਉ' ਪਦ ਭੱਟਾਂ ਦੇ ਸਵਯਾਂ ਅੰਦਰਿ ਤਿੰਨਾਂ ਰੂਪਾਂ ਵਿਚਿ ਆਉਂਦਾ ਹੈ (ਅੰਕਤਾਇਆ ਗਿਆ ਹੈ) 'ਵਸਾਇਓ, ਵਸਾਇਅਉ, ਵਸਾਯਉ'। ਇਹ ਪਤਾ ਨਹੀਂ ਐਸਾ ਕਿਉਂ ਹੈ। 'ਗੁਰ ਸਬਦੁ' ਧੁਰਿ ਅਕਾਲ ਪੁਰਖ ਦੀ ਦਰਗਾਹੋਂ ਗੁਰੂ ਨਾਨਕ ਦੀ ਵਿਰਾਸਤ ਵਿਚਿ ਆਇਆ ਹੋਣ ਕਰਕੇ ਇਹ ਨਾਮੁ 'ਗੁਰ ਸਬਦੁ' ਪਰਸਿੱਧ ਹੋਇਆ। ਗੁਰੂ ਨਾਨਕ ਸਾਹਿਬ ਤੋਂ ਗੁਰੂ ਅੰਗਦ, ਗੁਰੂ ਅੰਗਦ ਸਾਹਿਬ ਤੋਂ ਗੁਰੂ ਅਮਰਦਾਸ, ਗੁਰੂ ਅਮਰਦਾਸ ਸਾਹਿਬ ਤੋਂ ਗੁਰੂ ਰਾਮਦਾਸ ਸਾਹਿਬ ਦੀ ਵਿਰਾਸਤ ਵਿਚਿ ਇਹ ਗੁਰ ਸ਼ਬਦ ਆਇਆ। ਗੁਰੂ ਘਰ ਦੀ ਟਕਸਾਲ ਵਿਚਿ ਹੀ ਇਹ ਗੁਰ ਸ਼ਬਦ ਰੂਪੀ ਸਿੱਕਾ ਘੜਿਆ ਗਿਆ। ਗੁਰੂ ਘਰ ਤੋਂ ਬਾਹਰ ਇਹ ਕਿਸੇ ਹੋਰ ਦੀ ਵਿਰਾਸਤ ਵਿਚ ਨਹੀਂ ਜਾ ਸਕਦਾ। ਆਪੋਂ ਬਣਿ ਬੈਠੇ ਗੁਰੂਆਂ ਦਾ ਇਸ ਗੁਰ ਸ਼ਬਦ ਨਾਲਿ ਵਾਸਤਾ ਹੀ ਕੋਈ ਨਹੀਂ, ਨਾ ਹੀ ਹੋ ਸਕਦਾ ਹੈ। ਇਹ ਰਤਨ ਪਦਾਰਥ ਗੁਰ ਸ਼ਬਦ ਪ੍ਰਾਪਤਿ ਹੀ ਨਹੀਂ, ਨਾ ਹੀ ਹੋਰ ਪੋਚ ਗੁਰੂਆਂ ਨੂੰ ਅਧਿਕਾਰ ਹੈ ਇਸ ਗੁਰ ਸ਼ਬਦ ਨੂੰ ਜੱਫਾ ਮਾਰਨ

bsrstrust.org

ਦਾ। ਓਹਨਾਂ ਦੇ ਪਾਸ ਇਹ ਵਸਤੂ ਹੀ ਨਹੀਂ, ਪਾਉਣ ਤਾਂ ਕਿਥੋਂ ਪਾਉਣ ? ਅਤੇ ਵਰਤਾਉਣ ਤਾਂ ਕਿਥੋਂ ਵਰਤਾਉਣ ? ਵਰਤਾਈ ਪੋਚ ਵਸਤੂ ਕਾਰਗਰ ਹੀ ਨਹੀਂ ਹੋ ਸਕਦੀ। ਓਹ ਕੋਈ ਮੰਨ ਮੰਨਿਆ ਪੋਚ ਸ਼ਬਦ ਹੀ ਵਰਤਾਉਂਦੇ ਹਨ। ਸੱਚਾ ਸ਼ਬਦ ਤਾਂ ਇਕੋ ਗੁਰ ਸ਼ਬਦੁ ਧੁਰਿ ਦਰਗਾਹੀ ਦੀਖਿਅਤ ਗੁਰਮੰਤ੍ਰ ਹੀ ਹੈ।

ਗੁਰ ਰਾਮਦਾਸ ਕਲ੍ਯੁਚਰੈ ਤੈ ਜਗਤ ਉਧਾਰਣੁ ਪਾਇਅਉ ॥੮॥

ਕਲ੍ਯ ਭੱਟ ਉਚਰਦਾ ਹੈ। ਹੇ ਗੁਰੂ ਰਾਮਦਾਸ! ਤੈਂ ਜਗਤ ਦੇ ਉਧਾਰਣਹਾਰਾ ਵਾਹਿਗੁਰੂ ਸੱਚੀ ਪਾਉਣੀ ਪਾਇਆ ਹੈ। 'ਵਸਾਇਓ' ਪਦ ਦੀ ਨਿਆਈਂ 'ਪਾਇਅਉ', ਪਦ ਭੀ ਤਿੰਨਾਂ ਰੂਪਾਂ ਵਿਚਿ ਅੰਕਤ ਹੋਇਆ ਪਾਇਆ ਜਾਂਦਾ ਹੈ ਭੱਟਾਂ ਦੀ ਬਾਣੀ ਅੰਦਰਿ—ਪਾਇਓ, ਪਾਇਅਉ, ਪਾਯਉ। ਅਗਲੀ ਨੌਵੀਂ ਪਉੜੀ ਦੇ ਭਾਵ ਤੋਂ ਪਰਤੀਤ ਹੁੰਦਾ ਹੈ ਕਿ 'ਜਗਤ ਉਧਾਰਣੁ' ਪਦ ਗੁਰੂ ਰਾਮਦਾਸ ਪ੍ਰਥਾਇ ਹੀ ਵਿਸ਼ੇਸ਼ਣ ਰੂਪ ਕਰਕੇ ਵਰਤਿਆ ਗਿਆ ਹੈ, ਇਸ ਬਿਧ ਤਾਂ 'ਜਗਤ ਉਧਾਰਣੁ ਪਾਇਅਉ' ਪੰਗਤੀ ਦਾ ਭਾਵ—ਹੇ ਗੁਰੂ ਰਾਮਦਾਸ! ਤੈਂ 'ਜਗਤ ਉਧਾਰਣੁ' ਪਦ ਪਾਇਆਓ ਹੈ। ਜਗਤ ਦੇ ਉਧਾਰਣ ਵਾਲੀ।

ਜਗਤ ਉਧਾਰਣੁ ਨਵਨਿਧਾਨੁ ਭਗਤਹ ਭਵਤਾਰਣੁ ॥
ਅੰਮ੍ਰਿਤ ਬੂੰਦ ਹਰਿਨਾਮੁ ਬਿਸੁ ਕੀ ਬਿਧੈ ਨਿਵਾਰਣੁ ॥
ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ ॥
ਗੁਰਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ ॥
ਤੇ ਮੁਕਤੇ ਭਏ ਸਤਿਗੁਰ ਸਬਦਿ ਮਨਿ ਗੁਰ ਪਰਚਾ ਪਾਇਅਉ ॥
ਗੁਰ ਰਾਮਦਾਸ ਕਲ੍ਯੁਚਰੈ ਤੈ ਸਬਦ ਨੀਸਾਨੁ ਬਜਾਇਅਉ ॥੯॥

ਸਭ ਤੋਂ ਪਿਛਲੀ ਤੁਕ ਦਸਦੀ ਹੈ ਕਿ ਇਸ ਸਵਈਏ ਵਿਖੇ ਵਰਣਨ ਕੀਤੀ ਸਿਫ਼ਤਾਵਲੀ ਦੇ ਪਦ ਸਭ ਸ੍ਰੀ ਗੁਰੂ ਰਾਮਦਾਸ ਪ੍ਰਥਾਇ ਹੀ ਘਟਦੇ ਹਨ। 'ਜਗਤ ਉਧਾਰਣੁ'—ਜਗਤ ਦੇ ਉਧਾਰਣਹਾਰਾ। 'ਨਵ ਨਿਧਾਨੁ'—ਨੌਂ ਨਿਧੀਆਂ ਦੇ ਖਜ਼ਾਨੇ ਦਾ ਮਾਲਕ। 'ਭਗਤਹ ਭਵਤਾਰਣੁ'—ਭਗਤਾਂ ਨੂੰ ਭਵਜਲ ਤੋਂ ਤਾਰਨ ਹਾਰਾ ਗੁਰੂ ਰਾਮਦਾਸ! ਉਸਦੀ ਬਖ਼ਸ਼ੀ ਹੋਈ ਹਰਿ ਨਾਮੁ ਰੂਪੀ ਅੰਮ੍ਰਿਤ ਬੂੰਦ ਮਾਤਰ ਹੀ ਵਿਸ੍ਰ ਸੰਸਾਰ (ਜ਼ਹਿਰੀਲੀ ਮਾਇਆ) ਦੀ ਵਿਹੁ ਦੂਰ ਕਰਨ ਨੂੰ ਸਮਰਥ ਹੈ। ਆਤਮ ਸਹਜ ਦਾ ਫਲਿਆ ਤਰੋਵਰ (ਬਿਰਛ) ਹੈ ਗੁਰੂ ਰਾਮਦਾਸ, ਜਿਸ ਨੂੰ ਅਪ੍ਰੋਕਸ਼ ਗਿਆਨ ਮਈ ਸੁਤੇ ਫਲ (ਬਹੁ ਬਹੁਭਾਂਤੀ) ਲਗੇ ਹੋਏ ਹਨ। ਇਹ ਫਲ ਗੁਰ ਪ੍ਰਸਾਦਿ ਕਰਿ (ਗੁਰੂ ਰਾਮਦਾਸ ਦੀ ਕਿਰਪਾ ਦੁਆਰਾ) ਪਾਈਦੇ ਹਨ। ਜਿਨ੍ਹਾਂ ਨੂੰ ਏਹ ਫਲ ਪ੍ਰਾਪਤਿ ਹੁੰਦੇ ਹਨ ਤੇ ਜਨ ਧੰਨ ਹਨ ਤੇ ਵਡਿਭਾਗੇ ਹਨ। (ਗੁਰੂ ਰਾਮਦਾਸ ਨੂੰ ਪਰਸਨ ਭੇਟਣ ਕਰਿ) ਤੇ ਜਨ ਜੀਵਨ ਮੁਕਤ ਭਏ ਹਨ। ਜਿਨ੍ਹਾਂ ਨੇ ਸਤਿਗੁਰ ਦੀਖਿਅਤ ਸ਼ਬਦੁ ਗੁਰਮੰਤ੍ਰ ਦੁਆਰਾ ਆਪ ਦੇ ਮਨ ਹੀ ਮਨ ਅੰਦਰਿ ਗੁਰ ਦੱਸੇ ਸ਼ਬਦ ਅਭਿਆਸ ਦੀ ਕਮਾਈ ਦਾ ਪਰਚਾ ਲਾਇਆ ਹੈ। ਕਲ੍ਯ ਭੱਟ ਉਚਾਰਨ ਕਰਦਾ ਹੈ ਹੇ ਗੁਰੂ ਰਾਮਦਾਸ ਤੈਂ ਐਸਾ ਸ਼ਬਦ ਦਾ ਨਗਾਰਾ (ਧੌਂਸਾ) ਬਜਾਇਆ ਹੈ।

bsrstrust.org

ਸੇਜ ਸਧਾ ਸਹਜੁ ਛਾਵਾਣੁ ਸੰਤੋਖੁ ਸਰਾਇ ਚਉ ਸਦਾ ਸੀਲ ਸੰਨਾਹੁ ਸੋਹੈ॥

ਗੁਰੂ ਰਾਮਦਾਸ ਦੀ ਹਿਰਦੇ ਰੂਪੀ ਸੇਜ ਨਿਰੀ ਸਰਧਾ ਰੂਪ ਹੀ ਹੋਈ ਵੀ ਹੈ (ਪਰਮਾਤਮੀ ਸਰਧਾ ਨਾਲਿ ਸਦਾ ਅਤੇ ਸੁਤੇ ਭਰਪੂਰਿ ਰਹਿੰਦੀ ਹੈ)। ਸਹਜ ਪਦ ਦਾ ਛਤਰ ਛਾਇਆ ਰੂਪੀ ਚੰਦੋਆ ਸਦਾ ਗੁਰੂ ਰਾਮਦਾਸ ਦੇ ਸੀਸ ਤੇ ਛਾਇਆ ਹੀ ਰਹਿੰਦਾ ਹੈ। ਆਤਮ ਵਿਗਾਸੀ ਸੰਤੁਸ਼ਟਤਾ ਦਾ ਤੰਬੂ ਤਣਿਆ ਰਹਿੰਦਾ ਹੈ (ਗੁਰੂ ਰਾਮਦਾਸ ਦਾ ਸਦਾ ਜੋਤਿ ਵਿਗਾਸ ਆਨੰਦੀ ਸੰਤੁਸ਼ਟਤਾ ਮਈ ਤੰਬੂ ਵਿਚਿ ਨਿਵਾਸ ਰਹਿੰਦਾ ਹੈ) ਅਤੇ ਸਹਿਨਸ਼ੀਲਤਾ ਦੀ ਸੰਜੋਅ ਸਦਾ ਗੁਰੂ ਰਾਮਦਾਸ ਜੀ ਦੇ ਦੁਆਲੇ ਸਜੀ ਰਹਿੰਦੀ ਹੈ।

ਗੁਰ ਸਬਦਿ ਸਮਾਚਰਿਓ ਨਾਮੁ ਟੇਕ ਸੰਗਾਦਿ ਬੋਹੈ॥

ਗੁਰੂ (ਰਾਮਦਾਸ) ਦੇ ਦੀਖਿਅਤ ਸ਼ਬਦ ਗੁਰਮੰਤ੍ਰ ਦੀ ਕਮਾਈ ਦੁਆਰਾ ਐਸਾ ਸੁਗੰਧਤ ਕੀਤਾ ਹੈ ਨਾਮੁ (ਨਾਮ ਦੀ ਸੁਗੰਧੀ ਐਸੀ ਫੈਲਾਈ ਹੈ) ਜਿਸ ਦੀ ਟੇਕ ਤੋਂ ਸੰਗੀ ਆਦਿ ਸਭ ਸ਼ਬਦ ਸੁਪਰਸਨ ਹਾਰੇ ਸੁਤੇ ਹੀ ਬੋਹੇ ਗਏ (ਸੁਗੰਧਤ ਹੋ ਗਏ।)

ਆਜੋਨੀਉ ਭਲ੍ਹ ਅਮਲੁ ਸਤਿਗੁਰ ਸੰਗਿ ਨਿਵਾਸੁ॥
ਗੁਰ ਰਾਮਦਾਸ ਕਲ੍ਯੁਚਰੈ ਤੁਅ ਸਹਜ ਸਰੋਵਰਿ ਬਾਸੁ॥੧੦॥

ਮਨੁੱਖਾ ਜਨਮ ਜੋਨੀ ਵਿਚਿ ਆਉਣ ਤੋਂ ਪਹਿਲਾਂ ਦੇ ਹੀ (ਆਜੋਨੀਉ) ਇਸ ਤੋਂ ਭੀ ਨੇਕ (ਭਲੁ) ਅਤੇ ਮਾਇਆ ਮਲ ਤੋਂ ਰਹਿਤ (ਅਮਲੁ) ਸਤਿਗੁਰੂ ਦੇ ਸੰਗਿ ਤੇਰਾ ਨਿਵਾਸੁ ਹੈ। ਹੇ ਗੁਰੂ ਰਾਮਦਾਸ ਜੀ ਕਲ੍ਯ ਭੱਟ ਉਚਾਰਦਾ ਹੈ ਤੇਰਾ (ਸਦਾ ਤੋਂ ਹੀ) ਸਹਜ ਪਦ ਵਾਲੇ ਸਰੋਵਰ ਵਿਚਿ ਵਾਸਾ ਹੈ।

ਪਰਚਉ ਪ੍ਰਮਾਣੁ ਗੁਰ ਪਾਇਅਉ ਤਿਨ ਸਕਯਥਉ ਜਨਮੁ ਜਗਿ॥
ਸ੍ਰੀ ਗੁਰੂ ਸਰਣਿ ਭਜੁ ਕਲ੍ਯ ਕਬਿ ਭੁਗਤਿ ਮੁਕਤਿ ਸਭ ਗੁਰੂ ਲਗਿ॥੧੧॥

(ਜਿਸ ਕਿਸੇ ਨੇ ਭੀ) ਗੁਰੂ ਦਾ ਧੁਰੋਂ ਪ੍ਰਵਾਣ ਪਰਚਾ ਨਾਮ ਨਿਰਬਾਣ ਦਾ ਪਾਇਆ ਹੈ ਤਿਨ੍ਹਾਂ ਦਾ ਜਨਮੁ ਸਕਾਰਥਾ ਹੋ ਗਿਆ, ਜਗ ਵਿਚਿ (ਆਇਆਂ ਦਾ) ਐਸੇ ਗੁਰੂ ਦੀ ਸਰਣੀ ਭੱਜ ਕੇ ਜਾ ਪਉ (ਢਿੱਲ ਨਾ ਲਾ)। ਕਲ੍ਯ ਭੱਟ (ਆਪਣੇ ਮਨ ਨੂੰ ਸਮਝਾਉਂਦੇ ਹਨ) ਗੁਰੂ ਲਗਿਆਂ (ਗੁਰੂ ਭੇਟਿਆਂ) ਭੁਗਤਿ ਮੁਕਤਿ ਸਭ ਪ੍ਰਾਪਤਿ ਹੁੰਦੀਆਂ ਹਨ।

ਸਤਿਗੁਰਿ ਖੇਮਾ ਤਾਣਿਆ ਜੁਗ ਜੂਥ ਸਮਾਣੇ॥

ਸਤਿਗੁਰੂ (ਰਾਮਦਾਸ) ਨੇ ਅਜੇਹਾ ਧਰਮ ਧੁਜੀ ਤੰਬੂ ਤਾਣਿਆ, ਜਿਸ ਅੰਦਰਿ ਸਾਰਿਆਂ ਜੁਗਾਂ ਦੇ ਸਮੁੱਚੇ ਲੋਕ ਸਮਾ ਗਏ। (ਭਾਵ ਸਾਰੇ ਜੁਗਾਂ ਦੀ ਕਲਿਆਣ ਸਤਿਗੁਰੂ ਦੁਆਰਿਉਂ ਹੀ ਹੋਈ ਹੈ)।

ਅਨਭਉ ਨੇਜਾ ਨਾਮੁ ਟੇਕ ਜਿਤੁ ਭਗਤ ਅਘਾਣੇ॥

ਨਾਮ ਰੂਪੀ ਪ੍ਰਚੰਡ ਗਿਆਨ ਦਾ ਨੇਜਾ ਸਤਿਗੁਰੂ ਦੇ ਹਥਿ ਹੈ, ਜਿਸ ਨੇ ਸਾਰੇ ਲੋਕ ਸਰ ਕਰ ਲਏ (ਰਹਿੰਦੇ ਕਰ ਲੈਣੇ ਹਨ) ਜਿਸ ਦੇ ਸਦਕਾ ਭਗਤਾਂ ਦੇ ਮੰਡਲਾਂ

bsrstrust.org

ਦੇ ਮੰਡਲ ਪੈਦਾ ਹੋ ਜਾਣੇ ਹਨ ਅਤੇ ਹੋ ਗਏ ਹਨ। ਭਗਤ ਅਘਾ ਰਹੇ ਹਨ (ਸੱਚ ਖੰਡਿ ਸਮਾ ਰਹੇ ਹਨ।)

ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥

ਸਦਾ ਅਨੰਦਨੀ ਭਗਤੀ ਸਦਾ ਮਨ ਵਿਗਸੰਨੀ ਜੋਤਿ ਵਿਗਸੰਦਨੀ ਨਾਮ ਕਮਾਈ ਭਗਤ ਜਨਾਂ ਨੂੰ ਅਘਾਈ ਰਖਦੀ ਹੈ। ਹੋਰ ਕਿਸੇ ਪ੍ਰਕਾਰ ਦੀ ਲੋੜ ਤੋਂ ਬੇਮੁਥਾਜ ਕਰਾਈ ਰਖਦੀ ਹੈ।

ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ॥

ਗੁਰੂ ਨਾਨਕ, ਗੁਰੂ ਅੰਗਦ ਅਤੇ ਅਮਰਦਾਸ ਗੁਰੂ ਭਗਤ ਤਾਂ ਵਾਹਿਗੁਰੂ ਦੀ ਜੋਤਿ ਵਿਚਿ ਸਮਾ ਗਏ।

ਇਹੁ ਰਾਜ ਜੋਗ ਗੁਰ ਰਾਮਦਾਸ ਤੁਮ੍ ਹੂ ਰਸੁ ਜਾਣੇ॥੧੨॥

ਹੁਣ ਏਹ (ਪਰਮਾਤਮ ਭਗਤ ਦੇ) ਰਾਜ ਜੋਗੁ ਪਦ ਦਾ ਰਸੁ ਹੇ ਗੁਰੂ ਰਾਮਦਾਸ ਜੀ! ਤੁਮ ਹੀ ਜਾਣੋ ਤਾਂ ਜਾਣੋ (ਹੋਰ ਕੋਈ ਨਹੀਂ ਜਾਣ ਸਕਦਾ)। 'ਇਹੁ' ਪਦ ਦਾ ਸਬੰਧ 'ਰਾਜ ਜੋਗ' ਨਾਲਿ ਨਹੀਂ ਬਲਕਿ 'ਰਸੁ' ਪਦ ਨਾਲਿ ਹੈ। 'ਰਾਜ ਜੋਗ' ਸੰਯੁਕਤ ਪਦ (compound word) ਦਾ ਗੱਗਾ ਅੱਖਰ ਮੁਕਤਾ ਹੋਣ ਕਰਿ ਇਸ ਦੇ ਅਗੇ 'ਦਾ' ਸਬੰਧਕੀ ਪਦ (preposition) ਮਫ਼ਹੂਮ ਹੈ—ਰਾਜ ਜੋਗ ਦਾ ਰਸ। 'ਇਹੁ' ਅਤੇ 'ਰਸੁ' ਦਾ ਐਉਂ ਸਬੰਧ ਜੁੜਦਾ ਹੈ।

ਜਨਕੁ ਸੋਇ ਜਿਨਿ ਜਾਣਿਆ ਉਨ ਮਨਿ ਰਥੁ ਧਰਿਆ॥

ਜਨਕ ਸੋਇ ਹੈ ਜਿਸ ਨੇ ਉਨਮਨੀ ਪਰਮਾਰਥੁ (ਰਥੁ) ਜਾਣਿਆ ਹੈ, ਜਿਸ ਦੇ ਹਿਰਦੇ ਅੰਦਰਿ ਅਪ੍ਰੋਕਸ਼ ਗਿਆਨ ਪਰਮਾਤਮੀ ਸਦਾ ਹੀ ਅਸਥਿਰ ਪ੍ਰਕਾਸ਼ ਕਰਕੇ ਜਗਿਆ ਰਹਿੰਦਾ ਹੈ। ਸੋ ਐਸਾ ਹੈ ਗੁਰੂ ਰਾਮਦਾਸ ਜਨਕਾਂ ਦਾ ਜਨਕੁ। ਉਨਮਨਿ ਰਥੁ (ਹਿਰਦੇ ਅੰਦਰਿ) ਧਰਿਆ ਜਾਣਿਆ ਹੈ ਜਿਸ ਨੇ, ਸੋ ਜਨਕੁ ਹੈ ਗੁਰੂ ਰਾਮਦਾਸ।

ਅਕਥ ਕਥਾ ਅਮਰਾਪੁਰੀ ਜਿਸੁ ਦੇਇ ਸੁ ਪਾਵੈ॥

ਅਮਰਾਪੁਰੀ ਵਿਚਿ ਵਾਸਾ ਕਰਾਉਣ ਹਾਰੀ ਅਕਥ ਕਥਾ (ਵਾਹਿਗੁਰੂ ਨਾਮ ਦੀ) ਜਿਸ ਨੂੰ ਦਾਤਾ ਦੇਵੇ ਸੋਈ ਪਾਉਂਦਾ ਹੈ। ਵਾਹਿਗੁਰੂ ਵਾਹਿਗੁਰੂ ਉਚਾਰਨ ਤੋਂ ਵਧ ਕੇ ਹੋਰ ਕਥਾ ਕੋਈ ਨਹੀਂ। ਇਹੀ ਕਥਾ ਅਕਥ ਹੈ ਜਿਸ ਦਾ ਸਾਰੀ ਗੁਰਬਾਣੀ ਅੰਦਰ ਜ਼ਿਕਰ ਹੈ। "ਜਿਸੁ ਦੇਇ ਸੁ ਪਾਵੈ॥" ਗੁਰ ਦੀਖਿਆ ਗੁਰਮੰਤ੍ਰ ਰੂਪੀ ਸਦਾ ਕਥੇ ਰਟੇ ਜਾਣ ਵਾਲੀ ਸਦਾ ਅਭਿਆਸ ਕਮਾਈ ਮਨ ਵਿਚਿ ਆਉਣ ਵਾਲੀ ਕਥਾ (ਸਬਦ ਧੁੰਨੀ) ਜਿਸ ਨੂੰ ਦਇਆਲ ਦਾਤਾ ਦਿੰਦਾ ਹੈ, ਤਿਸੈ ਨੂੰ ਇਹ ਮਿਲਦੀ ਹੈ।

ਇਹੁ ਜਨਕ ਰਾਜੁ ਗੁਰ ਰਾਮਦਾਸ ਤੁਝ ਹੀ ਬਣਿ ਆਵੈ॥੧੩॥

ਹੇ ਗੁਰੂ ਰਾਮਦਾਸ! ਇਹ ਪਿਛੇ ਦਸਿਆ ਅਮਰਾਪੁਰੀ ਦੀ ਅਕਥ ਕਥਾ ਵਾਲਾ

bsrstrust.org

ਜਨਕ ਰਾਜ ਤੈਨੂੰ ਹੀ ਸੋਹੰਦਾ ਹੈ। ਗੁਰੂ ਨਾਨਕ ਬੰਸ ਅਵਤੰਸੀ ਖ਼ਾਨਦਾਨ ਵਿਚਿ ਹੀ ਮਖ਼ਸੂਸ ਹੈ।

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥ *(ਪੰਨਾ ੧੩੯੯)*

ਰਾਜੁ ਤੇ ਜੋਗੁ ਰੂਪੀ ਸਾਂਝਾ ਤਖ਼ਤ ਦਿਤਾ ਹੈ (ਵਾਹਿਗੁਰੂ, ਗੁਰੂ ਨਾਨਕ, ਅੰਗਦ, ਗੁਰੂ ਅਮਰਦਾਸ ਨੇ) ਗੁਰੂ ਰਾਮਦਾਸ ਨੂੰ। ਇਸ ਬਿਧਿ।

ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ,
ਤਾਰਨਿ ਮਨੁਖ੍ਹ ਜਨ ਕੀਅਉ ਪ੍ਰਗਾਸ॥

ਪ੍ਰਿਥਮੇ (ਸਾਰੀ ਖ਼ੁਦਾਈ ਨੂੰ ਆਤਮ ਜੋਤਿ ਸੀਤਲ ਚਾਨਣਾ ਦੇਣ ਹਾਰਾ) ਚੰਦ ਰੂਪ ਗੁਰੂ ਨਾਨਕ ਪ੍ਰਗਟਿਆ ਜਿਸ ਦੇ ਪ੍ਰਗਟ ਹੋਣ ਸਾਰ ਸਾਰੇ ਜਗਤ ਨੂੰ ਖ਼ਾਸ ਸੱਚਾ ਅਨੰਦੁ ਭਯਾ। ਮਾਨੁਖ ਜਨਾਂ ਨੂੰ ਤਾਰਨੇ ਲਈ (ਜਿਸ ਨੇ—ਗੁਰੂ ਨਾਨਕ ਸੱਚ ਚੰਦ੍ਰਮਾ ਨੇ) ਪਰਗਾਸ (ਸੱਚਾ ਚਾਨਣਾ) ਕੀਤਾ। 'ਜਗਤ' ਦਾ ਤੱਤਾ ਮੁਕਤਾ 'ਨੂੰ' (preposition) ਦਾ ਅਰਥ ਬੋਧਾਉਂਦਾ ਹੈ। 'ਆਨੰਦੁ' ਪਦ ਦੇ ਦੱਦੇ ਅੱਖਰ ਨੂੰ ਔਂਕੜ ਇਸ ਪਦ ਦੇ ਅਰਥਾਂ ਦੀ ਖ਼ਾਸ ਖ਼ਸੂਸੀਅਤ ਵਿਦਤਾਉਂਦਾ ਹੈ। 'ਤਾਰਨਿ'—ਤਾਰਣੇ ਲਈ। ਸਿਹਾਰੀ ਨੰਨੇ ਦੀ 'ਲਈ' ਦੇ ਅਰਥ ਅਰਥਾਉਂਦੀ ਹੈ। 'ਮਾਨੁਖ੍ਹ ਜਨ' ਦੇ ਛੇਕੜਲੇ ਅੱਖਰ ਖੱਖਾ ਤੇ ਨੰਨਾ ਨਾਲੇ ਤਾਂ ਬਹੁ-ਵਚਨ ਹੋਣ ਕਰਿ, ਨਾਲੇ 'ਦੇ' ਸਬੰਧਕ ਪਦ ਦੇ ਲਖਾਊ ਹੋਣ ਕਰਿ ਮੁਕਤੇ ਹਨ। 'ਕੀਅਉ ਪ੍ਰਗਾਸ'—ਪ੍ਰਗਾਸ ਕੀਤਾ ਚੰਦ ਰੂਪੀ ਗੁਰੂ ਨਾਨਕ ਦਾ। ਇਸੇ ਕਰਕੇ ਨਾਨਕ ਪਦ ਦਾ ਕੱਕਾ ਅੱਖਰ ਮੁਕਤਾ ਹੈ, ਜਿਸ ਦੇ ਪਿਛੇ 'ਦਾ' ਪਦ (preposition) ਮਫ਼ਹੂਮ ਹੈ। ਕੀਹਨੇ ਪ੍ਰਕਾਸ਼ ਕੀਤਾ ? ਵਾਹਿਗੁਰੂ ਨੇ, ਮਫ਼ਹੂਮ ਹੈ।

ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ,
ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸੁ॥

(ਵਾਹਿਗੁਰੂ ਗੁਰੂ ਨਾਨਕ ਨੇ) ਗੁਰੂ ਅੰਗਦ ਨੂੰ ਵਾਹਿਗੁਰੂ ਨਾਮੁ ਰੂਪੀ ਅਕੱਥ ਕਥਾ ਦਾ ਪ੍ਰਚੰਡ ਗਿਆਨ ਰੂਪੀ ਨਿਧਾਨੁ (ਖ਼ਜ਼ਾਨਾ) ਬਖ਼ਸ਼ਿਆ, ਜਿਸ ਪ੍ਰਤਾਪ ਕਰਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜ ਦੂਤਾਂ ਰੂਪੀ ਭੂਤ ਗੁਰੂ ਅੰਗਦ ਨੇ ਵਸਿ ਗਤਿ ਕਰ ਦਿਤੇ ਅਤੇ ਜਮਾਂ ਦਾ ਤ੍ਰਾਸ ਮਿਟਾ ਦਿਤਾ।

ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗ[1] ਰਾਖੀ ਪਤਿ,
ਅਘਨ ਦੇਖਤ ਗਤੁ ਚਰਨ ਕਵਲ ਜਾਸ॥

ਫੇਰ ਅਮਰਦਾਸ ਗੁਰੂ ਨੂੰ ਸ੍ਰੀ ਸਤਿਗੁਰੂ ਥਾਪਿਆ ਗਿਆ (ਜਿਸ ਨੇ) ਕਲਿਜੁਗ ਦੀ ਪਤਿ ਰਖੀ, ਜਿਸ ਦੇ ਚਰਨ ਕੰਵਲਾਂ ਨੂੰ ਦੇਖਣ ਸਾਰ ਹੀ (ਕੋਟਿ) ਅਘਾਂ ਦਾ ਨਾਸ ਹੋ ਜਾਂਦਾ ਹੈ। 'ਗੁਰ ਅਮਰੁ'—ਅਮਰਦਾਸ ਗੁਰੂ ਨੂੰ। 'ਗੁਰ' ਪਦ ਦਾ ਰਾਰਾ ਅੱਖਰ ਮੁਕਤਾ

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਕਲਿਜੁਗਿ' ਹੈ। *—ਪ੍ਰਕਾਸ਼ਕ*

bsrstrust.org

'ਨੂੰ' ਸਬੰਧਕ ਪਦ ਅਗੇ ਰਖਾਉਂਦਾ ਹੈ ਅਰਥ ਕਰਦਿਆਂ। 'ਗੁਰੂ ਸ੍ਰੀ ਸਤਿ'—(ਅਨ੍ਹੈ) ਸ੍ਰੀ ਸਤਿਗੁਰੂ। 'ਕਲਿਜੁਗ' ਪਦ ਦਾ ਗੱਗਾ ਅੱਖਰ ਮੁਕਤਾ 'ਦੀ' ਪਦ (preposition) ਨੂੰ ਮਫ਼ਹੂਮ ਕਰਾਉਂਦਾ ਹੈ—ਕਲਿਜੁਗ ਦੀ ਪਤਿ ਰਖੀ। 'ਪਤਿ' ਪਦ ਇਸਤ੍ਰੀ-ਲਿੰਗ ਨਾਂਵ ਹੈ। 'ਅਘਨ' ਬਹੁ-ਵਚਨ ਹੈ ਅਘ ਦਾ। ਦੇਖਤ—ਦੇਖਣ ਸਾਰ। 'ਗਤੁ'—ਨਸ਼ਟ ਹੋ ਜਾਂਦੇ ਹਨ। ਕੀ ਦੇਖ ਕੇ ? ਉਕਤ 'ਚਰਨ ਕਵਲ'—ਬਹੁ-ਵਚਨ ਨਾਂਵ। 'ਜਾਸੁ'—ਜਿਸ ਦੇ—ਸੱਸਾ ਔਂਕੜ ਨਾਲਿ ਚਾਹੀਦਾ ਹੈ। ਏਸੇ ਤਰ੍ਹਾਂ ਕਾਫੀਏ ਦੇ ਅਖ਼ੀਰੀ ਪਦ ਨੂੰ ਪਹਿਲਾਂ ਭੀ ਔਂਕੜ ਨਹੀਂ ਲਾਇਆ ਗਿਆ। ਗ਼ਲਤੀ ਹੈ। ਲਾਉਣਾ ਚਾਹੀਦਾ ਸੀ।

ਸਭ ਬਿਧਿ ਮਾਨ੍ਹਿਓ ਮਨੁ ਤਬ ਹੀ ਭਯਉ ਪ੍ਰਸੰਨੁ,
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥੪॥

ਸਾਰੀਆਂ ਬਿਧੀਆਂ ਵੀਚਾਰ ਕੇ ਗੁਰੂ ਅਮਰਦਾਸ ਜੀ ਦਾ ਮਨ ਮੰਨਿਆ ਤਦੋਂ ਹੀ ਪ੍ਰਸੰਨਤਾ ਭਈ (ਤਬ ਹੀ ਗੁਰੂ ਅਮਰਦਾਸ ਜੀ ਪ੍ਰਸੰਨ ਭਏ) ਇਉਂ ਰਾਜ ਜੋਗੁ ਤਖਤੁ ਗੁਰੂ ਰਾਮਦਾਸ ਜੀ ਨੂੰ ਬਖ਼ਸ਼ਿਆ।

ਅਗੇ ਚਲਿਆ ਰਡ ਛੰਦ

ਜਿਸਹਿ ਧਾਰ੍ਹਿਉ ਧਰਤਿ ਅਰੁ ਵਿਉਮੁ ਅਰੁ ਪਵਣੁ ਤੇ ਨੀਰ ਸਰ,
ਅਵਰ ਅਨਲ ਅਨਾਦਿ ਕੀਅਉ ॥ *(ਪੰਨਾ ੧੩੯੯)*

ਜਿਸ ਨੇ ਧਾਰਿਆ (ਉਪਾਇਆ) ਹੈ, ਧਰਤੀ, ਆਕਾਸ ਅਤੇ ਪਉਣ ਅਤੇ ਜਿਸ ਨੇ ਸਮੁੰਦਰਾਂ ਦੇ ਜਲ ਅਗਨੀ ਅਤੇ ਅੰਨ ਆਦਿ ਉਪਜਾਏ ਹਨ।

ਸਸਿ ਰਿਖਿ ਨਿਸਿ ਸੂਹ ਦਿਨਿ ਸੈਲ ਤਰੂਅ ਫਲ ਫੁਲ ਦੀਅਉ ॥

ਜਿਸ ਨੇ ਚੰਦ (ਸਸਿ) ਤੇ ਤਾਰੇ (ਰਿਖਿ) ਰਾਤ੍ਰੀ ਵਿਖੇ (ਨਿਸਿ) ਅਤੇ ਸੂਰਜ ਦਿਨ ਵਿਖੇ (ਦਿਨਿ) ਬਣਾਏ ਅਤੇ ਸੈਲ ਪੱਥਰ ਉਪਜਾਏ ਅਤੇ (ਜਿਸਨੇ) ਤਰੋਵਰਾਂ (ਬਿਰਛਾਂ) ਨੂੰ ਫਲ ਤੇ ਫੁਲ ਲਾਏ।

ਸੁਰਿਨਰ ਸਪਤ ਸਮੁਦ੍ਰ ਕਿਅ ਧਾਰਿਓ ਤ੍ਰਿਭਵਣ ਜਾਸੁ ॥

ਜਿਸ ਨੇ ਸਤ ਸਮੁੰਦਰ ਸਾਜੇ ਹਨ, ਸਾਰੇ ਤ੍ਰਿਭਵਣ ਭੀ ਜਿਸ ਦੇ ਧਾਰੇ ਹੋਏ ਹਨ।

ਸੋਈ ਏਕੁ ਨਾਮੁ ਹਰਿ ਨਾਮੁ ਸਤਿ ਪਾਇਓ ਗੁਰ ਅਮਰ ਪ੍ਰਗਾਸੁ ॥੧॥੫॥

ਸੋਈ ਏਕ ਨਾਮੁ ਵਾਹਿਗੁਰੂ ਸਤਿ ਨਾਮੁ (ਗੁਰੂ ਰਾਮਦਾਸ ਨੇ) ਪਾਇਆ ਗੁਰੂ ਅਮਰਦਾਸ ਦਾ ਪ੍ਰਗਟਾਇਆ ਹੋਇਆ। 'ਏਕੁ ਨਾਮੁ ਹਰਿ'—ਹਰੀ ਦਾ ਇਕੋ ਨਾਮੁ (ਵਾਹਿਗੁਰੂ ਗੁਰਮਤਿ ਨਾਮੁ)। 'ਨਾਮੁ ਸਤਿ'—(ਅਨ੍ਹੈ) ਸਤਿਨਾਮੁ (ਵਾਹਿਗੁਰੂ)। 'ਗੁਰ ਅਮਰ ਪ੍ਰਗਾਸੁ'—ਗੁਰੂ ਅਮਰਦਾਸ ਦਾ ਪ੍ਰਗਾਸਿਆ ਹੋਇਆ ਨਾਮੁ, ਗੁਰ ਅਮਰ ਪ੍ਰਗਾਸਿਆ ਨਾਮੁ। ਪਿਛਲੀਆਂ ਸਾਰੀਆਂ ਪੰਗਤੀਆਂ ਦੁਆਰਾ ਸਿਧਿ ਹੋਇਆ ਕਿ ਧਰਤੀ, ਆਕਾਸ, ਪਉਣ, ਪਾਣੀ, ਅਗਨੀ, ਅੰਨ ਆਦਿ ਅਤੇ ਚੰਦ, ਸੂਰਜ, ਤਾਰੇ,

bsrstrust.org

ਸਤਾਰੇ, ਪਹਾੜ, ਫਲ, ਫੁਲ, ਸਫਲਾਏ ਫੁਲਾਏ ਬਿਰਛ ਅਤੇ ਸਤੇ ਸਮੁੰਦਰ, ਸੁਰ ਨਰ ਮੁਨ ਜਨ ਆਦਿ ਸਭ ਨਾਮ ਦੇ ਹੀ ਧਾਚੇ ਹੋਏ ਹਨ। ਗੁਰਮਤਿ ਨਾਮੁ ਅਜੇਹੀ ਅਕਲ ਕਲਾ ਸੰਪੰਨ ਹੈ। ਇਹੀ ਗੁਰਮਤਿ ਨਾਮ ਦਸੇ ਗੁਰੂ ਜਾਮਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਗੁਰੂ ਰੂਪ ਪੰਜਾਂ ਪਿਆਰਿਆਂ ਵਿਚਿ ਪ੍ਰਵੇਸ਼ ਹੋ ਕੇ ਸੀਨਾ ਬਸੀਨਾ ਅਧਿਕਾਰੀ ਗੁਰ ਸਿਖਾਂ ਗੁਰਮੁਖਾਂ ਗੁਰੂ ਦੇ ਲਾਲਾਂ ਅੰਦਰਿ ਵਰਤ ਰਿਹਾ ਹੈ।

ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥

ਪੱਥਰਾਂ ਨੂੰ ਮਾਣਕ (ਰਤਨ, ਜਵਾਹਰ, ਮੋਤੀ) ਬਣਾ ਦਿੰਦਾ ਹੈ, ਐਸਾ ਹੈ ਨਾਮ ਰੂਪੀ ਗੁਰਮਤਿ ਗਿਆਨ, ਜਿਸ ਨੂੰ ਅਭਿਆਸ ਕਮਾਈ ਦੁਆਰਾ ਕਮਾਇਆਂ ਉਪਰ ਦਸੀਆਂ ਕ੍ਰਿਸ਼ਮ-ਕਰਾਮਾਤਾਂ ਅਵਸ਼ ਪਰਗਟ ਪਹਾਰੇ ਆਸ਼ਕਾਰ ਹੁੰਦੀਆਂ ਹਨ। 'ਪਾਹਣ' ਪਦ ਬਹੁ-ਵਚਨ ਭੀ ਹੈ ਅਤੇ ਇਸ ਦਾ ਣਾਣਾ ਅੱਖਰ ਇਸ ਕਰਕੇ ਭੀ ਮੁਕਤਾ ਹੈ ਕਿ ਇਸ ਦੇ ਅਗੇ 'ਤੋਂ' ਸਬੰਧਕੀ ਪਦ ਦੇ ਗੁਪਤ ਅਰਥ ਮਫ਼ਹੂਮ ਹੁੰਦੇ ਹਨ। 'ਮਾਣਕ' ਪਦ ਭੀ ਬਹੁ-ਵਚਨ ਹੈ—ਬਹੁਤੇ ਮਾਣਕ ਬਣ ਜਾਂਦੇ ਹਨ ਸਾਰੇ ਪੱਥਰ। ਪੱਥਰਾਂ ਨੂੰ ਮੋਤੀ ਬਣਾ ਦਿੰਦਾ ਹੈ। 'ਕਰ'—ਕਰ ਦਿੰਦਾ ਹੈ, ਇਸ ਵਰਤਮਾਨ ਕਾਲ ਕਿਰਿਆ (present tense) ਦਾ ਕਰਤਾ ਹੈ 'ਗੁਰ ਗਿਆਨੁ'—ਗੁਰਮਤਿ ਗਿਆਨੁ ਅਰਥਾਤ ਨਾਮੁ। "ਗੁਰ ਗਿਆਨੁ ਪਦਾਰਥ ਨਾਮੁ ਹੈ"[1] ਦੀ ਪ੍ਰੋੜ੍ਹਤਾ ਕਰਦਾ ਹੈ। ਬੀਚਾਰੈ—ਬੀਚਾਰਨਾ, ਕਮਾਉਣਾ। "ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ॥"[2] ਤਾਂ ਤੇ ਗੁਰਮੰਤ੍ਰ ਰੂਪੀ ਗੁਰਮਤਿ ਗਿਆਨ ਨੂੰ ਅਭਿਆਸ ਅੰਦਰ ਕਮਾਉਣਾ ਹੀ ਬੀਚਾਰਨਾ ਹੈ।

ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ ॥੨॥੬॥

ਸਤਿਗੁਰੂ ਦੇ ਚਰਨਾਂ ਨੂੰ ਜਿਨ੍ਹਾਂ ਨੇ ਪਰਸਿਆ ਹੈ, ਸੇ ਪਸੂ ਪਰੇਤ ਤੋਂ ਦੇਵਤੇ ਜਨ ਬਣ ਗਏ। 'ਪਰੇਤ' ਪਦ ਤੱਤੇ ਅੱਖਰ ਦੇ ਮੁਕਤਾ ਹੋਣ ਕਰਿ ਬਹੁ-ਵਚਨ ਨਾਂਵ (plural noun) ਹੈ ਅਤੇ ਇਸ ਪਦ ਦੇ ਅਗੇ 'ਤੋਂ' ਸਬੰਧਕ ਲਗਦਾ ਹੈ। 'ਭਇਅ'—ਭਏ ਹੈਂ। 'ਸੇ' ਪਦ ਪੜਨਾਉਂ (pronoun) ਸੱਸੇ ਨੂੰ ਇਕ ਲਾਂਵ ਲਗਣ ਕਰਿ ਬਹੁ-ਵਚਨ (plural) ਅਰਥਾਂ ਵਿਚਿ ਆਉਂਦਾ ਹੈ ਅਤੇ ਇਸ ਕਰਕੇ ਇਸ ਸਬੰਧੀ ਨਾਂਵ (noun) ਅਤੇ ਕਿਰਿਆ ਭੀ ਬਹੁ-ਵਚਨ ਹੀ ਹੋਣੇ ਚਾਹੀਦੇ ਹਨ। 'ਭਇਅ' ਦਾ ਐੜਾ ਮੁਕਤਾ ਯੱਯੇ ਦਾ ਕੰਮ ਦਿੰਦਾ ਹੈ। ਬਹੁ-ਵਚਨ ਕਿਰਿਆ ਪ੍ਰਥਾਇ ਭੀ ਵਰਤਿਆ ਜਾ ਸਕਦਾ ਹੈ। ਜੇਕਰ ਇਕ-ਵਚਨ ਕਿਰਿਆ (singular verb) ਹੁੰਦਾ ਤਾਂ 'ਸੇ' ਪੜਨਾਂਵ (pronoun) ਦੇ ਥਾਉਂ 'ਸੋ' ਸੱਸੇ ਹੋੜੇ ਨਾਲਿ ਹੁੰਦਾ।

ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥...੪॥੮॥

ਗੁਰੂ ਗੁਰੂ (ਵਾਹਿਗੁਰੂ, ਵਾਹਿਗੁਰੂ) ਕਰੀ ਜਾ, ਜਪੀ ਜਾ, ਇਹੀ ਸਚੁ ਬੀਚਾਰੁ

---

੧. ਸੂਹੀ ਮ: ੪, ਪੰਨਾ ੭੫੯.
੨. ਸਿਰੀ ਰਾਗੁ ਮ: ੫, ਪੰਨਾ ੫੨.

bsrstrust.org

ਹੈ, ਗੁਰੂ ਗੁਰੂ ਕਰੀ ਚਲ, ਹੇ ਮਨ ਮੇਰੇ। 'ਗੁਰੁ ਕਰੁ' ਤੋਂ ਭਾਵ ਏਥੇ 'ਗੁਰੂ ਧਾਰਨ ਕਰਨ' ਦਾ ਨਹੀਂ ਹੈ ਜੈਸੇ ਕਿ ਸ਼ਬਦਾਰਥੀਏ ਕਰਦੇ ਹਨ। ਕਈ ਗਿਆਨੀ ਅਰਥ ਕਰਦੇ ਹਨ ਇਸ ਇਕ ਤੁਕ ਦਾ—ਗੁਰੂ ਧਾਰਨ (ਜ਼ਰੂਰ) ਕਰੋ, ਕਿਉਂਕਿ ਗੁਰੂ ਧਾਰਨ ਕੀਤਿਆਂ ਸੱਚੀ ਬੀਚਾਰ ਸਫੁਰਨ ਹੁੰਦੀ ਹੈ। ਨਿਗੁਰੇ ਨੂੰ ਨਹੀਂ ਹੁੰਦੀ। ਇਹ ਦੋਈ ਅਰਥ ਗ਼ਲਤ ਹਨ। ਅਗਲੀ ਅੱਧੀ ਪੰਗਤੀ ਨਿਖਾਰ ਦਿੰਦੀ ਹੈ। 'ਗੁਰੂ ਕਰਿ ਰੇ ਮਨ ਮੇਰੇ'—ਹੇ ਮਨ ਮੇਰੇ ਤੂ ਗੁਰੂ ਗੁਰੂ ਦਾ ਜਾਪ ਜਪੀ ਚਲ। ਮਨ ਨੇ ਹੀ ਗੁਰੂ ਗੁਰੂ ਕਰਨ ਵਲ ਲਗਣਾ ਹੈ, ਹੋਰ ਸੰਕਲਪਾਂ ਵਿਕਲਪਾਂ ਆਲੂਦੇ ਖ਼ਿਆਲਾਂ ਤੋਂ ਹਟ ਕੇ। ਗੁਰੂ ਧਾਰਨ ਤਾਂ ਮਨ ਦੇ ਮਾਲਕ ਮਨੁੱਖ ਨੇ ਕਰਨਾ ਹੈ। ਨਾਲੇ ਪਿਛੇ ਪਰਸੰਗ ਗੁਰੂ ਗੁਰੂ ਜਪਣ ਦਾ ਹੀ ਚਲਿਆ ਆਉਂਦਾ ਹੈ। ਯਥਾ :

ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ ॥
ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ ॥੩॥੭॥

ਤਾਂ ਤੇ ਇਥੇ ਭਾਵ ਸਾਫ਼ 'ਗੁਰੂ ਨਾਮੁ' ਜਪਣ ਤੋਂ ਹੈ। ਗੁਰੂ ਧਾਰਨ ਕਰਨ ਤੋਂ ਨਹੀਂ! ਇਸ ਵਿਚਿ ਰੰਚਕ ਸੰਦੇਹ ਨਹੀਂ ਕਿ ਗੁਰੂ ਗੁਰੂ ਨਾਮ ਸੋਈ ਜਨ ਜਪੇਗਾ ਜਿਸਨੇ ਗੁਰੂ ਧਾਰਨ ਕੀਤਾ ਹੋਇਆ ਹੈ। ਨਿਗੁਰੇ ਤੋਂ ਨਾਮੁ ਨਹੀਂ ਜਪਿਆ ਜਾਂਦਾ। ਪਰ ਏਥੇ ਪਰਸੰਗ ਤਾਂ ਗੁਰੂ ਨਾਮ ਜਪਣ ਦਾ ਚਲਿਆ ਹੋਇਆ ਹੈ। ਗੁਰੂ ਗੁਰੂ ਕਰੀ ਜਾਣ ਤੋਂ ਭਾਵ ਹੈ।

ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ ॥...੪॥੮॥

ਸਮੁਚੇ ਸ਼ਬਦ (ਗੁਰਮੰਤ੍ਰ) ਸੰਵੂਕਤ ਗੁਰੂ ਗੁਰੂ ਜਪਣੁ ਭਾਵ ਵਾਹਿਗੁਰੂ ਵਾਹਿਗੁਰੂ ਜਪਹੁ (ਸਮੁਚੇ ਸ਼ਬਦ ਵਾਹਿਗੁਰੂ ਦੇ ਜਪਣ ਕਰਕੇ) ਤੇਰੇ ਸਾਰੇ (ਸਮਗਰ) ਪਾਪ ਕਟੇ ਜਾਣਗੇ। ਨਿਰੇ ਗੁਰੂ ਦੇ ਧਾਰਨ ਕੀਤਿਆਂ ਪਾਪ ਨਹੀਂ ਕਟੇ ਜਾਂਦੇ ਜਦ ਤਾਈਂ ਸਗੁਰਾ ਹੋ ਕੇ ਵਾਹਿਗੁਰੂ ਨਾਮ ਅਭਿਆਸ ਦੀ ਅਤੁੱਟ ਕਮਾਈ ਵਿਚਿ ਤੱਤਪਰ ਨਾ ਹੋਵੋ। 'ਸਬਦ-ਸਪੁੰਨ' ਪਦ ਨੂੰ ਜੁੜਤ (compound word) ਬਣਾ ਕੇ ਕਈ ਗਿਆਨੀ ਇਸ ਜੁੜਤ ਪਦ (compound word) 'ਸਬਦ-ਸਪੁੰਨ' ਨੂੰ 'ਗੁਰੂ' ਨਾਂਵ (noun) ਦਾ ਵਿਸ਼ੇਸ਼ਣ (adjective) ਜਾਣਾਉਂਦੇ ਹਨ ਅਤੇ ਸਬਦਾ ਸੰਪੰਨਾ ਗੁਰੂ ਅਰਥ ਕਰਦੇ ਹਨ। ਅਹਿਲੇ ਕਲਾਮ, ਬਾਣੀ ਨਾਲ ਮਾਲਾ ਮਾਲ ਹੋਇਆ (ਸ਼ਬਦ ਸੰਪੰਨਾ) ਗੁਰੂ ਧਾਰਨ ਕਰੋ। ਇਉਂ ਅਰਥਾਬੰਦੀ ਕਰਦੇ ਹਨ, ਪਦ ਇਹ ਅਰਥ ਠੀਕ ਨਹੀਂ। ਜੇ ਠੀਕ ਹੁੰਦੇ ਤਾਂ 'ਸਬਦਿ ਸਪੁੰਨ' ਮੁਰੱਕਬ ਪਦ ਹੁੰਦਾ, 'ਸਬਦਿ' ਪਦ ਦੇ ਦੱਦੇ ਅੱਖਰ ਨੂੰ ਸਿਹਾਰੀ ਜ਼ਰੂਰ ਹੁੰਦੀ ਅਤੇ 'ਸਪੁੰਨ' ਦਾ ਪਿਛਲਾ ਨੰਨਾ ਅੱਖਰ ਭੀ ਔਂਕੜ ਸਹਿਤ ਹੁੰਦਾ। ਇਕ-ਵਚਨ ਨਾਂਵ (noun singular) ਦਾ ਵਿਸ਼ੇਸ਼ਣ ਭੀ ਇਕ-ਵਚਨਾ ਹੀ ਹੁੰਦਾ ਹੈ। ਇਕ-ਵਚਨਾ ਤਾਂ ਬਣਦਾ ਹੈ ਜੇ ਔਂਕੜ ਸਹਿਤ ਹੋਵੇ ਵਿਸ਼ੇਸ਼ਣ ਪਦ ਦਾ ਹੀ। ਸਾਹਿਬੇ ਕਲਾਮ, ਬਾਣੀ ਨਾਲਿ ਮਾਲਾਮਾਲ ਹੋਣ ਦਾ ਦਾਅਵਾ ਤਾਂ ਬਹੁਤ ਸਾਰੇ ਡਿੰਭੀ ਦੇਹਧਾਰੀ ਗੁਰੂ ਭੀ ਕਰਦੇ ਹਨ ਬਲਕਿ ਮਨ ਉਕਤ ਕੱਚੀ ਬਾਣੀ ਉਚਾਰੀ ਜਾਂਦੇ ਹਨ। ਤਾਂ ਤੇ ਏਹ ਅਰਥ ਉੱਕੇ ਹੀ ਠੀਕ ਨਹੀਂ। 'ਸਬਦ ਸਪੁੰਨ' ਏਥੇ

bsrstrust.org

ਕਿਰਿਆ ਵਿਸ਼ੇਸ਼ਣ (adverb) ਹੈ, ਕਿਵੇਂ ਗੁਰੂ ਗੁਰੂ ਕਰਿ ? ਸਮੁੱਚੇ ਸ਼ਬਦ ਗੁਰਮੰਤ੍ਰ ਨੂੰ ਉਚਾਰ ਕੇ ਕਰ। 'ਸਬਦ' ਦੇ ਅਰਥ ਇਥੇ 'ਬਾਣੀ' ਦੇ ਨਹੀਂ। 'ਸਬਦ' ਗੁਰਮੰਤ੍ਰ ਤੋਂ ਭਾਵ ਹੈ।

ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲ੍ਹ ਕਹਿ ॥
ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ ॥੪॥੮॥

ਪਿਛਲ ਵਰਨਿਆਂ ਭਾਵ ਤਾਂ ਏਹਨਾਂ ਤੁਕਾਂ ਨੇ ਸਾਫ਼ ਸਪਸ਼ਟ ਹੀ ਕਰ ਦਿਤਾ— ਨੈਣਾਂ ਕਰਕੇ ਭੀ ਬੈਣਾਂ ਕਰਕੇ ਭੀ ਗੁਰੂ ਗੁਰੂ ਹੀ ਜਪੋ ਤੇ 'ਕਰਹੁ' ਦਾ ਭਾਵ ਜੇਕਰ ਧਾਰਨ ਕਰਨ ਦਾ ਹੁੰਦਾ ਤਾਂ ਦੋ ਵਾਰ 'ਗੁਰੁ ਗੁਰੁ ਕਰਹੁ' ਲਿਖਣ ਦੀ ਲੋੜ ਨਹੀਂ ਸੀ। 'ਕਰਹੁ' ਦਾ ਭਾਵ ਸਪਸ਼ਟ ਕਰਨ ਲਈ ਹੀ ਦੋ ਵਾਰ 'ਗੁਰੁ ਗੁਰੁ' ਲਿਖਿਆ ਗਿਆ ਹੈ, ਜਿਸ ਦਾ ਸਾਫ਼ ਅਭਿਪਰਾ ਗੁਰੂ ਗੁਰੂ ਦਾ ਜਾਪ ਹੈ। ਇਕੋ ਨੈਣਾਂ ਕਰਕੇ ਕੀ ? ਬੈਣਾਂ ਕਰਕੇ ਕੀ ? ਗੁਰੂ ਦੇ ਨਾਮ ਅਭਿਆਸ ਨੂੰ ਸਿਖ ਦਾ ਤਾਂ ਰੋਮ ਰੋਮ ਗੁਰੂ ਗੁਰੂ ਹੀ ਜਪਦਾ ਹੈ। ਗੁਰੂ ਗੁਰੂ ਹੀ ਧਿਆਉਂਦਾ ਹੈ। "ਗੁਰਮੁਖਿ ਰੋਮਿ ਰੋਮਿ ਧਿਆਵੇ ॥"[1] ਇਹ ਤੱਤ ਭਾਵ ਅਭਿਪਰਾ ਤਾਂ ਤਿਨ੍ਹਾਂ ਨੂੰ ਹੀ ਆਸ਼ਕਾਰ ਹੁੰਦਾ ਹੈ ਜਿਨ੍ਹਾਂ ਗੁਰੂ ਗੁਰੂ ਕਰਨਹਾਰੇ ਅਭਿਆਸੀ ਜਨਾਂ ਗੁਰਮੁਖਾਂ ਦੇ ਉਪਰ ਇਹ ਅਵਸਥਾ ਵਾਪਰੀ ਹੋਈ ਹੈ। ਓਹਨਾਂ ਦੇ 'ਗੁਰੂ ਗੁਰੂ' ਕਰਦਿਆਂ ਦੇ ਨੈਣ ਟਿਟਾਰੇ ਲਗ ਜਾਂਦੇ ਹਨ। ਨੈਣਾਂ ਅੰਦਰਿ ਗੁਰੂ ਦੀ ਜੋਤਿ ਹੀ ਸਮਾ ਜਾਂਦੀ ਹੈ। ਅੰਦਰਲੇ ਨੈਣ ਭੀ ਖੁਲ੍ਹ ਜਾਂਦੇ ਹਨ ਅਤੇ ਬਾਹਰਲੇ ਭੀ ਦਿੱਬ ਦ੍ਰਿਸ਼ਟੇ ਨੈਣ ਹੋ ਜਾਂਦੇ ਹਨ। ਗੁਰੂ ਗੁਰੂ ਨੂੰ ਹੀ (ਗੁਰੂ ਦੀ ਜੋਤਿ ਨੂੰ ਹੀ) ਚਾਰ ਚੁਫੇਰੇ ਦ੍ਰਿਸ਼ਟਣ ਵਾਲੇ ਹੋ ਜਾਂਦੇ ਹਨ। 'ਵਾਹਿਗਰੂ' ਨਾਮ ਤਿਨ੍ਹਾਂ ਦੀਆਂ ਅੱਖੀਆਂ ਅਗੇ ਚਮਤਕਾਰ ਹੋਇਆ ਦਿਸਦਾ ਹੈ। ਇਸ ਬਿਧਿ ਜਿਨ੍ਹਾਂ ਨੇ 'ਗੁਰੂ ਨ ਦੇਖਿਅਉ' ਅਤੇ ਜਿਨ੍ਹਾਂ ਨੇ ਗੁਰੁ ਗੁਰੁ 'ਨਹੁ ਕੀਅਉ'—ਗੁਰੂ ਗੁਰੂ ਦਾ ਜਾਪ ਜਿਨ੍ਹਾਂ ਨੇ ਨਹੀਂ ਕੀਤਾ, ਤਿਨ੍ਹਾਂ ਦਾ ਜਨਮ ਸੰਸਾਰ ਵਿਖੇ ਅਕਾਰਥਾ ਹੀ ਗਿਆ ਸਮਝੋ ਤੇ ਅਕਾਰਥ ਹੀ ਸੰਸਾਰ ਵਿਖੇ ਆਏ। ਅਗਲੇ ਛੰਦ ਸਵਈਆਂ ਅੰਦਰਿ ਹੋਰ ਭੀ ਇਸ ਭਾਵ ਨੂੰ ਅਧਿਕ ਸਪਸ਼ਟ ਕੀਤਾ ਗਿਆ ਹੈ।

ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥...੫॥੯॥

ਹੇ ਮੇਰੇ ਮਨ ਤੂੰ ਗੁਰੂ ਗੁਰੂ ਦਾ ਜਾਪ ਹੀ ਜਪਿਆ ਕਰ, ਜਪੀ ਜਾਇਆ ਕਰ ਗੁਰੂ ਗੁਰੂ ਗੁਰੂ ਹੀ।

ਤਾਰਣ ਤਰਣ ਸਮ੍ਰਥੁ ਕਲਿਜੁਗਿ ਸੁਨਤ ਸਮਾਧਿ ਸਬਦ ਜਿਸੁ ਕੇਰੇ ॥

ਇਹ ਗੁਰੂ ਗੁਰੂ ਜਾਪ ਹੀ ਕਲਜੁਗ ਅੰਦਰਿ (ਪ੍ਰਾਣੀਆਂ ਦੇ) ਤਰਣ ਤਾਰਣ ਨੂੰ ਸਮਰਥ ਹੈ। ਜਿਸ ਗੁਰੂ ਗੁਰੂ ਜਾਪ ਰੂਪੀ ਸਬਦ ਦੇ ਸੁਣਿਆਂ ਸਮਾਧਿ ਸਥਿਤ ਹੋ ਜਾਈਦਾ ਹੈ। ਗੁਰੂ ਗੁਰੂ ਸ਼ਬਦ ਕਲਜੁਗ ਅੰਦਰਿ ਤਰਣ ਤਾਰਣ ਸਮਰਥ ਹੈ।

ਫੁਨਿ ਦੂਖਨਿ ਨਾਸੁ ਸੁਖ ਦਾਯਕੁ ਸੂਰਉ ਜੋ ਧਰਤ ਧਿਆਨੁ ਬਸਤ ਤਿਹ ਨੇਰੇ ॥

ਫੇਰ ਇਹ ਗੁਰੂ ਗੁਰੂ ਜਾਪ ਦੁਖਾਂ ਦਾ ਨਾਸ ਕਰਨਹਾਰਾ ਅਤੇ ਐਸਾ ਪਰਤੱਖ

---

੧. ...੨੭॥ (ਰਾਮਕਲੀ ਮ: ੧, ਪੰਨਾ ੯੪੧)।

bsrstrust.org

ਪਰਤਾਪੀ ਪਾਰਸ ਰਸਾਇਣੀ ਸੱਚੇ ਆਤਮਕ ਸੁਖ ਦਾ ਦੇਣਹਾਰਾ ਹੈ। ਜੋ ਗੁਰਮੁਖਿ ਸਿਖ ਇਸ ਦੇ ਜਾਪ ਦਾ ਧਿਆਨ ਧਰਦਾ ਹੈ, ਉਸਦੇ ਪ੍ਰਤੱਖ ਗੁਰੂ ਮਨਮੁਖ (ਨੇਰੇ ਹੀ ਤੇ ਨੇਰੇ) ਆਇ ਵੁਠਦਾ ਹੈ।

ਪੂਰਉ ਪੁਰਖੁ ਰਿਦੈ ਹਰਿ ਸਿਮਰਤ ਮੁਖੁ ਦੇਖਤ ਅਘ ਜਾਹਿ ਪਰੇਰੇ ॥

ਇਸ ਹਰੀ ਵਾਹਿਗੁਰੂ ਰੂਪੀ ਗੁਰੂ ਜਾਪ ਸਿਮਰਦਿਆਂ ਸਿਮਰਦਿਆਂ ਪੂਰਨ ਪੁਰਖੁ ਪ੍ਰਭ ਅਬਿਨਾਸ਼ੀ ਹਿਰਦੇ ਅੰਦਰਿ ਆਇ ਪਰਗਟ ਹੁੰਦਾ ਹੈ। ਪਰਗਟ ਪਹਾਰੇ ਆਇ ਪ੍ਰਤੱਖ ਦਿਦਾਰੇ ਦਿੰਦਾ ਹੈ, ਜਿਸ ਨੂੰ ਦੇਖਦਿਆਂ ਹੀ (ਜਿਸ ਦੇ ਦਿਦਾਰੇ ਕਰਦਿਆਂ ਹੀ) ਬੜੇ ਬੜੇ ਕਨਿਸ਼ਟ ਪਾਪ (ਅਘ) ਦੂਰ ਹੋ ਜਾਂਦੇ ਹਨ (ਪਰੇ ਹਟ ਜਾਂਦੇ ਹਨ)।

ਜਉ ਹਰਿ ਬੁਧਿ ਰਿਧਿ ਸਿਧਿ ਚਾਹਤ ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥

ਹੇ ਮਨ ਮੇਰੇ ਜੇ ਤੂੰ ਹਰੀ ਲੱਖਤਾ ਵਾਲੀ ਸਰਬੱਗ ਬੁੱਧੀ ਅਤੇ ਰਿਧਿ ਸਿਧਿ ਵਾਲੀ ਅਕਲ ਕਲਾ ਨੂੰ ਚਾਹੁੰਦਾ ਹੈਂ ਤਾਂ ਤੂੰ ਗੁਰੂ ਗੁਰੂ ਗੁਰੂ ਹੀ ਕਰੀ (ਜਪੀ) ਜਾਇਆ ਕਰ।

ਹੁਤੀ ਜੁ ਪਿਆਸ ਪਿਊਸ ਪਿਵੰਨ ਕੀ,
ਬੰਛਤ ਸਿਧਿ ਕਉ ਬਿਧਿ ਮਿਲਾਯਉ ॥...੬॥੧੦॥

ਅੰਮ੍ਰਿਤ-ਰਸੁ (ਪਿਊਸ) ਪੀਵਣ ਦੀ (ਪਿਵੰਨ ਦੀ) ਜੋ ਪਿਆਸ ਹੁੰਦੀ (ਹੁਤੀ) (ਲਗੀ ਹੋਈ) ਸੀ, ਉਸ ਮਨ ਬਾਂਛਤ ਸਿਧੀ ਲਈ (ਇੱਛਾ ਪੂਰਤੀ ਲਈ ਸਤਿਗੁਰੂ (ਰਾਮਦਾਸ ਨੇ) ਬਿਉਂਤ ਬਿਧੀ ਬਣਾ ਦਿਤੀ। 'ਪਿਆਸ' ਪਦ ਦਾ ਸੱਸਾ ਅੱਖਰ ਮੁਕਤਾ ਹੈ, ਇਸਤ੍ਰੀ-ਲਿੰਗ ਵਾਚਕ ਹੋਣ ਕਰਿ। 'ਪਿਊਸ ਪਿਵੰਨ ਕੀ'—ਅੰਮ੍ਰਿਤ ਰਸ ਦੇ ਪੀਵਨ ਦੀ। 'ਦੇ' ਸਬੰਧਕੀ ਪਦ ਅਗੇ ਆਉਣ ਦੀ ਸੰਭਾਵਨਾ ਕਰਕੇ ਸੱਸੇ ਦਾ ਔਂਕੜ ਉਡ ਗਿਆ ਹੈ। 'ਹੁਤੀ'—ਹੁੰਦੀ ਸੀ।

ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰਦਿਸਿ ਧਾਯਉ ॥

ਮਨ ਜੋ ਰਸਾਂ ਦੀ ਵਾਸ਼ਨਾਵਾਂ ਲਈ ਦਸੋਂ ਦਿਸਾਂ ਵਲ ਧਾਵੰਦਾ ਫਿਰਦਾ ਹੈ, ਉਹ ਵਾਸ਼ਨਾਵਾਂ ਪੂਰੀਆਂ ਹੋ ਗਈਆਂ। 'ਪੂਰਨ ਭੋ'—ਪੂਰੀਆਂ ਭਈਆਂ। 'ਪੂਰਨ' ਪਦ 'ਬਾਸਨ' ਪਦ ਨਾਲਿ ਸਬੰਧ ਰਖਦਾ ਹੈ 'ਮਨ' ਨਾਲਿ ਨਹੀਂ। 'ਮਨ' ਪਦ ਦੇ ਨੰਨੇ ਅੱਖਰ ਨੂੰ ਔਂਕੜ ਲਾਉਣਾ ਰਹਿਆ ਹੋਇਆ ਹੈ। 'ਮਨੁ' ਚਾਹੁੰਦਾ ਹੈ। ਤਾਂ ਤੇ ਜੇ 'ਪੂਰਨ' ਦਾ ਸਬੰਧ 'ਮਨ' ਨਾਲਿ ਹੁੰਦਾ ਤਾਂ 'ਪੂਰਨ' ਪਦ ਦੇ ਨੰਨੇ ਅੱਖਰ ਨੂੰ ਭੀ ਔਂਕੜ ਹੁੰਦਾ। ਤੇ ਮਨ ਦਾ ਪੂਰਨ ਹੋਣਾ ਕੁਛ ਅਰਥ ਹੀ ਨਹੀ ਰਖਦਾ। ਇੱਛਾਂ ਵਾਸ਼ਨਾਵਾਂ ਪੂਰੀਆਂ ਹੋਈਆਂ। 'ਬਾਸਨ' ਪਦ ਬਹੁ-ਵਚਨ ਨਾਂਵ ਹੈ, ਇਸ ਕਰਕੇ 'ਪੂਰਨ' ਦਾ ਨੰਨਾ ਮੁਕਤਾ ਹੈ। 'ਭੋ' ਭਇਓ ਹੈ, ਭਈਆਂ ਹਨ—ਦੋਵਾਂ ਅਰਥਾਂ ਲਈ ਆਉਂਦਾ ਹੈ। 'ਮਨ ਠਉਰ ਬਸੋ'—ਮਨ ਠਿਕਾਣੇ ਤੇ ਵਸਿ ਗਿਆ। 'ਦਹੰਦਿਸਿ'—ਦਸਾਂ ਕੁੰਟਾਂ ਵਿਖੇ। 'ਦਿਸਿ' ਦੇ ਸੱਸੇ ਅੱਖਰ ਦੀ ਸਿਹਾਰੀ 'ਵਿਖੇ' ਦਾ ਅਰਥ ਦਿੰਦੀ ਹੈ।

ਗੋਬਿੰਦਵਾਲੁ ਗੋਬਿੰਦਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ ॥

bsrstrust.org

ਜਲ੍ਹਨ ਨਾਮੇ ਭਟ ਉਚਾਰਦਾ ਹੈ ਕਿ ਗੋਬਿੰਦਵਾਲ (ਨਗਰ) ਗੋਬਿੰਦ ਪੁਰੀ ਦੇ ਸਮਾਨ ਬਿਆਸਾ ਨਦੀ (ਬਿਆਸ) ਦੇ ਕਿਨਾਰੇ (ਤੀਰ) ਤੇ ਬਸਾਇਆ ਗਿਆ ਹੈ। 'ਸਮ'—ਸਮਾਨ। 'ਤੀਰਿ ਬਿਪਾਸ'—ਬਿਆਸਾ ਦੇ ਕਿਨਾਰੇ ਤੇ। 'ਬਿਪਾਸ' ਦਾ ਸੱਸਾ ਅੱਖਰ ਮੁਕਤਾ ਹੈ ਇਸ ਦੇ ਅਗੇ 'ਦੇ' ਸਬੰਧਕੀ ਪਦ ਅਰਥਾਵਤ ਹੈ। 'ਤੀਰ' ਪਦ ਦੇ ਰਾਰੇ ਅੱਖਰ ਦੀ ਸਿਹਾਰੀ 'ਵਿਖੇ', 'ਤੇ' ਦਾ ਅਰਥ ਦਿੰਦੀ ਹੈ।

ਗਯਉ ਦੁਖੁ ਦੂਰਿ ਬਰਖਨ ਕੋ ਸੁ,
ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥੬॥੧੦॥

(ਅਨੇਕਾਂ) ਵਰ੍ਹਿਆਂ ਦਾ ਦੁਖੁ ਦੂਰਿ ਹੋ ਗਿਆ। ਉਸ ਗੁਰੂ (ਰਾਮਦਾਸ) ਦਾ ਮੁਖੜਾ ਦੇਖ ਕੇ। (ਸਭ ਤੋਂ ਵੱਡਾ) ਸੁਖੁ (ਆਤਮੀ ਸੁਖੁ) ਪ੍ਰਾਪਤਿ ਹੋਇਆ। 'ਬਰਖਨ ਕੋਸੁ' ਪਾਠ ਨਹੀਂ, ਸੁੱਧ ਪਾਠ ਹੈ 'ਬਰਖਨ 'ਕੋ'—ਵਰ੍ਹਿਆਂ ਦਾ। 'ਸੁ' ਪਾਠ 'ਕੋ' ਨਾਲੋਂ ਨਿਖੇੜ ਕੇ ਪੜ੍ਹਨਾ ਹੈ। 'ਕੋ'—ਹੋੜੇ ਵਾਲਾ 'ਦਾ' ਦੇ ਅਰਥ ਦਿੰਦਾ ਹੈ ਸਮਗਰ ਗੁਰਬਾਣੀ ਵਿਖੇ। ਅਨ੍ਹੈ ਪਾਠ—'ਬਰਖਨ ਕੋ ਦੁਖੁ ਦੂਰਿ ਗਯਉ ਸੁ' ਦਾ ਸਬੰਧ 'ਮੁਖੁ' ਪਦ ਨਾਲਿ ਹੈ। 'ਗੁਰੂ ਮੁਖੁ'। 'ਦੇਖਿ'—ਦੇਖ ਕੇ। ਖੱਖੇ ਅੱਖਰ ਦੀ ਸਿਹਾਰੀ 'ਕਰਕੇ' ਦਾ ਅਰਥ ਦਿੰਦੀ ਹੈ। 'ਗਰੂ ਸੁਖੁ'—ਭਾਰਾ ਸੁਖੁ, ਸਭ ਤੋਂ ਵੱਡਾ ਸੁਖ (ਆਤਮ ਸੁਖੁ)।

ਭਨਿ ਦਾਸ ਸੁਆਸ ਜਗਤ੍ਰ ਗੁਰੂ ਕੀ ਪਾਰਸੁ ਭੇਟਿ ਪਰਸੁ ਕਰ੍ਯਉ ॥

ਦਾਸ ਭੱਟ ਵਖਾਣਦਾ ਹੈ, ਐਸੇ ਜਗਤ ਗੁਰੂ (ਗੁਰੂ ਨਾਨਕ, ਅੰਗਦ ਅਮਰਦਾਸ) ਦੀ ਸਦਾ ਆਸ ਹੈ, ਜਿਸ ਦੀ ਪਾਰਸ ਰੂਪੀ ਭੇਟ (ਸਪਰਸ) ਨੇ ਪਾਰਸ ਹੀ ਬਣਾ ਦਿਤਾ। 'ਸੁਆਸ'—ਸੁੱਧ ਆਸ, ਚੰਗੀ ਆਸ। 'ਪਾਰਸੁ ਭਟਿ'—ਪਾਰਸ ਭੇਟ ਕੇ, ਸੁਪਰਸ ਕੇ। 'ਪਰਸੁ' ਤੋਂ ਭੀ ਭਾਵ ਪਾਰਸੁ ਹੀ ਹੈ।

ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰ੍ਯਉ ॥੭॥੧੧॥

ਹਰੀ (ਵਾਹਿਗੁਰੂ) ਨੇ ਗੁਰੂ ਰਾਮਦਾਸ ਜੀ ਨੂੰ ਸਤਿ ਕਰਕੇ ਗੁਰੂ ਪਦਵੀ ਬਖ਼ਸ਼ੀ। ਗੁਰੂ ਨਾਨਕ ਸਰੂਪ ਸਮਰਥ ਗੁਰੂ, ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਦੇ ਸੀਸ ਤੇ (ਗੁਰਤਤਾ) ਪਦਵੀ ਬਖ਼ਸ਼ੀ (ਬਖ਼ਸ਼ਿਸ਼ ਦਾ ਹਥੁ ਧਰਿਆ)।

"ਹਰਨਾਖਸ ਫਾਰੇ ਕਰ ਆਜ"—ਦੈਂਤ ਹਰਨਾਖਸ਼ ਹੋਰੀਂ ਪਾੜ ਦਿਤੇ ਹੱਥਾਂ ਦੇ ਨੌਹਾਂ (ਨਖਾਂ) ਨਾਲਿ। 'ਕਰ ਆਜ' ਹੱਥਾਂ ਦੇ ਨਹੁੰਆਂ ਨਾਲਿ। 'ਕਰ' ਪਦ 'ਕਰੁ' ਦਾ ਬਹੁ-ਵਚਨ ਭੀ ਹੈ ਹੱਥਾਂ ਦੇ ਅਰਥਾਂ ਵਿਚਿ ਭੀ ਆਇਆ ਹੈ ਜਿਸ ਕਰਕੇ ਇਸ ਦਾ ਰਾਰਾ ਅੱਖਰ ਮੁਕਤਾ ਹੈ ਅਤੇ ਇਸ ਪਦ ਦੇ ਅਗੇ 'ਦੇ' ਸਬੰਧਕ ਪਦ (preposition) ਭੀ ਅਰਥ ਬੋਧਕ ਹੈ ਇਸ ਕਰਕੇ ਭੀ ਰਾਰਾ ਅੱਖਰ ਮੁਕਤਾ ਹੈ। 'ਆਜ'—ਨਾਖੁਨ, ਹੱਥਾਂ ਦੇ ਨੌਂਹ।

"ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ"—ਫੇਰ ਹਰਿ ਪ੍ਰਭ ਜੀ ਨੇ ਦ੍ਰੋਪਤੀ ਦੀ ਲਾਜ ਰਖੀ। 'ਦ੍ਰੋਪਤੀ'—ਦ੍ਰੋਪਤੀ ਦੀ। 'ਲਾਜ' ਇਸਤ੍ਰੀ-ਲਿੰਗ ਨਾਂਵ ਹੋਣ ਕਰਿ ਇਸ ਦਾ ਜੱਜਾ ਅੱਖਰ ਮੁਕਤਾ ਹੈ। 'ਹਰਿ ਪ੍ਰਭ ਜੀ'— ਹਰਿ ਪ੍ਰਭ ਜੀ ਨੇ। 'ਪ੍ਰਭ' ਪਦ

bsrstrust.org

ਦਾ ਭੱਭਾ ਅੱਖਰ ਇਕ ਤਾਂ ਇਸ ਕਰਕੇ ਮੁਕਤਾ ਹੈ ਕਿਉਂਕਿ ਇਹ ਪਦ ਸਤਿਕਾਰ ਵਜੋਂ ਬਹੁ-ਵਚਨ ਅਰਥਾਂ ਵਿਚਿ ਵਰਤਿਆ ਗਿਆ ਹੈ ਅਤੇ ਦੂਜੇ ਇਸ ਦੇ ਪਿਛੋਂ 'ਨੇ' ਸਬੰਧਕ ਪਦ ਮਫ਼ਹੂਮ ਹੈ।

ਝੋਲਨਾ

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥੧॥੧੩॥ *(ਪੰਨਾ ੧੪੦੦)*

ਹੇ ਪ੍ਰਾਣੀਓ! (ਤੁਸੀਂ ਬੱਸ ਕੇਵਲ) ਗੁਰੂ ਗੁਰੂ (ਵਾਹਿਗੁਰੂ ਵਾਹਿਗੁਰੂ) ਜਪਹੁ। 'ਜਪਹੁ' ਦੇ ਅਰਥਾਂ ਵਿਚਿ "ਗੁਰੂ ਗੁਰੂ ਕਰੁ' ਪਿਛੇ ਆਏ ਭਾਵ ਦਾ ਹੋਰ ਪ੍ਰੌੜ੍ਹਤਾ ਲਈ ਪ੍ਰਮਾਣ ਹੈ।

ਸਬਦੁ ਹਰਿ ਹਰਿ ਜਪੈ ਨਾਮੁ ਨਵਨਿਧਿ ਅਪੈ,
ਰਸਨਿ ਅਹਿਨਿਸਿ ਰਸੈ ਸਤਿ ਕਰਿ ਜਾਨੀਅਹੁ ॥

(ਜੋ ਜਨ) ਹਰਿ ਹਰਿ, ਗੁਰੁ ਗੁਰੁ (ਵਾਹਿਗੁਰੂ) ਸ਼ਬਦ ਜਪਦਾ ਹੈ ਉਹ ਅੰਮ੍ਰਿਤ ਮਈ ਨਵ ਨਿਧਿ ਛਾਂਦਾ ਛਕਦਾ ਹੈ (ਨੌਂ ਨਿਧੀਆਂ ਦਾ ਨਿਧਾਨ ਖਜ਼ਾਨਾ ਨਾਮੁ ਸੋ ਕਹੀਐ ਨਵ ਨਿਧਿ ਨਾਮੁ)। ਰਸਨਾ ਦੁਆਰਾ ਦਿਨੇ ਰਾਤ (ਰਾਤ ਦਿਨੇ) ਇਹੀ ਰਸੁ ਲੈਂਦਾ ਹੈ। ਅੰਮ੍ਰਿਤ ਦੇ ਗਟਾਕ ਹੀ ਛਕਦਾ ਹੈ। ਇਸ ਗੱਲ ਨੂੰ ਸਤਿ ਕਰਕੇ ਜਾਨਣਾ। ਇਸ ਵਿਚਿ ਰੰਚਕ ਭੀ ਸੰਦੇਹ ਨਹੀਂ ਕਿ ਨਾਮ ਅਭਿਆਸ ਕਮਾਈ ਕਰਨ ਨਾਲਿ ਅੰਮ੍ਰਿਤ ਨਾਮ ਦੀ ਰਸਾਈ ਹੁੰਦੀ ਹੈ। ਨਾਮੁ (ਗੁਰਮਤਿ ਨਾਮ) ਵਿਚ ਐਸੀ ਪਾਰਸ ਰਸਾਇਣੀ ਕਲਾ ਹੈ ਕਿ ਇਸ ਦੇ ਜਪਣ ਨਾਲਿ, ਜਪੀ ਜਾਣ ਨਾਲਿ ਰਸਨਾ (ਜਿਹਬਾ) ਭੀ ਅੰਮ੍ਰਿਤ ਰਸਾਇਣੀ ਹੋ ਜਾਂਦੀ ਹੈ, ਹਿਰਦਾ ਭੀ ਅੰਮ੍ਰਿਤ ਕਲਾ ਪਾਰਸਾਇਣੀ ਹੋ ਜਾਂਦਾ ਹੈ ਅਤੇ ਮੁਖ ਅੰਦਰਿ ਭੀ ਅੰਮ੍ਰਿਤ ਰਸ ਚੋਣ ਲਗ ਪੈਂਦਾ ਹੈ। ਤਾਂ ਹੀ ਤੇ ਸਮਗਰ ਗੁਰਬਾਣੀ ਅੰਦਰਿ ਸੁਆਸਿ ਸੁਆਸਿ ਅਤੇ ਰਸਨਾ ਕਰਕੇ ਨਾਮ ਅਭਿਆਸ ਕਰੀ ਜਾਣ ਦਾ ਪਰਮ ਹੁਕਮ ਹੈ। 'ਅਪੈ'—ਪੀਂਦਾ ਹੈ।

ਸਦਾ ਨਿਰਵੈਰੁ ਨਿਰੰਕਾਰੁ ਨਿਰਭਉ ਜਪੈ,
ਪ੍ਰੇਮ ਗੁਰ ਸਬਦ ਰਸਿ ਕਰਤ ਦ੍ਰਿੜੁ ਭਗਤਿ ਹਰਿ ॥...੨॥੧੪॥

ਸਦਾ ਨਿਰਭਉ ਨਿਰਵੈਰ ਨਿਰੰਕਾਰ (ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਨਾਮ ਅਭਿਆਸ ਦੁਆਰਾ) ਜਪੀ ਜਾਵੋ। ਸ਼ਬਦ ਦੇ ਰਸ ਦੁਆਰਾ ਗੁਰੂ ਗੁਰੂ ਕਰਨ ਦਾ ਪ੍ਰੇਮ ਅੰਤਰਿ ਆਤਮੇ ਪੁੰਗਰਦਾ ਹੈ। ਇਹੋ ਪ੍ਰੇਮ ਵਾਹਿਗੁਰੂ ਦੀ ਭਗਤੀ ਨੂੰ ਦ੍ਰਿੜ੍ਹ ਕਰਵਾਉਂਦਾ ਹੈ। ਜਦੋਂ ਨਾਮ ਅਭਿਆਸ ਦੀ ਕਮਾਈ ਕਰਿ ਕਰਿ, ਕਰੀ ਜਾਣ ਕਰਿ ਰਸੁ ਜੋਤਿ ਪ੍ਰਕਾਸ਼ ਅੰਤਰਿ ਆਤਮੇ ਸੁਆਦਤ ਹੁੰਦਾ ਹੈ, ਫੇਰ ਇਸ ਤੋਂ ਦਸ ਗੁਣੀ ਅਭਿਆਸ ਕਮਾਈ ਹੁੰਦੀ ਹੈ। ਰਸ ਪ੍ਰਾਇਣ ਹੋ ਕੇ ਭਗਤਿ ਅਭਿਆਸ ਕਮਾਈ ਕਦੇ ਛੱਡੀ ਨਹੀਂ ਜਾਂਦੀ। ਇਉਂ ਹਰੀ ਭਗਤੀ ਦ੍ਰਿੜ੍ਹ ਹੁੰਦੀ ਹੈ। 'ਪ੍ਰੇਮ ਗੁਰ', 'ਸਬਦ ਰਸਿ' ਦੋਈ ਪਾਠ ਭਿੰਨ ਭਿੰਨ ਹਨ। 'ਪ੍ਰੇਮ ਗੁਰ'—ਗੁਰੂ ਦਾ ਪ੍ਰੇਮ। 'ਸਬਦ ਰਸਿ'—ਸਬਦ ਦੇ

bsrstrust.org

ਰਸ ਦੁਆਰਾ। 'ਕਰਤ ਦ੍ਰਿੜ'—ਅਨ੍ਵੈ—'ਦ੍ਰਿੜ ਕਰਤ'। 'ਭਗਤਿ ਹਰਿ'—ਅਨ੍ਵੈ—'ਹਰਿ ਭਗਤਿ'—ਹਰੀ ਦੀ ਭਗਤੀ ਦ੍ਰਿੜ੍ਹ ਕਰਦਾ ਹੈ (ਕਮਾਉਂਦਾ ਹੈ)। ਕਉਣ ? 'ਪ੍ਰੇਮ ਗੁਰ'—ਗੁਰੂ ਦਾ ਪ੍ਰੇਮ, ਗੁਰੂ ਗੁਰੂ ਕਰਨ ਦੁਆਰਾ ਆਇਆ ਪੁੰਗਰਿਆ ਪ੍ਰੇਮ।

ਮੂਰਖ ਮਨ ਭ੍ਰਮੁ ਤਜਹੁ ਨਾਮੁ ਗੁਰਮੁਖਿ ਭਜਹੁ,
ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਸਤਿ ਕਰਿ ॥੨॥੧੪॥

ਹੇ ਮੂਰਖ ਮਨ! ਭ੍ਰਮੁ ਤਜ ਦੇਵਹੁ, ਗੁਰਮੁਖਿ, (ਵਾਹਿਗੁਰੂ) ਨਾਮ ਜਪਣ ਵਿਚਿ ਤੱਤਪਰ ਹੋ ਜਾਵੋ। ਮੱਤ ਏਹ ਭ੍ਰਮ ਭ੍ਰਾਂਤੀ ਰਖੋ ਕਿ ਹੋਰ ਭੀ ਕਈ ਨਾਮ ਹਨ। ਏਹਨਾਂ ਵਹਿਮ ਭ੍ਰਾਂਤੀਆਂ ਨੂੰ ਛਡ ਕੇ ਕੇਵਲ ਵਾਹਿਗੁਰੂ ਨਾਮ ਹੀ ਜਪੋ। ਇਹੋ ਜਪਣ ਜੋਗੁ ਗੁਰਮਤਿ ਨਾਮ ਹੈ। ਜਿਸ ਨਾਮ ਦੇ ਅਭਿਆਸ ਜਾਪ ਅੰਦਰਿ 'ਗੁਰੂ' ਪਦ ਆਉਂਦਾ ਹੈ, ਉਹੀ ਨਾਮ ਗੁਰਮਤਿ ਨਾਮੁ ਹੈ, ਕੇਵਲ ਵਾਹਿਗੁਰੂ ਨਾਮੁ (ਗੁਰਮੰਤ੍ਰ) ਜਪਣ ਜੋਗ ਜੋ ਨਾਮ ਹੈ ਸੋ ਹੈ (ਸੋਹੰ) ਵਾਹਿਗੁਰੂ (ਗੁਰਮੰਤ੍ਰ) ਨਾਮੁ। ਬਸ, ਗੁਰਮਤਿ ਨਾਮ, ਵਾਹਿਗੁਰੂ ਨਾਮੁ ਨੂੰ ਹੀ ਕਹਿੰਦੇ ਹਨ ਗੁਰੂ ਘਰ ਵਿਖੇ। ਗੁਰਮਤਿ ਅੰਦਰਿ ਸੰਕੇਤੀ ਨਾਮ ਗੁਰੂ ਘਰ ਦਾ ਹੈ ਵਾਹਿਗੁਰੂ ਨਾਮੁ। ਏਸੇ ਕਰਕੇ ਏਹਨਾਂ ਸਵਈਆਂ ਅੰਦਰਿ ਸਪਸ਼ਟ ਤੌਰ ਤੇ ਇਸ ਨਾਮ ਨੂੰ ਸੰਕੇਤਕ ਕਰਿ ਦਿਖਾਇਆ ਹੈ। ਇਕ ਵਾਰ ਨਹੀਂ ਬਾਰੰਬਾਰ। ਹੋਰ ਸਮੱਗਰ ਗੁਰਬਾਣੀ ਵਿਖੇ ਇਹ ਸੰਕੇਤਕ ਨਾਮ ਸਪਸ਼ਟ ਨਹੀਂ ਪਰਗਟ ਕੀਤਾ ਗਿਆ, ਗੁਪਤ ਹੀ ਰਖਿਆ ਗਿਆ ਹੈ। ਅਨਿਕ ਜਗਿਆਸੂਆਂ ਨੂੰ ਭ੍ਰਮ ਵਿਆਪਦਾ ਦੇਖ ਕੇ ਸੱਚੇ ਪਾਤਸ਼ਾਹ ਨੇ ਏਥੇ (ਏਹਨਾਂ ਸਵਈਆਂ ਵਿਖੇ) ਆ ਕੇ ਜਪਣ ਜੋਗ ਨਾਮੁ ਇਕੋ ਇਕ ਨਾਮ, ਗੁਰਮਤਿ ਨਾਮੁ ਨੂੰ ਸਪਸ਼ਟ ਪ੍ਰਗਟਾ ਦਿਤਾ। ਤਾਂਹੀ ਤੇ ਅਗੇ ਭੀ ਤੇ ਹੁਣ ਭੀ ਇਸ ਛੰਦ ਅੰਦਰਿ ਗੁਰੂ ਗੁਰੂ, ਗੁਰੂ ਗੁਰੂ ਪਦਾਂ ਦਾ ਪਾਠ ਸਪਸ਼ਟ ਪ੍ਰਗਟਤਾ ਵਿਚਿ ਉਚਾਰਨ ਕਰਿ ਦਿਖਾਇਆ ਹੈ ਕਿ "ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਸਤਿ ਕਰਿ" ਪੰਜ ਵਾਰ 'ਗੁਰੂ' 'ਗੁਰੂ' ਪਦ ਉਚਾਰਨ ਕਰਕੇ ਇਸ ਜਪ ਜਾਪ ਭਜਨ ਵਾਹਿਗੁਰੂ ਨੂੰ ਸਤਿ ਕਰਿ ਕਰਿ ਕੇ ਜਾਣਾਇਆ ਹੈ। 'ਨਾਮੁ ਗੁਰਮੁਖਿ ਭਜਹੁ'—ਵਾਹਿਗੁਰੂ (ਗੁਰਮੁਖਿ) ਨਾਮੁ ਦਾ ਹੀ ਭਜਨ ਕਰਹੁ। ਭਜਨ ਕਰਨ ਜੋਗ ਨਾਮੁ ਗੁਰੂ ਘਰ ਅੰਦਰਿ ਵਾਹਿਗੁਰੂ ਨਾਮੁ ਹੀ ਹੈ। 'ਗੁਰਮੁਖਿ'—ਮੁਖੀ ਗੁਰੂ, ਵਾਹਿਗੁਰੂ ਮੁਖਿ ਕਰਕੇ ਰਟਣ ਜੋਗ, ਭਜਨ ਜੋਗ ਨਾਮੁ ਗੁਰਮੁਖਿ ਨਾਮੁ ਵਾਹਿਗੁਰੂ ਹੀ ਹੈ। ਗੁਰੂਅਨ ਸਿਰਿ ਗੁਰੂ (ਵਡਾ ਗੁਰੂ) ਵਾਹਿਗੁਰੂ ਹੀ ਹੈ। ਸਤਿਗੁਰੂ ਦਾ ਗੁਪਤ ਹੁਕਮ ਇਸ ਨਾਮ ਨੂੰ (ਵਾਹਿਗੁਰੂ ਨਾਮ ਨੂੰ) ਗੁਪਤ ਰਖਣ ਦਾ ਹੀ ਹੈ ਜੇਹੜਾ ਕਿ ਸਵਈਆਂ ਅੰਦਰਿ ਨਾਮ ਨੂੰ ਸਪਸ਼ਟ ਕਰਿ ਦਿਖਾਇਆ ਹੈ। ਤਾਂ ਤੇ ਵਿਆਖਿਆ ਅੰਦਰਿ ਭੀ ਏਥੇ ਆ ਕੇ ਇਹ ਨਾਮ ਵਾਹਿਗੁਰੂ ਸਪਸ਼ਟ ਹੀ ਅਰਥਾਉਣਾ ਵਿਆਖਿਆਉਣਾ ਪਿਆ। 'ਗੁਰਮੁਖਿ' ਨਾਮ ਵਾਲਾ ਇਸ਼ਾਰਾ ਮੁੱਢ ਤੋਂ ਹੀ ਵਾਹਿਗੁਰੂ ਨਾਮੁ ਵਲ ਹੀ ਹੈ। ਸ੍ਰੀ ਜਪੁਜੀ ਸਾਹਿਬ ਦੇ ਗੁਰਮੰਤ੍ਰੀ ਪਾਠ ਅੰਦਰਿ ਹੀ ਇਸ ਨਾਮ ਨੂੰ 'ਗੁਰਮੁਖਿ' ਨਾਮ ਕਹਿ ਕੇ ਸੰਕੇਤਕ ਕੀਤਾ ਹੈ, ਯਥਾ— "ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥" ਭਾਵ, ਗੁਰ ਸਿਖਾਂ ਲਈ 'ਗੁਰਮੁਖਿ' (ਵਾਹਿਗੁਰੂ) ਨਾਮ ਹੀ ਨਾਦੁ ਹੈ। 'ਗੁਰਮੁਖਿ' (ਵਾਹਿਗੁਰੂ) ਨਾਮੁ ਹੀ ਵੇਦੁ

bsrstrust.org

ਹੈ। 'ਗੁਰਮੁਖਿ' (ਵਾਹਿਗੁਰੂ) ਨਾਮੁ ਹੀ ਸਾਰੇ ਸਮਾਇ ਰਹਿਆ ਹੈ। ਨਾਮ ਨਾਮੀ ਅਭੇਦ ਹੋਣ ਕਰਿ ਵਾਹਿਗੁਰੂ ਨਾਮੀ ਤੋਂ ਕੋਈ ਜਗ੍ਹਾ ਖ਼ਾਲੀ ਨਹੀਂ। ਸਾਰੇ ਹੀ, ਸਾਰੀ ਰਚਨਾ ਅੰਦਰਿ ਹੀ ਗੁਪਤ ਵਰਤ ਰਹਿਆ ਹੈ। ਪਰਗਟ ਪਾਹਾਰੇ ਤਾਂ ਇਹ ਗੁਰੂ ਦੁਆਰਾ, ਗੁਰ ਦੀਖਿਆ ਗੁਰਮੰਤ੍ਰ ਦੁਆਰਾ ਹੀ ਆਸ਼ਕਾਰ ਹੁੰਦਾ ਹੈ ਅਤੇ ਦ੍ਰਿੜ੍ਹ ਰਿਦੰਤਰਿ ਬਸਦਾ ਭੀ ਦੀਖਿਅਤ ਹੋ ਕੇ ਹੈ। ਐਵੇਂ ਭਾਵੇਂ ਕੋਈ ਇਹ ਕਹੀ ਕਰੀ ਲਿਖੀ ਜਾਵੇ ਕਦੇ ਦ੍ਰਿੜ੍ਹ ਨਹੀਂ ਹੁੰਦਾ। ਗੁਪਤ ਜਾਪ ਵਿਚਿ ਇਸ ਗੁਰਮਤਿ ਨਾਮ ਦੀ ਕਲਾ ਅਧਿਕ ਵਰਤਦੀ ਹੈ, ਅੰਤਰਿ ਆਤਮੇ, ਪ੍ਰੰਤੂ ਪਰਗਟ ਉਚਾਰਨ ਜਾਪ ਭੀ ਵਿਲੱਖਣ ਪਾਰਸ ਕਲਾ ਵਰਤਾਉਂਦਾ ਹੈ। ਰਸਨਾ ਤੇ ਮੁੱਖ ਤੇ ਰਸ ਜੋਤਿ ਆਕ੍ਰਖਨੀ ਕਲਾ ਵਰਤਦੀ ਹੈ। ਕਿਉਂਕਿ ਇਹ ਨਾਮ ਰਸਾਇਣ ਰੂਪ ਹੋ ਕੇ ਪਰਸਿਆ ਹੈ। ਅਭਿਆਸ ਕਮਾਈ ਕੀਤਿਆਂ ਹੀ ਰਸ ਜੋਤਿ ਚਭੁਕ ਕਲਾ ਵਿਚਿ ਪਰਜੁਲਤ ਚੰਭੁਕਤ ਹੁੰਦਾ ਹੈ।

ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ ॥...੩॥੧੫॥

ਗੁਰੂ ਗੁਰੂ, ਗੁਰੂ ਗੁਰੂ, ਗੁਰੂ ਗੁਰੂ ਕਰੀ ਚਲਹੁ, ਜਪੀ ਚਲੋ। ਇਸ ਗੁਰੂ ਗੁਰੂ ਦੇ ਜਾਪ ਦੁਆਰਾ ਹੀ ਭਾਵ ਵਾਹਿਗੁਰੂ ਨਾਮ ਜਾਪ ਦੁਆਰਾ ਹੀ ਨਾਮੀ ਵਾਹਿਗੁਰੂ (ਹਰੀ) ਨੂੰ ਪਾਈਦਾ ਹੈ। ਇਸ ਪੰਗਤੀ ਦੇ ਅਰਥਾਂ ਵਿਚਿ ਇਕ ਹੋਰ ਭੀ ਗੋਝ ਅਰਥ ਗੁੱਝਾ ਹੈ। ਉਹ ਇਹ ਕਿ ਵਾਹਿਗੁਰੂ (ਨਾਮੀ ਹਰੀ) ਨੂੰ ਪਾਉਣ ਦੀ ਕੁੰਜੀ ਗੁਰੂ ਹੀ ਹੈ। ਗੁਰੂ ਗੁਰੂ ਜਾਪ ਕਰਕੇ ਹੀ ਵਾਹਿਗੁਰੂ ਪਾਈਦਾ ਹੈ ਅਤੇ ਸਤਿਗੁਰੂ ਗੁਰੂ ਨੂੰ ਧਾਰਨ ਕੀਤਿਆਂ ਗੁਰਮੰਤ੍ਰ ਗੁਰੂ ਨਾਮ (ਵਾਹਿਗੁਰੂ ਨਾਮ) ਰੂਪੀ ਕੁੰਜੀ ਜਗਿਆਸੂ ਨੂੰ ਮਿਲਦੀ ਹੈ। ਐਵੇਂ ਇਹ ਨਾਮ ਚਲਦਾ ਹੀ ਨਹੀਂ, ਅਭਿਆਸਤ ਹੀ ਨਹੀਂ ਹੁੰਦਾ। ਇਸ ਦਾ ਤੋਰਾ ਗੁਰੂ ਦੀਖਿਆ ਤੋਂ ਹੀ ਤੁਰਦਾ ਹੈ। ਪਰ ਇਸ ਗੁਰੂ ਪਦ ਤੋਂ ਭਾਵ ਕੰਨਾ ਬਾਤੀ ਕੁਰੱਰ ਕਰਨ ਵਾਲੇ ਦੇਹਧਾਰੀ ਡਿੰਭੀ ਗੁਰੂਆਂ ਤੋਂ ਹਰਗਿਜ਼ ਨਹੀਂ। ਦੇਹਧਾਰੀ ਗੁਰੂ ਦਾ ਸਿਲਸਿਲਾ ਤਾਂ ਗੁਰੂ ਦਸਮੇਸ਼ ਜੀ ਨੇ ਖ਼ਤਮ ਕਰ ਦਿਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋ ਜੁਗ ਅਟੱਲ ਗੁਰੂ ਪਦਵੀ ਦੇ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਚ ਪਰਵਾਣ ਪੰਚ ਪਰਧਾਨ ਗੁਰੂ ਪਿਆਰਿਆਂ ਨੂੰ ਗੁਰ ਦੀਖਿਆ ਗੁਰਮੰਤ੍ਰ ਦੇਣ ਦਾ ਅਧਿਕਾਰ ਬਖ਼ਸ਼ਿਆ। ਜਣੇ ਕਣੇ ਪੰਜਾਂ ਦੀ ਗਿਣਤੀ ਵਾਲੇ ਪੁਰਸ਼ ਪੰਜ ਪਿਆਰੇ ਨਹੀਂ ਹੋ ਸਕਦੇ। ਸੱਚੇ ਗੁਰਮੁਖਿ ਪੰਜਾਂ ਪਿਆਰਿਆਂ ਦਾ ਪੁੰਜ ਗੁਰ ਦਸਮੇਸ਼ ਜੀ ਨੇ ਤੱਤ ਗੁਰਮੁਖੀ ਜੀਵਨ ਵਾਲੇ ਪਿਆਰਿਆਂ ਦਾ ਧੁਰਵਾ ਬੰਨ੍ਹ ਕੇ ਦਿਖਾ ਦਿਤਾ, ਪਰਤੱਖ ਦਿਖਾ ਦਿਤਾ। (੧) ਸ੍ਰੀ ਭਾਈ ਦਇਆ ਸਿੰਘ ਜੀ, (੨) ਸ੍ਰੀ ਭਾਈ ਧਰਮ ਸਿੰਘ ਜੀ, (੩) ਸ੍ਰੀ ਭਾਈ ਹਿੰਮਤ ਸਿੰਘ ਜੀ, (੪) ਸ੍ਰੀ ਭਾਈ ਮੁਹਕਮ ਸਿੰਘ ਜੀ, (੫) ਸ੍ਰੀ ਭਾਈ ਸਾਹਿਬ ਸਿੰਘ ਜੀ। ਤੱਤ ਜੀਵਨੀ ਜੀਵਨ ਵਾਲੀ ਵਰਤੀ ਘਟਣਾ ਦੁਆਰਾ ਸ੍ਰੀ ਕੇਸ ਗੜ੍ਹ ਸਾਹਿਬ ਵਿਖੇ ਪਰਤੱਖ ਕਰ ਵਿਖਾਇਆ। ਉਸੇ ਧੁਰਵੇ ਤੇ ਪੰਜਾਂ ਪਿਆਰਿਆਂ ਦੀ ਛਾਂਟ ਹੋਣੀ ਗੁਰਮਤਿ ਅੰਦਰਿ ਦਰਕਾਰ ਹੈ ਜੋ ਧੁਰੋਂ ਦਸਮੇਸ਼ ਜੀ ਦੇ ਸਮੇਂ ਤੋਂ ਸੀਨਾ ਬਸੀਨਾ ਗੁਪਤ ਵਰਤਦੀ ਚਲੀ ਆ ਰਹੀ ਹੈ, ਹੁਣ ਭੀ ਵਰਤ ਰਹੀ ਹੈ। ਤਾਂ ਤੇ ਖ਼ਾਸ ਖ਼ਿਆਲ ਇਸ ਗੱਲ ਦਾ ਭੀ ਰਖਣਾ ਪਰਮ ਜ਼ਰੂਰੀ ਹੈ ਕਿ ਜਿਵੇਂ ਡਿੰਭੀ ਗੁਰੂਆਂ ਦੀ

bsrstrust.org

ਡਿੰਭਤਾ ਦਾ ਗੁਰੂ ਘਰ (ਗੁਰਮਤਿ) ਅੰਦਰਿ ਖੰਡਨ ਹੈ ਏਸੇ ਪਰਕਾਰ ਡਿੰਭੀ ਪੰਜ ਪਿਆਰਿਆਂ ਦੀ ਡਿੰਭਤਾ ਦਾ ਭੀ ਖੰਡਣ ਹੈ। ਡਿੰਭੀ ਪੰਜਾਂ ਪਿਆਰਿਆਂ ਦੁਆਰਾ ਉਹ ਕਲਾ ਆਕ੍ਰਖਨੀ ਕਦੇ ਨਹੀਂ ਵਰਤਦੀ ਜੋ ਅਭਿਆਸ ਕਮਾਈ ਵਾਲੇ ਗੁਰਮੁਖਿ ਜੀਵਨ ਜੀਵਨੀ ਪਿਆਰਿਆਂ ਦੁਆਰਾ ਵਰਤਦੀ ਹੈ। ਏਹ ਗੁਰਮੁਖਿ ਜੀਵਨ ਪੰਜ ਗੁਰਮੁਖ ਨਾ-ਸਿਰਫ਼ ਨਾਮ ਅਭਿਆਸ ਕਲਾ ਕਰ ਕੇ ਹੀ ਨਿਪੁੰਨ ਹੋਣੇ ਚਾਹੀਦੇ ਹਨ ਬਲਕਿ ਸਿੰਘਾਂ ਵਾਲੀ ਰਹਿਣੀ ਬਹਿਣੀ ਪੰਜ ਕਕਾਰੀ ਰਹਿਤ ਪੰਜ ਵਿਕਾਰੀ ਬਹਿਤ ਦਾ ਭੀ ਅੱਵਲ ਤੱਰੀਨ ਕਸੌਟਾ ਪਰਤੱਖ ਹੋਣਾ (ਪਰਖਿਆ ਜਾਣਾ) ਭੀ ਪਰਮ ਲਾਜ਼ਮੀ ਹੈ। ਸੱਚੀ ਸੂਰਮਤਾ ਹੀ ਪੰਜ ਵਿਕਾਰਾਂ ਨੂੰ ਜਿਣਕੇ ਹੀ ਆਉਂਦੀ ਹੈ। ਪੰਜ ਵਿਕਾਰਾਂ ਨੂੰ ਸੋਈ ਜਿਣ ਸਕਦੇ ਹਨ ਜੋ ਆਤਮ ਜਿਣੀ ਨਾਮ ਰੰਗ ਰੱਤੜੇ ਗੁਰਮੁਖਿ ਸੂਰਮੇ ਸਿੰਘ ਹੋਣ। ਜਿਨ੍ਹਾਂ ਦਾ ਤਨ, ਮਨ, ਧਨ, ਗੁਰੂ ਪ੍ਰਾਇਣ ਹੀ ਅਰਪਣ ਹੋਇਆ ਹੋਵੇ। ਪੰਜਾਂ ਪਿਆਰਿਆਂ ਦੇ ਪੁੰਜ ਅੰਦਰਿ ਹੀ ਪੂਰਨ ਗੁਰ ਪਰਮੇਸ਼ਰੀ ਕਲਾ ਵਰਤਦੀ ਹੈ। ਜਿਹਾ ਕਿ—"ਇਕ ਸਿਖ ਦੁਇ ਸਾਧ ਸੰਗਿ ਪੰਜੀ ਪਰਮੇਸੁਰ" ਭਾਈ ਗੁਰਦਾਸ ਜੀ ਦਾ ਬਚਨ ਹੈ।

ਉਦਧਿ ਗੁਰੁ ਗਹਿਰੁ ਗੰਭੀਰੁ ਬੇਅੰਤੁ ਹਰਿ,
ਨਾਮ ਨਗ ਹੀਰ ਮਣਿ ਮਿਲਤ ਲਿਵ ਲਾਈਐ॥

ਗਹਿਰ ਗੰਭੀਰ ਗੁਰੂ ਬੇਅੰਤ ਹਰੀ (ਵਾਹਿਗੁਰੂ) ਰੂਪੀ ਸਮੁੰਦਰ ਵਿਖੇ (ਗੁਰਮਤਿ) ਨਾਮ ਰੂਪੀ ਰਤਨ ਹੀਰੇ ਮਣੀਏ ਨੂੰ ਮਿਲ ਕੇ (ਦੁਆਰਾ) ਭਾਵ, ਰਤਨ ਰਸਾਇਣੀ ਮਣੀਏ ਹੀਰੇ ਨਾਮ ਨੂੰ ਜਪੁ ਕੇ ਹੀ) ਲਿਵ ਲਗਦੀ ਹੈ। ਪਾਰਸ ਕਣੀਆਂ ਨਾਮ ਨਗ ਹੀਰਾ ਮਣੀਆਂ ਹੀ ਪਾਰਸ ਕਲਾ ਵਰਤਾਉਂਦਾ ਹੈ। ਤਦੇ ਇਸ ਦਾ ਅਭਿਆਸ ਕਰੀਦਾ ਹੈ। ਇਸ ਚਕਮਾਕ ਨਾਲਿ ਘਸ ਕੇ ਮਨ ਭੀ ਰਸਾਇਣ ਰੂਪ ਹੋ ਜਾਂਦਾ ਹੈ। ਅਤੇ ਨਿਰਾ ਹਰੀ (ਵਾਹਿਗੁਰੂ) ਪ੍ਰਾਇਣ ਹੀ ਹੋ ਜਾਂਦਾ ਹੈ। ਫੇਰ ਕਦੇ ਔਂਕੜ ਨਹੀਂ ਪੈਂਦਾ। 'ਉਦਧਿ'—ਆਤਮ ਰਸ ਸ਼ਕਤੇ ਸਮੁੰਦਰ (ਪਰਮਾਤਮ) ਵਿਖੇ। 'ਗਹਿਰੁ, ਗੰਭੀਰੁ, ਬੇਅੰਤੁ' ਵਾਹਿਗੁਰੂ ਦੇ ਖ਼ਾਸ ਗੁਣ ਵਿਸ਼ੇਸ਼ਣ ਹੋਣ ਕਰਿ ਏਹਨਾਂ ਪਦਾਂ ਦੇ ਛੇਕੜਲੇ ਅੱਖਰਾਂ ਨੂੰ ਔਂਕੜ ਖ਼ਾਸ ਖ਼ਸੂਸੀਅਤ ਸਹਿਤ ਲਾਏ ਗਏ ਹਨ। 'ਮਿਲਤ'—ਮਿਲਣ ਕਰਕੇ।

ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ ਪਰਸ,
ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ॥

ਫੇਰ ਹੋਰ ਕੌਤਕ ਵਰਤਦਾ ਹੈ, ਉਹ ਕੀ? ਉਹ ਇਹ ਕਿ ਪਾਰਸ ਰੂਪ ਗੁਰੂ ਦਾ ਪਰਸਣਾ (ਪਰਸੇ ਜਾਣ ਵਾਲੇ ਪਦਾਰਥ ਨੂੰ) ਕੰਚਨ ਰੂਪ (ਲੋਹੇ ਤੋਂ ਨਿਰਾ ਸੋਨਾ) ਨਿਰਗੰਧ ਵਸਤੂ ਨੂੰ ਸੁਗੰਧਤ ਕਰ ਦਿੰਦਾ ਹੈ ਅਤੇ ਬੁਧੀ ਦੀ ਦੁਰਮਤਿ ਮੈਲ ਦੂਰ ਹੋ ਜਾਂਦੀ ਹੈ (ਜਦੋਂ) 'ਗੁਰੁ ਸਬਦ' ਵਿਖੇ ਧਿਆਨ ਧਰੀਦਾ ਹੈ। 'ਪਰਸ' ਪਦ ਦਾ ਸਬੰਧ 'ਗੁਰੂ' ਨਾਲਿ ਹੈ—ਗੁਰੂ (ਪਾਰਸ) ਦਾ ਸੁਪਰਸੁ (ਪਰਸਨ)। 'ਪਰਮਲ' ਤੇ 'ਸਰਸ' ਪਦ ਕਿਰਿਆ ਵਿਸ਼ੇਸ਼ਣ (adverbs) ਹਨ। 'ਕਰਤ' ਪਦ ਕਿਰਿਆ ਹੈ। 'ਕੰਚਨੁ' (ਬਾਰਾਂ ਬੰਨੀ ਦਾ ਸੁੱਧ ਸੋਨਾ)—ਜਗਿਆਸ ਦਾ ਜੀਵਨ ਸੋਨੇ ਵੰਨਾ ਸੁੱਧ ਹੋ ਜਾਂਦਾ ਹੈ ਗੁਰੂ

bsrstrust.org

ਪਾਰਸ ਨੂੰ ਪਰਸ ਕੇ। ਅਨ੍ਹੈ—'ਗੁਰੂ ਪਰਸ ਚੰਦਨੁ ਕਰਤ'—ਗੁਰੂ ਪਾਰਸ ਦਾ ਸੁਪਰਸੁ ਕੰਚਨ ਸਦਰਸ ਕਰ ਦਿੰਦਾ ਹੈ ਸੁਪਰਸਤ ਹੋਈ ਜੀਵਨੀ ਨੂੰ। "ਮੈਲ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ"—ਗੁਰੁ ਸ਼ਬਦ ਦੁਰਮਤਿ ਮੈਲ ਨੂੰ ਹਿਰ ਲੈਂਦਾ ਹੈ (ਦੂਰਿ ਕਰ ਦਿੰਦਾ ਹੈ) ਜਦ ਇਸ ਗੁਰ ਸ਼ਬਦ (ਵਾਹਿਗੁਰੂ) ਨੂੰ ਧਿਆਇਆ ਜਾਂਦਾ ਹੈ।

ਅੰਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸੁ,
ਗ੍ਯਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ॥

ਜਿਸ (ਗੁਰੂ ਰਾਮਦਾਸ) ਦੁਆਰੇ ਵਿਖੇ ਅੰਮ੍ਰਿਤ ਦੇ ਪਰਵਾਹ ਸਦਾ ਚਲਦੇ ਹੀ ਰਹਿੰਦੇ ਹਨ, ਆਓ ਸੰਤੋ, ਸਿਖੋ! ਤਿਸ ਗੁਰ ਗਿਆਨ ਸਹਿਤ ਸੁੱਭਰ ਭਰੇ ਅਤੇ ਨਿਰਮਲ ਸਰੋਵਰ ਤੇ ਇਸ਼ਨਾਨ ਕਰੀਏ। 'ਅੰਮ੍ਰਿਤ ਪਰਵਾਹ'—ਅੰਮ੍ਰਿਤ ਦੇ ਪਰਵਾਹ। ਏਥੇ 'ਅੰਮ੍ਰਿਤ' ਪਦ ਦਾ ਤੱਤਾ ਅੱਖਰ ਏਸੇ ਕਰਕੇ ਹੀ ਮੁਕਤਾ ਹੈ ਕਿ ਇਸ ਦੇ ਅਗੇ 'ਦੇ' ਸਬੰਧਕ ਲਗਣਾ ਅਰਥ ਬੋਧਕ ਹੈ। 'ਛੁਟਕੰਤ ਸਦ'—ਚਲਦੇ ਰਹਿੰਦੇ ਹਨ ਸਦਾ। 'ਸਦ' ਪਦ ਏਥੇ ਕਿਰਿਆ ਵਿਸ਼ੇਸ਼ਣ (adverb) ਹੈ। 'ਦ੍ਵਾਰਿ ਜਿਸੁ'—ਜਿਸ ਦੇ ਦੁਆਰੇ ਵਿਖੇ। 'ਜਿਸੁ' ਪਦ ਦਾ ਸੱਸਾ ਸਦਾ ਔਂਕੜ ਸਹਿਤ ਹੀ ਰਹੇਗਾ। 'ਗ੍ਯਾਨ ਗੁਰ ਬਿਮਲ ਸਰ'—ਗਿਆਨ ਗੁਰ ਬਿਮਲ ਏਹ ਦੋਈ 'ਸਰ' ਪਦ ਨਾਂਵ (noun) ਦੇ ਵਿਸ਼ੇਸ਼ਣ (adjective) ਹਨ। 'ਸਰ' ਪਦ ਦਾ ਰਾਰਾ ਅੱਖਰ ਮੁਕਤਾ ਹੈ ਕਿਉਂਕਿ ਅਗੇ 'ਤੇ' ਸੰਬੰਧਕ ਪਦ (preposition) ਮਫ਼ਹੂਮ ਹੈ। 'ਸੰਤ ਸਿਖ'—ਹੇ ਸੰਤੋ! ਹੇ ਸਿਖੋ! 'ਨਾਈਐ'—ਇਸ਼ਨਾਨ ਕਰੀਏ।

ਨਾਮੁ ਨਿਰਬਾਣੁ ਨਿਧਾਨੁ ਹਰਿ ਉਰਿ ਧਰਹੁ,
ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ॥੩॥੧੫॥

ਵਾਹਿਗੁਰੂ (ਹਰੀ) ਰੂਪੀ ਨਿਰਬਾਣੁ ਨਾਮੁ ਨਿਧਾਨੁ ਹਿਰਦੇ ਵਿਖੇ ਧਾਰੀ ਰਖੋ (ਹੇ ਗੁਰਸਿਖੋ)! (ਬਸ, ਸਦਾ ਸਦਾ ਸੁਆਸਿ ਸੁਆਸਿ) ਗੁਰੂ ਗੁਰੂ ਵਾਹਿਗੁਰੂ ਵਾਹਿਗੁਰੂ ਸ਼ਬਦ ਦਾ ਰਟਨ ਅਭਿਆਸ ਕਰੀ ਚਲਹੁ। ਗੁਰੂ ਦੁਆਰਾ ਹੀ (ਵਾਹਿਗੁਰੂ ਨਾਮ ਦੇ ਇਸ ਅਭਿਆਸ ਦੁਆਰਾ ਹੀ) ਵਾਹਿਗੁਰੂ (ਨਾਮੀ) ਦੀ ਪ੍ਰਾਪਤੀ ਹੁੰਦੀ ਹੈ। 'ਨਾਮੁ ਨਿਰਬਾਣੁ ਨਿਧਾਨੁ ਹਰਿ', ਅਨ੍ਹੈ—'ਹਰਿ ਨਾਮੁ ਨਿਰਬਾਣੁ ਨਿਧਾਨੁ' ਹੈ। 'ਨਿਰਬਾਣੁ' ਤੇ 'ਨਿਧਾਨੁ' ਪਦ 'ਨਾਮੁ' ਪਦ ਦੇ ਰੂਪਕ ਨਾਮ ਵਿਸ਼ੇਸ਼ਣ ਹਨ। 'ਉਰਿ ਧਰਹੁ'—ਹਿਰਦੇ ਅੰਦਰਿ ਧਰਹੁ। 'ਗੁਰੂ ਹਰਿ ਪਾਈਐ'—ਗੁਰੂ (ਵਾਹਿਗੁਰੂ) ਨਾਮ ਦੁਆਰਾ ਹੀ ਵਾਹਿਗੁਰੂ ਨਾਮੀ ਪਾਈਦਾ ਹੈ। 'ਗੁਰੂ' ਪਦ ਨੂੰ ਸਿਹਾਰੀ ਲਗਦੀ ਹੀ ਨਹੀਂ ਸਪਸ਼ਟ ਬਚਨ ਹੈ।

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ॥
ਜਾਕੀ ਸੇਵ ਸਿਵ ਸਿਧ ਸਾਧਿਕ ਸੁਰ ਅਸੁਰ,
ਗਣ ਤਰਹਿ ਤੇਤੀਸ ਗੁਰਬਚਨ ਸੁਣਿ ਕੰਨ ਰੇ॥

(ਹੇ ਭਾਈ) ਇਹ ਗੁਰੂ ਗੁਰੂ ਗੁਰੂ ਜਪੁ ਹੀ ਨਿਸਚੈ ਕਰਕੇ ਮੰਨ। ("ਮੰਨੇ ਕੀ ਗਤਿ ਕਹੀ ਨ ਜਾਇ")। ਪਦ 'ਮੰਨ' ਮੰਮੇ ਟਿੱਪੀ ਨਾਲ ਮੰਨਣ ਦੇ ਅੰਰਥ ਰਖਦਾ

bsrstrust.org

ਹੈ। ਹੇ ਭਾਈ, ਇਸੇ ਨੂੰ ਇਸੇ ਗੁਰਮਿਤ ਨਾਮੁ ਜਾਪੁ ਨੂੰ ਹਿਰਦੇ ਕਰਕੇ ਮੰਨ। ਸਤਿ ਕਰਕੇ ਮੰਨ। ਸਤਿ ਕਰਕੇ ਜਾਣ। ਇਹੀ ਤੱਤ ਨਾਮੁ ਹੈ। ਜਗ ਦਾ ਤਾਰਕ ਹੈ। ਕਲਿਆਣ ਕਾਰਕ ਹੈ। ਜਾਕੀ (ਸਿਮਰਨ ਰੂਪੀ) ਸੇਵਾ ਤੋਂ ਗੁਰ ਬਚਨ (ਗੁਰ ਦੀਖਿਆ, ਗੁਰਮੰਤ੍ਰ) ਕੰਨਾਂ ਤੇ ਸੁਨਣ ਕਰਕੇ ਸ਼ਿਵ ਜੀ ਸਾਰਖੇ ਅਨੇਕਾਂ ਸਿੱਧ ਸਿਧਾਦਿਕ ਅਤੇ ਤੇਤੀਸ ਕ੍ਰੋੜ ਦੇਵਤੇ ਗਣ ਗੰਧਰਬ ਤਰ ਗਏ (ਅਤੇ ਤਰ ਜਾਣਗੇ, ਤਰਦੇ ਰਹਿਣਗੇ)।

ਫੁਨਿ ਤਰਹਿ ਤੇ ਸੰਤ ਹਿਤ ਭਗਤ ਗੁਰੁ ਗੁਰੁ ਕਰਹਿ,
ਤਰਿਓ ਪ੍ਰਹਲਾਦੁ ਗੁਰ ਮਿਲਤ ਮੁਨਿ ਜੰਨ ਰੇ॥

ਗੁਰੂ ਨੂੰ ਮਿਲ ਕੇ ਹੀ ਪ੍ਰਹਿਲਾਦ ਤਰਿਓ ਹੈ ਅਤੇ ਗੁਰੂ ਨੂੰ ਮਿਲ ਕੇ ਹੀ ਸੰਤ ਭਗਤ ਅਤੇ ਮੁਨੀ ਜਨ ਤਰੇ ਹਨ ਅਤੇ ਤਰਨਗੇ। ਗੁਰੂ ਗੁਰੂ (ਵਾਹਿਗੁਰੂ ਵਾਹਿਗੁਰੂ) ਨਾਮੁ ਉਚਾਰਨ ਕਰਦੇ ਹਨ ਅਤੇ ਕਰਨਗੇ ਹਿਤ ਸਹਿਤ। 'ਹਿਤ' ਪਦ ਦਾ ਸਨਬੰਧ 'ਗੁਰੁ ਗੁਰੁ ਕਰਹਿ' ਨਾਲਿ ਹੈ। ਗੁਰੂ ਗੁਰੂ ਕਰਦੇ ਹਨ ਹਿਤ ਸਹਿਤ। ਤਾਂ ਤੇ 'ਹਿਤ' ਪਦ ਏਥੇ ਕਿਰਿਆ ਵਿਸ਼ੇਸ਼ਣ (adverb) ਹੈ। 'ਕਰਹਿ' ('ਗੁਰੁ ਗੁਰੁ ਕਰਹਿ') ਕਿਰਿਆ ਵਰਤਮਾਨ ਕਾਲ (present tense verb) 'ਭਗਤ' ਪਦ ਦਾ ਵਿਸ਼ੇਸ਼ਣ (adverb) ਨਹੀਂ ਜੈਸੇ ਕਿ ਕਈ ਕੱਥਕ ਗਿਆਨੀ ਤੇ ਸ਼ਬਦਾਰਥੀਏ ਕਰਦੇ ਹਨ। 'ਭਗਤ' ਪਦ ਏਥੇ ਬਹੁ-ਵਚਨ ਨਾਂਵ (plural noun) ਹੈ। ਬਹੁਤੇ ਭਗਤ ਜਨ ਅਰਥ ਰਖਦਾ ਹੈ। ਭਗਤੀ ਦੇ ਅਰਥ ਨਹੀਂ ਦਿੰਦਾ ਕਿਉਂਕਿ ਇਸ ਪਦ ਦੇ ਤੱਤੇ ਅੱਖਰ ਨੂੰ ਸਿਹਾਰੀ ਨਹੀਂ। ਤੱਤੇ ਸਿਹਾਰੀ ਵਾਲਾ ਭਗਤਿ ਪਦ ਹੀ ਭਗਤੀ ਦੇ ਅਰਥ ਦਿੰਦਾ ਹੈ। ਕਈ ਗਿਆਨੀ 'ਹਿਤ ਭਗਤ' ਦੇ ਅਰਥ 'ਭਗਤੀ ਹੇਤ' ਲਾਉਂਦੇ ਹਨ, ਪਰ ਇਹ ਅਰਥ ਹੋ ਨਹੀਂ ਸਕਦੇ ਕਿਉਂਕਿ 'ਭਗਤ' ਦਾ ਤੱਤਾ ਅੱਖਰ ਮੁਕਤਾ ਹੈ, ਸਿਹਾਰੀ ਵਾਲਾ ਨਹੀਂ। 'ਸੰਤ ਹਿਤ ਭਗਤ' ਦੇ ਅਰਥ ਹਿਤਕਾਰੀ ਸੰਤ ਤੇ ਭਗਤ ਭੀ ਕੀਤੇ ਜਾਂਦੇ ਹਨ। ਫੇਰ ਤਾਂ ਮੁਨਾਂ ਜਨਾਂ ਨਾਲਿ ਭੀ 'ਹਿਤ' ਪਦ ਲਗਣਾ ਚਾਹੀਏ। ਹਿਤਕਾਰੀ ਮੁਨ ਜਨ।

ਤਰਹਿ ਨਾਰਦਾਦਿ ਸਨਕਾਦਿ ਹਰਿ ਗੁਰਮੁਖਹਿ,
ਤਰਹਿ ਇਕ ਨਾਮ ਲਗਿ ਤਜਹੁ ਰਸ ਅੰਨ ਰੇ॥

ਨਾਰਦ ਆਦਿ ਭੀ ਵਾਹਿਗੁਰੂ ਰੂਪ ਗੁਰੂ ਦੁਆਰਾ ਹੀ ਤਰੇ ਹਨ ਯਾ ਤਰਨਗੇ। ਪਰ ਤਰਨਗੇ ਜਾਂ ਜੇਹੜੇ ਭੀ ਤਰੇ ਹਨ ਇਕ ਨਾਮ ਕੇਵਲ ਨਾਮ ਨੂੰ ਜੁਟ ਕੇ ਹੀ ਤਰੇ ਹਨ ਜਾਂ ਤਰਨਗੇ। ਓਹਨਾਂ ਨੂੰ ਨਾਮ ਤੋਂ ਬਿਨਾਂ ਹੋਰ ਰਸ ਸਭ ਤਿਆਗਣੇ ਪੈਣਗੇ ਯਾ ਜੋ ਤਰੇ ਹਨ ਹੋਰ ਰਸ ਤਿਆਗ ਕੇ ਇਕ ਨਾਮ ਨੂੰ ਲਗ ਕੇ ਹੀ ਤਰੇ ਹਨ। ਇਕ ਗੁਰਮਤਿ ਨਾਮ ਦਾ ਰਸ ਹੀ ਐਸਾ ਹੈ ਜਿਸ ਦੇ ਰਸੀਏ ਹੋ ਕੇ ਆਨ ਰਸ ਤਿਆਗ ਸਕੀਦੇ ਹਨ। ਹੋਰ ਨਾਮਾਂ ਅੰਦਰਿ ਸੱਚਾ ਰਸ ਹੈ ਹੀ ਨਹੀਂ। ਹੈ ਤਾਂ ਸੱਚੇ ਨਾਮ ਵਾਹਿਗੁਰੂ ਜਾਪ ਅੰਦਰਿ ਹੀ ਹੈ। ਹੋਰ ਸਭ ਜਾਪ ਫੋਕੇ ਹਨ। ਰਸ ਰਸਾਇਕ ਨਹੀਂ। ਇਸ ਗੁਰਵਾਕ ਤੋਂ ਇਹ ਭੀ ਸਿਧ ਹੋਇਆ ਕਿ ਤਾਰਕ ਗੁਰੁ ਵਾਹਿਗੁਰੂ ਹੀ ਨਾਰਦ ਆਦਿਕਾਂ ਦਾ ਹੈ। ਤਾਂ ਤੇ ਇਹ ਕਥਨ ਠੀਕ ਨਹੀਂ ਕਿ ਨਾਰਦ ਜੀ ਪ੍ਰਹਿਲਾਦ ਦੇ ਗੁਰੂ ਹੋਏ। ਨਾਰਦ

bsrstrust.org

ਨੂੰ ਤਾਂ ਆਪ ਗੁਰੂ ਦੁਆਰਾ ਤਰਨਾ ਨਸੀਬ ਹੋਇਆ। ਪਰਾ ਪੂਰਬਲਾ ਨਾਮ (ਸੱਚਾ ਨਾਮ, ਸਤਿਨਾਮ, ਵਿਸ਼ੇਸ਼ਕ ਨਾਮ) ਵਾਹਿਗੁਰੂ ਹੀ ਸਭ ਦਾ ਹੈ। ਜੋ ਕੇਵਲ ਵਾਹਿਗੁਰੂ ਰੂਪ ਗੁਰੂ ਨਾਨਕ ਦੁਆਰਾ ਹੀ ਦੀਖਿਅਤ ਹੋ ਸਕਦਾ ਹੈ। ਹੋਰ ਐਰੇ ਗੈਰੇ ਗੁਰੂ ਤੋਂ ਨਹੀਂ ਦੀਖਿਅਤ ਹੋਣ ਜੋਗ। ਜਿਸ ਗੁਰੂ ਨੇ ਨਾਰਦ ਨੂੰ ਤਾਰਿਆ ਤਿਸੇ ਨੇ ਪ੍ਰਹਿਲਾਦ ਨੂੰ ਤਾਰਿਆ। ਜੁਗ ਜੁਗ ਏਹੋ ਗੁਰ ਸੱਚਾ ਗੁਰੂ ਨਾਨਕ ਨਿਰੰਕਾਰੀ ਨਿਰੰਕਾਰ ਰੂਪ ਹੀ ਹੈ।

ਦਾਸੁ ਬੇਨਤਿ ਕਹੈ ਨਾਮੁ ਗੁਰਮੁਖਿ ਲਹੈ,
ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ ॥੪॥੧੬॥੨੯॥

ਦਾਸ ਭੱਟ ਬੇਨਤੀ ਕਰਦਾ ਹੈ (ਤੱਦੀ ਸਹਿਤ) ਕਿ ਗੁਰਮੁਖ ਨਾਮ ਵਾਹਿਗੁਰੂ ਹੀ ਜਪਣ ਜੋਗ ਹੈ (ਸਭ ਦਾ ਤਾਰਕ ਕਲਿਆਣ ਕਾਰਕ ਹੋਣ ਕਰਕੇ) ਤਾਂ ਤੇ ਗੁਰੂ ਗੁਰੂ (ਵਾਹਿਗੁਰੂ ਵਾਹਿਗੁਰੂ) ਨਾਮ ਹੀ ਨਿਸਚੇ ਕਰਕੇ ਜਪਣ ਜੋਗ ਹੈ (ਸਭ ਦਾ ਤਾਰਕ ਅਤੇ ਕਲਿਆਣ ਕਾਰਕ ਹੋਣ ਕਰਕੇ)।

ਸਿਰੀ ਗੁਰੂ ਸਾਹਿਬੁ ਸਭ ਊਪਰਿ[1]
ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ ॥...੧॥ *(ਪੰਨਾ ੧੪੦੧)*

ਸਭ ਤੋਂ ਉਪਰ ਸ੍ਰੀ ਗੁਰੂ ਸਾਹਿਬ ਗੁਰੂ ਨਾਨਕ ਗੁਰੂ ਰਾਮਦਾਸ ਜੀ ਹੀ ਵਾਹਿਗੁਰੂ ਸਰੂਪਾ ਗੁਰੂ ਹਨ। ਸਤਿਜੁਗ ਵਿਖੇ ਭੀ ਵਾਹਿਗੁਰੂ ਸਰੂਪਾ ਗੁਰੂ ਨਾਨਕ ਹੀ ਗੁਰੂ ਹੋਏ ਜਿਸ ਨੇ ਧ੍ਰੂ ਭਗਤ ਉਪਰਿ ਕ੍ਰਿਪਾ ਕੀਤੀ (ਉਸਨੂੰ) ਤਾਰਨ ਦੀ। "ਸਿਰੀ ਗੁਰੂ ਸਾਹਿਬੁ ਸਭ ਊਪਰਿ" ਇਹ ਅੱਧ ਪੰਗਤਾ (ਅੱਧ ਫ਼ਿਕਰਾ) ਅਲਗ (ਵਖਰਾ) ਹੈ। "ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ" ਇਹ ਪੰਗਤਾ ਵਖਰਾ ਹੈ। ਲਗਮਾਤ੍ਰੀ ਨਿਯਮਾਂ ਤੋਂ ਅਗਿਆਤ ਸਜਣ ਫ਼ਿਕਰਾ ਬੰਦੀ ਨੂੰ ਗੱਡ ਮੱਡ ਕਰਕੇ ਇਹ ਅਰਥ ਕਰਦੇ ਹਨ ਕਿ ਸ੍ਰੀ ਗੁਰੂ ਸਾਹਿਬ ਨੇ ਸਭ ਊਪਰਿ ਕ੍ਰਿਪਾ ਕਰੀ। ਪ੍ਰੰਤੂ ਇਹ ਅਰਥ ਠੀਕ ਨਹੀਂ, ਕਿਉਂਕਿ 'ਸਾਹਿਬੁ' ਪਦ ਦੇ ਬੱਬੇ ਅੱਖਰ ਨੂੰ ਔਂਕੜ ਹੈ, ਸਿਹਾਰੀ ਨਹੀਂ। ਜੇ ਸਿਹਾਰੀ ਹੁੰਦੀ ਤਾਂ 'ਨੇ' ਦੇ ਅਰਥ ਦਿੰਦੀ। ਤਦ ਏਹ ਉਪਰ ਦੱਸੇ ਅਰਥ ਹੀ ਠੀਕ ਬਣਦੇ ਹਨ।

ਸ੍ਰੀ ਪ੍ਰਹਲਾਦ ਭਗਤ ਉਧਰੀਅੰ ॥
ਹਸ੍ਤ ਕਮਲ ਮਾਥੇ ਪਰ ਧਰੀਅੰ ॥

ਸ੍ਰੀ ਪ੍ਰਹਿਲਾਦ ਭਗਤ ਜੀ ਵਾਹਿਗੁਰੂ ਰੂਪ ਗੁਰੂ ਨਾਨਕ ਨੇ ਹੀ ਉਧਾਰੇ ਖ਼ਾਸ ਵਾਹਿਗੁਰੂ ਰੂਪ ਗੁਰੂ ਨੇ ਉਸ ਦੇ ਮਸਤਕ ਉਤੇ ਹੱਥ ਰਖ ਕੇ (ਧਰ ਕੇ) ਉਸਨੂੰ ਉਧਾਰਿਆ। ਰੂਪਧਾਰੀ ਕਿਸੇ ਹੋਰ ਰੂਪ ਵਿਚ ਹੋ ਕੇ। ਪਰ ਗੁੱਰਤ ਕਲਾ ਓਹੀ ਵਰਤੀ ਜੋ ਵਾਹਿਗੁਰੂ ਗੁਰੂ ਨੇ 'ਜੋਤਿ ਓਹਾ ਜੁਗਤਿ ਸਾਇ' ਦੇ ਗੁਰਵਾਕ ਭਾਵ ਅਨੁਸਾਰ ਵਰਤਾਈ।

"ਅਲਖ ਰੂਪ ਜੀਅ ਲਖ੍ਹਾ ਨ ਜਾਈ ॥"—ਅਲੱਖ ਸਰਬੱਗ ਵਾਹਿਗੁਰੂ ਦਾ ਗੁਰੂ ਰੂਪੀ ਅਲੱਖ ਰੂਪ ਅਲਪੱਗ ਜੀਆਂ ਪਾਸੋਂ ਲਖਿਆ ਨਹੀਂ ਜਾ ਸਕਦਾ (ਗੁਰੂ ਦੀ ਗੁੱਰਤ ਕਲਾ ਹੀ ਲਖਾਵੇ ਤਾਂ ਲਖਾਵੇ)।

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਊਪਰਿ॥' ਹੈ। *—ਪ੍ਰਕਾਸ਼ਕ*

bsrstrust.org

"ਸਾਧਿਕ ਸਿਧ ਸਗਲ ਸਰਣਾਈ"—ਸਾਧਿਕ ਸਿੱਧ ਆਦਿ ਸਾਰਿਆਂ ਨੂੰ ਗੁਰੂ ਦੀ ਸਰਣਾਈ ਆਉਣਾ ਪੈਂਦਾ ਹੈ (ਤਦ ਓਹਨਾਂ ਦੀ ਗਤਿ ਕਲਿਆਣ ਹੁੰਦੀ ਹੈ)।

ਗੁਰ ਕੇ ਬਚਨ ਸਤਿ ਜੀਅ ਧਾਰਹੁ ॥
ਮਾਣਸ ਜਨਮੁ ਦੇਹ ਨਿਸ੍ਹਾਰਹੁ ॥

ਗੁਰੂ ਦੇ ਦੀਖਿਆ ਰੂਪੀ ਬਚਨ ਸਤਿ ਕਰਕੇ ਜੀਅ ਅੰਦਰਿ ਧਾਰਨ ਕਰਹੁ (ਕਮਾਵਹੁ) ਇਸ ਬਿਧਿ (ਕੇਵਲ ਇਸ ਬਿਧਿ) ਮਾਨਸ ਜਨਮ ਅਤੇ ਮਨੁੱਖਾ ਦੇਹ ਨਿਸਤਾਰੀ ਜਾ ਸਕਦੀ ਹੈ। 'ਜਨਮੁ' ਦਾ ਮੰਮਾ ਅੱਖਰ ਇਹ ਪਦ ਪੁਲਿੰਗ ਨਾਂਵ (noun masculine gender) ਹੋਣ ਕਰਕੇ ਔਂਕੜ ਸਹਿਤ ਹੈ। 'ਦੇਹ' ਪਦ ਦਾ ਹਾਹਾ ਅੱਖਰ ਇਸਤ੍ਰੀ-ਲਿੰਗ ਹੋਣ ਕਰਕੇ ਮੁਕਤਾ ਹੈ।

ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ॥

ਗੁਰੂ ਹੀ ਜਹਾਜ਼ ਹੈ, ਗੁਰੂ ਹੀ ਮਲਾਹ ਹੈ, ਸੱਚਾ (ਭਵ ਸਾਗਰ ਤੋਂ ਪਾਰ ਉਤਾਰਨ ਲਈ)। ਸੱਚੇ ਗੁਰੂ ਬਿਨਾ ਕੋਈ ਨਹੀਂ ਤਰਿਆ (ਨਾ ਤਰ ਸਕੇਗਾ) ਚਾਹੇ ਕੋਈ ਕਿਡਾ ਵੱਡਾ ਤਪਸੀ, ਜਪੀ, ਤਪੀ, ਹਠੀ ਹੋਵੇ। ਆਪੋ ਆਪਣੇ ਮਨ ਹਠ ਨਾਲਿ ਆਪਣੀ ਕੀਤੀ ਤਪੱਸਿਆ ਦੁਆਰਾ ਅਤੇ ਆਪ ਹੁਦਰੇ ਕੀਤੇ ਜਪ ਤਪ ਸੰਜਮ ਦੁਆਰਾ ਨਾ ਕੋਈ ਤਰ ਸਕਿਆ ਹੈ ਅੱਜ ਤੋੜੀ ਨਾਹੀ ਅਗੇ ਨੂੰ ਤਰ ਸਕੇਗਾ। ਸੱਚੇ ਗੁਰੂ ਦੀ ਸਰਣ ਸਾਰਿਆਂ ਨੂੰ ਲੈਣੀ ਪਵੇਗੀ, ਸੱਚਾ ਗੁਰੂ ਧਾਰਨ ਕੀਤਿਆਂ ਹੀ ਸਭ ਦਾ ਨਿਸਤਾਰਾ ਹੈ। ਪ੍ਰੰਤੂ ਗੁਰੂ ਨਾਨਕ ਅਤੇ ਗੁਰੂ ਨਾਨਕ ਰੂਪ ਦਸੇ ਗੁਰੂ ਜਾਮੇ ਹੀ ਸੱਚੇ ਦੇਹ ਧਾਰੀ ਗੁਰੂ ਹਨ। ਅਤੇ ਦਸੋਂ ਗੁਰੂ ਪਾਤਸ਼ਾਹੀਆਂ ਦੇ ਸੱਚੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾ ਕਿਸੇ ਹੋਰ ਕੱਚ ਪਿੱਚੇ ਦੇਹ ਧਾਰੀ ਗੁਰੂ ਤੋਂ ਕਿਸੇ ਦਾ ਭੀ ਨਿਸਤਾਰਾ ਨਹੀਂ। ਨਾ ਹੋਇਆ, ਨਾ ਹੋਵੇਗਾ। ਆਨਮਤ ਡਿੰਭਧਾਰੀ ਆਪੋਂ ਬਣ ਬੈਠੇ ਗੁਰੂਆਂ ਦੀ ਤਾਂ ਗੱਲ ਹੀ ਨਾ ਕਰੋ। ਗੁਰੂ ਘਰ ਅੰਦਰਿ ਸੰਤ ਪਦ ਗੁਰਮੁਖਤਾ ਵਾਲੇ ਮਹੰਤ ਭੀ ਜੋ ਆਪਣੇ ਆਪ ਨੂੰ ਗੁਰੂ ਸਦਾਵਣ ਲਗ ਪੈਂਦੇ ਹਨ ਓਹਨਾਂ ਦੀ ਨਿਜ ਸਹੇੜੀ ਗੁਰੂ ਪਦਵੀ ਤੋਂ ਭੀ ਕੁਛ ਨਹੀਂ ਖੁਸਦਾ। ਓਹ ਭੀ ਕਿਸੇ ਦਾ ਨਿਸਤਾਰਾ ਨਹੀਂ ਕਰ ਸਕਦੇ ਕਿਉਂਕਿ ਕਿਸੇ ਇਕ ਸੰਤ ਮਹੰਤ ਨੂੰ ਗੁਰ ਦੀਖਿਆ ਗੁਰਮੰਤ੍ਰ ਦੇਣ ਦਾ ਅਧਿਕਾਰ ਨਹੀਂ। ਜੇ ਭੁੱਲ ਕੇ ਓਹ ਗੁਰਮੰਤ੍ਰ ਦੇਣ ਲਗ ਪੈਣ ਤਾਂ ਪੂਰੀ ਨਹੀਂ ਪੈਂਦੀ। ਸਾਰੀ ਝਾਖ ਝਖੀ ਊਰੀ ਹੀ ਰਹਿੰਦੀ ਹੈ। ਕਈ ਤਾਂ ਖੋਟ ਕਰਮਾਂ ਦੀ ਰਾਹੀਂ ਕੇਵਲ ਰਿਧੀ ਸਿਧੀ ਵਿਚਿ ਹੀ ਉਲਝ ਰਹਿੰਦੇ ਹਨ। ਲੋਕੀ ਰਿਧੀ ਸਿਧੀ ਤੇ ਹੀ ਰੀਝ ਕੇ ਓਹਨਾਂ ਦਾ ਮਾਨ ਸਨਮਾਨ ਕਰਨ ਲਗ ਪੈਂਦੀ ਹੈ। ਤੇ ਓਹ ਉਲੂ ਬੁਧਿਸ਼ਟੀ ਆਪਣੇ ਆਪ ਵਿਚਿ ਕੇਵਲ ਏਤਨੀ ਸਿਧੀ ਕਰਕੇ ਹੀ ਗੁਰੂ ਬਣ ਬੈਠਦੇ ਹਨ। ਅਨੇਕਾਂ ਨੂੰ ਬਾਣ (ਬਾਦੀ) ਪੈ ਜਾਂਦੀ ਹੈ ਕਿ ਕਲਮਕੱਲੇ ਹੀ ਕੰਨਾ ਬਾਤੀ ਕੁਰੱਰ ਕਰਨ ਲਗ ਪੈਂਦੇ ਹਨ (ਦੇਖੋ ਪੁਸਤਕ *ਸੰਤ ਪਦ ਨਿਰਣੇ*)। ਤਾਂ ਤੇ ਜੋ ਕੋਈ ਭੀ ਤਰਿਆ ਹੈ ਸੱਚੇ ਗੁਰੂ ਸਤਿਗੁਰੂ ਨਾਨਕ ਸਾਹਿਬ ਦੇ ਸਦਕੇ ਹੀ ਤਰਿਆ ਹੈ। ਹੋਰ ਕੋਈ ਤਾਰਕ ਕਲਿਆਣ ਕਾਰਕ ਗੁਰੂ ਨਹੀਂ।

ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥

bsrstrust.org

ਕੇਵਲ ਗੁਰੂ ਸੱਚੇ ਸਤਿਗੁਰੁ (ਨਾਨਕ) ਦੇ ਪ੍ਰਸਾਦਿ (ਕਿਰਪਾ ਕਰਕੇ) ਹੀ ਪ੍ਰਭੂ (ਵਾਹਿਗੁਰੂ) ਪਾਇਆ ਜਾ ਸਕਦਾ ਹੈ। ਗੁਰੂ ਬਿਨਾਂ (ਸੱਚੇ ਗੁਰੂ ਬਿਨਾਂ) ਮੁਕਤੀ ਕਿਸੇ ਦੀ ਨਹੀਂ ਹੁੰਦੀ (ਨਾ ਹੀ ਹੋ ਸਕਦੀ, ਨਾ ਹੋਈ ਹੈ, ਨਾ ਹੋਵੇਗੀ)। 'ਗੁਰ ਪ੍ਰਸਾਦਿ' ਏਥੇ 'ਗੁਰ' ਪਦ ਦਾ ਰਾਰਾ ਅੱਖਰ ਮੁਕਤਾ ਹੈ ਕਿਉਂਕਿ ਅਗੇ 'ਦੇ' ਪਦ ਸਬੰਧਕ ਮਹਿਜ਼ੂਫ ਹੈ—ਗੁਰੂ ਦੇ ਪ੍ਰਸਾਦਿ ਕਰਿ। 'ਪ੍ਰਸਾਦਿ' ਪਦ ਦੇ ਦੱਦੇ ਅੱਖਰ ਦੀ ਸਿਹਾਰੀ 'ਕਰਕੇ' ਦੇ ਅਰਥ ਦਿੰਦੀ ਹੈ। 'ਗੁਰ ਬਿਨੁ' ਏਥੇ 'ਗੁਰ' ਪਦ ਦਾ ਰਾਰਾ ਅੱਖਰ ਮੁਕਤਾ ਹੈ ਕਿਉਂਕਿ ਅਗੇ 'ਬਿਨੁ' ਪਦ ਸਬੰਧਕ ਪਦ ਸਾਫ਼ ਅੰਕਤ ਕੀਤਾ ਗਿਆ ਹੈ। 'ਬਿਨੁ' ਸਬੰਧਕ (preposition) ਪਦ ਦਾ ਨੰਨਾ ਅੱਖਰ ਹਮੇਸ਼ਾ ਔਂਕੜ ਸਹਿਤ ਹੀ ਆਉਂਦਾ ਹੈ, ਸਮੱਗਰ ਗੁਰਬਾਣੀ ਵਿਖੇ। 'ਮੁਕਤਿ'—ਮੁਕਤੀ।

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥

ਗੁਰੂ ਨਾਨਕ ਅੱਤ ਨੇੜੇ (ਨੇੜੇ ਹੂੰ ਤੇ ਨੇੜੇ) ਵਸਦਾ ਹੈ ਵਾਹਿਗੁਰੂ ਦੇ। ਵਾਹਿਗੁਰੂ ਅਤੇ ਗੁਰੂ ਨਾਨਕ ਦੇ ਦਿਬ੍ਰ ਜੋਤਿ ਸਰੂਪ ਦੀ ਆਭਾ ਪਰਸਪਰ ਇਕ ਤਾਰ ਵਿਚਿ ਪ੍ਰੋਤੀ ਹੋਈ ਹੈ। ਭਿੰਨ ਭਿੰਨ ਭੀ ਆਭਾ ਮਾਰਦੀ ਹੈ, ਅਭਿੰਨ ਭੀ ਹੈ। ਅਭਿੰਨਤਾ ਕਰਕੇ ਹੀ ਨਿਰਾਲੇ ਨਿਰਾਲੇ ਸਰੂਪ ਨਦਰੀ ਆਉਂਦੇ ਹਨ। ਗੁਰੂ ਨਾਨਕ ਜੋਤ ਜਗਮਗੀ ਜੋਤਿ ਗੁਰੱਤਤਾ ਵਾਹਿਗੁਰੂ ਜੋਤੀਸ਼ ਦੇ ਇਤਨੀ ਸਮੀਪ (ਅੱਤ ਨੇੜੇ) ਹੈ ਕਿ ਜਦ ਕਦੀ ਭੀ ਵਾਹਿਗੁਰੂ ਅਕਾਲ ਪੁਰਖ ਨੂੰ ਖੰਡ ਬ੍ਰਹਿਮੰਡੀ ਜੀਵਾਂ ਦੇ ਉਧਾਰਨ ਦਾ ਉਮਾਹਾ ਉਠਦਾ ਹੈ, ਉਹ ਗੁਰੂ ਨਾਨਕ ਜੋਤੀਸ਼ ਗੁਰੂ ਦੀ ਦਿਬ੍ਰ ਮੂਰਤੀ ਨੂੰ ਹੀ ਜੀਵਾਂ ਦੇ ਉਧਾਰ ਲਈ ਪਠਾਉਂਦੇ ਹਨ। ਗੁਰੱਤਤਾ ਪਦ ਦੀ ਜੋਤਿ ਕਲਾ ਕੇਵਲ ਗੁਰੂ ਨਾਨਕ ਸਾਹਿਬ ਨਿਕਟ ਵਰਤੀ ਗੁਰੂ ਨੂੰ ਹੀ ਪ੍ਰਾਪਤਿ ਹੈ। ਓਹੀ ਗੁਰੂ ਜੋਤਿ ਕਲਾ ਰੂਪ ਹੀ ਭਾਂਤੋ ਭਾਂਤ ਵੇਸ ਧਾਰ ਕੇ ਜੁਗਾਂ ਜੁਗਾਂਤਰਾਂ ਤੋਂ ਇਸ ਲੋਕ ਵਿਖੇ ਅਤੇ ਸਾਰਿਆਂ ਲੋਆਂ ਮੰਡਲਾਂ ਵਿਖੇ ਆਉਂਦੀ ਰਹੀ ਹੈ। ਕਦੇ ਮਨੁੱਖੀ ਜਾਮਾ ਧਾਰ ਕੇ ਕਦੇ ਨਰ ਸਿੰਘ ਰੂਪ ਧਾਰ ਕੇ। ਭਾਂਤ ਭਾਂਤ ਦੇ ਅਵਤਾਰੀ ਰੂਪ ਛਿੰਨ ਭੰਗਰੀ ਗੁਰੱਤਤਾ ਕਲਾ ਵਾਲੇ ਅਤੇ ਵਿਰਲੇ ਵਿਰਲਿਆਂ ਨੂੰ ਤਾਰਨ ਉਭਾਰਨ ਵਾਲੇ ਭੀ ਗੁਰੂ ਨਾਨਕ ਗੁਰਦੇਵ ਨੇ ਹੀ ਧਾਰਨ ਕੀਤੇ। ਪੂਰਨ ਗੁਰੂ ਅਵਤਾਰੀ ਜਾਮਾ ਕੇਵਲ ਇਸ ਕਲੀ ਕਾਲ ਵਿਖੇ ਹੀ ਦਸਾਂ ਗੁਰੂ ਜਾਮਿਆਂ ਦੀ ਸਰੂਪ ਦਿਬਯਤਾ ਵਿਚਿ ਹੀ ਧਾਰਿਆ। ਸਭ ਤੋਂ ਵੱਡਾ ਵਿਸਮਾਦ ਇਹ ਹੈ ਕਿ ਗੁਰੂ ਜਾਮੇ ਧਾਰ ਕੇ ਭੀ ਕਦੇ ਵਾਹਿਗੁਰੂ ਦੀ ਨਿਕਟਤਾ ਤੋਂ ਦੂਰੀ ਨਹੀਂ ਹੋਈ, ਸਮੀਪ ਹੀ ਰਹੇ। ਛਿੰਨ ਮਾਤਰ ਭੀ ਜੋਤਿ ਅਭੇਦਤ ਵਾਲੀ ਗੁਰੱਤ ਕਲਾ ਵਿਚਿ ਫ਼ਰਕ ਨਹੀਂ ਆਇਆ। 'ਨਿਕਟਿ ਬਸੈ'—ਗੁਰੂ ਨਾਨਕ ਬਸਦਾ ਹੈ ਨੇੜੇ। 'ਬਨਵਾਰੀ'—ਬਨਵਾਰੀ ਦੇ, ਵਾਹਿਗੁਰੂ ਦੇ। 'ਬਨਵਾਰੀ' ਇਕ ਸੰਕੇਤਕ ਪਦ ਹੋ ਗਿਆ, ਵਾਹਿਗੁਰੂ ਨਾਮ ਦੇ ਥਾਉਂ ਵਰਤਣ ਲਈ। ਐਹੋ ਜੇਹੇ ਅਨੇਕਾਂ ਹੋਰ ਸੰਕੇਤਕ ਨਾਂਵ ਹਨ ਵਾਹਿਗੁਰੂ ਦੇ। ਏਹ ਸਭ ਕਿਰਤਮ ਨਾਮ ਹਨ। ਜਦੋਂ ਭੀ ਏਹਨਾਂ ਨਾਵਾਂ ਵਿਚੋਂ ਕੋਈ ਨਾਉਂ ਆਉਂਦਾ ਹੈ ਤਾਂ ਉਸ ਤੋਂ ਮੁਰਾਦ 'ਵਾਹਿਗੁਰੂ' ਤੋਂ ਹੀ ਹੁੰਦੀ ਹੈ। ਜੈਸੇ 'ਬੀਠਲ' ਪਦ ਚਾਹੇ ਕਿਸੇ ਸੰਕੇਤ ਕਰਕੇ ਹੀ ਸਮੇਂ ਅਨੁਸਾਰ ਸਰਗੁਣ ਸਰੂਪ ਦਾ ਨਾਉਂ ਪਿਆ, ਪਰ ਵਰਤਿਆ

bsrstrust.org

ਗਿਆ 'ਵਾਹਿਗੁਰੂ' ਪ੍ਰਥਾਇ ਹੀ। (ਦੇਖੋ ਪੁਸਤਕ *ਗੁਰਮਤਿ ਨਾਮ ਅਭਿਆਸ ਕਮਾਈ*)

ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥

ਤਿਸ ਨੇ (ਗੁਰੂ ਨਾਨਕ ਨੇ) ਆਪਣੀ ਥਾਉਂ (ਜੋਤੀ ਜੋਤਿ ਸਮਾਉਣ ਸਮੇਂ) ਲਹਿਣੇ ਨੂੰ ਗੁਰੂ ਥਾਪ ਕੇ (ਗੁਰੂ ਅੰਗਦ ਬਣਾ ਕੇ) ਗੁਰੱਤਤਾ ਦੀ ਜੋਤਿ ਜਗਤ ਵਿਖੇ ਪਰਵੇਸ਼ ਕੀਤੀ ਅਤੇ ਓਸ ਦਿੱਬ ਜੋਤੀ ਸਰੂਪ ਵਿਖੇ ਪੂਰਨ ਗੁਰੱਤਤਾ ਦੀ ਕਲਾ ਵਰਤਾਈ।

ਲਹਣੈ ਪੰਥੁ ਧਰਮ ਕਾ ਕੀਆ॥
ਅਮਰਦਾਸ ਭਲੇ ਕਉ ਦੀਆ॥

ਲਹਣੇ ਨੇ (ਗੁਰੂ ਅੰਗਦ ਸਾਹਿਬ ਨੇ) ਓਸੇ ਗੁਰਮਤਿ ਧਰਮ ਦਾ ਪੰਥੁ ਚਲਾਯਾ। ਓਹੀ ਗੁਰੱਤਤਾ ਪਦ ਸੰਪੰਨ ਕਲਾਧਾਰੀ ਧਰਮੱਗਤਾ ਵਾਲਾ ਮਰਾਤਬਾ, ਵਡੀ ਹੂੰ ਵਡਾ ਅਪਾਰ ਗੁਰੂ ਪਦ ਵਾਲਾ ਸੱਚਾ ਪਰਮਾਰਥੀ ਮਨਸਬ ਅਮਰਦਾਸ ਭਲੇ ਗੁਰੂ ਨੂੰ ਦਿਤਾ। ਜੋਤਿ ਓਹਾ ਜੁਗਤਿ ਭੀ ਓਹਾ ਹੀ ਵਰਤੀ। 'ਲਹਣੈ' ਪਦ ਦੇ ਣਾਣੇ ਅੱਖਰ ਨੂੰ ਦੂਜੀ ਦੁਲਾਈ 'ਨੇ' ਦੇ ਅਰਥ ਸਾਰਦੀ ਹੈ—ਲਹਿਣੇ ਨੇ। 'ਪੰਥੁ' ਪਦ ਦੇ ਥੱਥੇ ਅੱਖਰ ਨੂੰ ਖ਼ਾਸ ਅਪਣੱਤਤਾ ਸੰਪੰਨ ਖ਼ਾਸੀਅਤ ਵਾਲਾ ਔਂਕੜ ਲਾਇਆ ਹੈ ਕਿ ਗੁਰੱਤਤਾ ਕਲਾ ਸੰਪੰਨ 'ਪੰਥੁ' ਪਦ ਹੋਰ ਕਿਸੇ ਤੇ ਨਾ ਘਟ ਸਕੇ। ਸੱਚਾ ਧਰਮ ਹੀ ਕੇਵਲ 'ਗੁਰਮਤਿ ਧਰਮ' ਹੈ। ਗੁਰਮਤਿ ਜੋਤਿ ਸੰਪੰਨਤਾ ਵਾਲੀ ਗੁਰੱਤਤਾ ਸੀਗ਼ਾ ਕੇਵਲ ਗੁਰ ਘਰ ਵਿਖੇ ਹੀ ਖ਼ਾਸੁਲ ਖ਼ਾਸ ਹੈ, ਯਥਾ ਗੁਰਵਾਕ :

ਏਕੋ ਧਰਮੁ ਦ੍ਰਿੜੈ ਸਚੁ ਕੋਈ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ॥ *(ਪੰਨਾ ੧੧੮੮)*

ਜਿਸ ਕਿਸੇ ਨੇ ਭੀ ਸੱਚਾ ਧਰਮ ਧਾਰਨ ਕਰਨਾ ਹੋਵੇ ਤਿਸ ਨੂੰ ਇਸ ਗੁਰਵਾਕ ਨੇ ਡੰਕੇ ਦੀ ਚੋਟ ਨਾਲਿ ਵਿੱਦਤਾ ਦਿਤਾ ਹੈ ਕਿ ਉਹ ਸੱਚਾ ਧਰਮ 'ਗੁਰਮਤਿ ਧਰਮ' ਹੈ ਜੋ ਜੁਗਾਂ ਜੁਗਾਂਤਰਾਂ ਵਿਖੇ ਪੂਰਾ ਉਤਰਦਾ ਹੈ ਤੇ ਪੂਰਾ ਉਤਰਦਾ ਆਇਆ ਹੈ। ਐਸਾ ਪੰਥੁ ਚਲਾਇਆ ਹੈ ਗੁਰੂ ਨਾਨਕ, ਅੰਗਦ ਨੇ। ਧਰਮ ਕਲਾ ਕੇਵਲ ਗੁਰੱਤਤਾ ਦੀ ਕਲਾ ਵਿਚਿ ਹੈ। ਇਸੀ ਵਿਚ ਹੀ ਪੰਥਤਾ ਸੱਚੀ ਸੁੱਚੀ ਹੈ। ਜੋਤਿ ਰੰਗੀਸ਼ਰੀ ਗੁਰੱਤਤਾ ਬਿਨਾ ਧਰਮ ਕਾਹਦਾ ? ਅਜੇਹੇ ਧਰਮ ਬਿਨਾ ਪੰਥ ਕਾਹਦਾ ? ਨਿਰੀ ਗਿਣਤੀ ਵਿਚਿ ਪੰਥਕ ਵਾਧਾ ਹੋਣਾ ਕੋਈ ਵਾਧਾ ਨਹੀਂ। 'ਵਧੈ ਪੰਥੁ ਪਰ ਧਰਮੁ ਨ ਹੋਇ' ਮਹਾਂਵਾਕ ਦੇ ਭਾਵ ਅਨੁਸਾਰ ਧਰਮ ਰਹਿਤ ਵਧਦਾ ਪੰਥ ਕਾਹਦਾ ? ਅਜੇਹੇ ਧਰਮ ਬਿਨਾ ਨਿਰੀ ਗਿਣਤੀ ਕਿਸ ਲੇਖੇ ? ਗੁਰੱਤਤ ਧਰਮੱਗ ਕਲਾ ਸੰਪੰਨ ਇਕ ਸਿੱਖ ਸਵਾ ਲੱਖ ਸਿੰਘ ਕਹਾਉਂਦਾ ਹੈ। ਸੱਚਮੁੱਚ ਸਵਾ ਲੱਖ ਦੇ ਬਰਾਬਰ ਹੈ।

ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ॥
ਹਰਿ ਕਾ ਨਾਮੁ ਅਖੈ ਨਿਧਿ ਅਪ੍ਯਉ॥

ਤਿਨਿ (ਗੁਰੂ ਅਮਰਦਾਸ ਜੀ ਨੇ) ਸ੍ਰੀ ਰਾਮਦਾਸ ਸੋਢੀ ਨੂੰ (ਆਪਣੇ ਜੋਤੀ ਜੋਤਿ ਸਮਾਉਣ ਸਮੇਂ) ਗੁਰੂ ਅਟੱਲ ਪਦ ਤੇ ਅਸਥਾਪਨ ਕੀਤਾ (ਦੀਵੇ ਨਾਲਿ ਦੀਵਾ ਜਗਾ

bsrstrust.org

ਕੇ)। ਜਿਸ ਕਰਕੇ (ਗੁਰੂ ਰਾਮਦਾਸ ਨੇ) ਕਦੇ ਨਾ ਨਿਖੁੱਟਣ ਵਾਲਾ ਨਾਮੁ ਨਿਧੀ ਪਿਆਲਾ ਪੀਤਾ।

ਅਪ੍ਰਿਉ ਹਰਿ ਨਾਮੁ ਅਖੈ ਨਿਧਿ ਚਹੁ ਜੁਗਿ ਗੁਰ ਸੇਵਾ ਕਰਿ ਫਲੁ ਲਹੀਅੰ॥

ਇਹ ਅਖੁੱਟ ਨਾਮ ਨਿਧਾਨੀ ਅਮਿਉ ਰਸੁ ਖ਼ਜ਼ਾਨਾ ਐਸਾ ਹੈ ਕਿ ਚਹੁ ਜੁਗਾਂ ਅੰਦਰਿ ਜਗਿਆਸੂਆਂ ਨੂੰ ਵਰਤਾਇਆਂ ਭੀ ਨਹੀਂ ਨਿਖੁਟਦਾ। ਐਸਾ ਅਟੱਲ ਪਰਤਾਪੀ ਨਾਮ (ਗੁਰੂ ਰਾਮਦਾਸ ਨੇ) ਗੁਰੂ ਦੀ ਸੇਵਾ (ਗੁਰੂ ਅਮਰਦਾਸ ਦੀ ਸੇਵਾ) ਕਰਕੇ ਐਸਾ ਲਿਆ ਕਿ ਇਸ ਸੇਵਾ ਅਤੇ ਅਟੱਲ ਪ੍ਰਤਾਪੀ ਨਾਮ ਦਾ ਸਦਕਾ ਜਗਤ ਗੁਰੂ ਹੋਣ ਦੀ ਗੁਰੂ ਪਦਵੀ ਦਾ ਫਲ ਨਸੀਬ ਹੋਇਆ (ਗੁਰੂ ਰਾਮਦਾਸ ਜੀ ਨੂੰ) 'ਚਹੁ ਜੁਗਿ' ਪਾਠ ਪਿਛਲੀ ਅੱਧ ਪੰਗਤੀ "ਗੁਰ ਸੇਵਾ ਕਰਿ ਫਲੁ ਲਹੀਅੰ" ਨਾਲਿ ਨਹੀਂ ਬਲਕਿ ਪਹਿਲੀ ਅੱਧ ਪੰਗਤੀ "ਅਪ੍ਰਿਉ ਹਰਿ ਨਾਮੁ ਅਖੈ ਨਿਧਿ" ਦੇ ਨਾਲਿ ਉਠਾਉਣਾ ਹੈ।

ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ ਪਰਮਾਨੰਦ ਗੁਰਮੁਖਿ ਕਹੀਅੰ॥

ਜੋ (ਜਨ) (ਗੁਰੂ ਰਾਮਦਾਸ ਦੇ) ਚਰਨਾਂ ਨੂੰ ਬੰਦਨਾ (ਮਨ, ਬਚਨ, ਕਰਮ ਕਰਕੇ ਨਮਸਕਾਰ) ਕਰਦੇ ਹਨ ਸੋ ਜਨ (ਗੁਰੂ ਰਾਮਦਾਸ ਦੀ) ਸਰਣਾਗਤਿ ਰਹਿ ਕੇ ਸੱਚਾ (ਆਤਮ) ਸੁਖੁ ਪ੍ਰਾਪਤਿ ਕਰਦੇ ਹਨ। ਅਤੇ ਸੋਈ ਜਨ ਪਰਮ ਆਨੰਦੀ (ਪਰਮਾਤਮੀ ਸੁਖੁ ਵਾਲੀ ਆਤਮ ਬਵਸਥਾ ਵਿਚਿ ਸਦਾ ਖੇਲਣ ਵਾਲੇ) ਗੁਰਮੁਖਿ ਜਨ ਆਖੀਦੇ ਹਨ। 'ਚਰਣ' ਬਹੁ-ਵਚਨ ਨਾਂਵ (noun) ਹੋਣ ਕਰਿ ਅਤੇ ਇਸ ਦੇ ਅਗੇ 'ਨੂੰ' ਸਬੰਧਕੀ ਪਦ (preposition) ਲੁਪਤ ਹੋਣ ਕਰਿ ਇਸ ਪਦ ਦਾ ਣਾਣਾ ਅੱਖਰ ਮੁਕਤਾ ਹੈ। 'ਬੰਦਹਿ'—ਬੰਦਨਾ ਕਰਦੇ ਹਨ। ਬਹੁ-ਵਚਨਕ ਕਿਰਿਆ ਹੈ। 'ਸਰਣਿ'— ਸਰਣਾਗਤਿ ਰਹਿਣ ਕਰਿ। 'ਸੁਖੁ' ਪਦ ਦੇ ਖੱਖੇ ਅੱਖਰ ਨੂੰ ਔਂਕੜ ਲਗਿਆ ਹੋਣ ਕਰਿ ਇਹ ਪਦ ਖ਼ਾਸ ਖ਼ਸੂਸੀਅਤ ਵਾਲੇ ਅਰਥ ਰਖਦਾ ਹੈ। 'ਪਰਮਾਨੰਦ' ਪਦ ਵਿਸ਼ੇਸ਼ਣ (adjective) ਹੈ 'ਗੁਰਮੁਖਿ' ਪਦ ਨਾਂਵ (noun) ਦਾ। ਪਰਮ ਅਨੰਦਨੀ 'ਗੁਰਮੁਖਿ'। 'ਗੁਰਮੁਖਿ'—(ਗੁਰਮੁਖਿ ਜਨ) ਬਹੁ-ਵਚਨ ਨਾਂਵ (plural noun) ਹੈ। 'ਕਹੀਅੰ'—ਕਹੀਦੇ ਹਨ।

ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ॥

ਪਾਰਬ੍ਰਹਮ ਸੁਆਮੀ (ਅਕਾਲ ਪੁਰਖ) ਆਪਣੇ ਆਦਿ ਜੁਗਾਦੀ ਅਵਤਾਰ ਧਾਰਨੀ ਰੂਪ ਵਿਚਿ ਪਰਗਟ ਤੌਰ ਤੇ (ਸਰਗੁਣ ਸਰੂਪ ਵਿਚਿ ਪਰਤੱਖ ਹੋ ਕੇ) ਗੁਰੂ ਰਾਮਦਾਸ ਦੀ ਮੂਰਤੀ (ਦੇਹੀ) ਦਾ ਅਵਤਾਰ ਧਾਰ ਕੇ ਆਇਆ ਹੈ, ਉਸ (ਪਾਰਬ੍ਰਹਮ ਸੁਆਮੀ ਅਕਾਲ ਪੁਰਖ) ਦਾ ਜੋ ਸਭ ਦਾ ਪਾਲਣਹਾਰਾ ਅਤੇ ਅਘਾਵਨਹਾਰਾ ਹੈ। 'ਪੋਖਣ ਭਰਣੰ' ਪਦ (ਮਿਸਰਤ) ਕਿਰਿਆ ਵਿਸ਼ੇਸ਼ਕ ਵਿਸ਼ੇਸ਼ਣ ਹੈ 'ਪਾਰਬ੍ਰਹਮੁ' ਦਾ। ਖ਼ਾਸ ਨਾਂਵ (proper noun) ਹੋਣ ਕਰਕੇ 'ਪਾਰਬ੍ਰਹਮੁ' ਪਦ ਦੇ ਮੰਮੇ ਅੱਖਰ ਨੂੰ ਔਂਕੜ ਹੈ। 'ਪਰਤਖਿ ਦੇਹ'—ਪਰਗਟ ਤੌਰ ਤੇ ਦੇਹ ਦਾ ਅਵਤਾਰ ਧਾਰਿਆ ਹੈ। ਪਰਗਟ ਤੌਰ ਤੇ (ਪਰਤੱਖ ਤੌਰ ਤੇ)। 'ਪਰਤਖਿ' ਪਦ ਖੱਖੇ ਸਿਹਾਰੀ ਨਾਲਿ ਗੁਰਬਾਣੀ ਅੰਦਰਿ

bsrstrust.org

ਕਿਰਿਆ ਵਿਸ਼ੇਸ਼ਣ (adverb) ਕਰਕੇ ਆਉਂਦਾ ਹੈ, ਵਿਸ਼ੇਸ਼ਣ (adjective) ਕਰਕੇ ਨਹੀਂ ਆਉਂਦਾ। ਖੱਖੇ ਸਿਹਾਰੀ ਨਾਲਿ 'ਪਰਤਖਿ' ਪਦ ਗੁਰਬਾਣੀ ਅੰਦਰਿ ਕਿਰਿਆ ਵਿਸ਼ੇਸ਼ਣ (adverb) ਹੀ ਹੁੰਦਾ ਹੈ, ਨਾਲਿ ਹੀ ਇਸ ਪਦ ਅੰਦਰਿ ਕਿਰਿਆ (verb) ਭੀ ਮਫ਼ਹੂਮ ਹੁੰਦਾ ਹੈ। ਯਥਾ ਗੁਰਵਾਕ :

ਪਰਤਖਿ ਪਿਰੁ ਘਰਿ ਨਾਲਿ ਪਿਆਰਾ...॥ *(ਪੰਨਾ ੨੩੪)*

ਪਿਆਰਾ ਪਿਰ ਪਰਤੱਖ ਤੌਰ ਤੇ ਘਰ ਵਿਚਿ (ਘਟ ਅੰਦਰਿ) ਹੀ ਹੈ, ਭਾਵ ਨਾਲਿ ਹੀ ਹੈ। ਕਈ ਥਾਵੀਂ ਕਿਰਿਆ ਵਿਸ਼ੇਸ਼ਣ ਹੁੰਦੇ ਹੋਏ ਪਰਗਟ ਤੌਰ ਤੇ ਕਿਰਿਆ ਪਦ (verb) ਭੀ ਨਾਲਿ ਆਉਂਦਾ ਹੈ। ਯਥਾ ਗੁਰਵਾਕ :

ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥
(ਪੰਨਾ ੧੪੦੯)

ਗੁਰੂ ਅਰਜਨ ਦੇ ਹਿਰਦੇ ਅੰਦਰਿ ਹਰੀ ਪੂਰਨ ਬ੍ਰਹਮ ਨੇ ਪਰਤੱਖ ਤੌਰ ਤੇ ਨਿਵਾਸੁ ਲਿਆ ਹੋਇਆ ਹੈ। ਏਸੇ ਪਰਕਾਰ "ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥"[1] ਗੁਰਵਾਕ ਅੰਦਰਿ ਭੀ 'ਪਰਤਖਿ' ਪਦ ਖੱਖੇ ਸਿਹਾਰੀ ਨਾਲਿ ਕਿਰਿਆ ਵਿਸ਼ੇਸ਼ਣ (adverb) ਹੈ।

ਭਾਵ ਇਸ ਤੁਕ ਦਾ ਇਹ ਹੈ ਕਿ ਬਾਣੀ ਗੁਰਬਾਣੀ ਹੀ ਗੁਰੂ ਹੈ (ਗੁਰੂ ਰੂਪ ਹੈ)। ਗੁਰੂ ਹੈ ਹੀ ਬਾਣੀ। ਇਹ ਬਾਣੀ ਰੂਪ ਗੁਰੂ, ਗੁਰੂ ਰੂਪ ਬਾਣੀ ਹੀ ਪਰਤੱਖ ਤੌਰ ਤੇ ਨਿਸਤਾਰਾ ਕਰਦੀ ਹੈ। ਨਾਮ ਧਾਰੀਏ ਭਾਈ ਏਸ 'ਪਰਤਖਿ' ਪਦ ਦਾ ਆਸਰਾ ਲੈ ਕੇ ਇਹ ਗੱਲ ਸਿੱਧ ਕਰਨ ਦਾ ਤਰਲਾ ਲੈਂਦੇ ਹਨ ਕਿ ਪਰਤੱਖ ਦੇਹਧਾਰੀ ਗੁਰੂ ਨਿਸਤਾਰਾ ਕਰਦਾ ਹੈ। ਉਹ ਜਾਣ ਬੁੱਝ ਕੇ ਕਿਰਿਆ ਵਿਸ਼ੇਸ਼ਣ ਪਦ (adverb) ਨੂੰ ਵਿਸ਼ੇਸ਼ਣ (adjective) ਵਿਚਿ ਤਬਦੀਲ ਕਰਦੇ ਹਨ। ਇਹ ਓਹਨਾਂ ਦੀ ਮਹਿਜ਼ ਹਠ ਧਰਮੀ ਹੈ। ਲਗਾਂਮਾਤ੍ਰਾਂ ਦੇ ਨਿਯਮ ਇਸ ਕੂੜ ਮਈ ਕੁਫਰ ਨੂੰ ਮੂਲੋਂ ਹੀ ਮਿਸਮਾਰ ਕਰ ਦਿੰਦੇ ਹਨ, ਦੂਜੇ ਭਾਵ ਦੇ ਅਰਥਾਂ ਦੀ ਉਸਾਰੀ ਰਹਿਣ ਹੀ ਨਹੀਂ ਦਿੰਦੇ। ਗੁਰਬਾਣੀ ਅੰਦਰਿ ਨਾਂਵ ਵਿਸ਼ੇਸ਼ਣ ਰੂਪ ਵਿਚਿ ਜਿਥੇ ਭੀ ਇਹ ਪਦ ਆਉਂਦਾ ਹੈ 'ਪਰਤਖੁ' ਪਦ ਦੇ ਰੂਪ ਵਿਚਿ ਖੱਖੇ ਔਂਕੜ ਨਾਲਿ ਆਉਂਦਾ ਹੈ। ਖੱਖੇ ਸਿਹਾਰੀ ਨਾਲਿ 'ਪਰਤਖਿ' ਪਦ ਜਿਥੇ ਕਿਰਿਆ ਵਿਸ਼ੇਸ਼ਣ ਰੂਪ ਵਿਚਿ ਆਉਂਦਾ ਹੈ ਅਤੇ ਕਿਰਿਆ ਪਦ ਵਖਰਾ ਨਹੀਂ ਉਥੇ ਖੱਖੇ ਨੂੰ ਸਿਹਾਰੀ ਹੈ ਜੋ ਕਿਰਿਆ ਦਾ ਅਰਥ ਸੰਬੋਧਨ ਕਰਾਉਂਦੀ ਹੈ। ਯਥਾ ਗੁਰਵਾਕ :

ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥
(ਪੰਨਾ ੧੨੬੪)

ਭਾਵ, ਸਤਿਗੁਰ ਦੇਉ ਹਰੀ (ਵਾਹਿਗੁਰੂ) ਦੀ ਮੂਰਤੀ ਹੈ ਪਰਤੱਖ ਜੋ ਅੰਮ੍ਰਿਤ ਬਚਨ ਸੁਣਾਉਂਦਾ ਹੈ। 'ਪਰਤਖਿ'—ਪਰਤੱਖ ਹੈ।

---

੧. ...੬॥੪ (ਨਟ ਮ: ੪, ਪੰਨਾ ੯੮੨)।

bsrstrust.org

ਤਥਾ— **ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ॥** *(ਪੰਨਾ ੩੦੮)*

ਗੁਰੂ ਪਰਤੱਖ ਹੁੰਦਿਆਂ (ਪਰਗਟ ਪਾਹਾਰੇ ਹੁੰਦਿਆਂ) ਜੋ ਗੁਰੂ ਤੋਂ **ਵਿਛੜੇ** ਹਨ ਤਿਨ੍ਹਾਂ ਨੂੰ ਦਰਗਹਿ ਅੰਦਰਿ ਢੋਈ ਨਹੀਂ ਮਿਲਣੀ। ਏਥੇ ਭੀ 'ਪਰਤਖਿ' ਪਦ ਕਿਰਿਆ ਵਿਸ਼ੇਸ਼ਣ ਹੈ। ਚਾਹੇ ਕਿਰਿਆ 'ਹੋਦੈ' ਪਦ ਭੀ ਨਾਲਿ ਅੰਕਤ ਹੈ, ਏਥੇ ਭੀ ਇਹ ਪਦ ਖੱਖੇ ਸਿਹਾਰੀ ਨਾਲ ਹੀ ਅੰਕਤ ਹੈ।

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥੧॥

ਸ੍ਰੀ ਗੁਰੂ ਰਾਮਦਾਸ ਸਤਿਗੁਰੂ ਨੂੰ ਸੇਵਿ, ਜਿਸਦੀ ਗਤੀ ਅਲੱਖ ਹੈ ਅਤੇ ਜੋ ਤਾਰਣ ਤਰਣ ਸਮਰਥ ਹੈ।

ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਪਹਿ ਕਰਿ ਬਿਚਿਤਿ ਚਾਓ॥

ਜਿਸ ਦੀ (ਗੁਰੂ ਰਾਮਦਾਸ ਦੀ) ਉਚਾਰਨ ਕੀਤੀ ਹੋਈ ਅੰਮ੍ਰਿਤ ਬਚਨ ਰੂਪ ਬਾਣੀ ਨੂੰ ਗੁਰਮੁਖਿ ਸਾਧੂ ਜਨ ਜਪਦੇ ਹਨ ਚਿਤ ਅੰਦਰਿ ਵਿਸ਼ੇਸ਼ ਕਰਕੇ ਚਾਉ ਸਹਿਤ। 'ਜਿਹ'—ਜਿਸਦੀ। 'ਬਚਨ' ਪਦ ਅਗੇ 'ਨੂੰ' ਸਬੰਧਕ (preposition) ਸੰਬੋਧਕ ਹੈ। ਇਸ ਕਰਕੇ ਅਤੇ ਇਸ ਪਦ ਦੇ ਬਹੁ-ਵਚਨ ਹੋਣ ਕਰਕੇ ਇਸ ਪਦ ਦੇ ਨੰਨੇ ਅੱਖਰ ਨੂੰ ਔਂਕੜ ਨਹੀਂ ਲਗਾ। ਮੁਕਤਾ ਹੀ ਰਹਿਣ ਦਿਤਾ ਹੈ। 'ਜਪਹਿ' ਪਦ ਬਹੁ-ਵਚਨ ਕਿਰਿਆ (plural verb) ਹੈ ਇਸਦਾ ਕਰਤਾ ਪਦ 'ਸਾਧੂ ਜਨ' ਭੀ ਬਹੁ-ਵਚਨ ਨਾਂਵ (plural noun) ਹੈ।

ਆਨੰਦੁ ਨਿਤ ਮੰਗਲੁ ਗੁਰ ਦਰਸਨੁ ਸਫਲੁ ਸੰਸਾਰਿ॥

ਸੰਸਾਰ ਵਿਖੇ ਗੁਰੂ ਦਾ ਸਫਲ ਦਰਸ਼ਨ ਨਿਤਾ ਨਿਤ ਆਨੰਦ ਮੰਗਲੁ ਰੂਪ ਹੈ। 'ਗੁਰ ਦਰਸਨੁ' (ਗੁਰੂ ਰਾਮਦਾਸ ਦਾ ਦਰਸਨ) ਏਸੇ ਕਰਕੇ 'ਗੁਰ' ਪਦ ਦਾ ਰਾਰਾ ਅੱਖਰ ਮੁਕਤਾ ਹੈ, 'ਦਾ' ਸਬੰਧਕ ਪਦ ਮਫ਼ਹੂਮ ਹੋਣ ਕਰਿ।

ਸੰਸਾਰਿ ਸਫਲੁ ਗੰਗਾ ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ॥

ਸੰਸਾਰ ਵਿਖੇ ਗੁਰੂ ਦਾ ਦਰਸ਼ਨ ਐਸਾ ਸਫਲੁ ਹੈ, ਜੈਸੇ ਸੰਸਾਰੀ ਜੀਵਾਂ ਲਈ ਗੰਗਾ ਪਵਿਤ੍ਰ ਗਿਣੀ ਗਈ ਹੈ, ਕਿਉਂਕਿ ਗੁਰੂ ਦਾ ਦਰਸ਼ਨ ਪਰਸਨ ਕਰਕੇ ਪਰਮ ਪਵਿਤ੍ਰ ਗਤੀ ਦੀ ਪ੍ਰਾਪਤੀ ਹੁੰਦੀ ਹੈ।

ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯਾਨਿ ਰਤੇ॥

ਜੇਹੜੇ ਪ੍ਰਾਣੀ ਪਤਿਤ ਹੋਏ ਵੇ ਹੁੰਦੇ ਹਨ, ਓਹ ਕਲਿਆਨ ਰੂਪ ਗੁਰੂ ਦੇ ਗਿਆਨ ਵਿਚਿ ਰੱਪ ਕੇ (ਰੱਪੇ ਜਾ ਕੇ) ਹਰਿ ਜਨ (ਭਗਤ ਜਨ) ਬਣ ਜਾਂਦੇ ਹਨ ਅਤੇ ਜਮਪੁਰੀ ਨੂੰ ਭੀ ਜਿਤ ਲੈਂਦੇ ਹਨ।

ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾਕੀ ਸਰਣੰ॥

ਜਿਸ ਗੁਰੂ (ਰਾਮਦਾਸ) ਦੀ ਸਰਣ ਨੂੰ ਬਾਂਛਦੇ ਹਨ ਓਹ ਮੁਨੀ ਜਨ ਜਿਨ੍ਹਾਂ ਨੇ ਰਘੂ ਦੀ ਕੁਲ ਵਿਖੇ ਜਸਰਥ ਰਾਜਾ ਦੇ ਘਰਿ ਜਨਮੇ ਸ੍ਰੀ ਰਾਮਚੰਦਰ ਨੂੰ ਸੁੰਦਰ ਤਿਲਕ

bsrstrust.org

ਦਿਤਾ ਸੀ (ਰਾਜ ਪਦ ਵਾਲਾ), ਓਹ ਸਤਿਗੁਰੂ ਰਾਮਦਾਸ ਹੈ ਤਰਣ ਤਾਰਣ ਸਮਰਥ। ਐਸੇ ਗੁਰੂ ਨੂੰ ਸੇਵਿ ਜਿਸਦੀ ਗਤੀ ਅਲੱਖ ਹੈ।

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੨॥

(ਪੰਨਾ ੧੪੦੨)

ਭਾਵ ਸਪਸ਼ਟ ਹੈ ਕਿ ਸ੍ਰੀ ਰਾਮ ਚੰਦਰ ਜੀ ਜਿਨ੍ਹਾਂ ਨੂੰ ਮੁਨੀ ਜਨਾਂ ਨੇ ਰਾਜ ਪਦਵੀ ਦਾ ਤਿਲਕ ਦਿਤਾ, ਉਹ ਸ੍ਰੀ ਰਾਮਚੰਦਰ ਜੀ ਸਣੇ ਮੁਨੀ ਜਨਾਂ ਦੇ ਸ੍ਰੀ ਸਤਿਗੁਰੂ ਰਾਮਦਾਸ ਦੀ ਸਰਣ ਨੂੰ ਬਾਂਛਦੇ ਹਨ। ਜੇਹੜੇ ਗਿਆਨੀ ਇਸ ਦੁਪੰਗਤੀ ਵਿਚੋਂ ਇਹ ਅਰਥ ਭਾਵ ਕਢਦੇ ਹਨ ਕਿ ਗੁਰੂ ਰਾਮਦਾਸ ਜੀ ਪਿਛਲੇ ਜਨਮ ਵਿਚਿ ਸ੍ਰੀ ਰਾਮਚੰਦਰ ਹੀ ਸਨ ਯਾ ਉਹ ਰਾਮ ਚੰਦਰ ਰਾਜਾ ਹੀ ਗੁਰੂ ਰਾਮਦਾਸ ਹੈ, ਓਹ ਅਤਯੰਤ ਖਿੱਚ ਦੇ ਅਰਥ ਕਰਦੇ ਹਨ—'ਓਹ ਜੋ ਸ੍ਰੀ ਰਾਮਚੰਦਰ ਜੀ ਹੋਏ ਗੁਰੂ ਰਾਮਦਾਸ ਹੀ ਸਨ' ਇਹ ਅਰਥ ਕਿਵੇਂ ਖਿਚ ਪਾੜ ਦਾ ਸ਼ਬਦਾਰਥੀ ਗਿਆਨੀ ਕਰਦੇ ਹਨ।

੧॥੬, ੨॥੭, ੩॥੮, (ਪੰਨਾ ੧੪੦੨-੦੩) ਇਨ੍ਹਾਂ ਸਵਈਆਂ ਪ੍ਰਥਾਇ ਦੇਖੋ ਪੁਸਤਕ *ਗੁਰਮਤਿ ਲੇਖ* ਅੰਦਰਿ ਕੀਤੀ ਹੋਈ ਵਿਆਖਿਆ।

ਸਤਿਗੁਰੂ ਸਤਿਗੁਰੂ ਸਤਿਗੁਰੁ ਗੁਬਿੰਦ ਜੀਉ ॥
ਬਲਿਹਿ ਛਲਨ ਸਬਲ ਮਲਨ ਭਗ੍ਯ ਫਲਨ ਕਾਨ੍ ਕੁਅਰ,
ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ ॥
ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ,
ਸਰਬ ਭੂਤ ਆਪ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ ॥
ਜਰਮ ਕਰਮ ਮਛ ਕਛ ਹੁਅ ਬਰਾਹ,
ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ ॥
ਨਾਮੁ ਸਾਰੁ ਹੀਏ ਧਾਰੁ ਤਜਿ ਬਿਕਾਰੁ ਮਨ ਗਯੰਦ,
ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥੪॥੯॥ *(ਪੰਨਾ ੧੪੦੩)*

ਹੇ ਸਤਿਗੁਰੂ ਤੁਸੀਂ ਹੀ ਨਿਸਚੇ ਕਰਕੇ ਗੋਬਿੰਦ ਰੂਪ ਸਤਿਗੁਰੂ ਹੋ। (ਗੋਬਿੰਦ ਗੁਰੂ ਰੂਪ ਹੋ ਕੇ) ਬਲ ਨੂੰ ਛਲਣਹਾਰੇ ਭੀ ਤੁਸੀਂ ਹੀ ਹੋ (ਜਦੋਂ ਬਲਿ ਰਾਜਾ ਨੂੰ ਛਲਿਆ ਸੀ ਤੁਸੀਂ ਹੀ ਗੋਬਿੰਦ ਗੁਰੂ ਰੂਪ ਹੋ ਕੇ ਛਲਿਆ ਸੀ)। ਬਲਵਾਨਾਂ ਦੇ ਬਲ ਨੂੰ ਮਿਟਾ ਦੇਣ ਵਾਲੇ ਭੀ ਤੁਸੀਂ ਹੀ ਹੋ ('ਸਬਲ ਮਲਨ')। ਭਗਤ ਜਨਾਂ ਦੀ ਭਗਤੀ ਨੂੰ ਸਫਲ ਕਰਨ ਵਾਲੇ 'ਭਗ੍ਯ ਫਲਨ' ਭੀ ਤੁਸੀਂ ਹੀ ਹੋ। ਤੁਸੀਂ ਹੀ ਕੰਵਰ ਕਾਹਨ ਰੂਪ ਹੋ ਗੁਜ਼ਰੇ ਹੋ। ਹੋਣ ਵਾਲੇ ਨਿਹਕਲੰਕ ਅਵਤਾਰ ਭੀ ਤੁਸੀਂ ਹੀ ਹੋਵੋਗੇ। ਤੁਹਾਡਾ ਹੀ ਡੰਕਾ ਬਜਸੀ ('ਬਜੀ ਡੰਕ') ਚਹੁ ਕੁੰਟ ਵਿਖੇ। ਸਦਾ ਬਿਜ ਮੁਕਤਿ ਲਸ਼ਕਰ ਹੋ ਸਤਿਗੁਰੋ (ਕਲਕੀ ਅਵਤਾਰ ਦੇ ਰੂਪ ਵਿਚਿ) ਚੜ੍ਹੇਗਾ ('ਚੜ੍ਹੂ'), (ਇਹ ਭਵਿਖਤ ਵਾਕ ਹੈ)।

ਰਾਮ ਨੂੰ ਰਵਣਹਾਰੇ ('ਰਾਮ ਰਵਣ') (ਅਰਥਾਤ ਸ੍ਰੀ ਰਾਮਚੰਦਰ ਅੰਦਰਿ ਅਵਤਾਰ ਕਲਾ ਵਰਤਾਵਣਹਾਰੇ) ਭੀ ਆਪ ਹੀ ਹੋ, ਹੇ ਸਤਿਗੁਰੋ। (ਰਾਵਨ ਆਦਿਕਾਂ ਦੀ) ਦੁਰਮਤਿ ਮਤਿ (ਦੁਰਜਨਤਾਂ) ਨੂੰ ਦਮਨ ਕਰਨਹਾਰੇ ਭੀ ਆਪ ਹੀ ਹੋ ਚੁੱਕੇ ਹੋ। ਸਾਰੇ

bsrstrust.org

ਭਵਨਾਂ (ਖੰਡਾਂ ਬ੍ਰਹਿਮੰਡਾਂ) ਅੰਦਰ ਖੇਮ ਕੁਸਲ (ਨਾਮ ਦਾ ਚਕਰ ਫਿਰਾ ਕੇ) ਵਰਤਾਵਨਹਾਰੇ ਭੀ ਆਪ ਹੀ ਹੋ (ਹੇ ਸਤਿਗੁਰੋ)। ਆਪ ਹੀ ਸਾਰੇ ਵਜੂਦ (ਸਾਰੀਆਂ ਹੋਂਦ ਹਸਤੀਆਂ ਦੀ ਰੂਹੇ ਰਵਾਨ) ਹੋ। ਆਪ ਹੀ ਸਮੂਹ ਦੇਵਤਿਆਂ ਦੇ ਸਿਰਮੌਰ (ਸ਼ਿਰੋਮਣੀ) ਦੇਵਤੇ ('ਦੇਵਾਧਿ ਦੇਵ') ਹੋ। ਆਪ ਹੀ ਹਜ਼ਾਰਾਂ ਮੁਖ ਰਸਨਾਵਾਂ ਵਾਲੇ ਸ਼ੇਸ਼ਨਾਗ ਨੂੰ (ਸਿਮਰਨ ਕਲਾ ਵਰਤਾ ਕੇ) ਕਲਾਵਾਨ ਬਣਾਉਣ ਵਾਲੇ ਹੋ ('ਸਹਸ ਮੁਖ ਫਨਿੰਦ ਜੀਉ')। ਆਪ ਹੀ ਹੋ (ਹੇ ਸਤਿਗੁਰੋ) ਜਿਸ ਨੇ ਮਛ ਕਛ ਬਰਾਹ ਰੂਪ ਅਵਤਾਰਾਂ ਦੇ ਅੰਦਰ ਕਲਾ ਧਾਰੀ ਹੋ ਕੇ ਸਿਤਮਗਾਰ ਕਰਮੀਆਂ ਦਾ (ਜ਼ੁਲਮੀਆਂ ਦੇ ਜ਼ੁਲਮਾਂ ਦਾ) ਅਭਾਵ ਕੀਤਾ। ਆਪ ਨੇ ਹੀ ਜਮਨਾ ਦਰਿਆ ਦੇ ਕੰਢੇ ਤੇ ਬਿੰਦ੍ਰਾਬਨ ਵਿਖੇ ਕ੍ਰਿਸ਼ਨਾ ਅਵਤਾਰ ਦੇ ਬਾਲ ਬਵਸਥਨੀ ਸਰੂਪ ਨੂੰ ਬਚਿੱਤਰਤਾ ਦੇ ਚਲਤ ਅਚਰਜ ਚੋਜ ਵਰਤਾਏ। ਨਹੀਂ ਤਾਂ ਕ੍ਰਿਸ਼ਨ ਵਿਚਾਰਾ ਕਉਣ ਸੀ ਇਹ ਚਲਤ ਰਚਣਹਾਰਾ! ("ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਏ॥ ਉਪਾਰੇ ਗੜੇ ਫੇਰਿ ਮੇਟੇ ਉਪਾਏ॥") ਗਯੰਦ ਭੱਟ ਵਖਾਣਦਾ ਹੈ, ਹੇ ਮਨ (ਤੂੰ ਭੀ) ਨਾਮੁ ਰੂਪੀ ਤਤੁ ਨੂੰ ਹੀਅਰੇ ਅੰਦਰਿ ਧਾਰਨ ਕਰੁ (ਨਾਮ ਦੀਆਂ ਅਤੁੱਟ ਕਮਾਈਆਂ ਕਰਿ)। (ਫੇਰ ਤੂੰ) ਸਤਿਗੁਰੂ ਨੂੰ ਗੋਬਿੰਦ ਰੂਪ ਅਤੇ ਗੋਬਿੰਦ ਨੂੰ ਸਤਿਗੁਰੂ ਰੂਪ ਅਮਿੱਟ ਓਤ ਪੋਤ ਅਭੇਦਤਾ ਵਿਚਿ ਪਛਾਣੇਂਗਾ। 'ਗੁਬਿੰਦ' ਪਦ ਦਾ ਦੱਦਾ ਅੱਖਰ ਮੁਕਤਾ ਹੋਣ ਕਰਿ ਇਹ ਸੰਬੋਧਕ ਉਚਾਰਣ ਹੈ। ਵਾਰਤਕ ਨਹੀਂ। ਤੈਸੇ ਹੀ ਪਿਛਲੀ ਪੰਗਤੀ ਵਿਚਿ 'ਮਨ' ਪਦ ਦਾ ਨੰਨਾ ਅੱਖਰ ਮੁਕਤਾ ਹੈ। ਮਨ ਨੂੰ ਸੰਬੋਧਨ ਜੋ ਕੀਤਾ ਹੈ।

ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ॥

ਸਿਰੀ ਗੁਰੂ ਸਤਿਗੁਰੂ (ਵਜੂਦ ਕਰਕੇ, ਹੋਂਦ ਹਸਤੀ ਕਰਕੇ) ਸਤਿ ਸਰੂਪ (ਤ੍ਰੈਕਾਲ ਅਬਾਧ) ਹਨ। ਨਿਸਚੇ ਅਨੁਭਵਤਾ ਪ੍ਰਾਪਤਿ ਹੋਣ ਕਰਿ ਤਿੰਨ ਵਾਰ 'ਸਿਰੀ ਗੁਰੂ' ਨੂੰ 'ਸਤਿ' ਕਰਕੇ ਸੁਭਾਖਿਆ ਗਿਆ ਹੈ।

ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ,
ਨਿਸਿ ਬਾਸੁਰ ਹੋਇ ਕਲ੍ਯਾਨੁ ਲਹਹਿ ਪਰਮ ਗਤਿ ਜੀਉ॥

ਗੁਰੂ ਦਾ ਕਹਿਆ ਮੰਨ ਲੈ (ਗੁਰ ਦੀਖਿਆ ਨੂੰ ਸ੍ਰਤਿ ਕਰਕੇ ਦ੍ਰਿੜ੍ਹ ਕਰਿ ਲੈ), ਸਚੁ ਕਰਕੇ ਜਾਣ ਲੈ, ਕਿ ਗੁਰੂ ਦੀਖਿਅਤ ਮੰਤਰ ਹੀ ਸੱਚਾ ਗੁਰਮੰਤ੍ਰ ਹੈ (ਜਪਣ ਜੋਗ), ਇਹੀ ਗੁਰਮੰਤ੍ਰ ਸਾਰਿਆਂ ਖਜ਼ਾਨਿਆਂ ਸਿਰ ਸੱਚਾ ਖਜ਼ਾਨਾ ਤੇਰੀ ਸੱਚੀ ਮਲਕੀਅਤ ਵਾਲਾ, ਨਿਜ ਜਾਇਦਾਦੀ ਖ਼ਜ਼ਾਨਾ ਤੇਰਾ ਇਹੀ (ਗੁਰਮੰਤ੍ਰ ਹੀ) ਹੈ। ਜਿਸ ਨਾਮ ਵਿਗੱਸਤ ਨਿਧਾਨੀ ਖ਼ਜ਼ਾਨੇ ਨੂੰ ਸੰਭਾਲਨ, ਸੰਭਾਲੀ ਰਖਣ ਕਰਿ ਅਭਿਆਸ ਕਮਾਈਆਂ ਦੁਆਰਾ ਕਮਾਵਨਿ ਕਰਿ, ਦਿਨ ਰਾਤ ਜਿਸ ਨਾਮੁ ਨਿਧਾਨ ਨੂੰ ਸਿਮਰੀ ਜਾਣਿ ਕਰਿ ਤੇਰੀ ਕਲਿਆਣ ਹੋਵੇਗੀ (ਜੋ ਕਿਸੇ ਹੋਰ ਬਿਧੀ ਕਰਕੇ ਨਹੀਂ ਹੋਣੀ)। ਅਤੇ ਇਸੇ ਸਿਮਰਨ (ਨਾਮ ਗੁਰਮੰਤ੍ਰ ਸਿਮਰਨ) ਕਰਿ ਤੂੰ ਪਰਮ ਗਤੀ ਨੂੰ ਪ੍ਰਾਪਤਿ ਹੋਵੇਂਗਾ (ਜੋ ਹੋਰ ਕਿਸੇ ਬਿਧਿ ਨਹੀਂ ਹੋ ਸਕਦਾ)। ਪਰਮ ਗਤੀ ਵਾਲੀ ਕਲਿਆਣ ਕਰਨ ਹਾਰੀ ਬਿਧੀ ਕੇਵਲ ਗੁਰਮੰਤ੍ਰ ਵਾਹਿਗੁਰੂ ਨਾਮ ਦਾ ਸਿਮਰਨ ਹੀ ਹੈ (ਜੋ ਕੇਵਲ ਗੁਰੂ ਦੁਆਰਿਓਂ

bsrstrust.org

ਹੀ ਪ੍ਰਾਪਤਿ ਹੋ ਸਕਦਾ ਹੈ)। ਕਲ੍ਯਾਨੁ ਪਦ ਦੇ ਨੰਨੇ ਅੱਖਰ ਨੂੰ ਔਂਕੜ ਜੋ ਹੈ ਸੋ ਖ਼ਾਸ ਖ਼ਸੂਸੀਅਤ ਦਾ ਦਰਜਾ ਦੇਣਹਾਰਾ ਹੈ। ਇਹ ਕਲਿਆਨ ਕੇਵਲ ਗੁਰੂ ਘਰ ਅੰਦਰਿ ਹੀ ਮਖ਼ਸੂਸ ਹੈ।

ਕਾਮੁ ਕ੍ਰੋਧੁ ਲੋਭੁ ਮੋਹੁ ਜਨ ਜਨ ਸਿਉ ਛਾਡੁ ਧੋਹੁ,
ਹਉਮੈ ਕਾ ਫੰਧੁ ਕਾਟੁ ਸਾਧ ਸੰਗਿ ਰਤਿ ਜੀਉ ॥

ਕਾਮ ਕ੍ਰੋਧ ਲੋਭ ਮੋਹ ਛੱਡ ਦੇਹ, ਅਤੇ ਜਨੇ ਕਣੇ ਨਾਲਿ ਧ੍ਰੋਹ ਕਮਾਉਣਾ (ਜਣੇ ਕਣੇ ਨੂੰ ਧੋਖਾ ਦੇਣਾ) ਛੱਡ ਦੇਹ। ਅਤੇ ਸਤਿ ਸੰਗਤ ਵਿਖੇ ਵਾਸਾ ਰਖ ਕੇ ਨਾਮਿ ਦੁਆਰਾ ਰਤਿਆ ਜਾਹ। ਇਉਂ ਹਉਮੈ ਦਾ ਫੰਧਾ ਭੀ (ਤੇਰਾ) ਕਟਿਆ ਜਾਸੀ, ਭਾਵ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਤੋਂ ਛੁਟਕਾਰਾ ਕੇਵਲ ਗੁਰਮਤਿ ਨਾਮ ਦੇ ਰੰਗਾਂ ਵਿਚਿ ਰਤਿਆਂ ਹੀ ਹੋ ਸਕਦਾ ਹੈ। ਅਤੇ ਇਹ ਆਤਮ ਅਰੂੜ੍ਹ ਨਾਮਿ ਰੰਗਨੀ ਬਿਵਸਥਾ ਗੁਰੂ ਘਰ ਦੀ ਸਤ ਸੰਗਤਿ ਕੀਤਿਆਂ ਹੀ ਪ੍ਰਾਪਤਿ ਹੋ ਸਕਦੀ ਹੈ।

ਦੇਹ ਗੇਹੁ ਤ੍ਰਿਅ ਸਨੇਹੁ ਚਿਤ ਬਿਲਾਸੁ ਜਗਤ ਏਹੁ,
ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ ॥

ਦੇਹੀ ਦਾ, ਘਰ ਬਾਰ, ਗ੍ਰਿਸਤ ਇਸਤ੍ਰੀ ਦਾ ਜੋ ਹੇਜ (ਸਨੇਹ) ਰਖਦਾ ਹੈ, ਇਹ ਸਭ ਸੰਸਾਰਕ (ਲੋਕਿਕ) ਚਿਤ ਪਰਚਾਵਾ (ਸੁਪਨ ਸਾਰਖਾ) ਹੀ ਹੈ। ਵਾਹਿਗੁਰੂ ਦੇ ਚਰਨਾਂ ਕੰਵਲਾਂ ਨੂੰ ਸਦਾ ਸੇਵਨਾ (ਸਦਾ ਸੁਆਸਿ ਸੁਆਸਿ ਵਾਹਿਗੁਰੂ ਦਾ ਸਿਮਰਨ ਕਰਨਾ) ਹੀ ਸੱਚੀ ਗੁਰਮਤਿ ਮਤਿ ਹੈ ਜੋ ਦ੍ਰਿੜ੍ਹਤਾ ਸਹਿਤ ਧਾਰਨ ਕਰਨ ਵਾਲੀ ਹੈ। ਹੋਰ ਸਭ ਸੰਸਾਰਕ ਚਿਤ ਪਰਚਾਵੇ ਦੀਆਂ ਮਤੀਆਂ ਕੁਮੱਤੜੀਆਂ ਹੀ ਹਨ ਜੋ ਤਿਆਗਨ ਜੋਗ ਹੀ ਹਨ। 'ਦੇਹ' ਇਸਤ੍ਰੀ-ਲਿੰਗ ਪਦ ਹੋਣ ਕਰਿ ਇਸਦਾ ਹਾਹਾ ਅੱਖਰ ਮੁਕਤਾ ਹੈ। 'ਗੇਹੁ' ਪੁਲਿੰਗ ਪਦ ਹੋਣ ਕਰਿ ਹਾਹਾ ਔਂਕੜ ਸਹਿਤ ਹੈ। ਏਸੇ ਤਰ੍ਹਾਂ 'ਸਨੇਹੁ' ਪਦ ਵੀ ਪੁਲਿੰਗ ਨਾਂਵ ਹੈ। ਇਸ ਦਾ ਹਾਹਾ ਭੀ ਔਂਕੜ ਵਾਲਾ ਹੈ। 'ਚਿਤ ਬਿਲਾਸੁ ਜਗਤ ਇਹੁ'—ਇਹੁ ਜਗਤ ਦਾ (ਸੰਸਾਰਕ) ਚਿਤ ਬਿਲਾਸੁ (ਚਿਤ ਪਰਚਾਵਾ) ਹੀ ਹੈ। 'ਚਿਤ ਬਿਲਾਸੁ' ਜੁੜਤ (compound) ਪਦ ਹੈ। ਇਸ ਕਰਕੇ ਕੇਵਲ ਇਸਦੇ ਸੱਸੇ ਅੱਖਰ ਨੂੰ ਹੀ ਔਂਕੜ ਹੈ। 'ਜਗਤ' ਪਦ ਦਾ ਤੱਤਾ ਅੱਖਰ ਮੁਕਤਾ ਹੈ ਕਿਉਂਕਿ ਇਸਦੇ ਅਗੇ 'ਦਾ' ਸਬੰਧਕ ਪਦ (preposition) ਮਹਿਜ਼ੂਫ ਹੈ।

ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ,
ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥੫॥੧੦॥

ਗਯੰਦ ਭਟ ਭਾਖਦੇ ਹਨ ਕਿ ਹੇ ਮਨ! ਨਾਮੁ ਹੀ ਸਾਰ ਪਦਾਰਥ ਹੈ ਹਿਰਦੇ ਧਾਰਨ ਜੋਗ, ਸੋ ਤਿਸ ਨੂੰ ਹੀ ਹੀਅਰੇ ਅੰਦਰਿ ਪ੍ਰੋ ਲੈ। ਨਾਮ ਤੋਂ ਬਿਨਾਂ ਹੋਰ ਸਭ ਕੁਛ ਬਿਕਾਰ ਰੂਪ ਹੀ ਹੈ। ਇਸ ਬਿਕਾਰ ਰੂਪ ਬਿਖੈ ਪਦਾਰਥ ਨੂੰ ਤਿਲਾਂਜਲੀ ਉੱਕੀ ਹੀ ਦੇਈ ਰੱਖ। ਬਸ, ਸਿਰੀ ਗੁਰੂ (ਵਾਹਿਗੁਰੂ) ਸਿਰੀ ਗੁਰੂ (ਵਾਹਿਗੁਰੂ) ਸਿਰੀ ਗੁਰੂ (ਵਾਹਿਗੁਰੂ) ਹੀ ਸਤਿ ਪਦਾਰਥ ਹੈ। ਏਸੇ ਸਤਿ ਪਦਾਰਥ ਸਾਰੁ ਤਤੁ ਵਾਹਿਗੁਰੂ ਨਾਮ ਦਾ ਹੀ ਸਿਮਰਨ

bsrstrust.org

ਕਰੁ। ਤਿੰਨ ਵਾਰ 'ਸਿਰੀ ਗੁਰੂ' ਅੰਕਤ ਕਰਨ ਦਾ ਭਾਵ ਇਹ ਹੈ ਕਿ ਬਾਰੰਬਾਰ ਸਤਿਨਾਮੁ (ਵਾਹਿਗੁਰੂ) ਦਾ ਹੀ ਸਿਮਰਨ ਕਰੀ ਜਾ। 'ਸਿਰੀ ਗੁਰੂ' ਸੰਬੋਧਕ ਹੈ 'ਵਾਹਿਗੁਰੂ' ਨਾਮ ਦਾ। 'ਵਾਹਿਗੁਰੂ' ਨਾਮੁ ਪ੍ਰਥਾਇ ਹੀ ਏਥੇ 'ਸਿਰੀ ਗੁਰੂ' ਨੂੰ ਵਰਤਿਆ ਗਿਆ ਹੈ।

ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥
ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦਕਾ॥
ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦਕਾ॥
ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭਹੂ ਕਉ ਤਦਕਾ॥
ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥੧॥੧੧॥

ਵਾਹਿਗੁਰੂ ਸਿਮਰਨਹਾਰੇ ਸੇਵਕ ਜਨ ਦੇ ਘਰਿ ਵਿਖੇ ਸਰਬ ਨਿਧਾਨ ਭਰਪੂਰ ਰਹਿੰਦੇ ਹਨ। ਹਰ ਇਕ ਜੁਗ ਵਿਖੇ ਵਾਹਿਗੁਰੂ ਨਾਮ ਦੀ ਹੀ ਪਰਧਾਨਤਾ ਹੈ। ਭਾਵ ਹਰੇਕ ਜੁਗ ਅੰਤਰਿ ਜੁਗ ਜੁਗੰਤਰਿ 'ਵਾਹਿਗੁਰੂ' ਨਾਮ ਦਾ ਸਿਮਰਨ ਹੀ ਪਰਧਾਨ ਹੈ। ਨਾਮ ਦੁਆਰਾ ਹੀ ਜੀਵਾਂ ਦੇ ਨਿਸਤਾਰੇ ਦਾ ਧੁਰਵਾ ਬਝਦਾ ਰਿਹਾ ਹੈ ਤਾਂ ਕੇਵਲ ਇਸੇ 'ਵਾਹਿਗੁਰੂ' ਨਾਮ ਦੁਆਰਾ ਹੀ ਬਝਦਾ ਰਿਹਾ ਹੈ। 'ਵਾਹਿਗੁਰੂ' ਨਾਮ ਦਾ ਸਦਕਾ ਹੀ ਹਰੇਕ ਜੁਗ ਅੰਦਰ ਜੀਵਾਂ ਦਾ ਉਧਾਰ ਹੁੰਦਾ ਰਿਹਾ ਹੈ। ਜੁਗ ਜੁਗਾਂਤਰੀ ਹਰੇਕ ਜੁਗ ਵਿਖੇ ਵਾਹਿਗੁਰੂ ਨਾਮ ਸੇਵਕ ਸਿਮਰਨਹਾਰੇ ਹਰੇਕ ਸੇਵਕ ਸਿਖ ਨੂੰ ਵਾਹਿਗੁਰੂ ਸਰਬ ਨਿਧਾਨ ਦਾਨ ਦਿੰਦਾ ਰਿਹਾ ਹੈ। ਹਰੇਕ ਵਾਹਿਗੁਰੂ ਨਾਮ ਸਿਮਰਨਹਾਰੇ ਸੇਵਕ ਸਿਖ ਦੇ ਘਰਿ ਸਰਬ ਨਿਧਾਨੀ ਭੰਡਾਰੇ ਨਾਮੀ ਵਾਹਿਗੁਰੂ ਭਰਦਾ ਰਹਿਆ ਹੈ। 'ਸੇਵਕ ਕੈ'—ਸੇਵਕ ਦੇ ਗ੍ਰਹਿ ਵਿਖੇ। 'ਕੈ' ਪਦ ਦੀ ਦੂਜੀ ਦੁਲਾਈ ਇਸ ਗੱਲ ਦੀ ਬੋਧਕ ਹੈ ਕਿ ਸੇਵਕ ਜਨ ਦਾ ਗ੍ਰਹਿ ਇਥੇ ਮਫ਼ਹੂਮ ਹੈ। ਕਿਉਂਕਿ ਦੂਜੀ ਦੁਲਾਈ 'ਵਿਖੇ' ਦਾ ਅਰਥ ਦਿੰਦੀ ਹੈ। 'ਸੇਵਕ' ਪਦ ਦਾ ਕੱਕਾ ਅੱਖਰ ਇਸ ਕਰਕੇ ਮੁਕਤਾ ਹੈ ਕਿ ਇਸਦੇ ਨਾਲਿ 'ਕੈ' ਪਦ ਦੀ ਪਹਿਲੀ ਦੁਲਾਈ 'ਦੇ' ਦਾ ਅਰਥ ਦਿੰਦੀ ਹੋਈ ਪਰਗਟ ਸਬੰਧਕ ਪਦ (preposition) ਦਾ ਕੰਮ ਦਿੰਦੀ ਹੈ। ਦੂਜੀ ਦੁਲਾਈ 'ਵਿਖੇ' ਦੀ ਅਰਥ ਬੋਧਕ ਹੈ। 'ਸੇਵਕ ਦੇ ਵਿਖੇ' ਅਰਥਾਂ ਦੀ ਕੋਈ ਗੱਲ ਭੀ ਸਿੱਧ ਨਾ ਹੋਈ। ਤਾਂ ਤੇ ਸਾਫ਼ ਜ਼ਾਹਰ ਹੈ ਕਿ 'ਸੇਵਕ ਦੇ' ਅਗੇ 'ਵਿਖੇ' ਵਿਚਾਲੇ ਕੋਈ ਨਾਂਵ ਮਫ਼ਹੂਮ ਹੈ। ਉਹ ਹੈ 'ਗ੍ਰਹਿ'। ਬਸ 'ਸੇਵਕ ਦੇ ਗ੍ਰਹਿ ਵਿਖੇ' ਵਾਲੇ ਅਰਥ ਸ਼ੁੱਧ ਨਿਕਲੇ। 'ਸੇਵਕ ਕੈ'—ਸੇਵਕ ਦੇ ਗ੍ਰਹਿ ਵਿਖੇ। 'ਭਰਪੂਰ' ਪਦ ਦਾ ਰਾਰਾ ਅੱਖਰ ਮੁਕਤਾ ਹੋਣ ਕਰਿ ਇਹ ਪਦ ਬਹੁ-ਵਚਨ ਹੈ। ਸਰਬ ਨਿਧਾਨ ਭਰਪੂਰ ਹਨ ਸੇਵਕ ਦੇ ਘਰ ਵਿਖੇ। 'ਵਾਹ ਗੁਰੂ ਤੇਰਾ ਸਭੁ ਸਦਕਾ'—ਹੇ ਨਾਮ ਨਾਮੀ ਵਾਹਿਗੁਰੂ ਇਹ ਸਭ ਤੇਰਾ ਹੀ ਪਰਤਾਪ ਵਰਤ ਰਿਹਾ ਹੈ। ਅਤੇ ਜੁਗੋ ਜੁਗ ਹੀ ਹੇ ਵਾਹਿਗੁਰੂ (ਨਾਮੀ) ਤੇਰੇ ਵਾਹਿਗੁਰੂ ਨਾਮ ਦਾ ਹੀ ਸਦਕਾ ਹੈ।

ਪਰਾ ਪੂਰਬਲਾ ਇਕੋ ਨਾਮ (ਵਾਹਿਗੁਰੂ) ਹੀ ਸਤਿਨਾਮ (ਸੱਚਾ ਨਾਮ) ਹੈ। ਹੋਰ ਸਭ ਕਿਰਤਮ ਨਾਮ ਹਨ। ਗੁਰਬਾਣੀ ਅੰਦਰਿ ਸ੍ਰੀ ਗੁਰੂ ਸਾਹਿਬਾਨ ਨੇ ਏਸੇ ਵਾਹਿਗੁਰੂ ਨਾਮ ਦੀ ਹੀ ਸਿਫ਼ਤਿ-ਸਾਲਾਹ ਕੀਤੀ ਹੈ। ਸੰਕੇਤਕ ਅਨੇਕ ਨਾਮ ਲੈ ਲੈ ਕੇ। ਇਕੋ ਵਾਹਿਗੁਰੂ ਨਾਮ ਦੀ ਹੀ ਸਮੱਗਰ ਬਾਣੀ ਅੰਦਰਿ ਮਹਿਮਾ ਗਾਈ ਹੈ। ਚਾਹੇ ਹਰ ਕੋਈ

bsrstrust.org

ਕਿਰਤਮੀ ਨਾਮ ਲਿਖਤਕਾਰ ਵਿਖੇ ਆਇਆ ਹੋਵੇ, ਓਸ ਤੋਂ ਭਾਵ 'ਵਾਹਿਗੁਰੂ' ਨਾਮ ਦਾ ਸੰਕੇਤ ਕੀਤਾ ਜਾਂਦਾ ਰਿਹਾ ਹੈ। 'ਵਾਹਿਗੁਰੂ' ਅਤੇ 'ਵਾਹਗੁਰੂ' ਤੋਂ ਇਕੋ ਹੀ ਭਾਵ ਹੈ। ਕਿਤੇ ਹਾਹਾ ਮੁਕਤਾ ਹੈ ਕਿਤੇ ਹਾਹੇ ਨੂੰ ਸਿਹਾਰੀ ਲਗੀ ਹੋਈ ਹੈ। ਇਸ ਵਿਚਿ ਕੋਈ ਫ਼ਰਕ ਨਹੀਂ ਪੈਂਦਾ। 'ਵਾਹਿਗੁਰੂ' ਅਤੇ 'ਵਾਹਗੁਰੂ' ਪਦ ਮੁਰੱਕਬੀ ਬਣਤਰ (ਇਕੱਠੀ ਬਿਉਂਤ) ਵਿਚਿ ਅੰਕਤ ਕੀਤੇ ਗਏ ਹਨ। 'ਵਾਹਿ' ਅਤੇ 'ਗੁਰੂ' ਯਾ 'ਵਾਹ' ਅਤੇ 'ਗੁਰੂ' ਨੂੰ ਪਦ ਛੇਦਕ ਬਣਤਰ ਵਿਚਿ ਲਿਖਣਾ ਸ਼ਬਦਾਰਥੀ ਅਰਥੱਈਆਂ ਦੀ ਹੀ ਕਾਢ ਹੈ। ਵਾਸਤਵ ਵਿਚ ਏਹਨਾਂ ਦੋਹਾਂ ਦੀ ਪਦ ਛੇਦਕ ਲਿਖਤ ਸਤਿਗੁਰੂ ਨੂੰ ਮਨਜ਼ੂਰ ਹੀ ਨਹੀਂ। 'ਵਾਹੁ' ਪਦ ਹਾਹੇ ਔਂਕੜ ਨਾਲਿ ਤਾਂ ਨਿਖੜਵਾਂ ਹੀ ਆਉਂਦਾ ਹੈ ਗੁਰਬਾਣੀ ਅੰਦਰਿ, 'ਗੁਰੂ' ਜਾਂ 'ਗੁਰ' ਪਦ ਨਾਲਿ ਕਦੇ ਜੁੜ ਕੇ ਨਹੀਂ ਆਇਆ।

'ਵਾਹੁਗੁਰ' ਜੁੜਵੇਂ ਪਦ ਦੀ ਸਹੇੜ ਮਨਮਤੀ ਸਹੇੜੂਆਂ ਦੀ ਮਨਘੜਤ ਮਨਮਤਿ ਹੈ। ਗੁਰਮਤਿ ਅੰਦਰਿ ਉੱਕੀ ਹੀ ਪਰਵਾਨ ਨਹੀਂ। ਜੈਸੇ ਕਿ ਪਿਛੇ ਭਲੀ ਪਰਕਾਰ ਨਿਰਣੈ ਹੋ ਚੁੱਕਾ ਹੈ। "ਨਾਨਕ ਦਾਸ ਕਹਹੁ ਗੁਰ ਵਾਹੁ॥"[1] ਗੁਰ ਪੰਗਤੀ ਅੰਦਰਿ ਭੀ 'ਗੁਰ ਵਾਹੁ' ਪਦ ਇਕੱਠਾ ਨਹੀਂ ਉਠਾਇਆ ਜਾ ਸਕਦਾ ਅਤੇ ਇਸ ਨੂੰ ਉਲਟ ਪੁਲਟ ਕਰਕੇ 'ਵਾਹੁ ਗੁਰ' ਨਹੀਂ ਬਣਾਇਆ ਜਾ ਸਕਦਾ। 'ਗੁਰ' ਦਾ ਰਾਰਾ ਅੱਖਰ ਇਸ ਕਰਕੇ ਮੁਕਤਾ ਹੈ ਕਿਉਂਕਿ ਇਸ ਦੇ ਅੱਗੇ 'ਨੂੰ' ਸਬੰਧਕ ਪਦ (preposition) ਅਰਥ ਬੋਧਕ ਹੈ। 'ਗੁਰੂ ਨੂੰ ਵਾਹੁ ਕਹਹੁ'। ਗੁਰਵਾਹੁ ਕਹਹੁ ਜਾਂ ਵਾਹਗੁਰ ਕਹਹੁ ਦਾ ਭਾਵ ਨਹੀਂ। ਅਧਿਕ ਨਿਰਣੈ ਲਈ ਦੇਖੋ ਪਹਿਲੀ ਕੀਤੀ ਵੀਚਾਰ ਜੋ ਗੁਰਬਾਣੀ ਲਗਮਾਤ੍ਰੀ ਨਿਯਮਾਂ ਦੇ ਪੂਰਨ ਅਨਕੂਲ ਕੀਤੀ ਗਈ ਹੈ। ਹਾਹੇ ਔਂਕੜ ਵਾਲੇ 'ਵਾਹੁ' ਪਦ ਦਾ ਅਰਥ 'ਧਨੁ' ਹੈ। ਸਿਹਾਰੀ ਵਾਲੇ ਹਾਹੇ ਜਾਂ ਹਾਹੇ ਮੁਕਤੇ ਸਹਿਤ ਆਏ 'ਵਾਹਿ' ਯਾ 'ਵਾਹ' ਪਦ (ਜੋ ਕਦੇ ਨਿਖੜਵੇਂ ਨਹੀਂ ਆਉਂਦੇ) ਦਾ ਅਰਥ ਭਾਵ 'ਬਿਸਮਾਦ' ਰੂਪ ਦੇ ਹਨ।

ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦਕਾ॥

ਨਿਰੰਕਾਰੁ ਪ੍ਰਭੂ (ਵਾਹਿਗੁਰੂ) ਸਦਾ ਤੋਂ ਸਲਾਮਤਿ ਜੁਗ ਜੁਗ ਅਟੱਲ ਚਲਿਆ ਆਇਆ ਹੈਂ। ਕੋਈ ਨਹੀਂ ਕਹਿ ਸਕਦਾ ਕਿ ਹੇ ਵਾਹਿਗੁਰੂ ਤੂੰ ਕਦੋਂ ਕੁ ਦਾ ਹੈਂ। ਵਾਹਿਗੁਰੂ ਦੇ ਆਦਿ ਅੰਤ ਦਾ ਕਿਸੇ ਨੂੰ ਕੁਛ ਪਤਾ ਨਹੀਂ। ਆਦਿ ਅੰਤੁ ਦੀ ਕੈਦ ਤੋਂ ਬਾਹਰਾ ਹੋਣ ਕਰਿ ਹੀ ਵਾਹਿਗੁਰੂ ਨੂੰ ਸਤਿ (ਸਦਾ ਸਲਾਮਤਿ) ਭਾਖਿਆ ਗਇਆ ਹੈ। ਵਾਹਿਗੁਰੂ ਨਾਮੀ (ਅਕਾਲ ਪੁਰਖ) ਦੀ ਹੋਂਦ ਸਤਿ ਹੋਣ ਕਰਿ 'ਵਾਹਿਗੁਰੂ' ਨਾਮੁ ਹੀ ਸਦਾ ਸਤਿ ਹੈ (ਸਦਾ ਸਲਾਮਤਿ ਹੈ)।

...ਆਦਿ ਸਤੇ ਜੁਗਾਦਿ ਸਤੇ ਪਰਤਖਿ ਸਤੇ ਸਦਾ ਸਦਾ ਸਤੇ... ॥ *(ਪੰਨਾ ੧੩੧੫)*

ਵਾਹਿਗੁਰੂ ਨਾਮੀ (ਨਿਰੰਕਾਰ ਅਕਾਲ ਪੁਰਖ) ਜੈਸਾ ਹੈ ਤੈਸਾ ਹੀ 'ਵਾਹਿਗੁਰੂ' ਨਾਮ ਭੀ ਆਦਿ ਤੋਂ ਸਤਿ (ਸਚੁ) ਜੁਗਾਦਿ ਤੋਂ ਸਤਿ (ਸਚੁ) ਪਰਤੱਖ ਵਰਤਮਾਨ ਵਿਖੇ ਭੀ ਸਤਿ (ਸਚੁ) ਅਤੇ ਭਵਿੱਖਤ ਵਿਖੇ ਭੀ ਸਦਾ ਸਦਾ ਸਤਿ (ਸਚਿ) ਹੋਵਨਹਾਰਾ

---

੧. ੪॥੨੧ (ਆਸਾ ਮ: ੫, ਪੰਨਾ ੩੭੬)।

bsrstrust.org

ਹੈ। ਇਸ ਕਰਕੇ ਪਰਾ ਪੂਰਬਲਾ ਸਤਿਨਾਮ (ਸੱਚਾ ਨਾਮੁ) ਕੇਵਲ 'ਵਾਹਿਗੁਰੂ' ਨਾਮੁ ਹੀ ਹੈ।

ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ॥

ਬ੍ਰਹਮਾ ਅਤੇ ਵਿਸ਼ਨੂੰ ਜੈਸੇ ਅਗਣਤ ਦੇਵਤੇ ਹੇ ਵਾਹਿਗੁਰੂ ਤੈਂ ਸਿਰਜੇ (ਉਪਜਾਏ)। ਤਿਨ੍ਹਾਂ ਨੂੰ ਮਨ ਦੇ ਮਦ ਦਾ ਮੋਹੁ ਵਿਆਪ ਗਇਆ, ਕਿਉਂਕਿ ਓਹ ਆਪਣੇ ਆਪ ਨੂੰ ਹੀ ਬ੍ਰਹਮ (ਰੱਬ) ਕਹਾਉਣ ਲਗ ਪਏ। ਹਿੰਦੂ ਮਤ ਦੇ ਪੂਜਯ ਦੇਵਤੇ ਬ੍ਰਹਮਾ ਅਤੇ ਓਹਨਾਂ ਦੇ ਮੰਨੇ ਦੰਨੇ ਭਗਵਾਨ ਰੂਪ ਵਿਸ਼ਨੂੰ ਅਗਨਤ ਹੀ ਹੋ ਚੁਕੇ ਹਨ। ਓਹਨਾਂ ਨੂੰ ਲੋਕੀ ਰੱਬ ਮੰਨਣ ਲੱਗ ਪਈ ਅਤੇ ਓਹ ਭੀ ਆਪਣੇ ਆਪ ਨੂੰ ਮਤਸਰ ਕਰਕੇ ਰੱਬ ਮੰਨ ਬੈਠੇ। ਇਸ ਮਾਨ ਕਰ ਕੇ ਓਹ ਭੀ ਰਹਿ ਗਏ। ਮਨ ਦਾ ਮਤਸਰੀ ਮਦ ਸਭ ਤੋਂ ਬੁਰਾ ਹੈ। ਮਨ ਮਤਸਰੀ ਹੋਣ ਦਾ ਮਾਨ ਸਭ ਅਲਪੱਗ ਜੀਵਾਂ ਨੂੰ ਹੋ ਜਾਂਦਾ ਹੈ। ਚਾਹੇ ਕੋਈ ਕਿਤਨਾ ਹੀ ਮਹਾਤਮਾ ਪੂਜਯ ਦੇਵਤਾ ਕਿਉਂ ਨ ਹੋਵੇ। ਨਾਮ ਤੋਂ ਸੁੰਞੇ ਸਭੇ ਸੁਰ ਨਰ ਮੁਨੀ ਦੇਵਤੇ ਮਾਨ ਗ੍ਰਸਤ ਹੀ ਹੋ ਜਾਂਦੇ ਹਨ। ਓਹਨਾਂ ਨੂੰ ਮਨ ਮਤਸਰੀ ਮਾਨਧਾਰੀ ਹੋਣ ਦਾ ਐਸਾ ਚਸਕਾ (ਮੋਹ) ਚਿੰਮੜਦਾ ਹੈ ਕਿ ਇਸ ਤੋਂ ਕਦੇ ਭੀ ਛੁਟਕਾਰਾ ਨਹੀਂ ਹੁੰਦਾ। ਇਸ ਕਰਕੇ ਏਹ ਮੰਨੇ ਦੰਨੇ ਦੇਵਤੇ ਚਉਰਾਸੀ ਦੇ ਗੇੜ ਵਿਚਿ ਹੀ ਭਰਮਦੇ ਭਟਕਦੇ ਫਿਰਦੇ ਹਨ। 'ਮਨ ਮਦ ਕਾ' ਇਥੇ 'ਮਨ' ਅਤੇ 'ਮਦ' ਪਦਾਂ ਦੇ ਪਿਛਲੇ ਅੱਖਰ ਨੰਨਾ ਅਤੇ ਦੱਦਾ ਇਸ ਕਰ ਕੇ ਮੁਕਤੇ ਹਨ ਕਿ ਇਹਨਾਂ ਦੇ ਅਗੇ 'ਕਾ' ਸਬੰਧਕ ਪਦ (preposition) ਸਪਸ਼ਟ ਲਗਾ ਪਿਆ ਹੈ।

ਵਾਹੁ ਵਾਹੁ ਕਾ ਬਡਾ ਤਮਾਸਾ॥

ਵਾਹਿਗੁਰੂ ਵਾਹਿਗੁਰੂ ਉਚਾਰਨ ਦਾ ਬਿਸਮਾਦ ਰੂਪ ਵਾਹੁ ਵਾਹੁ (ਵਾਹਿਗੁਰੂ) ਪਾਰਸ ਮਈ ਆਖਣ ਭਾਖਣ ਵਾਲਾ ਬੜਾ ਹੀ ਅਸਚਰਜ ਜਨਕ ਚਲਤ ਚੋਜੀ ਤਮਾਸ਼ਾ ਹੈ। ਵਾਹਿਗੁਰੂ ਪਦ ਦੀ ਸਿਫ਼ਤਿ-ਸਾਲਾਹ ਬੜੀ ਹੀ ਬਿਸਮ ਮਈ ਹੈ। ਵਾਹਿਗੁਰੂ ਨਾਮੁ ਦੇ ਜਪਣ ਵਿਚਿ ਬੜੀ ਹੀ ਪਾਰਸ ਰਸਾਇਣੀ ਕਲਾ ਹੈ। ਇਸ ਦੇ ਜਪਣ ਨਾਲਿ ਬੜੇ ਹੀ ਅਸਚਰਜ ਕਉਤਕ ਵਰਤਦੇ ਹਨ। ਵਾਹਿਗੁਰੂ ਨਾਮ ਦਾ ਉਚਾਰਨ ਮਾਤਰ ਹੀ ਅਸਚਰਜ ਕਲਾ ਵਰਤਾਉਂਦਾ ਹੈ। ਪਰ ਮੰਤਰ ਵਾਹਿਗੁਰੂ ਗੁਰੂ ਦੁਆਰਾ ਦੀਖਿਅਤ ਹੋਇਆ ਹੋਵੇ। ਦੀਖਿਆ ਜੋਗ ਗੁਰਮੰਤ੍ਰ ਹੈ ਤਾਂ ਇਹੀ ਹੈ ਅਤੇ ਏਸੇ ਗੁਰਮੰਤ੍ਰ ਦੇ ਉਚਾਰਨ ਵਿਚਿ ਕਉਤਕੀ ਕੇਲ ਹਨ। "ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ॥ ਸੋਈ ਰਾਮੁ ਸਭੈ ਕਹਹਿ ਸੋਈ ਕਉਤਕ ਹਾਰੁ॥"[1] ਕਉਤਕ ਹਾਰ ਭਾਖਣ ਕੇਵਲ ਵਾਹਿਗੁਰੂ ਨਾਮ ਦਾ ਹੀ ਹੈ। "ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥"[2]—ਗੁਰੂ ਦੀ ਪ੍ਰਸਾਦਿ ਮਈ ਕਿਰਪਾ ਨਾਲਿ ਗੁਰੂ ਦੁਆਰਿਓਂ ਗੁਰਮੰਤ੍ਰ ਮਈ ਦੀਖਿਆ ਮਿਲਦੀ ਹੈ। ਤਿਸ ਗੁਰ ਦੀਖਿਆ ਦਾ ਵਰਤਾਇਆ ਕਉਤਕੀ ਅਭਿਆਸ ਹੀ ਫਲਦਾਈ ਹੈ। ਨਹੀਂ ਤਾਂ ਆਪ ਹੁਦਰਾ ਤਾਂ ਸਭ ਕੋਈ ਹੀ ਨਾਮ ਉਚਾਰਦਾ ਫਿਰਦਾ

---

੧. ਕਬੀਰ ਜੀ ਸਲੋਕ ੧੯੦, ਪੰਨਾ ੧੩੭੪.

੨. ੧॥੪॥੬॥ (ਗੂਜਰੀ ਮ: ੩, ਪੰਨਾ ੪੯੧)।

bsrstrust.org

ਹੈ, ਪਰ ਆਪਹੁ ਰਾਮ ਉਚਾਰਨ ਨਾਲਿ ਕੋਈ ਸੁਬੇਹਤਾ ਨਹੀਂ ਹੁੰਦਾ। "ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥"[1] ਤਾਂ ਤੇ ਕਉਤਕੀ ਕਲਾ ਵਾਲਾ ਬਿਸਮਾਦੀ ਨਾਮੁ ਬਿਸਮਾਦੀ ਚਲਤ ਵਰਤਾਵਣ ਵਾਲਾ ਨਾਮੁ ਕੇਵਲ ਗੁਰ ਦੀਖਿਆ ਨਾਮ ਗੁਰਮੰਤ੍ਰ ਵਾਹਿਗੁਰੂ ਹੀ ਹੈ ਜਿਸ ਦਾ ਅਭਿਆਸ ਬੜੇ ਚਕ੍ਰਤੀ ਅਗੰਮਤਾ ਵਾਲੇ ਨਜ਼ਾਰੇ ਨਜ਼ਰਾਉਂਦਾ (ਦਿਖਾਉਂਦਾ) ਹੈ।

ਆਪੇ ਹਸੈ ਆਪਿ ਹੀ ਚਿਤਵੈ ਆਪੇ ਚੰਦੁ ਸੂਰੁ ਪਰਗਾਸਾ॥...੨॥੧੨॥

ਵਾਹਿਗੁਰੂ ਨਾਮ ਅਭਿਆਸ ਦੀ ਅਕਲ ਕਲਾ ਦੇ ਬਿਸਮਾਦ ਰੰਗਾਂ ਵਿਚਿ ਖੇਡਣ ਨਾਲਿ ਹੀ ਪਰਤੱਖ ਉਘਾੜ ਹੁੰਦਾ ਹੈ ਇਸ ਭੇਦ ਵਾਲੀ ਗੱਲ ਦਾ ਕਿ—"ਵੇਖੈ ਵਿਗਸੈ ਸਭਿ ਰੰਗ ਮਾਣੇ ਰਚਨੁ ਕੀਨਾ ਇਕੁ ਅਖਾੜਾ॥"[2] ਅਤੇ "ਵੇਖੈ ਵਿਗਸੈ ਕਰਿ ਵੀਚਾਰੁ॥" ਅਤੇ "ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥"[3] ਆਦਿ ਗੁਰ ਵਾਕਾਂ ਦੀ ਕੀ ਖੇਡ ਹੈ। ਇਹ ਬਿਸਮ ਕਉਤਕੀ ਤਮਾਸ਼ਾ ਹੈ, ਰਚਾਇਆ ਕਉਤਕਹਾਰ ਨੇ। ਇਹਨਾਂ ਕਰਤਾਰ ਕਉਤਕੀ ਰੰਗਾਂ ਨੂੰ ਵੇਖ ਕੇ, ਵਾਹਿਗੁਰੂ ਵਿਗਾਸ ਨੂੰ ਵੇਖ ਕੇ ਵਾਹਿਗੁਰੂ ਦਾ ਅਭਿਆਸ ਬਿਸਮਾਦੀ ਭਗਤ ਜਨ ਭੀ ਹਸਦਾ ਵਿਗਸਦਾ ਹੈ। "ਹਰਿ ਜਨੁ ਗੁਨ ਗਾਵਤ ਹਸਿਆ॥"[4] ਅਤੇ ਉੱਚ ਦਰਜੇ ਦੀ ਲਿਵ ਵੀਚਾਰ ਵਿਚਿ ਮਗਨ ਹੋ ਜਾਂਦਾ ਹੈ ਅਤੇ ਬਿਸਮ ਲਿਵਤਾਰੀ ਕਰਤਾਰ ਦੇ ਰੰਗਾਂ ਨੂੰ ਮਾਣਦਾ ਹੈ। ਨਾਮ ਅਭਿਆਸ ਦੀ ਅਚਰਜ ਕਉਤਕੀ ਕਲਾ ਦੁਆਰਾ ਵਾਹਿਗੁਰੂ ਅਭਿਆਸੀ ਜਨ ਦੇ ਘਟ ਅੰਦਰਿ ਹੀ ਚੰਦੁ ਸੂਰਜ ਚਣਨਾਇ ਦਿੰਦਾ ਹੈ। "ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ॥"[5] ਓਥੇ ਅਪੜ ਕੇ ਪਰਗਟ ਤੌਰ ਤੇ ਪਤਾ ਲਗਦਾ ਹੈ ਕਿ ਵਾਹਿਗੁਰੂ ਦੀ ਰਚਨਾ ਅੰਦਰਿ ਇਕ ਨਹੀਂ ਕੋਟਾਨ ਕੋਟ ਚੰਦ ਤੇ ਸੂਰਜ ਪ੍ਰਕਾਸ਼ਮਾਨ ਹਨ। ਇਸ ਬਿਧਿ ਵਾਹਿਗੁਰੂ ਦੀ ਰਚਨਾ ਦਾ ਖੇਲ ਤਮਾਸ਼ਾ ਬੜਾ ਹੀ ਅਸਚਰਜ ਹੈ। "ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ" ਏਥੇ ਇਸ ਤੁਕ ਅੰਦਰਿ 'ਵਾਹਿਗੁਰੂ' ਪਦ ਹਾਹੇ ਸਿਹਾਰੀ ਨਾਲਿ ਹੈ। ਭਾਵ ਓਹੀ ਹੈ ਜੋ 'ਵਾਹਗੁਰੂ' ਪਦ ਦਾ ਹੈ ਜਿਸ ਵਿਚਿ ਹਾਹਾ ਮੁਕਤਾ ਹੈ।

ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ॥

ਵਾਹਿਗੁਰੂ ਨੂੰ ਬ੍ਰਹਮੇ ਆਦਿਕ ਸ਼ਿਵਜੀ ਆਦਿਕ ਸਭ ਮੰਨਦੇ ਹਨ ਅਤੇ ਉਸ ਨੂੰ ਕਾਲ ਦਾ ਭੀ ਕਾਲ ਜਾਣ ਕੇ ਉਸ ਦੇ ਅਗੇ ਯਾਚਨਾ ਕਰਦੇ ਹਨ। 'ਕਾਲ ਕਾ ਕਾਲੁ' ਇਸ ਤਰ੍ਹਾਂ ਛੇਦਕ ਪਾਠ ਸਹੀ ਹੈ। ਪਹਿਲੇ 'ਕਾਲ' ਦਾ ਲੱਲਾ ਅੱਖਰ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਕਾ' ਸਬੰਧਕ ਪਦ (preposition) ਲਗਾ ਹੋਇਆ ਹੈ।

---

੧. ੧॥੪॥੬॥ (ਗੂਜਰੀ ਮ: ੩, ਪੰਨਾ ੪੯੧)।
੨. ਪੰਨਾ ੧੦੮੧.
੩. ਪੰਨਾ ੪੬੩.
੪. ਪੰਨਾ ੧੩੧੯.
੫. ਪੰਨਾ ੭੦੦.

bsrstrust.org

'ਕਾਲਕਾ ਕਾਲੁ' ਇਹ ਪਾਠ ਠੀਕ ਨਹੀਂ—'ਕਾਲ' ਨੂੰ 'ਕਾ' ਤੋਂ ਨਿਖੇੜੇ ਬਿਨਾਂ ਇਕੱਠਾ ਪਾਠ 'ਕਾਲਕਾ' ਕਰਨਾ ਸਹੀ ਨਹੀਂ। 'ਨਿਰੰਜਨ ਜਚਨਾ'—ਨਿਰੰਜਨੁ ਹੀ ਯਾਚਨਾ ਹੈ।

ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ ॥੩॥੧੩॥

ਏਥੇ 'ਵਾਹਗੁਰੂ' ਪਦ ਹਾਹੇ ਮੁਕਤੇ ਨਾਲਿ ਹੈ। ਏਸੇ ਸਵਈਏ ਦੀ ਮੁਢਲੀ ਤੁਕ ਵਿਚਿ ਏਸੇ ਪਦ ਦਾ ਹਾਹਾ ਸਿਹਾਰੀ ਨਾਲਿ ਹੈ। ਸਾਫ਼ 'ਵਾਹਿਗੁਰੂ' ਪਦ ਹੈ। ਇਸ ਤੋਂ ਪਰਤੀਤ ਹੁੰਦਾ ਹੈ ਕਿ ਸਿਹਾਰੀ ਲਾਉਣੀ ਭੁੱਲਣਾ ਲਿਖਾਰੀ ਜਾਂ ਛਾਪੇ ਦੀ ਗ਼ਲਤੀ ਹੈ। ਪਦ ਇਕੋ ਹੀ ਹੈ "ਵਾਹਿਗੁਰੂ", ਦੋ ਕਦੇ ਹੋ ਹੀ ਨਹੀਂ ਸਕਦੇ।

ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ ॥
ਸਿਵ ਬਿਰੰਚਿ ਧਰਿ ਧ੍ਯਾਨੁ ਨਿਤਹਿ ਜਿਸੁ ਬੇਦੁ ਬਖਾਣੈ ॥
ਨਿਰੰਕਾਰੁ ਨਿਰਵੈਰੁ ਅਵਰੁ ਨਹੀ ਦੂਸਰ ਕੋਈ ॥
ਭੰਜਨ ਗੜ੍ਹਣ ਸਮਥੁ ਤਰਣਤਾਰਣ ਪ੍ਰਭੁ ਸੋਈ ॥
ਨਾਨਾ ਪ੍ਰਕਾਰ ਜਿਨਿ ਜਗੁ ਕੀਓ ਜਨੁ ਮਥੁਰਾ ਰਸਨਾ ਰਸੈ ॥
ਸ੍ਰੀ ਸਤਿਨਾਮੁ ਕਰਤਾ ਪੁਰਖੁ ਗੁਰ ਰਾਮ ਦਾਸ ਚਿਤਹ ਬਸੈ ॥੧॥ *(ਪੰਨਾ ੧੪੦੪)*

ਜਿਸ ਆਦਿ ਅਨਾਦਿ ਅਗੰਮ ਤੇ ਅਨੰਤ ਵਾਹਿਗੁਰੂ ਨੂੰ ਕੋਈ ਨਹੀਂ ਜਾਣਦਾ, ਜਿਸ ਦਾ ਸ਼ਿਵਜੀ ਬ੍ਰਹਮਾ ਆਦਿ ਭੀ ਧਿਆਨ ਧਰਿ ਧਰਿ ਕੁਛ ਥੌਹ ਥਾਹ ਪਤਾ ਨਹੀਂ ਲਗਾ ਸਕੇ। ਹਿੰਦੂਆਂ ਦਾ ਬੇਦੁ ਭੀ ਉਪਨਿਸ਼ਦਾਂ ਸਣੇ ਜਿਸ ਨੂੰ ਨੇਤ ਨੇਤ ਹੀ ਵਖਾਣਦਾ ਹੈ, ਇਹ ਨਹੀਂ, ਇਹ ਨਹੀਂ, (ਨੇਤ ਨੇਤ) ਭਾਵ ਅੰਤ ਨਹੀਂ ਪਾ ਸਕਦਾ ਵਾਹਿਗੁਰੂ ਦਾ। ਜਿਸ ਵਾਹਿਗੁਰੂ ਨੇ ਨਾਨਾ ਪ੍ਰਕਾਰ ਦੀ ਚਰਾਚਰ ਰਚਨਾ ਸੰਸਾਰ ਦੀ ਕੀਤੀ, ਤਿਸ ਨਿਰੰਕਾਰੁ ਨਿਰਵੈਰ ਅਕਾਲ ਪੁਰਖ ਨੂੰ ਜੋ ਸਭਸ ਦਾ ਭੰਨਣ ਘੜਨਹਾਰਾ ਹੈ ਅਤੇ ਸਮਰਥ ਪੁਰਖ ਹੈ ਅਤੇ ਸੋਈ ਸਭਸ ਦੇ ਤਰਨ ਤਾਰਨ ਨੂੰ ਸਮਰਥ ਹੈ। ਉਸ ਨੂੰ ਹੋਰ ਦੂਜਾ ਕੋਈ ਨਹੀਂ ਅੱਜ ਤਾਂਈਂ ਜਾਣ ਸਕਿਆ, ਨਾ ਜਾਣ ਸਕੇਗਾ ਸਿਵਾਏ ਗੁਰੂ ਨਾਨਕ ਦਸਾਂ ਪਾਤਸ਼ਾਹੀਆਂ ਦੇ। ਤਿਸ ਅਗਮ ਅਗੋਚਰ ਅਦ੍ਰਿਸ਼ਟ ਅਕਾਲ ਪੁਰਖ ਨੂੰ ਗੁਰੂ ਨਾਨਕ ਰਾਮਦਾਸ ਨੇ ਨਾ ਸਿਰਫ਼ ਜਾਣਿਆ ਹੀ ਬਲਕਿ ਆਪਣੇ ਹਿਰਦੇ ਅੰਦਰਿ ਵਸਾਇਆ। ਸੋ ਸ੍ਰੀ ਸਤਿ ਨਾਮ ਵਾਲਾ ਕਰਤਾ ਪੁਰਖ ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਹਿਰਦੇ ਵਿਚਿ ਵਸਦਾ ਹੈ, ਸਦਾ ਵਸਿਆ ਤੇ ਵਸਦਾ ਰਹੇਗਾ। ਇਹ ਗੱਲ ਯਾਦ ਰਹੇ ਕਿ ਜੇਹਾ ਅਕਾਲ ਪੁਰਖ ਕਰਤਾ ਨਿਰੰਕਾਰ ਵਾਹਿਗੁਰੂ ਅਗਮ ਅਗੋਚਰ ਹੈ, ਕਿਸੇ ਤੋਂ ਨਹੀਂ ਪਾਇਆ ਜਾ ਸਕਦਾ, ਕਿਸੇ ਤੋਂ ਨਹੀਂ ਜਾਣਿਆ ਜਾ ਸਕਦਾ, ਨਾਹੀ ਜਾਣਿਆ ਤੇ ਪਾਇਆ ਗਇਆ ਹੈ ਕਿਸੇ ਪਾਸੋਂ, ਨਾ ਜਾਣਿਆ ਪਾਇਆ ਜਾਸੀ ਹੋਰ ਕਿਸੇ ਥੋਂ ਸਿਵਾਏ ਗੁਰੂ ਨਾਨਕ ਦਸੋਂ ਗੁਰੂ ਪਾਤਸ਼ਾਹੀਆਂ ਦੇ। ਤਿਸੇ ਪ੍ਰਕਾਰ ਤਿਸ ਅਗਮ ਅਗੋਚਰ ਇਕੋ ਨਿਰੰਕਾਰ ਵਾਹਿਗੁਰੂ ਦੇ ਸੱਚੇ ਨਾਮੁ ਵਾਹਿਗੁਰੂ (ਸਤਿਨਾਮੁ) ਨੂੰ ਭੀ ਅੱਜ ਤਾਈਂ ਹੋਰ ਕਿਸੇ ਪੀਰ ਪੈਗ਼ੰਬਰ ਔਲੀਏ ਪਾਸੋਂ ਨਹੀਂ ਜਾਣਿਆ ਤੇ ਪਾਇਆ ਗਿਆ, ਸਿਵਾਏ ਗੁਰੂ ਨਾਨਕ ਰਾਮਦਾਸ ਸ੍ਰੀ ਦਸਮੇਸ਼ ਦੇ। ਜਿਸ ਪਰਤੱਖ ਜਾਨਣੀ ਤੇ ਪਾਉਣੀ ਕਰਿ ਗੁਰੂ ਸਾਹਿਬਾਨ ਨੇ ਅਕਾਲ ਪੁਰਖ ਵਾਹਿਗੁਰੂ ਨੂੰ ਅਤੇ ਉਸ ਦੇ ਨਾਮੁ ਵਾਹਿਗੁਰੂ ਨੂੰ

bsrstrust.org

ਜਾਣਿਆ ਤੇ ਪਾਇਆ ਹੈ ਅੱਜ ਤੀਕ ਹੋਰ ਕਿਸੇ ਭੀ ਆਨ ਮਤ ਮਤਾਂਤਰੀ ਨੇਤਾ ਅਤੇ ਕਿਸੇ ਮਜ਼ਹਬ ਦੇ ਭੀ ਹਾਦੀ ਨੇ ਨਹੀਂ ਜਾਣਿਆ ਤੇ ਪਾਇਆ। ਐਵੇਂ ਨੇਤ ਨੇਤ ਕਹਿ ਕੇ ਹੀ ਰਹਿ ਗਏ ਹਨ। ਮਥੁਰਾ ਭੱਟ ਗੁਰ ਪ੍ਰਸਾਦਿ ਕਰਿ ਇਹ ਭੇਦ ਆਪਣੀ ਰਸਨਾ ਤੋਂ ਭਾਖਦਾ ਹੈ।

ਗੁਰੂ ਸਮਰਥੁ ਗਹਿ ਕਰੀਆ ਧ੍ਰੂਵ ਬੁਧਿ ਸੁਮਤਿ ਸਮ੍ਹਾਰਨ ਕਉ॥

(ਰਾਮਦਾਸ) ਗੁਰੂ ਸਮਰਥ ਰੂਪੀ ਮਲਾਹ ਗਹਿਆ ਹੈ (ਪਾਇਆ ਹੈ) ਸੰਸਾਰਾਕਾਰ ਬੁੱਧੀ ਧ੍ਰੂ ਭਗਤ ਜੇਹੀ ਨਿਰੰਕਾਰਾਕਾਰ ਅਟੱਲ ਬੁੱਧੀ ਕਰਨ ਲਈ, ਅਤੇ ਇਸੇ ਅਵੈੜੀ ਕੁਮਤੜੀ ਨੂੰ ਆਤਮ ਪ੍ਰਾਇਣੀ ਸੁਮੱਤੜੀ ਬਣਾ ਕੇ ਸੰਮਾਲੀ ਰੱਖਣ ਨੂੰ।

ਫੁਨਿ ਧ੍ਰਮ ਧੁਜਾ ਫਹਰੰਤਿ ਸਦਾ ਅਘ ਪੁੰਜ ਤਰੰਗ ਨਿਵਾਰਨ ਕਉ॥

ਫੇਰ (ਇਹ ਪਰਤੱਖ ਕਾਰਨਾਮਾ ਵਰਤਿਆ ਹੈ) ਨਾਮ ਨੀਸਾਨ ਰੂਪੀ (ਗੁਰੂ ਰਾਮਦਾਸ ਜੀ ਦਾ) ਸੱਚੇ ਧਰਮ ਦਾ ਸੱਚਾ ਝੰਡਾ ਸਮੁੱਚਾ ਪਾਪਾਂ ਦੀਆਂ ਅਨਤ ਤ੍ਰੰਗੀ ਲਹਿਰਾਂ ਨਿਵਾਰਨ (ਦੂਰ ਕਰਨ) ਲਈ ਸਦਾ ਸਦਾ ਲਈ ਲਹਿਰਾਉਂਦਾ ਹੈ, ਤੇ ਲਹਿਰਾਉਂਦਾ ਰਹੇਗਾ।

ਮਥੁਰਾ ਜਨ ਜਾਨਿ ਕਰੀ ਜੀਅ ਸਾਚੁ ਸੁ ਅਉਰ ਕਛੂ ਨ ਬਿਚਾਰਨ ਕਉ॥
ਹਰਿ ਨਾਮੁ ਬੋਹਿਥੁ ਬਡੌ ਕਲਿ ਮੈ ਭਵ ਸਾਗਰ ਪਾਰਿ ਉਤਾਰਨ ਕਉ॥੨॥

ਮਥੁਰਾ ਜਨ ਭੱਟ ਨੇ ਜੀਅਹੁ ਜਾਣ ਕੇ ਇਹ ਗੱਲ ਸੱਚ ਕਹੀ ਹੈ ਕਿ ਹੋਰ ਕੋਈ ਪਦਾਰਥ ਭੀ ਬਿਚਾਰਨ ਗੋਚਰਾ ਨਹੀਂ। (ਕੇਵਲ) ਵਾਹਿਗੁਰੂ ਦਾ ਨਾਮ ਹੀ ਸਭ ਤੋਂ ਵੱਡਾ ਜਹਾਜ਼ ਹੈ, ਇਸ ਕਲੀ ਕਾਲ ਵਿਖੇ (ਜੀਵਾਂ ਨੂੰ) ਭਵ ਸਾਗਰੋਂ ਪਾਰ ਉਤਾਰਨ ਲਈ।

ਸੰਤ ਤਹੀ ਸਤਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ॥

ਤਿਥੇ ਹੀ (ਕੇਵਲ ਗੁਰੂ ਘਰ ਵਿਖੇ ਹੀ) ਸੰਤ ਜਨ ਸਤਿ ਸੰਗਤਿ ਵਿਖੇ ਮਿਲ ਕੇ (ਸੰਗਿ) ਖ਼ਾਸ ਪ੍ਰੇਮ ਰੰਗਾਂ ਵਿਚ ਰੱਤੇ ਹੋਏ ਗੁਣ ਗਾਉਂਦੇ ਹਨ (ਵਾਹਿਗੁਰੂ ਦੇ)। ਜੈਸੇ ਕਿ ਸੱਚਖੰਡ ਵਿਖੇ ਨਿਰੰਕਾਰ ਵਾਹਿਗੁਰੂ ਦੀ ਹਜ਼ੂਰੀ ਵਿਚਿ ਭਗਤ ਜਨ ਖਿਨ ਖਿਨ ਗੁਣ ਗਾਉਂਦੇ ਰਹਿੰਦੇ ਹਨ, ਤੈਸੇ ਹੀ ਗੁਰੂ ਰਾਮਦਾਸ ਦੀ ਹਜ਼ੂਰੀ ਵਿਚਿ ਹਜ਼ੂਰੀਏ ਸੰਤ ਜਨ ਪਰਸਪਰ ਮਿਲ ਕੇ ਗੋਬਿੰਦ ਦੇ ਗੁਣ ਗਾਉਂਦੇ ਹੀ ਰਹਿੰਦੇ ਹਨ।

'ਸਤਸੰਗਤਿ' ਦੇ ਪਹਿਲੇ ਤੱਤੇ ਦੀ ਸਿਹਾਰੀ ਰਹੀ ਹੋਈ ਹੈ। 'ਸੰਗਤਿ' ਦੇ ਸੰਗ ਵਾਲੇ 'ਸਤਿ' ਪਦ ਦਾ ਤੱਤਾ ਅੱਖਰ ਸਦਾ ਸਿਹਾਰੀ ਨਾਲਿ ਹੀ ਆਉਂਦਾ ਹੈ ਸਮੱਗਰ ਗੁਰਬਾਣੀ ਅੰਦਰਿ। ਕਦੇ ਸਿਹਾਰੀ ਬਿਹੂਣ ਨਹੀਂ ਆਇਆ। 'ਸੰਗ' ਪਦ ਦੇ ਗੱਗੇ ਅੱਖਰ ਨੂੰ ਭੀ ਸਿਹਾਰੀ ਲਗਣੀ ਰਹੀ ਹੋਈ ਹੈ। 'ਸੰਗਿ' ਪਦ ਚਾਹੀਦਾ ਹੈ। 'ਸੰਤ ਤਹੀ' ਨਿਖੜਵੇਂ ਪਾਠ ਨੂੰ 'ਸੰਤਤ ਹੀ' ਇਉਂ ਨਿਖੇੜ ਕੇ ਪਾਠ ਆਮ ਤੌਰ ਤੇ ਕੀਤਾ ਜਾਂਦਾ ਹੈ। 'ਤਹੀ' ਪਦ ਦਾ ਤੱਤਾ ਅੱਖਰ 'ਤਹੀ' ਨਾਲੋਂ ਨਿਖੇੜ ਕੇ ਪਹਿਲੇ 'ਸੰਤ' ਪਦ ਨਾਲਿ ਜੋੜ ਕੇ 'ਸੰਤਤ' ਪਾਠ ਇਕੱਠਾ ਕਰ ਦਿੰਦੇ ਹਨ। ਲਕੀਰ ਦੇ ਫ਼ਕੀਰ ਗਿਆਨੀ

bsrstrust.org

ਅਰਥੱਈਏ ਭੀ ਮਨ ਭਾਉਂਦੇ ਅਰਥ ਘੜ ਦਿੰਦੇ ਹਨ। ਟਕਸਾਲੀ ਕੋਸ਼ ਦੇ ਪਰਸਿੱਧ ਗਿਆਨੀ ਜਨ ਭੀ 'ਸੰਤਤ' ਪਾਠ ਨੂੰ ਜਿਉਂ ਕਾ ਤਿਉਂ ਮੰਨ ਕੇ ਇਸ ਦੇ ਅਰਥ ਇਉਂ ਕਰਦੇ ਹਨ। 'ਸੰਤਤ' ਪਦ ਨੂੰ ਸੰਸਕ੍ਰਿਤ ਚੋਂ ਨਿਕਲਿਆ ਵਿਆਕਰਣੀ ਰੂਪ ਵਿਚ ਲਿਖ ਕੇ ਇਸ ਦਾ ਅਰਥ ਫੈਲਾਣ ਬ੍ਰੈਕਟ ਵਿਚ (ਚਰਨ ਕਮਲ) ਲਖਣੀ ਅਰਥ ਲਗਾਤਾਰ ਦੇ ਲਾਉਂਦੇ ਹਨ ਅਤੇ ਬ੍ਰੈਕਟ ਤੋਂ ਬਾਹਰ ਸੰਪੂਰਨਤਾ ਸਹਿਤ ਇਸ ਦੇ ਅਰਥ ਕਰਦੇ ਹਨ—ਸਦੀਵ ਕਾਲ, ਨਿਰੰਤਰ ਦੇ। ਅਤੇ ਸਮੁੱਚੀ ਪੰਗਤੀ 'ਸੰਤਤ ਹੀ ਸਤ ਸੰਗਤਿ ਸੰਗ' ਯਥਾ ਪਰਮਾਣ ਪਰਮਾਣ ਕੇ ਇਸ ਪੰਗਤੀ ਦਾ ਅਰਥ ਇਉਂ ਕਰਦੇ ਹਨ—'ਸਦੀਵ ਕਾਲ ਹੀ ਸਤ ਸੰਗਤ ਦਾ ਸੰਗ ਹੈ'। ਇਹ ਅਰਥ ਲਗਮਾਤ੍ਰੀ ਨਿਯਮਾਂ ਦੇ ਅਨੁਕੂਲ ਉੱਕਾ ਹੀ ਨਹੀਂ। 'ਸੰਗ' ਪਦ ਦੇ ਗੱਗੇ ਅੱਖਰ ਨੂੰ ਔਂਕੜ ਉੱਕਾ ਹੀ ਨਹੀਂ ਜਿਸ ਤੋਂ ਸੰਗੁ ਦੇ ਅਰਥ ਬਣ ਸਕਣ। ਲਗਮਾਤ੍ਰੀ ਨਿਯਮ ਪਾਲਕ ਸ਼ਬਦਾਰਥੀਏ ਸਜਨ 'ਸੰਤਤ' ਪਾਠ ਸੁੱਧ ਮੰਨ ਕੇ ਸਾਰੀ ਪੰਗਤੀ ਦਾ ਅਰਥ ਇਸ ਬਿਧਿ ਕਰਦੇ ਹਨ—ਇਕ ਰਸ ਸਤਸੰਗ ਰਾਹੀਂ ਪ੍ਰੇਮ ਵਿਚ ਰੰਗੀਜ ਕੇ ਹਰੀ ਦਾ ਜਸੁ ਗਾਵੰਦੇ ਹਨ। ਓਹਨਾਂ ਤੋਂ ਪੁਛੋ ਗਾਵੰਦੇ ਕਉਣ ਹਨ ? ਦਸੋ ਗਾਵਣ ਵਾਲੇ ਕਉਣ ਹੋਏ ? ਕਿਰਿਆ ਦਾ ਕਰਤਾ (subject) ਹੀ ਕੋਈ ਨਹੀਂ। ਇਕ ਰਸ ਵਾਲੇ ਅਰਥ ਤੇ ਓਹਨਾਂ 'ਲਗਾਤਾਰ' ਵਾਲੇ ਕੋਸ਼ੀ ਅਰਥ ਤੋਂ ਲਏ ਜਾਪਦੇ ਹਨ। 'ਹੀ' ਪਦ ਦੇ ਅਰਥ ਫੇਰ ਭੀ ਓਹਨਾਂ ਤੋਂ ਰਹਿ ਜਾਂਦੇ ਹਨ। ਸਹੀ ਅਰਥ ਤਦੇ ਬਣਦੇ ਹਨ ਜੇਕਰ 'ਜਸੁ ਗਾਵਤ ਹੈ' ਵਰਤਮਾਨ ਕਾਲ ਕਿਰਿਆ ਦਾ ਕਰਤਾ 'ਸੰਤ' ਹੈ—ਸੰਤ (ਬਹੁ-ਵਚਨ ਵਿਚਿ) ਗੁਣ ਗਾਉਂਦੇ ਹਨ। 'ਹੈਂ' ਪਦ ਸਵਈਆਂ ਵਿਚਿ 'ਹਹਿੰ' ਦੇ ਥਾਉਂ ਆਉਂਦਾ ਹੈ ਬਹੁ-ਵਚਨੀ ਕਿਰਿਆ ਵਾਚਕ। ਤਾਂ ਤੇ 'ਸੰਤਤ' ਪਦ ਨੂੰ ਲੈ ਕੇ ਅਰਥ ਕਰਨੇ ਉੱਕਾ ਹੀ ਗ਼ਲਤ ਹਨ।

ਧ੍ਰਮ ਪੰਥੁ ਧਰਿਓ ਧਰਨਧੀਰ ਆਪਿ ਰਹੇ ਲਿਵ ਧਾਰਿ ਨ ਧਾਵਤ ਹੈ॥

ਸ੍ਰਿਸ਼ਟੀ ਦੇ ਰਚਨਹਾਰੇ ਕਰਤਾ ਪੁਰਖ ਨੇ ਆਪਿ ਇਹ ਸੱਚੇ ਗੁਰਮਤਿ ਧਰਮ ਵਾਲਾ ਪੰਥ ਅਸਥਾਪਨ ਕੀਤਾ ਹੈ। ਤਾਂ ਤੇ ਗੁਰਮਤਿ ਮਾਰਗੀਏ ਸੰਤ ਜਨ ਗੁਰੂ ਘਰ ਦੀ ਸੰਗਤ ਵਿਚਿ ਮਿਲ ਕੇ ਹੀ ਲਿਵਧਾਰੀ ਹੋ ਰਹਿੰਦੇ ਹਨ ਅਤੇ ਕਿਤੇ ਹੋਰਸ ਓਰ ਨਹੀਂ ਧਾਂਵਦੇ। ਪਹਿਲੀ ਪੰਗਤੀ ਵਿਖੇ ਜੋ 'ਸੰਤ' ਪਦ ਹੈ ਉਹੀ 'ਰਹੇ ਲਿਵ ਧਾਰ ਨ ਧਾਵਤ ਹੈ' ਕਿਰਿਆ ਪੰਗਤੀ ਦਾ ਕਰਤਾ (ਫਾਇਲ) ਹੈ।

ਮਥੁਰਾ ਭਨਿ ਭਾਗ ਭਲੇ ਉਨ੍ ਕੇ ਮਨ ਇਛਤ ਹੀ ਫਲ ਪਾਵਤ ਹੈ॥

ਮਥੁਰਾ ਨਾਮੇ ਕਵੀ ਭੱਟ ਕਹਿੰਦੇ ਹਨ ਕਿ ਉਨ ਸੰਤਨ ਕੇ ਭਾਗ ਭਲੇ ਹੈਂ ਜੋ ਗੁਰ ਸੰਗਤ ਵਿਖੇ ਮਿਲ ਕੇ ਵਾਹਿਗੁਰੂ ਨਾਲਿ ਲਿਵ ਲਾਉਂਦੇ ਹਨ। ਏਹ ਗੁਰੂ ਘਰ ਦੇ ਸੰਤ ਭਗਤ ਸਿਖ ਮਨ ਇੱਛੇ ਫਲ ਪਾਉਂਦੇ ਹਨ।

ਰਵਿ ਕੇ ਸੁਤ ਕੋ ਤਿਨ੍ ਤ੍ਰਾਸੁ ਕਹਾ ਜੁ ਚਰੰਨ ਗੁਰੂ ਚਿਤੁ ਲਾਵਤ ਹੈ॥੩॥

ਸੂਰਜ ਪੁੱਤਰ (ਧਰਮਰਾਇ) ਦਾ ਤਿਨ੍ਹਾਂ ਨੂੰ ਤ੍ਰਾਸ ਕਿਥੇ ? (ਬਿਲਕੁਲ ਨਹੀਂ) ਜੋ

bsrstrust.org

ਜਨ ਗੁਰੂ (ਰਾਮਦਾਸ) ਦੇ ਚਰਨਾਂ ਨਾਲਿ ਚਿੱਤ ਜੋੜਦੇ ਹਨ। 'ਕੋ'—ਦਾ। 'ਤਿਨ੍'—ਤਿਨ੍ਹਾਂ ਨੂੰ।

ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿ ਤ ਦਿਨ ਆਗਰੁ ॥
ਗਹਿਰ ਗੰਭੀਰੁ ਅਥਾਹ ਅਤਿ ਬਡ ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥
ਸੰਤ ਮਰਾਲ ਕਰਹਿ ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥
ਕਲਜੁਗ ਦੁਰਤ ਦੂਰਿ ਕਰਬੇ ਕਉ ਦਰਸਨੁ ਗੁਰੂ ਸਗਲ ਸੁਖ ਸਾਗਰੁ ॥੪॥

(ਗੁਰੂ ਰਾਮਦਾਸ ਅਤੇ ਰਾਮਦਾਸ ਸਰੋਵਰ) ਨਿਰਮਲ ਨਾਮੁ ਰੂਪੀ ਅੰਮ੍ਰਿਤ ਜਲਿ ਪਰੀ ਪੂਰਨ (ਭਰਪੁਰ ਲੀਣਾ) ਹੈ ਜਿਸ ਵਿਚਿ ਸ਼ਬਦ ਦੀਆਂ ਤ੍ਰੰਗਾਂ ਦੇ ਲਹਿਰੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਛਲਕਣ ਲੱਗ ਪੈਂਦੇ ਹਨ। ਗੁਰੂ ਅਤੇ (ਗੁਰੂ ਸਰੋਵਰ) ਬੜਾ ਹੀ ਗਹਿਰ ਗੰਭੀਰ ਅੱਤ ਅੱਥਾਹ ਹੈ। ਸਦਾ ਹੀ ਨੱਕਾ ਨੱਕ ਭਰਿਆ ਰਹਿੰਦਾ ਹੈ। ਹਰ ਪ੍ਰਕਾਰ (ਸਭ ਬਿਧਿ) ਰਤਨਾ ਦਾ ਨਿਧਾਨੁ ਹੈ। (ਇਸ ਗੁਰੂ ਦੇ ਸਰੋਵਰ ਵਿਖੇ) ਹੰਸਲੇ ਸੰਤ ਰੰਗ ਰਲੀਆਂ ਮਾਣਦੇ ਹਨ। ਜਿਨ੍ਹਾਂ ਦੇ ਜਮ ਡਰ ਅਤੇ ਦੁਖਾਂ (ਪਾਪਾਂ) ਦੇ (ਧਰਮਰਾਇ ਦੇ ਦਫਤ੍ਰੀ) ਲੇਖੇ ਮਿਟ ਜਾਂਦੇ ਹਨ। ਕਲਜੁਗ ਦੇ ਕਮਾਤੇ ਪਾਪਾਂ ਦੀ ਹੱਤਿਆ ਦੂਰ ਕਰਨ ਹਿਤ ਗੁਰੂ ਦਾ ਦਰਸ਼ਨ ਸਾਰਿਆਂ ਸੁਖਾਂ ਦਾ ਸਾਗਰ ਹੈ।

ਜਾਕਉ ਮੁਨਿ ਧ੍ਯਾਨੁ ਧਰੈ ਫਿਰਤ ਸਕਲ ਜੁਗ,
ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ ॥
ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾਕੋ,
ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥
ਜਾਕੋ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ,
ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ ॥
ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ,
ਜੀਅ ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥੫॥

ਰੱਬ ਦੇ ਦਰਸ਼ਨਾਂ ਖ਼ਾਤਰ ਮੁਨੀ ਜਨ ਸਾਰੇ ਜੁਗਾਂ ਤਾਈਂ ਧਿਆਨ ਦੇ ਤਰਲੇ ਧਰੀ ਮਰੀਂਦੇ ਫਿਰਦੇ ਹਨ ਕਿ ਕਦੇ ਤਾਂ ਕਿਸੇ ਨੂੰ ਤਨਕ ਮਾਤਰ ਆਤਮ ਝਲਕਾਰਾ ਦਰਸ਼ਨਾਂ ਦਾ ਮਿਲ ਜਾਵੇ। ਜਿਸ ਦੀ ਖ਼ਾਤਰ ਬ੍ਰਹਮਾ ਬੇਦਾਂ ਦੀ ਬਾਣੀ ਰਚਿ ਰਚਿ ਜਸੁ ਗਉਣ ਦੀ ਡੀਂਗ ਮਾਰਦਾ ਫਿਰਦਾ ਹੈ। ਜਿਸ ਦੀ ਖ਼ਾਤਰ ਸ਼ਿਵਜੀ ਮੁਨੀ ਸਮਾਧੀਆਂ ਲਾ ਕੇ ਥਕ ਰਿਹਾ ਹੈ। ਕੈਲਾਸ਼ ਪਰਬਤ ਦਾ ਖਹਿੜਾ ਨਹੀਂ ਛਡਦਾ। ਸਾਰੀ ਉਮਰ ਉਥੇ ਹੀ ਜੱਫਾ ਮਾਰੀ ਬੈਠਾ ਰਿਹਾ। ਜਿਸ ਦੀ ਖ਼ਾਤਰ ਅਨੇਕਾਂ ਜੋਗੀ ਜਤੀ ਸਿਧ ਸਾਧਿਕ ਤਪ ਤਾਪਣ ਦੇ ਜਟਾ ਜੂਟ ਉਦਾਸੀ ਭੇਖ ਕਰਕੇ ਫਿਰਦੇ ਰਹੇ, ਉਸ ਵਾਹਿਗੁਰੂ ਰੂਪ ਸਤਿਗੁਰ ਨੇ ਸਹਜ ਸੁਭਾਇ ਹੀ ਕਿਰਪਾ ਧਾਰੀ, ਜੀਅ ਦਾਨ ਨਾਮ ਦੀ ਵਡਾਈ ਗੁਰੂ ਰਾਮਦਾਸ ਜੀ ਨੂੰ ਦਿਤੀ। ਨਾਮ ਦੀ ਹੀ ਬਖ਼ਸ਼ਿਸ਼ ਐਸੀ ਹੈ ਜੋ ਨਾਮੀ ਵਾਹਿਗੁਰੂ ਦਾ ਦਰਸ਼ਨ ਪ੍ਰਤੱਖ ਕਰਵਾ ਸਕਦੀ ਹੈ ਅਤੇ ਵਾਹਿਗੁਰੂ ਨੂੰ ਮਿਲਾ ਸਕਦੀ ਹੈ। ਇਹ ਵਡਿਆਈ ਬਖ਼ਸ਼ਿਸ਼ ਸਿਵਾਏ ਗੁਰੂ ਨਾਨਕ, ਗੁਰੂ ਰਾਮਦਾਸ ਆਦਿ ਗੁਰੂ

bsrstrust.org

ਪਾਤਸ਼ਾਹੀਆਂ ਦੇ ਹੋਰ ਕਿਸੇ ਨੂੰ ਨਹੀਂ ਮਿਲੀ। ਬਥੇਰੇ ਉਪਰ ਦਸੇ ਸਰਬੱਤ ਮੁਨਿ ਜਨ ਯਤਨ ਕਰ ਥਕੇ। ਗੁਰੂ ਰਾਮਦਾਸ ਜੀ ਨੇ ਇਹ ਬਖ਼ਸ਼ਸ਼ ਪਾ ਕੇ ਬੇਅੰਤ ਅਧਿਕਾਰੀ ਜਨਾਂ ਨੂੰ "ਜੀਅ ਦਾਨੁ ਦੇ ਭਗਤੀ ਲਾਇਨਿ" **ਵਾਲੀ** ਮਿਹਰੰਮਤ ਕੀਤੀ, ਵਾਹਿਗੁਰੂ ਨੂੰ ਮਿਲਣ ਤੇ ਮਿਲਾਉਣ ਦੀ। ਵਾਹਿਗੁਰੂ ਦਾ ਪ੍ਰਤੱਖ ਦਰਸ਼ਨ ਕਰਨ ਤੇ ਕਰਾਉਣ ਦੀ ਵਡਿਆਈ ਮਿਲੀ ਤਾਂ ਗੁਰੂ ਨਾਨਕ, ਅੰਗਦ, ਅਮਰਦਾਸ, ਗੁਰੂ ਰਾਮਦਾਸ ਨੂੰ ਮਿਲੀ। ਬਸ, ਇਹ ਵਡਾਈ ਦੀ ਬਖ਼ਸ਼ਸ਼ ਗੁਰੂ ਘਰ ਵਿਖੇ ਹੀ ਮਖ਼ਸੂਸ ਰਹੀ। ਅਗੇ ਨਾਮ ਦੀ ਮਹਿਮਾ ਹੈ:

ਨਾਮੁ ਨਿਧਾਨੁ ਧਿਆਨ ਅੰਤਰ ਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ॥
ਦੇਖਤ ਦਰਸੁ ਭਟਕਿ ਭ੍ਰਮੁ ਭਜਤ ਦੁਖ ਪਰਹਰਿ ਸੁਖ ਸਹਜ ਬਿਗਾਸੇ॥
ਸੇਵਕ ਸਿਖ ਸਦਾ ਅਤਿ ਲੁਭਿਤ ਅਲਿ ਸਮੂਹ ਜਿਉ ਕੁਸਮ ਸੁਬਾਸੇ॥
ਬਿਦ੍ਰ ਮਾਨ ਗੁਰਿ ਆਪਿ ਥਪ੍ਯਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ॥੬॥

ਨਾਮ ਰੂਪੀ ਨਿਧਾਨ ਐਸਾ ਹੈ ਜਿਸ ਦਾ ਅੰਤਰਿ ਗਤਿ ਧਿਆਨ ਧਰਿਆਂ ਸਾਰੀ ਤ੍ਰਿਲੋਕੀ ਵਿਖੇ ਪ੍ਰਕਾਸ਼ ਦਾ ਤੇਜ ਪੁੰਜ ਜਲਵਾ ਜਲਵਾਗਰ ਹੋ ਜਾਂਦਾ ਹੈ। (ਐਸੇ ਤੇਜ ਪੁੰਜ ਨਾਮ ਦੇ ਨਿਧਾਨ ਹੋਏ ਹਨ ਗੁਰੂ ਰਾਮਦਾਸ ਜੀ) ਐਸੇ ਤੇਜ ਪੁੰਜ ਜਲਵਈ ਦਿਦਾਰੇ ਦਾ ਦਰਸ ਪਰਸਨ ਸਾਰ ਹੀ ਭਰਮ ਰੂਪੀ ਅੰਧੇਰਾ ਛਿਨਕ ਮਾਤਰ ਹੀ ਭਜ ਜਾਂਦਾ ਹੈ (ਨਸ ਜਾਂਦਾ ਹੈ) ਫਟਕਾ ਨਹੀਂ ਖਾਂਦਾ। ਦੇਖਣ-ਹਾਰਿਆਂ ਦੇ ਦੁਖ ਦਲਿੱਦਰ ਸਾਰੇ ਨਸ਼ਟ ਹੋ ਜਾਂਦੇ ਹਨ ਅਤੇ ਬੇਅੰਤ ਸੁਖ ਸਹਿਜੇ ਹੀ ਆਇ ਪ੍ਰਕਾਸ਼ਤ ਹੁੰਦੇ ਹਨ। ਐਸਾ ਗੁਰੂ ਰਾਮਦਾਸ ਦਾ ਚੁੰਭਕੀ ਦਰਸ਼ਨ ਦੇਖ ਕੇ ਸੇਵਕ ਸਿਖ ਅਤੀ ਚੇਟਕੀ (ਦਰਸ਼ਨ ਕਰਨ ਦੇ ਚੇਟਕੀ) ਹੋ ਕੇ ਸਤਿਗੁਰੂ ਰਾਮਦਾਸ ਜੀ ਦੇ ਦੁਆਰੇ ਘੁੰਮਰਾਂ ਪਾਉਂਦੇ ਰਹਿੰਦੇ ਹਨ। ਜਿਵੇਂ ਭਉਰਿਆਂ ਦਾ ਸਮੂਹ ਫੁਲ ਦੀ ਵਾਸ਼ਨਾ (ਸੁਗੰਧੀ) ਦੇ ਦੁਆਲੇ ਮਤਵਾਲਾ ਹੋ ਕੇ ਘੁੰਮਦਾ ਰਹਿੰਦਾ ਹੈ। ਗੁਰੂ ਅਕਾਲ ਪੁਰਖ ਨੇ ਐਸੇ ਪਰਤੱਖ ਗੁਰੂ ਰਾਮਦਾਸ ਦੀ ਗੁਰੂ ਪਦਵੀ ਦੀ ਥਾਪਨਾ ਸਦਾ ਅਸਥਿਰ ਥਾਪੀ ਹੈ। ਜਿਸ ਗੁਰਿਆਈ ਦੇ ਸੱਚੇ ਤਖ਼ਤ ਦੁਆਲੇ ਬੇਅੰਤ ਗੁਰਸਿਖ ਮਹਿਜ਼ੂਜ਼ (ਵਰੋਸਾਏ) ਹੋ ਕੇ ਸਦਾ ਵਰੋਸਾਉਂਦੇ ਰਹਿਣਗੇ।

ਤਾਰ੍ਯਉ ਸੰਸਾਰੁ ਮਾਯਾ ਮਦ ਮੋਹਿਤ ਅੰਮ੍ਰਿਤ ਨਾਮੁ ਦੀਅਉ ਸਮਰਥੁ॥
ਫੁਨਿ ਕੀਰਤਿਵੰਤ ਸਦਾ ਸੁਖ ਸੰਪਤਿ ਰਿਧਿ ਅਰੁ ਸਿਧਿ ਨ ਛੋਡਇ ਸਥੁ॥
ਦਾਨਿ ਬਡੌ ਅਤਿਵੰਤੁ ਮਹਾ ਬਲਿ ਸੇਵਕਿ ਦਾਸਿ ਕਹਿਓ ਇਹੁ ਤਥੁ॥
ਤਾਹਿ ਕਹਾ ਪਰਵਾਹ ਕਾਰੂ ਕੀ ਜਾਕੈ ਬਸੀਸਿ ਧਰਿਓ ਗੁਰਿ ਹਥੁ॥੭॥

(ਗੁਰੂ ਰਾਮਦਾਸ ਜੀ ਨੇ) ਮਾਇਆ ਦੇ ਮਦ ਸੇਤੀ ਮੋਹਿਆ ਜਾਂਦਾ (ਜਾ ਰਹਿਆ) ਸੰਸਾਰੁ ਤਾਰ ਦਿਤਾ; ਸਰਬ ਕਲਾ ਸਮਰਥ ਅੰਮ੍ਰਿਤ ਨਾਮ ਬਖ਼ਸ਼ਿਆ (ਸੰਸਾਰ ਨੂੰ)। ਫੇਰ (ਗੁਰੂ ਰਾਮਦਾਸ) ਐਸਾ ਕੀਰਤੀ ਵਾਲਾ ਹੈ ਅਤੇ ਐਸਾ ਸੱਚੀ ਅਤੇ ਸਦੀਵੀ ਸੁਖ ਸੰਪਤੀ ਵਾਲਾ ਹੈ ਕਿ ਰਿਧੀਆਂ ਸਿਧੀਆਂ ਉਸ ਦਾ ਸਾਥ ਨਹੀਂ ਛਡਦੀਆਂ, ਪਿਛੇ ਲਗਦੀਆਂ ਫਿਰਦੀਆਂ ਹਨ। (ਗੁਰੂ ਰਾਮਦਾਸ) ਮਹਾਂ ਦਾਨੀ ਅਤੀਅੰਤ ਮਹਾਂ ਬਲੀ ਹੈ ਸੇਵਕ ਦਾਸ ਨੇ ਇਹ ਤੱਤ ਨਿਚੋੜ ਕੇ ਸਪਸ਼ਟ ਦੱਸ ਦਿਤਾ ਹੈ ਕਿ ਤਿਸ ਜਨ

bsrstrust.org

ਨੂੰ ਕਿਸੇ ਦੀ ਪਰਵਾਹ ਨਹੀਂ ਰਹੀ ਜਿਸ ਦੇ ਸੀਸ ਉਤੇ ਗੁਰੂ ਸਾਹਿਬ ਨੇ ਹੱਥ ਧਰ ਦਿਤਾ ਹੈ।

ਪਹਿਲੀ ਪੰਗਤੀ ਵਿਚਿ "ਅੰਮ੍ਰਿਤ ਨਾਮੁ ਦੀਅਉ ਸਮਰਥੁ" ਦਾ ਅਰਥ ਕਈ ਲਗਮਾਤ੍ਰੀ ਨਿਯਮਾਂ ਤੋਂ ਅਣਜਾਣ ਇਉਂ ਕਰਦੇ ਹਨ—ਸਮਰਥ (ਗੁਰੂ) ਨੇ ਅੰਮ੍ਰਿਤੁ ਨਾਮ ਦਿਤਾ (ਸੰਸਾਰ ਨੂੰ)। 'ਸਮਰਥੁ' ਪਦ ਦੇ ਥੱਥੇ ਅੱਖਰ ਨੂੰ ਔਂਕੜ ਲਗਾ ਹੈ। 'ਨੇ' ਦੇ ਅਰਥ ਤਾਂ ਤਦ ਬਣਦੇ ਜੇਕਰ ਇਸ ਥੱਥੇ ਅੱਖਰ ਨੂੰ ਸਿਹਾਰੀ ਹੁੰਦੀ ਅਤੇ 'ਸਮਰਥੁ' ਦੇ ਥਾਉਂ 'ਸਮਰਥਿ' ਪਦ ਹੁੰਦਾ। 'ਦਾਨਿ'—ਦਾਨੀ, ਨੰਨੇ ਦੀ ਸਿਹਾਰੀ ਬਿਹਾਰੀ ਦਾ ਕੰਮ ਦਿੰਦੀ ਹੈ। ਇਸੇ ਤਰ੍ਹਾਂ 'ਬਲਿ' ਬਲੀ ਦਾ ਅਰਥ ਦਿੰਦਾ ਹੈ, ਲੱਲੇ ਅੱਖਰ ਦੀ ਸਿਹਾਰੀ ਬਿਹਾਰੀ ਦਾ ਕੰਮ ਦਿੰਦੀ ਹੈ। 'ਸਥੁ' ਪਦ ਦੀ ਅਧਿਕ ਕੰਨੇ ਦਾ ਕੰਮ ਦਿੰਦੀ ਹੈ। 'ਸਥ' ਸਾਥ ਬਣਾਉਂਦੀ ਹੈ। 'ਸੇਵਕਿ' ਅਤੇ 'ਦਾਸਿ' ਪਦਾਂ ਦੇ ਛੇਕੜਲੇ ਅੱਖਰਾਂ ਦੀਆਂ ਸਿਹਾਰੀਆਂ 'ਨੇ' ਦਾ ਅਰਥ ਦਿੰਦੀਆਂ ਹਨ। 'ਤਥੁ'—ਤੱਤ, ਥੱਥਾ ਏਥੇ ਤੱਤੇ ਦਾ ਕੰਮ ਦਿੰਦਾ ਹੈ। 'ਪਰਵਾਹ' ਇਸਤ੍ਰੀ-ਲਿੰਗ ਹੈ।

ਤੀਨਿ ਭਵਨ ਭਰਪੂਰਿ ਰਹਿਓ ਸੋਈ॥
ਅਪਨ ਸਰਸੁ ਕੀਅਉ ਨ ਜਗਤ ਕੋਈ॥
ਆਪੁਨ ਆਪੁ ਆਪ ਹੀ ਉਪਾਯਉ॥
ਸੁਰਿ ਨਰ ਅਸੁਰ ਅੰਤੁ ਨਹੀ ਪਾਯਉ॥
ਪਾਯਉ ਨਹੀ ਅੰਤੁ ਸੁਰੇ ਅਸੁਰਹ ਨਰ ਗਣ ਗੰਧ੍ਰਬ ਖੋਜੰਤ ਫਿਰੇ॥
ਅਬਿਨਾਸੀ ਅਚਲੁ ਅਜੋਨੀ ਸੰਭਉ ਪੁਰਖੋਤਮੁ ਅਪਾਰ ਪਰੇ॥
ਕਰਣ ਕਾਰਣ ਸਮਰਥੁ ਸਦਾ ਸੋਈ ਸਰਬ ਜੀਅ ਮਨਿ ਧ੍ਯਾਇਯਉ॥
ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥੧॥

(ਪੰਨਾ ੧੪੦੫)

ਇਸ ਸਵਈਏ ਦੇ ਕਈ ਅੱਖਰਾਂ ਨੂੰ ਸਿਹਾਰੀਆਂ ਲਗਣੋਂ ਰਹੀਆਂ ਹੋਈਆਂ ਹਨ, ਜੋ ਗੁਰਬਾਣੀ ਦੇ ਲਗਮਾਤ੍ਰੀ ਨਿਯਮਾਂ ਅਨੁਸਾਰ ਲਗਣੀਆਂ ਚਾਹੀਦੀਆਂ ਹਨ। 'ਭਵਨ' ਪਦ ਦੇ ਨੰਨੇ ਅੱਖਰ ਨੂੰ ਸਿਹਾਰੀ ਚਾਹੀਦੀ ਹੈ। 'ਭਵਨਿ' ਪਦ ਸਹੀ ਹੈ। ਇਸ ਨਾਂਵ (noun) ਪਦ ਦੇ ਵਿਸ਼ੇਸ਼ਣ 'ਤੀਨਿ' ਪਦ ਦੇ ਨੰਨੇ ਅੱਖਰ ਨੂੰ ਤਾਂ ਸਿਹਾਰੀ ਹੈ ਤਾਂ ਨਾਂਵ (noun) ਨੂੰ ਕਿਉਂ ਨਹੀਂ ਲਗਣੀ ਚਾਹੀਦੀ ? ਜ਼ਰੂਰ ਲਗਣੀ ਚਾਹੀਦੀ ਹੈ। ਦੂਜੀ ਪੰਗਤੀ ਵਿਚ ਦੂਜੇ 'ਆਪ' ਪਦ ਦੇ ਪੱਪੇ ਅੱਖਰ ਨੂੰ ਸਿਹਾਰੀ ਚਾਹੀਦੀ ਹੈ। 'ਸੁਰ, ਨਰ ਤੇ ਅਸੁਰ' ਏਹਨਾਂ ਤੇਹਾਂ ਪਦਾਂ ਦੇ ਛੇਕੜਲੇ ਰਾਰੇ ਅੱਖਰਾਂ ਨੂੰ ਸਿਹਾਰੀਆਂ ਚਾਹੀਦੀਆਂ ਹਨ। ਏਸੇ ਤਰ੍ਹਾਂ ਤੀਜੀ ਪੰਗਤੀ ਦੇ ਭੀ ਏਹਨਾਂ ਹੀ ਤਿਹਾਂ ਸ਼ਬਦਾਂ ਦੇ ਅਖ਼ੀਰੀ ਅੱਖਰਾਂ ਨੂੰ ਸਿਹਾਰੀਆਂ ਚਾਹੀਦੀਆਂ ਹਨ। ਇਸ ਪਰਕਾਰ ਇਸ ਸਵਈਏ ਦੇ ਇਉਂ ਅਰਥ ਬਨਣਗੇ :

ਤੇਹਾਂ ਭਵਨਾਂ ਵਿਖੇ ਸੋਈ ਅਕਾਲ ਪੁਰਖ ਭਰਪੂਰ ਹੋ ਕੇ ਵਿਆਪ ਰਿਹਾ ਹੈ। ਆਪਣੇ ਜੇਹਾ ਜਗਤ ਵਿਖੇ ਹੋਰ ਦੂਜਾ ਨਹੀਂ ਉਪਾਇਆ (ਏਥੇ 'ਜਗਤ' ਪਦ ਦੇ ਤੱਤੇ ਅੱਖਰ ਨੂੰ ਭੀ ਸਿਹਾਰੀ ਲਗਣੀ ਚਾਹੀਦੀ ਹੈ)। ਆਪਣਾ ਆਪ ਵਾਹਿਗੁਰੂ ਨੇ ਆਪਿ

bsrstrust.org

ਹੀ ਉਪਜਾਇਆ ਹੈ। ਸੁਰ ਨਰਾਂ ਅਸੁਰਾਂ ਨੇ (ਵਾਹਿਗੁਰੂ ਦਾ) ਅੰਤ ਨਹੀਂ ਪਾਇਆ, ਨਰ, ਗਣ ਗੰਧਰਬ ਭੀ ਬਥੇਰਾ ਖੋਜਦੇ ਫਿਰੇ (ਤਿਨ੍ਹਾਂ ਨੇ ਭੀ ਅੰਤ ਨਹੀਂ ਪਾਇਆ)। ਵਾਹਿਗੁਰੂ ਅਬਿਨਾਸੀ ਹੈ। (ਕਦੇ ਨਾਸ ਹੋਣ ਵਾਲਾ ਨਹੀਂ) ਕਦੇ ਚਲਾਇਮਾਨ ਹੋਣ ਵਾਲਾ ਨਹੀਂ। ਅਜੂਨੀ ਹੈ (ਕਦੇ ਜੂਨਾਂ ਵਿਚਿ ਨਹੀਂ ਆਉਂਦਾ)। ਸੰਭਉ (ਸੁਤੇ ਪ੍ਰਕਾਸ਼ ਹੈ)। ਪੁਰਖੋਤਮੁ—ਸਭ ਪੁਰਖਾਂ ਤੋਂ ਉਤਮ ਅਪਰ ਅਪਾਰ ਹੈ। (ਜਿਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ) ਪਰੇ ਤੋਂ ਪਰੇ ਹੈ। ਸਦਾ ਸੋਈ ਅਕਾਲ ਪੁਰਖ ਹੀ ਕਾਰਣ ਕਰਣ ਸਮਰਥ ਹੈ। ਸਰਬ ਜੀਵਾਂ ਨੇ ਆਪੋ ਆਪਣੀ ਮਨ ਰੁਚੀ ਅਨੁਸਾਰ ਉਸ ਨੂੰ ਧਿਆਇਆ ਹੈ। ਹੇ ਸ੍ਰੀ ਗੁਰੂ ਰਾਮਦਾਸ ਤੇਰੀ ਜਗ ਵਿਖੇ ਜੈ ਹੀ ਜੈ ਹੋ ਰਹੀ ਹੈ। ਇਕ ਤੂੰ ਹੀ ਹੈਂ ਜਿਸ ਨੇ ਹਰੀ ਰੂਪ ਪਰਮ ਪਦ ਪਾਇਆ ਹੈ।

ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ,
ਤਨੁ ਮਨੁ ਧਨੁ ਗੋਬਿੰਦ ਦੀਅਉ ॥

ਸਤਿਗੁਰੂ ਨਾਨਕ ਨੇ ਇਕ ਮਨ ਹੋ ਕੇ ਭਗਤੀ ਕੀਤੀ, ਆਪਣਾ ਤਨ, ਮਨੁ ਤੇ ਧਨੁ ਸਭ ਗੋਬਿੰਦ ਨੂੰ ਅਰਪਨ ਕਰ ਦਿਤਾ। ਏਥੇ ਸਤਿਗੁਰਿ ਪਦ ਤੇ 'ਨਾਨਕਿ' ਪਦ ਦੇ ਛੇਕੜਲੇ ਅੱਖਰਾਂ ਨੂੰ ਸਿਹਾਰੀਆਂ ਸਹੀ ਲੱਗੀਆਂ ਹਨ ਜੋ 'ਨੇ' ਦੇ ਅਰਥ ਦਿੰਦੀਆਂ ਹਨ। 'ਇਕ ਮਨਿ' ਵਿਚਿ 'ਮਨਿ' ਪਦ ਦੇ ਨੰਨੇ ਅੱਖਰ ਨੂੰ ਸਿਹਾਰੀ ਹੈ ਜੋ 'ਕਰਕੇ' ਦਾ ਅਰਥ ਦਿੰਦੀ ਹੈ (ਮਨ ਕਰਕੇ)। ਅਗੇ ਫੇਰ 'ਤਨੁ, ਮਨੁ, ਧਨੁ', ਤੇਹਾਂ ਪਦਾਂ ਦੇ ਨੰਨਿਆਂ ਨੂੰ ਔਂਕੜ ਹੈ ਜੋ ਕਰਮ ਹਨ, 'ਦੀਅਉ' ਦਾ। 'ਗੋਬਿੰਦ' ਪਦ ਦਾ ਦੱਦਾ ਅੱਖਰ ਔਂਕੜ ਰਹਿਤ ਹੈ ਕਿਉਂਕਿ ਇਸ ਦੇ ਅਗੇ 'ਨੂੰ' ਸਬੰਧਕ ਪਦ ਮਫ਼ਹੂਮ ਹੈ।

ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ ॥

ਗੁਰੂ ਅੰਗਦ ਵਿਖੇ (ਗੁਰੂ ਨਾਨਕ ਨੇ) ਆਪਣੀ ਅਨੰਤ ਮੂਰਤੀ ਅਕਾਲ ਮੂਰਤਿ ਵਾਲੀ (ਰਬਾਨੀ ਹਸਤੀ) ਪਰਵੇਸ਼ ਕੀਤੀ, ਅਤੇ ਆਪਣੇ ਅੰਮ੍ਰਿਤ ਰਸ ਭਰੇ ਅਗੰਮੀ ਗਿਆਨ ਦੁਆਰਾ ਗਿਆਨ ਪ੍ਰਚੰਡੀ ਆਤਮ ਰਸ (ਗੁਰੂ ਅੰਗਦ ਤੇ) ਰੀਝ ਕੇ ਅੰਦਰਿ ਰਸਾਇ ਦਿਤਾ (ਜਾਤੇ 'ਜੋਤਿ ਓਹਾ ਜੁਗਤਿ ਸਾਇ" ਭਾਵ ਅਨੁਸਾਰ ਗੁਰੱਤਤਾ ਵਾਲੀ ਜੋਤਿ ਕਣੀ ਇਕ-ਮਿਕ ਹੈ ਦੋਹਾਂ ਸਰੂਪਾਂ ਵਿਖੇ)।

ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧ੍ਯਾਇਯਉ ॥

ਗੁਰੂ ਅਮਰਦਾਸ ਨੇ ਭੀ (ਪ੍ਰਿਥਮ ਗੁਰੂਆਂ ਦੀ ਨਿਆਈਂ) ਕਰਤਾਰ ਆਪਣੇ ਵਸ ਵਿਚਿ ਕਰ ਲਿਆ। ਅਪਣਾ ਹੀ ਲਿਆ। ਆਪਣਾ ਹੀ ਬਣਾ ਲਿਆ। ਵਾਹਿਗੁਰੂ ਵਾਹਿਗੁਰੂ ਗੁਰਮੰਤ੍ਰ ਵਿਖੇ ਲਿਵ ਤਾਰ ਜੋੜ ਕੇ ਧਿਆਇਆ, ਵਾਹਿਗੁਰੂ ਨੂੰ।

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੨॥

ਹੇ ਗੁਰੂ ਰਾਮਦਾਸ ਜੀ ਤੇਰੀ ਸਾਰੇ ਸੰਸਾਰ ਵਿਖੇ ਜੈ ਹੀ ਜੈ ਹੋਈ। ਤੈਂ ਹਰੀ ਰੂਪ ਪਰਮ ਪਦ ਪ੍ਰਾਪਤਿ ਕੀਤਾ। 'ਗੁਰ ਰਾਮਦਾਸ' ਵਿਖੇ 'ਗੁਰ' ਪਦ ਦਾ ਰਾਰਾ ਅੱਖਰ

bsrstrust.org

ਅਤੇ 'ਰਾਮਦਾਸ' ਪਦ ਦਾ ਸੱਸਾ ਅੱਖਰ ਪਿਛਲਾ ਮੁਕਤਾ ਹੈ ਕਿਉਂਕਿ ਇਹ (vocative case) ਸੰਬੋਧਨ ਕਾਰਕ ਹੈ।

ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁਗਣੰ ॥
ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ ॥
ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ਰ ਪਰਿ ਛਾਇਯਉ ॥
ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੩॥

ਭਾਵ ਇਹ ਕਿ ਜਿਤਨੇ ਭੀ ਭਗਤ ਹੋਏ ਹਨ, ਪੂਰਬਲੇ ਜੁਗਾਂ ਦੇ ਤੇ ਇਸ ਵਰਤਮਾਨ ਕਲਜੁਗ ਦੇ ਏਹਨਾਂ ਸਾਰਿਆਂ ਭਗਤਾਂ ਤੋਂ ਪਰਮ ਸ੍ਰੇਸ਼ਟ ਅਤਿ ਉੱਚਾ ਪਦ ਸ੍ਰੀ ਗੁਰੂ ਰਾਮਦਾਸ ਦਾ ਹੈ। ਕਿਉਂਕਿ ਗੁਰੂ ਰਾਮਦਾਸ ਤਾਂ ਹਰੀ ਦਾ ਰੂਪ ਹੀ ਹਨ ਅਤੇ ਭਗਤ ਜਨ ਹਰੀ ਅਤੇ ਗੁਰੂ ਰਾਮਦਾਸ ਦੀ ਭਗਤੀ ਕਰਨਹਾਰੇ ਹਨ।

ਮਨਸਾ ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ ॥

(ਹੇ ਗੁਰੂ ਰਾਮਦਾਸ) ਜੋ ਨਰ ਤੈਨੂੰ ਮਨ ਦੇ ਸੰਕਲਪਾਂ ਕਰਕੇ ਭੀ ਸਿਮਰਦੇ ਹਨ, ਤਿਨ੍ਹਾਂ ਦੇ ਅੰਦਰੋਂ ਕਾਮ, ਕ੍ਰੋਧ ਆਦਿ ਇਕ ਤ੍ਰਿਣ ਮਾਤਰ (ਤਿਣਕੇ ਮਾਤਰ) ਫਰੇ ਵਿਚ ਹੀ ਮਿਟ ਜਾਂਦੇ ਹਨ।

ਬਾਚਾ ਕਰਿ ਸਿਮਰੰਤ ਤੁਝੈ ਤਿਨ੍ ਦੁਖੁ ਦਰਿਦ੍ਰੁ ਮਿਟਯਉ ਜੁ ਖਿਣੰ ॥

ਜੋ ਤੈਨੂੰ (ਹੇ ਗੁਰੂ ਰਾਮਦਾਸ) ਬਚਨਾਂ ਕਰਕੇ ਸਿਮਰਦੇ ਹਨ ਤਿਨ੍ਹਾਂ ਦਾ ਦੁਖੁ ਤੇ ਦਲਿਦਰ ਖਿਨ ਵਿਚਿ ਹੀ ਬਿਨਸਦਾ ਹੈ।

ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ ਬਲ੍ ਭਟ ਜਸੁ ਗਾਇਯਉ ॥

ਕਰਮ ਕਰਕੇ ਜੋ ਤੇਰਾ ਦਰਸਨ ਪਰਸਦੇ ਹਨ ਓਹ ਪਾਰਸ ਸਦਰਸ਼ ਹੋ ਜਾਂਦੇ ਹਨ, ਬਲ੍ ਨਾਮੇ ਭੱਟ ਇਉਂ ਤੇਰਾ ਜਸੁ ਗਾਉਂਦਾ ਹੈ।

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੪॥

ਹੇ ਗੁਰੂ ਰਾਮਦਾਸ ਤੇਰੀ ਜਗਤ ਵਿਖੇ ਜੈ ਹੀ ਜੈ ਹੋ ਰਹੀ ਹੈ। ਤੈਂ ਪਰਤੱਖ ਹਰੀ ਪਰਮਾਤਮਾ ਦਾ ਪਦ ਪ੍ਰਾਪਤਿ ਕੀਤਾ ਹੈ।

ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ ॥
ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ ॥
ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ ॥
ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵਨਿਧਿ ਪਾਵੈ ॥
ਸੋਈ ਰਾਮਦਾਸੁ ਗੁਰੁ ਬਲ੍ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥
ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰ ਸਿਮਰਹੁ ਨਰਹੁ ॥੫॥

ਜਿਸ ਸਤਿਗੁਰੂ (ਗੁਰੂ ਰਾਮਦਾਸ) ਨੂੰ ਸਿਮਰਦੇ ਹਨ ਨੈਣ, ਤਿਨ੍ਹਾਂ ਨੈਣਾਂ ਦੇ ਤਿਮਰ ਜਾਲੇ (ਅੰਧੇਰ) ਕਟੇ ਜਾਂਦੇ ਹਨ ਖਿਨ ਵਿਚ ਹੀ। ਜਿਸ ਸਤਿਗੁਰੂ ਨੂੰ ਸਿਮਰਦਿਆਂ

bsrstrust.org

ਹਿਰਦੇ ਅੰਦਰਿ ਨਾਮੁ ਦਿਨੋ ਦਿਨ ਚੜ੍ਹਦੀ ਕਲਾ ਵਿਚਿ ਵਸਦਾ ਜਾਂਦਾ ਹੈ। ਜਿਸ ਦਾ ਸਿਮਰਨ ਜੀਅੜੇ ਦੀ ਤਪਤ ਮਿਟਾ ਦਿੰਦਾ ਹੈ (ਸਿਮਰਨ ਨਾਮ)। ਜਿਸ ਸਤਿਗੁਰ ਦੇ ਸਿਮਰਦਿਆਂ ਰਿਧੀਆਂ ਸਿਧੀਆਂ ਤੇ ਨਉ ਨਿਧੀਆਂ ਪ੍ਰਾਪਤਿ ਹੁੰਦੀਆਂ ਹਨ। ਸੋਈ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਹੈ। ਸੰਗਤਿ ਵਿਚਿ ਮਿਲ ਕੇ ਤਿਸ ਨੂੰ ਧੰਨਿ ਧੰਨਿ ਕਰੀ ਜਾਵੋ। ਬਲ੍ਹ ਨਾਮੇ ਭੱਟ ਆਖਦੇ ਨੇ ਕਿ ਜਿਸ ਸਤਿਗੁਰੂ ਨੂੰ ਲਗ ਕੇ ਪ੍ਰਭੂ ਨੂੰ ਪਾਈਦਾ ਹੈ ਐਸੇ ਸਤਿਗੁਰੂ ਨੂੰ ਹੇ ਨਰਹੁ ਸਿਮਰੀ ਚਲੋ।

ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ ਸੇਵਾ ਕਰਤ ਨ ਛੋਡਿਓ ਪਾਸੁ ॥
ਤਾਤੇ ਗਉਹਰੁ ਗ੍ਯਾਨ ਪ੍ਰਗਟੁ ਉਜੀਆਰਉ ਦੂਖ ਦਰਿਦ੍ਰ ਅੰਧ੍ਯਾਰ ਕੋ ਨਾਸੁ ॥
ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ ॥
ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ,
ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥੧॥

ਜਿਸ ਜਨ ਨੇ ਸ਼ਬਦ ਕਮਾ ਕੇ ਪਰਮ ਪਦ ਪਾਇਆ ਹੈ ਅਤੇ (ਗੁਰੂ ਰਾਮਦਾਸ ਦੀ) ਸੇਵਾ ਕਰਦਿਆਂ (ਗੁਰੂ ਰਾਮਦਾਸ ਦਾ) ਪਾਸ ਨਹੀਂ ਛਡਿਆ, ਤਿਸ ਦੀ ਬਰਕਤ ਕਰਕੇ ਉਸ ਜਨ ਦੇ ਘਟ ਭੀਤਰਿ ਗਿਆਨ ਰਤਨ ਦਾ ਪਰਗਟ ਉਜਿਆਰਾ ਹੋਇ ਆਇਆ ਹੈ। ਤਿਸ ਦੇ ਦੁਖ ਦਲਿਦਰ ਅਤੇ ਅਗਿਆਨ ਦੇ ਤਿਮਰ ਅੰਧੇਰੇ ਦਾ ਨਾਸ ਹੋ ਗਿਆ ਹੈ। ਕਵੀ ਕੀਰਤ (ਭੱਟ) ਫ਼ੁਰਮਾਉਂਦੇ ਹਨ ਕਿ ਜੇਹੜੇ ਵਿਛੜੇ ਹੋਏ ਜਨ ਮੁੜਿ ਗੁਰੂ ਸਰੂਪ ਸੰਤ ਗੁਰੂ ਰਾਮਦਾਸ ਦੇ ਚਰਨੀ ਆਇ ਲਗਦੇ ਹਨ, ਤਿਨ੍ਹਾਂ ਦਾ ਕਾਮ ਕ੍ਰੋਧ ਦਾ ਅਤੇ ਜਮਾਂ ਦਾ ਤ੍ਰਾਸ (ਡਰ) ਨਹੀਂ ਰਹਿੰਦਾ। ਜਿਵੇਂ ਗੁਰੂ ਨਾਨਕ ਦੇ ਅੰਗਿ ਸੰਗਿ ਗੁਰੂ ਅੰਗਦ ਸਾਹਿਬ ਜੀ ਹਨ ਤਿਵੇਂ ਗੁਰੂ ਅਮਰਦਾਸ ਦੇ ਅੰਗਿ ਸੰਗਿ ਗੁਰੂ ਰਾਮਦਾਸ ਜੀ ਸਦਾ ਨਿਵਾਸ ਕਰਦੇ ਹਨ। ('ਏਕਾ ਜੋਤਿ', 'ਏਕਾ ਜੁਗਤਿ' ਕਰਕੇ)।

ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ ਨਿਸਿ ਬਾਸੁਰ ਹਰਿ ਚਰਨ ਨਿਵਾਸੁ ॥
ਤਾਤੇ ਸੰਗਤਿ ਸਘਨ ਭਾਇ ਭਉ ਮਾਨਹਿ ਤੁਮ ਮਲੀਆਗਰ ਪ੍ਰਗਟ ਸੁਬਾਸੁ ॥
ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤਿ ਉਪਜ੍ਯੋ ਜੁ ਪ੍ਰਗਾਸੁ ॥
ਜਿਹ ਪਿਖਤ ਅਤਿ ਹੋਇ ਰਹਸੁ ਮਨਿ ਸੋਈ ਸੰਤ ਸਹਾਰੁ ਗੁਰੂ ਰਾਮਦਾਸੁ ॥੨॥

(ਪੰਨਾ ੧੪੦੬)

ਜਿਸ ਨੇ (ਸਤਿਗੁਰੂ ਰਾਮਦਾਸ ਨੇ) ਸਤਿਗੁਰੂ ਅਮਰਦਾਸ ਦੀ ਸੇਵਾ ਕਰਕੇ ਪਰਮ ਪਦਾਰਥ ਨਾਮ ਨੂੰ ਪ੍ਰਾਪਤਿ ਕੀਤਾ ਅਤੇ ਜਿਸ ਦਾ ਦਿਨੇ ਰਾਤਿ ਹਰੀ ਦੇ ਚਰਨਾਂ ਵਿਚ ਹੀ ਨਿਵਾਸ ਰਹਿਆ, ਉਸ ਸਤਿਗੁਰੂ ਰਾਮਦਾਸ ਜੀ ਨੂੰ ਤਾਹੀਉਂ ਸਮੂਹ ਸੰਗਤ ਭਉ ਭਾਵਨੀ ਕਰਿ ਪੂਜਦੀ ਹੈ। ਹੇ ਗੁਰੂ ਰਾਮਦਾਸ ਜੀ! ਤੁਸੀਂ ਪਰਤੱਖ ਸੁਗੰਧੀ ਦੇਣ ਵਾਲੇ ਚੰਦਨ ਬਿਰਖ ਹੋ। ਭਗਤ ਧ੍ਰੂਹ ਪ੍ਰਹਿਲਾਦ ਅਤੇ ਕਬੀਰ ਤ੍ਰਿਲੋਚਨ ਨੂੰ ਨਾਮ ਲੈਣ ਕਰਕੇ ਜੋ ਰਿਦੰਤਰਿ ਜੋਤਿ ਵਿਗਾਸ ਪ੍ਰਗਾਸ (ਜੋਤਿ ਚਾਨਣ) ਹੋਇਆ ਹੈ ਅਤੇ ਜਿਸ ਨੂੰ ਪੇਖ ਕੇ ਮਨ ਅੰਦਰਿ ਅਤੀਅੰਤ ਰਹੱਸ ਉਪਜਦਾ ਹੈ ਸੋਈ ਪਰਤੱਖ ਜੋਤਿ ਚਾਨਣਾ ਗੁਰੂ ਰਾਮਦਾਸ ਹੈ, ਸੰਤ ਜਨਾਂ ਦਾ ਸਹਾਰਾ। (ਭਾਵ ਭਗਤ ਜਨਾਂ ਨੂੰ ਭੀ ਜੋਤੀਸ਼ ਗੁਰੂ ਦਾ ਚਾਨਣਾ ਹੀ ਜੋਤਿ ਵਿਗਾਸ ਅੰਦਰਿ ਹੋਇਆ ਸੀ)।

bsrstrust.org

ਨਾਨਕਿ ਨਾਮੁ ਨਿਰੰਜਨ ਜਾਨ੍ਹਿਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥
ਤਾਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦੁ ਸੁਰਤਿ ਕੀਨੀ ਵਰਖਾਈ॥
ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ॥
ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥੩॥੫੮॥

ਸੱਚੀ (ਤੱਤ) ਜਾਨਣੀ ਜਾਣਿਆਂ ਤਾਂ ਮੁਢ ਵਿਚਿ ਸਭ ਤੋਂ ਪ੍ਰਿਥਮ ਗੁਰੂ ਨਾਨਕ ਨੇ ਹੀ ਨਾਮੁ ਨਿਰੰਜਨ ਨੂੰ ਜਾਣਿਆਂ ਅਤੇ ਪ੍ਰੇਮ ਲਿਵ ਲਾਇਕੈ ਭਗਤਿ ਕਮਾਈ ਕੀਤੀ। (ਭਗਤਿ ਕਮਾਉਣ ਤੇ ਪ੍ਰੇਮ ਲਿਵ ਲਾਉਣ ਦਾ ਧੁਰਵਾ ਬੰਨ੍ਹਿਆ)। ਗੁਰੂ ਨਾਨਕ ਤੋਂ ਹੀ ਗੁਰੂ ਅੰਗਦ ਸਾਹਿਬ ਇਕ ਮਿੱਕੀ ਸਰੂਪ ਵਿਚਿ ਓਤਿ ਪੋਤਿ ਜੋਤਿ ਵਿਲੱਖਣੀ ਜਗ ਮਗ ਜੋਤਿ ਰਸ ਸੁਭਰ ਭਰੇ ਸਰੋਵਰ (ਸਮੁੰਦਰ) ਹੋਏ। ਜਿਸ ਨੇ ਗੁਰੂ ਨਾਨਕ ਦੀ ਚਲਾਈ ਹੋਈ ਸ਼ਬਦ ਸੁਰਤਿ ਲਹਿਰ ਦੀ ਵਰਖਾ ਵਰਸਾਈ (ਸਮੁੰਦਰ ਰੂਪ ਜੋ ਹੋਏ) ਸਮੁੰਦਰ ਤੋਂ ਬੱਦਲ ਬਣਦੇ ਹਨ ਤੇ ਬੱਦਲਾਂ ਤੋਂ ਵਰਖਾ ਹੁੰਦੀ ਹੈ। ਗੁਰੂ ਅਮਰਦਾਸ ਦੀ ਤਾਂ ਕਥਾ ਹੀ ਅਕੱਥ ਹੈ ਜੋ ਜਿਹਬਾ ਦੁਆਰਾ ਕਥੀ ਨਹੀਂ ਜਾ ਸਕਦੀ। ਗੁਰੂ ਅਮਰਦਾਸ ਤੋਂ ਹੁਣ ਸੋਢੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦੀ ਵਡਾਈ ਮਿਲੀ, ਸਾਰੀ ਸ੍ਰਿਸ਼ਟੀ ਦੇ ਤਾਰਨ ਖ਼ਾਤਰ।

ਮੋਹੁ ਮਲਿ ਬਿਵਸਿ ਕੀਅਉ ਕਾਮੁ ਗਰਿ ਕੇਸ ਪਛਾੜ੍ਹਿਉ॥

ਮੋਹ ਮਲ ਦਲ ਕੇ ਬੇਬਸ ਕਰਿ ਦਿਤਾ (ਉਸ ਦਾ ਚਾਰਾ ਨਹੀਂ ਚਲਦਾ) ਮੋਹ ਦਾ ਵੱਸ ਅਖ਼ਤਿਆਰ ਜ਼ੋਰ ਮਨ ਤੇ ਉੱਕਾ ਹੀ ਨਹੀਂ ਰਹਿਆ (ਗੁਰੂ ਰਾਮਦਾਸ ਨੇ ਮੋਹ ਦੀ ਐਸੀ ਮਿੰਝ ਕੱਢੀ ਕਿ ਕੁਸਕਣ ਉਕਸਣ ਜੋਗਾ ਹੀ ਨਹੀਂ ਰਹਿਆ)। ਕਾਮ ਤਾਂ ਤਲੋਂ ਮੂਲੋਂ ਹੀ ਪਛਾੜ ਛਡਿਆ (ਧੰਨ! ਗੁਰੂ ਰਾਮਦਾਸ ਨੇ), ਉਗਣ ਜੋਗਾ ਹੀ ਨਹੀਂ ਰਹਿਆ। ਪਾਮਾਲ ਕਰ ਦਿਤਾ।

ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਹਿਉ॥

(ਧੰਨ ਗੁਰੂ ਰਾਮਦਾਸ!) ਕ੍ਰੋਧ ਖੰਡਿ ਖੰਡਿ ਕਰਕੇ (ਟੁਕੜੇ ਟੁਕੜੇ ਕਰਕੇ) ਸਾੜ ਦਿਤਾ ਆਪਣੇ ਜੋਤਿ ਤੇਜ ਦੀ ਪਰਚੰਡ (ਅਗਨੀ) ਨਾਲਿ। ਲੋਭ ਐਸਾ ਝਾੜਿਆ ਝਪਾੜਿਆ ਕਿ ਉਸ ਦਾ ਉੱਕਾ ਹੀ ਨਿਰਾਦਰ ਹੋ ਗਿਆ। ਉਹ ਕਦੇ ਨੇੜੇ ਨਹੀਂ ਆਵੇਗਾ।

ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ॥

ਜੰਮਣ ਮਰਣੁ (ਆਵਾਗਵਣੁ) ਹੱਥ ਜੋੜੀ ਖੜਾ ਰਹਿੰਦਾ ਹੈ (ਗੁਰੂ ਰਾਮਦਾਸ ਅਗੇ)। ਜੋ ਭੀ (ਗੁਰੂ ਰਾਮਦਾਸ ਦਾ) ਹੁਕਮ ਹੁੰਦਾ ਹੈ ਸੋ ਮੰਨਦਾ ਹੈ।

ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁ ਪ੍ਰਸੰਨੈ॥

ਭੈਜਲੀ ਸਾਗਰ ਬੰਨ੍ਹ ਲਿਆ ਅਤੇ ਆਪਣੀ ਪਰਮ ਸੁ ਪ੍ਰਸੰਨਤਾ ਸਹਿਤ (ਨਦਰੀ ਨਦਰ ਨਿਹਾਲ ਹੋ ਕੇ) ਆਪਣੇ ਸਿਖ ਤਾਰ ਲਏ (ਭਵ ਸਾਗਰ ਤੋਂ)।

bsrstrust.org

ਸਿਰੀ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥

(ਧੰਨਿ ਗੁਰੂ ਰਾਮਦਾਸ!) ਸੀਸ ਤੇ (ਸੁਭਾਇਮਾਨ ਹੈ) ਛਤਰੁ (ਗੁਰਿਆਈ ਦਾ) ਅਤੇ ਜੋਗ ਤੇ ਭੋਗ (ਦੇ ਮਿਸਰਤ ਮਰਾਤਬੇ ਵਾਲਾ) ਸੱਚਾ ਤਖ਼ਤ (ਗੁਰੱਤਤਾ ਦੀ ਸੱਚੀ ਪਾਤਸਾਹੀ ਦਾ) ਸੱਚੇ ਨਿਰੰਕਾਰੀ ਤਾਣ ਸੰਯੁਕਤ ਪ੍ਰਾਪਤਿ ਹੈ (ਗੁਰੂ ਰਾਮਦਾਸ ਨੂੰ)।

ਗੁਰ ਰਾਮਦਾਸ ਸਚੁ ਸਲ੍ਹ ਭਣਿ ਤੂ ਅਟਲੁ ਰਾਜਿ ਅਭਗੁ ਦਲਿ ॥੧॥

ਸਲ੍ਹ ਭਟ ਸਚੁ ਭਾਖਦਾ ਹੈ ਕਿ ਹੇ ਗੁਰੂ ਰਾਮਦਾਸ ਤੂੰ ਅਟੱਲ ਅਮਰ ਰਾਜ ਵਾਲਾ ਹੈਂ ਅਤੇ ਕਦੇ ਨਾ ਸਰ ਹੋਣ ਵਾਲੀਆਂ ਫ਼ੌਜਾਂ ਦਾ ਵਾਲੀ ਸੱਚਾ ਪਾਤਸ਼ਾਹ ਹੈਂ।

ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥

(ਧੰਨ ਗੁਰੂ ਰਾਮਦਾਸ!) ਤੂੰ ਆਪ ਹੀ ਚੌਹਾਂ ਜੁਗਾਂ ਅੰਦਰਿ ਸੱਚਾ ਸਤਿਗੁਰੂ ਹੋ ਕੇ ਵਰਤਿਆ ਹੈਂ। ਤੂੰ ਆਪ ਹੀ ਪਰਮੇਸਰ ਰੂਪ ਹੈਂ।

ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥

ਧੁਰ ਧੁਰਾਂ ਤੋਂ ਹੀ ਦੇਵਤੇ ਮਨੁੱਖ ਸਿਧ ਸਾਧਿਕ ਤੇਰੇ ਸਿਖ ਬਣ ਕੇ ਤੈਨੂੰ ਸੇਵੰਦੇ ਰਹੇ ਹਨ।

ਆਦਿ ਜੁਗਾਦਿ ਅਨਾਦਿ ਕਲਾਧਾਰੀ ਤ੍ਰਿਹੁ ਲੋਅਹ ॥

ਆਦਿ ਤੋਂ ਹੀ, ਜੁਗਾਂ ਦੇ ਅਰੰਭ ਤੋਂ, ਜੁਗਾਂ ਦੇ ਆਦਿ ਅਰੰਭ ਦੇ ਪਹਿਲਾਂ ਤੋਂ ਹੀ ਤੇਹਾਂ ਲੋਕਾਂ (ਸਾਰੀ ਰਚਨਾ) ਵਿਖੇ ਤੈਂ ਸੱਚੀ ਗੁਰੱਤਤਾ ਦੀ ਕਲਾ ਧਾਰੀ ਹੋਈ ਹੈ (ਧੁਰੋਂ ਹੀ ਕਲਾ ਧਾਰੀ ਗੁਰੂ ਏਜ਼ਦਾਇਆ ਹੋਇਆ ਹੈਂ)।

ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ ॥

ਗੰਮਤਾ ਰਹਿਤ (ਜਿਥੇ ਮਨ, ਬਚਨ, ਕਰਮ ਕਰਕੇ ਕਿਸੇ ਦੀ ਗੰਮਤਾ ਨਹੀਂ) ਅਤੇ ਗੁਪਤ ਲੋਆਂ ਪੁਰੀਆਂ ਦੇ ਵਸਨੀਕ ਅਧਿਕਾਰੀ ਜਨਾਂ ਨੂੰ ਉਧਾਰਨਹਾਰੇ ਹੋ ਅਤੇ ਤਿਨ੍ਹਾਂ ਨੂੰ ਜਰਾ ਰੋਗ (ਬੁਢੇਪੇ) ਤੋਂ ਬਚਾ ਕੇ ਜਮ ਕਾਲ ਉਤੇ ਸਵਾਰ ਕਰਾਵਨਹਾਰੇ ਹੋ।

ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ ॥

ਗੁਰੂ ਅਮਰਦਾਸਿ ਨੇ (ਗੁਰੂ ਰਾਮਦਾਸ ਨੂੰ) ਸਦਾ ਲਈ ਥਿਰ ਰਹਿਣ ਵਾਲਾ ਤਾਰਣ ਤਰਣ ਸਮਰਥ ਗੁਰੂ ਅਸਥਾਪਨ ਕੀਤਾ, ਗੰਮਤਾ ਤੋਂ ਪਰੇ ਉਪਕਾਰ ਕਰਨ ਵਾਲਾ।

ਅਘ ਅੰਤਕ ਬਦੈ ਨ ਸਲ੍ਹ ਕਵਿ ਗੁਰ ਰਾਮਦਾਸ ਤੇਰੀ ਸਰਣ ॥੨॥੬੦॥

ਹੇ ਗੁਰੂ ਰਾਮਦਾਸ! ਤੇਰੀ ਸਰਣ ਪਇਆਂ ਸਲ੍ਹ ਕਵੀ (ਭੱਟ) ਅੰਤਕਾਲ ਦੇ ਅਘਾਂ (ਪਾਪਾਂ ਦੁਖਾਂ) ਨੂੰ ਕੁਛ ਨਹੀਂ ਬਿਦਦਾ (ਸਮਝਦਾ)। 'ਅੰਤਕ' ਦਾ ਭਾਵ 'ਅੰਤ ਕਰਨਹਾਰਾ' ਨਹੀਂ ਹੋ ਸਕਦਾ ਕਿਉਂਕਿ ਇਸ ਪਦ ਦੇ ਛੇਕੜਲੇ ਅੱਖਰ ਕੱਕੇ ਨੂੰ ਔਂਕੜ ਨਹੀਂ। ਇਹ ਪਦ ਏਥੇ ਇਕ-ਵਚਨ ਵਿਸ਼ੇਸ਼ਣ ਨਹੀਂ ਹੈ ਜੇਕਰ ਇਕ-ਵਚਨ ਵਿਸ਼ੇਸ਼ਣ (singular adjective) ਹੁੰਦਾ ਤਾਂ ਕੱਕੇ ਔਂਕੜ ਸਹਿਤ ਹੁੰਦਾ, ਮੁਕਤੇ ਸਹਿਤ

bsrstrust.org

ਬਹੁ-ਵਚਨ ਵਿਸ਼ੇਸ਼ਣ ਦਾ ਪ੍ਰਤਿਪਾਦਕ ਹੋ ਸਕਦਾ ਹੈ, ਪਰ ਏਥੇ ਦੋਹਾਂ ਤੋਂ ਹੀ ਭਾਵ ਨਹੀਂ। ਬਹੁਤ ਸਾਰੇ ਗਿਆਨੀ ਇਉਂ ਨਿਖੇੜ ਕੇ ਪਾਠ ਕਰਦੇ ਹਨ ਇਸ ਪੰਗਤੀ ਦਾ—'ਅਘ ਅੰਤ ਕਬ ਦੈਨ ਸਲ੍ਹ ਕਵਿ ਗੁਰ ਰਾਮਦਾਸ ਤੇਰੀ ਸਰਣ॥' ਇਸ ਦੇ ਅਰਥ ਕੁਛ ਨਹੀਂ ਬਣਦੇ। 'ਅਘ ਦੈਨ ਅੰਤ ਕਬ' ਇਉਂ ਅਨ੍ਹੈ ਕੀਤਿਆਂ ਅਰਥ ਬਣਦੇ ਹਨ, 'ਅੰਤ ਸਮੇਂ ਕਦੇ ਅੱਘ ਨਹੀਂ ਦਿੰਦੇ'। ਪਰ ਕਉਣ ਨਹੀਂ ਦਿੰਦੇ ਅਘ ? ਕਰਤਾ (subject ਕਰਤਾ) ਹੈ ਹੀ ਨਹੀਂ ਕਿਤੇ ਇਸ ਪੰਗਤੀ ਵਿਖੇ, ਨਾਹੀ ਮਫ਼ਹੂਮ ਹੋ ਸਕਦਾ ਹੈ, ਅਘਦੈਨ—ਅਘ। ਅਤੇ ਇਹ ਅਰਥ ਭੀ ਨਹੀਂ ਬਣਿ ਸਕਦੇ ਕਿ ਗੁਰੂ ਜੀ ਪਾਪਾਂ ਦਾ ਅੰਤ ਕਰਨਹਾਰੇ ਹਨ। ਇਹ ਅਰਥ ਨਵੀਨ ਕੋਸ਼ ਕਾਰਕ ਕਰਦੇ ਹਨ ਪਰ ਏਹਨਾਂ ਅਰਥਾਂ ਵਿਚਿ 'ਅਘ ਅੰਤਕ' ਕਿਰਿਆ ਵਿਸ਼ੇਸ਼ਣ ਦੇ ਕਰਤੇ 'ਗੁਰ ਰਾਮਦਾਸ' ਨਹੀਂ ਬਣ ਸਕਦੇ। 'ਗੁਰ ਰਾਮਦਾਸ ਤੇਰੀ ਸਰਣ' ਗੁਰੂ ਰਾਮਦਾਸ ਦਾ ਨਾਉਂ ਤਾਂ ਏਹਨਾਂ ਪਦਾਂ ਅੰਦਰਿ ਆਇਆ ਹੈ ਸੰਬੋਧਕ ਬਚਨ ਹੋਣ ਕਰਿ। ਗੁਰੂ ਸਾਹਿਬ 'ਅਘ ਅਤਕ' ਨਾਂਵ ਵਿਸ਼ੇਸ਼ਣ (adjective) ਭੀ ਨਹੀਂ ਹੋ ਸਕਦੇ। ਸ਼ਬਦਾਰਥੀਏ ਜੋ ਇਸ ਸਮੁੱਚੀ ਪੰਗਤੀ ਦਾ ਇਹ ਅਰਥ ਕਰਦੇ ਹਨ—'ਸਲ੍ਹ ਕਵੀ ਤੇਰੇ ਜੇਹਾ ਪਾਪਾਂ ਨੂੰ ਅੰਤ ਕਰਨਹਾਰਾ ਹੈ ਹੋਰ ਕੋਈ ਨਹੀਂ ਸਮਝਦਾ'। ਏਹਨਾਂ ਅਰਥਾਂ ਵਿਚਿ (ਤੇਰੇ ਜੇਹਾ ਹੋਰ ਕੋਈ) ਵਾਧੂ ਅਰਥ ਹਨ। ਇਹ ਕਿਥੋਂ ਲਾਏ ਗਏ। ਕੀਹਨਾਂ ਪਦਾਂ ਦੇ ਏਹ ਅਰਥ ਹਨ ?

ਸਵਈਏ ਮਹਲੇ ਪੰਜਵੇ ਕੇ ੫

ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ॥

ਵਾਹਿਗੁਰੂ ਨੇ (ਗੁਰੂ ਅਰਜਨ ਦੇਵ ਨੂੰ) ਭਗਤੀ ਰੂਪੀ ਜੋਗ ਦੇ ਜਿੱਤਣਹਾਰਾ ਸੂਰਮਾ ਜਨਕੁ ਉਪਜਿਆ ਹੈ। ਤੁਰੀਆ ਪਦ ਨੂੰ ਪਹੁੰਚਿਆ ਹੋਇਆ ਪਰਮਾਤਮ ਦਰਸੀ ਸੱਚਾ ਪਾਤਸ਼ਾਹ ਉਪਾਇਆ ਹੈ। ਗੁਰਮਤਿ ਅਨੁਸਾਰ ਜਨਕ ਦਾ ਲਛਣ (definition) ਇਹ ਹੈ—"ਜਨਕੁ ਸੋਇ ਜਿਨ੍ਹਿ ਜਾਣਿਆ ਉਨਮਨਿ ਰਬੁ ਧਰਿਆ॥" ਵਿਆਖਿਆ ਪਿਛੇ ਹੋ ਚੁੱਕੀ ਹੈ।

ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ॥

(ਗੁਰੂ ਅਰਜਨ ਦੇਵ ਜੀ ਨੇ) ਵਾਹਿਗੁਰੂ ਸਬਦੁ (ਕਮਾਕੇ ਅਭਿਆਸਾਕੇ ਐਸਾ ਦਰਸਾਇਆ ਕਿ ਜੋਤਿ—ਜੋਤੀਸ਼ ਦੇ ਪ੍ਰਕਾਸ਼ ਰੂਪ ਵਿਚਿ ਪਰਤੱਖ ਕਰ ਲਿਆ) ਵਾਹਿਗੁਰੂ ਨੂੰ ਰਸਨਾ ਉਤੇ ਹੀ ਵਸਾ ਲਿਆ। (ਵਾਹਿਗੁਰੂ ਦੇ ਗੁਰੂ ਸ਼ਬਦ ਨੂੰ ਅਭਿਆਸ ਖੰਡੇ ਦੀ ਗੁੱਰਾਟ ਵਾਲੀ ਪਾਰਸ ਸ਼ਕਤਿ ਰਗੜ (ਪਰਸ) ਨਾਲਿ ਰਸਨਾ ਦੁਆਰਾ ਉਚਾਰੀ ਰਸਾਇਣੀ ਚੰਭੁਕ ਕਲਾ ਵਰਤਾਇਕੈ ਰਸਨਾ ਉਪਰ ਹੀ ਪਰਗਟ ਪਾਹਾਰੇ ਉਦੀਪਤ ਕਰ ਲਿਆ) ਗੁਰਸਿੱਖਾਂ ਪ੍ਰਤੀ ਭੀ ਗੁਰਦੀਖਿਆ ਗੁਰਮੰਤ੍ਰ ਦੀ ਪਾਰਸ ਕਲਾ ਵਰਤਾਈ। ਰਸਨਾ ਦੀ ਨੋਕ ਉਤੇ ਗੁਰੂ ਗੁੱਰਾਟ ਭਰੀ ਬਿਸਮ ਰਸਾਇਣੀ ਪਿਚਕਾਰੀ ਸਰਸ਼ਾਰ ਕਰਕੇ ਜ਼ਾਹਰੀ ਜੋਤਿ ਰਹਸ ਰਸ-ਰਸਾਇ ਰਸ ਜੋਤਾਇਣੀ ਬਿਜਲੀ ਨੂੰ

bsrstrust.org

ਗੁਰਸਿੱਖਾਂ ਦੇ ਘਟਾਂ ਅੰਦਰਿ ਜਗਮਗਾਇ ਦਿਤਾ। ਜੋਤਿ ਸੀਤਲਾਇਣੀ ਆਭਾ ਆਭਾਇ ਦਿਤੀ।

ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥੧॥

ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ ਬਾਣੀ ਗੁਰਿਆਈ ਦੀ ਲਾਗ ਲਗੀ ਤੁਰੀ ਹੀ ਆਈ। ਇਸ ਬਿਧਿ ਗੁਰੂ ਅਰਜਨ ਸਾਹਿਬ ਨੇ ਗੁਰੂ ਬਣਨ ਦਾ (ਗੁਰੂ ਅਕਾਲ ਪੁਰਖ ਵਲੋਂ ਗੁਰੂ ਬਣਾਏ ਜਾਣ ਦਾ) ਉਤਮ ਪਦੁ ਪ੍ਰਾਪਤਿ ਕੀਤਾ। ਗੁਰ ਰਾਮਦਾਸ ਦੇ ਘਰਿ ਗੁਰ ਅਰਜਨ ਸਾਹਿਬ ਧੁਰੋਂ ਹੀ ਬਣਿਆ ਬਣਾਤਾ ਗੁਰੂ ਰੂਪਾ ਭਗਤ ਅਵਤਾਰ ਧਾਰ ਕੇ (ਗੁਰੂ ਅਵਤਾਰ ਧਾਰ ਕੇ) ਉਤਰਿ ਆਇਆ। ਉਪਰੋਂ (ਧੁਰੋਂ ਅਕਾਸੋਂ) ਆਇ ਪਰਗਟ ਹੋਇਆ। ਇਨ੍ਹਾਂ ਪੰਗਤੀਆਂ ਅੰਦਰਿ 'ਗੁਰ' ਅਤੇ 'ਭਗਤ' ਪਦਾਂ ਨੂੰ ਔਂਕੜ ਲਗਣੇ ਰਹਿ ਗਏ ਹਨ (ਉਕਾਈ ਹੋ ਗਈ ਹੈ)।

ਬਡਭਾਗੀ ਉਨ ਮਾਨਿਅਉ ਰਿਦਿ ਸਬਦੁ ਬਸਾਯਉ ॥
ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਯਉ ॥
ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ ॥
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਨਭਉ ਠਹਰਾਯਉ ॥੨॥

ਖ਼ਾਸ ਉੱਚੇ ਭਾਗਾਂ ਕਰਕੇ (ਗੁਰੂ ਅਰਜਨ ਸਾਹਿਬ) ਤੁਰੀਆ ਬਵਸਥਾ ਤਾਈਂ ਸੁਤੇ ਹੀ ਪੁਗ ਖਲੋਇਓ। ਅਤੇ ਪਰਮਾਤਮ ਦਰਸ ਰਸਾਇਣੀ ਪਰਮਾਤਮ ਸੇਤੀ ਇਕ ਮਿੱਕਾਇਣੀ ਅਰੂੜ੍ਹ ਅਵਸਥਾ ਵਿਚਿ ਭੀ ਹਿਰਦੇ ਅੰਦਰਿ ਸ਼ਬਦੁ ਗੁਰਮੰਤ੍ਰ ਵਸਾਈ ਰਸਾਈ ਹੀ ਰਖਿਆ। ਇਹ ਧੁਰਵਾ ਬੰਨ੍ਹਿਆ ਕਿ ਗੁਰਸਿਖ ਵਾਹਿਗੁਰੂ ਧੁਰਿ ਪ੍ਰੀਤਮ ਮੰਜ਼ਲੀਂ ਪੁਜ ਪੁਗ ਕੇ ਭੀ ਵਾਹਿਗੁਰੂ ਭਗਤੀ ਨੂੰ ਜਾਰੀ ਰਖਣ (ਕਦੇ ਨਾ ਵਿਸਾਰਨ)। ਗੁਰੂ ਨਾਨਕ ਅੰਗਦ ਅਮਰ ਸਰੂਪ ਗੁਰੂ ਰਾਮਦਾਸ ਜੀ ਨੇ (ਗੁਰੂ ਅਰਜਨ ਸਾਹਿਬ ਨੂੰ) ਨਾਮੁ ਐਸਾ ਦ੍ਰਿੜ੍ਹਾਇਆ ਕਿ ਮਨ ਮਾਣਕ ਰੂਪ ਹੋ ਕੇ ਸੰਤੋਖਿਆ ਗਿਆ। ਜੋਤੀਸ਼ ਵਾਹਿਗੁਰੂ ਦੀ ਜੋਤਿ ਨਾਲਿ ਅਭੇਦ ਹੋ ਗਿਆ। ਇਸ ਬਿਧਿ ਮਨ ਨੂੰ ਮੁੱਢ ਤੋਂ ਹੀ ਗੁਰੂ ਅਰਜਨ ਸਾਹਿਬ ਨੇ ਸੰਤੋਖ ਦਿਤਾ। ਮਨ ਦੇ ਵਖਰਾਪਣ ਦਾ ਭੋਗ ਪਾ ਦਿਤਾ। ਮਨ ਦਾ ਅਭਾਵ ਹੀ ਕਰਿ ਦਿਤਾ। ਮਨ ਰਹਿਣ ਹੀ ਨਹੀਂ ਦਿਤਾ। ਸਤਿਗੁਰੂ (ਗੁਰੂ ਨਾਨਕ—ਰਾਮਦਾਸ) ਨੇ ਗੁਰੂ ਅਰਜਨ ਸਾਹਿਬ ਨੂੰ ਅਗਮ ਅਗੋਚਰ ਪਾਰਬ੍ਰਹਮ ਵਾਹਿਗੁਰੂ ਪਰਤੱਖ ਹੀ ਦਰਸਾਇ ਦਿਤਾ। ਗੁਰੂ ਰਾਮਦਾਸ ਦੇ ਘਰਿ ਗੁਰੂ ਅਵਤਾਰ ਅਵਤਰ ਕੇ ਗੁਰੂ ਅਰਜਨ ਵਾਹਿਗੁਰੂ ਰੂਪ ਹੀ ਠਹਿਰਾਇਆ ਗਿਆ, ਧੁਰਿ ਦਰਗਾਹ ਤੋਂ ਹੀ।

ਜਨਕ ਰਾਜੁ ਬਰਤਾਇਆ ਸਤਿਜੁਗੁ ਆਲੀਣਾ ॥

(ਸਤਿਗੁਰੁ ਅਰਜਨ ਦੇਵ ਨੇ) ਐਸਾ ਭਗਤੀ ਤੇ ਗਿਆਨ-ਜੋਗ (ਵਾਹਿਗੁਰੂ ਸੇਤੀ ਗਿਅਨ ਪ੍ਰਚੰਡ ਮਿਲੌਨੀ ਵਾਲਾ) ਰਾਜ ਵਰਤਾਇਆ ਹੈ ਕਿ ਸੱਚੇ ਅਰਥਾਂ ਵਿਚਿ ਸਤਿਜੁਗ ਹੀ ਵਰਤ ਗਿਆ।

bsrstrust.org

ਗੁਰ ਸਬਦੇ ਮਨੁ ਮਾਨਿਆ ਅਪਤੀਜੁ ਪਤੀਣਾ ॥

ਕਲਜੁਗੀ ਜੀਵਾਂ ਦਾ ਗੁਰ ਦੀਖਿਅਤ ਸ਼ਬਦ ਗੁਰਮੰਤ੍ਰ ਨਾਲਿ ਬਿਧੀਜ ਕੇ ਸੱਚੀ ਸਰਧਾ ਭਾਵਨੀ ਸੇਤੀ ਬਿਸ੍ਵਾਸਿਤ ਹੋ ਗਿਆ ਕਿ ਕਦੇ ਨ ਪਤੀਜਣ ਪਸੀਜਨ ਵਾਲਾ (ਰੱਬ ਦੀ ਹਸਤੀ ਤੋਂ ਮੁਨਕਰ) ਹਰ ਇੱਕ ਕਲਜੁਗੀ ਜਗਿਆਸੂ ਭੀ ਪਤੀਜ ਗਿਆ। ਕਠੋਰ ਅਮੋੜ ਮਨ ਵਾਲੇ ਦਹਿਰੀਏ ਪੁਰਸ਼ ਨੂੰ ਭੀ ਵਾਹਿਗੁਰੂ ਦੀ ਹੋਂਦ ਹਸਤੀ ਦੇ ਮੰਨਣ ਵਿਚ ਸੱਚੀ ਭਾਉ ਭਾਵਨੀ ਸਿਦਕ ਭਰੀ ਸ਼ਰਧਾ ਆ ਗਈ।

ਗੁਰੁ ਨਾਨਕੁ ਸਚੁ ਨੀਵ ਸਾਜਿ ਸਤਿਗੁਰ ਸੰਗਿ ਲੀਣਾ ॥

ਇਸ ਬਿਧਿ ਗੁਰੂ ਨਾਨਕ (ਗੁਰਿਆਈ ਦੀ ਸੱਚੀ ਨੀਂਹ ਰਖ ਕੇ ਗੁਰੂ ਜਾਮਿਆਂ ਅੰਦਰਿ) ਗੁਰਿਆਈ ਦੀ ਜੋਤਿ ਸਮਾਇਕੈ ਸੱਚੇ ਗੁਰੂ ਗੁਰਾਂ ਸਿਰਿ ਗੁਰੂ, ਆਦਿ ਅੰਤ ਏਕੋ ਅਵਤਾਰ ਗੁਰੂ ਵਾਹਿਗੁਰੂ ਨਾਲਿ ਹੀ ਲੀਨ ਹੋ ਗਿਆ। 'ਸਤਿਗੁਰ' ਤੋਂ ਭਾਵ ਏਥੇ ਵਾਹਿਗੁਰੂ ਤੋਂ ਹੈ।

ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ ॥੩॥

ਗੁਰੂ ਰਾਮਦਾਸ ਦੇ ਘਰ ਗੁਰੂ ਅਵਤਾਰ ਧਾਰ ਕੇ ਗੁਰੂ ਅਰਜਨ ਅਪਰੰਪਰ, ਅਦ੍ਰਿਸ਼ਟ ਅਗੋਚਰ ਵਾਹਿਗੁਰੂ ਦਾ ਦ੍ਰਿਸ਼ਟਾ ਪਰਤੱਖ ਦੇਖਣਹਾਰਾ ਵਾਕਿਆ ਹੋਇਆ ਹੈ।

ਖੇਲੁ ਗੂੜ੍ਹਉ ਕੀਅਉ ਹਰਿ ਰਾਇ ਸੰਤੋਖਿ ਸਮਾਚਰ੍ਯਿਓ,
ਬਿਮਲ ਬੁਧਿ ਸਤਿਗੁਰਿ ਸਮਾਣਉ ॥

ਵਾਹਿਗੁਰੂ (ਹਰਿ ਰਾਇ) ਨੇ ਅਸਚਰਜ (ਗੂੜ੍ਹਉ, ਨਾ ਸਮਝ ਵਿਚਿ ਆਉਣ ਵਾਲਾ) ਚਲਤ (ਖੇਲ) ਵਰਤਾਇਆ ਹੈ। ਗੁਰੂ ਅਰਜਨ ਦੇਵ ਖਿਵਣ ਵਾਲੇ ਖਿਮਾ ਰੂਪ ਸੰਤੋਖ ਵਿਚਿ ਸਮਾਇਕੈ (ਲੀਨ ਹੋ ਕੇ) ਮੁਜੱਸਮ ਸੰਤੋਖ ਹੀ ਬਣ ਗਿਆ (ਖਿਮਾ ਦੀ ਅਵਧੀ ਹੀ ਸਾਬਤ ਹੋਇਆ ਹੈ)। ਐਸੀ ਤ੍ਰੈਗੁਣ ਰਹਿਤ (ਬਿਮਲ) ਤੁਰੀਆ ਗੁਣੀ ਬੁੱਧੀ ਸਤਿਗੁਰੂ (ਗੁਰੂ ਨਾਨਕ—ਰਾਮਦਾਸ ਨੇ) ਗੁਰੂ ਅਰਜਨ ਅੰਦਰਿ ਪਰਵੇਸ਼ ਕੀਤੀ ਹੈ। 'ਸਮਾਣਉ' ਪਦ ਏਥੇ ਗ਼ਲਤੀ ਨਾਲਿ ਇਸ ਸ਼ਕਲ ਵਿਚਿ ਛਪ ਗਿਆ ਯਾ ਅੰਕਤ ਹੋ ਗਿਆ ਹੈ। ਇਹ ਪਦ ਯਾ ਤਾਂ 'ਸਮਾਣ੍ਯਿਓ' ਚਾਹੀਦਾ ਹੈ ਯਾ 'ਸਮਾਣਿਅਉ'। ਕਿਉਂਕਿ ਇਸ ਦੇ ਸਮਸਰ ਕਾਫੀਏ ਵਾਲਾ ਪਦ ਅਗਲੀ ਪੰਗਤੀ ਵਿਚਿ 'ਬਖਾਣਿਅਉ' ਹੈ। ਏਸੇ ਸ਼ਕਲ ਵਿਚਿ ਇਹ ਪਦ ਚਾਹੀਦਾ ਹੈ।

ਆਜੋਨੀ ਸੰਭਵਿਅਉ ਸੁਜਸੁ ਕਲ੍ਯ ਕਵੀਅਣਿ ਬਖਾਣਿਅਉ ॥

ਕਲ੍ਯ ਜੈਸੇ ਕਵੀ (ਭਟਾਂ) ਨੇ (ਗੁਰੂ ਅਰਜਨ ਦਾ) ਸੁੰਦਰ ਸ੍ਰੇਸ਼ਟ ਜਸੁ ਇਉਂ ਵਰਣਨ ਕੀਤਾ ਕਿ ਗੁਰੂ ਅਰਜਨ ਸੱਚਮੁੱਚ ਹੀ ਅਜੋਨੀ ਸੈਭੰ ਸਿਫ਼ਤਾਂ ਵਾਲੇ ਵਾਹਿਗੁਰੂ ਦਾ ਰੂਪ ਹੀ ਹੈ।

ਗੁਰਿ ਨਾਨਕਿ ਅੰਗਦੁ ਵਰ੍ਯਉ ਗੁਰਿ ਅੰਗਦਿ ਅਮਰ ਨਿਧਾਨੁ ॥
ਗੁਰਿ ਰਾਮਦਾਸ ਅਰਜੁਨੁ ਵਰ੍ਯਉ ਪਾਰਸੁ ਪਰਸੁ ਪ੍ਰਮਾਣੁ ॥੪॥

bsrstrust.org

ਗੁਰੂ ਨਾਨਕ ਨੇ (ਗੁਰੂ) ਅੰਗਦ ਵਰ ਲਿਆ ਗੁਰਿਆਈ ਦਾ ਟਿੱਕਾ ਦੇ ਕੇ। (ਏਵੇਂ ਜਿਵੇਂ) ਗੁਰੂ ਅੰਗਦ ਨੇ ਗੁਰਿਆਈ ਪਦ ਦੇ ਭੰਡਾਰ (ਖ਼ਜ਼ਾਨੇ, ਨਿਧਾਨ) (ਗੁਰੂ) ਅਮਰਦਾਸ ਨੂੰ ਗੁਰਿਆਈ ਦਾ ਵਰ (ਟਿੱਕਾ) ਦੇ ਕੇ ਵਰ ਲਿਆ। 'ਨਾਨਕਿ' ਪਦ ਦੇ ਕੱਕੇ ਅੱਖਰ ਨੂੰ ਜਿਵੇਂ ਸਿਹਾਰੀ ਹੈ ਤਿਵੇਂ ਹੀ ਦੂਜੀ ਪੰਗਤੀ ਵਿਚ 'ਰਾਮਦਾਸ' ਪਦ ਦੇ ਸੱਸੇ ਅੱਖਰ ਨੂੰ ਭੀ ਸਿਹਾਰੀ ਚਾਹੀਦੀ ਹੈ। 'ਰਾਮਦਾਸਿ' ਕਰਕੇ ਇਹ ਪਦ ਉਠਣਾ ਚਾਹੀਦਾ ਹੈ। ਦੋਹੀਂ ਥਾਵੀਂ ਏਥੇ ਸਿਹਾਰੀ 'ਨੇ' ਦੇ ਅਰਥ ਦਿੰਦੀ ਹੈ। ਪਹਿਲੀ ਪੰਗਤੀ ਵਿਚਿ 'ਨਾਨਕਿ' ਪਦ ਤੋਂ ਪਹਿਲਾਂ 'ਗੁਰਿ' ਪਦ ਦੇ ਰਾਰੇ ਨੂੰ ਭੀ ਸਿਹਾਰੀ ਲਗੀ ਹੈ, ਪਰ 'ਰਾਮਦਾਸ' ਪਦ ਦੇ ਸੱਸੇ ਨੂੰ ਸਿਹਾਰੀ ਲਗਣੀ ਗ਼ਲਤੀ ਨਾਲਿ ਰਹੀ ਹੋਈ ਹੈ। 'ਵਰ੍ਹਿਉ' ਪਦ ਦਾ ਅਰਥ 'ਵਰੁ ਪਾਇਆ' ਨਹੀਂ ਜੈਸਾ ਕਿ ਕਈ ਕਰਦੇ ਹਨ ਅਤੇ ਖ਼ਾਸ ਕਰਿ ਸ਼ਬਦਾਰਥੀਆਂ ਨੇ ਕੀਤਾ ਹੈ, ਬਲਕਿ 'ਵਰ ਲਿਆ' ਦਾ ਅਰਥ ਇਹ ਪਦ ਦਿੰਦਾ ਹੈ ਤਾਂ ਤੇ ਦੂਜੀ ਪੰਗਤੀ ਦੇ ਸਹੀ ਅਰਥ ਇਉਂ ਹਨ—ਗੁਰੂ ਰਾਮਦਾਸ ਨੇ ਗੁਰੂ ਅਰਜਨ ਵਰ ਲਿਆ (ਗੁਰਿਆਈ ਦਾ ਟਿੱਕਾ ਦੇ ਕੇ) ਜਿਵੇਂ ਪਾਰਸ ਪਰਸ ਕੇ ਪਾਰਸ ਰੂਪ ਹੀ ਬਣ ਜਾਈਦਾ ਹੈ। ਇਹੀ ਪਰਮਾਣ ਏਥੇ ਠੀਕ ਫਬਦਾ ਹੈ ਕਿ ਗੁਰੂ ਰਾਮਦਾਸ ਸਤਿਗੁਰੂ ਪਾਰਸ ਨੇ ਗੁਰਿਆਈ ਦਾ ਵਰ ਦਾਨ ਦੇ ਕੇ ਗੁਰੂ ਅਰਜਨ ਨੂੰ ਪਾਰਸ ਰੂਪ ਗੁਰੂ ਹੀ ਬਣਾ ਲਿਆ।

ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥

ਗੁਰੂ ਅਰਜਨ ਸਦਾ ਸਦਾ ਦੇ ਅਮੋਲ ਜੀਵਨ ਵਾਲਾ ਏ। ਜੋਨੀਆਂ ਵਿਚਿ ਨਾ ਆਉਣ ਵਾਲਾ ਹੈ। ਸੁਤੇ ਪ੍ਰਕਾਸ਼ (ਧੁਰੋਂ ਆਇਆ) ਗੁਰੂ ਹੈ "ਭਯ ਭੰਜਨੁ ਪਰਦੁਖ ਨਿਵਾਰੁ ਅਪਾਰੁ ਅਨੰਭਉ"—ਭਉਜਲ ਦੇ ਭੈ (ਸਾਰੇ) ਲੋਕਾਂ ਦੇ ਲਾਹੁਣਹਾਰਾ ਹੈ। ਪੁਰਾਣੇ ਦੁੱਖਾਂ ਦਾ ਨਿਵਾਰਨਹਾਰਾ ਹੈ। ਗੁਰੂ ਅਰਜਨ ਸਾਹਿਬ ਦਾ ਪਾਰ ਨਹੀਂ ਪਾਇਆ ਜਾ ਸਕਦਾ (ਅਪਾਰੁ ਹੈ) ਅਤੇ ਭੈ ਤੋਂ ਰਹਿਤ ਹੈ ਕਿਸੇ ਦਾ ਭੈ ਨਾ ਮੰਨਣ ਵਾਲਾ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥...੧੬॥" (੧੪੨੭)

ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲੁ ਸੁਖ ਦਾਤਉ ॥

ਨਾ ਗਹੇ ਜਾਣ ਵਾਲੇ (ਨਾ ਲਹੇ ਜਾਣ ਵਾਲੇ) ਵਾਹਿਗੁਰੂ ਦਾ ਗਹਣ (ਲਹਿਣ) ਲਖਣਹਾਰਾ ਹੈ (ਗੁਰੂ ਅਰਜਨ ਦੇਵ)। ਅਗਿਆਨ ਭਰਮ ਅਤੇ ਦੁਬਿਧਾ ਦ੍ਵੈਤ ਦੀ ਭ੍ਰਾਂਤੀ ਨੂੰ ਸਾੜ ਦੇਣ ਵਾਲਾ ਖ਼ੁਦ ਸੀਤਲਾ (ਠੰਡ ਦਾ ਸਮੁੰਦਰ) ਠੰਡੇ ਸੁਭਾਉ ਵਾਲਾ ਸੱਚੀ ਸ਼ਾਂਤੀ ਦਾ ਪੁੰਜ ਹੈ ਅਤੇ ਸਮੂਹ ਸੰਸਾਰ ਨੂੰ ਖ਼ਾਸ ਕਰਿ ਸਿੱਖਾਂ ਨੂੰ ਸੱਚੇ ਸੁਖ ਦੀ ਦਾਤ ਦੇਣਹਾਰਾ ਦਾਤਾਰੁ ਹੈ।

ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ।

ਗੁਰੂ ਅਰਜਨ ਸਾਹਿਬ ਜੀ "ਜਨਮ ਮਰਣ ਦੁਹਹੂੰ ਮਹਿ ਨਾਹੀ ਜਨ ਪਰਉਪਕਾਰੀ ਆਏ"[1] ਦੇ ਗੁਰਵਾਕ ਭਾਵ ਅਨੁਸਾਰ ਅਕਾਲ ਪੁਰਖ ਵਲੋਂ ਪਠਾਏ ਹੋਏ ਧੁਰੋਂ ਹੀ ਗੁਰੂ

---

੧. ਸੂਹੀ ਮ: ੫, ਪੰਨਾ ੭੪੯.

bsrstrust.org

ਅਵਤਾਰ ਪੂਰਨ ਪੁਰਖ ਬਿਧਾਤੇ ਪਰਗਟ ਹੋ ਕੇ ਸੰਸਾਰ ਵਿਖੇ ਆਏ "ਜੰਮਣ ਮਰਣੋਂ ਬਾਹਰੇ ਪਰਉਪਕਾਰੀ ਜਗ ਵਿਚਿ ਆਏ।"

ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ ॥

ਗੁਰੂ ਨਾਨਕ ਆਦਿ ਗੁਰੂ ਅਤੇ ਗੁਰੂ ਅੰਗਦ ਸਾਹਿਬ ਅਤੇ ਗੁਰੂ ਰਾਮਦਾਸ ਗੁਰੂ ਗੁਰ ਸ਼ਬਦ ਦੀ ਜੋਤਿ ਤਾਰ ਕਰਕੇ ਪਰਸਪਰ ਓਤਿ ਪੋਤਿ ਗੁਰੱਤਤਾ ਜੋਤੀਸ਼ ਦੀ ਪਦਵੀ ਵਿਚ ਇਕ ਮਿੱਕ ਹੋ ਕੇ ਸਮਾਏ।

ਧਨੁ ਧੰਨੁ ਗੁਰੂ ਰਾਮਦਾਸ ਗੁਰੁ ਜਿਨਿ ਪਾਰਸੁ ਪਰਸਿ ਮਿਲਾਇਅਉ ॥੫॥

ਗੁਰੂ ਰਾਮਦਾਸ ਸਾਹਿਬ ਧੰਨ ਧੰਨ ਹਨ ਜਿਨ੍ਹਾਂ ਨੇ ਪਾਰਸ ਰੂਪ ਹੋ ਕੇ ਗੁਰੂ ਅਰਜਨ ਨੂੰ ਆਪਣੇ ਨਾਲਿ ਪਰਸ ਕੇ ਮਿਲਾ ਲਿਆ ਅਤੇ ਪਾਰਸ ਰੂਪ ਹੀ ਕਰ ਲਿਆ। ਅਤੇ ਗੁਰੂ ਪਦਵੀ ਕਰਿ ਅਭੇਦ ਕਰਿ ਲਿਆ।

ਜੈ ਜੈ ਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ ॥

ਜਿਸ ਦਾ ਜਗ ਅੰਦਰਿ ਜੈ ਜੈ ਕਾਰ ਹੋ ਰਿਹਾ ਹੈ ਜੋ ਹਰੀ ਮੰਦਰ ਵਿਖੇ ਕਲਿਆਣ ਰੂਪ ਪਰਮਾਤਮਾ ਦੀ ਨਿਆਈਂ (ਹਰਿ ਮੰਦਰ ਦਾ) ਭਾਗੁ (ਲਾੜਾ) ਬਣ ਕੇ ਰਹਿੰਦਾ ਹੈ। 'ਜਾਸੁ'—ਜਿਸਦਾ। 'ਜੁਗਤਿ'—ਨਿਆਈਂ। 'ਸਿਵ'—ਕਲਿਆਨ ਰੂਪ ਪਰਮੇਸ਼ਰ। 'ਜੁਗਤਿ ਸਿਵ'—ਕਲਿਆਣ ਰੂਪ ਪਰਮੇਸ਼ਰ ਦੀ ਨਿਆਈਂ। 'ਭਾਗੁ'—ਲਾੜਾ। "ਤੁਮ ਘਰਿ ਲਾਲਨੁ ਤੁਮ ਘਰਿ ਭਾਗੁ ॥" (੩੮੪)

ਗੁਰੁ ਪੂਰਾ ਪਾਯਉ ਬਡ ਭਾਗੀ ਲਿਵ ਲਾਗੀ ਮੇਦਨਿ ਭਰੁ ਸਹਤਾ ॥

ਗੁਰੂ ਅਰਜਨ ਸਾਹਿਬ ਨੇ ਪੂਰਾ ਗੁਰੂ ਸਤਿਗੁਰੂ ਰਾਮਦਾਸ ਪਾਇਆ ਅਤੇ ਬਡੇ ਭਾਗਾਂ ਕਰਿ (ਵਾਹਿਗੁਰੂ ਨਾਲਿ ਇਕ ਮਿੱਕ) ਲਿਵ ਲਗ ਗਈ। ਅਤੇ ਐਸੇ ਵਾਹਿਗੁਰੂ ਸੇਤੀ ਲਿਵ ਜੁੜੀ ਵਾਲੇ ਸਤਿਗੁਰੂ ਬਣੇ ਕਿ ਸਾਰੀ ਸ੍ਰਿਸ਼ਟੀ ਦਾ ਭਾਰ ਸਹਾਰਨ ਵਾਲੇ ਹੋਏ। 'ਮੇਦਨਿ'—ਮੇਦਨੀ। 'ਭਰੁ'—ਭਾਰੁ।

ਭਯਭੰਜਨੁ ਪਰ ਪੀਰ ਨਿਵਾਰਨੁ ਕਲ੍ਯ ਸਹਾਰੁ ਤੋਹਿ ਜਸੁ ਬਕਤਾ ॥

ਹੇ ਗੁਰੂ ਅਰਜਨ ਸਾਹਿਬ! ਕਲਸਹਾਰ ਨਾਮੇ ਭਟ ਇਉਂ ਤੇਰਾ ਜਸ ਵਰਣਨ ਕਰਦਾ ਹੈ। ਹੇ ਗੁਰੁ ਅਰਜਨ! ਤੂੰ ਭਵਜਲੀ ਭੈਆਂ ਦੇ ਭੰਜਨਹਾਰਾ (ਦੂਰ ਕਰਨਹਾਰਾ) ਹੈਂ ਅਤੇ ਪਰਾਈ ਪੀੜਾ ਨੂੰ ਹਰਨਹਾਰਾ (ਨਿਵਾਰਨਹਾਰਾ) ਹੈਂ।

ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ ॥੬॥

ਸੋਢੀ ਕੁਲ ਵਿਖੇ ਗੁਰੂ ਰਾਮਦਾਸ ਦਾ ਸਪੁੱਤ੍ਰ ਗੁਰੂ ਅਰਜਨ ਦੇਵ ਧਰਮ ਦਾ ਸਹਾਰਾ ਹਰੀ ਰੂਪ ਭਗਤੁ ਹੈ। 'ਕੁਲਿ ਸੋਢੀ'—ਸੋਢੀ ਬੰਸ ਵਿਖੇ। 'ਗੁਰ ਰਾਮ ਦਾਸ ਤਨੁ'—ਗੁਰੂ ਰਾਮਦਾਸ ਦਾ ਸਪੁੱਤ੍ਰ। 'ਤਨੁ'—ਸਪੁੱਤ੍ਰ। 'ਗੁਰ' ਦਾ ਰਾਰਾ ਅਤੇ 'ਰਾਮਦਾਸ' ਦਾ ਸੱਸਾ ਅੱਖਰ ਇਸ ਕਰਕੇ ਮੁਕਤਾ ਹੈ ਕਿਉਂਕਿ 'ਗੁਰ ਰਾਮਦਾਸ' ਦੇ ਪਿਛੋਂ (ਅਗੇ) 'ਦਾ' ਸਬੰਧਕ ਪਦ (preposition) ਮਫ਼ਹੂਮ ਹੈ।

bsrstrust.org

ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰਦੁਖ ਬਿਸਾਰਣੁ ॥

(ਗੁਰੂ ਅਰਜਨ ਸਾਹਿਬ) ਧਰਮ ਦੀ ਧੀਰ ਬੰਧਾਵਨਹਾਰੇ ਹਨ। ਪਰਮਾਰਥ ਦੇ ਥੰਮ ਹਨ। ਗੁਰਮਤਿ ਅਸੂਲਾਂ ਦੀ ਗੰਭੀਰਤਾ ਵਿਚਿ ਨਿਪੁੰਨ ਹਨ। ਪਰਾਏ ਦੁਖਾਂ ਦੀ ਨਵਿਰਤੀ ਕਰਨਹਾਰੇ ਹਨ।

ਸਬਦ ਸਾਰੁ ਹਰਿ ਸਮ ਉਦਾਰੁ ਅਹੰਮੇਵ ਨਿਵਾਰਣੁ ॥

ਸ਼ਬਦ ਦੇ ਸੋਮੇ ਹਨ। ਹਰੀ ਸਮਾਨ (ਹਰੀ ਜੇਹੇ ਹੀ) ਉਦਾਰਤਾ ਵਾਲੇ (ਸਖੀ) ਹਨ। ਅਹੰਕਾਰ ਦੀ ਜੜ ਮੂਲੋਂ ਹੀ ਉਖੇੜਨ ਵਾਲੇ ਹਨ (ਹੰਕਾਰੀਆਂ ਦੇ ਹੰਕਾਰ ਨੂੰ ਦਮਨ ਕਰਨ ਵਾਲੇ ਹਨ)।

ਮਹਾ ਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ ॥

ਗੁਰਮਤਿ ਗਿਆਨ ਅਹਾਰੀ ਸੱਚੇ ਗਿਆਨ 'ਜੀਅ ਦਾਨੁ ਦੇ ਭਗਤੀ ਲਾਇਨਿ' ਵਾਲੇ ਪਰਮਾਤਮ ਲਖਾਇਕ ਗਿਆਨ ਦੇ ਮਹਾਂ ਦਾਨੀ ਹਨ। ਐਸੇ ਖੁਲ੍ਹੇ ਮਹਾਂ-ਦਾਨੀ ਕਿ ਓਹਨਾਂ ਦੇ ਹਿਰਦੇ ਅੰਦਰਿ ਇਸ ਵਧੇ ਚਾਉ ਦਾ ਪਾਰਾਵਾਰ ਹੀ ਨਹੀਂ। ਇਹ ਚਾਉ ਕਦੇ ਘਟਦਾ ਨਹੀਂ ਵਧਦਾ ਹੀ ਰਹਿੰਦਾ ਹੈ।

ਸਤਿਵੰਤੁ ਹਰਿ ਨਾਮੁ ਮੰਤ੍ਰੁ ਨਵਨਿਧਿ ਨ ਨਿਖੁਟੈ ॥

ਵਾਹਿਗੁਰੂ ਰੂਪ ਗੁਰਮੰਤ੍ਰ ਰੂਪੀ ਸੱਚੇ ਧਨ (ਸਤਿ) ਦੇ ਐਸੇ ਧਨੀ ਹਨ ਕਿ ਨਵਨਿਧੀਆਂ ਦੇ ਭੰਡਾਰ ਭਰੇ ਰਹਿੰਦੇ ਹਨ ਗੁਰੁ ਅਰਜਨ ਦੇ ਅੱਗੇ ਜੋ ਕਦੇ ਨਿਖੁਟਦੇ ਹੀ ਨਹੀਂ। ਨਵਨਿਧਿ ਨਾਮੁ ਰੂਪੀ ਨਿਧਾਨ (ਭੰਡਾਰ) ਕਦੇ ਮੁਕਦਾ ਹੀ ਨਹੀਂ।

ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਣਿਅਉ ॥

ਗੁਰੂ ਰਾਮਦਾਸ ਦਾ ਸਪੁਤ੍ਰ (ਗੁਰੂ ਅਰਜਨ) ਸਰਬ ਬਿਆਪੀ ਹੈ। ਉਸ ਨੇ ਸਰਬ ਮਈ ਸਹਜ ਬਵਸਥਾ ਸੰਪੰਨ ਸ਼ਾਂਤਮਈ ਦੇ ਵਸੀਅ ਦਾਇਰੇ ਵਾਲਾ ਪ੍ਰਭਾਵ (atmosphere) ਆਪਣੇ ਗੁਰਿਆਈ ਦੇ ਸਾਇਆ ਤਲੇ ਪਾਇਆ ਹੋਇਆ ਪੈਦਾ ਕੀਤਾ ਹੋਇਆ ਹੈ।

ਗੁਰ ਅਰਜੁਨ ਕਲ੍ਯੁਚਰੈ ਤੈ ਰਾਜ ਜੋਗ ਰਸੁ ਜਾਣਿਅਉ ॥੭॥

ਕਲ ਸਹਾਰ ਭਟ ਕਵੀ ਉਚਰਦਾ ਹੈ ਕਿ ਹੇ ਅਰਜਨ ਗੁਰੂ ਰਾਜ ਜੋਗ ਦਾ ਸੱਚਾ ਵਿਲੱਖਣੀ ਰਸੁ ਤੈਂ ਹੀ ਜਾਣਿਆ ਹੈ।

ਭੈ ਨਿਰਭਉ ਮਾਣਿਅਉ ਲਾਖ ਮਹਿ ਅਲਖੁ ਲਖਾਯਉ ॥

ਭੈ (ਕੇਵਲ ਅਕਾਲ ਪੁਰਖ ਦਾ ਭੈ ਰਖ ਕੇ) ਨਿਰਭਉ ਪਦ ਮਾਣਿਆ ਹੈ (ਗੁਰੂ ਅਰਜਨ ਸਾਹਿਬ ਨੇ) ਲਖੇ ਜਾਣ ਵਾਲੇ (ਦ੍ਰਿਸ਼ਟਾਮਾਨ) ਆਕਾਰਕ ਮੰਡਲ ਵਿਚਿ ਰਹਿੰਦੇ ਹੋਏ ਅਦ੍ਰਿਸ਼ਟ ਅਗੋਚਰ ਅਲੱਖ ਨਿਰੰਕਾਰ ਨੂੰ ਖ਼ੁਦ ਲਖ ਕੇ ਗੁਰ ਸਿੱਖਾਂ ਪ੍ਰਤੀ ਲਖਾਉਣ ਵਾਲੇ ਹੋ ਕੇ (ਪਰਤੱਖ ਲਖਾ ਦਿਤਾ ਹੈ)।

bsrstrust.org

ਅਗਮੁ ਅਗੋਚਰ ਗਤਿ ਗਭੀਰੁ ਸਤਿਗੁਰਿ ਪਰਚਾਯਉ ॥

ਸਤਿਗੁਰੂ (ਗੁਰੂ ਨਾਨਕ ਰਾਮਦਾਸ) ਨੇ ਐਸਾ ਹੇਲਮੇਲ ਕਰਾਇਆ (ਗੁਰੂ ਅਰਜਨ ਦਾ ਵਾਹਿਗੁਰੂ ਅਕਾਲ ਪੁਰਖ ਨਾਲਿ) ਕਿ ਗੁਰੂ ਅਰਜਨ ਭੀ ਗੁਣੀ ਵਾਹਿਗੁਰੂ ਜੈਸਾ ਹੀ ਅਗਮ ਸਿਫਤੀਆ ਹੋ ਗਿਆ ਅਤੇ ਅਗੋਚਰ ਗਤੀ ਵਾਲਾ ਅਤੇ ਗੰਭੀਰ ਬਣ ਗਿਆ। (ਜਿਸ ਦੀ ਥਾਹ ਨਹੀਂ ਲਈ ਜਾ ਸਕਦੀ)।

ਗੁਰ ਪਰਚੈ ਪਰਵਾਣੁ ਰਾਜ ਮਹਿ ਜੋਗੁ ਕਮਾਯਉ ॥

ਗੁਰੂ (ਨਾਨਕ-ਰਾਮਦਾਸ) ਦੇ ਪੰਨੇ ਪੈ ਕੇ (ਭਾਵ ਗੁਰੱਤਤਾ ਦੀ ਪਰਖ ਵਿਚਿ ਪੂਰਾ ਉਤਰ ਕੇ) ਰਾਜ ਵਿਖੇ ਜੋਗੁ ਕਮਾਉਣ ਵਾਲੇ ਪਰਵਾਣੁ ਪਦ ਨੂੰ ਪ੍ਰਾਪਤਿ ਹੋ ਗਏ।

ਧੰਨਿ ਧੰਨਿ ਗੁਰੁ ਧੰਨਿ ਅਭਰ ਸਰ ਸੁਭਰ ਭਰਾਯਉ ॥

ਧੰਨਿ ਧੰਨਿ ਹੈ ਗੁਰੂ ਅਰਜਨ ਦੇਵ ਧੰਨ ਹੈ (ਜਿਸ ਨੇ) ਕਦੇ ਨਾ ਭਰੇ ਜਾ ਸਕਣ ਵਾਲੇ ਸਰੋਵਰ ਸਿਰੇ ਤਾਈਂ (ਲਬਾ ਲਬ) ਭਰ ਦਿਤੇ (ਇਸ਼ਾਰਾ ਦੋਇ ਪ੍ਰਕਾਰੀ ਸਰੋਵਰਾਂ ਵਲ ਹੈ—ਨਾ ਭਰੇ ਜਾਣ ਵਾਲੇ ਅਸ਼ਰਧਕਾਂ ਮੂੜ੍ਹ ਮਨੁੱਖੀ ਹਿਰਦਿਆਂ ਵਲ ਭੀ ਅਤੇ ਸੰਤੋਖਸਰ, ਰਾਮਸਰ, ਸ੍ਰੀ ਅੰਮ੍ਰਿਤ ਸਰੋਵਰ ਸਰੋਵਰਾਂ ਵਲ ਭੀ)।

ਗੁਰ ਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਇਯਉ ॥

ਗੁਰ ਗਮਤਾਈ (ਗੁਰੂ ਨਾਨਕ ਰਾਮਦਾਸ ਦੀ ਪਹੁੰਚ ਵਾਲੀ) ਪਦਵੀ ਸਦਰਸ਼ ਅਜਰ ਪਦ ਜਰਿਆ ਹੈ ਗੁਰੂ ਅਰਜਨ ਨੇ। ਸੰਤੁਸ਼ਟਤਾ ਦੇ ਅਥਾਹ ਸਰੋਵਰ ਵਿਖੇ (ਸੰਤੋਖਸਰ ਵਿਖੇ) ਸਮਾ ਗਇਓ ਹੈ (ਗੁਰੂ ਅਰਜਨ ਦੇਵ)।

ਗੁਰ ਅਰਜੁਨ ਕਲ੍ਯੁਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ ॥੮॥

ਹੇ ਗੁਰੂ ਅਰਜਨ ਸਾਹਿਬ ਤੈਂ ਨਿਜ ਦੀ (ਗੁਰਮਤਿ) ਮਖ਼ਸੂਸ ਪਹੁੰਚ ਵਾਲਾ ਜੋਗੁ ਪਦ ਸਹਜੇ (ਸੁਤੇ-ਸਿਧ) ਪ੍ਰਾਪਤਿ ਕੀਤਾ ਹੈ, ਇਉਂ ਕਲ੍ਯ ਭਟ ਉਚਰਦਾ ਹੈ।

ਅਮਿਉ ਰਸਨਾ ਬਦਨਿ ਬਰਦਾਤਿ ਅਲਖ ਅਪਾਰ,
ਗੁਰ ਸੂਰ ਸਬਦਿ ਹਉਮੈ ਨਿਵਾਰ੍ਯਉ ॥ *(ਪੰਨਾ ੧੪੦੮)*

ਹੇ ਅਲੱਖ ਅਪਾਰ ਸੂਰਮੇ ਗੁਰੂ (ਅਰਜਨ ਦੇਵ ਜੀ) ਤੁਸੀਂ ਨਿਜ ਰਸਨਾ ਤੋਂ ਅੰਮ੍ਰਿਤ ਨਿਰਾ ਅੰਮ੍ਰਿਤ ਹੀ ਵਰਸਾਉਂਦੇ ਹੋ ਅਤੇ ਮੁਖਾਰਬਿੰਦ ਦੁਆਰਾ ਵਰ ਦਾਨ ਦੀ ਦਾਤਿ ਬਖ਼ਸ਼ਦੇ ਹੋ (ਗੁਰ ਸਿਖ ਤਾਈਂ) ਅਤੇ ਸ਼ਬਦ ਗੁਰਮੰਤ੍ਰ ਦੀ ਦੀਖਿਆ ਦੇ ਅਧਿਕਾਰੀ ਜਗਿਆਸੂਆਂ ਦੀ ਹਉਮੈ ਉੱਕੀ ਹੀ ਨਿਵਾਰ ਦਿੰਦੇ ਹੋ।

ਪੰਚਾਹ ਰੁਨਿ ਦਲਿਆਉ ਸੁੰਨ ਸਹਜਿ ਨਿਜ ਘਰਿ ਸਹਾਰ੍ਯਉ ॥

ਪੰਚਾਂ ਦੂਤਾਂ ਨੂੰ (ਸਤਿਗੁਰੂ ਸੂਰਮੇ ਗੁਰੂ ਅਰਜਨ ਸਾਹਿਬ ਨੇ) ਸ਼ਬਦ ਰੂਪੀ ਬਾਣ ਨਾਲਿ ਰੁੰਨ ਕੇ (ਪਰੁੰਨ੍ਹ ਕੇ, ਬਿੰਨ੍ਹ ਕੇ) ਦਲ ਸਿਟਿਆ। ਅਫੁਰ ਸੁਆਸਾਂ ਦੀ ਸੁੰਨ ਦਸ਼ਾ ਨੂੰ ਸਹਜੇ ਹੀ ਨਿਜ ਆਤਮੇ ਅੰਦਰ ਸਹਾਰ (ਰੋਕ) ਲਿਆ।

ਇਹ ਉਸ ਅਭਿਆਸ-ਆਤਮੀ ਦਸ਼ਾ ਦਾ ਵਰਣਨ ਹੈ ਜਦੋਂ ਨਾਮ ਅਭਿਆਸੀ

bsrstrust.org

ਖੰਡਾ ਖੜਕਾ ਕੇ ਨਾਭੀ ਅੰਦਰਿ ਸੁਆਸਾਂ ਦੀ ਧਨਖ ਨੂੰ ਚੜ੍ਹਾ ਕੇ ਘਟ ਅੰਦਰਿ ਹੀ ਖਿਚ ਰਖੀਦਾ ਹੈ। ਫੇਰ ਅਵਸਰ ਪਾ ਕੇ ਰਸਨਾਂ ਦੀ ਗੁੱਰਾਟ ਦੁਆਰਾ ਗੁਰੂ ਸ਼ਬਦ ਰੂਪੀ ਬਾਣ ਨੂੰ ਕਸ ਕੇ ਵਾਹੀਦਾ ਹੈ, ਤਾਂ ਪੰਚਾਂ (ਕਾਮ ਕ੍ਰੋਧ ਅਦਿਕ) ਦੇ ਫੁਰਨੇ ਫੁਰਾਏ ਹੋਏ ਸੰਕਲਪ ਵਿਕਲਪ ਕਲਪਾਏ ਹੋਏ ਉਕਤ ਬਾਣ ਨਾਲਿ ਬਿੰਨ੍ਹੇ ਰੁੰਨ੍ਹੇ ਜਾ ਕੇ ਉੱਕੇ ਹੀ ਰੁਕ ਜਾਂਦੇ ਹਨ। 'ਰੁਨਿ' ਪਦ ਦੇ ਅੱਖਰ ਤੇ ਉਪਰਲੀ ਟਿੱਪੀ ਰਹੀ ਹੋਈ ਹੈ। ਬਿੰਦੇ ਬਿੰਦੀਆਂ ਅਕਸਰ ਛਾਪੇ ਵਿਚਿ ਲਾਉਣੀਆਂ ਰਹਿ ਗਈਆਂ ਹਨ। ਤਾਂ ਤੇ ਅਸਲ ਪਦ ਹੈ 'ਰੁੰਨਿ', ਭਾਵ ਰੁੰਨ੍ਹ ਕੇ ਪਰੁੰਨ੍ਹ ਕੇ ਦਾ ਹੈ। ਇਸ ਤੋਂ ਪਹਿਲੇ ਸਵਈਏ ਦੀ ਸਭ ਤੋਂ ਪਿਛਲੀ ਤੁਕ ਇਸ ਦੇ ਨਾਲਿ ਲਗਦੀ ਤੁਕ ਅੰਦਰਿ 'ਗੁਰ ਸੂਰ' ਪਦ ਸੂਰਮੇ ਗੁਰੂ ਦੇ ਪ੍ਰਤੀਪਾਦਕ ਹਨ। 'ਸਬਦਿ ਹਉਮੈ ਨਿਵਾਰ੍ਯਿਉ'—ਸ਼ਬਦ ਬਾਣ ਦੁਆਰਾ ਸਤਿਗੁਰੂ ਸੂਰਮੇ ਨੇ ਬਾਣ ਮਾਰ ਕੇ ਹਉਮੈ ਨਿਵਾਰ ਦਿਤੀ। ਹੁਣ ਨਾਲਿ ਲਗਵੀਂ ਹੀ ਇਸ ਨਾਲਿ ਲਗਦੇ ਪਹਿਲੇ ਦੀ ਮੁੱਢਲੀ ਸਤਰ ਅੰਦਰਿ ਭੀ ਉਹੀ ਭਾਵ ਚਲਿਆ ਆਉਂਦਾ ਹੈ ਕਿ ਪੰਜਾਂ ਦੂਤਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਸ਼ਬਦ ਬਾਣ ਨਾਲਿ ਰੁੰਨ੍ਹ ਪਰੁੰਨ੍ਹ ਕੇ ਦਲ ਸਿਟਿਆ। 'ਰੁੰਨਿ' ਪਦ ਬਿਲਕੁਲ ਠੇਠ ਪੰਜਾਬੀ ਦਾ ਹੈ। ਫਲਾਣੇ ਨੂੰ ਰੁੰਨਣ ਹੋ ਗਈ। ਤਾਂ ਤੇ ਇਥੇ ਸਪਸ਼ਟ ਵਰਤੋਂ 'ਰੁੰਨਿ' ਪਦ ਦੀ ਸਹੀ ਹੈ।

ਬਹੁਤੀਆਂ ਅਕਲਾਂ ਵਾਲੇ ਕਥੱਕੜ ਗਿਆਨੀ ਲਗਮਾਤ੍ਰੀ ਨਿਯਮਾਂ ਦਾ ਉੱਕਾ ਹੀ ਖ਼ਿਆਲ ਨ ਰਖਦੇ ਹੋਏ ਭਾਂਤ ਭਾਂਤੀ ਪਾਠ ਆਪੋ ਆਪਣੀ ਮਨ ਉਕਤਿ ਬਣਾਉਂਦੇ ਹਨ। ਟ੍ਰੈਕਟ ਸੁਸਾਇਟੀ ਦੇ ਕੋਸ਼ ਵਾਲੇ ਜਨ 'ਪੰਚਾ ਹਰੁਨਿ' ਪਾਠ ਖਿੱਚ ਕੇ ਬਣਾਉਂਦੇ ਹਨ। ਅਪਣੀ ਮਨ ਉਕਤਿ ਵਿਤਪਤੀ (etymology) ਘੜ ਕੇ ਇਸ ਦੇ ਅਰਥ ਭੀ ਨਿਰੇ ਖਿੱਚਵੇਂ ਹੀ ਕਰਦੇ ਹਨ ਜੋ ਉੱਕੇ ਹੀ ਘਟਦੇ ਨਹੀਂ। ਸ਼ਬਦਾਰਥੀ ਪਤਿਵੰਤੇ 'ਪੰਚਾਹਰੁ ਨਿਦਲਿਅਉ' ਇਉਂ ਨਿਖੇੜਵੀਂ ਖਿੱਚ ਪਾੜ ਵਾਲਾ ਪਾਠ ਬਣਾਉਂਦੇ ਹਨ ਤੇ ਨਿਜ ਸਹੇੜਵੀਂ ਅਰਥਾਵਲੀ ਵਿਚਿ ਲਿਆਉਂਦੇ ਹਨ ਜੋ ਉੱਕੀ ਹੀ ਢੁਕਵੀਂ ਨਹੀਂ। ਅਨੇਕਾਂ ਪਾਠੀ ਜਨ 'ਪੰਚਾ ਹਰਨਿ ਦਲਿਅਉ' ਇਉਂ ਨਿਖੇੜਵਾਂ ਪਾਠ ਕਰਦੇ ਹਨ ਅਤੇ ਰਾਰੇ ਦੇ ਹੇਠਾਂ ਲਗੇ ਔਂਕੜ ਨੂੰ ਉੱਕਾ ਹੀ ਖਾ ਜਾਂਦੇ ਹਨ, ਉਠਾਉਂਦੇ ਲਾਉਂਦੇ ਹੀ ਨਹੀਂ। ਦੂਜੇ ਐਸੇ ਪਾਠੀ (ਅਖੰਡ ਪਾਠੀ) ਭੀ ਸੁਣੇ ਪੇਖੇ ਹਨ ਜੋ ਇਸ ਔਂਕੜ ਨੂੰ ਉਡਾਉਂਦੇ ਹੋਏ 'ਪੰਚਾਹ ਰਨਿ ਦਲਿਅਉ' ਪਾਠ ਕਰਦੇ ਹਨ ਅਤੇ ਅਰਥ ਅਨੁਮਾਨਕ ਓਹਨਾਂ ਦਾ ਇਹ ਹੁੰਦਾ ਹੈ ਕਿ ਪੰਜਾਂ ਦੂਤਾਂ ਨੂੰ ਰਣ ਵਿਚਿ ਦਲਿਆ ਹੈ। ਪ੍ਰੰਤੂ ਰਣ ਦੇ ਭਾਵ ਵਾਲਾ ਪਦ ਣਾਣੇ ਨਾਲਿ ਹੀ ਆਊ, ਨੰਨੇ ਨਾਲਿ ਨਹੀਂ ਆਉਂਦਾ। 'ਰਨਿ' ਕਦੇ ਭੀ ਬਾਣੀ ਅੰਦਰਿ 'ਰਣ' ਦਾ ਭਾਵ ਨਹੀਂ ਦਿੰਦਾ। ਰਾਰੇ ਨੂੰ ਔਂਕੜ ਲਗਾ ਕਰਕੇ ਲਿਖਤੀ ਛਪਤੀ ਬੀੜ ਵਿਚਿ ਪਾਇਆ ਜਾਂਦਾ ਹੈ। ਤਾਂ ਤੇ ਇਸ ਔਂਕੜ ਨੂੰ ਕਦੇ ਉਡਾਇਆ ਨਹੀਂ ਜਾ ਸਕਦਾ, ਨਾਹੀ ਗ਼ਲਤੀ ਨਾਲ ਲਗਿਆ ਅਨੁਮਾਨਿਆ ਜਾ ਸਕਦਾ ਹੈ। ਕਈ ਪਾਠੀ ਤੇ ਗਿਆਨੀ 'ਪੰਚਾ ਹਰਨਿ ਦਲਿਅਉ' ਪਾਠ ਕਰਦੇ ਹਨ ਤੇ ਅਰਥ ਕਰਦੇ ਹਨ, ਪੰਜਾਂ ਹਰਨਾਂ ਨੂੰ ਦਲਿਆ। ਪ੍ਰੰਤੂ ਨੰਨੇ ਅੱਖਰ ਨੂੰ ਲਗੀ ਸਿਹਾਰੀ ਕਦੇ 'ਨੂੰ' ਦਾ ਅਰਥ ਨਹੀਂ ਦੇਵੇਗੀ ਬਲਕਿ 'ਨੇ' ਦਾ ਅਰਥ ਦੇਵੇਗੀ। ਸੋ ਸਹੀ ਪਾਠ 'ਰੁੰਨਿ ਦਲਿਅਉ' ਹੀ ਹੈ।

bsrstrust.org

ਹਰਿ ਨਾਮਿ ਲਾਗਿ ਜਗ ਉਧਰ੍ਯਉ ਸਤਿਗੁਰੁ ਰਿਦੈ ਬਸਾਇਅਉ ॥

ਹਰਿ ਨਾਮ ਵਿਖੇ ਜਗਤ ਨੂੰ ਲਾ ਕੇ ਉਧਾਰਿਆ (ਤਾਰਿਆ) ਸਤਿਗੁਰੂ ਸਤਿ (ਸੱਚੇ ਨਾਮ ਵਾਲਾ) ਸਬਦੁ (ਵਾਹਿਗੁਰੂ) ਹਿਰਦੇ ਅੰਦਰਿ ਵਸਾਇ ਦੀਨਾ। ਜੇਕਰ ਇਹ ਅਰਥ ਹੋਣ ਕਿ ਹਰਿ ਨਾਮ ਨੂੰ ਲਗ ਕੇ ਜਗਤੁ ਉਪਰ ਗਿਆ (ਤਰ ਗਿਆ) ਸਤਿਗੁਰੂ ਹਿਰਦੇ ਵਿਚਿ ਵਸਾਇਆ, ਤਾਂ 'ਜਗ' ਪਦ ਦੇ ਗੱਗੇ ਅੱਖਰ ਨੂੰ ਔਂਕੜ ਹੋਣਾ ਚਾਹੀਦਾ ਹੈ, ਜੋ ਏਥੇ ਹੈ ਨਹੀਂ। ਤਾਂ ਤੇ ਪਹਿਲੇ ਅਰਥ ਹੀ ਸਹੀ ਹਨ। 'ਨੂੰ' ਸਬੰਧਕੀ ਪਦ ਅਰਥ ਮੰਮੇ ਮੁਕਤੇ ਨੂੰ ਲਗਣਾ ਸੋਹੂ॥ ਦੂਜੀ ਪਿਛਲੀ ਅੱਧ ਪੰਗਤੀ ਦੇ ਇਹ ਅਰਥ ਠੀਕ ਨਹੀਂ— ਸਤਿਗੁਰੂ ਨੇ ਹਿਰਦੇ ਅੰਦਰਿ ਵਸਾਇਆ (ਹਰਿ ਨਾਮ ਨੂੰ), ਕਿਉਂਕਿ 'ਸਤਿਗੁਰੁ' ਪਦ ਦੇ ਰਾਰੇ ਅੱਖਰ ਨੂੰ ਸਿਹਾਰੀ ਨਹੀਂ ਲਗੀ ਹੋਈ ਜੋ 'ਨੇ' ਦਾ ਅਰਥ ਦੇਵੇ। ਨਾਹੀ 'ਹਰਿ' ਪਦ ਦੇ 'ਨਾਮਿ' ਪਦ ਦੇ ਮੰਮੇ ਅੱਖਰ ਨੂੰ ਔਂਕੜ ਹੈ ਤਾਂ ਤੇ ਇਹ ਅਰਥ ਠੀਕ ਨਹੀਂ।

ਗੁਰ ਅਰਜੁਨ ਕਲ੍ਯੁਚਰੈ ਤੈ ਜਨਕਹ ਕਲਸੁ ਦੀਪਾਇਅਉ ॥੯॥

ਕਲ ਸਹਾਰ ਭੱਟ ਉਚਰਦਾ ਹੈ, ਹੇ ਗੁਰੂ ਅਰਜਨ ਸਾਹਿਬ ਤੈਂ ਗੁਰਮਤਿ ਗਿਆਨ ਦੇ ਕਿੰਗਰੇ (ਕਲਸ) ਰੂਪੀ ਸੂਰਜ ਨੂੰ ਲਿਸ਼ਕਾਇਆ ਹੈ (ਦਮਕਾਇਆ ਹੈ) ਹੋਰ ਵਧੇਰਾ ਚਮਕਾਇਆ ਹੈ। 'ਜਨਕਹ'—ਸਾਕਸ਼ਾਤ (ਪਰਤੱਖ) ਗਿਆਨ ਨੂੰ।

ਸੋਰਠੇ ਸਵਈਏ ਮਹਲੇ ਪੰਜਵੇ ਵਿਚੋਂ

ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ ॥

ਗੁਰੂ ਅਰਜਨ (ਹਰਿ ਦਰਗਾਹੋਂ) ਪਰਮਾਣੀਕ ਪੁਰਖੁ (ਅਚੱਲ ਹੈ) ਇਸ ਦਾ ਪਾਇਆ ਪਰਮਾਰਥੀ ਪੂਰਨਾ ਕਦੇ ਚਲਾਇਮਾਨ ਨਹੀਂ ਹੁੰਦਾ।

ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ ॥੧॥

ਨਾਮ ਦਾ ਨੀਸਾਣੁ ਰੂਪੀ ਨੇਜਾ ਸਤਿਗੁਰ ਦੀਖਿਅਤ ਸ਼ਬਦ ਗੁਰਮੰਤ੍ਰ ਦੀ ਕਮਾਈ ਕਰਕੇ ਸ੍ਹਾਣ ਤੇ ਚਾੜ੍ਹਿਆ ਹੈ (ਖ਼ੂਬ ਖੰਡੇ ਦੀ ਧਾਰ ਵਾਂਗੂੰ ਤਿੱਖਾ ਕੀਤਾ ਅਤੇ ਲਸ਼ਕਾਇਆ ਹੈ)।

ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ ॥

ਸੰਸਾਰ ਭੈਜਲ ਰੂਪੀ ਸਮੁੰਦਰ (ਸਾਇਰ) ਹੈ ਅਤੇ ਗੁਰੂ ਅਰਜਨ ਉਕਤ ਭਉਜਲੀ ਸਮੁੰਦਰ ਤੋਂ ਲੰਘਾਇਕੈ ਪਾਰਿ ਪ੍ਰੀਤਮ ਵਾਹਿਗੁਰੂ ਦੇ ਦੇਸ ਅਪੜਾਵਨ ਲਈ ਸੇਤੁ (ਪੁਲ) ਸਦਰਸ਼ ਹੈ ਅਤੇ ਉਕਤ ਭਵਜਲ ਸਮੁੰਦਰ ਤੋਂ ਪਾਰ ਤਰਾਵਨ ਲਈ (ਗੁਰੂ ਅਰਜਨ ਨੇ) ਹਰੀ ਨਾਮੁ ਰੂਪੀ ਜਹਾਜ਼ ਤਿਆਰ ਕੀਤਾ ਹੋਇਆ ਹੈ।

ਤੁਅ ਸਤਿਗੁਰ ਸੰਹੇਤੁ ਨਾਮਿ ਲਾਗਿ ਜਗੁ ਉਧਰ੍ਯਉ ॥੨॥

ਤੁਧੁ ਸਤਿਗੁਰ ਸੇਤੀ ਅਤੇ ਨਾਮ ਨਾਲਿ ਸੱਚਾ ਨੇਹੁ ਲਗਣ ਕਰਿ ਹੀ ਜਗਤ

bsrstrust.org

ਉਧਰਦਾ ਹੈ। ਭਾਵ ਜਗਤ ਦਾ ਉਧਾਰ ਗੁਰੂ ਅਤੇ ਗੁਰਮਤਿ ਨਾਮ (ਵਾਹਿਗੁਰੂ) ਨਾਲਿ ਦਿਲੀ ਨੇਹੁ ਲਗਣ ਕਰਿ ਹੀ ਹੁੰਦਾ ਹੈ।

ਜਗਤ ਉਧਾਰਣੁ ਨਾਮੁ ਸਤਿਗੁਰ ਤੁਠੈ ਪਾਇਅਉ ॥

ਜਗਤ ਦਾ ਉਧਾਰ ਕਰਣਹਾਰਾ ਨਾਮੁ ਕੇਵਲ ਤੁਠੇ ਸਤਿਗੁਰੂ ਦੁਆਰਿਓਂ ਹੀ ਪਾਈਦਾ ਹੈ। 'ਸਤਿਗੁਰ' ਪਦ ਦੇ ਰਾਰੇ ਅੱਖਰ ਨੂੰ ਸਿਹਾਰੀ ਲਗਣੀ ਰਹਿ ਗਈ ਹੈ। ਭਾਵ ਸੱਚਾ ਨਾਮ ਕੇਵਲ ਗੁਰੂ ਘਰ ਵਿਚਿ ਹੀ ਹੈ। ਸੱਚੇ ਸਤਿਗੁਰੂ ਦੇ ਦੁਆਰੇ ਤੋਂ ਮਿਲਦਾ ਹੈ ਉਹ ਭੀ ਤਦ ਜੇ ਸਤਿਗੁਰੂ ਤੁੱਠਣ। ਸਤਿਗੁਰੂ ਦੀ ਨਦਰ ਮਿਹਰ ਬਿਨਾ ਨਾਮੁ ਨਹੀਂ ਮਿਲਦਾ। ਅਤੇ ਸਤਿਗੁਰੂ ਸੱਚੇ ਪਾਤਸ਼ਾਹ ਗੁਰੂ ਨਾਨਕ ਬਾਝੋਂ ਗੁਰੂ ਨਾਨਕ ਦਸੋਂ ਗੁਰੂ ਪਾਤਸ਼ਾਹੀਆਂ ਦੇ ਸਰੂਪ ਗੁਰੂ ਗ੍ਰੰਥ ਸਾਹਿਬ ਦੇ ਦੁਆਰੇ ਬਿਨਾਂ ਹੋਰ ਕਿਸੇ ਆਪੋਂ ਬਣ ਬੈਠੇ ਦੇਹਧਾਰੀ (ਡਿੰਭੀ) ਗੁਰੂ ਦੇ ਦਰੋਂ ਨਾਮੁ ਮਿਲ ਹੀ ਨਹੀਂ ਸਕਦਾ। ਹੋਰ ਕਿਤੇ ਨਾਮ ਹੈ ਹੀ ਨਹੀਂ।

ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ ॥੩॥੧੨॥

ਹੁਣ ਹੋਰ ਦੁਆਰੇ ਨਾਲਿ ਸਰੋਕਾਰ ਨਹੀਂ ਰਿਹਾ। ਗੁਰੂ ਦੁਆਰਾ ਲੱਭ ਗਿਆ ਹੈ। ਇਸ ਦੇ ਅੰਦਰਿ ਵਾਰ ਹੀ ਸਾਡੀ ਪੂਰੀ ਪੈ ਗਈ ਹੈ (ਹੋਰ ਦੁਆਰੇ ਦੀ ਭਟਕਣਾ ਮਿਟ ਗਈ ਹੈ)।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਰਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥

ਵਾਹਿਗੁਰੂ ਜੋਤਿ ਰੂਪ ਹੋ ਕੇ ਆਪਿ ਗੁਰੂ ਨਾਨਕ ਦੇ ਰੂਪ ਵਿਚਿ ਪ੍ਰਗਟ ਹੋਇਆ ਅਤੇ ਗੁਰੂ ਨਾਨਕ ਕਹਾਇਆ। ਓਹੋ ਹੀ (ਉਸੇ ਤਰ੍ਹਾਂ ਹੀ) ਗੁਰੂ ਨਾਨਕ ਤੋਂ ਗੁਰੂ ਅੰਗਦ ਨਮੂਦਾਰ ਹੋਇਆ ਜੋਤਿ ਤੱਤ ਨਾਲ ਤੱਤ ਮਿਲਾ ਕੇ। ਗੁਰੂ ਅੰਗਦ ਨੇ ਕਿਰਪਾ ਧਾਰ ਕੇ ਸ੍ਰੀ ਗੁਰੂ ਅਮਰਦਾਸ ਸਤਿਗੁਰੂ ਅਸਥਾਪਨ ਕੀਤਾ (ਗੁਰ ਗੱਦੀ ਤੇ)। ਗੁਰੂ ਅਮਰਦਾਸ ਨੇ ਗੁਰਿਆਈ ਦੀ ਅੰਮ੍ਰਿਤ ਛਾਇਆ ਵਾਲਾ ਛਤਰ ਗੁਰੂ ਰਾਮਦਾਸ ਨੂੰ ਬਖ਼ਸ਼ਿਆ। ਮਥੁਰਾ ਭੱਟ ਅੰਮ੍ਰਿਤ ਬਚਨ ਭਾਖਦਾ ਹੈ ਕਿ ਗੁਰੂ ਰਾਮਦਾਸ ਦਾ ਦਰਸਨ ਪਰਸ ਕੇ ਪੰਚਮ ਗੁਰੂ ਜੋਤੀਸ਼ ਸਰੂਪ ਨਮੂਨੇ ਦੀ ਗੁਰੁ ਮੂਰਤਿ ਪੂਰਨ ਪੁਰਖੁ ਪਰਗਟ ਹੋਏ, ਗੁਰੂ ਅਰਜਨ ਸਾਹਿਬ ਦਿੱਬ ਦ੍ਰਿਸਟੇ ਨੈਣਾ ਕਰਿ ਨਿਰਖ ਲਵੋ।

ਸਤਿ ਰੂਪੁ ਸਤਿਨਾਮੁ ਸਤੁ ਸੰਤੋਖੁ ਧਰਿਓ ਉਰਿ ॥

(ਗੁਰੂ ਅਰਜਨ ਸਾਹਿਬ ਨੇ) ਆਪਣੇ ਘਟ ਅੰਦਰਿ ਸਤਿ ਰੂਪ ਵਾਲਾ ਅਕਾਲ ਪੁਰਖ ਪਰਤੱਖਿ ਪਰਵੇਸ਼ ਕਰਿ ਲਿਆ, ਵਾਹਿਗੁਰੂ ਰੂਪ ਸੱਚੇ ਵਾਹਿਗੁਰੂ ਨਾਮੀ ਦਾ

bsrstrust.org

ਸੱਚਾ ਨਾਮੁ (ਵਾਹਿਗੁਰੂ ਭੀ) ਹਿਰਦੇ ਅੰਦਰਿ ਧਰਿ ਲਿਆ (ਵਸਾਇਆ) ਅਤੇ ਤੁਰੀਆ ਗੁਣੀ 'ਸਤੁ' ਅਤੇ 'ਸੰਤੋਖੁ' ਭੀ ਹਿਰਦੇ ਧਾਰਨ ਕਰ ਰਖਿਆ। ਇਹ ਸਤ ਅਤੇ ਸੰਤੋਖ ਤ੍ਰੈ ਗੁਣਾਂ ਤੋਂ ਅਪ੍ਰੰਪਰ ਤੁਰੀਆ ਗੁਣੀ ਗੁਣ ਹਨ। 'ਉਰਿ'—ਉਰ ਵਿਖੇ, ਹਿਰਦੇ ਅੰਦਰਿ। 'ਸਤਿ ਰੂਪੁ, ਸਤਿਨਾਮੁ, ਸਤੁ, ਸੰਤੋਖੁ' ਚਾਰੇ ਨਾਂਵ 'ਧਰਿਓ' ਕਿਰਿਆ ਦੇ ਕਰਮ (ਮਫਊਲ) ਹਨ। ਕਿਰਿਆ ਸਕਰਮਕ ਹੈ ਜਿਸਦਾ ਕਰਤਾ ਗੁਰੂ ਅਰਜਨ ਹੈ।

ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ ॥

ਵਾਹਿਗੁਰੂ ਅਕਾਲ ਪੁਰਖ ਨੇ (ਆਦਿ ਪੁਰਖ ਨੇ) (ਗੁਰੂ ਅਰਜਨ ਦੇ) ਮਸਤਕ ਵਿਖੇ (ਗੁਰਿਆਈ ਦਾ) ਅਖਰੁ ਪਰਗਟ ਤੌਰ ਤੇ ਉੱਕਰ ਦਿਤਾ ਧੁਰ ਤੋਂ ਹੀ। 'ਪੁਰਖਿ' ਪਦ ਦੇ ਖੱਖੇ ਅੱਖਰ ਦੀ ਸਿਹਾਰੀ 'ਨੇ' ਦਾ ਅਰਥ ਦਿੰਦੀ ਹੈ। 'ਪਰਤਖਿ'—ਪਰਗਟ ਤੌਰ ਤੇ, ਇਹ ਪਦ ਕਿਰਿਆ ਵਿਸ਼ੇਸ਼ਣ (adverb) ਹੈ 'ਲਿਖ੍ਯਉ' ਕਿਰਿਆ ਦਾ। 'ਅਛਰੁ'—ਅੱਖਰੁ, ਗੁਰਿਆਈ ਦਾ ਖ਼ਾਸ ਲੇਖ, ਰਾਰੇ ਦਾ ਔਂਕੜ ਖ਼ਾਸ ਮਖ਼ਸੂਸੀ (proper) ਨਾਂਵ (noun) ਹੈ। 'ਧੁਰਿ'—ਧੁਰ ਤੋਂ ਹੀ।

ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥

(ਗੁਰੂ ਅਰਜਨ ਸਾਹਿਬ ਦੇ ਸਰੂਪ ਵਿਚਿ) ਪਰਤੱਖ ਜੋਤਿ (ਜੋਤੀਸ਼ ਵਾਹਿਗੁਰੂ ਦੀ) ਜਗਮਗ ਜਗਮਗ ਕਰਿ ਰਹੀ ਹੈ ਅਤੇ (ਗੁਰੂ ਅਰਜਨ ਦਾ) ਤੇਜ (ਤੇਜਸੀ ਪਰਤਾਪ ਵਾਲਾ ਪ੍ਰਭਾਵ) ਸਾਰੀ ਸ੍ਰਿਸ਼ਟੀ ਦੇ ਆਕਾਰ ਵਿਖੇ ਛਾ ਰਿਹਾ ਹੈ। 'ਪ੍ਰਗਟ' ਪਦ ਏਥੇ ਨਾਂਵ ਵਿਸ਼ੇਸ਼ਣ (adjective) ਹੈ 'ਜੋਤਿ' ਪਦ ਨਾਂਵ ਇਸਤ੍ਰੀ-ਲਿੰਗ ਦਾ। ਏਸੇ ਕਰਕੇ 'ਪ੍ਰਗਟ' ਪਦ ਦਾ ਟੈਂਕਾ ਅੱਖਰ ਮੁਕਤਾ ਹੈ। 'ਜਗਮਗੈ'—ਜਗਮਗਾਉਂਦੀ ਹੈ। ਵਰਤਮਾਨ ਕਾਲ ਕਿਰਿਆ ਹੈ। ਕਰਤਾ ਇਸਦਾ ਹੈ 'ਜੋਤਿ' ਪਦ ਨਾਂਵ। 'ਭੂਅ'—ਭੂਮ, ਸ੍ਰਿਸ਼ਟੀ। 'ਮੰਡਲਿ'—ਮੰਡਲ ਵਿਖੇ। ਲੱਲੇ ਅੱਖਰ ਨੂੰ ਲੱਗੀ ਸਿਹਾਰੀ 'ਵਿਖੇ' ਦਾ ਅਰਥ ਦਿੰਦੀ ਹੈ।

ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥

ਵਾਹਿਗੁਰੂ ਰੂਪੀ ਪਾਰਸੁ ਪਰਸ ਕੇ (ਫੇਰ ਇਹ) ਪਰਸਿਆ ਹੋਇਆ ਪਾਰਸ ਗੁਰੂ ਦੁਆਰਾ ਪਰਸ ਕੇ (ਗੁਰੂ ਅਰਜਨ) ਗੁਰੂ ਕਹਾਇਆ ਹੈ (ਗੁਰੂ ਪਰਸਿੱਧ ਹੋਇਆ ਹੈ)।

ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥

ਮਥੁਰਾ ਜੀ ਭਾਖਦੇ (ਆਖਦੇ) ਹਨ ਕਿ ਗੁਰੂ ਅਰਜਨ ਦੀ ਜੋਤਿ ਮੂਰਤੀ ਵਿਖੇ ਚਿਤੁ ਲਾਇਕੈ ਸਦਾ ਅਸਥਿਰ ਬਿਰਤ ਰਹੋ ਅਤੇ ਸੌਹੇਂ (ਸਨਮੁਖ) ਰਹੋ ਜੋਤੀਸ਼ ਗੁਰੂ ਵਾਹਿਗੁਰੂ ਦੇ।

ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਰਿ ਲਗਿ ਬਿਤਰਹੁ ॥੨॥

ਕਲਜੁਗ ਵਿਖੇ ਗੁਰੂ ਅਰਜਨ ਜਹਾਜ਼ ਰੂਪ ਹੈ ਜਿਸ ਦੇ ਵਿਚ ਬੈਠ ਕੇ ਸਾਰੀ ਸ੍ਰਿਸ਼ਟੀ ਪ੍ਰਯੰਤ ਤਰਨਹਾਰ ਹੈ। 'ਕਲਜੁਗਿ' ਦੇ ਆਖ਼ਰੀ ਗੱਗੇ ਦੀ ਸਿਹਾਰੀ 'ਵਿਖੇ' ਦੇ ਅਰਥ ਦਿੰਦੀ ਹੈ। 'ਸ੍ਰਿਸ੍ਰਿ'—ਸ੍ਰਿਸ਼ਟੀ। 'ਲਗਿ'—ਲਉ, ਪ੍ਰਯੰਤ, ਤੀਕ। 'ਬਿ'—ਵਿਚ ਬੈਠ ਕੇ। 'ਤਰਹੁ'—ਤਾਰਨਹਾਰ ਹੈ।

bsrstrust.org

ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤੁ,
ਬਾਸੁਰ ਰਯਨਿ ਬਾਸੁ ਜਾਕੋ ਹਿਤੁ ਨਾਮ ਸਿਉ ॥

ਤਿਸ ਜਨ ਨੂੰ ਜਾਚਹੁ ਲੋੜਹੁ (ਹੇ ਜਾਚਕ ਜਨੋਂ) ਜੋ ਸਾਰੇ ਜਗਤ ਮਾਤਰ ਪਰ ਪਰਸਿੱਧ ਹੈ (ਗੁਰੂ ਕਰਕੇ ਜਾਣਿਆ ਜਾਂਦਾ ਹੈ), ਦਿਨੇ ਰਾਤ ਜਿਸਦਾ ਵਾਸਾ ਨਾਮ ਵਿਖੇ ਹੈ ਅਤੇ ਜਿਸਦਾ ਪਿਆਰ ਹਿਤਕਾਰ ਭੀ ਹਿਤੋਂ ਚਿਤੋਂ ਨਾਮ ਨਾਲਿ ਹੀ ਹੈ। 'ਜਨ' ਪਦ ਦਾ ਨੰਨਾ ਅੱਖਰ ਮੁਕਤਾ ਹੈ। ਇਸਦੇ ਅਗੇ 'ਨੂੰ' ਸਬੰਧਕ ਪਦ (preposition) ਅਰਥ ਬੋਧਕ ਹੈ। 'ਜਾਕੋ'—ਜਿਸਦਾ। ਕੱਕੇ ਨੂੰ ਹੋੜਾ 'ਦਾ' ਦਾ ਅਰਥ ਦਿੰਦਾ ਹੈ ਅਤੇ ਊੜਾ 'ਨੂੰ' ਦਾ ਅਰਥ ਦਿਆ ਕਰਦਾ ਹੈ।

ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗ੍ਯੋ,
ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ ॥

(ਗੁਰੂ ਅਰਜਨ) ਪਰਲੇ ਦਰਜੇ ਦਾ ਵਿਰਕਤ (ਸੰਸਾਰ ਤੋਂ ਉਪਰਾਮ ਤੇ ਬੇਲਾਗ) ਪੁਰਖ ਹੈ, ਪਰਮੇਸ਼ਰ ਦੇ ਰੰਗਾਂ ਵਿਚਿ ਰੱਤਾ ਹੋਇਆ (ਹਰ ਦਮ ਰੰਗਿਆ ਹੋਇਆ), ਮਾਇਕ ਵਾਸ਼ਨਾ ਤ੍ਰਿਸ਼ਨਾ ਤੋਂ ਬਾਹਰਾ (ਅਲੇਪ) ਰਹਿੰਦਾ ਹੈ ਪਰ ਗ੍ਰਿਸਤ ਵਿਖੇ ਨਿਵਾਸੀ ਹੀ ਦੇਖੀਦਾ ਹੈ।

ਅਪਰ ਪਰੰਪਰ ਪੁਰਖ ਸਿਉ ਪ੍ਰੇਮ ਲਾਗ੍ਯੋ,
ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ ॥

ਸਭ ਤੋਂ ਅਪਰ ਅਪਾਰ ਅਤੇ ਉਚੇ ਹੂੰ ਉਚੇ ਪਰਖ (ਪਰਮਾਤਮਾ) ਨਾਲਿ (ਗੁਰੂ ਅਰਜਨ ਦਾ) ਪ੍ਰੇਮ ਲਗਿਆ ਹੋਇਆ ਹੈ (ਗਹਿ ਕੇ)। ਭਗਵੰਤ ਦੇ ਭਜਨ ਵਿਚਿ ਐਸਾ ਭਿਜਿਆ (ਲਿਵਲੀਨ) ਰਹਿੰਦਾ ਹੈ ਕਿ ਇਸ ਤੋਂ ਛੁਟ ਹੋਰ ਕਿਸੇ ਕੰਮ ਨਾਲਿ (ਰਸੁ)—ਰੁਚੀ ਹੀ ਨਹੀਂ।

ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ ਗੁਰੁ,
ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ ॥੩॥

ਮਥੁਰਾ (ਭੱਟ) ਦਾ ਮਾਲਕ ਸਰਬ ਮਈ ਅਰਜਨ ਗੁਰੂ ਹੀ ਹੈ ਜੋ ਕੇਵਲ ਭਗਤੀ ਪ੍ਰਾਇਣ ਹੋ ਕੇ ਹੀ ਰਾਮ ਦੇ ਚਰਨਾਂ (ਪਾਵਾਂ) ਨਾਲਿ ਮਿਲ ਰਹਿਆ ਹੈ। ਅਨਵੈ—'ਰਾਮ ਪਾਇ ਸਿਉ ਮਿਲਿ ਰਹਿਓ'।

ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥

ਸਾਰੇ ਦੇਵਤੇ ਮੁਨੀ ਇੰਦਰ ਸ਼ਿਵਜੀ ਆਦਿਕ ਮਹਾਂ ਜੋਗ ਸਾਧਨਾ ਕਰਕੇ ਭੀ ਅੰਤ ਨਹੀਂ ਪਾ ਸਕੇ ਹਨ।

ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਯੋ ਏਕ ਘਰੀ ॥

ਫੇਰ ਬ੍ਰਹਮਾ ਭੀ ਬੇਦਾਂ ਨੂੰ ਬੀਚਾਰ ਬੀਚਾਰ ਕੇ ਹਾਰ ਗਿਆ (ਪਰ ਉਸ ਦਾ ਅੰਤ ਓਹਨੇ ਭੀ ਨਾ ਪਾਇਆ) ਤਾਂ ਤੇ ਹੇ ਗੁਰ ਸਿਖੋ ਤੁਸੀਂ ਉਸ ਦਾ ਜਾਪ ਨਾ ਛਡਿਓ

bsrstrust.org

ਇਕ ਘੜੀ ਮਾਤਰ ਭੀ! (ਅਤੇ ਅੰਤ ਦੇ ਪਾਉਣ ਲਈ ਵਿਚਾਰਾਂ ਦੁਆਰਾ ਕਾਹਨੂੰ ਟੱਕਰਾਂ ਮਾਰਨੀਆਂ ਹਨ)।

ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ॥

ਮਥੁਰਾ ਜਨ ਦਾ ਪ੍ਰਭੂ (ਵਾਹਿਗੁਰੂ) ਬੜਾ ਹੀ ਦੀਨ ਦਿਆਲ ਹੈ, ਜਿਸ ਨੇ ਸਾਰੀ ਸ੍ਰਿਸ਼ਟੀ ਵਾਹਿਗੁਰੂ ਜਾਪ ਦੀ ਦੀਖਿਆ ਦੇਣ ਹਾਰੇ ਗੁਰੂ ਅਰਜਨ ਦੀ ਸੰਗਤ ਬਖ਼ਸ਼ ਕੇ ਨਿਹਾਲ! ਨਿਹਾਲ! ਨਿਹਾਲ! ਕਰ ਦਿਤੀ।

ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥੪॥

ਗੁਰੂ ਰਾਮ ਦਾਸ ਨੇ ਸੰਸਾਰ ਦੇ ਤਾਰਨ ਲਈ (ਹੁਕਮ ਏਜ਼ਦੀ ਅਨੁਸਾਰ) ਗੁਰੂ ਰੂਪੀ ਜੋਤਿ ਗੁਰੂ ਅਰਜਨ ਦੇ ਘਟ ਅੰਦਰਿ ਪਰਵੇਸ਼ ਕਰਿ ਦਿਤੀ। ਸਮੁੱਚੀ ਗੁਰ ਜੋਤਿ (ਸਾਵੀਂ ਦੀ ਸਾਵੀਂ) ਗੁਰੂ ਅਰਜਨ ਸਾਹਿਬ ਦੇ ਵਜੂਦ ਵਿਚਿ ਹੀ ਉਤਾਰ ਕੇ ਧਰ ਦਿਤੀ (ਅਸਥਿਰ ਕਰਿ ਦਿਤੀ)।

ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ॥

ਇਸ (ਯਾਹਿ) ਮਹਾਂ ਅੰਧੇਰੇ (ਤਮ) ਵਿਖੇ ('ਮੈ'—ਮਹਿਂ) ਹੋਰ ਕੋਈ (ਆਨੁ) ਅਵਤਾਰ (ਗੁਰੂ ਅਰਜਨ ਤੋਂ ਬਿਨਾਂ) ਜਗਤ ਉਤੇ ਉਜਿਆਰਾ (ਚਾਨਣਾ) ਕਰਨ ਵਾਲਾ (ਵਾਹਿਗੁਰੂ) ਨੇ ਨਹੀਂ ਉਤਪੰਨ ਕੀਤਾ। 'ਜਗ'—ਜਗ ਉਤੇ। 'ਜਗ' ਪਦ ਦਾ ਗੱਗਾ ਅੱਖਰ ਮੁਕਤਾ ਹੈ, ਇਹ ਵਿਦਤਾਉਂਦਾ ਹੈ ਕਿ ਇਸ ਪਦ ਦੇ ਅਗੇ 'ਉਤੇ' ਸਬੰਧਕ ਪਦ (preposition) ਅਰਥ ਬੋਧਕ ਹੈ। 'ਮਹਾ ਤਮ' ਪਦ ਛੇਦਕ ਪਾਠ ਹੈ (ਇਸ ਬਿਧਿ), ਇਕੱਠਾ ਪਾਠ 'ਮਹਾਤਮ' ਨਹੀਂ ਜੈਸਾ ਕਿ ਅਕਸਰ ਪਾਠੀ ਏਵੇਂ ਹੀ ਪਾਠ ਕਰਦੇ ਹਨ। 'ਮੈ' ਸਬੰਧਕ ਪਦ (preposition) 'ਮਹਿਂ' ਦੇ ਅਰਥ ਦਿੰਦਾ ਹੈ।

ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ ਅੰਮ੍ਰਿਤ ਨਾਮੁ ਪੀਅਉ॥

ਤਿਨ੍ਹਾਂ ਦੇ ਕੋਟਾਨ ਕੋਟਿ (ਕ੍ਰੋੜਾਂ) ਹੀ ਦੁਖ ਮਿਟਿ ਗਏ, ਜਿਨ੍ਹਾਂ ਨੇ ਅੰਮ੍ਰਿਤ ਨਾਮੁ ਛਕਿਆ। ਇਉਂ ਮਥੁਰਾ ਭਟ ਉਚਾਰਦੇ ਹਨ। 'ਜਿਨ੍' ਪਦ ਦੇ ਨੰਨੇ ਅੱਖਰ ਨੂੰ ਸਿਹਾਰੀ ਲਗਣੀ ਚਾਹੀਦੀ ਹੈ।

ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ॥

ਹੇ ਮਨ! ਇਸ ਗੁਰਮਤਿ ਰਸਤੇ ਦੇ ਗ੍ਰਹਿਨ ਕਰਨ ਤੋਂ ਮੱਤ ਚੁੱਕੀਂ, (ਉੱਕੀਂ); ਇਸ ਗੁਰਮਤਿ ਰਮਜ਼ ਵਾਲੀ ਨਿਸਚਤ ਗੱਲ ਵਿਖੇ (ਬਿਭੇਦ) ਰੰਚਕ ਸੰਸੇ (ਏਅਤਰਾਜ਼) ਵਾਲਾ ਭਰਮ ਭੇਦ ਹੋਰ ਨ ਜਾਣੀਂ (ਬਸ ਦ੍ਰਿੜ੍ਹ ਨਿਸਚੇ ਕਰਿ ਮੰਨੀ ਕਿ ਅੰਮ੍ਰਿਤ ਨਾਮ ਕੋਟਿ ਪਾਪਾਂ ਦੇ ਦੂਰ ਕਰਨ ਲਈ ਅਉਖਧੀ ਹੈ) ਤੇ ਏਹੋ ਸੱਚੀ ਪਧਤਿ (ਰਸਤਾ) ਹੈ।

ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥੫॥

ਗੁਰੂ ਅਰਜਨ ਦੇ ਰਿਦੇ ਵਿਖੇ ਪੂਰਨ ਪਾਰਬ੍ਰਹਮ (ਵਾਹਿਗੁਰੂ) ਨੇ ਨਿਵਾਸ ਲਿਆ ਹੋਇਆ ਹੈ। 'ਪਰਤਛਿ' ਪਦ ਏਥੇ ਕਿਰਿਆ ਵਿਸ਼ੇਸ਼ਣ (adverb) ਹੈ। 'ਰਿਦੈ' ਪਦ

bsrstrust.org

ਦੇ ਦੱਦੇ ਅੱਖਰ ਨੂੰ ਲਗੀਆਂ ਦੁਲਾਈਆਂ 'ਵਿਖੇ' ਅਰਥ ਦਾ ਪ੍ਰਤਿਪਾਦਨ ਕਰਦੀਆਂ ਹਨ। 'ਬ੍ਰਹਮਿ' ਪਦ ਦੇ ਮੰਮੇ ਅੱਖਰ ਦੀ ਸਿਹਾਰੀ 'ਨੇ' ਦੇ ਅਰਥ ਦਿੰਦੀ ਹੈ।

ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਦੇ ਬਹੁ ਧਾਯਉ ॥

ਜਦੋਂ ਤਾਈਂ (ਜਬ ਲਉ) ਮਸਤਕ ਉਤੇ ਭਾਗ ਨਹੀਂ ਜਾਗੇ ਸਨ, ਤਦੋਂ ਤਾਈਂ (ਏਧਰ ਓਧਰ) ਭ੍ਰਮਦੇ ਭਟਕਦੇ ਹੀ ਫਿਰਦੇ ਰਹੇ ਬਹੁਤ ਕਰਕੇ (ਬਹੁ)।

ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥

ਕਲਜੁਗ ਦੇ ਮਹਾਂ ਭਿਆਨਕ ਭਉਜਲ ਵਿਖੇ ਡੁਬ ਰਹੇ ਸੀ। ਇਹ ਪਛੋਤਾਵਾ ਕਦੇ ਨਹੀਂ ਮਿਟਾਇਆ ਮਿਟਦਾ (ਸੀ)। 'ਮੈ' ਪਦ ਸਵਈਆਂ ਵਿਖੇ 'ਮਹਿ' ਪਦ ਦੇ ਥਾਉਂ ਵਰਤਿਆ ਜਾਂਦਾ ਹੈ। 'ਪਛਤਾਯਉ' ਪਦ ਏਥੇ ਨਾਂਵ (noun, ਇਸਮ) ਹੈ ਪਛਤਾਵੇ ਤੋਂ ਭਾਵ ਹੈ, ਜਿਸ ਦੀ ਕਿਰਿਆ 'ਮਿਟਿ ਹੈ' ਹੈ।

ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥

ਮਥੁਰਾ ਭਟ ਕਹਿੰਦੇ ਹਨ ਕਿ ਤੱਤ ਵੀਚਾਰ ਵਾਲੀ ਗੱਲ ਇਹੀ ਹੈ ਕਿ (ਵਾਹਿਗੁਰੂ) ਨੇ ਸੰਸਾਰ ਤਾਰਨ ਖ਼ਾਤਰ ਹੀ (ਗੁਰੂ ਅਰਜਨ ਸਾਹਿਬ ਨੂੰ) ਅਵਤਾਰ (ਗੁਰੂ ਅਵਤਾਰੁ) ਬਣਾ ਕੇ ਭੇਜਿਆ (ਇਸ ਜਗ ਵਿਖੇ)।

ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥

ਜਿਸ ਨੇ ਭੀ ਗੁਰੂ ਅਰਜਨ ਦੇਵ ਨੂੰ ਗੁਰੂ ਸਰੂਪ ਕਰਕੇ ਆਰਾਧਿਆ ਹੈ। ਉਹ ਜਨ ਫੇਰ (ਮੁੜ ਕੇ) ਗਰਭ ਜੋਨੀ ਦੇ ਸੰਕਟ ਵਿਚਿ ਨਹੀਂ ਫਸਿਆ (ਚੁਰਾਸੀ ਦੇ ਗੇੜ ਵਿਚੋਂ ਨਿਕਲ ਆਇਆ)।

ਕਲਿ ਸਮੁਦ੍ਰ ਭਏ ਰੂਪ ਪ੍ਰਗਟਿ ਹਰਿ ਨਾਮੁ ਉਧਾਰਨੁ ॥

ਕਲਜੁਗ ਦੇ ਉਧਾਰਨ ਹਾਰ ਹੋ ਕੇ (ਗੁਰੂ ਅਰਜਨ ਦੇਵ ਜੀ) ਹਰਿ ਨਾਮ ਦੇ ਸਮੁੰਦ੍ਰ ਰੂਪ ਪਰਗਟ ਭਏ ਹੈਂ।

ਬਸਹਿ ਸੰਤ ਜਿਸੁ ਰਿਦੈ ਦੁਖ ਦਾਰਿਦ੍ਰ ਨਿਵਾਰਨੁ ॥

ਜਿਸ ਸੰਤ ਜਨ ਦੇ ਰਿਦੇ ਅੰਦਿਰ ਬਸੇ ਹਨ (ਗੁਰੂ ਅਰਜਨ ਦੇਵ ਜੀ) (ਤਿਸਦੇ) ਦੁਖ ਦਲਿਦ੍ਰ ਨਿਵਾਰਨਹਾਰ ਹੋ ਕੇ ਬਸੇ ਹਨ! ਭਾਵ ਤਿਸ ਜਨ ਦੇ ਦੁਖ ਦਲਿਦ੍ਰ ਸਭ ਕੱਟੇ ਗਏ ਹਨ।

ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ ॥

(ਗੁਰੂ ਅਰਜਨ ਸਾਹਿਬ) ਹਰੀ (ਪਰਮਾਤਮਾ) ਦੇ ਸਪਸ਼ਟ (ਪਰਤੱਖ) ਨਿਜ ਅਵਤਾਰ ਰੂਪ ਅਪਾਰ ਹਨ (ਸੱਚਮੁਚ ਹਰੀ ਰੂਪ ਹੋ ਕੇ ਹੀ ਅਵਤਰੇ ਹਨ) ਤਿਸੁ ਹਰੀ ਬਿਨਾ ਹੋਰ ਨਹੀਂ। ਗੁਰੂ ਅਤੇ ਹਰੀ ਇਕ ਰੂਪ ਹਨ। ਅਪਰ ਅਪਾਰ ਨਿਰੰਕਾਰ ਹੀ ਗੁਰੂ ਅਰਜਨ ਦੇ ਰੂਪ ਵਿਚਿ ਪਰਤੱਖ ਪਰਗਟ ਹੋਇਆ ਹੈ। ਇਸ ਵਿਚਿ ਸੰਦੇਹ ਨਹੀਂ।

bsrstrust.org

ਮਨ ਬਚ ਜਿਨਿ ਜਾਣਿਅਉ ਭਯਉ ਤਿਹ ਸਮਸਰਿ ਸੋਈ ॥

ਜਿਨ ਨੇ ਮਨ-ਬਚਨ ਕਰਕੇ (ਹਿਰਦਿਓਂ ਤੇ ਮੁਖੋਂ) ਐਸਾ ਜਾਣਿਆ ਹੈ ਉਹ ਓਸੇ ਵਰਗਾ ਹੀ ਹੋ ਗਿਆ।

ਧਰਨਿ ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥

ਧਰਤੀ ਅਸਮਾਨ ਅਤੇ ਨਵਾਂ ਖੰਡਾਂ ਵਿਖੇ (ਗੁਰੂ ਅਰਜਨ ਹੀ) ਜੋਤਿ ਸਰੂਪੀ ਹੋ ਕੇ ਭਰਪੂਰ ਹੋਇ ਰਹਿਆ ਹੈ।

ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਹ ਹਰਿ ॥੭॥

ਮਥੁਰਾ ਭਟ ਜੀ ਭਾਖਦੇ ਹਨ ਕਿ ਗੁਰੂ ਅਰਜਨ ਸਾਹਿਬ ਪਰਤੱਖ ਹਰੀ ਪਰਮਾਤਮਾ ਹੀ ਹਨ। ਗੁਰੂ ਅਰਜਨ ਅਤੇ ਹਰੀ ਦੋਹਾਂ ਵਿਚਿ ਭੇਦ (ਅੰਤਰਾ) ਕੁਛ ਨਹੀਂ। 'ਪਰਤਖ੍ਹ' ਪਦ ਏਥੇ ਨਾਂਵ ਵਿਸ਼ੇਸ਼ਣ (adjective) ਹੈ।

ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ ॥

(ਗੁਰੂ ਅਰਜਨ ਸਾਹਿਬ ਨੇ) ਕਦੇ ਨਾ ਜੈ ਹੋਣ ਵਾਲੇ ਕਦੇ ਨਾ ਖੈ ਹੋਣ ਵਾਲੇ ਨਾਮ ਦੀ ਅਜ਼ਲੀਬੀ ਗੰਗਾ ਦਾ ਪਰਵਾਹ ਚਲਾਇਆ ਹੈ ਜਿਸ ਦਾ ਅੰਮ੍ਰਿਤ ਜਲ ਸਦਾ ਅਟੱਲ ਰਹਿਣ ਵਾਲਾ ਹੈ। ਉਸ ਅੰਮ੍ਰਿਤ ਜਲ ਦੀ ਸਦ ਵਹਿ ਰਹੀ ਗੰਗਾ ਵਿਚਿ ਸਿਖਾਂ ਦੀ ਸਮੂਹ ਸੰਗਤ (ਸਰਧਾ ਸਹਿਤ) ਨ੍ਹਾਉਂਦੀ (ਇਸ਼ਨਾਨ ਕਰਦੀ) ਹੈ।

ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ ॥

ਓਥੇ (ਸ੍ਰੀ ਅੰਮ੍ਰਿਤਸਰ ਵਿਖੇ) ਨਿਸਾਪ੍ਰਤੀ ਗੁਰਬਾਣੀ ਰੂਪੀ ਪੁਰਾਣ ਬਾਚੀਦੇ ਹਨ (ਭਾਵ ਅੰਮ੍ਰਿਤ ਬਾਣੀ ਦਾ ਕੀਰਤਨ ਪਾਠਾਂ ਦੁਆਰਾ ਪਰਵਾਹ ਚਲਿਆ ਹੀ ਰਹਿੰਦਾ ਹੈ), ਜਿਸ ਗੁਰਬਾਣੀ ਦੇ ਭੰਡਾਰ ਰੂਪੀ ਬੇਦ (ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ) ਗੁਰ ਸਿਖ ਗ੍ਰੰਥੀ ਪਾਠੀ ਰੂਪੀ ਬ੍ਰਹਮਾ ਮੁਖ ਤੋਂ ਗੁਰਵਾਕ ਸੁਣਾ ਕੇ ਉਚਾਰਣ ਕਰਦਾ ਹੈ (ਗਾਂਵਦਾ ਹੈ) ਸੋਹਣੀ ਲੈ ਵਿਚਿ ਵਾਚ ਕੇ ਸੁਣਾਉਂਦਾ ਹੈ (ਸਾਰੀ ਸਿਖ ਸੰਗਤ ਪ੍ਰਤੀ)। 'ਬੇਦ'—ਬੇਦ ਨੂੰ, 'ਬੇਦ' ਏਥੇ ਬਹੁ-ਵਚਨ ਨਹੀਂ, ਦੱਦੇ ਦਾ ਔਂਕੜ ਇਉਂ ਉਡਿਆ ਹੈ ਕਿ ਇਸਦੇ ਅਗੇ 'ਨੂੰ' ਪਦ ਸਬੰਧਕੀ ਮਫ਼ਹੂਮ ਹੈ।

ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤੁ ਮੁਖਿ ਲੀਅਉ ॥

ਗੁਰੂ ਅਰਜਨ ਸਾਹਿਬ ਦੇ ਸੀਸ ਤੇ ਅਜ਼ਲੀਬੀ ਚਉਰ ਢੁਲਦਾ (ਝੁਲਦਾ) ਹੈ। (ਸ੍ਰੀ ਗੁਰੂ ਸਾਹਿਬ ਦੇ) ਮੁਖ ਤੋਂ (ਦੁਆਰਾ) ਨਾਮ ਰੂਪੀ ਅੰਮ੍ਰਿਤ ਝਰਦਾ ਹੈ, ਭਾਵ ਮੁਖ ਤੋਂ ਸ੍ਰੀ ਗੁਰੂ ਸਾਹਿਬ ਦੇ ਅੰਮ੍ਰਿਤ ਬਚਨ ਨਾਮ ਬਾਣੀ ਹੀ ਨਿਕਸਦਾ ਹੈ, ਜਦੋਂ ਭੀ ਮੁਖੋਂ ਬੋਲਦੇ ਹਨ ਅੰਮ੍ਰਿਤ ਬਾਣੀ ਅਤੇ ਨਾਮ ਦੀ ਹੀ ਬਰਖਾ ਕਰਦੇ ਹਨ।

ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ ॥

ਖ਼ੁਦ ਆਪਿ ਪਰਮੇਸਰ (ਵਾਹਿਗੁਰੂ) ਨੇ ਹੀ ਸ੍ਰੀ ਗੁਰੂ ਅਰਜਨ ਸਾਹਿਬ ਦੇ ਸੀਸ ਉਤੇ ਗੁਰਿਆਈ ਦਾ ਛਤਰੁ ਸਸ਼ੋਭਤ ਕੀਤਾ ਹੈ। 'ਅਰਜੁਨ' ਪਦ ਦੇ ਅਗੇ 'ਦੇ' ਸਬੰਧਕ

bsrstrust.org

ਪਦ (preposition) ਅਰਥ ਬੋਧਕ ਹੈ। ਇਸੇ ਕਰਕੇ ਨੰਨਾ ਅੱਖਰ ਮੁਕਤਾ ਹੈ। 'ਸਿਰਿ' ਪਦ ਦੇ ਰਾਰੇ ਅੱਖਰ ਨੂੰ ਲਗੀ ਸਿਹਾਰੀ ਏਥੇ 'ਉਤੇ' ਦਾ ਅਰਥ ਦਿੰਦੀ ਹੈ 'ਵਿਖੇ ਦਾ' ਨਹੀਂ ਦਿੰਦੀ। 'ਪਰਮੇਸਰਿ'—ਪਰਮੇਸਰ ਨੇ।

ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਉ ॥

ਗੁਰੂ ਰਾਮਦਾਸ ਜਦੋਂ ਵਾਹਿਗੁਰੂ ਪਾਸ ਪਿਆਨੇ ਕਰਿ ਗਏ ਤਾਂ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ ਨੂੰ ਮਿਲ ਕੇ ਗਏ ਹਨ, ਭਾਵ ਸ੍ਰੀ ਗੁਰੂ ਰਾਮਦਾਸ ਜੀ ਜਦੋਂ ਜੋਤੀ ਜੋਤਿ ਸਮਾਏ ਹਨ ਤਾਂ ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰਦਾਸ ਦੀ ਜੋਤਿ ਵਿਚਿ ਸਮਾ ਕੇ ਹੀ ਸਮਾਏ ਹਨ। ਓਤਿ ਪੋਤਿ ਸਾਰੇ ਗੁਰੂ ਸਾਹਿਬ ਦੀ ਜੋਤਿ ਇਕ ਮਿੱਕ ਵਾਹਿਗੁਰੂ ਜੋਤੀਸ਼ ਦੇ ਚਰਨਾਂ ਵਿਚਿ ਸਮਾਈ ਹੈ। ਵਾਹਿਗੁਰੂ ਦੀ ਹਜ਼ੂਰੀ ਵਿਚਿ ਭਿੰਨ ਭਿੰਨ ਆਭਾ ਜੋਤਿ ਹਰ ਇਕ ਗੁਰੂ ਜੋਤਿ ਦੀ ਹੁੰਦੀ ਹੋਈ ਇਕ ਮਿੱਕਤਾ ਨੂੰ ਪ੍ਰਾਪਤਿ ਰਹਿੰਦੀ ਹੈ।

ਹਰਿਬੰਸ ਜਗਤਿ ਜਸੁ ਸੰਚਰ੍ਯਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ॥੧॥

(ਪੰਨਾ ੧੪੦੯)

ਇਸਿ ਬਿਧਿ ਧੁਰੋਂ ਹਰੀ ਦੀ ਦਰਗਾਹ ਤੋਂ ਉਪੰਨੀ ਅੰਸੁੰਨੀ ਬੰਸ ਦਾ ਜਸੁ ਸਾਰੇ ਜਗਤ ਵਿਖੇ ਸੰਚਰਤ ਹੋਇਓ, ਪਰਫੁਲਤ ਹੋਇਓ। ਸੋ ਕਉਣ ਕਹਿੰਦਾ ਹੈ ? (ਕੋਈ ਨਹੀਂ ਕਹਿ ਸਕਦਾ) ਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਮੋਇਓ ਹੈ। ਜੋਤੀ ਜੋਤਿ ਸਮਾਇਓ ਹੈ, ਨਿਰਸੰਦੇਹ, ਮੋਇਓ ਨਹੀਂ। ਕਹਿੰਦਾ ਹੈ ਹਰਿਬੰਸ ਭਟ।

ਦੇਵਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥

ਗੁਰੂ ਰਾਮਦਾਸ ਸਾਹਿਬ ਗੁਰਦੇਵ ਪੁਰੀ ਮਹਿ ਜਾ ਪਰਵੇਸ਼ ਹੋਏ। ਖ਼ੁਦ ਪਰਮੇਸਰ ਵਾਹਿਗੁਰੂ ਸੱਚੇ ਗੁਰਦੇਵ ਸਭ ਤੋਂ ਵਡੇ ਗੁਰਦੇਵ ਦੀ ਰਜ਼ਾ ਹੀ ਏਹੋ ਸੀ। 'ਦੇਵ ਪੁਰੀ'—ਗੁਰਦੇਵ ਪੁਰੀ, ਗੁਰ ਪੁਰੀ, ਜਿਥੇ ਸਭ ਤੋਂ ਵਡੇ ਗੁਰਦੇਵ ਆਦਿ ਗੁਰਦੇਵ ਵਾਹਿਗੁਰੂ ਦਾ ਹੀ ਵਾਸ ਹੈ, ਭਾਵ ਸੱਚਖੰਡ ਵਿਖੇ। ਗੁਰ ਪੁਰੀ ਅਤੇ ਸੱਚਖੰਡ ਵਿਖੇ ਕੋਈ ਭਿੰਨ ਭੇਦ ਨਹੀਂ। "ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ॥" ਦੇ ਮਹਾਂ ਵਾਕ ਅਨੁਸਾਰ ਵਾਹਿਗੁਰੂ ਸਭ ਤੋਂ ਮੁਖੀ ਗੁਰਦੇਵ ਹੈ। ਗੁਰੂਆਂ ਦਾ ਭੀ ਗੁਰੂ ਹੈ। ਜੋਤੀਸ਼ ਵਾਹਿਗੁਰੂ ਅਤੇ ਜੋਤੀ ਜੋਤਿ ਸਮਾਏ ਗੁਰੂ ਸਾਹਿਬਾਨ ਦਾ ਇਕੋ ਮੰਡਲ ਸੱਚਖੰਡ ਹੀ ਹੈ।

ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥

ਹਰੀ (ਪਰਮੇਸਰ) ਨੇ ਗੁਰੂ ਵਾਹਿਗੁਰੂ ਦੀ ਇਕ ਮਿਕਤਾ ਸੰਪੰਨ ਜੋਤੀਸ਼ਤਾ ਦਾ ਸਿੰਘਾਸਨ ਦਿਤਾ ਅਤੇ ਆਪਿ ਸ੍ਰੀ ਗੁਰੂ ਰਾਮਦਾਸ ਜੀ ਨੂੰ ਉਸ ਸਿੰਘਾਸਨ ਤੇ ਸੁਸ਼ੋਭਤ ਕੀਤਾ।

ਰਹਸੁ ਕੀਅਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ ॥
ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ ॥

bsrstrust.org

ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ ॥
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥੨॥

ਪਿਛੇ ਤਾਂ ਸੱਚਖੰਡੀ ਤਖ਼ਤ ਸਿੰਘਾਸਨ ਤੇ ਗੁਰੂ ਰਾਮਦਾਸ ਸਾਹਿਬ ਦੇ ਜਾ ਬ੍ਰਾਜਨ ਦਾ ਪਰਸੰਗ ਸੀ। ਹੁਣ ਇਸ ਲੋਕ ਵਿਖੇ ਸ੍ਰੀ ਗੁਰੂ ਅਰਜਨ ਸਾਹਿਬ ਨੂੰ ਗੁਰੂ ਰਾਮਦਾਸ ਜੀ ਵਲੋਂ ਗੁਰਿਆਈ ਦੇ ਸਿੰਘਾਸਨ ਤੇ ਬੈਠਾਣ ਦੀ ਉਪਮਾ ਹੈ। ਜਦੋਂ ਗੁਰਿਆਈ ਦਾ ਸਿੰਘਾਸਨ ਗੁਰੂ ਅਰਜਨ ਸਾਹਿਬ ਨੂੰ ਪ੍ਰਾਪਤਿ ਹੋਇਆ ਤਾਂ ਇਸ ਅਲੌਕਿਕ ਬਿਸਮ ਲੀਲਾ ਨੂੰ ਦੇਖ ਕੇ "ਰਹਸੁ ਕੀਅਉ ਸੁਰ ਦੇਵ" ਸੁਰਗਾ ਪੁਰੀ ਦਿਆਂ ਦੇਵਤਿਆਂ ਨੇ ਬੜੀ ਹੀ ਖ਼ੁਸ਼ੀ ਮਨਾਈ। 'ਦੇਵਿ' ਪਦ ਦੇ ਵਾਵੇ ਅੱਖਰ ਨੂੰ ਸਿਹਾਰੀ ਲਗਣੀ ਚਾਹੀਦੀ ਹੈ। ਜੋ ਮੂਲ ਪਾਠ ਵਿਚਿ ਲਗਣੀ ਰਹਿ ਗਈ ਹੈ। ਗੁਰੂ ਅਰਜਨ ਸਾਹਿਬ ਜੀ ਤੇਰਾ ਜਸ (ਉਕਤ ਦੇਵਤੇ) ਜੈ ਜੈ ਦੀ ਧੁਨੀ ਉਚਾਰ ਕੇ ਸੁਭਾਖਦੇ ਹਨ। ਦੈਂਤ ਦੂਤ ਉਥੋਂ ਭੱਜ (ਨੱਸ) ਹੀ ਗਏ। ਓਹਨਾਂ ਦੇ ਅੰਦਰਲੇ ਪਾਪ ਕੰਬ ਉਠੇ।

ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ ॥

'ਅਸੁਰ' ਬਹੁ-ਵਚਨ ਹੋਣ ਕਰਿ ਰਾਰੇ ਮੁਕਤੇ ਸਹਿਤ ਆਇਆ ਹੈ। 'ਕੰਪਹਿ'— ਹਾਹੇ ਸਿਹਾਰੀ ਤੇ ਬਿੰਦਾ ਭੀ ਉਚਾਰਣਾ ਹੈ। ਇਹ ਪਦ ਬਹੁ-ਵਚਨਕ ਕਿਰਿਆ ਹੈ।

ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸ ਜਿਨ੍ ਪਾਇਯਉ ॥

ਜਿਨ੍ਹਾਂ ਨਰਾਂ ਨੇ ਗੁਰੂ ਰਾਮਦਾਸ ਨੂੰ ਗੁਰੂ ਧਾਰਿਆ ਤਿਨ੍ਹਾਂ ਨਰਾਂ ਦੇ ਪਾਪ ਕਟੇ ਗਏ ਸਨ (ਤੱਤ ਕਾਲ ਹੀ) ਅਤੇ ਗੁਰੂ ਦੀ ਸਰਨ ਪਏ ਦੈਂਤ ਭੀ ਦੇਵਤੇ ਬਣ ਗਏ। ਆਕੀ ਦੈਂਤ ਕਰਮ ਬਸ ਅਫਾਰੀ ਹੋ ਕੇ ਬੇਮੁਖ ਦੇ ਬੇਮੁਖ ਹੀ ਰਹਿ ਗਏ। ਇਸ ਬਿਧਿ ਗੁਰੂ ਰਾਮਦਾਸ ਜੀ ਨੇ (ਆਪਣੇ ਗੁਰਿਆਈ ਦੇ ਸਮੇਂ) ਅਨੇਕਾਂ ਬੇਅੰਤ ਸੁਰ ਨਰ ਮੁਨ ਜਨਾਂ ਦਾ ਉਧਾਰ ਕੀਤਾ ਓੜਕ ਗੁਰਪੁਰੀ ਨੂੰ ਪਧਾਰਨ ਸਮੇਂ।

ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥

ਪ੍ਰਿਥਵੀ (ਦੀ ਗੁਰਿਆਈ) ਦਾ ਛਤਰ ਤੇ ਸਿੰਘਾਸਨ ਗੁਰੂ ਅਰਜਨ ਸਾਹਿਬ ਨੂੰ ਅਰਪਨ ਕਰਕੇ ਸੱਚਖੰਡ ਪੁਰੀ ਵਿਖੇ ਆ ਬਿਰਾਜੇ। ਇਸ ਸਿੰਘਾਸਨੀ ਪਿਰਥਮੀ ਉਤਸਵ ਸਮੇਂ ਸੁਰਦੇਵ ਇਸ ਬਚਿਤ੍ਰ ਕਉਤਕ ਨੂੰ ਦੇਖ ਕੇ ਪਰਮ ਪ੍ਰਸੰਨ ਹੋਏ।

ਸਲੋਕ ਵਾਰਾਂ ਤੇ ਵਧੀਕ

ਸਲੋਕ ਮਹਲਾ ੧

ਉਤੰਗੀ ਪੈ ਓਹਰੀ ਗਹਿਰੀ ਗੰਭੀਰੀ ॥
ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ ॥ *(ਪੰਨਾ ੧੪੧੦)*

ਉਤੇ ਨੂੰ ਅੰਗਾਂ ਦਾ ਰੁਖ ਰਖਣ ਵਾਲੀਏ (ਉਤਾਂਹਾਂ ਨੂੰ ਸਰੀਰਕ ਅੰਗ ਅਕੜਾ

bsrstrust.org

ਕੇ ਤੁਰਨ ਵਾਲੀਏ, ਆਪਣੇ ਆਪ ਵਿਚਿ ਬਹੁਤੀ ਸਿਆਣੀ ਬਣੀ ਫਿਰਨ ਵਾਲੀਏ ਹੰਕਾਰਨੇ) (ਗੁਰੂ ਦੇ) ਪੈਰਾਂ ਤੇ ਝੁਕ (ਨੀਵੀਂ ਹੋ ਕੇ ਪੈਰੀਂ ਪਉ)। 'ਪੈ'—ਪੈਰਾਂ ਤੇ। "ਹੋਇ ਪੈ ਖਾਕ ਫਕੀਰ ਮੁਸਾਫਰੁ ॥"[1] 'ਓਹਰੀ'—(ਕਿਰਿਆ) ਓਹੜ, ਝੁਕ ਪਉ। 'ਸਸੁੜਿ'—ਹੇ ਸਸੁੜੀਏ (ਸੱਸੇ) 'ਸਸੁੜਿ' ਪਦ ਦੇ ੜਾੜੇ ਨੂੰ ਸਿਹਾਰੀ ਜੋ ਲਗੀ ਹੈ ਸੋ ਬਿਹਾਰੀ ਦੇ ਥਾਉਂ ਹੈ। ਇਹ ਪਦ ਸਸੜੀ ਦੇ ਥਾਉਂ ਲਿਖਿਆ ਹੈ। ਪਿਆਰ ਵਾਚਕ ਪਦ ਹੈ, ਸੱਸੇ ਦੇ ਥਾਉਂ। 'ਸੁਹੀਆ'—ਪ੍ਰਣਾਮ, ਚਰਨ ਬੰਧਨਾ, ਮਥਾ ਟੇਕਣਾ, ਨਿਵਾਵਣਾ। ਆਮ ਪਾਠੀ 'ਸੂਹੀਆ' ਪਾਠ ਕਰਦੇ ਹਨ, ਸੱਸੇ ਨੂੰ ਦੁਲੈਂਕੇ ਲਾ ਕੇ। ਓਥੇ ਤਾਂ 'ਸੂਹੀਆ' ਤੋਂ ਭਾਵ ਸੂਹਵੀ, ਸੂਹੇ ਵੇਸ ਵਾਲੀ ਜੁਆਨੀ ਮੱਤੀ ਇਸਤ੍ਰੀ ਤੋਂ ਹੁੰਦਾ ਹੈ, ਪਰ ਏਥੇ ਸੱਸੇ ਨੂੰ ਔਂਕੜ ਹੈ (objective case) ਕਰਮ ਕਾਰਕ ਹੈ। ਜੇਕਰ ਸੱਸੇ ਨੂੰ ਦੁਲੈਂਕੜੇ ਸਹਿਤ 'ਸੂਹੀਆ' ਪਦ ਲਿਆ ਜਾਏ ਤਾਂ ਇਹ ਪਦ ਕਰਤਾ ਕਾਰਕ (nominative case) ਹੋ ਜਾਊ। ਅਨ੍ਯ ਪੁਰਖ (third person) ਹੋ ਜਾਊ। 'ਕਰੀ' ਪਦ ਜੋ ਏਥੇ ਹੈ ਸੋ ਕਿਰਿਆ ਹੈ ਉਤਮ ਪੁਰਖ ਦੀ, ਨਾ ਕਿ ਅੰਨਯ ਪੁਰਖ (third person) ਦੀ। ਏਸ ਕਰਕੇ ਸਹੀ ਪਾਠ 'ਸੁਹੀਆ' ਹੀ ਹੈ, ਪ੍ਰਣਾਮ ਦੇ ਅਰਥਾਂ ਵਿਚ। 'ਥਣੀ'—ਥਣਾਂ ਕਰਕੇ ਉਭਰੀ ਹੋਈ ਛਾਤੀ ਦੁਧੀਆਂ ਨਾਲ ਭਰੀ ਹੋਈ ਕਰਕੇ। ਦੁਧੀਆਂ ਦਾ ਭਾਵ ਹੈ ਬਣਾਂ ਦਾ। ਬਣਾਂ ਕਰਕੇ ਥਣੀ ਹੋ ਗਿਆ।

ਗਚੁ ਜਿ ਲਗਾ ਗਿੜਵੜੀ ਸਖੀਏ ਧਉਲ ਹਰੀ ॥

ਹੇ ਸਖੀਏ ਜੇਹੜੇ ਪਹਾੜਾਂ (ਗਿਰਵਰਾਂ) ਸਮਾਨ ਚੂਨੇ ਗੱਚ ਉਸਰੇ ਹੋਏ ਧਉਲਰ (ਮਹਲ) ਸਨ। ਜਿਨ੍ਹਾਂ ਪਹਾੜਾਂ (ਗਿਰਵਰਾਂ) ਸਮਾਨ ਉੱਚੇ ਧਉਲਰਾਂ ਨੂੰ ਚੂਨਾ (ਗੱਚ) ਲਗਾ ਹੋਇਆ ਸੀ।

ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ ॥੧॥

ਸੇ ਭੀ ਮੈ ਢਹਿੰਦੇ ਡਿਠੇ ਹਨ, ਹੇ ਮੁੰਧੇ! ਤੂੰ ਥਣਾ ਦਾ ਗਰਬ ਨਾ ਕਰੀਂ। 'ਗਿੜਵੜੀ'—ਗਿਰਵਰ (ਪਹਾੜ) ਸਮਾਨ। ਪਿਛਲੇ ੜਾੜੇ ਨੂੰ ਜੋ ਸਿਹਾਰੀ ਲੱਗੀ ਹੈ, ਏਥੇ ਵਿਲੱਖਣ ਅਰਥ ਦਿੰਦੀ ਹੈ 'ਸਮਾਨ' ਦੇ। 'ਨ ਗਰਬੁ'—ਨਾ ਗਰਬ ਕਰ। 'ਗਰਬੁ' ਪਦ ਏਥੇ ਕਿਰਿਆ ਹੈ ਬੋਧਕ।

'ਹਰਣਾਖੀਏ'—ਹਰਨ ਦੇ ਨੇਤ੍ਰਾਂ ਵਰਗੀ ਅੱਖੀਆਂ ਵਾਲੀਏ। "ਜੇ ਤੂੰ ਤਾਰੂ ਪਾਣਿ"—ਜੇ ਤੂੰ ਪਾਣੀ ਦਾ ਤਾਰੂ (ਤਰਾਕ) ਬਨਣਾ ਲੋੜਦਾ ਹੈਂ। 'ਪਾਣਿ'—ਪਾਣੀ। ਬਿਹਾਰੀ ਦੇ ਥਾਉਂ ਸਿਹਾਰੀ ਵਰਤੀ ਗਈ ਹੈ। 'ਤਾਹੂੰ ਪੁਛੁ ਤਿੜੰਨ੍ ਕਲ'—ਤਿਨ੍ਹਾਂ ਨੂੰ ਪੁਛੁ ਜੋ ਤਰਨ ਦੇ ਹੁਨਰ ਦੇ ਮਾਹਰ ਹਨ, ਤਰਨ ਦੇ ਕਲਾਕਾਰ ਹਨ।

ਤਾਹੂ ਖਰੇ ਸੁਜਾਣ ਵੰਞਾ ਏਨ੍ਹੀ ਕਪਰੀ ॥੩॥

ਉਪਰ ਦੱਸੇ ਤਾਰੂ ਹੀ ਕਾਮਲ ਜਾਣੂ ਪੁਰਖ ਹਨ ਜੋ ਤਰਨ ਜਾਣਦੇ ਹਨ। ਮੈਂ ਭੀ ਜੇ ਤਿਨ੍ਹਾਂ ਜੈਸੀ ਥੀ ਰਹਾਂ ਤਾਂ ਏਹਨਾਂ ਘੁੰਮਣ ਘੇਰੀਆਂ ਵਿਚ ਦੀ ਪਾਰ ਲੰਘ ਜਾਵਾਂ।

---

1. ...੧॥੩॥੧੨॥ (ਮਾਰੂ ਮ: ੫, ਪੰਨਾ ੧੦੮੩)।

bsrstrust.org

'ਵੰਞਾ'—ਮੈਂ ਵੰਞਾ। 'ਵੰਜਣ' ਅਰਥ ਨਹੀਂ ਰਖਦਾ। ਇਹ ਪਦ ਉਤਮ ਪੁਰਖ ਦੀ ਕਿਰਿਆ ਵਾਲਾ ਹੈ, ਨਾ ਕਿ ਅਨ੍ਯ ਪੁਰਖ ਦੀ ਕਿਰਿਆ ਵਾਲਾ।

ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ ॥੪॥

ਸਤਿਗੁਰੂ ਸੇਤੀ (ਬਿਨੇ) ਆਲਾਇ (ਬੇਨਤੀ ਕਰਿ ਸਤਿਗੁਰੂ ਅਗੇ) ਫੇਰ ਬੇੜੇ ਦੇ ਡੁਬਣ ਵਿਚ ਖ਼ਤਰਾ ਨਹੀਂ ਰਹੇਗਾ। ਬੇਨਤੀ ਕਰਨਾ—ਗੁਰੂ ਗੁਰੂ ਕਰਨਾ, ਸਤਿਗੁਰੂ ਦਾ ਧਿਆਨ ਧਰ ਕੇ ਵਾਹਿਗੁਰੂ ਵਾਹਿਗੁਰੂ ਜਪਣਾ ਸਤਿਗੁਰੂ ਵਾਹਿਗੁਰੂ ਅਗੇ ਬੇਨਤੀ ਕਰਨਾ ਹੈ। ਜੋ ਜਨ ਸਾਸਿ ਗਿਰਾਸਿ ਗੁਰੂ ਗੁਰੂ ਵਾਹਿਗੁਰੂ ਵਾਹਿਗੁਰੂ ਆਲਾਇਕੈ ਪੁਕਾਰਦੇ ਹਨ ਓਹ ਇਕ ਪਰਕਾਰ ਬੇਨਤੀ ਦਾ ਸਰੂਪ ਹੀ ਹੋਇ ਰਹਿੰਦੇ ਹਨ। ਵਾਹਿਗੁਰੂ ਦਾ ਸਿਮਰਨ ਬੇਨਤੀ ਅਰਦਾਸ ਸਰੂਪ ਹੀ ਹੈ।

ਲਹਿਰਾਂ ਵਿਚੋਂ ਤਰਨ ਦੀ ਘਟਨਾ

ਇਸ ਪ੍ਰਥਾਇ ਇਕ ਹੱਡਿ ਵਰਤੀ ਘਟਨਾ ਏਥੇ ਲਿਖਣੀ ਉਦਾਹਰਣ ਵਜੋਂ ਦਿਲਚਸਪੀ ਵਾਲੀ ਗੱਲ ਹੋਵੇਗੀ। ਸਾਡੇ ਪਿੰਡ ਨਾਰੰਗਵਾਲ ਦੇ ਨਿਕਟ ਹੀ ਨਹਿਰ ਹੈ, ਓਥੇ ਅਸੀਂ ਭਜਨ ਕਰਨ ਲਈ ਹਾੜ ਦੇ ਦਿਨਾਂ ਵਿਚਿ ਚਲੇ ਜਾਇਆ ਕਰਦੇ ਸਾਂ। ਇਕ ਦਿਨ ਮੇਰੇ ਨਾਲਿ ਭਾਈ ਸੁਰਜਨ ਸਿੰਘ ਜੀ ਗੁਜਰਵਾਲੀਏ ਭੀ ਸਨ। ਸਾਨੂੰ ਬੈਠੇ ਬੈਠਿਆਂ ਨਹਿਰ ਵਿਚਿ ਨ੍ਹਾਉਣ ਦੀ ਹਮਾਕਤ ਫੁਰੀ। ਕੰਢੇ ਤੇ ਨਹਾਉਂਦਿਆਂ ਨਹਾਉਂਦਿਆਂ ਓਦੂੰ ਵਧ ਹੋਰ ਹਮਾਕਤ ਮੈਨੂੰ ਫੁਰੀ ਐਵੇਂ ਫ਼ਜ਼ੂਲ ਹੀ ਕਿ ਤਰ ਕੇ ਨਹਿਰੋਂ ਪਾਰ ਲੰਘ ਜਾਵਾਂ। ਫੁਰਨੇ ਦੇ ਫੁਰਨਸਾਰ ਮੈਂ ਤਾਂ ਅਗਾਹਾਂ ਨੂੰ ਠਿੱਲ੍ਹ ਪਿਆ, ਭਾਈ ਸੁਰਜਨ ਸਿੰਘ ਨਾ ਠਿੱਲ੍ਹੇ ਕਿਉਂਕਿ ਓਹਨਾਂ ਨਾਲਿ ਕੋਈ ਮਤਾ ਪਕਾਇਆ ਹੀ ਨਹੀਂ ਸੀ। ਬਹੁਤੀ ਮੂੜ੍ਹਤਾ ਇਹ ਫੁਰੀ ਕਿ ਸਿੱਧੇ ਹੀ ਤਰ ਕੇ ਪਾਰ ਲੰਘਣਾ ਹੈ। ਮੰਝਧਾਰ ਤਾਈਂ ਤਾਂ ਮੈਂ ਸੁਖੈਨ ਹੀ ਤਰਦਾ ਗਿਆ ਪਰ ਜਦੋਂ ਮੰਝ ਧਾਰ ਆਈ ਤਾਂ ਲਹਿਰਾਂ ਦਾ ਅਗੇ ਡਾਢਾ ਜ਼ੋਰ ਸੀ। ਮੈਂ ਸਿੱਧਾ ਨਾਹੀ ਤਰ ਸਕਿਆ, ਬਥੇਰਾ ਜ਼ੋਰ ਲਾਇਆ, ਮੇਰੀਆਂ ਬਾਹਾਂ ਥਕ ਗਈਆਂ। ਸਾਹ ਚੜ੍ਹ ਗਿਆ, ਮੈਂ ਹਫ਼ ਗਿਆ। ਬਿਲਕੁਲ ਨਿਢਾਲ ਹੋ ਗਿਆ। ਭਾਈ ਸੁਰਜਨ ਸਿੰਘ ਬਥੇਰੀਆਂ ਹਾਕਾਂ ਮਾਰੇ ਕਿ 'ਪਿਛਾਹਾਂ ਮੁੜ ਆਓ'। ਪਰ ਪਿਛਾਹਾਂ ਮੁੜਨਾ ਓਤਨਾ ਹੀ ਔਖਾ ਸੀ ਜਿੰਨਾ ਕਿ ਅਗਾਹਾਂ ਤਰ ਕੇ ਜਾਣਾ ਸੀ। ਪਰ ਤਰਨ ਵਲੋਂ ਤਾਂ ਮੈਂ ਉੱਕਾ ਹੀ ਨਿੱਸਲ ਹੋ ਗਿਆ। ਬਸ, ਡੁਬਣ ਦੀ ਹੀ ਕਸਰ ਸੀ। ਹਿਲਣ ਦੀ ਸਾਹਸ ਹੀ ਨਾ ਰਹੀ। ਏਸੇ ਓੜਕ ਵਿਚਿ ਛਿਨਕ ਵਿਚਦੀ ਸਤਿਗੁਰੂ ਅਗੇ ਅਰਦਾਸ ਸਫੁਰਨ ਹੋਈ, ਏਸ ਛਿਨਕ ਵਿਚਿ ਹੀ ਮੈਨੂੰ ਅੰਦਰੋਂ ਅਜ਼ਗੈਬੀ ਅਵਾਜ਼ ਆਈ ਕਿ ਤੂੰ ਪੁੱਠੀ ਤਾਰੀ ਕਾਹਦੇ ਲਈ ਸਿੱਖੀ ਹੈ। ਹੁਣ ਵੇਲਾ ਹੈ ਪੁੱਠੀ ਤਾਰੀ ਦਾ। ਨਿੱਸਲ ਹੋ ਕੇ ਲਹਿਰਾਂ ਉਤੇ ਪੈ ਜਾ। ਝੱਟ ਮੈਨੂੰ ਸੋਝੀ ਆਈ। ਮੈਂ ਪੁੱਠੀ ਤਾਰੀ ਨਿੱਸਲ ਹੋ ਕੇ ਜਲ ਦੇ ਵਗਦੇ ਵੇਗ ਤੇ ਪੈ ਗਿਆ ਅਤੇ ਅਭਿਆਸ ਵਿਚਿ ਜੁਟ ਗਿਆ ਜੋ ਅਰਦਾਸ ਰੂਪ ਹੀ ਸੀ। ਬਸ ਥੋੜੀ ਦੂਰ ਏਵੇਂ ਕਿਵੇਂ ਮੈਂ ਸੁਖਾਲੇ ਸੁਆਸੀਂ

bsrstrust.org

ਲਹਿਰਾਂ ਉਤੇ ਤਰਦਾ ਹੀ ਗਿਆ। ਏਤਨੇ ਨੂੰ ਮੇਰਾ ਹੁੱਸਿਆ ਹੋਇਆ ਸਰੀਰ ਫੇਰ ਕਾਇਮ ਹੋ ਗਿਆ ਤੇ ਮੈਂ ਸਿੱਧੀ ਤਾਰੀ ਤਰਨ ਲਗ ਪਿਆ ਪਰ ਐਤਕੀ ਪੁੱਠਿਓਂ ਸਿੱਧਾ ਤਰਨ ਵੇਲੇ ਫੇਰ ਅਵਾਜ਼ ਆਈ ਕਿ ਤ੍ਰਿਛਾ ਤਰੁ। ਮੈਂ ਤ੍ਰਿਛੀ ਤਾਰੀ ਤਰਿਆ ਗਿਆ, ਸਹੀ ਸਲਾਮਤਿ ਅਗਲੇ ਕੰਢੇ ਪਹੁੰਚ ਗਿਆ। ਉਥੇ ਇਹ ਯਕੀਨ ਹੋਰ ਭੀ ਵਧ ਗਿਆ ਕਿ ਨਾਮ ਨਹਿਰੀ ਲਹਿਰਾਂ (ਕਪਰਾਂ) ਤੋਂ ਪਾਰ ਉਤਾਰਨ ਲਈ ਹੀ ਨਹੀਂ ਬਲਕਿ ਭਵਜਲੀ ਲਹਿਰਾਂ ਤੋਂ ਭੀ ਸਹੀ ਸਲਾਮਤਿ ਪਾਰ ਉਤਾਰਨ ਨੂੰ ਸਮਰਥ ਹੈ। ਬਲਕਿ ਸਾਰੇ ਬੇੜੇ ਦੇ ਡੁਬਣ ਦਾ ਹੀ ਉਥੇ ਖ਼ਤਰਾ ਨਹੀਂ। ਕਦਾਚਿਤ ਨਹੀਂ। ਪੂਰਾਂ ਦੇ ਪੂਰ ਪਾਰ ਲੰਘਣਗੇ ਅਤੇ ਪਾਰ ਲੰਘਦੇ ਚਲੇ ਆਏ ਹਨ।

ਨਾਉ ਲੈਨਿ ਅਰੁ ਕਰਨਿ ਸਮਾਇ ॥

ਨਾਉ ਲੈਣ ਅਤੇ ਨਾਉ ਵਿਚਿ ਸਮਾਈ ਅਭਿਆਸ ਅਸਥਾਈ ਕਰਨਾ। ਅਭਿਆਸ ਕਰੀ ਜਾਣਾ। 'ਸਮਾਇ'—ਨਿਧਿਆਸਨ। 'ਲੈਨਿ' ਅਤੇ 'ਕਰਨਿ' ਦੇ ਨੰਨਿਆਂ ਨੂੰ ਸਿਹਾਰੀਆਂ ਕਿਰਿਆ ਕਰਕੇ ਰਹਿਣ ਦੇ ਭਾਵ ਦੀਆਂ ਬੋਧਕ ਹਨ।

ਸਹਸੈ ਜੀਅਰਾ ਪਰਿ ਰਹਿਓ ਮਾਕਉ ਅਵਰੁ ਨ ਢੰਗੁ ॥

ਜੀਉੜਾ ਸੰਸਿਆਂ ਵਿਚਿ ਉਲਝਿ ਰਹਿਆ ਹੈ। ਮੇਰਾ ਹੋਰ ਕੋਈ ਹਾਲ ਨਹੀਂ (ਬਸ ਇਸ ਉਲਝੇਵੇਂ ਵਿਚਿ ਹੀ ਫਸ ਰਹਿਆ ਹਾਂ)। 'ਮਾਕਉ'—ਮੇਰਾ। 'ਮੈਨੂੰ' ਅਰਥ ਕਰਦੇ ਫਬਦੇ ਨਹੀਂ। ਨਾਹੀ 'ਢੰਗੁ' ਪਦ ਦੇ ਅਰਥ 'ਤ੍ਰੀਕੇ' ਦੇ ਠੀਕ ਢੁਕਦੇ ਹਨ, ਕਿਉਂਕਿ ਅਗਲੀ ਤੁਕ ਵਿਚਿ ਤ੍ਰੀਕਾ ਤਾਂ ਸਾਫ਼ ਲਿਖਿਆ ਹੋਇਆ ਹੈ—"ਨਾਨਕ ਗੁਰਮੁਖਿ ਛੁਟੀਐ ਹਰਿ ਪ੍ਰੀਤਮ ਸਿਉ ਸੰਗੁ ॥੭॥

ਕੀਚੜ[1] ਹਾਥੁ ਨ ਬੂਡਈ ਏਕਾ ਨਦਰਿ ਨਿਹਾਲਿ ॥ *(ਪੰਨਾ ੧੪੧੧)*

ਭਵਜਲੀ ਚਿੱਕੜ ਦਾ ਹਾਥੁ ਆ ਜਾਂਦਾ ਹੈ (ਥੌਹ ਪਤਾ ਲਗ ਜਾਂਦਾ ਹੈ) ਇਸ ਵਿਚਿ ਡੁਬਦਾ ਨਹੀਂ, ਇਕੈ ਅਕਾਲ ਪੁਰਖ ਦੀ ਨਦਰਿ ਨਿਹਾਲਨੀ ਟੇਕ (ਆਸਰੇ) ਕਰਕੇ। "ਕੀਚੜ ਹਾਥੁ ਨ ਬੂਡਈ" ਮਈ ਅਰਧ ਤੁਕੀ ਦੇ ਜੋ ਇਹ ਅਰਥ ਕਰਦੇ ਹਨ ਅਕਸਰ—ਕਿ ਚਿੱਕੜ ਵਿਚਿ ਹੱਥ ਨਹੀਂ ਡੁਬਦਾ। 'ਚਿੱਕੜ ਵਿਚਿ' ਅਰਥ ਤਦ ਠੀਕ ਹਨ ਜੇਕਰ 'ਕੀਚੜ' ਪਦ ਦੇ ੜਾੜੇ ਅੱਖਰ ਨੂੰ ਸਿਹਾਰੀ ਹੋਵੇ। 'ਕੀਚੜਿ' ਕਰਕੇ ਲਿਖਿਆ ਹੋਇਆ ਹੋਵੇ। ੜਾੜੇ ਨੂੰ ਸਿਹਾਰੀ ਹੋਵੇ ਤਾਂ 'ਵਿਖੇ', 'ਵਿਚਿ' ਦੇ ਅਰਥ ਬਣ ਸਕਦੇ ਹਨ, ਐਵੇਂ ਨਹੀਂ। 'ਹਾਥੁ'—ਥਾਹੁ। "ਸੁਣਿਐ ਹਾਥ ਹੋਵੈ ਅਸਗਾਹੁ"—ਵਾਹਿਗੁਰੂ ਦਾ ਨਾਮੁ ਸੁਣ ਕੇ ਅਸਗਾਹ ਹੈ ਜੋ ਭਵਜਲੀ ਸਮੁੰਦਰ, ਓਹ ਹਾਥ ਹੋ ਜਾਂਦਾ ਹੈ, ਉਸਦਾ ਥਾਹੁ ਆ ਜਾਂਦਾ ਹੈ ਕੇਵਲ ਨਾਮ ਸੁਣਨ ਵਾਲੇ ਗੁਰਮੁਖਾਂ ਨੂੰ। ਨਹੀਂ ਤਾਂ ਜਣੇ ਕਣੇ ਹੋਰ ਕਿਸੇ ਮਤ-ਅਵਲੰਬੀ ਨੂੰ ਤਾਂ ਭਵਸਾਗਰ ਦਾ ਥਾਹ ਹੀ ਨਹੀਂ ਲਗਦਾ। ਐਵੇਂ ਟੱਕਰਾਂ ਮਾਰਦੇ ਰਹਿੰਦੇ ਹਨ। ਇਹ ਪਰਮਾਤਮਾ ਰੂਪੀ ਸਾਗਰ ਹੀ ਗੁਣੀ ਅਥਾਹ ਹੈ।

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਕੀਚੜਿ' ਹੈ। *—ਪ੍ਰਕਾਸ਼ਕ*

bsrstrust.org

ਜਿਸਦਾ ਹਾਥੁ ਨਹੀਂ ਆਉਂਦਾ। "ਸਾਗਰੁ ਗੁਣੀ ਅਥਾਹੁ ਕਿਨਿ ਹਾਥਾਲਾ ਦੇਖੀਐ"[1]—ਕਿਸ ਨੇ ਹਾਥੁ ਵਾਲਾ ਨਹੀਂ ਦੇਖਿਆ ਸਾਗਰ ਗੁਣੀ ਅਥਾਹ (ਵਾਹਿਗੁਰੂ)। ਤਾਂ ਤੇ ਇਹ ਪਾਠ ਇਉਂ ਕਰਨਾ ਹੈ, "ਕੀਚੜ ਹਾਥੁ, ਨ ਬੂਡਈ" ਬਿਸਰਾਮ ਦੇਣਾ ਹੈ 'ਹਾਥੁ' ਪਦ ਉਤੇ।

ਹੈਨਿ ਵਿਰਲੇ ਨਾਹੀ ਘਣੈ ਫੈਲ ਫਕੜੁ ਸੰਸਾਰੁ ॥੧੨॥

ਨਾਮ ਜਪਣ ਵਾਲੇ ਗੁਰਮੁਖ ਜਨ ਵਿਰਲੇ ਵਾਂਜੇ ਹੀ ਹਨ (ਟਾਂਵੇਂ ਟਾਂਵੇਂ ਹੀ ਹਨ) ਬਹੁਤੇ ਨਹੀਂ। ਸੰਸਾਰ (ਸਾਰਾ) ਨਾਮੋ ਸੱਖਣਾ ਫ਼ਾਲਤੂ ਅਤੇ ਫਕੜ ਬਾਜ਼ (ਗੱਲਾਂ ਵਾਲਾ) ਹੀ ਹੈ। ਲਗਮਾਤ੍ਰੀ ਨਿਯਮਾਂ ਅਨੁਸਾਰ ਟ੍ਰੈਕਟ ਸੁਸਾਇਟੀਏ ਕੋਸ਼ ਦੇ ਅਤੇ ਕਈ ਇਕ ਹੋਰ ਗਿਆਨੀਆਂ ਦੇ ਕੀਤੇ ਇਹ ਅਰਥ ਉਕੇ ਹੀ ਰੱਦ ਹਨ—ਵਿਰਲੇ ਹਨ ਬਹੁਤੇ ਨਹੀਂ ਪ੍ਰੇਮੀ ਤੇ ਸੰਤ ਜਨ ਸੰਸਾਰ ਵਿਖੇ। 'ਸੰਸਾਰ ਵਿਖੇ' ਅਰਥ ਤਾਂ ਬਣਦੇ ਜੇਕਰ 'ਸੰਸਾਰੁ' ਪਦ ਔਂਕੜ ਸਹਿਤ ਨਾ ਹੁੰਦਾ ਬਲਕਿ ਇਸ ਪਦ ਦੇ ਆਖ਼ਰੀ ਅੱਖਰ ਰਾਰੇ ਨੂੰ ਸਿਹਾਰੀ ਹੁੰਦੀ। ਸਿਹਾਰੀ ਬਿਨਾਂ 'ਵਿਖੇ' ਦੇ ਅਰਥ ਕਰਨੇ ਅਣਜਾਣਪੁਣਾ ਹੈ। ਫੇਰ ਉਹ 'ਫਕੜੁ' ਪਦ ਦੇ ਅਰਥ ਬਹੁ-ਵਚਨ 'ਸੰਤ' (ਫ਼ਕੀਰ) ਕਰਦੇ ਹਨ। ਹਾਲਾਂਕਿ 'ਫਕੜੁ' ਪਦ ਦੇ ੜਾੜੇ ਅੱਖਰ ਨੂੰ ਸਾਫ਼ ਔਂਕੜ ਲਗਿਆ ਹੋਇਆ ਹੈ, ਜੋ ਇਕ-ਵਚਨਕ (singular) ਲਈ ਹੀ ਅਰਥਾਂ ਵਿਚਿ ਵਰਤਿਆ ਜਾ ਸਕਦਾ ਹੈ। ਜਮਾਂ (plural) ਦੇ ਬਹੁ-ਵਚਨਕ ਅਰਥਾਂ ਵਿਚਿ ਨਹੀਂ। 'ਹੈਨਿ' ਬਹੁ-ਵਚਨਕ ਕਿਰਿਆ (plural present tense verb) ਦੇ ਕਰਤਾ 'ਵਿਰਲੇ' ਪਦ ਉਤੇ ਹੀ ਖ਼ਤਮ ਹੈ। ਵਿਰਲੇ ਹਨ ਘਣੇ ਨਹੀਂ, ਬਸ। ਅਗੇ 'ਸੰਸਾਰੁ' ਪਦ ਇਕ-ਵਚਨਕ ਨਾਂਵ (singular noun) ਦਾ ਇਕ-ਵਚਨਕ ਹੀ adjective ਹੈ 'ਫਕੜੁ' ਪਦ। 'ਫੈਲ' ਪਦ ਦੇ ਲੱਲੇ ਅੱਖਰ ਨੂੰ ਔਂਕੜ ਨਹੀਂ ਲਗਿਆ ਹੋਇਆ ਪਰ ਅਰਥ ਦਿੰਦਾ ਹੈ ਇਹ ਪਦ 'ਫ਼ਾਲਤੂ' ਦੇ ਹੀ। ਸ਼ਾਇਦ ਔਂਕੜ ਲਗਣਾ ਰਹਿ ਗਿਆ ਹੋਵੇ।

ਨਾਨਕ ਲਗੀ ਤੁਰਿ ਮਰੈ ਜੀਵਣ ਨਾਹੀ ਤਾਣੁ ॥
ਚੋਟੈ ਸੇਤੀ ਜੋ ਮਰੈ ਲਗੀ ਸਾ ਪਰਵਾਣੁ ॥

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਪ੍ਰੇਮ ਦੀ ਚੋਟ ਐਸੀ ਲਗੀ ਕਿ ਜੀਵਨ ਦੀ ਤਾਬ ਹੀ ਨਾ ਰਹੀ ਤੁਰਤ ਹੀ ਮਰਜੀਵੜਾ ਹੋ ਕੇ ਜੀਵਨ ਮੁਕਤ ਹੋ ਗਿਆ। ਜਿਸ ਦੇ ਲਗੀ ਇਹ ਪਿਰਮ ਪੈਕਾਮੀ ਚੋਟ ਲਗੀ ਤਾਂ ਹੀ ਪਰਵਾਣ ਹੈ, ਜੇਕਰ ਚੋਟ (ਪ੍ਰੇਮ ਬਾਣ ਦੀ) ਲਗਣ ਸਾਰ ਹੀ (ਜਿਸ ਦੇ ਲਗਦੀ ਹੈ ਓਹ) ਮਰਿ ਜੀਵੜਾ ਹੋ ਜਾਂਦਾ ਹੈ। 'ਤੁਰਿ'—ਤੁਰਤ ਹੀ।

ਪਿਰਮ ਪੈਕਾਮੁ ਨ ਨਿਕਲੈ ਲਾਇਆ ਤਿਨਿ ਸੁਜਾਣਿ ॥੧੩॥

ਤਿਸ (ਸਤਿਗੁਰੂ ਸੂਰਮੇ) ਸੁਜਾਣ ਪੁਰਖ ਦਾ ਲਾਇਆ ਹੋਇਆ ਪ੍ਰੇਮ ਦਾ ਬਾਨ ਜਿਥੇ, (ਜਿਸ ਜੀਅੜੇ ਹੀਅੜੇ ਅੰਦਰਿ) ਲਗ ਜਾਂਦਾ ਹੈ (ਠਿਕਾਣੇ ਸਿਰਿ)

---

1. ...੩॥੧੪॥ (ਮਾਰੂ ਵਾਰ ਮ: ੧, ਪੰਨਾ ੧੦੯੧)।

bsrstrust.org

ਮੁੜ ਕੇ ਉਥੋਂ ਨਿਕਲਦਾ ਨਹੀਂ। 'ਪਿਰਮ ਪੈਕਾਮੁ'—ਪ੍ਰੇਮ ਦਾ ਬਾਨ। 'ਪਿਰਮ' ਪਦ ਦਾ ਮੰਮਾ ਅੱਖਰ ਇਸ ਕਰਕੇ ਮੁਕਤਾ ਹੈ ਕਿ ਇਸ ਦੇ ਅਗੇ ਦਾ ਸਬੰਧਕੀ ਪਦ (preposition) ਮਫ਼ਹੂਮ ਹੈ। 'ਨ ਨਿਕਲੈ'—ਨਹੀਂ ਨਿਕਲਦਾ ਹੈ। ਲੱਲੇ ਅੱਖਰ ਨੂੰ ਲਗੀਆਂ ਦੁਲਾਈਆਂ ਵਰਤਮਾਨ ਕਿਰਿਆ (present tense) ਦੇ ਅਰਥ ਦਿੰਦੀਆਂ ਹਨ। 'ਤਿਨਿ ਸੁਜਾਣਿ'—ਤਿਸ ਸੁਜਾਣ ਪੁਰਖ (ਸਤਿਗੁਰ) ਨੇ। 'ਤਿਨਿ' ਪਦ ਦੇ ਨੰਨੇ ਅੱਖਰ ਨੂੰ ਅਤੇ 'ਸੁਜਾਣਿ' ਪਦ ਦੇ ਣਾਣੇ ਅੱਖਰ ਨੂੰ ਲਗੀ ਸਿਹਾਰੀ 'ਨੇ' ਦੇ ਅਰਥ ਦਿੰਦੀ ਹੈ।

ਸਲੋਕ ਮਹਲਾ ੩

ਬ੍ਰਹਮਣ ਕੈਲੀ ਘਾਤੁ ਕੰਵਕਾ ਅਣਚਾਰੀ ਕਾ ਥਾਨੁ ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥ *(ਪੰਨਾ ੧੪੧੩)*

ਹੇ ਬ੍ਰਾਹਮਣ, ਕੁਆਰੀ ਕੰਨਿਆਂ ਅਤੇ ਵਿਆਹੁਣ ਯੋਗ ਕੁਆਰੀ ਲੜਕੀ ਦਾ ਧਾਨ (ਵੇਚ ਕੇ ਯਾ ਵਿਆਹ ਵਟਕੇ) ਖਾਣਾ ਅਜੇਹਾ ਹੀ ਪਾਪ ਹੈ ਜੈਸਾ (ਤੇਰੇ ਨਜ਼ਦੀਕ) ਕੈਲੀ ਗਊ ਦੀ ਹਤਿਆ (ਘਾਤ) ਦਾ ਪਾਪ ਹੈ। ਹੇ ਬ੍ਰਾਹਮਣ, ਅਜੇਹੇ ਪਾਪਿਸ਼ਟ ਕਰਮ ਕਰਨ ਕਰਿ ਤੇਰੇ ਉਤੇ ਐਸੀਆਂ ਫਿਟਕਾਂ ਪੈਣਗੀਆਂ ਜੈਸੀਆਂ ਕਿ ਸਦਾ ਬਦਮਾਸ਼ੀਆਂ ਕਰਨਹਾਰੇ ਦੇ ਅਤੇ ਸਦਾ ਸਦਾ ਅਭਿਮਾਨੀ ਦੇ ਕੋੜ੍ਹ ਰੋਗ ਫੁਟਣ ਕਰਕੇ ਫਿਟਕਾਂ ਪੈਂਦੀਆਂ ਹਨ। 'ਬ੍ਰਹਮਣ' ਪਦ ਦਾ ਣਾਣਾ ਅੱਖਰ ਤਾਂ ਮੁਕਤਾ ਹੈ ਕਿ ਇਹ ਸੰਬੋਧਕ ਪਦ ਹੈ, ਇਸ ਕਰਕੇ ਨਹੀਂ ਕਿ ਇਸ ਦੇ ਪਿਛੋਂ 'ਦਾ' ਸਬੰਧਕ ਪਦ ਅਰਥ ਬੋਧਕ ਹੈ। 'ਕੋੜੁ' ਪਦ ਦਾ ੜਾੜਾ ਅੱਖਰ ਔਂਕੜ ਸਹਿਤ ਹੈ ਇਸ ਕਰਕੇ ਇਹ 'ਕ੍ਰੋੜਿ' ਦੇ ਅਰਥਾਂ ਵਿਚਿ ਨਹੀਂ ਲਿਆ ਜਾ ਸਕਦਾ। 'ਕ੍ਰੋੜਿ' ਪਦ ਦੇ ੜਾੜੇ ਨੂੰ ਹਮੇਸ਼ਾ ਸਿਹਾਰੀ ਲਗਦੀ ਹੈ। 'ਅਣਚਾਰੀ'—ਉਹ ਕੰਨਿਆ ਕੁਆਰੀ ਜਿਸ ਦਾ ਬ੍ਰਹਮਚਰਜ (ਜਤ ਸਤ) ਛੀਨ ਨਾ ਹੋਇਆ ਹੋਵੇ। ਬ੍ਰਾਹਮਣ ਲੋਕ ਅਕਸਰ ਵਿਚੋਲੇ ਬਣ ਕੇ ਵਿਆਹ ਕਰਾਉਂਦੇ ਹਨ ਅਤੇ ਧਾਨ ਖਾ ਜਾਂਦੇ ਹਨ ਵਿਆਹ ਕਰਵਾ ਕੇ। "ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥" (੪੩੫)

ਮਨਮੁਖ ਧੰਨਿ ਚਲਾਈਅਹਿ ਨਾ ਮਿਲ ਹੀ ਵਗਿ ਸਗਿ ॥

ਨਾਮ ਤੋਂ ਬੇਮੁਖ ਗੁਰਮਤਿ ਤੋਂ ਸਨਮੁਖ ਪੁਰਸ਼ (ਅਪਣੀ ਮਨਮੁਖ ਕਰਣੀ ਕਰਿ) ਸੱਚੀ ਦਰਗਾਹੇ ਬੰਨ੍ਹੇ ਚਲੇ ਜਾਣਗੇ। ਓਹ ਕਦੇ ਨਾ ਮਿਲਣੇ ਪਾਉਣਗੇ ਨਾ ਐਰਿਆਂ ਗੈਰਿਆਂ ਵਗੈਰਿਆਂ ਬਿਗਾਨਿਆਂ ਨਾਲਿ ਅਤੇ ਨਾਹੀ ਸਗਾ ਰੱਤਿਆਂ ਰਿਸ਼ਤੇਦਾਰਾਂ ਨਾਲਿ। ਭਾਵ ਆਪਣਿਆਂ ਬਿਗਾਨਿਆਂ ਨਾਲਿ ਨਹੀਂ ਮਿਲਣੇ ਪਾਉਣਗੇ, ਜਿਨ੍ਹਾਂ ਦੀ ਕੁਸੰਗਤ ਵਿਚਿ ਰਚ ਮਿਚ ਕੇ ਓਹਨਾਂ ਆਪਣਾ ਮਨੁੱਖਾ ਜਨਮ ਅਹਿਲਾ ਗੰਵਾਇਆ।

ਇਸ ਤੁਕ ਦੇ ਬੜੇ ਹੀ ਅਵੈੜੇ ਅਰਥ ਕਰਦੇ ਹਨ ਆਮ ਅਰਥਈਏ। ਚੀਫ਼

bsrstrust.org

ਕੋਸ਼ੀਏ ਤਾਂ ਕਰਦੇ ਹਨ ਇਉਂ—ਮਨਮੁਖ ਬੰਨ੍ਹ ਕੇ ਚਲਾਏ ਗਏ ਹਨ ਕਿਉਂਕਿ (ਸਗਿ) ਕੁੱਤੇ ਹਨ। ਓਹ ਗਊਆਂ ਦੇ ਵੱਗ (ਸੰਤਾਂ ਦੇ ਸੰਗ) ਨਾਲਿ ਨਹੀਂ ਮਿਲ ਸਕਦੇ। 'ਸਗਿ' ਦੇ ਅਰਥ ਕੁੱਤੇ ਤਾਂ ਬਣਦੇ (ਜੇ ਬਣਾਉਣਾ ਭੀ ਚਾਹੁੰਦੇ) ਜੇਕਰ ਇਸ ਪਦ ਦੇ ਗੱਗੇ ਅੱਖਰ ਨੂੰ ਸਿਹਾਰੀ ਨਾ ਲਗੀ ਹੋਵੇ। ਫੇਰ ਸੰਤਾਂ ਦੇ ਸੰਗ ਨੂੰ ਗਊਆਂ ਦੇ ਵਗ ਨਾਲਿ ਤਸ਼ਬੀਹ ਦੇਣੀ ਕੇਹੜੀ ਗੁਰਮੁਖਤਾਈ ਹੈ ? 'ਵਗਿ' ਦੇ ਗੱਗੇ ਦੀ ਸਿਹਾਰੀ ਦੇ ਅਰਥ ਤਾਂ 'ਨਾਲਿ' ਦੇ ਕਰ ਦਿਤੇ, ਪਰ 'ਸਗਿ' ਦੇ ਗੱਗੇ ਦੀ ਸਿਹਾਰੀ ਦੀ ਕੁਛ ਪਰਵਾਹ ਹੀ ਨਹੀਂ ਕੀਤੀ। ਸ਼ਬਦਾਰਥੀਏ ਗਿਆਨੀਆਂ ਨੇ ਭੀ ਕੋਸ਼ ਗਿਆਨੀਆਂ ਦੇ ਪਿਛੇ ਲਗ ਕੇ ਏਹੋ ਜੇਹਾ ਹੀ ਚੰਦ ਚਾੜ੍ਹਿਆ ਹੈ ਅਤੇ ਇਉਂ ਚਾੜ੍ਹਿਆ ਹੈ—ਕੁੱਤਿਆਂ ਦਾ ਗਊਆਂ ਦੇ ਵਗ ਵਿਚਿ ਮੇਲ ਨਹੀਂ ਹੁੰਦਾ। ਕੀ 'ਸਗਿ' ਪਦ ਦੇ ਗੱਗੇ ਅੱਖਰ ਦੀ ਸਿਹਾਰੀ 'ਸਗ' ਨੂੰ ਬਹੁ-ਵਚਨਕ ਅਰਥਾਂ ਵਿਚਿ ਲਿਆਉਣ ਦਿੰਦੀ ਹੈ ? ਗੁਰਬਾਣੀ ਦੇ ਲਗਮਾਤ੍ਰੀ ਨਿਯਮਾਂ ਵਿਚਿ ਕਿਤੇ ਭੀ (ਉੱਕਾ ਹੀ) ਨਿਯਮ ਨਹੀਂ ਕਿ ਸਿਹਾਰੀ ਪਿਛਲੇ ਅੱਖਰ ਨੂੰ ਲਾਇਆਂ ਉਕਤ ਪਦ ਬਹੁ-ਵਚਨ (plural) ਬਣ ਜਾਂਦਾ ਹੋਵੇ। ਕਈ ਪਾਠੀ ਇਉਂ ਪਾਠ ਕਰਦੇ ਹਨ—"ਨਾਮਿ ਲਹੀ ਵਗਿ ਸਗਿ॥' ਇਸ ਨਿਖੜਵੇਂ ਪਾਠ ਦਾ ਕੁਛ ਭੀ ਅਰਥ ਨਹੀਂ ਬਣਦਾ।

ਸਾਲਾਹੀ ਸਾਲਾਹਣਾ ਭੀ ਸਚਾ ਸਾਲਾਹਿ॥

ਸਾਲਾਹੁਣਾ ਹੈ ਤਾਂ ਸੱਚੇ ਸਾਹਿਬ (ਅਕਾਲ ਪੁਰਖ) ਨੂੰ ਹੀ ਸਾਲਾਹਿ। ਬਸ ਸਾਲਾਹੀ ਹੀ ਜਾਹੁ। 'ਸਾਲਾਹਿ' ਪਦ ਏਥੇ ਕਿਰਿਆ ਹੈ ਨਾ ਕਿ ਨਾਂਵ ? ਨਾ ਕਰਤਾ ਹੈ ਨਾ ਕਰਮ ਹੈ (ਨਾ subject ਨਾ object) ਪ੍ਰੰਤੂ ਕੋਸ਼ ਕਰਤੇ ਗਿਆਨੀ ਏਥੇ 'ਸਾਲਾਹੀ' ਦੇ ਅਰਥ—'ਸਾਲਾਹੁਣਯੋਗ ਹਰੀ' ਦੇ ਕਰਦੇ ਹਨ (ਮਫਊਲੀਅਤ ਵਿਚਿ) ਪਰ ਹੋਰ ਦੇਖੋ ਹੋਰਥੇ ਜਪੁਜੀ ਸਾਹਿਬ ਵਿਚਿ ਏਸੇ 'ਸਾਲਾਹੀ' ਪਦ ਦਾ ਅਰਥ ਸਾਲਾਹੁਣ ਵਾਲੇ (ਫਾਇਲੀਅਤ) ਦੇ ਕਰਦੇ ਹਨ। 'ਸਾਲਾਹੀ ਸਾਲਾਹਿ'— ਸ਼ਾਲਾਘਾ ਕਰਨ ਵਾਲੇ ਸ਼ਲਾਘਾ ਕਰਦੇ ਹਨ। ਕੈਸੀ ਦੁਰੰਗੀ ਤੇ ਦੁਰੁਖੀ ਅਰਥਾਬੰਦੀ ਹੈ। 'ਸਾਲਾਹੀ' ਪਦ ਸ੍ਰੀ ਜਪੁਜੀ ਸਾਹਿਬ ਵਿਚ ਭੀ ਕਿਰਿਆ (verb) ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਯਥਾ—"ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥" ਜਿਵੇਂ 'ਵਰਨੀ' ਪਦ (ਮੈਂ ਵਰਨਾਂ) ਕਿਰਿਆ ਦੇ ਅਰਥਾਂ ਵਿਚ ਆਇਆ ਹੈ ਤਿਵੇਂ ਹੀ 'ਸਾਲਾਹੀ' ਪਦ ਭੀ (ਮੈਂ ਸਾਲਾਹਾਂ, ਤੂੰ ਸਾਲਾਹੀ ਜਾਹੁ) ਕਿਰਿਆ ਦੇ ਅਰਥਾਂ ਵਿਚ ਆਇਆ ਹੈ। ਓਥੇ ਭੀ ਤੇ ਐਥੈ ਭੀ।

ਨਾਨਕ ਹਉ ਹਉ ਕਰਤੇ ਖਪਿ ਮੁਏ ਖੂਹਣਿ ਲਖ ਅਸੰਖ॥

ਏਥੇ 'ਖੂਹਣਿ' ਪਦ ਦੇ ਣਾਣੇ ਅੱਖਰ ਦੀ ਸਿਹਾਰੀ ਬਿਹਾਰੀ ਦਾ ਕੰਮ ਦਿੰਦੀ ਹੈ। 'ਖੂਹਣਿ'—ਖੂਹਣੀ। ਲਖ ਤੇ ਅਸੰਖ ਭਾਵ ਬੇਅੰਤ ਖੂਹਣੀਆਂ ਦੀਆਂ ਖੂਹਣੀਆਂ ਖਪਿ ਗਈਆਂ ਹਨ ਹਉਂ ਹਉਂ ਤੇ ਮੈਂ ਮੈਂ ਕਰਦੀਆਂ ਕਰਦੀਆਂ।

ਧਨੁ ਧਨੁ ਕਲਜੁਗਿ ਨਾਨਕਾ ਜਿ ਚਲੇ ਸਤਿਗੁਰ ਭਾਇ॥੧੨॥ *(ਪੰਨਾ ੧੪੧੪)*

bsrstrust.org

ਸਤਿਗੁਰ ਭਾਇ (ਪੂਰਨ ਗੁਰਮਤਿ ਅਨੁਸਾਰ) ਜੇਹੜਾ ਜੇਹੜਾ (ਗੁਰਮਖਿ) ਚਲੇ ਤਾਂ ਕਲਜੁਗ ਅੰਦਰਿ (ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ) ਓਹ ਜਨ ਭੀ ਧੰਨਤਾ ਜੋਗ ਹੈ। "ਜਿ ਚਲੇ ਸਤਿਗੁਰ ਭਾਇ" ਅਤੇ 'ਜੋ ਚਲੈ ਸਤਿਗੁਰ ਭਾਇ" ਦੋਹਾਂ ਦੇ ਅਰਥਾਂ ਵਿਚਿ ਬੜਾ ਫ਼ਰਕ ਹੈ। ਪਿਛਲੀ ਅੱਧ ਪੰਗਤੀ ਦਾ ਅਰਥ ਭਾਵ ਹੈ 'ਜੇਹੜਾ ਚਲਦਾ ਹੈ ਸਤਿਗੁਰੂ ਭਾਇ ਅਨੁਸਾਰ'। 'ਚਲੇ' ਅਤੇ 'ਚਲੈ' ਦਾ ਇਉਂ ਵਿਤਕਰਾ ਹੈ ਕਿ ਪਹਿਲਾ ਪਦ ਲੱਲੇ ਲਾਂਵ ਨਾਲਿ ਭੂਤ ਕਾਲ ਕਿਰਿਆ (past tense verb) ਨੂੰ ਨਿਰੂਪਣ ਕਰਿ ਦਿੰਦਾ ਹੈ ਅਤੇ ਦੂਜਾ ਦੁਲਾਈਆਂ ਦੇ ਲੱਲੇ ਵਾਲਾ 'ਚਲੈ' ਪਦ (singular present tense verb) ਵਰਤਮਾਨ ਕਾਲੀ ਇਕ-ਵਚਨਕ ਕਿਰਿਆ ਦਾ ਅਰਥ ਵਾਚਕ ਹੈ—ਜੋ ਚਲਦਾ ਹੈ। ਪਰ ਬਹੁਤ ਸਾਰੇ ਅਰਥੱਈਏ ਐਸੇ ਭੀ ਹਨ ਜੋ ਇਉਂ ਪਾਠ ਕਰਦੇ ਸੁਣੇ ਹਨ—ਕਲਜੁਗ ਭੀ ਧੰਨ ਹੈ ਜੋ ਸਤਿਗੁਰੂ ਦਾ ਅਨੁਸਾਰੀ ਹੈ। 'ਕਲਜੁਗਿ' ਪਦ ਦੇ ਗੱਗੇ ਅੱਖਰ ਨੂੰ ਸਿਹਾਰੀ ਇਹ ਅਰਥ ਬਣਨ ਹੀ ਨਹੀਂ ਦਿੰਦੀ।

ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥

ਗੁਰਮਤਿ ਨਾਮੁ ਰੂਪੀ ਗਿਆਨ ਦਾ ਖੰਡਾ ਖੜਕਾ ਕੇ (ਖੜਗ ਦੁਆਰਾ) ਜੋ ਗੁਰਮੁਖ ਜਨ ਪੰਜ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਸੰਘਾਰ ਦੇਵੇ ਓਹੀ ਪੁਰਸ਼ (ਗੁਰਮੁਖਿ ਜਨ) ਗੁਰਮਤਿ ਬਖ਼ਸ਼ੀ ਮੱਤਿ ਸੁਮੱਤਿ ਦੁਆਰਾ ਅਸਲ ਜਾਗਣੀ ਜਾਗਦਾ ਹੈ। 'ਗਿਆਨ' ਪਦ ਦੇ ਗੱਗੇ ਅੱਖਰ ਨੂੰ ਸਿਹਾਰੀ ਲਗਣੀ ਰਹੀ ਹੋਈ ਹੈ, ਗ਼ਲਤੀ ਨਾਲਿ।

ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ॥ *(ਪੰਨਾ ੧੪੦੫)*

ਇਸ ਪੰਗਤੀ ਅੰਦਰਿ 'ਤਿਸੁ' ਪਦ ਦੇ ਸੱਸੇ ਅੱਖਰ ਨੂੰ ਔਂਕੜ ਨਹੀਂ ਚਾਹੀਦਾ। ਗ਼ਲਤੀ ਨਾਲ ਲਗਾ ਹੋਇਆ ਹੈ। ਇਸ ਪਦ ਦੇ ਅਗੇ 'ਮਹਿ' ਪਦ ਸਬੰਧਕ ਪਦ ਆਉਣ ਕਰਕੇ 'ਤਿਸੁ' ਦੇ ਸੱਸੇ ਦਾ ਔਂਕੜ ਉਡ ਜਾਣਾ ਚਾਹੀਦਾ ਹੈ। 'ਤਿਸੁ' ਪਦ ਹਰ ਹਾਲਤ ਵਿਚਿ 'ਮਨਮੁਖ' ਪ੍ਰਥਾਇ ਪੜਨਾਉਂ (pronoun) ਦੀ ਸ਼ਕਲ ਵਿਚਿ ਲਗਵਾਂ ਨਹੀਂ ਘਟਦਾ ਕਿਉਂਕਿ 'ਮਨਮੁਖ' ਪਦ ਸਾਫ਼ ਬਹੁ-ਵਚਨ (plural) ਹੈ। ਬਹੁ-ਵਚਨ ਨਾਂਵ ਦਾ ਪੜਨਾਉਂ 'ਤਿਨ' ਆਉਣਾ ਚਾਹੀਦਾ ਹੈ ਪਰਸਿਧ ਨਿਯਮਾਂ ਅਨੁਸਾਰ। 'ਤਿਸ' ਪਦ ਪੜਨਾਉਂ ਕੇਵਲ ਇਕ-ਵਚਨ ਨਾਂਵ ਦਾ ਹੀ ਹੋ ਸਕਦਾ ਹੈ। ਸੋ ਏਥੇ ਇਹ ਹਾਲਤ ਹੈ ਨਹੀਂ। 'ਮਨਮੁਖ' ਪਦ ਨਾਂਵ ਸਾਫ਼ ਬਹੁ-ਵਚਨ ਹੈ ਕਿਉਂਕਿ ਇਸ ਦੇ ਖੱਖੇ ਅੱਖਰ ਨੂੰ ਔਂਕੜ ਨਹੀਂ। ਖੱਖਾ ਮੁਕਤਾ ਹੀ ਹੈ, ਨਾਲੇ 'ਬੋਲੇ' ਤੇ 'ਅੰਧੁਲੇ' ਦੋਈ ਵਿਸ਼ੇਸ਼ਣ (adjective) ਬਹੁ-ਵਚਨਕ ਨਾਂਵ ਦੇ ਹੀ ਹਨ, ਤਾਂ ਤੇ 'ਤਿਸ' ਪਦ 'ਤ੍ਰਿਸ਼ਨਾ' ਦੇ ਅਰਥਾਂ ਵਿਚਿ ਵਰਤਿਆ ਗਿਆ ਹੈ। ਪਰ ਔਂਕੜ ਜ਼ਰੂਰ ਵਾਧੂ ਲਗਿਆ ਤਸਲੀਮ ਕਰਨਾ ਪਵੇਗਾ। ਭਾਵ ਅਰਥ ਇਸ ਸਾਰੀ ਤੁਕ ਦੇ ਇਉਂ ਬਣਨਗੇ—ਮਨਮੁਖ ਬੋਲੇ ਹਨ ਤੇ ਅੰਧਲੇ (ਅਗਿਆਨੀ) ਹਨ ਕਿਉਂਕਿ ਓਹ ਤ੍ਰਿਸ਼ਨਾ ਦੇ ਗ੍ਰਸੇ ਹੋਏ ਹਨ ਅਤੇ ਤ੍ਰਿਸ਼ਨਾ ਅੰਦਰਿ ਅਗਨੀ ਦਾ ਵਾਸ ਹੈ।

bsrstrust.org

ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ ॥

ਮਨਮੁਖ-ਪੁਰਸ਼ ਗੁਰਬਾਣੀ ਅਤੇ ਸੁਰਤੀ ਨੂੰ ਬੁਝਦੇ ਹੀ ਨਹੀਂ। ਭਾਵ ਓਹਨਾਂ ਨੂੰ ਨਾ ਗੁਰਬਾਣੀ ਦੀ ਸੂਝ ਬੂਝ ਆਉਂਦੀ ਹੈ ਨਾ ਓਹਨਾਂ ਦੀ ਸੁਰਤੀ ਹੀ ਬਾਣੀ ਨਾਲਿ ਲਗਦੀ ਹੈ। ਗੁਰਮੰਤ੍ਰ ਹੀਣਸ ਹੋਣ ਕਰਕੇ ਤਿਨ੍ਹਾਂ ਨੂੰ ਸ਼ਬਦ ਗੁਰਦੀਖਿਆ ਦੀ ਪ੍ਰਾਪਤੀ ਹੀ ਨਹੀਂ ਹੁੰਦੀ। ਤਾਂ ਤੇ ਓਹ ਸ਼ਬਦ ਦੀ ਕਮਾਈ ਕਿਵੇਂ ਕਰਨ। ਸ਼ਬਦ ਦੁਆਰਾ ਹੀ ਅਭਿਆਸ ਕਮਾਈ ਸੰਭਵ ਹੈ ਅਤੇ ਸ਼ਬਦ ਅਭਿਆਸ ਕਮਾਈ ਦੁਆਰਾ ਹੀ ਅੰਤਰ ਆਤਮੇ ਜੋਤਿ ਦਾ ਪ੍ਰਗਾਸੁ ਹੋ ਸਕਦਾ ਹੈ। ਤਾਂ ਤੇ ਓਹ 'ਸਬਦਿ ਨ ਕਰਹਿ ਪ੍ਰਗਾਸੁ' ਸ਼ਬਦ ਦੁਆਰਾ (ਅੰਤ੍ਰ ਆਤਮੇ) ਪਰਕਾਸ਼ ਹੀ ਨਹੀਂ ਕਰ ਸਕਦੇ ਜੋਤਿ ਦਾ। 'ਸੁਰਤਿ' ਪਦ ਏਥੇ 'ਸੁਰਤੀ' ਦੇ ਥਾਉਂ ਆਇਆ ਹੈ। 'ਸੁਰਤੀ ਦੁਆਰਾ' ਦਾ ਏਥੇ ਅਰਥ ਨਹੀਂ ਬਣਦਾ।

ਓਨ੍ਹਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ ॥

ਓਹਨਾਂ ਦੀ ਅਪਣੀ (ਆਪੋਂ ਤਾਂ ਏਤਨੀ) ਸੁਧਿ ਬੁਧਿ ਹੀ ਨਹੀਂ (ਕਿ ਗੁਰਬਾਣੀ ਨੂੰ ਸਮਝ ਸਕਣ) ਅਤੇ ਗੁਰ ਬਚਨ ਵਿਖੇ ਓਹ ਭਰੋਸਾ ਹੀ ਨਹੀਂ ਰਖਦੇ।

ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥

ਮਾਇਆ ਕੀ ਹੈ ? ਇਕ ਵਲਦਾਰ (ਵਿਹੁਲਾ) ਸੱਪ ਹੈ। ਜਗੁ (ਸਾਰਾ) ਵੇੜ੍ਹਿਆ (ਘੇਰਿਆ) ਪਿਆ ਹੈ ਇਸ ਵਿਹੁਲੀ ਮਾਇਆ ਦਾ (ਬਿਖੁ ਰੂਪ ਮਾਇਆ ਦਾ)।

ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਖਾਇ ॥

ਮਾਇਆ ਰੂਪੀ ਸਰਪ ਦੀ ਜ਼ਹਿਰ (ਬਿਖ) ਦਾ ਤਿਰੀਆਕ (ਮਾਰਣੁ) ਕੇਵਲ ਗੁਰਮਤਿ ਨਾਮੁ ਹੈ। ਜਿਵੇਂ ਸਰਪ ਨੂੰ ਗਰੜ ਦਾ ਡਰ (ਤ੍ਰਾਸ) ਹੁੰਦਾ ਹੈ। ਗਰੜ ਨੂੰ ਦੇਖ ਕੇ ਅਤੇ ਗਰੜ ਦੀ ਆਵਾਜ਼ ਸੁਣਦਿਆਂ ਹੀ ਸੱਪ ਨੱਸ ਜਾਂਦਾ ਹੈ ਤੇ ਲੁਕ ਛਿਪ ਜਾਂਦਾ ਹੈ, ਤਿਵੇਂ ਹੀ ਗੁਰੂ ਦਾ ਸ਼ਬਦ ਗੁਰਮੰਤ੍ਰ, ਗੁਰਮਤਿ ਨਾਮ ਗਰੜ ਸਰੂਪ ਹੈ। ਇਸ ਗੁਰ ਸ਼ਬਦ ਗੁਰਮੰਤ੍ਰ ਰੂਪੀ ਗਰੜ ਦੇ ਮੁਖਿ ਪਾਇਆਂ ਸ੍ਵਾਸਿ ਗ੍ਰਾਸਿ ਅਭਿਆਸ ਕਮਾਈ ਕੀਤਿਆਂ ਮਾਇਆ ਰੂਪੀ ਬਿਖ (ਜ਼ਹਿਰ) ਲਹਿ ਜਾਂਦੀ ਹੈ। ਇਸ ਗੁਰਵਾਕ ਅੰਦਰਿ ਭੀ 'ਬਿਖੁ' ਪਦ ਦੇ ਖੱਖੇ ਅੱਖਰ ਨੂੰ ਔਂਕੜ ਨਹੀਂ ਹੋਣਾ ਚਾਹੀਦਾ। ਕਿਉਂਕਿ ਇਸਦੇ ਅਗੇ 'ਕਾ' (preposition) ਸਬੰਧਕੀ ਪਦ ਪਿਆ ਹੈ।

ਵਿਛੁੜਿ ਵਿਛੁੜਿ ਜੋ ਮਿਲੇ ਸਤਿਗੁਰ ਕੇ ਭੈ ਭਾਇ ॥...੩੦॥ *(ਪੰਨਾ ੧੪੧੬)*

'ਵਿਛੁੜਿ ਵਿਛੁੜਿ'—ਵਿਛੜ ਵਿਛੜ ਕੇ। 'ਜੋ ਮਿਲੇ ਸਤਿਗੁਰ ਕੇ ਭੈ ਭਾਇ'—ਜੋ ਭੀ ਮਿਲੇ ਹਨ ਵਾਹਿਗੁਰੂ ਨਾਲਿ ਸੋ ਸਤਿਗੁਰੂ ਦੀ ਭੈ ਅਤੇ ਭਾਵਨ (ਧਾਰਨ ਕਰਕੇ) ਦੁਆਰਾ ਹੀ ਮਿਲੇ ਹਨ। 'ਭੈ ਭਾਇ'—ਭੈ ਅਤੇ ਭਾਵਨੀ। 'ਭੈ ਵਾਲੇ ਪ੍ਰੇਮ ਨਾਲਿ' ਜੋ ਅਰਥ ਕਰਦੇ ਹਨ ਸੋ ਠੀਕ ਨਹੀਂ।

ਮੁਖਿ ਸੰਜਮ ਹਛਾ ਨ ਹੋਵਈ ਕਰਿ ਭੇਖ ਭਵੈ ਸਭ ਕੋਈ ॥...੩੩॥

bsrstrust.org

ਸਭ ਕੋਈ ਭੇਖ ਕਰਕੇ ਭਉਂਦਾ ਫਿਰਦਾ ਹੈ ਪਰ ਜ਼ਾਹਰਦਾਰੀ ਦਿਖਾਵੇ ਦੇ ਸੰਜਮ (ਸਾਧਨ) ਕੀਤਿਆਂ ਕੋਈ ਨਹੀਂ ਸੰਵਰਦਾ। 'ਮੁਖਿ'—ਮੁਖੋਂ ਬੋਲ ਬੋਲ ਕੇ (ਦਿਖਾ ਦਿਖਾ ਕੇ) ਕਿ ਮੈਂ ਸੰਜਮ ਕਰਦਾ ਹਾਂ। ਜੋ ਅਰਥਈਏ ਇਹ ਅਰਥ ਕਰਦੇ ਹਨ ਇਸ ਤੁਕ ਦਾ ਕਿ ਸੰਜਮ ਨਾਲਿ ਮੂੰਹ ਅਛਾ ਨਹੀਂ ਹੁੰਦਾ, ਓਹਨਾਂ ਨੂੰ ਲਗਮਾਤ੍ਰੀ ਨਿਯਮ ਬਣਤਰ ਦੀ ਸੂਝ ਬੂਝ ਹੀ ਨਹੀਂ। 'ਮੁਖਿ' ਪਦ ਦੇ ਖੱਖੇ ਅੱਖਰ ਨੂੰ ਸਿਹਾਰੀ ਹੈ। ਔਂਕੜ ਯਾ ਖੱਖਾ ਮੁਕਤਾ ਹੁੰਦਾ ਤਦ ਇਹ ਅਰਥ ਬਣ ਸਕਦਾ ਸੀ।

ਲੋਭੀ ਕਾ ਵੇਸਾਹੁ ਨ ਕੀਜੈ ਜੇਕਾ ਪਾਰਿ ਵਸਾਇ ॥...੪੦॥

ਜਿਥੇ ਤਾਈਂ (ਵਸ) ਵਾਹ ਲਗੇ ਲੋਭੀ ਪੁਰਸ਼ ਦਾ (ਕਦੇ) ਵਿਸਾਹ ਨ ਕਰੀਏ।

ਗੁਰਮੁਖਾਂ ਕਰਾਂ ਉਪਰਿ ਹਰਿ ਚੇਤਿਆ ਸੇ ਪਾਇਨਿ ਮੋਖ ਦੁਆਰੁ ॥ *(ਪੰਨਾ ੧੪੧੮)*

ਜਿਨ੍ਹਾਂ ਗੁਰਮੁਖਾਂ ਨੇ (ਅਤੁਟ ਕਮਾਈਆਂ ਕਰਕੇ ਸੁਆਸਿ ਸੁਆਸਿ ਅਭਿਆਸ ਦੁਆਰਾ) ਐਸੀ ਚੇਤਨੀ ਵਾਹਿਗੁਰੂ ਨੂੰ ਚੇਤਿਆ ਹੈ ਕਿ ਵਾਹਿਗੁਰੂ ਹਸਤਆਮਲ ਵਤ ਪਰਗਟ ਪਾਹਾਰੇ ਪਰਤੱਖ ਦਿਸਿ ਆਇਆ ਹੈ। ਐਸੇ ਗੁਰਮੁਖ ਜਨ ਹੀ ਮੋਖ ਦੁਆਰੇ ਨੂੰ ਪ੍ਰਾਪਤਿ ਹੁੰਦੇ ਹਨ।—ਗੁਰਮੁਖਾਂ ਚੇਤਿਆ, ਕਰਾਂ ਉਪਰਿ ਹਰਿ ਪਰਗਟ ਹੋਇਆ ਸਾਮਰਤਖ। 'ਸੇ' ਪੜਨਾਉਂ ਬਹੁ-ਵਚਨ ਹੈ ਬਹੁ-ਵਚਨਕ ਨਾਂਵ 'ਗੁਰਮੁਖਾਂ' ਪ੍ਰਥਾਇ ਲਗਦਾ ਹੈ। ਇਕ-ਵਚਨ ਦਾ ਪੜਨਾਉਂ ਹੁੰਦਾ ਤਾਂ 'ਸੇ' ਦੇ ਥਾਉਂ 'ਸੋ' ਆਉਂਦਾ। 'ਪਾਇਨਿ'—ਪਾਉਂਦੇ ਹਨ। ਨੰਨੇ ਨੂੰ ਸਿਹਾਰੀ ਬਹੁ-ਵਚਨਕ ਕਿਰਿਆ ਦੀ ਵਾਚਕ ਹੈ। 'ਮੋਖਦੁਆਰੁ' ਇਕੱਠਾ (compound) ਪਦ ਹੋਣ ਕਰਕੇ 'ਮੋਖ' ਪਦ ਦੇ ਖੱਖੇ ਅੱਖਰ ਨੂੰ ਔਂਕੜ ਲਾਉਣ ਦੀ ਲੋੜ ਨਹੀਂ ਰਹੀ। ਕਈ ਗਿਆਨੀ 'ਕਰਾਂ ਉਪਰਿ ਹਰਿ ਚੇਤਿਆ' ਦੇ ਅਰਥ ਇਉਂ ਲਾਉਂਦੇ ਹਨ ਕਿ ਗੁਰਮੁਖਾਂ ਨੇ ਹਥ ਵਿਚਿ ਮਾਲਾ ਸਿਮਰਨਾ ਫੜ ਕੇ ਅਖੰਡ ਸਿਮਰਨ ਕੀਤਾ।

ਤਨੁ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ ॥ *(ਪੰਨਾ ੧੪੧੯)*

ਤਨ ਮਨ ਜੀਅੜੇ ਸਮੇਤ ਸਉਂਪ ਦੇਵੇ (ਗੁਰੂ ਨੂੰ ਇਉਂ) ਹੁਕਮ ਅੰਦਰਿ ਨਾਮੁ ਲੈ ਕੇ ਬਿਚਰਦਾ ਰਹੇ ਸਦਾ ਹੁਕਮ ਵਿਚਿ ਹੀ ਰਹੇ, ਹੁਕਮ ਵਿਚਿ ਹੀ ਵਿਚਰੇ ਸੰਸਾਰ ਵਿਚਿ ਬਿਚਰਦਾ ਹੋਇਆ ਨਾਮ ਵਿਚਿ ਹੀ ਜੁਟਿਆ ਰਹੇ। ਨਾਮ ਹੀ ਅਨਦਿਨ ਲੈਂਦਾ ਫਿਰੇ ਹੁਕਮੀ ਬੰਦਾ ਹੋ ਕੇ। "ਏਕੋ ਨਾਮ ਹੁਕਮੁ ਹੈ"[1] ਦੇ ਭਾਵ ਅਨੁਸਾਰ ਨਾਮ ਹੀ ਲੈਂਦੇ (ਜਪਦੇ) ਰਹਿਣਾ ਹੁਕਮ ਵਿਚਿ ਹੁਕਮੀ ਬੰਦੇ ਹੋ ਕੇ ਰਹਿਣਾ ਹੈ। 'ਫਿਰਾਉ' ਅਤੇ 'ਫਿਰਉ' ਦਾ ਇਕ ਭਾਵ ਹੈ। "ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ ॥"[2] ਗੁਰਵਾਕ ਅੰਦਰਿ 'ਫਿਰਾਉ' ਤੋਂ ਭਾਵ 'ਫਿਰਉ' ਦਾ ਹੈ। 'ਜੀਅ ਸਉ'—ਜੀਅੜੇ ਸਮੇਤ।

ਤਿਸ ਕਾ ਕਿਆ ਸਾਲਾਹੀਐ ਭਾਈ ਦਰਸਨ ਕਉ ਬਲਿ ਜਾਇ ॥

ਵਾਹਿਗੁਰੂ ਦਾ ਸਾਲਾਹਣਾ ਕੀ ? ਕਿਥੇ ਤਕ ਸਾਲਾਹੀਏ ਸਾਲਾਹਣਾ ਖ਼ਤਮ ਹੈ,

---

੧. ੫॥੧॥ (ਸਿਰੀ ਰਾਗੁ ਮ: ੧, ਪੰਨਾ ੭੨)।

੨. ...੧॥੪॥੬੮॥ (ਸਿਰੀ ਰਾਗੁ ਮ: ੪, ਪੰਨਾ ੪੧)।

bsrstrust.org

ਬਸ 'ਦਰਸਨ ਕਉ ਬਲਿ ਜਾਇ' ਵਾਹਿਗੁਰੂ ਦੇ ਦਰਸਨ ਵਿਟਹੁੰ ਹੀ ਬਲਿਹਾਰ ਵਾਰਨੇ ਹੁੰਦਾ ਰਹੇ। ਜਿਥੇ ਵਾਹਿਗੁਰੂ ਦੇ ਦਰਸ਼ਨ ਹੋ ਗਏ ਬਸ ਉਥੇ ਨਿਰੋਲ ਬਿਸਮਾਦ ਦਸ਼ਾ ਤਾਰੀ ਹੋ ਗਈ। ਦਰਸ਼ਨ ਬਿਸਮਾਦਤਾ ਤਦ ਰੂਪ ਸਿਫ਼ਤਿ-ਸਾਲਾਹ ਹੈ। ਪਰੇ ਤੋਂ ਪਰੇ ਅਪਰੰਪਰ ਦਰਸ਼ਨ ਅਤੇ ਦਰਸ਼ਨ ਦੀ ਖੇਡ, ਅਤੇ ਪਰੇ ਤੋਂ ਪਰੇ ਸਿਫ਼ਤਿ-ਸਾਲਾਹੀ ਖੇਡ। 'ਤਿਸ ਕਾ'—ਵਾਹਿਗੁਰੂ ਦਰਸ਼ਨ ਕਾ। 'ਤਿਸ' ਪੜਨਾਉਂ (pronoun) 'ਦਰਸਨ' ਨਾਂਵ (noun) ਦੇ ਪਰਥਾਇ ਲਿਖਿਆ ਗਿਆ ਹੈ।

ਸਲੋਕ ਮਹਲਾ ੪

ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ॥ *(ਪੰਨਾ ੧੪੨੩)*

ਵਾਹਿਗੁਰੂ ਨਾਮੁ ("ਏਕੋ ਨਾਮੁ ਹੁਕਮੁ ਹੈ") ਹੀ (ਗੁਰ ਸਿਖਾਂ ਦਾ) ਵਰਤੁ ਹੈ। ਵਾਹਿਗੁਰੁ ਨਾਮੁ ਹੀ (ਗੁਰ ਸਿਖਾਂ ਦਾ) ਨੇਮੁ ਹੈ। ਸੁੱਚ ਸੰਜਮ ਭੀ ਇਕੋ ਵਾਹਿਗੁਰੂ ਨਾਮੁ ਹੀ ਹੈ। (ਇਸ ਨਾਮੁ ਰੂਪੀ ਹੁਕਮ ਦੇ ਕਮਾਇਆਂ) ਮਨ ਚਿੰਦਿਆ ਫਲ ਪਾਈਦਾ ਹੈ।

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥...੨੪॥

ਵਾਹਿਗੁਰੂ ਨਾਮੁ ਰੂਪੀ ਸਚੁ ਹੀ ਸਭੁ ਕਿਛੁ ਹੈ ਇਹ ਇਕੋ ਨਾਮ ਹੀ ਰਾਗ ਹੈ, ਨਾਮ ਹੀ ਨਾਦ ਹੈ ਅਤੇ ਇਸ ਸਚੁ ਰੂਪੀ ਨਾਮ ਦੀ ਕੀਮਤਿ ਕਹੀ ਨਹੀਂ ਜਾ ਸਕਦੀ।

ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥

ਵਾਹਿਗੁਰੂ ਏਹਨਾਂ ਰਾਗਾਂ ਤੋਂ ਅਪ੍ਰੰਪਰ ਹੈ ਏਹਨਾਂ ਰਾਗਾਂ ਵਿਚ ਪੈ ਕੇ ਨਾਮੁ ਰੂਪੀ ਹੁਕਮ ਨਹੀਂ ਬੁਝਿਆ ਜਾ ਸਕਦਾ।

ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਖਾਇ॥

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਜੋ ਜਨ ਨਾਮ ਰੂਪੀ ਸੱਚੇ ਹੁਕਮ ਨੂੰ ਲਖਿ ਲੈਂਦੇ ਹਨ (ਅਤੇ ਲਖ ਕੇ ਕਮਾਈਆਂ ਕਰਦੇ ਹਨ ਸੱਚੇ ਨਾਮ ਦੀਆਂ) ਤਿਨ੍ਹਾਂ ਦੇ ਕਾਬੂ ਆ ਕੇ ਰਾਗ ਭੀ ਸੋਹਣਾ ਫਲਦਾ ਫੁਲਦਾ ਹੈ (ਰਾਸਿ ਆ ਜਾਂਦਾ ਹੈ) ਸੱਚੀ ਸੋਝੀ ਸੱਚੇ ਰਾਗ ਦੀ ਸਤਿਗੁਰੂ ਤੋਂ ਹੀ ਪੈਂਦੀ ਹੈ (ਜੈਸੇ ਕਿ ਨਾਮ ਸੱਚੇ ਦੀ ਸੋਝੀ ਭੀ ਸਤਿਗੁਰੂ ਦੁਆਰੇ ਹੀ ਹੁੰਦੀ ਹੈ)।

ਸਲੋਕ ਮਹਲਾ ੫

ਜਾਂ ਮੂੰ ਇਕੁ ਤ ਲਖ ਤਉ ਜਿਤੀ ਪਿਨਣੇ ਦਰਿ ਕਿਤੜੇ॥
ਬਾਮਣੁ ਬਿਰਥਾ ਗਇਓ ਜਨੰਮੁ ਜਿਨਿ ਕੀਤੋ ਸੋ ਵਿਸਰੇ॥੪॥ *(ਪੰਨਾ ੧੪੨੫)*

ਏਥੇ 'ਬਾਮਣੁ' ਪਦ ਦੇ ਣਾਣੇ ਅੱਖਰ ਨੂੰ ਔਂਕੜ ਫ਼ਾਲਤੂ ਲਗਾ ਹੈ (ਗ਼ਲਤੀ ਨਾਲਿ), ਕਿਉਂਕਿ ਇਹ ਸਲੋਕਿ ਬਾਮਣ ਨੂੰ ਸਨਮੁਖੀ ਸੰਬੋਧਨ ਹੈ—ਮੇਰਾ ਜਦੋਂ ਇਕ

bsrstrust.org

ਵਾਹਿਗੁਰੂ ਹੀ ਸਭ ਕਿਛੁ ਹੈ ਮੈਂ ਸਭ ਲਖ ਵਿੜਿਤੇ। ਜਾਂ ਇਕ ਵਾਹਿਗੁਰੂ ਮੇਰਾ ਬਣ ਗਿਆ (ਮੇਰੇ ਵਸਿ ਆ ਗਿਆ) ਹੇ ਬਾਮਣ, ਤੇਰੇ ਜੇਹੇ ਮੰਗਤੇ ਉਸ ਦੇ ਦਰ ਤੇ ਅਣਗਿਣਤ ਹੀ ਭਟਕਦੇ ਫਿਰਦੇ ਹਨ। ਤੇਰਾ ਜਨਮ (ਹੇ ਬ੍ਰਾਹਮਣ) ਬਿਰਥਾ ਹੀ ਗਇਓ। ਕਿਉਂਕਿ ਜਿਸ ਵਾਹਿਗੁਰੂ ਸਿਰਜਨਹਾਰ ਕਰਤਾਰ ਨੇ ਤੇਰੀ ਸਾਜਨਾ ਸਾਜੀ ਸੋ ਤਾਂ ਤੈਥੋਂ ਸਾਰੀ ਉਮਰ ਵਿਸਰੇ ਹੀ ਰਹੇ ਹਨ। 'ਬਾਮਣੁ' ਵਿਸ਼ੇਸ਼ਣ ਨਹੀਂ ਹੋ ਸਕਦਾ। ਫੇਰ ਸੰਬੋਧਨ ਕਿਸ ਨੂੰ ਕੀਤਾ ਜਾਣਿਆਂ ਜਾਊ। ਇਹ ਸਾਰਾ ਸਲੋਕ ਅਵਿਪਰਾ ਹੈ।

ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥
ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥੧੦॥

ਗੁਰਮੁਖ ਸਜਨ ਜਨ ਨਾਮੁ ਧਿਆਵਨ ਵਿਚਿ ਜੁਟੇ ਹੀ ਰਹਿੰਦੇ ਹਨ। ਓਹ ਮਨੁੱਖਾ ਜਨਮ ਰੂਪੀ ਪਦਾਰਥ (ਮੂਲ ਵਸਤੂ) ਨੂੰ ਸੁਲੇਖੇ ਲਾ ਲੈਂਦੇ ਹਨ। (ਮਨੁੱਖ ਜਨਮ ਦੀ ਬਾਜ਼ੀ ਨੂੰ ਜਿਤ ਕੇ) ਸੁਰਖ਼ਰੂਈਅਤ ਸਹਿਤ ਆਪਣੇ ਅਸਲੀ ਘਰ ਗੁਰਪੁਰੀ ਨੂੰ ਪਧਾਰਦੇ (ਸਿਧਾਰਦੇ) ਹਨ। (ਓਹ ਜੀਉਂਦੇ ਜੀ) ਜਿਥੇ ਭੀ ਰਹਿੰਦੇ ਹਨ, ਚਲਦੇ ਫਿਰਦੇ ਇਕ ਥਾਂ ਵਸਦੇ ਨਾਮ ਗੁਰਮੰਤ੍ਰ ਰੂਪੀ ਸੱਚੇ ਪਰਮਾਰਥੀ ਆਦਰਸ਼ ਵਾਲੇ ਸ੍ਰੇਸ਼ਟ ਧਰਮ ਨੂੰ ਸਦਾ ਮੁਖੋਂ ਚਉਂਦੇ ਅਲਾਉਂਦੇ ਹੀ ਰਹਿੰਦੇ ਹਨ। "ਸਗਲ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥" ਗੁਰਵਾਕ ਦੇ ਭਾਵ ਅਨੁਸਾਰ ਨਾਮੁ ਹੀ ਸਾਰੇ ਧਰਮਾਂ ਤੋਂ ਸ੍ਰੇਸ਼ਟ ਧਰਮ ਹੈ।

'ਧਰਮ' ਪਦ ਦਾ ਮੰਮਾ ਅੱਖਰ ਇਸ ਕਰਕੇ ਮੁਕਤਾ ਹੈ ਕਿ ਇਸਦੇ ਅਗੇ 'ਨੂੰ' ਸਬੰਧਕੀ ਪਦ (preposition) ਮਫ਼ਹੂਮ ਹੈ। ਧਰਮ ਨੂੰ (ਨਾਮ ਨੂੰ) ਐਸੇ ਅਲਾਉਂਦੇ ਹਨ ਕਿ ਓਹਨਾਂ ਦਾ ਜਨਮ ਹੀ ਸਾਰਾ ਉਠਦਿਆਂ ਬਹਿੰਦਿਆਂ ਸੌਂਦਿਆਂ ਨਾਮ ਰਟਨ ਵਿਚਿ ਹੀ ਲੇਖੇ ਲਗਦਾ ਹੈ। ਤਾਂ ਤੇ ਜਿਸ ਅਸਥਾਨ ਤੇ ਐਸੇ ਅਭਿਆਸੀ ਗੁਰਮੁਖਿ ਜਨ ਰਹਿੰਦੇ ਜਾਂ ਬਿਚਰਦੇ ਹਨ ਉਹ ਥਾਨ (ਭਵਨ) ਹੀ ਓਹਨਾਂ ਦਾ ਪੁਨੀਤ (ਪਵਿਤ੍ਰ) ਕੀਤਾ ਹੋਇਆ ਹੁੰਦਾ ਹੈ। 'ਧਰਮ' ਪਦ ਦੇ ਅਰਥ ਏਥੇ 'ਧਰਮਰਾਇ' ਦੇ ਨਹੀਂ ਹੋ ਸਕਦੇ ਜੈਸੇ ਕਿ ਅਕਸਰ ਅਰਥਈਏ ਕਰਿਆ ਕਰਦੇ ਹਨ ! ਓਹ ਅਰਥ ਕਰਿਆ ਕਰਦੇ ਹਨ, 'ਧਰਮਰਾਇ ਦੀ ਪੁਰੀ ਵਿਚਿ ਭੀ ਜਦੋਂ ਭਜਨੀਕ ਗੁਰਮੁਖ ਜਨ ਲੰਘ ਜਾਂਦੇ ਹਨ ਤਾਂ ਧਰਮਰਾਇ ਆਖਦਾ ਹੈ (ਚਉਂਦਾ ਹੈ) ਕਿ ਮੇਰਾ ਭਵਨ ਭੀ ਤੁਸਾਂ ਪਵਿਤ੍ਰ ਕਰ ਦਿਤਾ'। ਪ੍ਰੰਤੂ ਇਹ ਅਰਥ ਉੱਕੇ ਬਿਪਰਜੇ ਹਨ। 'ਚਵਹਿ' ਪਦ ਵਰਤਮਾਨ ਕਾਲ ਕਿਰਿਆ (present tense verb) ਹੈ ਅਤੇ ਹੈ ਬਹੁ-ਵਚਨਕ ਕਿਰਿਆ, ਇਸਦਾ ਫਾਇਲ (ਕਰਤਾ, subject) ਭੀ ਬਹੁ-ਵਚਨਕ (plural) ਹੋਣਾ ਚਾਹੀਦਾ ਹੈ। ਪਰ ਇਸ ਉਪਰਲੀ ਦੁਪੰਗਤੀ ਅੰਦਰਿ 'ਧਰਮ' ਪਦ ਬਹੁ-ਵਚਨਕ (plural) ਹੈ, ਇਕ-ਵਚਨਕ (singular) ਨਹੀਂ। ਤਾਂ ਤੇ ਧਰਮਰਾਇ ਅਰਥ ਬਣ ਹੀ ਨਹੀਂ ਸਕਦੇ। ਜੇ ਇਕ-ਵਚਨ (singular) ਇਹ ਪਦ ਹੁੰਦਾ (ਧਰਮੁ ਜਾਂ ਧਰਮਰਾਇ) ਤਾਂ ਇਸ ਕਰਤੇ (singular) ਦੀ ਕਿਰਿਆ ਵਾਲਾ ਪਦ 'ਚਵਹਿ' ਦੇ ਥਾਉਂ 'ਚਵੈ' ਹੁੰਦਾ। ਨਾ ਹੀ ਕਿਸੇ ਭੀ ਕੋਸ਼ ਵਿਚਿ ਧਰਮ ਤੋਂ ਭਾਵ ਧਰਮਰਾਇ ਦਾ ਨਹੀਂ ਲਭਦਾ।

bsrstrust.org

ਖੁਭੜੀ ਕੁਥਾਇ ਮਿਠੀ ਗਲਣਿ ਕੁਮੰਤ੍ਰੀਆ ॥੧੧॥

ਭਾਵ, ਮਨਮੁਖਾਂ ਦੀ ਬੁੱਧੀ ਕੁਸੂਤੀ ਫਸ ਗਈ (ਗੁਰਮੰਤ੍ਰ ਹੀਣਸ) ਕੁਮੰਤ੍ਰੀਆਂ ਅਨਮਤੀ ਕੁਸੰਗਤੀਆਂ ਦੀ ਕੁਸੰਗਤ ਵਿਚਿ ਰਚ ਮਿਚ ਕੇ। ਜੈਸੇ ਕਿ ਮੱਖੀ ਧੱਸ ਜਾਂਦੀ ਹੈ, (ਲਾਲਚ ਕਰਕੇ) ਘੁਲਾੜੀ ਦੇ ਮਿਠੇ ਗੰਡ ਦੀ ਗਲਣੀ ਵਿਚਿ। ਤੈਸੇ ਹੀ ਕੁਸੰਗਤੀਆਂ (ਕੁਮੰਤ੍ਰੀਆਂ) ਦੀਆਂ ਮਿਠੀਆਂ ਮਿਠੀਆਂ ਗੱਲਾਂ ਵਾਲੀ ਚਸਕਣੀ (ਚਾਸਣੀ) ਫਸਾ ਲੈਂਦੀ ਹੈ ਅਮੋੜ ਮੂਰਖ ਮਨਮੁਖੀਆਂ ਨੂੰ, ਜਿਥੇ ਫਸ ਧਸ ਕੇ ਫੇਰ ਉਥੋਂ ਨਿਕਲਣਾ ਅਤੀਅੰਤ ਔਖਾ ਹੋ ਜਾਂਦਾ ਹੈ। 'ਗਲਣ'—ਧਸਣ, ਜਿਲ੍ਹਣ। 'ਕੁਮੰਤ੍ਰੀਆ' ਦੇ ਐੜੇ ਕੰਨੇ ਨੂੰ ਬਿੰਦਾ ਭੀ ਉਠਾਉ।

ਸਲੋਕ ਮਹਲਾ ੯

ਏਹਨਾਂ ਸਲੋਕਾਂ ਵਿਚਿ ਲਗਮਾਤ੍ਰਾਂ ਦੀ ਬਣਤਰ ਰਚਨਾ ਨਿਰਾਲੀ ਹੀ ਅੰਕਤ ਕੀਤੀ ਹੋਈ ਹੈ। ਕਾਰਨ ਇਹੀ ਜਾਪਦਾ ਹੈ ਕਿ ਇਹ ਸਲੋਕ ਭਾਈ ਗੁਰਦਾਸ ਜੀ ਦੀ ਹਸਤ ਕੰਮਲਣੀ ਲਿਖਤ ਦੇ ਨਹੀਂ। ਇਹ ਭੇਦ ਰਖਣ ਲਈ ਕਿ ਸਮੱਗਰ ਬਾਣੀ ਤੇ ਪਿਛੋਂ ਸ੍ਰੀ ਦਸਮੇਸ਼ ਜੀ ਨੇ ਕਿਸੇ ਹੋਰਸ ਗੁਰਮੁਖ ਹਸਤ ਕਮਲ (ਜਿਹਾ ਕਿ ਪ੍ਰਸਿਧ ਹੈ ਕਿ ਭਾਈ ਮਨੀ ਸਿੰਘ ਜੀ) ਤੋਂ ਲਿਖਵਾਏ ਹਨ ਏਹਨਾਂ ਦਾ ਨਿਰਾਲਾ ਵਿਲੱਖਣ ਭੇਦ ਦਰਸਾਇਆ ਹੈ।

(੧) 'ਕਉ' ਦੇ ਥਾਉਂ 'ਕੌ' ਕੱਕੇ ਕਨੌੜੇ ਨਾਲ ਵਰਤਿਆ ਗਿਆ ਹੈ। "ਕਹੁ ਨਾਨਕ ਹਰਿ ਭਜੁ ਮਨਾ ਜਿਹਿ ਬਿਧਿ ਜਲ ਕੌ ਮੀਨ॥" ਸਮੱਗਰ ਗੁਰਬਾਣੀ ਵਿਚਿ ਆਈ ਸਮੁੱਚੀ ਮੰਨੀ ਪਰਮੰਨੀ ਨਿਯਮਾਵਲੀ ਅਨੁਸਾਰ 'ਜਲ ਕਉ ਮੀਨ' ਦੀ ਲਿਖਤ ਅੰਕਤਾਵਲੀ ਆਉਣੀ ਚਾਹੀਦੀ ਸੀ 'ਜਲ ਕੌ ਮੀਨ' ਦੇ ਥਾਉਂ। ਪਰ ਹੁਣ ਏਹਨਾਂ ਸਲੋਕਾਂ ਵਿਚਿ 'ਕਉ' ਦੇ ਥਾਉਂ 'ਕੌ' ਹੀ ਵਰਤਿਆ ਗਿਆ ਹੈ। ਊੜੇ ਔਂਕੜ ਦੀ ਜਗ੍ਹਾ ਕਨੌੜਾ ਹੀ ਆਉਂਦਾ ਹੈ।

ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ॥੨॥

ਇਸ ਪੰਗਤੀ ਵਿਖੇ 'ਪਰੈ ਨ ਜਮਕੀ ਫਾਸ' ਦਾ ਅਨ੍ਹੈ ਇਉਂ ਹੈ 'ਜਮ ਕੀ ਫਾਸ ਨ ਪਰੈ'—ਜਮ ਕੀ ਫਾਹੀ ਨਹੀਂ ਪੈਂਦੀ ਹੈ। 'ਪਰੈ' ਵਰਤਮਾਨ ਕਾਲ ਕਿਰਿਆ (present tense verb) ਦਾ ਕਰਮ ਹੈ, 'ਫਾਸ' ਕੀ ਨਹੀਂ ਪੈਂਦੀ ? ਫਾਂਸ ਜਮ ਕੀ ਨਹੀਂ ਪੈਂਦੀ ? ਇਹ ਪੱਕੀ ਗੱਲ ਹੈ ਕਿ ਭਜਨ ਕੀਤਿਆਂ ਜਮਕੀ ਫਾਂਸ ਪੈਂਦੀ ਹੀ ਨਹੀਂ ਕਦਾਚਿਤ।

ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ॥...੩॥

ਜੁਆਨੀ (ਤਰਣਾਪਾ) ਵਾਲਾ ਸਮਾਂ ਐਵੇਂ ਹੀ ਬਤੀਤ ਹੋਇਆ, ਬਿਰਥਾ ਹੀ ਗਇਆ ਭਜਨ ਬਿਹੂਣਾ। ਬੁਢੇਪੇ ਨੇ ਹੀ ਤਨੁ ਜਿੱਤ ਲਿਆ ਭਾਵ ਬੁਢੇਪੇ ਨੇ ਆ ਡੇਰੇ ਜਮਾਏ ਤਨ ਨੂੰ ਗ੍ਰਸ ਕੇ। 'ਤਰਨਾਪੋ' ਨਾਲੋਂ 'ਇਉ ਹੀ' ਪਾਠ ਨਿਖੇੜ ਕੇ ਕਰਨਾ

bsrstrust.org

ਚਾਹੀਦਾ ਹੈ। ਬਹੁਤ ਸਾਰੇ ਪਾਠੀ ਗਡਮਡ ਕਰ ਦਿੰਦੇ ਹਨ। 'ਜਰਾ'—ਜਰਾ ਨੇ, ਬੁਢੇਪੇ ਨੇ। 'ਜਰਾ' ਪਦ ਦੇ ਰਾਰੇ ਦੇ ਕੰਨੇ ਵਿਚੋਂ 'ਨੇ' ਦਾ ਅਰਥ ਪ੍ਰਭਾਵਤ ਹੁੰਦਾ ਹੈ। ਕੰਨੇ ਦੀ ਸ਼ਕਲ ਨਹੀਂ ਬਦਲੀ ਦੀ।

ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨ[1] ॥...੪॥

ਇਸ ਪੰਗਤੀ ਵਿਚਿ 'ਕਾਲੁ' ਪਦ ਦੇਹੁਰੀ ਦੀਪਕ ਹੈ। 'ਸੂਝੈ ਨਹੀ' ਨਾਲਿ ਭੀ ਲਗਦਾ ਹੈ ਅਤੇ 'ਪਹੂਚਿਓ ਆਨ' ਨਾਲਿ ਭੀ ਲਗਦਾ ਹੈ 'ਸੂਝੈ ਨਹੀ ਕਾਲੁ' ਤੇ 'ਕਾਲੁ ਪਹੂਚਿਓ ਆਨ' ਇਉਂ ਦੋਵੇਂ ਥੰਨੇ 'ਕਾਲੁ' ਪਦ ਲਗਦਾ ਹੈ। ਕਾਲ ਆਇ ਪਹੁੰਚਾ ਹੈ ਪਰ ਸੁਝਦਾ ਨਹੀਂ। ਬਿਰਧ ਭਇਆਂ ਕਾਲ ਸਿਰ ਤੇ ਹੀ ਆਇ ਪਹੁੰਚਿਆ ਸਮਝਿਆ ਜਾਂਦਾ ਹੈ। 'ਆਨ' ਆਇ ਕਰਕੇ (ਆਇ ਪਹੁੰਚਿਆ ਹੈ) (ਆਇ ਕਰਕੇ ਪਹੁੰਚਿ ਗਇਆ ਹੈ ਸਿਰ ਤੇ)। ਨੰਨੇ ਅੱਖਰ ਨੂੰ ਸਿਹਾਰੀ ਹੋਣੀ ਚਾਹੀਦੀ ਹੈ। ਨੰਨੇ ਨਾਲਿ 'ਆਨ' ਪਦ ਜਦੋਂ ਨੰਨੇ ਮੁਕਤੇ ਨਾਲ ਹੋਊ ਤਾਂ ਇਸ ਦੇ ਅਰਥ 'ਹੋਰ' ਦੇ ਹੋਣਗੇ ਯਾ 'ਇਜ਼ਤ' ਦੇ ਹੋਣਗੇ। ਯਥਾ "ਸੰਤਨ ਕੀ ਰਾਖੀ ਆਨ॥"

ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨ[1] ॥੪॥

ਗੁਰੂ ਨਾਨਕ (ਨੌਵੀਂ ਗੁਰੂ ਪਾਤਸ਼ਾਹੀ) ਫ਼ੁਰਮਾਉਂਦੇ ਹਨ ਹੇ ਨਰ ਬਾਵਰੇ (ਅਜੇ ਭੀ) ਤੂੰ ਕਿਉਂ ਨਹੀਂ ਭਜਦਾ ਹੈਂ ਭਗਵਾਨ ਨੂੰ। 'ਨਰ' ਪਦ ਦਾ ਰਾਰਾ ਅੱਖਰ ਮੁਕਤਾ ਹੈ ਸੰਬੋਧਕ ਹੋਣ ਕਰਕੇ, 'ਹੇ ਨਰ' ਦੀ ਭਾਖਿਆ ਹੋਣ ਕਰਿ। 'ਭਗਵਾਨ' ਪਦ ਦਾ ਨੰਨਾ ਅੱਖਰ ਭੀ ਮੁਕਤਾ ਹੈ ਕਿਉਂਕਿ ਇਸ ਦੇ ਅਗੇ 'ਨੂੰ' ਸੰਬੰਧਕ ਪਦ (preposition) ਅਰਥ ਬੋਧਕ ਹੈ।

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥...੫॥

ਦੌਲਤ, ਇਸਤ੍ਰੀ (ਨਿਜ ਨਾਰੀ) ਅਤੇ ਸਾਰੀ ਸਮੱਗਰੀ (ਤੂੰ ਹੇ ਮਨ) ਆਪਣੀ ਕਰਕੇ ਮਤ ਮੰਨੀ। 'ਜਿਨਿ' ਪਦ ਦੇ ਅਰਥ ਏਥੇ 'ਮੱਤ', 'ਨਾਂ' ਦੇ ਹਨ। ਅਕਸਰ ਗਿਆਨੀ ਅਰਥਈਏ ਇਸ ਪਦ ਦਾ ਅਰਥ ਕਰਦੇ ਹਨ 'ਜਿਨ੍ਹਾਂ ਨੇ' ਜਾਂ 'ਜਿਨ੍ਹਾਂ ਨੂੰ'। 'ਜਿਨ੍ਹਾਂ ਨੂੰ' ਤਾਂ ਅਰਥ ਹੋ ਹੀ ਨਹੀਂ ਸਕਦੇ ਕਿਉਂਕਿ ਨੰਨੇ ਅੱਖਰ ਨੂੰ ਸਿਹਾਰੀ ਸਾਫ਼ ਲਗੀ ਪਈ ਹੈ ਜੋ 'ਨੂੰ' ਦੇ ਅਰਥ ਹੋਣ ਹੀ ਨਹੀਂ ਦਿੰਦੀ। 'ਨੂੰ' ਦੇ ਅਰਥ ਤਾਂ ਤਦ ਲਗ ਸਕਦੇ, ਜੇਕਰ ਨੰਨਾ ਅੱਖਰ ਮੁਕਤਾ ਹੁੰਦਾ ਅਤੇ 'ਜਿਨ੍ਹਾਂ ਨੇ' ਅਰਥ ਹੋ ਸਕਦੇ ਹਨ ਕਿਉਂਕਿ ਸਿਹਾਰੀ 'ਨੇ' ਦੇ ਅਰਥ ਭੀ ਦਿਆ ਕਰਦੀ ਹੈ। ਪਰ ਇਸ ਦਾ ਅਗੇ ਕੁਛ ਸਿੱਟਾ ਨਹੀਂ ਨਿਕਲਦਾ। ਹੋਣਾ ਤਾਂ ਇਉਂ ਚਾਹੀਦਾ ਹੈ ਕਿ ਜਿਨ੍ਹਾਂ ਨੇ ਧਨ ਸੰਪਤ ਆਦਿ ਸਮੱਗਰੀ ਆਪਣੀ ਕਰਕੇ ਮੰਨੀ ਹੈ ਅਗੇ ਤਿਨ੍ਹਾਂ ਨੂੰ ਜਾਂ ਤਿਨ੍ਹਾਂ ਨੇ ਦਾ ਅਭਿਪਰਾ ਮਈ ਉੱਤਰ ਵਾ ਹੱਲ ਕੁਛ ਹੋਣਾ ਚਾਹੀਦਾ ਹੈ ਪ੍ਰੰਤੂ ਕੁਛ ਨਹੀਂ। ਇਸ ਤੋਂ ਅਗਲੇਰੀ ਪੰਗਤੀ ਹੈ ਓਹ ਸ੍ਵੈ ਸੁਤੰਤਰੀ ਅਰਥ ਰਖਦੀ ਹੈ। ਉਸ ਦੇ ਅਰਥ ਦਾ 'ਜਿਨ੍ਹਾਂ ਨੇ' ਪ੍ਰਣਾਏ

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਆਨਿ' ਅਤੇ 'ਭਗਵਾਨੁ' ਹੈ। *—ਪ੍ਰਕਾਸ਼ਕ*

bsrstrust.org

ਅਰਥਾਂ ਨਾਲਿ ਕੋਈ ਤੁਅੱਲਕ ਸਿੱਧ ਨਹੀਂ ਹੁੰਦਾ। ਅਜੇ 'ਜਿਨ੍ਹਾਂ ਨੂੰ' ਦੇ ਅਰਥ ਕੀਤਿਆਂ ਤਾਂ ਅਗਲੇਰੀ ਪੰਗਤੀ ਦੇ ਅਰਥ ਨਾਲਿ ਲਗਦੇ ਸਿੱਧ ਹੋ ਜਾਣਗੇ। "ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ॥" ਏਹਨਾਂ ਵਿਚੋਂ ਤੇਰਾ ਕੋਈ ਸੰਗੀ ਨਹੀਂ (ਜਿਨ੍ਹਾਂ ਨੂੰ ਤੂੰ ਆਪਣੇ ਮੰਨੀ ਫਿਰਦਾ ਹੈਂ) ਇਹ ਗੱਲ ਸੱਚੀ ਕਰਕੇ ਜਾਣੀ। ਪਰ 'ਜਿਨਿ' ਦੇ ਨੰਨੇ ਨੂੰ ਲਗੀ ਸਿਹਾਰੀ 'ਜਿਨਾਂ ਨੂੰ' ਦੇ ਅਰਥ ਉੱਕੇ ਹੀ ਨਹੀਂ ਹੋਣ ਦਿੰਦੀ। ਐਸਾ ਲਗਮਾਤ੍ਰੀ ਨਿਯਮ ਉੱਕਾ ਹੈ ਹੀ ਨਹੀਂ ਜਿਸ ਤੋਂ ਕਿਸੇ ਅੱਖਰ ਨੂੰ ਲੱਗੀ ਸਿਹਾਰੀ ਦੇ 'ਨੂੰ' ਦੇ ਅਰਥ ਪ੍ਰੋੜ੍ਹਤ ਹੋ ਜਾਣ। ਤਾਂ ਤੇ 'ਜਿਨਿ' ਪਦ ਦੇ ਅਰਥ ਏਥੇ 'ਮੱਤ', 'ਨਾ' ਦੇ ਹੀ ਸਹੀ ਹਨ।

"ਇਨ ਮੈ ਕਛੁ ਸੰਗੀ ਨਹੀ" ਪੰਗਤੀ ਦੇ 'ਮੈ' ਪਦ ਤੋਂ ਭੇਦ ਨੰਬਰ (੨) ਪਰਗਟ ਹੋਇਆ ਕਿ ਨੌਵੇਂ ਮਹੱਲੇ ਦੇ ਏਹਨਾਂ ਸਲੋਕਾਂ ਵਿਚਿ 'ਮਹਿ' ਦੇ ਥਾਉਂ 'ਮੈ' ਪਦ ਵਰਤਿਆ ਜਾਂਦਾ ਹੈ। ਓਹਨਾਂ ਹੀ ਅਰਥਾਂ ਵਿਚਿ ਦੋਹਾਂ ਦਾ 'ਵਿਖੇ' ਦਾ ਅਰਥ ਦਿੰਦਾ ਹੈ। ਸਮੱਗਰ ਬਾਣੀ (ਗੁਰਬਾਣੀ) ਅੰਦਰਿ 'ਵਿਖੇ' ਦੇ ਅਰਥਾਂ ਵਿਚਿ 'ਮਹਿ' ਹੀ ਪਦ ਵਰਤਿਆ ਗਿਆ ਹੈ। ਮੰਮੇ ਅੱਖਰ ਅਗੇ ਹਾਹੇ ਨੂੰ ਸਿਹਾਰੀ ਜ਼ਰੂਰ ਆਉਂਦੀ ਹੈ। ਪਰ ਏਥੇ ਏਹਨਾਂ ਸਲੋਕਾਂ ਅੰਦਰਿ ਨਵ-ਬਣਤਰੀ ਫ਼ਰਕ ਇਸ ਪਦ ਦੀ ਬਣਤਰ ਵਿਚਿ ਹੀ ਪਰਗਟ ਹੋ ਗਿਆ ਕਿ ਸਲੋਕਾਂ ਵਿਚਿ 'ਮਹਿ' ਦੇ ਥਾਉਂ 'ਮੈ' ਮੰਮੇ ਦੁਲਾਈਆਂ ਨਾਲਿ ਵਰਤਿਆ ਜਾਂਦਾ ਹੈ। 'ਸੰਪਤਿ' (ਸਪਤੀ) ਇਸਤ੍ਰੀ-ਲਿੰਗ ਨਾਂਵ (feminine gender noun) ਦਾ ਵਿਸ਼ੇਸ਼ਣ ਹੋਣ ਕਰਿ 'ਸਗਲ' ਪਦ ਭੀ ਇਸਤ੍ਰੀ-ਲਿੰਗ ਦਰਸਾਇਆ ਅੰਕਤ ਕੀਤਾ ਗਿਆ ਹੈ। ਇਸ ਕਰਕੇ ਇਸ ਦਾ ਲੱਲਾ ਮੁਕਤਾ ਹੈ। 'ਸਗਲੁ, ਸਗਲ, ਸਗਲਿ ' ਤੇਹਾਂ ਪਦਾਂ ਦੇ ਅਰਥਾਂ ਵਿਚਿ ਭੇਦ ਹੈ, ਜਿਵੇਂ 'ਸਭ, ਸਭੁ, ਸਭਿ' ਵਿਚਿ ਹੈ।

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ॥...੬॥

ਅਨਾਥਾਂ ਦੇ ਨਾਥ ਹਨ ਵਾਹਿਗੁਰੂ ਸਾਹਿਬ, ਪਤਿਤ ਉਧਾਰਨ ਹਨ (ਪਤਿਤਾਂ ਦੇ ਉਧਾਰਨਹਾਰੇ ਹਨ) ਭੈ ਹਰਨ (ਭੈ ਦੇ ਦੂਰਿ ਕਰਨਹਾਰੇ) ਹਨ। ਏਥੇ ਹਰੀ ਵਾਹਿਗੁਰੂ ਸਤਿਕਾਰ ਵਜੋਂ ਬਹੁ-ਵਚਨ ਨਾਂਵ (plural noun) ਕਰਿ ਪ੍ਰਗਟਾਏ ਗਏ ਹਨ। ਏਸੇ ਕਰਕੇ 'ਪਤਿਤ ਉਧਾਰਨ' ਅਤੇ 'ਭੈ ਹਰਨ' ਪਦਾਂ ਦੇ ਨੰਨੇ ਅੱਖਰ (ਪਿਛਲੇ) ਮੁਕਤੇ ਹਨ ਅਤੇ 'ਨਾਥ' ਦਾ ਥੱਥਾ ਅੱਖਰ ਭੀ ਮੁਕਤਾ ਹੀ ਆਇਆ ਹੈ।

ਤਨੁ ਧਨੁ ਜਿਹ ਤੋਕਉ ਦੀਓ ਤਾਂ ਸਿਉ ਨੇਹੁ ਨ ਕੀਨ॥...੭॥

ਇਸ ਪੰਗਤੀ ਅੰਦਰਿ 'ਜਿਹ' ਪਦ ਦੇ ਹਾਹੇ ਅੱਖਰ ਨੂੰ ਸਿਹਾਰੀ ਹੋਣੀ ਚਾਹੀਦੀ ਹੈ (ਲਗਮਾਤ੍ਰੀ ਨਿਯਮਾਂ ਅਨੁਸਾਰ), ਗ਼ਲਤੀ ਨਾਲਿ ਜਾਂ ਅਨਗਹਿਲੀ ਨਾਲਿ ਨਹੀਂ ਲਗੀ। 'ਤੋਕਉ' ਪਦ ਫੇਰ ਊੜੇ ਔਂਕੜ ਸਹਿਤ ਹੈ। ਏਥੇ ਕੱਕੇ ਨੂੰ ਕਨੌੜਾ ਨਹੀਂ ਜੈਸੇ ਅਗੇ ਲਾਇਆ ਗਿਆ ਸੀ। ਐਸਾ ਪਰਤੀਤ ਹੁੰਦਾ ਹੈ ਕਿ ਲਿਖਾਰੀ ਜਾਂ ਛਾਪੇ ਵਾਲੇ ਕੰਪਾਜ਼ੀਟਰਾਂ ਦੀ ਹੀ ਮਨ ਮਰਜ਼ੀ ਵਾਲੀ ਗ਼ਲਤੀ ਹੈ, ਕੋਈ ਨਵਾਂ ਨਿਯਮਕ ਭੇਦ ਨਹੀਂ।

bsrstrust.org

ਜਿਹਿ[1] ਸਿਮਰਤ ਗਤਿ ਪਾਈਐ ਤਿਹਿ[1] ਭਜੁ ਰੇ ਤੈ ਮੀਤ ॥...੧੦॥

ਜਿਸ ਦੇ ਸਿਮਰਿਆਂ ਗਤੀ (ਕਲਿਆਣ) ਪਾਈਦੀ ਹੈ ਤਿਸ ਨੂੰ ਹੇ ਮੇਰੇ ਮੀਤ ਤੂੰ ਭਜੁ। ਏਥੇ ਇਸ ਤੁਕ ਵਿਖੇ 'ਜਿਹਿ' ਪਦ ਦੇ ਹਾਹੇ ਨੂੰ ਸਿਹਾਰੀ ਨਿਹਾਇਤ ਅਨਗਹਿਲੀ ਨਾਲਿ ਲਾਈ ਹੈ ਲਾਉਣਹਾਰੇ ਨੇ (ਨਿਯਮਾਂ ਤੋਂ ਉਲਟ)। ਐਸਾ ਜਾਪਦਾ ਹੈ ਲਗਾਂਮਾਤ੍ਰਾਂ ਲਾਉਣ ਛਪਾਉਣ ਹਾਰਾ ਜਾਂ ਤਾਂ ਨਿਯਮਾਂ ਦਾ ਜਾਣੂ ਪਛਾਣੂ ਹੀ ਨਹੀਂ ਜਾਂ ਨਿਹਾਇਤ ਅਲਗਰਜ਼ ਹੈ। 'ਤੈ ਮੀਤ' ਏਥੇ 'ਤੈ' ਪਦ ਦੇ ਅਰਥ 'ਤੂੰ' ਹੀ ਫਬਦੇ ਹਨ। 'ਤੈ' ਪਦ 'ਤੈਂਡਾ' ਜਾਂ 'ਤੈਂਡੇ' ਪ੍ਰਥਾਇ 'ਤੇਰਾ' ਯਾ 'ਤੇਰੋ' ਯਾ 'ਤੁਝ' ਪ੍ਰਥਾਇ ਭੀ ਵਰਤਿਆ ਜਾਂਦਾ ਹੈ ਬਥੇਰੀ ਥਾਵੇਂ ਗੁਰਬਾਣੀ ਅੰਦਰਿ। ਇਥੇ 'ਤੂੰ' ਦੇ ਥਾਉਂ ਵਰਤਿਆ ਜਾਣਾ ਇਕ ਵਿਲੱਖਣੀ ਗੱਲ ਹੀ ਜਾਪਦੀ ਹੈ। 'ਤਿਹਿ ਭਜੁ ਰੇ ਤੈ ਮੀਤ'—ਤਿਸ ਤੈਂਡੇ (ਆਪਣੇ) ਮੀਤ ਨੂੰ (ਸੱਚੇ ਮਿਤ੍ਰ ਵਾਹਿਗੁਰੂ ਨੂੰ) ਭਜੁ ਹੇ ਭਾਈ ਮਨਾਂ। ਇਉਂ ਅਰਥ ਬਣਨਗੇ ਜੇਕਰ 'ਤੈ' ਤੋਂ ਭਾਵ 'ਤੈਂਡੇ' ਲਿਆ ਜਾਵੇ। 'ਤਿਸ ਨੂੰ ਭਜੁ (ਜੋ) ਤੇਰਾ ਮੀਤ ਹੈ'—ਇਹ ਅਰਥ ਤਾਂ ਤਦ ਬਣਨ ਜੇਕਰ 'ਮੀਤ' ਦੇ ਤੱਤੇ ਅੱਖਰ ਨੂੰ ਔਂਕੜ ਹੋਵੇ। ਪਰ ਹੈ ਮੁਕਤਾ ਤੱਤਾ ਅੱਖਰ।

ਸੁਖੁ ਦੁਖੁ ਜਿਹ ਪਰਸੈ ਨਹੀ ਲੋਭ[1] ਮੋਹ[1] ਅਭਿਮਾਨੁ ॥
ਕਹੁ ਨਾਨਕ ਸੁਨੁ[1] ਰੇ ਮਨਾ ਸੋ ਮੂਰਤ[1] ਭਗਵਾਨੁ[1] ॥੧੩॥

ਏਸ ਦੁਪੰਗਤੀ ਵਿਖੇ ਲਗਮਾਤ੍ਰੀ ਨਿਯਮਾਂ ਪ੍ਰਤਿਕੂਲ 'ਲੋਭ' ਤੇ 'ਮੋਹ' ਪਦਾਂ ਦੇ ਪਿਛਲੇ ਅੱਖਰ ਭੱਭਾ ਤੇ ਹਾਹਾ ਮੁਕਤੇ ਹਨ। ਦੋਹਾਂ ਨੂੰ ਔਂਕੜ ਲਗਣੇ ਚਾਹੀਦੇ ਹਨ। 'ਸੁਨ' ਪਦ ਦੇ ਨੰਨੇ ਅੱਖਰ ਨੂੰ ਸਿਹਾਰੀ ਹੋਣੀ ਚਾਹੀਦੀ ਹੈ ਅਤੇ 'ਮੂਰਤ' ਪਦ ਦੇ ਤੱਤੇ ਅੱਖਰ ਨੂੰ ਭੀ ਸਿਹਾਰੀ ਹੋਣੀ ਚਾਹੀਦੀ ਹੈ। ਫੇਰ ਇਉਂ ਸ਼ੁੱਧ ਅਰਥ ਬਣਦੇ ਹਨ—ਜਿਸ (ਜਨ) ਨੂੰ ਨਾ ਦੁਨੀਆਵੀ ਦੁਖੁ ਪੋਹੰਦਾ ਹੈ ਨਾ ਸੁਖੁ ਪੋਹੰਦਾ ਹੈ ਨਾ ਲੋਭੁ ਮੋਹ ਤੇ ਅਭਿਮਾਨੁ। ਗੁਰੂ ਨਾਨਕ ਸਾਹਿਬ ਮਨ ਨੂੰ ਸੰਬੋਧਨ ਕਰਕੇ ਫ਼ੁਰਮਾਉਂਦੇ ਹਨ ਕਿ ਐਸਾ ਜਨੁ (ਗੁਰਮੁਖਿ) ਭਗਵਾਨ ਦੀ ਮੂਰਤੀ ਹੀ ਹੈ।

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥

ਇਸ ਸਲੋਕ ਦੀਆਂ ਦੋਹਾਂ ਤੁਕਾਂ ਦੇ ਪਿਛਲੇਰੇ ਪਦਾਂ ਦੇ ਪਿਛਲੇਰੇ ਨੰਨੇ ਅੱਖਰਾਂ ਨੂੰ ਔਂਕੜ ਲਗੇ ਹਨ। ਹੋਰ ਕਿਸੇ ਸਲੋਕ ਵਿਚਿ ਐਸਾ ਨਹੀਂ ਹੋਇਆ। ਹਾਲਾਂਕਿ ਐਸੇ ਪਦ ਸਾਰੇ ਸਨਮੁਖ ਸੰਬੋਧਨੀ ਕਿਰਿਆ (vocative case) ਹਨ। ਇਸ ਤੋਂ ਪਰਤੀਤ ਹੁੰਦਾ ਹੈ ਕਿ ਏਹਨਾਂ ਸਲੋਕਾਂ ਵਿਚਿ ਲਗਾਂਮਾਤ੍ਰਾਂ ਔਂਕੜ ਆਦਿਕ ਲਾਉਣ ਵਿਚਿ ਖ਼ਾਸ ਤਵੱਜੋਂ ਨਹੀਂ ਦਿਤੀ ਗਈ। ਬੜੀ ਬੇਪਰਵਾਹੀ ਕੀਤੀ ਗਈ ਹੈ। 'ਅੰਤਰੁ' ਪਦ ਤੋਂ ਭਾਵ ਏਥੇ 'ਅੰਤਰਾ' ਦਾ ਹੈ।

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਜਿਹ', 'ਤਿਹ', 'ਲੋਭੁ', 'ਮੋਹੁ', 'ਸੁਨੁ', 'ਮੂਰਤਿ' ਅਤੇ 'ਭਗਵਾਨ' ਹੈ। *—ਪ੍ਰਕਾਸ਼ਕ*

bsrstrust.org

ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥
ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨਿ[1] ॥੩੪॥

ਏਥੇ 'ਬਹੁਤੁ' ਪਦ ਦੇ ਤੱਤੇ ਅੱਖਰ ਨੂੰ ਔਂਕੜ ਐਵੇਂ ਹੀ ਲਗਾ ਦਿਤਾ ਗਿਆ ਹੈ। ਕਿਉਂਕਿ 'ਜਤਨ' ਪਦ ਨਾਂਵ (noun) ਬਹੁ-ਵਚਨ (plural) ਹੈ। ਇਸ ਦਾ ਵਿਸ਼ੇਸ਼ਣ 'ਬਹੁਤ' ਭੀ ਬਹੁ-ਵਚਨ ਹੋਣਾ ਚਾਹੀਦਾ ਹੈ (ਬਹੁਤ ਜਤਨ ਮੈ ਕਰਿ ਰਹਿਓ)। ਪਰ ਐਸਾ ਜਾਪਦਾ ਹੈ ਕਿ ਇਥੇ 'ਬਹੁਤੁ' ਪਦ ਤੱਤੇ ਔਂਕੜ ਨਾਲਿ ਨਾਂਵ (noun) 'ਜਤਨ' ਪਦ ਦਾ ਵਿਸ਼ੇਸ਼ਣ ਨਹੀਂ ਬਣਦਾ, 'ਕਰਿ ਰਹਿਓ' ਕਿਰਿਆ ਦਾ ਕਿਰਿਆ ਵਿਸ਼ੇਸ਼ਣ ਹੈ (ਬਹੁਤ ਕਰਿ ਰਹਿਓ), ਇਉਂ ਤਾਂ ਸਰ ਜਾਂਦਾ ਹੈ। 'ਭਗਵਾਨਿ' ਪਦ ਦੇ ਨੰਨੇ ਅੱਖਰ ਦੀ ਸਿਹਾਰੀ ਬਿਲਕੁਲ ਫ਼ਾਲਤੂ ਹੈ।

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥...੩੯॥

ਇਸ ਪੰਗਤੀ ਵਿਖੇ 'ਬਹੁਤ' ਪਦ ਦਾ ਤੱਤਾ ਅੱਖਰ ਮੁਕਤਾ ਹੀ ਹੈ ਸੋ ਠੀਕ 'ਜਤਨ' ਪਦ ਬਹੁ-ਵਚਨ ਦਾ ਵਿਸ਼ੇਸ਼ਣ ਰੂਪ ਹੀ ਹੈ। ਸ਼ਾਇਦ ੩੪ ਨੰਬਰ ਸਲੋਕ ਵਿਚ ਭੀ ਏਵੇਂ ਜ਼ਿਕੁਰ ਹੀ ਹੋਵੇ।

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤਿ ॥
ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ ॥੪੨॥

ਇਸ ਸਲੋਕ ਦੀ ਪਹਿਲੀ ਪੰਗਤੀ ਦੇ ਪਿਛਲੇ ਪਦ ਦੇ ਛੇਕੜਲੇ ਅੱਖਰ ਤੱਤੇ ਨੂੰ ਸਿਹਾਰੀ ਬਿਲਕੁਲ ਫ਼ਾਲਤੂ ਲਗੀ ਹੈ। ਕੁਛ ਮਾਅਨੇ ਨਹੀਂ ਰਖਦੀ। ਦੂਜੀ ਪੰਗਤੀ ਵਿਖੇ 'ਜਿਹਿ' ਤੇ 'ਤਿਹਿ' ਪਦਾਂ ਦੀਆਂ ਪਿਛਲੇ ਅੱਖਰਾਂ ਦੀਆਂ ਸਿਹਾਰੀਆਂ ਬਿਲਕੁਲ ਦਰੁਸਤ ਹਨ।

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹਿ[1] ਜਿਉ ਕੁੰਚਰ ਇਸਨਾਨੁ ॥੪੬॥

ਇਸ ਸਲੋਕ ਦੀ ਦੂਜੀ ਪੰਗਤੀ ਦੇ 'ਤਿਹਿ' ਪਦ ਦੇ ਹਾਹੇ ਅੱਖਰ ਨੂੰ ਸਿਹਾਰੀ ਬਿਲਕੁਲ ਫ਼ਾਲਤੂ ਹੀ ਲਗੀ ਹੋਈ ਹੈ।

ਸਿਰੁ ਕੰਪਿਓ ਪਗ ਡਗਮਗੈ[1] ਨੈਨ ਜੋਤਿ ਤੇ ਹੀਨ ॥...੪੭॥

ਇਸ ਪੰਗਤੀ ਦੇ ਪਦ 'ਡਗਮਗੈ' ਦੇ ਗੱਗੇ ਅੱਖਰ ਨੂੰ ਦੁਲਾਈਆਂ ਦੇ ਥਾਉਂ ਗੱਗੇ ਤੇ ਅਗੇ ਸਿਹਾਰੀ ਸਹਿਤ ਹਾਹਾ ਚਾਹੀਦਾ ਹੈ ਅਰਥਾਤ 'ਡਗਮਗੈ' ਦੇ ਥਾਉਂ 'ਡਗਮਗਹਿ' ਪਦ ਚਾਹੀਦਾ ਹੈ ਕਿਉਂਕਿ 'ਪਗ' ਪਦ ਨਾਉਂ (noun) ਏਥੇ ਬਹੁ-ਵਚਨ ਹੈ। ਤਾਂ ਤੇ ਇਸਦੀ ਕਿਰਿਆ ਭੀ ਬਹੁ-ਵਚਨ ਵਾਚਕ ਹੋਣੀ ਲੋੜੀਐ।

ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ॥
ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥੪੮॥

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਭਗਵਾਨੁ', 'ਤਿਹ' ਅਤੇ 'ਡਗਮਗੋ' ਹੈ। *—ਪ੍ਰਕਾਸ਼ਕ*

bsrstrust.org

ਮੈਂ ਜਗਤੁ ਆਪਣਾ ਕਰਕੇ ਦੇਖਿਆ ਪਰ ਦਰਅਸਲ ਕੋਈ ਕਿਸੇ ਦਾ ਨਹੀਂ। ਇਕ ਵਾਹਿਗੁਰੂ ਦੀ ਭਗਤੀ ਹੀ ਨਾਲਿ ਨਿਭਦੀ ਹੈ। ਤਾਂ ਤੇ ਇਸ ਭਗਤੀ ਨੂੰ ਹੀ ਮਨ ਵਿਚਿ ਧਾਰਨ ਕਰਕੇ ਰਖਹੁ। 'ਮੈ' ਪਦ ਪਹਿਲੀ ਪੰਗਤੀ ਵਿਚਿ 'ਮਹਿ' ਦੇ ਅਰਥਾਂ ਵਿਚਿ ਨਹੀਂ ਵਰਤਿਆ ਗਿਆ। ਹੋਰ ਸਾਰੇ ਸਲੋਕਾਂ ਵਿਚਿ 'ਮਹਿ' ਦੇ ਥਾਉਂ ਵਰਤਿਆ ਗਿਆ ਹੈ। 'ਜਗਤੁ' ਪਦ ਦੇ ਤੱਤੇ ਅੱਖਰ ਨੂੰ ਔਂਕੜ ਹੈ ਇਸ ਕਰਕੇ ਸਬੰਧਕ ਪਦ (preposition) ਇਥੇ 'ਮਹਿ' ਅਰਥਾਂ ਵਿਚਿ ਵਰਤਿਆ ਹੀ ਨਹੀਂ ਜਾ ਸਕਦਾ। ਦੂਜੀ ਪੰਗਤੀ ਵਿਖੇ 'ਰਾਖੋ' ਪਦ ਦੇ ਥਾਂ 'ਰਾਖਹੁ' ਹੋਣਾ ਚਾਹੀਦਾ ਹੈ, ਸਾਰੀ ਬਾਣੀ ਵਿਖੇ ਵਰਤੇ ਅਟੱਲ ਨਿਯਮਾਂ ਅਨੁਸਾਰਿ।

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰਿ[1] ॥੫੦॥

ਇਥੇ 'ਸੰਸਾਰਿ' ਪਦ ਦੇ ਰਾਰੇ ਨੂੰ ਜੋ ਸਿਹਾਰੀ ਲਗੀ ਹੈ ਯਾ ਤਾਂ ਉਹ ਔਂਕੜ ਦੇ ਥਾਉਂ ਗ਼ਲਤ ਲਗੀ ਹੈ ਯਾ (ਜੇਕਰ) ਠੀਕ ਲੱਗੀ ਹੈ ਤਾਂ ਇਸਦੇ ਅਰਥ ਇਉਂ ਹੋਣਗੇ, 'ਸੰਸਾਰ ਵਿਖੇ ਥਿਰੁ ਕੁਛੁ ਭੀ ਨਹੀਂ ਸਭ ਸੁਪਨੇ ਸਾਰਖਾ ਹੈ'। ਜੇਕਰ 'ਸੰਸਾਰੁ' ਪਦ ਦੇ ਰਾਰੇ ਅੱਖਰ ਨੂੰ ਔਂਕੜ ਸਹੀ ਜਾਣਿਆ ਜਾਵੇ ਤਾਂ ਅਰਥ ਇਉਂ ਸਹੀ ਹਨ—ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਸੰਸਾਰੁ (ਸਾਰਾ) ਸੁਫ਼ਨੇ ਦੀ ਨਿਆਈਂ ਹੈ ਕੁਛ ਭੀ ਥਿਰੁ ਨਹੀਂ।

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੇ[1] ਕਾਲ[1] ॥...੫੨॥

ਇਸ ਪੰਗਤੀ ਵਿਖੇ 'ਆਜੁ ਕੇ ਕਾਲ' ਦੇ ਥਾਉਂ 'ਆਜੁ ਕੈ ਕਾਲ' ਹੋਣਾ ਚਾਹੀਦਾ ਹੈ। ਆਜ ਯਾ ਕਲ। 'ਕੇ' ਲਾਂਵ ਨਾਲਿ ਗ਼ਲਤ ਹੈ, ਦੁਲਾਈਆਂ ਨਾਲ 'ਕੈ' ਪਦ ਹੋਣਾ ਚਾਹੀਦਾ ਹੈ।

ਰਾਮ ਨਾਮੁ ਉਰਿ ਮੈ[1] ਗਹਿਓ ਜਾਕੈ ਸਮ ਨਹੀ ਕੋਇ ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥੫੭॥

ਇਸ ਸਲੋਕ ਦੀ ਪਹਿਲੀ ਪੰਗਤੀ ਵਿਚਿ 'ਉਰਿ ਮੈ' ਦੇ ਥਾਉਂ 'ਉਰ ਮਹਿ' ਚਾਹੀਦਾ ਹੈ। ਜੇ ਭਲਾ 'ਮੈ' ਪਦ 'ਮਹਿ' ਦੇ ਥਾਉਂ ਵਰਤਿਆ ਹੈ ਤਦ ਭੀ 'ਉਰਿ' ਪਦ ਦੇ ਰਾਰੇ ਅੱਖਰ ਨੂੰ ਸਿਹਾਰੀ ਨਹੀਂ ਹੋਣੀ ਚਾਹੀਦੀ ਕਿਉਂਕਿ ਸਬੰਧਕ ਪਦ ਜੋ (preposition) 'ਮਹਿ' ਦੇ ਥਾਉਂ ਵਰਤਿਆ ਹੈ, 'ਮੈ' ਖ਼ੁਦ ਹੀ 'ਵਿਖੇ' ਦੇ ਅਰਥ ਦਿੰਦਾ ਹੈ। ਦੂਜੀ ਪੰਗਤੀ ਵਿਖੇ 'ਸੰਕਟ ਮਿਟੈ' ਦੇ ਥਾਉਂ ਯਾ ਤਾਂ 'ਸੰਕਟੁ ਮਿਟੈ' ਹੋਣਾ ਚਾਹੀਦਾ ਹੈ ਯਾ 'ਸੰਕਟ ਮਿਟਹਿ'। ਭਾਵ ਜੇਕਰ 'ਮਿਟੈ' ਪਦ ਵਰਤਮਾਨ ਇਕ-ਵਚਨਕ ਅਰਥ ਬੋਧਕ ਵਿਚਿ ਲਿਆ ਜਾਊ ਤਾਂ 'ਸੰਕਟ' ਦੇ ਥਾਉਂ 'ਸੰਕਟੁ' ਪਦ ਠੀਕ ਹੈ ਟੈਂਕੇ ਨੂੰ ਔਂਕੜ ਸਹਿਤ। ਅਤੇ ਜੇਕਰ 'ਸੰਕਟ' ਪਦ ਟੈਂਕੇ ਮੁਕਤੇ ਨਾਲਿ ਹੀ ਰਖਣਾ ਮਨਜ਼ੂਰ ਹੈ ਤਾਂ ਇਸ ਬਹੁ-ਵਚਨਕ (plural) ਨਾਂਵ (noun) ਦੀ ਕਿਰਿਆ ਭੀ ਬਹੁ-ਵਚਨਕ ਵਾਚਕ ਹੋਣੀ ਚਾਹੀਦੀ ਹੈ, 'ਮਿਟਹਿ' ਪਦ ਹੋਣਾ ਚਾਹੀਏ 'ਮਿਟੈ' ਪਦ ਦੇ ਥਾਉਂ।

---

੧. ਸ਼੍ਰੋਮਣੀ ਕਮੇਟੀ ਵੱਲੋਂ ਇਸ ਸਮੇਂ ਪ੍ਰਕਾਸ਼ਤ ਕੀਤੇ ਜਾ ਰਹੇ ਪਾਵਨ ਸਰੂਪ ਵਿਚ ਪਾਠ 'ਸੰਸਾਰੁ', 'ਕੈ', 'ਕਾਲਿ' ਅਤੇ 'ਉਰ ਮੈ' ਹੈ। —*ਪ੍ਰਕਾਸ਼ਕ*

bsrstrust.org

ਮੁੰਦਾਵਣੀ

ਇਸ ਪਦ 'ਮੁੰਦਾਵਣੀ' ਅਤੇ ਸੋਰਠਿ ਦੀ ਵਾਰ ਵਿਚਿ ਆਏ 'ਮੁਦਾਵਣੀ' ਪਦ ਦੀ ਬਣਤਰ ਵਿਚਿ ਬਹੁਤ ਫ਼ਰਕ ਹੈ। ਲਗਾਂਮਾਤ੍ਰਾਂ ਦੇ ਜਾਣੂ ਅਤੇ ਖੋਜੀ ਪੁਰਸ਼ਾਂ ਨੂੰ ਤਾਂ ਇਹ ਫ਼ਰਕ ਸਾਫ਼ ਸਪਸ਼ਟ ਹੀ ਦਿਸਿ ਆਉਂਦਾ ਹੈ। 'ਮੁੰਦਾਵਣੀ' ਪਦ ਦੇ ਔਂਕੜ ਵਾਲੇ ਮੰਮੇ ਅੱਖਰ ਉਪਰ ਸਾਫ਼ ਟਿੱਪੀ ਲਗੀ ਹੋਈ ਹੈ (ਬਿੰਦੀ ਨਹੀਂ) ਅਤੇ 'ਮੁਦਾਵਣੀ' (ਦੂਜੇ) ਪਦ ਦੇ ਔਂਕੜ ਵਾਲੇ ਮੰਮੇ ਅੱਖਰ ਉਤੇ ਟਿੱਪੀ ਉੱਕੀ ਹੀ ਨਹੀਂ। ਇਹ 'ਮੁਦਾਵਣੀ' ਪਦ ਉਸ ਵਾਰ ਵਿਚਿ ਇਕ ਵਾਰ ਨਹੀਂ ਦੋ ਵਾਰ ਆਇਆ ਹੈ ਅਤੇ ਇਕੋ ਸਲੋਕ ਵਿਚਿ ਕੋਲੋ ਕੋਲੀ ਦੋ ਵਾਰ ਆਇਆ ਹੈ ਪਰ ਆਇਆ ਹੈ ਟਿੱਪੀ ਰਹਿਤ ਹੀ, ਯਥਾ :

ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥ *(ਪੰਨਾ ੬੪੫)*

ਇਸ ਪਦ ਦੀ ਸਪਸ਼ਟ ਬਣਤਰ ਨੂੰ (ਮੰਮੇ ਟਿੱਪੀ ਰਹਿਤ ਬਣਤਰ ਨੂੰ) ਸਾਫ਼ ਦੇਖ ਪੜ੍ਹ ਕੇ ਪਤਾ ਨਹੀਂ ਕਿ ਸਿਆਣੇ ਗਿਆਨੀ ਅਰਥਈਏ (ਬੜੇ ਬੜੇ ਪਰਸਿੱਧ ਭੂਸ਼ਨ ਚੋਟੀ ਦੇ ਮੰਨੇ ਪਰਮੰਨੇ ਲਿਖਾਰੀ ਭੂਸ਼ਨ) ਕਿਉਂ ਮਨੋ ਮਨੀ ਅਤੇ ਮੱਲੋ ਮੱਲੀ ਇਸ ਪਦ ਨੂੰ ਮੰਮੇ ਟਿੱਪੀ ਸਹਿਤ 'ਮੁੰਦਾਵਣੀ' ਪਦ ਨਾਲ ਰਲਗਡ ਕਰਕੇ ਇਕੈ ਬਣਤਰਾ ਜਾਣਾਉਂਦੇ ਹਨ। ਜੇਹੜੇ ਗਿਆਨੀ ਜਨ ਲਗਮਾਤ੍ਰੀ ਨਿਯਮਾਂ ਤੋਂ ਅਣਜਾਣ ਹਨ ਓਹ ਤਾਂ ਮਨ ਭਾਉਂਦੇ ਵਹਿਣਾਂ ਵਿਚ ਪੈ ਜਾਣ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ ਪਰ ਲਗਾਂਮਾਤ੍ਰਾਂ ਦੇ ਸ਼ਰਧਾਵਾਨ ਸ਼ਬਦਾਰਥੀਏ ਪ੍ਰੋਫ਼ੈਸਰ ਜਨ ਭੀ ਕੋਸ਼ ਵਿਦਵਾਨੀਆਂ ਦੇ ਪਿਛੇ ਲਗ ਕੇ ਉਸੇ ਵਹਿਣ ਵਿਚਿ ਵਹਿ ਤੁਰੇ ਹਨ ਅਤੇ 'ਮੁੰਦਾਵਣੀ' ਪਦ ਨੂੰ 'ਮੁਦਾਵਣੀ' ਪਦ ਦੇ ਨਾਲਿ ਹੀ ਖਲਤ ਮਲਤ ਕਰ ਦਿੰਦੇ ਹਨ। ਟਿੱਪੀ ਲੱਗੀ ਹੋਈ ਦੀ ਪਰਵਾਹ ਹੀ ਕੁਛ ਨਹੀਂ ਕਰਦੇ। ਟ੍ਰੈਕਟ ਸੁਸਾਇਟੀ ਦੇ ਕੋਸ਼ ਦੀ ਸਭ ਤੋਂ ਪਹਿਲੀ ਐਡੀਸ਼ਨ ਵਿਚ 'ਮੁੰਦਾਵਣੀ' ਦੇ ਅਰਥ ਨਿਖੜਵੇਂ ਮੋਹਰ ਛਾਪ ਦੇ ਹੀ ਲਿਖੇ ਹੋਏ ਪਾਏ ਜਾਂਦੇ ਹਨ। ਉਸ ਪ੍ਰਿਥਮ ਐਡੀਸ਼ਨੀ ਕੋਸ਼ ਵਿਚਿ ਸਾਫ਼ ਤੌਰ ਤੇ ਮੁੰਦਣ ਤੋਂ ਮੁੰਦਵਾਣੀ ਬਾਣੀ ਦੱਸ ਕੇ ਇਹ ਸਪਸ਼ਟ ਲਿਖਿਆ ਗਿਆ ਹੈ ਕਿ ਗੁਰਬਾਣੀ ਦੇ ਸਮਾਪਤ ਹੋਣ ਦੀ ਏਥੇ ਮੋਹਰ ਲਗ ਗਈ। ਬਾਣੀ ਲਿਖਣੀ ਬਸ ਮੁੰਦਾਵਣੀ ਤੇ ਮੁੰਦੀ ਗਈ। ਇਸ ਤੋਂ ਅਗੇ ਗੁਰਬਾਣੀ ਨਹੀਂ। ਪਰ ਹੁਣ ਦੇ ਨਵੀਨ ਕੋਸ਼ਾਂ ਵਿਚਿ 'ਰਾਗਮਾਲਾ' ਨੂੰ ਗੁਰਬਾਣੀ ਸਿੱਧ ਕਰਨ ਦੇ ਪੱਖੀ ਹੋਣ ਕਰਿ ਇਸ 'ਮੁੰਦਾਵਣੀ' ਪਦ ਨੂੰ 'ਮੁਦਾਵਣੀ' ਪਦ ਦੀ ਤੁੱਲਤਾ ਹੀ ਦੇ ਦਿਤੀ ਹੈ ਅਤੇ ਮੋਹਰ ਛਾਪ ਦੇ ਥਾਉਂ ਅਰਥ ਬੁਝਾਰਤ ਦੇ ਕਰ ਦਿਤੇ ਹਨ। 'ਮੁੰਦਾਵਣੀ' ਪਦ ਦੇ ਅਰਥ 'ਬੁਝਾਰਤ' (ਅੜਾਉਣੀ) ਕਰਨੇ ਨਿਰੇ ਮਨੋ ਮਨੀ ਦੇ ਅਰਥ ਹਨ। ਰਾਗਮਾਲਾ ਦਾ ਪ੍ਰਬਲ ਖ਼ਿਆਲ ਜਿਨ੍ਹਾਂ ਨੂੰ ਲਗਾ ਹੋਇਆ ਹੈ ਓਹੀ ਇਹ ਮਨ ਘੜਤ ਅਰਥ ਕਰਦੇ ਹਨ। 'ਮੁਦਾਵਣੀ' ਪਦ ਦੀ ਮੁਢ ਕਾਢ (clear creation) 'ਮੁਦ' ਪਦ ਤੋਂ ਹੈ ਜਿਸ ਦਾ ਭਾਵ (ਮੁੱਦਤਾ) ਖ਼ੁਸ਼ੀ ਦਾ ਹੈ। ਬੁਝਾਰਤ ਦਾ ਭਾਵ ਕੈਸਾ ? ਨਿਰੀ ਖਿੱਚ ਹੈ ਖਿੱਚ ਪੱਖੀਆਂ ਦੀ। ਖਿੱਚੂਆਂ ਨੇ ਇੰਨ ਬਿੰਨ ਇਸ

bsrstrust.org

'ਮੁਦਾਵਣੀ' ਪਦ ਵਾਲੇ ਗੁਰਵਾਕ (ਸਲੋਕ) ਦੇ ਅਰਥ ਭੀ ਓਹੀ ਕੀਤੇ ਹਨ ਜੋ 'ਮੁੰਦਾਵਣੀ' ਵਾਲੇ ਮੋਹਰ ਛਾਪੀ ਗੁਰਵਾਕ ਦੇ ਹਨ। ਦੇਖੋ ਦੋਹਾਂ ਗੁਰਵਾਕਾਂ ਦੀ ਮੂਲ ਰਚਨਾ ਵਿਚਿ ਹੀ ਕਿਤਨਾ ਫ਼ਰਕ ਹੈ। 'ਮੁਦਾਵਣੀ' ਵਾਲੇ ਗੁਰਵਾਕ (ਸਲੋਕ) ਦੀ ਰਚਨਾ ਇਉਂ ਹੈ:

ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥੮॥

(ਸੋਰਠਿ ਵਾਰ ਸਲੋਕ ਮ: ੩, ਪੰਨਾ ੬੪੫)

ਹਿਰਦੇ ਰੂਪੀ ਥਾਲ ਵਿਚਿ ਹਰਿ ਭੋਜਨੁ (ਭਜਨ) ਰੂਪੀ ਤਤ ਸਾਰ ਅੰਮ੍ਰਿਤੁ ਵਸਤੂ ਤੈਸੀ (ਤੇਹੋ ਜੇਹੀ) ਪਈ ਹੈ ਜਿਸ ਦੇ ਖਾਧਿਆਂ (ਭੁੰਚਿਆਂ) ਹੀ ਮਨੂਆ ਤ੍ਰਿਪਤੀਂਵਦਾ (ਤ੍ਰਿਪਤ ਹੁੰਦਾ) ਹੈ ਅਤੇ ਮੋਖ ਦੁਆਰ ਨੂੰ ਪ੍ਰਾਪਤਿ ਹੋਈਦਾ ਹੈ।

ਹੇ ਸੰਤਹੁ ਇਹ ਅੰਮ੍ਰਿਤ ਨਾਮ (ਭਜਨ ਰੂਪੀ) ਭੋਜਨ ਬੜਾ ਹੀ ਦੁਰਲੱਭ ਹੈ। ਗੁਰੂ ਬਖ਼ਸ਼ੀ ਦੀਖਿਆ ਦੀ ਅਭਿਆਸ ਕਮਾਈ ਦੁਆਰਾ ਹੀ ਲਭਦਾ ਹੈ, ਐਵੇਂ ਨਹੀਂ ਲਭਦਾ। ਇਹ ਸਦ ਸਦਾ ਸ਼ਾਦ ਕਰਨਹਾਰੀ ਅਹਿਲਾਦ ਮਈ ਮੁਦਾਵਣੀ (ਨਾਮ ਅੰਮ੍ਰਿਤ ਭੋਜਨ) ਸਦਾ ਹਿਰਦੇ (ਉਰਿ) ਅੰਦਰਿ ਧਾਰੀ ਹੀ ਰਖੀਏ। ਸਦਾ ਇਸਦਾ ਭਜਨ ਕਰੀ ਹੀ ਜਾਈਏ। ਇਸ ਨੂੰ ਕਿਉਂ ਹਿਰਦੇ ਵਿਚੋਂ ਕਢੀਏ। ਭਾਵ ਕਦੇ ਵੀ ਇਸ ਭਜਨ (ਭੋਜਨ) ਮਈ ਅੰਮ੍ਰਿਤ ਮੁਦਾਵਣੀ ਨੂੰ ਹਿਰਦੇ ਵਿਚੋਂ ਨਾ ਕਢੀਏ। ਇਹ ਅਨੰਦ ਅਹਿਲਾਦ, ਮੁਦਤਾ ਮਈ ਮੁਦਾਵਣੀ ਸੱਚੇ ਸਾਹਿਬ ਸਤਿਗੁਰ ਨੇ ਆਪਣੇ ਪਰਮ ਪ੍ਰਸਾਦਿ ਕਰਿ ਗੁਰ ਸਿਖਾਂ ਤਾਈਂ ਲੁਭਾਈ ਪ੍ਰਾਪਤਿ ਕਰਾਈ ਹੈ। ਅਤੇ ਗੁਰੂ ਵਰੋਸਾਏ ਗੁਰ ਸਿਖਾਂ ਨੇ ਹੀ ਅਤੁੱਟ ਅਭਿਆਸ ਕਮਾਈਆਂ ਕਰਿ ਕਰਿ ਹਿਰਦੇ ਅੰਦਰੋਂ ਹੀ ਭਾਲ ਟੋਲ ਕੇ ਲੱਭ ਲਈ ਹੈ, ਭਾਵ ਜਿਨ੍ਹਾਂ ਗੁਰਸਿਖਾਂ ਉਤੇ ਗੁਰੂ ਸਤਿਗੁਰੂ ਦੀ ਸੰਤੁਸ਼ਟਤਾ ਮਈ ਪਰਮ ਪਰਸਾਦੀ ਨਦਰ ਮੇਹਰ ਹੋਈ ਹੈ ਤਿਨ੍ਹਾਂ ਗੁਰ ਸਿਖਾਂ ਨੂੰ ਹੀ ਗੁਰ ਪ੍ਰਸਾਦ ਸੰਪੰਨ ਮੁਦਾਵਣੀ ਹਿਰਦੇ ਅੰਦਰੋਂ ਲਭਣੀ ਨਸੀਬ ਹੋਈ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਸ ਨੂੰ ਸਤਿਗੁਰੂ ਸੱਚਾ ਪਾਤਸ਼ਾਹ ਅਪਣੀ ਨਦਰਿ ਕਰਿ ਬੁਝਾਏ ਲਖਾਏ ਸੋਈ ਇਸ ਅੰਮ੍ਰਿਤ ਨਾਮ ਮਈ ਮੁਦਾਵਣੀ ਨੂੰ ਬੁਝਦਾ ਲਖਦਾ ਹੈ। ਇਸ ਅੰਮ੍ਰਿਤ ਨਾਮ ਮਈ ਪ੍ਰਮ ਪ੍ਰਮਾਦੀ ਮੁਦਾਵਣੀ (ਗੁਰਦੀਖਿਆ) ਦੀ ਭਜਨ ਕਮਾਈ ਦੀ ਅਤੁੱਟ ਘਾਲਣਾ ਗੁਰਸਿਖ ਜਨ ਕਰਦੇ ਹਨ। ਜਿਸ ਗੁਰਮੁਖ ਜਨ ਨੇ ਇਹ ਘਾਲਨਾ ਘਾਲੀ ਹੈ ਤਿਸੇ ਨੇ ਹੀ ਵਾਹਿਗੁਰੂ ਪਰਮਾਤਮਾ ਨੂੰ ਪ੍ਰਾਪਤਿ ਕੀਤਾ ਹੈ। ਅੰਦਰੋਂ ਹੀ ਜੋਤਿ ਪ੍ਰਕਾਸ਼ ਨੂੰ ਪ੍ਰਗਟਾਇਕੈ।

'ਥਾਲੈ'—ਹਿਰਦੇ ਰੂਪੀ ਖ਼ਾਸ ਥਾਲ ਵਿਖੇ। ਥਾਲੇ ਵਿਖੇ। 'ਥਾਲ' ਦੀ ਇਕ ਲਾਂਵ ਤਾਂ ਖ਼ਾਸ ਥਾਲ ਦੀ ਬੋਧਕ ਹੈ ਦੂਜੀ ਲਾਂਵ 'ਵਿਖੇ' ਦੇ ਅਰਥ ਅਰਥਾਉਂਦੀ ਹੈ। 'ਥਾਲੇ

bsrstrust.org

ਵਿਖੇ' (ਖ਼ਾਸ ਹਿਰਦੇ ਰੂਪੀ ਥਾਲ ਵਿਖੇ)। 'ਤੈ' ਪਦ ਦੇ ਅਰਥ ਤਿੰਨ ਨਹੀਂ। ਬਹੁਤ ਸਾਰੇ ਪਾਠੀ ਗਿਆਨੀ ਅਰਥਈਏ 'ਤੈ' ਪਦ ਨੂੰ 'ਤ੍ਰੈ' ਕਰਕੇ ਪਾਠਾਵੰਦੇ ਹਨ, ਤਿੰਨ ਗਿਣਤੀ ਦੇ ਅਰਥਾਂ ਵਿਚਿ ਅਰਥਾਵੰਦੇ ਹਨ। ਤੱਤੇ ਦੇ ਪੈਰ ਰਾਰਾ ਹੈ ਹੀ ਨਹੀਂ। ਐਵੇਂ ਹੀ ਉਠਾਉਂਦੇ ਹਨ ਅਤੇ ਗੁਰਬਾਣੀ ਅੰਦਰਿ ਕਿਤੇ ਭੀ 'ਤੈ' ਪਦ ਨੂੰ 'ਤ੍ਰੈ' ਦੇ ਭਾਵ ਵਿਚਿ ਨਹੀਂ ਲਿਆ ਗਿਆ। ਦੂਜੀ ਸ਼੍ਰੇਣੀ ਦੇ ਗਿਆਨੀ 'ਤੈਂ' ਬਿੰਦੇ ਨਾਲਿ ਪਾਠ ਪਠਾਇਕੇ ਗੁਰੂ ਅਕਾਲ ਪੁਰਖ ਦੇ ਸਨਮੁਖ ਸੰਬੋਧਨ ਕਰਕੇ ਅਰਥ ਬਣਾਉਂਦੇ ਹਨ ਕਿ ਹੇ ਗੁਰੂ ਅਕਾਲ ਪੁਰਖ ਤੈਂ ਪਾਈ ਹੈ। ਥਾਲੇ ਵਿਚਿ ਵਸਤੂ, ਪ੍ਰੰਤੂ 'ਪਈਓ' ਪਦ ਦਾ ਅਰਥ ਕਦੇ 'ਪਾਇਓ' ਨਹੀਂ ਹੋ ਸਕਦਾ। ਵਸਤੂ ਪਈ ਹੈ (ਪਾਈ ਨਹੀਂ)। "ਹਰਿ ਭੋਜਨੁ ਅੰਮ੍ਰਿਤ ਸਾਰੁ॥" ਰੂਪੀ ਵਸਤੂ ਇਕੋ ਹੀ ਹੈ ਤਿੰਨ ਵਸਤੂਆਂ ਨਹੀਂ। ਇਉਂ ਭੀ 'ਤੈ' ਅਰਥ 'ਤ੍ਰੈ', ਭਾਵ 'ਤਿੰਨੇ' ਦੇ ਨਹੀਂ ਹੋ ਸਕਦੇ। 'ਭੋਜਨੁ' ਤੇ 'ਅੰਮ੍ਰਿਤੁ' ਅਤੇ 'ਸਾਰੁ' ਪਦਾਂ ਨੂੰ ਔਂਕੜ ਲਗੇ ਮਈ (ਰੂਪੀ) ਦਾ ਅਰਥ ਦਿੰਦੇ ਹਨ। ਵੱਖ ਵੱਖ ਵਸਤੂਆਂ ਨਹੀਂ ਇਹ ਤਿੰਨੇ। ਹਰਿ ਨਾਮ ਹੀ ਸਾਰ ਵਸਤੂ ਹੈ ਅਤੇ ਭੋਜਨ ਮਈ ਅੰਮ੍ਰਿਤ ਵਸਤੂ ਹੈ। 'ਜਿਤੁ' ਪਦ 'ਤੈ ਵਸਤੂ' (ਤਿਤ ਵਸਤੂ) ਦੇ ਝਰੋਖੜੇ ਵਿਚਿ ਆਇਆ। ਜਿਸ ਵਸਤੂ ਦੇ ਖਾਧਿਆਂ ਮਨੁ ਤ੍ਰਿਪਤੀਂਦਾ ਹੈ। ਤਿਹ (ਸਾ) ਵਸਤੂ ਪਈ ਹੋਈ ਹੈ ਹਿਰਦੇ ਅੰਦਰਿ। ਇਹ ਵਸਤੂ ਸਾਰ ਵਸਤੂ ਹੈ। ਇਸ ਕਰਕੇ ਇਹੀ ਸਤਿ ਪਦਾਰਥੁ ਹੈ। ਇਸ ਵਸਤੂ ਦੇ ਖਾਧਿਆਂ ਮਨੁ ਤ੍ਰਿਪਤੀਵੰਦਾ ਹੈ। ਕੇਵਲ ਅੰਮ੍ਰਿਤ ਨਾਮ ਭੋਜਨ ਰੂਪੀ ਸਾਰ ਵਸਤੂ ਦੇ ਭੁੰਚਨ ਕਰਿ ਮਨ ਨੂੰ ਸੱਚੀ ਤ੍ਰਿਪਤੀ ਆਉਂਦੀ ਹੈ। ਇਸ ਕਰਕੇ ਸੱਚਾ ਸੰਤੋਖ ਇਸ ਤੋਂ ਉਪਜਦਾ ਹੈ। ਇਸ ਅੰਮ੍ਰਿਤ ਨਾਮ ਰੂਪੀ ਵਸਤੂ ਦੀ ਘਾਲ ਕਮਾਈ ਕੀਤਿਆਂ ਹੀ ਕਰਤਾਰ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਤਾਂ ਤੇ ਇਹੋ ਹੀ ਸੱਚੀ ਵੀਚਾਰ ਮਈ ਵਸਤੂ ਹੈ। ਵਾਹਿਗੁਰੂ ਪ੍ਰਾਪਤੀ ਤੋਂ ਵਧ ਕੇ ਅਤੇ ਅੰਮ੍ਰਿਤ ਨਾਮ ਦੇ ਰਸ ਸੁਆਦ ਤੋਂ ਚੜ੍ਹ ਕੇ ਹੋਰ ਕੋਈ ਆਨੰਦ ਅਹਿਲਾਦ ਮਈ ਮੁਦਤਾ (ਪਰਸੰਨਤਾ) ਨਹੀਂ। ਇਸ ਕਰਕੇ ਇਸ ਵਸਤੂ ਦਾ ਨਾਉਂ ਮੁਦਾਵਣੀ ਹੈ। ਮੁੱਦਤਾ ਆਵਣੀ, ਮੁਦਤਾ (ਪਰਸੰਨਤਾ) ਲਿਆਵਣੀ। ਜੋਤਿ ਰਸ ਪ੍ਰਗਟਾਵਣੀ ਵਸਤੂ ਹੋਣ ਕਰਿ ਹੀ ਇਸ ਵਸਤੂ ਨੂੰ 'ਮੁਦਾਵਣੀ' ਕਹਿ ਕੇ ਸੁਭਾਖਿਆ ਗਿਆ ਹੈ। ਇਹ ਅੰਮ੍ਰਿਤ ਪਰਮ ਰਹੱਸਨੀ ਅੰਮ੍ਰਿਤ ਸਾਰ ਭੋਜਨ ਬਿਚੱਖਣੀ ਵਸਤੂ ਸਦ ਸਦਾ ਲਈ ਹਿਰਦੇ ਅੰਦਰਿ ਧਾਰਨ ਕਰੀ ਰਖਣੀ, ਵਸਾਈ ਰਖਣੀ, ਕਦੇ ਨਾ ਹਿਰਦੇ ਅੰਦਰੋਂ ਕੱਢਣੀ ਇਹ ਪਰਮ ਗੁਰੂ ਕਰਤਾਰੀ ਨਿਰੰਕਾਰੀ ਹੁਕਮੁ ਹੈ। ਭਲਾ ਇਸ ਦਾ ਨਾਉਂ ਨਿਰੀ ਬੁਝਾਰਤ ਪਾਉਣੀ ਦੱਸਣਾ ਕਿਧਰਲੀ ਗੁਰਮਤਿ ਹੈ। ਇਸ ਨੂੰ ਅੜਾਉਣੀ ਆਖਣਾ ਕੇਹੜੀ ਗੁਰੂ ਬੀਚਾਰ (ਗੁਰਮਤਿ ਲਖਾਰ) ਹੈ ? ਤਾਂ ਤੇ 'ਮੁਦਾਵਣੀ' ਪਦ ਦੇ 'ਬੁਝਾਰਤ' ਯਾ 'ਅੜਾਉਣੀ' ਦੇ ਅਰਥ ਕਰਦੇ ਅਰਥਈਆਂ ਨੇ ਮਹਿਜ਼ ਆਪਣੀ ਵਿਦਿਆ ਹੀ ਦਰਸਾਈ ਹੈ। ਵਿਦਿਆ ਭੀ ਫੋਕੀ ਖ਼ੁਸ਼ਕ ਵਿਦਿਆ (dry philosophy) ਅਤੇ 'ਮੁੰਦਾਵਣੀ' ਪਦ ਹੋਰ ਅਰਥਾਂ ਨਾਲਿ ਖਲਤ ਮਲਤ ਕੀਤਾ ਹੈ। 'ਮੁੰਦਾਵਣੀ' ਮੰਮੇ ਔਂਕੜ ਉਪਰਲੀ ਟਿੱਪੀ ਵਾਲਾ ਪਦ 'ਮੁਦਾਵਣੀ' ਟਿੱਪੀ ਰਹਿਤ ਮੰਮੇ ਵਾਲੀ ਮੁਦਾਵਣੀ ਤੋਂ ਨਿਰਾਲਾ ਪਦ ਹੈ। ਇਹ ਭੇਦ (ਤਫੱਰਕਾ)

bsrstrust.org

ਗੁਰਬਾਣੀ ਲਗਾਂਮਾਤ੍ਰਾਂ ਦੇ ਨਿਯਮਾਂ ਦੀ ਗੌਰਵਤਾ ਨੂੰ ਜਾਣਾਉਂਦਾ (ਪ੍ਰਗਟਾਉਂਦਾ) ਹੈ।

ਹੁਣ ਲਓ 'ਮੁੰਦਾਵਣੀ' ਵਾਲੇ ਛੇਕੜਲੇ ਗੁਰਵਾਕ ਨੂੰ, ਯਥਾ ਗੁਰਵਾਕ :

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਦਾ ਪਇਓ ਜਿਸਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥

(ਮੁੰਦਾਵਣੀ ਮ: ੫, ਪੰਨਾ ੧੪੨੯)

ਇਸ ਗੁਰਵਾਕ ਦੇ ਅੰਦਰਿ ਵਾਰਿ ਕਿਸੇ ਭੀ ਤੁਕ ਵਿਖੇ 'ਮੁੰਦਾਵਣੀ' ਯਾ 'ਮੁਦਾਵਣੀ' ਨਹੀਂ ਆਇਆ, ਕੇਵਲ ਇਸ ਗੁਰਵਾਕ ਦੇ ਹੈਡਿੰਗ ਤੇ 'ਮੁੰਦਾਵਣੀ ਮਹਲਾ ੫' ਸਿਰਲੇਖ ਲਿਖਿਆ ਹੈ, ਜਿਸਦਾ ਸਾਫ਼ ਅਭਿਪਰਾ ਇਹ ਹੈ ਕਿ ਏਥੇ ਗੁਰਬਾਣੀ ਮੁੰਦੀ ਗਈ, ਸਮਾਪਤਿ ਹੋ ਗਈ, ਮੋਹਰ ਛਾਪ ਲਗ ਗਈ। ਏਦੂੰ ਅਗੇ ਗੁਰਬਾਣੀ ਨਹੀਂ ਚਲੇਗੀ। ਅੰਦਰਲਾ ਭਾਵ ਸਿੱਟਾ ਨਾ ਹੀ ਹੈਡਿੰਗ ਬੁਝਾਰਤ ਦੇ ਅਰਥਾਂ ਦਾ ਬੁਝਾਇਕ ਲਖਾਇਕ ਹੈ। ਏਥੇ ਸਿੱਟਾ ਸਾਰੀ ਗੁਰਬਾਣੀ ਦਾ ਸਾਰ ਭਾਵ ਪ੍ਰਗਟਾਇਆ ਹੈ। ਗੁਰਬਾਣੀ ਦੇ ਗੁਣਤਾਸੀ ਤਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਖੇ ਸਮੱਗਰ ਗੁਰਬਾਣੀ ਵਿਖੇ ਜੋ ਸਾਰ ਵਸਤੂ ਹੈ, ਉਸ ਨੂੰ ਸੰਖੇਪ ਕਰਕੇ ਸਮੁੰਦਰ ਨੂੰ ਕੁੱਜੇ ਵਿਚਿ ਲਿਆਉਣ ਵਤ ਦਰਸਾਇਆ ਗਇਆ ਹੈ। ਯਥਾ ਗੁਰਵਾਕ ਭਾਵ ਅਰਥ :

ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਗੁਰਬਾਣੀ ਦੇ ਸਮੂਹ ਤਾਸ ਥਾਲ ਅੰਦਰਿ ਇਕੋ ਅੰਮ੍ਰਿਤ ਨਾਮੁ ਹੀ ਆਕ੍ਰਖਸ਼ਣ ਕਲਾ ਲਖਾਇਕ ਤਿੰਨ ਵਸਤੂਆਂ ਪਈਆਂ ਹਨ (੧) ਅੰਮ੍ਰਿਤ ਨਾਮੁ ਰੂਪੀ ਸਤੁ ਪਦਾਰਥ। (੨) ਅੰਮ੍ਰਿਤ ਨਾਮੁ ਤੋਂ ਉਪਜਿਆ ਸੰਤੁਸ਼ਟਤਾ ਮਈ ਸੱਚਾ ਸੰਤੋਖ, ਭਾਵ ਅੰਮ੍ਰਿਤ ਨਾਮ ਦੇ ਭੁੰਚਿਆਂ ਹੀ ਤ੍ਰਿਪਤਾਸੀਦਾ ਹੈ ਅਤੇ ਤ੍ਰਿਪਤਾਸ ਕੇ ਪਰਮ ਅਨੰਦ ਨੂੰ ਪ੍ਰਾਪਤ ਹੋਈਦਾ ਹੈ। (੩) ਅੰਮ੍ਰਿਤ ਨਾਮੁ ਦੀ ਅਤੁੱਟ ਘਾਲ ਕਮਾਈ ਹੀ ਸੱਚੀ ਵੀਚਾਰ ਹੈ ਜੋ ਸਮੱਗਰ ਗੁਰਬਾਣੀ ਵਿਚਿ ਦਰਸਾਈ ਗਈ ਹੈ। ਇਹ ਤਿੰਨ ਵਸਤੂਆਂ ਇਕੋ ਅੰਮ੍ਰਿਤ ਨਾਮੁ ਵਸਤੂ ਦਾ ਸੁਖੁਸਾਰ ਰੂਪੀ ਵਿਸਥਾਰ ਹਨ। ਦੂਜੀ ਤੁਕ "ਅੰਮ੍ਰਿਤ ਨਾਮੁ ਠਾਕੁਰ ਕਾ ਪਇਓ" ਦਰਦੀ ਹੈ ਕਿ ਸਮੁੱਚੇ ਥਾਲ ਵਿਖੇ ਠਾਕੁਰ (ਵਾਹਿਗੁਰੂ) ਦਾ ਅੰਮ੍ਰਿਤ ਨਾਮੁ ਹੀ ਪਇਆ ਹੋਇਆ ਹੈ (ਭਰਪੁਰ ਲੀਣਾ ਹੈ)। ਹੋਰ ਦੂਜੀ ਵਸਤੂ ਕਾਈ ਹੈ ਹੀ ਨਹੀਂ। ਅੰਮ੍ਰਿਤ ਨਾਮੁ ਹੀ ਸਤੁ ਪਦਾਰਥ ਹੈ। ਅੰਮ੍ਰਿਤ ਨਾਮੁ ਹੀ ਪਰਮਾਤਮਾ ਪ੍ਰਾਪਤੀ ਮਈ ਸੱਚੀ ਸੰਤੁਸ਼ਟਤਾ (ਸੰਤੋਖ) ਦਾ ਮੂਜਬ ਅਤੇ ਮੂਜਦ ਹੈ। ਅੰਮ੍ਰਿਤ ਨਾਮ ਦੀ ਘਾਲ ਕਮਾਈ ਰੂਪੀ ਸੱਚੀ ਵੀਚਾਰ ਸਮੱਗਰ ਗੁਰਬਾਣੀ ਵਿਖੇ ਦਰਸਾਈ ਗਈ ਹੈ। ਇਹ ਤਿੰਨ ਵਸਤੂਆਂ ਵੱਖ ਵੱਖ ਨਹੀਂ। ਇਕੋ ਅੰਮ੍ਰਿਤ ਨਾਮ ਦੀਆਂ ਸੁਫਲ ਫਲੀਆਂ ਫੁਲੀਆਂ ਫੁਲਾਈਆਂ ਸਾਖਤਾਂ ਹਨ। ਇਹ ਸੱਤ, ਸੰਤੋਖ, ਵੀਚਾਰ ਮਈ ਗਿਣਤੀ ਕੋਈ ਮਹਿਜ਼ ਇਖ਼ਲਾਕੀ ਕੋਡ (moral code) ਵਿਚਿ ਗਿਣੇ ਮਿਣੇ ਆਚਾਰਕ ਤ੍ਰੈਗੁਣੀ ਗੁਣ ਨਹੀਂ। ਏਹ ਤੁਰੀਆ ਗੁਣੀ ਦਾਤਾਂ ਹਨ ਜੋ ਅੰਮ੍ਰਿਤ ਨਾਮ ਇਕੋ ਇਕ ਪਰਮਾਰਥੀ ਵਥ ਤੋਂ ਉਤਪੰਨ ਹੁੰਦੀਆਂ ਹਨ, ਹੋਰ

bsrstrust.org

ਕਿਧਰੋਂ ਭੀ ਨਹੀਂ। ਕਿਸੇ ਭੀ ਮਤ ਮਤਾਂਤਰੀ ਆਨਮਤ ਦੇ ਅਧਿਆਇਨ ਕੀਤੀਆਂ ਪ੍ਰਾਪਤਿ ਨਹੀਂ ਹੁੰਦੀਆਂ। ਇਹ ਵਾਹਿਗੁਰੂ ਨਾਮ ਰੂਪੀ ਅੰਮ੍ਰਿਤ ਪਦਾਰਥ (ਵਸਤੂ) ਨੂੰ (ਗੁਰ ਪ੍ਰਸਾਦਿ ਕਰਿ) ਜੇਹੜਾ ਪੁਰਸ਼ ਭੀ ਖਾਂਦਾ ਹੈ, ਸੱਚਾ ਪ੍ਰਸਾਦ ਲਖ ਕੇ ਦੰਮ ਬਦੰਮ ਭੁੰਚਦਾ (ਛਕਦਾ) ਹੈ, ਛਕੀ ਜਾਂਦਾ ਹੈ ('ਜੇ ਕੋ ਖਾਵੈ'—ਜੋ ਕੋਈ ਭੀ ਮੁਖ ਵਿਚਿ ਪਾਉਂਦਾ ਹੈ ਅਤੇ ਸਾਸਿ ਗਿਰਾਸਿ ਉਸ ਦਾ ਭੁੰਚਨ ਕਰਦਾ ਹੈ ਇਸ ਪ੍ਰਸਾਦ ਰੂਪੀ ਪਦਾਰਥ ਨੂੰ ਛਕਦਾ ਹੈ), ਤਿਸੇ ਦਾ ਹੀ ਉਧਾਰ ਹੁੰਦਾ ਹੈ। ਐਵੇਂ ਨਹੀਂ ਹੁੰਦਾ। ਮੂੰਹ ਵਿਚਿ ਪਾਇਆਂ ਅਤੇ ਮੁਖ ਵਿਚਿ ਪਾ ਕੇ ਇਸ ਦਾ ਗਟਾਕ ਰਸ ਭੁੰਚਿਆਂ ਹੀ ਉਧਾਰ (ਸੱਚਾ ਕਲਿਆਣਕ ਉਧਾਰ) ਹੁੰਦਾ ਹੈ। ਇਹ ਗੱਲ ਨਿਸਚੇ ਰਹੇ (ਜੈਸਾ ਕਿ ਸਮੱਗਰ ਗੁਰਬਾਣੀ ਅੰਦਰਿ ਦਰਸਾਇਆ ਗਇਆ ਹੈ) ਕਿ ਇਹ ਅੰਮ੍ਰਿਤ ਨਾਮ ਰੂਪੀ ਸੱਚਾ ਪਦਾਰਥ ਪ੍ਰਸਾਦ ਕੇਵਲ ਗੁਰ ਦੀਖਿਆ ਦੁਆਰਾ ਹੀ ਪ੍ਰਾਪਤਿ ਹੁੰਦਾ ਹੈ। ਗੁਰ ਦੀਖਿਆ ਦੇ ਪਾਰਸ ਰਸਾਇਣ ਪਾਰਸ ਕਰਿ ਹੀ ਅਧਿਕਾਰੀ ਗੁਰਮੁਖ ਜਗਿਆਸੂ ਦੇ ਮੁਖ ਵਿਚ ਪੈਂਦਾ ਹੈ। ਉਹੀ ਜਨ ਗੁਰਮੁਖ ਸਦਾਉਂਦਾ ਹੈ, ਜਿਸ ਦੇ ਮੁਖ ਅੰਦਰਿ ਇਹ ਗੁਰੂ ਦਾ ਦੀਖਿਅਤ ਪਰਸਾਦ ਗੁਰੂ ਦੀ ਨਦਰ ਮੇਹਰ ਦੁਆਰਾ ਪੈਂਦਾ ਹੈ ਅਤੇ ਤੱਤ ਅਰਥਾਂ ਵਿਚਿ ਉਹੀ ਗੁਰਮੁਖ (ਸੱਚਾ ਗੁਰ ਕਾ ਸਿੱਖ) ਹੈ ਜੋ ਗੁਰੂ ਦੁਆਰਾ (ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ) ਗੁਰ-ਦੀਖਿਆ ਲੈ ਕੇ ਇਸ ਅੰਮ੍ਰਿਤ ਪਦਾਰਥ ਨੂੰ ਮੁਖ ਵਿਚਿ ਪਾ ਕੇ ਫੇਰ ਸਾਸਿ ਗਿਰਾਸਿ ਘਾਲ ਕਮਾਈਆਂ ਕਰਿ ਕਰਿ ਸਦਾ ਭੁੰਚਦਾ (ਚੁੰਘਦਾ) ਹੀ ਰਹਿੰਦਾ ਹੈ। "ਜੇ ਕੋ ਖਾਵੈ ਜੇ ਕੋ ਭੁੰਚੈ" ਪੰਗਤੀ ਦਾ ਇਹ ਵਿਆਖਿਆ ਮਈ ਅਨੁਵਾਦ ਹੈ ਜੋ ਉਪਰ ਦਿਤਾ ਗਿਆ ਹੈ।

ਅਗਲੀ ਤੁਕ—"ਇਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ॥"—ਇਹ ਪਰਮ ਬਿਸਮਾਦ ਅਹਿਲਾਦ ਅਨੰਦ ਰਹੱਸ ਰਸਾਇਣੀ 'ਅੰਮ੍ਰਿਤ ਨਾਮ' ਰੂਪੀ ਵਸਤੂ ਇਕ ਵਾਰ ਮੂੰਹ ਲੱਗੀ ਹੋਈ ਅਤੇ ਗਟਾਕ ਰਸਾਂ ਆਤਮ ਰਸਾਂ ਵਿਚਿ ਭੁੰਚਿ ਹੋਈ ਫੇਰ ਕਦੇ ਤਜੀ ਨਹੀਂ ਜਾਂਦੀ। ਨਿਤਾਪ੍ਰਤਿ ਸਾਸਿ ਗਿਰਾਸਿ ਹਿਰਦੇ ਅੰਦਰਿ ਹੀ ਧਾਰੀ ਰਹਿੰਦੀ ਹੈ।

ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥

ਇਸ ਬਿਧਿ ਇਹ ਤਿਮਰ ਅਗਿਆਨ ਦੇ ਅੰਧ ਕੂਪ ਸਾਰਖਾ ਭਵ ਸਾਗਰੀ ਸੰਸਾਰ ਵਾਹਿਗੁਰੂ ਦੇ ਚਰਨੀ ਲਗਿਆਂ (ਵਾਹਿਗੁਰੂ ਨਾਮ ਵਿਚਿ ਜੁਟਿਆਂ) ਹੀ ਤਰ ਸਕੀਦਾ ਹੈ। ਇਉਂ ਅੰਮ੍ਰਿਤ ਨਾਮ ਦੀ ਅਤੁੱਟ ਕਮਾਈ ਕੀਤਿਆਂ ਸਾਰੇ ਗਗਨ ਪਾਤਾਲੀਂ ਖੰਡੀਂ ਬ੍ਰਹਿਮੰਡੀਂ ਇਕੈ ਅਕਾਲ ਪੁਰਖ (ਸੱਚੇ ਪਾਰਬ੍ਰਹਮ) ਦੀ ਜਾਗਤ ਜੋਤਿ ਦਾ ਪਸਾਰਾ ਹੀ ਨਜ਼ਰਿ ਆਉਂਦਾ ਹੈ। ਵਾਹਿਗੁਰੂ ਨਾਮੁ ਰੂਪੀ ਅੰਮ੍ਰਿਤ ਨਾਮ ਵਿਚਿ ਜੁਟਣਾ ਵਾਹਿਗੁਰੂ ਦੇ ਚਰਨਾਂ ਨਾਲਿ ਜੁੜਨਾ ਹੀ ਹੈ (ਦੇਖੋ ਪੁਸਤਕ *ਚਰਨ ਕਮਲ ਕੀ ਮਉਜ*)।

ਪਹਿਲੀ ਪੰਗਤੀ ਅੰਦਰ 'ਵਸਤੂ' ਪਦ ਬਹੁ-ਵਚਨ ਨਾਂਵ (plural noun) ਹੈ, ਵਸਤੂਆਂ ਦਾ ਅਰਥਾਇਕ ਹੈ। ਅਤੇ ਚੌਥੀ ਪੰਗਤੀ ਵਿਚ "ਇਹ ਵਸਤੁ ਤਜੀ ਨਹ ਜਾਈ" 'ਵਸਤੁ' ਪਦ (singular noun) ਇਕ-ਵਚਨ ਨਾਂਵ ਹੈ। ਪਹਿਲੀ

bsrstrust.org

ਪੰਗਤੀ ਵਿਚਿ 'ਪਈਓਂ' ਪਦ ਦੇ ਖੁਲ੍ਹੇ ਮੂੰਹ ਵਾਲੇ ਊੜੇ ਅੱਖਰ ਨੂੰ ਬਿੰਦਾ ਭੀ ਲੱਗਾ ਹੋਇਆ ਹੈ ਜੋ ਬਹੁ-ਵਚਨਕ ਕਿਰਿਆ (plural verb) ਦਾ ਜਾਣਾਇਕ ਹੈ—ਤਿੰਨ ਵਸਤੂਆਂ ਪਈਆਂ ਹੋਈਆਂ ਹਨ। ਦੂਜੀ ਪੰਗਤੀ ਵਿਚਿ ਆਏ 'ਪਇਓ' ਪਦ ਦੇ ਖੁਲ੍ਹੇ ਮੂੰਹ ਵਾਲੇ ਊੜੇ ਨੂੰ ਬਿੰਦੀ ਨਹੀਂ। ਤਾਂਹੀ ਇਹ ਇਕ-ਵਚਨਕ ਕਿਰਿਆ (singular verb) ਜਾਣਾਉਂਦਾ ਹੈ। 'ਪਈਓ' ਅਤੇ 'ਪਇਓ' ਪਾਠ ਹੀ ਸ਼ੁੱਧ ਪਾਠ ਹਨ। 'ਪਾਈਓ' ਤੇ 'ਪਾਇਓ' ਸ਼ੁੱਧ ਪਾਠ ਨਹੀਂ। ਇਉਂ ਅਰਥਾਂ ਵਿਚਿ ਫ਼ਰਕ ਪੈ ਜਾਂਦਾ ਹੈ। ਵਸਤੂ ਪਾਈ ਹੋਈ ਹੋਰ ਹੈ ਤੇ ਸੁਤੇ ਪਈ ਹੋਈ ਹੋਰ ਹੈ। 'ਅੰਮ੍ਰਿਤ ਨਾਮੁ' ਪਾਇਆ ਹੋਇਆ ਨਹੀਂ, ਪਇਆ ਹੋਇਆ ਹੈ। ਇਸ ਕਰਕੇ ਸ਼ੁੱਧ ਪਾਠ 'ਪਇਓ' ਹੈ।

ਸਲੋਕ ਮਹਲਾ ੫ ॥ ਇਹ ਸਲੋਕ ਸ੍ਰੀ ਗੁਰੂ ਪੰਚਮ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ੁਭ ਸਮਾਪਤੀ ਪ੍ਰਥਾਇ ਅਕਾਲ ਪੁਰਖ ਦੇ ਧੰਨਵਾਦ ਵਜੋਂ ਉਚਾਰਨ ਕੀਤਾ ਹੈ। ਜੈਸੇ ਆਦਿ ਵਿਚਿ ਮੰਗਲਾਚਰਨ ਹੁੰਦਾ ਹੈ ਤੈਸੇ ਹੀ ਅੰਤ ਪਰ ਧੰਨਵਾਦ ਅਲਾਪਨੀ ਇਹ ਸਲੋਕ ਹੈ:

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥

ਹੇ ਅਕਾਲ ਪੁਰਖ ਤੇਰਾ ਕੀਤਾ ਜਾਣਿਆ ਨਹੀਂ ਜਾਂਦਾ। ਤੇਰੀਆਂ ਬਖ਼ਸ਼ਿਸ਼ਾਂ ਦੀਆਂ ਦੇਣੀਆਂ ਨਹੀਂ ਦਿਤੀਆਂ ਜਾ ਸਕਦੀਆਂ ਜਿਸ ਜੋਗਾ ਜਿਸ ਲਾਇਕ ਤੈਂ ਮੈਨੂੰ ਕਰ ਦਿਤਾ ਹੈ ਸਮਰਥਾ ਬਖ਼ਸ਼ ਕੇ। 'ਮੈਨੋ'—ਮੋਕਉ, ਮੈਨੂੰ। 'ਕੀਤੋਈ'—ਕਰਿ ਦਿਤਾ ਹੈ। 'ਜੋਗੁ'—ਸਮਰਥ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਰਚਨ ਦੇ ਸਮਰਥ ਹੇ ਅਕਾਲ ਪੁਰਖ ਤੈਂ ਮੈਨੂੰ ਕਰ ਦਿਤਾ ਹੈ, ਇਸ ਬਖ਼ਸ਼ਿਸ਼ ਤੇਰੀ ਦਾ ਮੈਥੋਂ ਧੰਨਿਵਾਦ ਕੀਤਾ ਨਹੀਂ ਜਾ ਸਕਦਾ।

ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥

ਮੈ ਨਿਰਗੁਣਿਆਰੇ ਵਿਚਿ ਕੋਈ ਗੁਣ ਨਾਹੀਂ। 'ਨਿਰਗੁਣਿਆਰੇ' ਦੇ ਰਾਰੇ ਅੱਖਰ ਨੂੰ ਲਾਂਵ 'ਵਿਚਿ' ਦੇ ਅਰਥ ਦਿੰਦੀ ਹੈ। ਜਿਸ ਕਰਕੇ ਮੈਂ ਜੋਗ (ਸਮਰਥ) ਹੋ ਸਕਿਆ ਹਾਂ। ਤੁਸਾਂ ਨੂੰ ਆਪ ਹੀ ਮੇਹਰ ਪੈ ਗਈ ਹੈ। 'ਕੋ'—ਕੋਈ। ਏਥੇ 'ਨੂੰ' ਦੇ ਅਰਥ ਨਹੀਂ। 'ਨੂੰ' ਦੇ ਅਰਥ ਰਖਣ ਵਾਲਾ 'ਕਉ' ਊੜੇ ਨਾਲਿ ਹੁੰਦਾ ਹੈ। 'ਨਿਰਗੁਣਿਆਰੇ' ਪਦ ਦੇ ਅਗੇ 'ਕਉ' ਪਦ ਸਬੰਧਕੀ ਰੂਪ ਵਿਚਿ (as a preposition) ਸੁਤੇ (ਅਚਾਨਕ) ਹੈ।

ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥ *(ਪੰਨਾ ੧੪੨੯)*

ਤੇਰਾ ਖ਼ਾਸ ਅਪਾਰ ਤਰਸੁ ਸਾਡੇ ਤੇ ਹੋਇਆ, ਤੇ ਨਦਰ ਮਿਹਰ ਹੋਈ ਤਾਂ ਸਤਿਗੁਰ ਰੂਪੀ ਸੱਚਾ ਸੱਜਣ ਸਾਨੂੰ ਮਿਲਿਆ, ਜਿਸ ਦੁਆਰਾ ਸੱਚੇ ਨਾਮ ਦੀ ਪ੍ਰਾਪਤੀ ਸਾਨੂੰ ਹੋਈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਏਹ ਨਾਮ ਮਿਲਿਆ ਹੀ ਰਹੇ, ਅਰਥਾਤ ਨਾਮ ਜਪਦੇ ਹੀ ਰਹੀਏ ਤਦ ਸੱਚਾ ਜੀਵਨ ਹੈ। ਸੱਚਾ ਜੀਵਨ ਇਸ ਕਰਕੇ ਹੈ ਕਿ ਨਾਮ ਦੇ ਮਿਲਾਪ ਦੁਆਰਾ (ਮਿਲੇ ਰਹਿਣ ਕਰਕੇ) ਤਨ ਤੇ ਮਨ ਭੀ ਭਰਿਆ ਰਹਿੰਦਾ ਹੈ।

bsrstrust.org

ਨਾਮੁ ਨ ਬਿਸਰੈ ਤਬ ਜੀਵਨੁ ਪਾਈਐ ਬਿਨਤੀ ਨਾਨਕ ਇਹ ਸਾਰੈ॥

(ਪੰਨਾ ੧੨੧੪)

'ਤਰਸੁ'—ਪੁਲਿੰਗ ਨਾਂਵ ਇਕ-ਵਚਨ ਹੋਣ ਕਰਕੇ ਇਸ ਦੇ ਸੱਸੇ ਨੂੰ ਔਂਕੜ ਹੈ। 'ਮਿਹਰਾਮਤਿ'—ਇਸਤ੍ਰੀ-ਲਿੰਗ ਹੋਣ ਕਰਕੇ ਇਸਦੇ ਤੱਤੇ ਨੂੰ ਸਿਹਾਰੀ ਹੈ। 'ਸਤਿਗੁਰੁ' ਦੇ ਰਾਰੇ ਤੇ 'ਸਜਣੁ' ਦੇ ਣਾਣੇ ਨੂੰ ਇਸ ਕਰਕੇ ਔਂਕੜ ਹੈ ਕਿ ਇਸ ਦੇ ਅਰਥ ਹਨ—ਸਤਿਗੁਰੂ ਰੂਪ ਸੱਜਣ। 'ਨਾਮੁ' ਦੇ ਮੰਮੇ ਦਾ ਔਂਕੜ ਸਿੱਧ ਕਰਦਾ ਹੈ ਕਿ 'ਨਾਮੁ'—ਖ਼ਾਸ ਗੁਰਮਤਿ ਵਾਹਿਗੁਰੂ ਨਾਮ ਨੂੰ ਪ੍ਰਤਿਪਾਦਨ ਕਰਦਾ ਹੈ। 'ਮਿਲੈ'—ਮਿਲਦਾ ਹੈ। ਅਰਥਾਤ ਨਾਮ ਮਿਲਦਾ ਹੈ ਤਦੇ ਸੱਚਾ ਜੀਵਨ ਹੈ। 'ਤਨੁ ਮਨੁ'—ਨਾਮ ਮਿਲਣ ਦੇ ਪ੍ਰਭਾਵ ਨਾਲ ਅਤੇ ਨਾਮ ਅਭਿਆਸ ਦੀ ਸੱਚੀ ਪਾਰਸ ਕਮਾਈ ਦੀ ਬਰਕਤ ਕਰਕੇ ਨਾਮ ਅਭਿਆਸ ਕਰਨਹਾਰੇ ਗੁਰਮੁਖ ਜਨ ਦਾ ਤਨ ਭੀ ਤੇ ਮਨ ਭੀ ਸਦਾ ਪ੍ਰਫੁਲਤ ਹਰਾ ਭਰਾ ਰਹਿੰਦਾ ਹੈ। 'ਤਨੁ ਮਨੁ' ਦੋਹਾਂ ਨੂੰ ਔਂਕੜ ਇਸ ਕਰਕੇ ਹਨ ਕਿ ਨਾਮ ਸਿਮਰਨਹਾਰੇ ਜਨ ਦਾ ਖ਼ਸੂਸੀਅਤ ਕਰਕੇ ਤਨ ਤੇ ਮਨ ਹਰਾ ਥੀਵੰਦਾ ਹੈ। 'ਤਨੁ ਮਨੁ' ਇਸ ਕਰਕੇ ਨਿਖੇੜ ਕੇ ਲਿਖਿਆ ਹੈ ਕਿ ਨਾਮ ਅਭਿਆਸ ਕਮਾਈ ਦੇ ਪ੍ਰਤਾਪ ਨਾਲ ਨਾਮ ਸਿਮਰਨਹਾਰੇ ਗੁਰਮੁਖ ਜਨ ਦਾ ਨ ਸਿਰਫ਼ ਮਨ ਹੀ ਹਰਿਆ ਹੋ ਜਾਂਦਾ ਹੈ, ਬਲਕਿ ਤਨ ਭੀ ਹਰਾ ਹੋ ਜਾਂਦਾ ਹੈ।

bsrstrust.org

bsrstrust.org

ਅੰਤਕਾ

ਸੋਚੈ, ਸੋਚਿ, ਸੋਚ

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥

ਲਗਮਾਤ੍ਰ ਅਰਥ ਭਾਵ—ਨਿਰੀ ਸੋਚਿ ਵਿਚਾਰ ਕੀਤਿਆਂ (ਸੋਚੈ) ਅਕਾਲ ਪੁਰਖ ਦੇ ਸ੍ਰੀ ਮੂਲ ਮੰਤ੍ਰ ਅੰਦਰ ਲਖਾਏ ਸਰੂਪ (ਵਜੂਦ) ਦੀ ਲਖਤਾ, ਤਾਂ ਕੀ ਹੋਣੀ ਸੀ, ਵਿਚਾਰ ਮਈ 'ਸੋਚਿ' ਭੀ ਨਹੀਂ ਬਣ ਆਉਂਦੀ। ਭਾਵ—ਨਿਰੀਆਂ ਅਲਪੱਗ ਅਕਲਈ ਫ਼ਿਲਾਸਫ਼ੀਆਂ ਦੁਆਰਾ ਵੀਚਾਰਿਆਂ ਅਕਾਲ ਪੁਰਖ ਦਾ ਸੱਚਾ ਵਜੂਦ ਨਹੀਂ ਲਖਿਆ ਜਾ ਸਕਦਾ, ਫ਼ਿਲਾਸਫ਼ਰਾਂ ਦੀ ਸੋਚਿ ਵਿਚਾਰ ਮਈ ਫ਼ਿਲਾਸਫ਼ੀ ਨਿਰੀ ਬਿਰਥੀ ਹੀ ਜਾਂਦੀ ਹੈ, ਭਾਵੇਂ ਲੱਖਾਂ ਵਾਰ ਅਜੇਹੀ ਸੋਚਿ ਵਿਚਾਰ ਕੀਤੀ ਜਾਵੇ। 'ਸੋਚਿ' ਪਦ 'ਸੋਚ ਵਿਚਾਰ' ਦੇ ਅਰਥਾਂ ਵਿਚ ਗੁਰਬਾਣੀ ਅੰਦਰ ਚ (ਚੱਚਾ) ਸਿਹਾਰੀ ਨਾਲ ਹੀ ਆਉਂਦਾ ਹੈ, 'ਸੂਚਮਤਾ' ਦੇ ਅਰਥਾਂ ਵਿਚ ਇਹ ਪਦ ਚ (ਚੱਚੇ) ਮੁਕਤੇ ਨਾਲ ਆਉਂਦਾ ਹੈ ਯਥਾ ਗੁਰਵਾਕ :

ਸੋਚ ਕਰੈ ਦਿਨਸੁ ਅਰੁ ਰਾਤਿ ॥
ਮਨ ਕੀ ਮੈਲੁ ਨ ਤਨ ਤੇ ਜਾਤਿ ॥...੩॥੩॥ *(ਸੁਖਮਨੀ ਸਾਹਿਬ)*

ਤਥਾ—

ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ ॥
ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ ॥
(ਪੰਨਾ ੫੫੨)

ਆਦਿ ਗੁਰਬਾਣੀ ਅੰਦਰ 'ਸੋਚਿ' ਅਤੇ 'ਸੋਚ' ਪਦਾਂ ਦਾ ਬੜਾ ਹੀ ਸੰਕੇਤ ਹੈ ਅਤੇ ਨਿਖਰਵਾਂ ਸੰਕੇਤ ਹੈ। ਵੀਚਾਰ ਦੇ ਅਰਥਾਂ ਵਿਚ 'ਸੋਚਿ' ਪਦ ਹਮੇਸ਼ਾ ਚੱਚਾ ਸਿਹਾਰੀ ਨਾਲਿ ਹੀ ਆਵੇਗਾ ਅਤੇ 'ਸੋਚ' ਪਦ ਸੁਚਮਤਾ ਦੇ ਅਰਥਾਂ ਨਾਲ ਚੱਚੇ ਮੁਕਤੇ ਨਾਲ ਹੀ ਆਵੇਗਾ। ਪ੍ਰੰਤੂ ਕਈ ਥਾਵੀਂ, ਕਈ ਕੀ ਅਨੇਕ ਥਾਵੀਂ ਲਿਖਾਰੀਆਂ ਅਤੇ ਛਾਪ ਛਾਪਾਰੀਆਂ ਦੀ ਅਨਗਹਿਲੀ ਨਾਲ ਅਤੇ ਨਿਯਮਾਂ ਤੋਂ ਅਨਜਾਣਪੁਣੇ ਦੇ ਕਾਰਨ, ਇਹਨਾਂ ਪਦਾਂ ਦੀ ਲਿਖਤ ਛਪਾਈ ਵਿਚਿ ਗੜਬੜੇਸ਼ਨ ਭੀ ਹੋਈ ਹੈ, 'ਸੋਚਿ' ਪਦ ਦੇ ਚੱਚੇ ਨੂੰ ਵੀਚਾਰ ਦੇ ਅਰਥਾਂ ਵਿਚਿ ਆਏ 'ਸੋਚਿ' ਪਦ ਦੇ ਚੱਚੇ ਅੱਖਰ ਨੂੰ ਹਰ ਥਾਂ ਸਿਹਾਰੀ (ਿ) ਲਗਣੀ ਰਹਿ ਗਈ ਹੈ। ਏਸੇ ਪ੍ਰਕਾਰ ਸੂਚਮਤਾ ਦੇ ਅਰਥਾਂ ਵਿਚ

bsrstrust.org

ਆਏ 'ਸੋਚ' ਪਦ ਦਾ ਚੱਚਾ ਮੁਕਤਾ ਰਖਣਾ ਰਹਿ ਗਿਆ ਹੈ ਅਤੇ ਖ਼ਾਹ ਮਖ਼ਾਹ ਉਸ ਨੂੰ ਸਿਹਾਰੀ ਲਾ ਦਿਤੀ ਗਈ ਹੈ, ਇਹ ਲਿਖਾਰੀਆਂ ਅਤੇ ਛਾਪਣਹਾਰਿਆਂ ਦੀ ਗੁਰਬਾਣੀ ਦੇ ਲਗਮਾਤ੍ਰੀ ਨਿਯਮਾਂ ਤੋਂ ਅਣਜਾਣ ਹੋਣ ਦੀ ਹੀ ਦਲੀਲ ਹੈ, ਨਹੀਂ ਤਾਂ ਇਹ ਗੜਬੜੇਸ਼ਨ ਕਦੇ ਨਾ ਹੁੰਦੀ।

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥

ਲਗਮਾਤ੍ਰੀ ਭਾਵ ਅਰਥ—ਨਿਰੇ ਚੁਪ ਕੀਤਿਆਂ ਫੋਕੇ ਮੋਨਧਾਰੀ ਬਣਿਆਂ, ਸੱਚੀ ਚੁਪਿ ਇਕਾਗਰਤਾ ਨਹੀਂ ਪ੍ਰਾਪਤ ਹੁੰਦੀ ਭਾਵੇਂ ਬਰਸਾਂ ਬਧੀ ਕੋਈ ਮੋਨਧਾਰੀਆ ਭੇਖੀ ਜਨ ਇਹ ਮੋਨਧਾਰਨੀ ਲਿਵਤਾਰ ਸਾਧੀ ਰਖੇ।

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥

ਲਗਮਾਤ੍ਰੀ ਭਾਵ ਅਰਥ—ਪ੍ਰਮਾਰਥ ਦੇ ਭੁੱਖਿਆਂ ਦੀ ਭੁੱਖ ਕਦੇ ਨਹੀਂ ਉਤਰਦੀ ਭਾਵੇਂ ਸਾਰੀਆਂ ਪੁਰੀਆਂ ਲੋਆਂ ਦੇ ਪਦਾਰਥਾਂ ਦੇ ਭਾਰਾਂ ਦੇ ਭਾਰ ਬੰਨ੍ਹ ਕੇ ਮੌਜੂਦ ਕੀਤੇ ਜਾਣ ਤੇ ਭਖਸ਼ਨ ਕੀਤੇ ਜਾਣ। 'ਭੁਖ' ਪਦ ਦਾ ਖੱਖਾ ਅੱਖਰ ਇਸ ਕਰਕੇ ਮੁਕਤਾ ਹੈ ਕਿ ਇਹ ਇਸਤ੍ਰੀ-ਲਿੰਗ ਵਾਚਕ ਹੈ।

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥

ਲਗਮਾਤ੍ਰੀ ਭਾਵ ਅਰਥ—ਪ੍ਰਮਾਰਥ ਪਾਂਧੀਆਂ ਨੂੰ ਮਨੋ ਉਕਤ ਚਤਰਾਈਆਂ ਸਿਆਣਪਾਂ ਕਿਤੇ ਕੰਮ ਨਹੀਂ ਆਉਂਦੀਆਂ ਚਾਹੇ ਅਜੇਹੀ ਮਨ ਉਕਤ ਸਿਆਣਪਾਂ ਨਿਤਾ ਪ੍ਰਤ ਲੱਖਾਂ ਵਾਰ ਕੀਤੀਆਂ ਚਿਤਵੀਆਂ ਜਾਣ, ਇਹ ਮਨ ਉਕਤ ਸਿਆਣਪਾਂ ਵਿਚੋਂ ਕੋਈ ਭੀ ਸਿਆਣਪ ਕੀਤੀ ਅੰਤੀ ਔਸਰ ਨਾਲ ਨਹੀਂ ਚਲਦੀ। 'ਇਕ' ਪਦ ਦਾ ਕੱਕਾ ਇਸ ਕਰਕੇ ਮੁਕਤਾ ਹੈ ਕਿ ਇਸਤ੍ਰੀ-ਲਿੰਗ ਇਕ-ਵਚਨ ਪੜਨਾਉਂ (pronoun) ਹੈ। 'ਚਲੈ' ਪਦ ਦੇ ਲੱਲੇ ਅੱਖਰ ਨੂੰ ਦੁਲਾਈਆਂ ਇਸ ਕਰਕੇ ਹਨ ਕਿ ਇਹ ਪਦ ਇਕ-ਵਚਨ ਕਿਰਿਆ ਵਾਚਕ ਹੈ, 'ਇਕ ਨ ਚਲੈ' ਦਾ ਭਾਵ ਇਕ ਭੀ ਸਿਆਣਪ ਨਾਲ ਨਹੀਂ ਚਲਦੀ ਹੈ, 'ਨਾਲ' ਦੇ ਲੱਲੇ ਪਦ ਨੂੰ ਹਮੇਸ਼ਾ ਸਿਹਾਰੀ (ਿ) ਲਗਦੀ ਹੈ। 'ਹੋਹਿ' ਪਦ ਹਾਹੇ ਸਿਹਾਰੀ ਨਾਲ ਇਸ ਕਰਕੇ ਹੈ ਕਿ ਇਹ ਬਹੁ-ਵਚਨ ਨਾਮ 'ਸਿਆਣਪਾ' ਪਦ ਦਾ ਕਿਰਿਆ ਵਾਚਕ ਹੈ, ਬਹੁ-ਵਚਨਕ ਕਿਰਿਆ ਵਰਤਮਾਨ ਕਾਲ ਵਿਚ ਹਮੇਸ਼ਾ ਹਾਹੇ ਸਿਹਾਰੀ ਨਾਲ ਆਉਂਦੀ ਹੈ। 'ਸਹਸ' ਪਦ ਦੇ ਤਿੰਨੇ ਅੱਖਰ ਮੁਕਤੇ ਹਨ, ਏਸ ਸ਼ਕਲ ਵਿਚ ਹੀ ਇਹ ਗੁਰਬਾਣੀ ਵਿਚ ਆਉਂਦਾ ਹੈ।

"ਸੋਚੈ ਸੋਚਿ ਨ ਹੋਵਈ" ਤੋਂ ਲੈ ਕਰਕੇ "ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ" ਤਾਈਂ ਸਾਰੀ ਬਾਣੀ ਦਾ ਜੋ ਅਭਿਪਰਾ ਹੈ ਸੋ ਗੁਰਮਤਿ ਬਿਹੂਣ ਸਾਰੇ ਆਨਮਤ ਕਰਮਾਂ ਦਾ ਖੰਡਣ ਕਰਦਾ ਹੈ। ਪਹਿਲੀ ਪੰਗਤੀ "ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ" ਵਿਚ ਸਾਰੀਆਂ ਆਨਮਤ ਫ਼ਿਲਾਸਫ਼ੀਆਂ (meditations) ਆਦਿਕ ਦੀ ਬੇਅਰਥਤਾ ਸਿਧ ਕੀਤੀ ਗਈ ਹੈ; ਸਾਰੀਆਂ ਫ਼ਿਲਾਸਫ਼ੀਆਂ ਲਾਜਕਾਂ ਚਾਹੇ ਲਖ ਵਾਰੀ ਘੋਟੀਆਂ ਜਾਣ ਕਿਸੇ ਲੇਖੇ ਨਹੀਂ ਪੈਂਦੀਆਂ, ਸੱਚੀ ਸੋਚਿ ਵਿਚਾਰ

bsrstrust.org

ਇਹਨਾਂ ਫੋਕਟ ਵੀਚਾਰਾਂ ਸੋਚਾਂ ਦੇ ਘੋਖਣ ਕਰ ਭੀ ਨਹੀਂ ਬਣ ਆਉਂਦੀ। ਦੂਜੀ ਪੰਗਤੀ—"ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ" ਦਵਾਰਾ ਮੋਨਧਾਰੀਆਂ ਦੇ ਮੋਨ ਧਾਰਨ ਵਾਲੀ ਕਿਰਿਆ ਦਾ ਖੰਡਨ ਕੀਤਾ ਗਿਆ ਹੈ। ਗੁਰਮਤਿ ਅੰਦਰ ਫੋਕਟ ਮੋਨ ਧਾਰਨ ਦਾ ਹਰਗਿਜ਼ ਹਰਗਿਜ਼ ਵਿਧਾਨ ਨਹੀਂ। ਏਥੇ ਹਠ ਯੋਗ ਆਦਿਕ ਦੇ ਸਾਧਨ ਸਾਰੇ ਹੀ ਖੰਡਤ ਕੀਤੇ ਗਏ ਹਨ। ਗੁਰਮਤਿ ਨਾਮ ਪ੍ਰਯੋਜਨੀ ਸੱਚੇ ਸਹਿਜ ਯੋਗ ਤੋਂ ਘੁੱਥਿਆਂ ਹਨ ਯੋਗ ਚਾਹੇ ਸਾਰੀ ਉਮਰ ਕੀਤੇ ਸਾਧੇ ਜਾਣ ਤਾਂ ਕਿਸੇ ਲੇਖੇ ਨਹੀਂ ਪੈਂਦੇ, ਮਨ ਉਕਤ ਫੋਕਟ ਕਰਨੀ ਲਿਵਤਾਰਾਂ ਦੁਆਰਾ ਕੁਝ ਨਹੀਂ ਬਣਦਾ ਅਤੇ ਕਖ ਨਹੀਂ ਸੌਰਦਾ, ਕਿਉਂਕਿ ਫੋਕਟ ਕਰਮੀ ਹਠ ਯੋਗੀ ਦੇ ਸੰਕਲਪ ਵਿਕਲਪ ਫੋਕੇ ਫੁਰਨੇ ਕੁਫੁਰਨੇ ਕਦੇ ਭੀ ਨਹੀਂ ਮਿਟਦੇ। ਤੀਜੀ ਪੰਗਤੀ—"ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ" ਇਹ ਸਿਧ ਕਰਦੀ ਹੈ ਕਿ ਪ੍ਰਮਾਰਥ ਦੇ ਭੁੱਖਿਆਂ ਦੀ ਪ੍ਰਮਾਰਥੀ ਭੁੱਖ ਮਾਇਆ ਪਦਾਰਥਾਂ ਦੇ ਭੁੱਖਿਆਂ ਨਹੀਂ ਮਿਟ ਸਕਦੀ ਅਤੇ ਨਾਹੀ ਮਾਇਕ ਭੁੱਖਿਆਂ ਦੀ ਭੁੱਖ ਵਲੋਂ ਭੁੱਖ ਵਰਤ ਸਾਧਿਆਂ ਹੀ ਇਹ ਪ੍ਰਮਾਰਥੀ ਭੁੱਖ ਦੂਰ ਹੋ ਸਕਦੀ ਹੈ। ਤਾਂ ਤੇ ਆਨਮਤੀ ਭੁੱਖ ਵਰਤ, ਮਰਣ ਵਰਤ ਗੁਰਮਤਿ ਅਨੁਸਾਰ ਸਭੇ ਹੀ ਨਿਖੇਧਤ ਹਨ। ਚੌਥੀ ਪੰਗਤੀ—"ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ" ਮਨ ਹੁਦਰਤ ਸਿਆਣਪਾਂ ਚਤਰਾਈਆਂ ਨੂੰ ਸੋਧਦੀ ਹੈ, ਮਨ ਉਕਤ ਚਤੁਰਾਈਆਂ ਸਿਆਣਪਾਂ ਸਭ ਛੱਡ ਕੇ ਕੇਵਲ ਗੁਰੂ ਪ੍ਰਾਇਣ ਗੁਰਮਤਿ ਪ੍ਰਾਇਣ ਹੋਇਆਂ ਹੀ ਸੱਚੀ ਗੁਰਮੁਖਤਾ ਵਾਲਾ ਪ੍ਰਮਾਰਥੀ ਮਹਾਤਮ ਪੂਰਾ ਹੁੰਦਾ ਹੈ।

ਮੰਨੇ, ਮੰਨੈ

ਮੰਨੈ ਦੀਆਂ ਪਉੜੀਆਂ ਵਿਚ ਜਿਥੇ 'ਮੰਨੇ' ਲਾਂਵ ਨਾਲ ਹੈ ਉਥੇ ਸਬੰਧਕ ਪਦ ਨਾਲ ਆਉਂਦਾ ਹੈ, ਜਿਵੇਂ "ਮੰਨੇ ਕੀ ਗਤਿ ਕਹੀ ਨ ਜਾਇ"। ਜਿਥੇ 'ਮੰਨੈ' ਦੁਲਾਈਆਂ ਨਾਲ ਆਉਂਦਾ ਹੈ, ਉਥੇ ਅਗੇ ਕੋਈ ਸਬੰਧਤ ਪਦ ਨਹੀਂ ਹੁੰਦਾ। ਜਿਵੇਂ "ਮੰਨੈ ਸੁਰਤਿ ਹੋਵੈ ਮਨਿ ਬੁਧਿ॥" ਇਤਿਆਦਿ।

ਰਾਮ, ਖੁਦਾਇ, ਗੁਸਈਆ

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥
ਕੋਈ ਸੇਵੈ ਗੁਸਈਆ ਕੋਈ ਅਲਾਹਿ॥੧॥
ਕਾਰਣ ਕਰਣ ਕਰੀਮ॥
ਕਿਰਪਾ ਧਾਰਿ ਰਹੀਮ॥੧॥ਰਹਾਉ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥੨॥

bsrstrust.org

ਕੋਈ ਪੜੈ ਬੇਦ ਕੋਈ ਕਤੇਬ ॥
ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥ *(ਰਾਮਕਲੀ ਮ: ੫, ਪੰਨਾ ੮੮੫)*

ਵਿਆਖਿਆ—ਕੋਈ ਰਾਮ ਰਾਮ ਬੋਲਦਾ ਹੈ, ਕੋਈ ਖ਼ੁਦਾਇ ਖ਼ੁਦਾਇ ਬੋਲਦਾ ਹੈ। ਕੋਈ ਗੁਸਾਈਂ ਗੁਸਾਈਂ ਆਖ ਕੇ ਸੇਵਨ ਸਿਮਰਨ ਕਰਦਾ ਹੈ, ਕੋਈ ਅੱਲਾ ਅੱਲਾ ਦੀ ਭਾਖਿਆ ਦੁਆਰਾ ਸਿਮਰਦਾ ਹੈ।੧। ਹੇ ਕਾਰਣ ਕਰਮ ਕਰੀਮ ਤੇ ਰਹੀਮ ਤੂੰ ਕਿਰਪਾ ਧਾਰ।੧।ਰਹਾਉ। ਕੋਈ ਪੂਜਾ ਕਰਦਾ ਹੈ (ਦੇਹੁਰਿਆਂ ਠਾਕੁਰ ਦੁਆਰਿਆਂ ਦੀ), ਕੋਈ ਮਸੀਤ ਵਿਚ ਜਾ ਕੇ ਸਿਰ ਨਿਵਾਉਂਦਾ ਹੈ। ਕੋਈ ਬੇਦਾਂ ਨੂੰ ਪੜ੍ਹਦਾ ਹੈ, ਕੋਈ ਕਤੇਬਾਂ (ਕੁਰਾਨ, ਤੌਰੇਤ' ਅੰਜੀਲ, ਜੰਬੂਰ—ਚੌਹਾਂ ਕਿਤਾਬਾਂ) ਨੂੰ ਪੜ੍ਹਦਾ ਹੈ, ਕੋਈ ਨੀਲੇ (ਮੁਸਲਮਾਨੀ) ਪਹਿਰਾਵੇ ਨੂੰ ਪਹਿਨਦਾ ਹੈ। ਕੋਈ ਹਿੰਦੂ ਰੀਤੀ ਅਨੁਸਾਰ ਚਿੱਟਾ ਬਾਣਾ ਪਾਉਂਦਾ ਹੈ। ਕੋਈ ਕਹਿੰਦਾ ਹੈ ਮੈਂ ਤੁਰਕ ਹਾਂ, ਕੋਈ ਕਹਿੰਦਾ ਹੈ ਮੈਂ ਹਿੰਦੂ ਹਾਂ। ਕੋਈ ਬਹਿਸ਼ਤ ਦੀ ਇੱਛਾ ਰਖਦਾ ਹੈ, ਕੋਈ ਸੁਰਗਾਪੁਰੀ ਚਾਹੁੰਦਾ ਹੈ। ਪਰ ਗੁਰੂ ਨਾਨਕ ਸਾਹਿਬ ਫ਼ੈਸਲਾ ਦਿੰਦੇ ਹਨ, ਕਿ ਪ੍ਰਭੂ ਸਾਹਿਬ (ਵਾਹਿਗੁਰੂ) ਦਾ ਭੇਦ ਤਿਨ੍ਹਾਂ ਨੇ ਜਾਣਿਆ ਹੈ, ਜਿਨ੍ਹਾਂ ਨੇ ਉਸ ਦਾ ਹੁਕਮ ਪਛਾਣਿਆ ਹੈ।

"ਏਕੋ ਨਾਮੁ ਹੁਕਮੁ ਹੈ" ਦੇ ਗੁਰਵਾਕ ਭਾਵ ਅਨੁਸਾਰ ਇਕੋ ਨਾਮੁ ਸਤਿਨਾਮ (ਵਾਹਿਗੁਰੂ ਨਾਮੁ) ਹੀ ਉਸ ਦਾ ਹੁਕਮ ਹੈ। ਗੁਰਮਤਿ ਅਨੁਸਾਰ ਇਕੋ ਨਾਮ ਜਪਣ ਦਾ ਹੀ ਹੁਕਮ ਹੈ। 'ਵਾਹਿਗੁਰੂ' ਗੁਰਮੰਤ੍ਰ ਹੀ ਪਰਾ ਪੂਰਬਲਾ ਸਤਿਨਾਮ ਹੈ। ਹੋਰ ਸਭ ਕਿਰਤਮ ਨਾਮ ਹਨ। ਉਪਰਲੇ ਵਾਕ ਅੰਦਰ ਬੋਲੈ, ਸੇਵੈ, ਨਾਵੈ, ਕਰੈ, ਪੜੈ, ਓਢੈ, ਕਹੈ, ਬਾਛੈ, ਪਦ ਵਰਤਮਾਨ ਕਾਲ ਕ੍ਰਿਆ ਹਨ। ਇਨ੍ਹਾਂ ਕਿਰਿਆਵਾਂ ਵਾਲੇ ਪਦਾਂ ਦੇ ਹਰੇਕ ਪਿਛਲੇ ਅੱਖਰ ਨੂੰ ਦੁਲਾਈਆਂ ਲਗੀਆਂ ਹੋਈਆਂ ਹਨ। ਏਹ ਕਿਰਿਆਵਾਂ ਅੱਡੋ ਅੱਡ ਮਤਾਂ ਵਾਲਿਆਂ ਦੇ ਵਖਰੇ ਵਖਰੇ ਕਰਮ, ਧਰਮ ਤੇ ਸਾਧਨਾਂ ਨੂੰ ਪ੍ਰਗਟ ਕਰਦੀਆਂ ਹਨ, ਜਿਹਾ ਕਿ ਹਿੰਦੂਆਂ ਦਾ ਪੂਜਾ ਕਰਨਾ, ਵੇਦ ਪੜ੍ਹਨਾ ਆਦਿ। ਮੁਸਲਮਾਨਾਂ ਦਾ ਨਮਾਜ਼ ਪੜ੍ਹਨਾ, ਕੁਰਾਨ ਪੜ੍ਹਨਾ ਆਦਿ। ਏਹ ਕਿਰਿਆਵਾਂ ਵਾਲੇ ਪਦ ਗੁਰਮਤਿ ਦਾ ਸਿਧਾਂਤ ਨਹੀਂ ਦਰਸਾਉਂਦੇ। ਜੇ ਏਹ ਪਦ ਗੁਰਮਤਿ ਅਸੂਲ ਨੂੰ ਸਿਧ ਕਰਦੇ ਤਦ ਇਨ੍ਹਾਂ ਦੇ ਅਖ਼ੀਰਲੇ ਅੱਖਰ ਨੂੰ ਦੁਲਾਈਆਂ ਦੇ ਥਾਂ ਲਾਵਾਂ ਲਗੀਆਂ ਹੁੰਦੀਆਂ ਅਤੇ ਅਰਥ ਏਹ ਸਿੱਧ ਹੁੰਦੇ ਹਨ ਕਿ ਚਾਹੇ ਕੋਈ ਰਾਮ ਬੋਲੇ ਚਾਹੇ ਖ਼ੁਦਾਇ। ਚਾਹੇ ਕੋਈ ਗੁਸਾਈਆਂ ਬੋਲੇ ਚਾਹੇ ਅੱਲਾ ਕਹਿ ਕੇ ਸਿਮਰਨ ਕਰੇ। ਚਾਹੇ ਕੋਈ ਪੂਜਾ ਕਰੇ, ਚਾਹੇ ਮਸੀਤ ਵਿਚ ਜਾ ਕੇ ਸਿਰ ਨਿਵਾਏ। ਇਸ ਹਾਲਤ ਵਿਚ ਉੱਪਰ ਲਿਖੇ ਪਦ ਇਉਂ ਲਿਖੇ ਜਾਂਦੇ—ਬੋਲੈ ਦੇ ਥਾਉਂ ਬੋਲੇ, ਸੇਵੈ ਦੇ ਥਾਉਂ ਸੇਵੇ, ਨਾਵੈ ਦੇ ਥਾਉਂ ਨਾਵੇ, ਕਰੈ ਦੇ ਥਾਉਂ ਕਰੇ, ਪੜੈ ਦੇ ਥਾਉਂ ਪੜੇ, ਓਢੈ ਦੇ ਥਾਉਂ ਓਢੇ, ਕਹੈ ਦੇ ਥਾਉਂ ਕਹੇ, ਬਾਛੈ ਦੇ ਥਾਉਂ ਬਾਛੇ। ਅਤੇ ਇਸ ਤਰ੍ਹਾਂ ਲਿਖੇ ਜਾਣ ਨਾਲ ਗੁਰਮਤਿ ਦਾ ਇਕ

bsrstrust.org

ਖਲਜਗਣੀ ਅਸੂਲ ਪ੍ਰਸਿੱਧ ਹੋ ਜਾਂਦਾ। ਪਰ ਗੁਰਮਤਿ ਅਨੁਸਾਰ ਤਾਂ 'ਏਕੋ ਨਾਮੁ' ਇਕੋ ਕਿਰਿਆ ਵਿਲੱਖਣੀ ਹੀ ਪ੍ਰਸਿੱਧ ਹੈ। ਏਥੇ ਤਾਂ ਮਤ ਮਤਾਂਤਰੀ ਕਿਰਿਆਵਾਂ ਤੇ ਭਾਖਿਆਵਾਂ ਸਿੱਧ ਹੋਈਆਂ ਹਨ, ਜੋ ਆਨਮਤਾਂ ਦੇ ਕਰਮ ਤੇ ਉਨ੍ਹਾਂ ਦੇ ਕਿਰਤਮ ਨਾਮਾਂ ਨੂੰ ਸਿੱਧ ਕਰਦੀਆਂ ਹਨ। ਗੁਰੂ ਸਾਹਿਬ ਨੇ ਸਾਰੇ ਮਤਾਂ ਮਤਾਂਤਰਾਂ ਦਾ ਵੇਰਵਾ ਦੇ ਕੇ ਸ਼ਬਦ ਦੇ ਅਖ਼ੀਰ ਵਿਚ ਸਿੱਧ ਕੀਤਾ ਹੈ ਕਿ ਇਕੋ ਨਾਮ ਵਾਹਿਗੁਰੂ ਦੇ ਜਾਪ ਨਾਲ ਹੀ ਅਕਾਲ ਪੁਰਖ ਦਾ ਭੇਦ ਜਾਣਿਆ ਜਾਂਦਾ ਹੈ।

ਮੁਕਤੇ ਨਾਲ ਪੁਲਿੰਗ ਨਾਂਵ

ਅੰਤਲੇ ਮੁਕਤੇ ਅੱਖਰ ਨਾਲਿ ਪੁਲਿੰਗ ਨਾਂਵ ਭਾਵ ਅਰਥੀ ਪਦ—ਹੂਲ, ਦੋਜਕ, ਹਾਲ, ਭਾਰ, ਘਾਟ।

ਮੁਕਤੇ ਨਾਲ ਇਸਤ੍ਰੀ-ਲਿੰਗ ਨਾਂਵ

ਇਸਤ੍ਰੀ-ਲਿੰਗ ਨਾਂਵ ਪਿਛਲੇ ਅੱਖਰ ਮੁਕਤੇ ਨਾਲਿ—ਚਿੰਤ, ਗਣਤ, ਧੀਰ, ਦੁਰਤ, ਬੂੰਦ, ਸੇਜ, ਆਸ, ਸਿਆਣਪ, ਲਾਜ, ਖਾਂਡ, ਝਖ, ਵੰਡ, ਸੀਵ, ਬੂਝ, ਘਾਲ, ਪੀਰ, ਖੀਰ, ਤ੍ਰਾਸ, ਪਰਜਯ, ਬੂਝ, ਪਾਟ, ਵਲ, ਵੇਲ, ਭੂਖ, ਮਾਰਿ, ਬਖਸ਼ੀਸ਼, ਰੀਸ, ਠੀਸ, ਟਕਸਾਲ, ਪਿਆਸ, ਟੇਕ, ਟਹਿਲ, ਅਉਧ, ਵਾਟ, ਧੰਧ, ਕੰਧ, ਪੂਜ, ਢਿਲ, ਬਾਂਹ, ਤਿਖ, ਧਿਰਕਾਰ, ਕਾਰ, ਪੁਕਾਰ, ਪੂਕਾਰ, ਸਾਰ, ਲਿਵ, ਹਿਵ, ਸੂਝ, ਸੇਵ, ਬਖਸ਼, ਨੀਦ, ਕੀਮ, ਕੂੰਜ, ਪੀੜ, ਗਣਤ, ਠਾਕ, ਫਾਸ, ਮੇਹਰ, ਧਰ, ਗਿਰਸਤ ਵਦਨ, ਬੂੰਦ, ਵਾਰ, ਪੁਛ, ਪੂਛ, ਕੂਕ, ਖੇਮ, ਖੇਪ, ਹਟ, ਸਿਲਕ, ਧਰਮ, ਬਣਤ, ਧਾਮ, ਖੇਡ, ਧਾਹ, ਘਾੜਤ, ਕੰਦ, ਊਘ, ਪਿੜ, ਲੋਚ, ਲੋਕੀਕ, ਧਰ, ਤਾਸ, ਰਹਤ, ਸਾਂਝ, ਭੂਮ, ਵਿਖ, ਭੂਖ, ਓਟ, ਬਾਤ, ਕੁਸਲਾਤ, ਠਾਕ, ਵੇਲ, ਸਕਰ, ਪੰਖ, ਅੰਚ, ਉਮਰ, ਦੇਹ, ਗੋਰ, ਆਵ, ਖਾਕ, ਮਿਸਾਲ, ਕੋਰ, ਝਾਕ, ਕਮਾਣ, ਸਿਕ, ਸਾਧ, ਬਿਗੰਧ, ਸੁਗੰਧ, ਬਾਂਟ, ਬਾਰ, ਹਾਰ, ਠਾਹਰ, ਕੁਲ, ਗੈਣ, ਤਾਲ, ਸਾਖ, ਖੇਹ, ਚੂਕ, ਫੂਕ, ਭੰਗਾਰ, ਮਾਂਗ, ਸਾਟ, ਨੀਂਦ, ਚੋਟ, ਬਾਗ, ਬੂੰਦ, ਸਿਲਕ।

ਸਿਹਾਰੀ ਨਾਲ ਇਸਤ੍ਰੀ-ਲਿੰਗ ਨਾਂਵ

ਪਿਛਲੇ ਅੱਖਰ ਸਿਹਾਰੀ ਵਾਲੇ ਨਾਲਿ ਇਸਤ੍ਰੀ-ਲਿੰਗ ਪਦ ਨਾਂਵ—ਪਰਾਲਿ, ਭਾਹਿ, ਕਾਮਣਿ, ਪਤਿ, ਰਾਸਿ, ਕੀਮਤਿ, ਜੋਤਿ, ਰੈਣਿ, ਨਦਰਿ, ਤ੍ਰਿਪਤਿ, ਸੰਗਤਿ, ਅਤਿ, ਬਿਧਿ, ਮਿੰਨਤਿ, ਸਾਬਾਸਿ, ਅਰਦਾਸਿ, ਪਰਤੀਤਿ, ਦਾਤਿ, ਮੁਹਲਤਿ, ਪ੍ਰਭਾਤਿ, ਭੀਤਿ, ਭਾਂਤਿ, ਪਤਿ, ਅਪਤਿ, ਸੁਮਤਿ, ਕੁਦਰਤਿ, ਰੁਤਿ, ਕਿਰਤਿ, ਉਕਤਿ, ਠਾਡਿ, ਡੋਰਿ, ਧਰਤਿ, ਤਪਤਿ, ਬਿਪਤਿ, ਮਤਿ, ਲਹਰਿ, ਜੂਠਿ, ਗਾਠਿ,

bsrstrust.org

ਲੂਟਿ, ਆਗਿ, ਛਾਨਿ, ਗੰਢਿ, ਨੌਬਤਿ, ਰਾਤਿ, ਨੀਅਤਿ, ਦਾਤਿ, ਖਲਿ, ਛਾਡਿ, ਬਿਪਤਿ, ਕਕਰਿ, ਲਹਰਿ, ਸਰਪਨਿ, ਖਬਰਿ।

ਔਂਕੜ ਵਾਲੇ ਇਸਤ੍ਰੀ-ਲਿੰਗ ਨਾਂਵ

ਖ਼ਾਸ ਖ਼ਾਸ ਓਹ ਇਸਤ੍ਰੀ-ਲਿੰਗ ਨਾਂਵ ਵਾਲੇ ਪਦ ਜਿਨ੍ਹਾਂ ਦੇ ਪਿਛਲੇ ਅੱਖਰ ਨੂੰ ਔਂਕੜ ਲਗਦਾ ਹੈ—ਮਲੁ, ਮੁਸਕਲੁ, ਧੀਰਜੁ, ਕੁਲੁ, ਨੀਰੁ, ਬਿਰਹੁ, ਬਿਖੁ, ਬੈਕੁੰਠੁ, ਧੇਨੁ, ਧਾਤੁ, ਖੇਲੁ, ਰਤੁ, ਮੂਲੁ, ਵਿਸੁ, ਛਾਰੁ, ਖੰਡੁ, ਲਜੁ, ਲਿਖਤੁ, ਚਿੰਦੁ, ਆਲਕੁ, ਖਿਨੁ, ਵਹਣੁ, ਕਪਰੁ, ਸਾਰੁ, ਖਾਡੁ, ਊਜਰੁ, ਲੰਖੁ, ਭੁਯੰਗਮੁ, ਠਉਰੁ, ਮਾਂਦਲੁ।

ਸਿਹਾਰੀ ਵਾਲੀਆਂ ਹੁਕਮੀ ਕ੍ਰਿਆਵਾਂ

ਹੇਠ ਲਿਖੇ ਕਿਰਿਆ ਵਾਚਕ (imperative mood) ਵਾਲੇ ਪਦਾਂ ਦੇ ਪਿਛਲੇ ਅੱਖਰ ਨੂੰ ਸਿਹਾਰੀ ਲਗਣ ਕਰਿ ਓਹੀ ਭਾਵ ਵਾਚਿਆ ਜਾਂਦਾ ਹੈ ਜੇਹੜਾ ਔਂਕੜ ਲਗਣ ਕਰਿ ਹੁੰਦਾ ਹੈ, ਭਾਵ ਹੁਕਮੀ ਕ੍ਰਿਆਵਾਂ ਸਿਹਾਰੀ ਨਾਲ ਬਣਦੀਆਂ ਹਨ। ਆਰਾਧਿ, ਧਾਰਿ, ਸਿਮਰਿ, ਕਰਿ, ਜਪਿ, ਛੋਡਿ, ਸੁਣਿ, ਦਸਿ, ਕਾਢਿ, ਤਜਿ, ਅਰਪਿ, ਵਿਸਾਰਿ, ਉਰਿਧਾਰਿ, ਪੂਰਿ, ਸੁਨਿ, ਦੇਹਿ, ਪਹਿਰਿ, ਸੇਵਿ, ਭਾਲਿ, ਬਖਸਿ, ਜਾਣਿ, ਸਾਲਾਹਿ, ਦੇਹਿ, ਚੀਨਿ, ਸੰਮਾਲਿ, ਛਡਿ, ਤਿਆਗਿ, ਰੰਗਿ, ਮੇਲਿ, ਨਿਵਾਰਿ, ਕਬੂਲਿ, ਬੋਲਿ, ਜੀਭਿ, ਹਾਰਿ, ਵਿਚਾਰਿ, ਮਾਰਿ, ਜਾਹਿ, ਮਉਲਿ, ਜਪਿ, ਤੋਸਿ, ਧਾਰਿ, ਭਜਿ, ਜਾਪਿ, ਖਾਹਿ, ਕਰਿ, ਲਾਹਿ, ਢਾਹਿ, ਚੂੰਡਿ, ਮਾਰਿ, ਬਾਲਿ, ਨਿਰਾਲਿ।

ਹੁਕਮੀ ਕ੍ਰਿਆਵਾਂ ਔਂਕੜ ਨਾਲ਼

ਹੇਠ ਲਿਖੇ ਕਿਰਿਆ ਵਾਚਕ ਪਦ ਓਹ ਹਨ ਜਿਨ੍ਹਾਂ ਦੇ ਛੇਕੜਲੇ ਅੱਖਰ ਨੂੰ ਔਂਕੜ ਲੱਗਣ ਕਰਿ ਹੁਕਮ ਦੇਣੀ ਯਾ ਬੇਨਤੀ ਕਰੇਣੀ (imperative mood) ਵਾਚਨੀ ਅਰਥ ਹੁੰਦਾ ਹੈ। ਦੇਹੁ, ਲੇਹੁ, ਛੋਡਹੁ, ਜਪਹੁ, ਪਰਹੁ, ਕਹਹੁ, ਸੁਨਹੁ, ਰਖੁ, ਭਜੁ, ਗਹੁ, ਰਾਖੁ, ਰਮਹੁ, ਮਿਲੁ, ਬਿਸਰੁ, ਚਲੁ, ਧੁਖੁ, ਰੰਨੁ, ਭੁੰਚੁ, ਉਪਰੁ, ਦੇਹੁ, ਛਾਡੁ, ਲਾਗੁ, ਵਿਸਰੁ, ਦਿਹੁ, ਉਚਰੁ, ਦੇਖੁ, ਪੀਸੁ, ਜਾਲੁ, ਲਗੁ, ਲਾਗੁ, ਕਹੁ, ਲਹੁ, ਸਮਝੁ, ਜਾਨੁ, ਮਰੁ, ਮਾਰ, ਤਰੁ, ਤਾਰੁ, ਜੀਤੁ, ਬਰਸੁ, ਸਹੁ, ਪਰਫੁੜੁ, ਜਾਗੁ, ਆਣੁ, ਪੜੁ, ਕਢੁ, ਕਰੁ, ਹਰੁ, ਸਹਸੁ, ਬਾਸੁ, ਵੰਞੁ, ਖੋਲੁ, ਲਿਖੁ।

•

bsrstrust.org

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

੧. ਜੇਲ੍ਹ ਚਿੱਠੀਆਂ
੨. ਰੰਗਲੇ ਸੱਜਣ
੩. ਗੁਰਮਤਿ ਬਿਬੇਕ
੪. ਗੁਰਮਤਿ ਲੇਖ
੫. ਗੁਰਮਤਿ ਪ੍ਰਕਾਸ਼
੬. ਗੁਰਮਤਿ ਵਿਚਾਰ
੭. ਗੁਰਮਤਿ ਗੌਰਵਤਾ
੮. ਸੰਤ ਪਦ ਨਿਰਣੈ
੯. ਕਥਾ ਕੀਰਤਨ
੧੦. ਸਚਖੰਡ ਦਰਸ਼ਨ
੧੧. ਅਣਡਿੱਠੀ ਦੁਨੀਆ
੧੨. ਗੁਰਮਤਿ ਸੱਚ ਨਿਰਣੇ
੧੩. ਚਰਨ ਕਮਲ ਕੀ ਮਉਜ
੧੪. ਅਨਹਦ ਸ਼ਬਦ ਦਸਮ ਦੁਆਰ
੧੫. ਗੁਰਮਤਿ ਨਾਮ ਅਭਿਆਸ ਕਮਾਈ
੧੬. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
੧੭. ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ
੧੮. ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣੈ
੧੯. ਜੋਤਿ ਵਿਗਾਸ (ਮਹਾਂ-ਕਾਵਿ)
੨੦. ਦਰਸ਼ਨ ਝਲਕਾਂ (ਕਾਵਿ-ਉਡਾਰੀਆਂ)
੨੧. ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੀ ਵਿਲੱਖਣਤਾ
੨੨. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ?
੨੩. Autobiography of Bhai Randhir Singh ('ਜੇਲ੍ਹ ਚਿੱਠੀਆਂ' ਅੰਗਰੇਜ਼ੀ)

ਛੋਟੇ ਟ੍ਰੈਕਟ :

੨੪. ਅੰਮ੍ਰਿਤ ਕੀ ਹੈ ?
੨੫. ਅੰਮ੍ਰਿਤ ਕਲਾ
੨੬. ਗੁਰਮਤਿ ਰਮਜ਼ਾ
੨੭. ਸਿੱਖ ਕੌਣ ਹੈ ?
੨੮. ਸੱਚੀਆਂ ਦਾੜ੍ਹੀਆਂ
੨੯. ਵਾਹਿਗੁਰੂ ਸਿਮਰਨ
੩੦. ਉਮਰ ਕੈਦੀ ਦਾ ਸੁਪਨਾ
੩੧. ਆਸਤਕ ਨਾਸਤਕ
੩੨. ਸ਼ੰਕਿਆਂ ਦੇ ਉੱਤਰ
੩੩. ਨਾਮ ਸੰਬੰਧੀ ਵਿਚਾਰ
੩੪. ਤਿਮਰ ਅਗਿਆਨ ਤੋਂ ਉਜਿਆਰਾ
੩੫. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
੩੬. ਸਿੰਘਾਂ ਦਾ ਪੰਥ ਨਿਰਾਲਾ
੩੭. ਬਾਬਾ ਵੈਦ ਰੋਗੀਆਂ ਦਾ
੩੮. ਕੋ ਵਿਰਲਾ ਗੁਰਮਤਿ ਚਲੈ ਜੀਉ
੩੯. ਹਉਮੈ ਨਾਵੈ ਨਾਲਿ ਵਿਰੋਧ ਹੈ
੪੦. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
੪੧. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
੪੨. ਸਿੱਖੀ ਸਿਦਕ ਤੇ ਧਰਮ ਰੱਖਿਆ
੪੩. ਕੀਰਤਨੀ ਜੱਥਿਆਂ ਦੀ ਦਾਸਤਾਨ
੪੪. Meaning of Sikh Baptism ('ਅੰਮ੍ਰਿਤ ਕੀ ਹੈ ?' ਦਾ ਅੰਗਰੇਜ਼ੀ ਅਨੁਵਾਦ)

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

੨੩-ਜੀ, ਸਰਾਭਾ ਨਗਰ, ਲੁਧਿਆਣਾ